ਆਤਮ ਗਿਆਨ

ਚਹਰਨਜੀਤ ਸਿੰਘ ਗੋਰਖੀ

ਆਤਮ ਗਿਆਨ

ਆਤਮ ਗਿਆਨ

ਚਰਨਜੀਤ ਸਿੰਘ ਗੋਰਖੀ

2019

ATAM GIAN

by

CHARANJIT SINGH GORKHI
L-8/253, GALI NO. 01, GURDEV NAGAR,
TARN TARAN ROAD, AMRTISAR (PUNJAB)
Mob.: 90236-31794

© ਲੇਖਕ

ਪਹਿਲੀ ਵਾਰ ਦਸੰਬਰ 2019

ਮੁੱਲ : 300-00 ਰੁਪਏ

ਪ੍ਰਕਾਸ਼ਕ :

ਲੇਖਕ

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਿਤ

ਮੇਰੇ ਪੂਜਨੀਕ ਪਿਤਾ

ਸਵਰਗਵਾਸੀ ਸਰਦਾਰ ਕਸ਼ਮੀਰ ਸਿੰਘ ਜੀ

ਅਤੇ ਪੂਜਯ ਮਾਤਾ

ਸਰਦਾਰਨੀ ਰਣਧੀਰ ਕੌਰ ਜੀ

ਨੂੰ

ਤਤਕਰਾ

ਦੋ ਸ਼ਬਦ ਮੇਰੇ ਵੱਲੋਂ 9

- ਸਾਰੀ ਸਾਧਨਾ ਦਾ ਸਾਰ 13
- ਇੜਾ, ਪਿੰਗਲਾ ਤੇ ਸੁਖਮਨਾ 37
- ਮਨੁੱਖ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ 75
- ਮਨ ਅਤੇ ਵਿਚਾਰ 77
- ਬ੍ਰਹਮ ਦੇ ਰੂਪ 98
- ਵਿਵੇਕ ਬੁੱਧੀ 101
- ਧਿਆਨ ਸਿਮਰਨ ਕਿਸ ਤਰ੍ਹਾਂ ਕਰਨਾ ਹੈ 104
- ਅਨੰਦ ਅਤੇ ਸ਼ਾਂਤੀ 109
- ਆਤਮ ਗਿਆਨ 125
- ਆਪਣੇ ਆਪ ਨੂੰ ਅਤੇ ਜ਼ਿੰਦਗੀ ਨੂੰ ਜਾਨਣਾ 137
- ਸਮਾਧੀ ਤੋਂ ਸਹਿਜ ਤਕ ਅਤੇ ਕਾਰਨ ਸਰੀਰ 144
- ਜਾਗ੍ਰਿਤ, ਸੁਪਨ, ਸੁਖੋਪਤਿ ਅਤੇ ਤੁਰੀਆ ਅਵਸਥਾ 151
- ਗਿਆਨ 157
- ਜੀਵਨ ਮੁਕਤੀ 167
- ਕਾਰਨ ਸਰੀਰ ਅੰਦਰ ਸੰਸਕਾਰ 170
- ਔਰਤ ਅਤੇ ਮਰਦ ਦਾ ਸਰੀਰ 173
- ਵਾਸ਼ਨਾਵਾਂ, ਇੱਛਾਵਾਂ ਅਤੇ ਭਾਵਨਾਵਾਂ 175
- ਮਾਇਆ 177
- ਬ੍ਰਹਮ ਗਿਆਨੀ ਦੀ ਅਵਸਥਾ 179
- ਰਾਗ, ਵੈਰਾਗ ਅਤੇ ਤ੍ਰਿਸ਼ਨਾ 185
- ਇੱਛਾ ਸ਼ਕਤੀ 189
- ਚੇਤਨ ਮਨ ਹੀ ਚੇਤਨਾ ਹੈ 190

- ਸੁਰਤੀ ਅਤੇ ਪਦਾਰਥ 192
- ਪਰਮਾਤਮਾ 195
- ਗੁਣ ਅਤੇ ਅਵਗੁਣ ਆਤਮਾ ਦੇ ਹਨ 207
- ਸੰਗਤ 216
- ਧਰਮ 218
- ਸਵਰਗ ਅਤੇ ਨਰਕ 224
- ਦਾਨ ਅਤੇ ਪੁੰਨ ਦੀ ਦਿਖਾਵੇ ਬਾਜ਼ੀ, ਕਰਮ ਅਤੇ ਉਨ੍ਹਾਂ ਦੇ ਫਲ 227
- ਤੰਦਰੁਸਤ ਸਰੀਰ 228
- ਸਿੱਖ ਕੌਮ 229
- ਮਨੁੱਖ ਦੀਆਂ ਸ਼੍ਰੇਣੀਆਂ 231
- ਗੁਰੂ 232
- ਸ਼ਰਧਾ ਕੀ ਹੈ ? 234
- ਅਸਪਰਸ਼ ਤੱਤ 235
- ਅੰਤਮ ਵਿਚਾਰ 237

ਦੋ ਸ਼ਬਦ ਮੇਰੇ ਵੱਲੋਂ

ਇਸ ਤੋਂ ਪਹਿਲਾਂ ਕਿ ਮੈਂ ਸਦਾ ਲਈ ਸਹਿਜ ਤੱਤ ਵਿਚ ਸਮਾ ਜਾਵਾਂ, ਤੁਹਾਡੇ ਨਾਲ ਆਪਣੇ ਉਸ ਅਨੁਭਵ ਨੂੰ ਸਾਂਝਾ ਕਰਨ ਜਾ ਰਿਹਾ ਹਾਂ, ਤਾਂ ਜੋ ਉਨ੍ਹਾਂ ਮਨੁੱਖਾਂ ਦੀ ਮਦਦ ਕੀਤੀ ਜਾ ਸਕੇ ਜੋ ਇਸ ਦਿਸ਼ਾ ਵੱਲ ਗਤੀ ਕਰ ਰਹੇ ਹਨ ਜਾਂ ਗਤੀ ਕਰਨ ਦੀ ਇੱਛਾ ਰੱਖਦੇ ਹਨ। ਉਹੀ ਮਨੁੱਖ ਸੱਚ ਨੂੰ ਜਾਣ ਸਕਦਾ ਹੈ ਜਿਸ ਨੇ ਆਪਣੇ ਅੰਦਰ ਤਰਕ ਦੀ ਮਸ਼ਾਲ ਨੂੰ ਰੌਸ਼ਨ ਕੀਤਾ ਹੋਇਆ ਹੈ। ਸੱਚ ਅਤੇ ਝੂਠ ਦੇ ਵਿਚਕਾਰ ਜੋ ਪਰਦਾ ਹੈ, ਉਹ ਬਹੁਤ ਬਰੀਕ ਹੈ। ਇਸ ਭੇਦ ਨੂੰ ਆਤਮ ਗਿਆਨ ਪ੍ਰਾਪਤ ਕੀਤੇ ਬਿਨਾਂ ਸਮਝਣਾ ਬਹੁਤ ਮੁਸ਼ਕਲ ਹੈ। ਆਪਣੀ ਸੁਰਤੀ ਨੂੰ ਆਤਮ ਤੱਤ ਵਿਚ ਲੀਨ ਕਰਨ ਦੇ ਲਈ ਸਾਧਨਾ ਕਰਨੀ ਹੈ। ਜਿੰਨਾ ਚਿਰ ਜਾਗ੍ਰਿਤ ਅਵਸਥਾ ਵਿਚ ਮਨੁੱਖ ਦਾ ਮਨ ਅੰਦਰੋਂ ਪੂਰੀ ਤਰ੍ਹਾਂ ਮੌਨ ਨਹੀਂ ਹੋ ਜਾਂਦਾ, ਓਨਾ ਚਿਰ ਤੱਕ ਮਨੁੱਖ ਦਾ ਮਿਲਣ ਪਰਮਾਤਮਾ ਦੇ ਨਾਲ ਨਹੀਂ ਹੋ ਸਕਦਾ। ਸੁਰਤੀ ਦਾ ਗਤੀਹੀਣ ਹੋ ਕੇ ਚੇਤਨ ਸਰੂਪ ਵਿਚ ਠਹਿਰ ਜਾਣਾ ਹੀ ਆਤਮ ਗਿਆਨ ਦੀ ਪ੍ਰਾਪਤੀ ਹੈ। ਮੌਨ ਵਾਲੀ ਸੱਤਾ ਵਿਚ ਬਾਰ ਬਾਰ ਪਰਵੇਸ਼ ਕਰਨ ਨਾਲ ਸਰੀਰ ਦੇ ਅੰਦਰੋਂ ਇੜਾ, ਪਿੰਗਲਾ ਅਤੇ ਸੁਖਮਨਾ ਨਾੜੀਆਂ ਦੇ ਪ੍ਰਕਾਸ਼ ਨੇ ਆਪਣੇ ਆਪ ਪ੍ਰਗਟ ਹੋ ਜਾਣਾ ਹੈ। ਤਿੰਨਾਂ ਨਾੜੀਆਂ ਦੇ ਪ੍ਰਕਾਸ਼ ਨੇ ਫਿਰ ਦਿਨ ਰਾਤ ਸਰੀਰ ਦੇ ਅੰਦਰ ਗਤੀ ਕਰਨੀ ਹੈ, ਮਨੁੱਖ ਨੂੰ ਅਗਿਆਨ ਇੰਦਰੀ ਤੋਂ ਮੁਕਤ ਕਰਵਾਉਣ ਲਈ। ਉਸ ਤੋਂ ਬਾਅਦ ਇਨ੍ਹਾਂ ਨਾੜੀਆਂ ਦਾ ਪ੍ਰਕਾਸ਼ ਕਾਰਨ ਸਰੀਰ ਦੇ ਅੰਦਰ ਇਕੱਤਰ ਹੋਏ ਕਰਮਾਂ ਦੇ ਸੰਸਕਾਰਾਂ ਨੂੰ ਨਸ਼ਟ ਕਰਨ ਲਈ ਪ੍ਰਚੰਡ ਰੂਪ ਵਿਚ ਸਰੀਰ ਦੇ ਅੰਦਰ ਗਤੀ ਕਰਦਾ ਹੀ ਰਹੇਗਾ। ਇੱਕ ਸਮਾਂ ਐਸਾ ਆ ਜਾਵੇਗਾ, ਜਦੋਂ ਚੰਗੇ ਅਤੇ ਬੁਰੇ ਕੀਤੇ ਕਰਮਾਂ ਦੇ ਸੰਸਕਾਰ ਕਾਰਨ ਸਰੀਰ ਅੰਦਰੋਂ ਪੂਰੀ ਤਰ੍ਹਾਂ ਖ਼ਤਮ ਹੋ ਜਾਣੇ ਹਨ। ਜਿਸ ਨਾਲ ਜੀਵ ਆਤਮਾ ਨੂੰ ਕਾਰਨ ਸਰੀਰ ਦੇ ਪ੍ਰਭਾਵ ਤੋਂ ਮੁਕਤੀ ਮਿਲ ਜਾਣ 'ਤੇ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ, ਜਿਸ ਨਾਲ ਮਨੁੱਖ ਦਾ ਸਬੰਧ ਜਿਉਂਦੇ-ਜੀ ਪਰਮਾਤਮਾ ਰੂਪੀ ਚੇਤਨ ਸੱਤਾ ਦੇ ਨਾਲ ਜੁੜ ਜਾਵੇਗਾ। ਇਸ ਅਵਸਥਾ ਵਿਚ ਪਰਵੇਸ਼ ਕਰ ਚੁੱਕੇ ਮਨੁੱਖ ਦਾ ਦੇਹੀ-ਭਾਵ ਖ਼ਤਮ ਹੋਣ ਤੋਂ ਬਾਅਦ ਉਸ ਦੀ ਸੁਰਤੀ ਬ੍ਰਹਮ ਤੱਤ ਵਿਚ ਲੀਨ ਹੋ ਜਾਵੇਗੀ। ਜਿਸ ਤੋਂ ਬਾਅਦ ਮਨੁੱਖ ਨੂੰ ਆਪਣੇ ਆਪ ਦਾ ਅਤੇ ਉਸ ਪਰਮ ਸ਼ਕਤੀ ਦਾ ਗਿਆਨ ਹੋ ਜਾਣਾ ਹੈ।

ਇਸ ਕਿਤਾਬ ਵਿਚ ਧਿਆਨ ਸਿਮਰਨ ਕਰਨ ਦੀ ਇੱਕ ਵਿਧੀ ਦੱਸੀ ਗਈ ਹੈ, ਜਿਸ ਅਨੁਸਾਰ ਲਗਾਤਾਰ ਸਾਧਨਾ ਕਰਨ ਦੇ ਨਾਲ ਕਿਸੇ ਵੀ ਮਨੁੱਖ ਦਾ ਮਨ ਜਾਗ੍ਰਿਤ ਅਵਸਥਾ ਵਿਚ ਅੰਦਰੋਂ ਮੌਨ ਹੋ ਜਾਵੇਗਾ। ਮਨੁੱਖ ਨੇ ਸਾਧਨਾ ਦੀ ਮਦਦ

ਨਾਲ ਮਨ ਦੇ ਅੰਦਰ ਚੱਲਣ ਵਾਲੇ ਚਿੰਤਨ ਨੂੰ ਰੋਕਣਾ ਹੈ। ਬਾਕੀ ਦੀ ਸਾਰੀ ਕਿਰਿਆ ਆਪਣੇ ਆਪ ਸੰਪੂਰਨ ਹੋ ਜਾਂਦੀ ਹੈ। ਧਿਆਨ ਸਿਮਰਨ ਕਰਨ ਦੀ ਇਸ ਵਿਧੀ ਨੂੰ ਜਾਨਣ ਦਾ ਹਰ ਇੱਕ ਮਨੁੱਖ ਨੂੰ ਪੂਰਾ ਅਧਿਕਾਰ ਹੈ।

ਸਦੀਆਂ ਤੋਂ ਧਾਰਮਿਕ ਮਨੁੱਖ ਅਨੰਤ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਆਤਮ ਗਿਆਨ ਨੂੰ ਪ੍ਰਾਪਤ ਕਰਨ ਤੋਂ ਕਿਉਂ ਅਸਮਰੱਥ ਹੈ। ਉਸ ਗੱਲ ਨੂੰ ਸਮਝਾਉਣ ਦੇ ਲਈ ਵਿਸ਼ੇ ਨੂੰ ਖੋਲ੍ਹਣ ਦਾ ਉਪਰਾਲਾ ਕੀਤਾ ਗਿਆ ਹੈ। ਆਤਮ ਗਿਆਨ ਤਾਂ ਇਸ ਯਾਤਰਾ ਦੀ ਆਖ਼ਰੀ ਅਵਸਥਾ ਹੈ। ਮਨੁੱਖ ਨੂੰ ਇਹ ਵੀ ਦੱਸਿਆ ਜਾਂਦਾ ਹੈ ਕਿ ਸਾਧਨਾ ਕਰਨੀ ਹੈ ਜਿਸ ਨਾਲ ਆਤਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹ ਪੌੜੀ ਦਾ ਪਹਿਲਾ ਡੰਡਾ ਹੈ ਅਤੇ ਦੂਜਾ ਉਸੇ ਪੌੜੀ ਦਾ ਅਖ਼ੀਰਲਾ ਡੰਡਾ ਹੈ। ਇਨ੍ਹਾਂ ਦੋਨਾਂ ਡੰਡਿਆਂ ਦੇ ਵਿਚਕਾਰ ਇੱਕ ਲੰਬੀ ਅਤੇ ਜਟਿਲ ਸਾਧਨਾ ਦੀ ਕਿਰਿਆ ਆਉਂਦੀ ਹੈ, ਜਿਸ ਵਿੱਚੋਂ ਜਦੋਂ ਕੋਈ ਮਨੁੱਖ ਸਫਲਤਾ ਪੂਰਵਕ ਲੰਘ ਜਾਂਦਾ ਹੈ, ਉਸ ਤੋਂ ਬਾਅਦ ਹੀ ਉਸ ਨੂੰ ਪਰਮ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ।

ਅਸਲ ਸਾਧਨਾ ਕੀ ਹੈ ਅਤੇ ਸਾਧਾਰਨ ਮਨੁੱਖ ਸੰਸਾਰ ਵਿਚ ਹੀ ਰਹਿੰਦਾ ਹੋਇਆ ਇਸ ਸਾਧਨਾ ਨੂੰ ਕਿਸ ਤਰ੍ਹਾਂ ਪ੍ਰਾਪਤ ਕਰ ਸਕਦਾ ਹੈ ? ਇਸ ਗੁਪਤ ਵਿਧੀ ਦਾ ਰਾਜ਼ ਨਾ ਮਿਲਣ ਕਾਰਨ ਧਾਰਮਿਕ ਮਨੁੱਖ ਸਦੀਆਂ ਤੋਂ ਹਨੇਰੇ ਵਿਚ ਭਟਕੀ ਜਾ ਰਿਹਾ ਹੈ। ਆਤਮ ਗਿਆਨ ਵਾਲੀ ਅਵਸਥਾ ਤੱਕ ਪਹੁੰਚਣ ਦੇ ਲਈ ਜਿਸ ਪੌੜੀ ਦੀ ਵਰਤੋਂ ਕਰਨੀ ਪੈਂਦੀ ਹੈ, ਉਸ ਪੌੜੀ ਦੇ ਸਾਰਿਆਂ ਡੰਡਿਆਂ ਬਾਰੇ ਇਸ ਕਿਤਾਬ ਦੇ ਰਾਹੀਂ ਤੁਹਾਡੇ ਨਾਲ ਸਾਰੀ ਜਾਣਕਾਰੀ ਸਾਂਝੀ ਕਰਨ ਦਾ ਇੱਕ ਨਿਮਾਣਾ ਜਿਹਾ ਉਪਰਾਲਾ ਕੀਤਾ ਗਿਆ ਹੈ, ਤਾਂ ਜੋ ਮਨੁੱਖ ਆਪ ਸਾਧਨਾ ਕਰਦਾ ਹੋਇਆ ਆਤਮ ਗਿਆਨ ਵਾਲੀ ਅਵਸਥਾ ਨੂੰ ਬਿਨਾਂ ਕਿਸੇ ਦੀ ਮਦਦ ਦੇ ਜਿਉਂਦੇ-ਜੀ ਪ੍ਰਾਪਤ ਕਰ ਲਵੇ।

ਜਦੋਂ ਕੋਈ ਮਨੁੱਖ ਇਸ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ। ਪਹਿਲੀ ਗੱਲ ਤਾਂ, ਉਹ ਆਪਣਾ ਅਨੁਭਵ ਕਿਸੇ ਹੋਰ ਨੂੰ ਦੱਸਦਾ ਹੀ ਨਹੀਂ, ਉਹ ਚੁੱਪ ਹੋ ਜਾਵੇਗਾ। ਇਸ ਧਰਤੀ ਦੇ ਉੱਪਰ ਬਹੁਤ ਘੱਟ ਮਨੁੱਖ ਹੋਏ ਹਨ ਜਿਨ੍ਹਾਂ ਨੂੰ ਅਸਲ ਵਿਚ ਇਹ ਅਵਸਥਾ ਪ੍ਰਾਪਤ ਹੋਈ ਸੀ। ਉਨ੍ਹਾਂ ਵਿੱਚੋਂ ਵੀ ਬਹੁਤ ਥੋੜ੍ਹੇ ਅਜਿਹੇ ਮਨੁੱਖ ਹੋਏ ਹਨ ਜਿਨ੍ਹਾਂ ਨੇ ਇਸ ਰਾਜ਼ ਨੂੰ ਅੱਗੇ ਦੱਸਣ ਦੇ ਲਈ ਕੋਸ਼ਿਸ਼ ਕੀਤੀ ਸੀ।

ਹਰ ਇੱਕ ਦਰੱਖ਼ਤ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਸ ਦੇ ਬੀਜ ਕਿਸੇ ਵੀ ਤਰੀਕੇ ਨਾਲ ਉਸ ਦੇ ਕੋਲੋਂ ਦੂਰ ਚਲੇ ਜਾਣ। ਇਸੇ ਨਿਯਮ ਦੇ ਰਾਹੀਂ ਕੁਦਰਤ ਜੀਵਨ ਨੂੰ ਅੱਗੇ ਗਤੀਮਾਨ ਕਰਦੀ ਹੈ। ਜਦੋਂ ਕਿਸੇ ਮਨੁੱਖ ਨੂੰ ਪਰਮ ਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਨੂੰ ਵੀ ਇਸੇ ਨਿਯਮ ਦੀ ਪਾਲਨਾ ਕਰਨੀ ਪੈਂਦੀ ਹੈ।

ਜੇਕਰ ਫਿੱਕੇ ਜੀਵਨ ਦੇ ਵਿਚ ਅਜੇ ਵੀ ਕੁੱਝ ਨਮਕ ਦਾ ਸਵਾਦ ਬਰਕਰਾਰ ਹੈ, ਇਸ ਦਾ ਕਾਰਨ ਹੈ ਕਿ ਉਹ ਕੁਝ ਕੁ ਮਨੁੱਖ ਜਿਨ੍ਹਾਂ ਨੇ ਆਪਣੀਆਂ ਲਿਖਤਾਂ ਦੇ ਰਾਹੀਂ ਅਗਲੀਆਂ ਪੀੜ੍ਹੀਆਂ ਤੱਕ ਇਹ ਸੁਨੇਹਾ ਦਿੱਤਾ ਕਿ ਇਸ ਜੀਵਨ ਤੋਂ ਅੱਗੇ ਪਰਮ ਜੀਵਨ ਵੀ ਹੈ। ਕੁਦਰਤੀ ਨਿਯਮ ਹੈ ਜਦੋਂ ਸੁੱਤੀ ਮਨੁੱਖਤਾ ਨੂੰ ਕੋਈ ਮਨੁੱਖ ਉਠਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਇਸ ਨੇ ਨਾਰਾਜ਼ ਹੋ ਜਾਣਾ ਹੈ। ਜੇਕਰ ਮੇਰੇ

ਲਫ਼ਜ਼ਾਂ ਨੇ ਤੁਹਾਡੇ ਅੰਦਰ ਦੁਬਾਰਾ ਸੋਚ ਵਿਚਾਰ ਕਰਨ ਦੇ ਲਈ ਕੋਈ ਹਲਚਲ ਪੈਦਾ ਕੀਤੀ ਹੈ ਤਾਂ ਦਾਸ ਸਮਝੇਗਾ, ਕੀਤਾ ਗਿਆ ਉਪਰਾਲਾ ਸਫਲ ਹੋ ਗਿਆ।

ਪਰਮਾਤਮਾ ਗਿਆਨ ਦਾ ਅਥਾਹ ਸਾਗਰ ਹੈ। ਹਰ ਇੱਕ ਮਨੁੱਖ ਆਪਣੀ ਸਮਰੱਥਾ ਅਨੁਸਾਰ ਉਸ ਗਿਆਨ ਦੇ ਸਾਗਰ ਵਿੱਚੋਂ ਮੋਤੀਆਂ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਮੇਰੀ ਝੋਲੀ ਵਿਚ ਜੋ ਕੁੱਝ ਵੀ ਉਸ ਪਰਮ ਸ਼ਕਤੀ ਨੇ ਪਾਇਆ ਹੈ, ਉਸ ਦਾ ਧੰਨਵਾਦ ਕਰਨ ਦੇ ਲਈ ਮੇਰੇ ਕੋਲ ਲਫ਼ਜ਼ ਨਹੀਂ ਹਨ। ਉਸ ਸ਼ਕਤੀ ਤੋਂ ਮਿਲੇ ਗਿਆਨ ਨੂੰ ਇਸ ਕਿਤਾਬ ਦੇ ਰਾਹੀਂ ਤੁਹਾਡੇ ਤੱਕ ਪਹੁੰਚਾਉਣ ਦਾ ਇੱਕ ਨਿਮਾਣਾ ਜਿਹਾ ਉਪਰਾਲਾ ਕੀਤਾ ਹੈ, ਤਾਂ ਜੋ ਉਨ੍ਹਾਂ ਮਨੁੱਖਾਂ ਦੀ ਸਹਾਇਤਾ ਹੋ ਸਕੇ ਜੋ ਸੱਚਮੁੱਚ ਹੀ ਇਸ ਦਿਸ਼ਾ ਵੱਲ ਗਤੀ ਕਰਨ ਦੀ ਇੱਛਾ ਰੱਖਦੇ ਹਨ। ਅੱਖਰਾਂ ਦਾ ਜਗਤ ਬਹੁਤ ਵਿਸ਼ਾਲ ਹੈ, ਮੈਂ ਜਿੰਨਾ ਇਸ ਨੂੰ ਕਲਮਬੰਦ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਇਹ ਓਨਾ ਹੋਰ ਜ਼ਿਆਦਾ ਵਿਸ਼ਾਲ ਹੋਈ ਜਾਂਦਾ ਹੈ। ਬਹੁਤ ਕੁੱਝ ਛੁੱਟ ਸਕਦਾ ਹੈ, ਉਮੀਦ ਹੈ ਆਪ ਸਾਰੇ ਇਸ ਕਿਤਾਬ ਤੋਂ ਪੂਰੇ ਦਾ ਪੂਰਾ ਲਾਹਾ ਪ੍ਰਾਪਤ ਕਰ ਲਵੋਗੇ।

ਚਰਨਜੀਤ ਸਿੰਘ ਗੋਰਖੀ

ਸਾਰੀ ਸਾਧਨਾ ਦਾ ਸਾਰ

ਪਹਿਲੇ ਕੁੱਝ ਕੁ ਸਫ਼ਿਆਂ ਦੇ ਰਾਹੀਂ ਤੁਹਾਡੇ ਨਾਲ ਸਾਰੀ ਸਾਧਨਾ ਦੇ ਬਾਰੇ ਥੋੜ੍ਹੀ ਥੋੜ੍ਹੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ। ਬਾਕੀ ਤੁਹਾਡੀ ਸਹੂਲਤ ਲਈ ਇਸ ਕਿਤਾਬ ਦੇ ਅੰਦਰ ਸਾਰੇ ਵਿਸ਼ਿਆਂ ਦੇ ਵੱਖ-ਵੱਖ ਭਾਗ ਬਣਾਏ ਗਏ ਹਨ ਜਿਸ ਵਿਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਸਥੂਲ ਅਤੇ ਸਾਧਾਰਨ ਚੇਤਨਾ ਦਾ ਤਿਆਗ ਕਰ ਕੇ ਅਧਿਆਤਮਿਕ ਅਤੇ ਰੂਹਾਨੀਅਤ ਵਾਲੀ ਉੱਚੀ ਚੇਤਨਾ ਨੂੰ ਪ੍ਰਾਪਤ ਕਰ ਲਿਆ ਜਾਵੇ। ਧਿਆਨ ਸਿਮਰਨ ਦੀ ਵਿਧੀ ਕੀ ਹੈ, ਜਿਸ ਦੇ ਅਨੁਸਾਰ ਸਾਧਨਾ ਕਰਨ ਦੇ ਨਾਲ ਮਨੁੱਖ ਦਾ ਮਸਤਕ ਜੋਤੀ-ਮਈ ਹੋ ਜਾਂਦਾ ਹੈ ਅਤੇ ਚੇਤਨਾ ਸੀਮਤ ਸੀਮਾਵਾਂ ਨੂੰ ਤੋੜ ਕੇ, ਵਿਸ਼ਾਲ ਬ੍ਰਹਮ ਚੇਤਨਾ ਦੇ ਸਾਗਰ ਵਿਚ ਪਰਵੇਸ਼ ਕਰ ਜਾਂਦੀ ਹੈ। ਜਿਸ ਨਾਲ ਮਨੁੱਖ ਦਾ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਵਿਕਾਸ ਹੋ ਜਾਂਦਾ ਹੈ। ਮਨੁੱਖ ਤਰਕ ਦੀ ਦੁਨੀਆਂ ਤੋਂ ਦੂਰ ਹੋ ਕੇ ਅੰਦਰੂਨੀ ਗਿਆਨ ਦੀ ਦੁਨੀਆਂ ਵਿਚ ਪਰਵੇਸ਼ ਕਰ ਜਾਂਦਾ ਹੈ। ਇਹ ਸੰਸਾਰ ਸੱਤਿਅਮ ਅਤੇ ਰਿਤਮ ਦੋ ਤੱਤਾਂ ਦੇ ਨਾਲ ਬਣਿਆ ਹੈ। ਰਿਤਮ ਤੋਂ ਮਤਲਬ ਪਰਿਵਰਤਨਸ਼ੀਲ, ਸੱਤਿਅਮ ਤੋਂ ਭਾਵ ਜੋ ਪੂਰੀ ਤਰ੍ਹਾਂ ਸੱਚ ਹੈ ਅਤੇ ਅਟੱਲ ਹੈ। ਸੱਤਿਅਮ ਦਾ ਅਨੁਭਵ ਹੀ ਸਰਵੋਤਮ ਗਿਆਨ ਹੈ, ਜਿਸ ਦੇ ਵਿਚ ਦਾਰਸ਼ਨਿਕ ਚੇਤਨਾ ਪੂਰਨ ਗਿਆਨ ਦੇ ਨਾਲ ਭਰ ਜਾਂਦੀ ਹੈ।

ਆਪਣੇ ਪ੍ਰਾਣਾਂ ਦੇ ਉੱਪਰ ਸੰਜਮ ਪ੍ਰਾਪਤ ਕਰਨ ਵਾਲੀ ਸਾਧਨਾ ਹੱਠ-ਜੋਗ ਦੇ ਅਧੀਨ ਆਉਂਦੀ ਹੈ। ਆਪਣੇ ਮਨ ਉੱਪਰ ਸੰਜਮ ਪ੍ਰਾਪਤ ਕਰਨ ਵਾਲੀ ਸਾਧਨਾ ਰਾਜ-ਜੋਗ ਦੇ ਅਧੀਨ ਆਉਂਦੀ ਹੈ। ਆਪਣੀ ਆਤਮਾ ਉੱਪਰ ਸੰਜਮ ਪ੍ਰਾਪਤ ਕਰਨ ਵਾਲੀ ਸਾਧਨਾ ਗਿਆਨ-ਯੋਗ ਦੇ ਅਧੀਨ ਆਉਂਦੀ ਹੈ। ਤੁਸੀਂ ਕੇਵਲ ਦੱਸੀ ਗਈ ਵਿਧੀ ਰਾਹੀਂ ਸਾਧਨਾ ਕਰ ਕੇ ਆਪਣੇ ਪ੍ਰਾਣਾਂ ਨੂੰ ਤੀਜੇ ਨੇਤਰ ਤੱਕ ਲੈ ਕੇ ਜਾਣਾ ਹੈ। ਇਨ੍ਹਾਂ ਤਿੰਨਾਂ ਸਾਧਨਾਂ ਨੇ ਆਪਣੇ ਆਪ ਹੀ ਸਿੱਧ ਹੋ ਜਾਣਾ ਹੈ, ਜਿਸ ਨਾਲ ਤੁਹਾਡੀ ਚੇਤਨਾ ਭੌਤਿਕ ਧਾਰਾ (ਸਰੀਰਕ) ਨੂੰ ਛੱਡ ਕੇ ਅਧਿਆਤਮਿਕ ਰੂਹਾਨੀ ਦੀ ਉਚਾਈ ਪ੍ਰਾਪਤ ਕਰ ਲਵੇਗੀ।

ਜਿਸ ਬਰਤਨ ਅੰਦਰ ਪਹਿਲਾਂ ਤੋਂ ਕੋਈ ਪਦਾਰਥ ਭਰਿਆ ਹੋਵੇ, ਉਸ ਬਰਤਨ ਦੇ ਅੰਦਰ ਦੂਸਰੇ ਪਦਾਰਥ ਨੂੰ ਨਹੀਂ ਪਾਇਆ ਜਾ ਸਕਦਾ, ਜਿੰਨਾ ਚਿਰ ਤੱਕ ਬਰਤਨ ਦੇ ਅੰਦਰ ਵਾਲੇ ਪਦਾਰਥ ਨੂੰ ਬਾਹਰ ਨਹੀਂ ਕੱਢਿਆ ਜਾਂਦਾ।

ਜਦੋਂ ਬਰਸਾਤ ਹੁੰਦੀ ਹੈ ਤਾਂ ਬਰਸਾਤ ਦਾ ਪਾਣੀ ਪਹਾੜ ਅਤੇ ਨੀਵੇਂ ਟੋਭਿਆਂ ’ਤੇ ਬਰਾਬਰ ਵਰ੍ਹਦਾ ਹੈ। ਅਕਸਰ ਪਹਾੜਾਂ ਦਾ ਪਾਣੀ ਵੀ ਰੁੜ੍ਹ ਕੇ ਨੀਵੇਂ ਟੋਭਿਆਂ ਵਿਚ ਆ ਜਾਂਦਾ ਹੈ। ਇਸ ਦਾ ਕਾਰਨ ਹੈ ਟੋਭਿਆਂ ਦੇ ਕੋਲ ਖ਼ਾਲੀ ਜਗ੍ਹਾ ਉਪਲਬਧ

ਹੈ ਜਦਕਿ ਪਹਾੜ ਪਹਿਲਾਂ ਤੋਂ ਹੀ ਭਰੇ ਹੋਏ ਹਨ। ਉਨ੍ਹਾਂ ਕੋਲ ਖ਼ਾਲੀ ਜਗ੍ਹਾ ਨਾ ਹੋਣ ਕਾਰਨ ਉਹ ਪਾਣੀ ਨੂੰ ਆਪਣੇ ਕੋਲ ਸਾਂਭ ਕੇ ਰੱਖਣ ਵਿਚ ਅਸਮਰੱਥ ਹਨ। ਸਾਧਾਰਨ ਮਨੁੱਖ ਦੀ ਇੱਕ ਬਹੁਤ ਵੱਡੀ ਸਮੱਸਿਆ ਹੈ। ਇਸ ਨੇ ਆਪਣੇ ਆਪ ਨੂੰ ਉਸ ਗਿਆਨ ਦੇ ਨਾਲ ਭਰ ਲਿਆ ਹੈ, ਜਿਸ ਦੇ ਬਾਰੇ ਵਿੱਚ ਇਸ ਦਾ ਆਪਣਾ ਕੋਈ ਨਿੱਜੀ ਅਨੁਭਵ ਨਹੀਂ ਹੈ।

ਜੋ ਗਿਆਨ ਮਨੁੱਖ ਦੇ ਪ੍ਰਾਣਾਂ ਵਿੱਚੋਂ ਪ੍ਰਗਟ ਨਹੀਂ ਹੋਇਆ, ਉਸ ਦੀਆਂ ਜੜ੍ਹਾਂ ਨਹੀਂ ਹੁੰਦੀਆਂ। ਧਾਰਮਿਕ ਮਨੁੱਖ ਉਧਾਰੇ ਗਿਆਨ ਦੇ ਨਾਲ ਆਪਣੇ ਆਪ ਨੂੰ ਬਹੁਤ ਬੁਰੀ ਤਰ੍ਹਾਂ ਭਰ ਲੈਂਦਾ ਹੈ, ਜਿਸ ਕਾਰਨ ਇਸ ਦੇ ਅੰਦਰ ਕਿਸੇ ਨਵੀਂ ਚੀਜ਼ ਨੂੰ ਨਹੀਂ ਭਰਿਆ ਜਾ ਸਕਦਾ।

ਕਿਰਪਾ ਕਰਕੇ ਕੁੱਝ ਕੁ ਦਿਨਾਂ ਦੇ ਲਈ ਉਧਾਰੇ ਗਿਆਨ ਨੂੰ ਆਪਣੇ ਆਪ ਤੋਂ ਥੋੜ੍ਹਾ ਦੂਰ ਰੱਖਣ ਦੀ ਕੋਸ਼ਿਸ਼ ਕਰਨਾ, ਜੋ ਤੁਹਾਡਾ ਆਪਣਾ ਅਨੁਭਵ ਨਹੀਂ ਹੈ ਤਾਂ ਜੋ ਸਾਧਨਾ ਦੇ ਗਹਿਰੇ ਤਲਾਂ ਦੇ ਵਿਚ ਪਰਵੇਸ਼ ਕੀਤਾ ਜਾ ਸਕੇ।

ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਲੀ ਜੋ ਸਾਧਨਾ ਹੈ, ਉਹ ਜਟਿਲ ਵੀ ਹੈ ਅਤੇ ਆਸਾਨ ਵੀ ਹੈ। ਨਮਕ ਦੀਆਂ ਡਲੀਆਂ ਦੀ ਕਹਾਣੀ ਤੋਂ ਆਪਾਂ ਗੱਲ ਸ਼ੁਰੂ ਕਰਦੇ ਹਾਂ। ਬਹੁਤ ਸਮਾਂ ਪਹਿਲਾਂ ਦੀ ਗੱਲ ਹੈ। ਕੁੱਝ ਕੁ ਨਮਕ ਦੀਆਂ ਡਲੀਆਂ ਇੱਕ ਦਿਨ ਆਪਸ ਵਿਚ ਸਲਾਹ ਮਸ਼ਵਰਾ ਕਰ ਰਹੀਆਂ ਸਨ ਕਿ ਇਹ ਜੋ ਸਮੁੰਦਰ ਸਾਨੂੰ ਦਿਖਾਈ ਦੇਂਦਾ ਹੈ ਇਹ ਕੌਣ ਹੈ? ਇਹ ਕਿੰਨਾ ਕੁ ਡੂੰਘਾ ਹੈ ਅਤੇ ਇਸ ਦਾ ਦੂਜਾ ਕਿਨਾਰਾ ਕਿੰਨਾ ਦੂਰ ਹੋਵੇਗਾ। ਉਨ੍ਹਾਂ ਦੇ ਵਿੱਚੋਂ ਜੋ ਸਭ ਤੋਂ ਵੱਡੀ ਨਮਕ ਦੀ ਡਲੀ ਸੀ, ਉਹ ਕਹਿਣ ਲੱਗੀ ਕਿ ਇਨ੍ਹਾਂ ਸਵਾਲਾਂ ਦੇ ਜਵਾਬ ਤਾਂ ਹੀ ਮਿਲ ਸਕਦੇ ਹਨ ਜੇਕਰ ਸਾਡੇ ਵਿੱਚੋਂ ਕੋਈ ਇਸ ਸਮੁੰਦਰ ਵਿਚ ਪਰਵੇਸ਼ ਕਰੇ, ਇਸ ਤਰ੍ਹਾਂ ਅੰਦਾਜ਼ਿਆਂ ਨਾਲ ਕੁੱਝ ਕਹਿਣਾ ਮੁਸ਼ਕਲ ਹੈ। ਉਹ ਸਾਰੀਆਂ ਆਪਸ ਦੇ ਵਿਚ ਇਸ ਗੱਲ ਨੂੰ ਲੈ ਕੇ ਵਿਚਾਰ ਕਰ ਹੀ ਰਹੀਆਂ ਸਨ ਕਿ ਅਚਾਨਕ ਸਭ ਤੋਂ ਛੋਟੀ ਨਮਕ ਦੀ ਡਲੀ ਨੇ ਸਮੁੰਦਰ ਵਿਚ ਛਾਲ ਮਾਰ ਦਿੱਤੀ। ਛਾਲ ਮਾਰਨ ਤੋਂ ਪਹਿਲਾਂ ਉਹ ਕਹਿ ਗਈ ਕਿ ਮੈਂ ਜਾਂਦੀ ਹਾਂ ਅਤੇ ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਲੱਭ ਕੇ ਹੀ ਵਾਪਸ ਪਰਤਾਂਗੀ, ਤੁਸੀਂ ਇਸ ਜਗ੍ਹਾ 'ਤੇ ਮੇਰਾ ਇੰਤਜ਼ਾਰ ਕਰਨਾ। ਸਮੁੰਦਰ ਦੇ ਗਹਿਰੇ ਤਲਾਂ ਵਿਚ ਪਰਵੇਸ਼ ਕਰਨ ਦੇ ਨਾਲ ਨਮਕ ਦੀ ਡਲੀ ਦਾ ਆਕਾਰ ਹੌਲੀ ਹੌਲੀ ਕਰਕੇ ਘਟਦਾ ਜਾ ਰਿਹਾ ਸੀ, ਪਰ ਉਸ ਨੇ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਪਾਣੀ ਵਿਚ ਪੂਰੀ ਤਰ੍ਹਾਂ ਲੀਨ ਹੋਣ ਤੱਕ ਆਪਣੀ ਯਾਤਰਾ ਨੂੰ ਜਾਰੀ ਰੱਖਿਆ। ਜਿਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਵਾਸਤੇ ਉਸ ਨੇ ਸਮੁੰਦਰ ਦੇ ਵਿਚ ਪਰਵੇਸ਼ ਕੀਤਾ ਸੀ, ਉਨ੍ਹਾਂ ਸਵਾਲਾਂ ਦੇ ਜਵਾਬ ਮਿਲਣ ਤੋਂ ਪਹਿਲਾਂ ਹੀ ਉਹ ਆਪ ਸਮੁੰਦਰ ਦਾ ਹੀ ਰੂਪ ਹੋ ਗਈ। ਇਸ ਕਹਾਣੀ ਨੇ ਸਾਧਨਾ ਦੇ ਰਾਹੀਂ ਪ੍ਰਾਪਤ ਹੋਣ ਵਾਲੀ ਆਤਮ ਗਿਆਨ ਦੀ ਸਾਰੀ ਅਵਸਥਾ ਨੂੰ ਬਹੁਤ ਹੀ ਚੰਗੇ ਤਰੀਕੇ ਨਾਲ ਬਿਆਨ ਕਰ ਕੇ ਰੱਖ ਦਿੱਤਾ ਹੈ।

ਜੋ ਵੀ ਮਨੁੱਖ ਵਿਧੀ ਦੇ ਅਨੁਸਾਰ ਹਰ ਦਿਨ ਸਾਧਨਾ ਕਰਦਾ ਜਾਵੇਗਾ, ਉਸ ਮਨੁੱਖ ਦੀ ਸੁਰਤੀ ਨੇ ਨਮਕ ਦੀ ਡਲੀ ਵਾਂਗੂੰ ਖੁਰਨ ਤੋਂ ਬਾਅਦ ਬ੍ਰਹਮ ਦੇ ਅੰਦਰ ਸਦਾ ਲਈ ਲੀਨ ਹੋ ਜਾਣਾ ਹੈ।

ਜੀਵਨ ਵਿਚ ਆਤਮ ਗਿਆਨ ਨੂੰ ਆਪ ਪ੍ਰਾਪਤ ਕਰਨ ਵਿਚ ਹੀ ਸਾਰ ਹੈ। ਭਾਵੇਂ ਇਸ ਅਵਸਥਾ ਨੂੰ ਪ੍ਰਾਪਤ ਕਰਨ ਦੇ ਲਈ ਜੀਵਨ ਭਰ ਸਾਧਨਾ ਕਰਨੀ ਪਵੇ ਤਾਂ ਵੀ ਇਹ ਖੇਡ ਸਸਤੀ ਹੈ। ਕੋਈ ਵੀ ਮਨੁੱਖ ਪ੍ਰਕਿਰਤੀ ਦੀ ਅਧੀਨਤਾ ਤੋਂ ਤਾਂ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ, ਜੇਕਰ ਉਹ ਆਪ ਖ਼ੁਦ ਸਾਧਨਾ ਕਰਦਾ ਹੋਵੇ। ਵੈਸੇ ਬਾਹਰੋਂ ਦੇਖਣ ਵਿਚ ਪਰਮਾਤਮਾ ਅਤੇ ਮਨੁੱਖ ਦੋਨੋਂ ਵੱਖੋ-ਵੱਖ ਦਿਖਾਈ ਦੇਂਦੇ ਹਨ। ਜਦੋਂ ਤੁਸੀਂ ਆਪਣੇ ਅੰਦਰ ਪਰਵੇਸ਼ ਕੀਤਾ ਤਾਂ ਅੰਦਰ ਇੱਕ ਹੀ ਹੈ ਉਹ ਹੈ ਪਰਮਾਤਮਾ। ਭਾਵੇਂ ਸਾਨੂੰ ਇਸ ਗੱਲ ਦਾ ਪਤਾ ਲੱਗ ਗਿਆ ਹੈ ਕਿ ਪਰਮਾਤਮਾ ਅਤੇ ਸਾਡੇ ਵਿਚ ਕੋਈ ਭੇਦ ਨਹੀਂ ਹੈ। ਫਿਰ ਵੀ ਉਸ ਅਵਸਥਾ ਨੂੰ ਅਨੁਭਵ ਕਰਨ ਦੇ ਲਈ ਸਾਧਨਾ ਦੇ ਵਿੱਚੋਂ ਦੀ ਲੰਘਣਾ ਹੀ ਪਵੇਗਾ। ਆਤਮ ਗਿਆਨ ਤੋਂ ਬਾਅਦ ਹੀ ਮਨੁੱਖ ਨੂੰ ਜੰਮਣ ਮਰਨ ਵਾਲੀ ਲੜੀ ਤੋਂ ਮੁਕਤੀ ਮਿਲ ਸਕਦੀ ਹੈ। ਇਹ ਅਵਸਥਾ ਮਨੁੱਖ ਨੇ ਜਿਉਂਦੇ-ਜੀ ਪ੍ਰਾਪਤ ਕਰਨੀ ਹੁੰਦੀ ਹੈ।

ਪਰਮਾਤਮਾ ਅਗਿਆਤ ਰੂਪੀ ਸਮੁੰਦਰ ਹੈ, ਜਿਸ ਦੇ ਵਿਚ ਪਰਵੇਸ਼ ਕਰਨ ਲਈ ਬਹੁਤ ਸਾਰੀ ਹਿੰਮਤ ਅਤੇ ਸਾਹਸ ਦੀ ਜ਼ਰੂਰਤ ਪੈਂਦੀ ਹੈ। ਇਹੀ ਕਾਰਨ ਹੈ ਕਿ ਸਦੀਆਂ ਦੇ ਵਿਚ ਇੱਕ ਦੋ ਮਨੁੱਖ ਹੀ ਪ੍ਰਕਿਰਤੀ ਦੀ ਅਧੀਨਤਾ ਤੋਂ ਆਪਣੇ ਆਪ ਨੂੰ ਮੁਕਤ ਕਰਨ ਦੇ ਲਈ ਅੱਗੇ ਆਉਂਦੇ ਹਨ।

ਜਦੋਂ ਕੋਈ ਮਨੁੱਖ ਹਿੰਮਤ ਕਰਕੇ ਆਪ ਖ਼ੁਦ ਪਰਮ ਜੀਵਨ ਦੀ ਖੋਜ 'ਤੇ ਨਿਕਲ ਜਾਂਦਾ ਹੈ, ਤਾਂ ਇੱਕ ਸਮਾਂ ਆ ਜਾਵੇਗਾ ਜਦੋਂ ਉਸ ਮਨੁੱਖ ਦੀ ਆਤਮਾ ਪੂਰਨ ਤੌਰ 'ਤੇ ਨਿਰਮਲ ਹੋ ਜਾਵੇਗੀ। ਜਿਸ ਤਰ੍ਹਾਂ ਫਲ ਪੱਕਣ ਤੋਂ ਬਾਅਦ ਆਪਣੇ ਆਪ ਦਰੱਖ਼ਤ ਦੀ ਟਾਹਣੀ ਨਾਲੋਂ ਅਲੱਗ ਹੋ ਜਾਂਦਾ ਹੈ। ਇਸ ਘਟਨਾ ਦੀ ਖ਼ਬਰ ਨਾ ਤਾਂ ਦਰੱਖ਼ਤ ਨੂੰ ਲੱਗਦੀ ਹੈ ਅਤੇ ਨਾ ਹੀ ਫਲ ਨੂੰ।

ਜੋ ਮਨੁੱਖ ਸਾਧਨਾ ਦੇ ਰਾਹੀਂ ਆਪਣੀ ਸੁਰਤੀ ਨੂੰ ਸਹਿਜ ਮੰਡਲ ਦੇ ਗਹਿਰੇ ਤਲ ਵਿਚ ਲੈ ਜਾਵੇਗਾ, ਉਸ ਮਨੁੱਖ ਨੂੰ ਅਗਿਆਨ ਤੋਂ ਮੁਕਤੀ ਮਿਲ ਜਾਵੇਗੀ। ਜਿਸ ਮਨੁੱਖ ਦੀ ਸੁਰਤੀ ਦਾ ਪਰਵੇਸ਼ ਸਹਿਜ ਅਵਸਥਾ ਵਿਚ ਹੋ ਜਾਂਦਾ ਹੈ, ਉਸ ਮਨੁੱਖ ਨੂੰ ਜ਼ਬਰਦਸਤੀ ਕਰਕੇ ਕਿਸੇ ਵੀ ਔਗੁਣ ਨੂੰ ਆਪਣੇ ਆਪ ਨਾਲੋਂ ਅਲੱਗ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਮਨੁੱਖ ਜ਼ਬਰਦਸਤੀ ਕਰਕੇ ਔਗੁਣਾਂ ਨੂੰ ਪ੍ਰਗਟ ਹੋਣ ਤੋਂ ਰੋਕ ਤਾਂ ਸਕਦਾ ਹੈ ਪਰ ਇਸ ਤਰ੍ਹਾਂ ਜ਼ਬਰਦਸਤੀ ਔਗੁਣਾਂ ਨੂੰ ਨੱਪਣ ਦੇ ਨਾਲ ਆਤਮਾ ਨੂੰ ਉਨ੍ਹਾਂ ਦੇ ਪ੍ਰਭਾਵ ਤੋਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਸਾਧਕ ਨੂੰ ਸਹਿਜ ਅਵਸਥਾ ਦੀ ਪ੍ਰਾਪਤੀ ਨਮਕ ਦੀ ਡਲੀ ਵਾਂਗੂੰ ਪੂਰਨ ਤੌਰ 'ਤੇ ਮਿਟਣ ਤੋਂ ਬਾਅਦ ਆਪਣੇ ਆਪ ਪ੍ਰਾਪਤ ਹੋ ਜਾਂਦੀ ਹੈ।

ਸਹਿਜ ਅਵਸਥਾ ਤੱਕ ਪਹੁੰਚਣ ਦੇ ਲਈ ਮਨੁੱਖ ਨੂੰ ਆਪ ਧਿਆਨ ਸਿਮਰਨ ਦੀ ਸਾਧਨਾ ਦੇ ਵਿੱਚੋਂ ਦੀ ਲੰਘਣਾ ਪੈਂਦਾ ਹੈ। ਬਿਨਾਂ ਆਤਮ ਗਿਆਨ ਨੂੰ ਪ੍ਰਾਪਤ ਕੀਤੇ ਪਰਮਾਤਮਾ ਨੂੰ ਅਨੁਭਵ ਕਰਨਾ ਅਸੰਭਵ ਹੈ। ਇਸ ਤੋਂ ਇਲਾਵਾ ਹੋਰ ਕੋਈ ਵੀ ਤਰੀਕਾ ਨਹੀਂ ਹੈ ਜਿਸ ਦੇ ਨਾਲ ਪਰਮਾਤਮਾ ਦੇ ਕੋਲ ਪਹੁੰਚਿਆ ਜਾ ਸਕੇ। ਪੂਰਨ ਸਹਿਜ ਅਵਸਥਾ ਇੱਕ ਦੋ ਮਹੀਨੇ ਸਾਧਨਾ ਕਰਨ ਦੇ ਨਾਲ ਪ੍ਰਾਪਤ ਨਹੀਂ ਹੋ ਸਕਦੀ।

ਸੁਰਤੀ ਨੂੰ ਪੂਰੀ ਤਰ੍ਹਾਂ ਸਹਿਜ ਮੰਡਲ ਵਿਚ ਲੀਨ ਕਰਨ ਲਈ ਚਾਰ-ਪੰਜ ਸਾਲਾਂ ਦਾ ਸਮਾਂ ਲੱਗ ਜਾਂਦਾ ਹੈ। ਬਾਕੀ ਕੁੰਡਲਨੀ ਜਾਗਰਨ, ਬ੍ਰਹਮ ਨਾਦ ਅਤੇ ਸੋਮ ਰਸ ਵਾਲੀ ਅਵਸਥਾ ਚਾਰ-ਛੇ ਮਹੀਨਿਆਂ ਦੇ ਵਿਚ ਪ੍ਰਾਪਤ ਹੋ ਜਾਂਦੀ ਹੈ।

ਪਰਮ ਅਵਸਥਾ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਸਾਧਕ ਨੂੰ ਕਈ ਸਰੀਰਕ ਅਤੇ ਮਾਨਸਿਕ ਅਨੁਭਵਾਂ ਦੇ ਵਿੱਚੋਂ ਦੀ ਬਾਰ ਬਾਰ ਲੰਘਣਾ ਪੈਂਦਾ ਹੈ। ਜਿਸ ਸਾਧਕ ਕੋਲ ਸਾਧਨਾ ਵਿਚ ਹੋਣ ਵਾਲੇ ਅਨੁਭਵਾਂ ਦੀ ਪਹਿਲਾਂ ਤੋਂ ਜਾਣਕਾਰੀ ਹੈ, ਉਸ ਨੂੰ ਸਾਧਨਾ ਕਰਨ ਵਿਚ ਬਹੁਤ ਸਹਾਇਤਾ ਮਿਲ ਸਕਦੀ ਹੈ। ਜਦੋਂ ਮੈਨੂੰ ਸਾਧਨਾ ਦੇ ਦੌਰਾਨ ਸਰੀਰਕ ਅਤੇ ਮਾਨਸਿਕ ਅਨੁਭਵ ਹੁੰਦੇ ਸਨ ਤਾਂ ਉਸ ਸਮੇਂ ਮੈਨੂੰ ਬਹੁਤ ਡਰ ਲੱਗਦਾ ਸੀ। ਜਦੋਂ ਪ੍ਰਾਣ ਊਰਜਾ ਨੇ ਮੇਰੇ ਨਾਭੀ ਕੇਂਦਰ ਤੋਂ ਉੱਪਰ ਮਸਤਕ ਦੇ ਵੱਲ ਨੂੰ ਦੌੜਨਾ ਸ਼ੁਰੂ ਕੀਤਾ ਤਾਂ ਇਸ ਨਾਲ ਮੇਰਾ ਮਸਤਕ ਅੰਦਰੋਂ ਸੱਪ ਦੀ ਤਰ੍ਹਾਂ ਦਿਨ ਰਾਤ ਸਰ ਸਰ ਕਰ ਕੇ ਹਿੱਲਣ ਲੱਗ ਪਿਆ ਸੀ। ਮੈਨੂੰ ਕਈ ਵਾਰ ਇਸ ਤਰ੍ਹਾਂ ਲੱਗਦਾ ਸੀ ਕਿ ਇਸ ਪ੍ਰਕਾਸ਼ ਦੇ ਕਾਰਨ ਕੋਈ ਦਿਮਾਗ਼ੀ ਨੁਕਸ ਨਾ ਪੈ ਜਾਵੇ। ਜਦੋਂ ਮੈਨੂੰ ਸਾਧਨਾ ਦੇ ਵਿਚ ਕੋਈ ਨਵਾਂ ਅਨੁਭਵ ਹੁੰਦਾ ਤਾਂ ਮੈਂ ਕਈ ਕਈ ਦਿਨ ਡਰਦਾ ਹੋਇਆ ਨਾਮ ਅਭਿਆਸ ਨਹੀਂ ਕਰਦਾ ਸਾਂ। ਇਸ ਤਰ੍ਹਾਂ ਡਰਨ ਦਾ ਇੱਕ ਬਹੁਤ ਵੱਡਾ ਕਾਰਨ ਵੀ ਸੀ। ਉਦੋਂ ਮੇਰੇ ਕੋਲ ਸਾਧਨਾ ਦੇ ਵਿਚ ਹੋਣ ਵਾਲੇ ਅਨੁਭਵਾਂ ਦੇ ਬਾਰੇ ਕੋਈ ਖ਼ਾਸ ਜਾਣਕਾਰੀ ਨਹੀਂ ਸੀ। ਉਸ ਸਮੇਂ ਮੈਂ ਸਾਧਨਾ ਦੇ ਵਿਚ ਹੋ ਰਹੇ ਅਨੁਭਵਾਂ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਬਹੁਤ ਕੋਸ਼ਿਸ਼ ਵੀ ਕੀਤੀ ਸੀ ਪਰ ਕੋਈ ਫ਼ਾਇਦਾ ਨਾ ਹੋਇਆ। ਜ਼ਿਆਦਾ-ਤਰ ਕਿਤਾਬਾਂ ਦੇ ਵਿਚ ਦਿੱਤੀ ਗਈ ਜਾਣਕਾਰੀ ਸੈਕੰਡ ਹੈਂਡ ਸੀ।

ਪਰ ਫਿਰ ਵੀ ਮੈਂ ਕੋਸ਼ਿਸ਼ ਕਰਦਾ ਰਿਹਾ ਤਾਂ ਜੋ ਕਿਸੇ ਮੇਨ ਸੋਰਸ ਤੋਂ ਜਾਣਕਾਰੀ ਪ੍ਰਾਪਤ ਹੋ ਜਾਵੇ। ਜਾਣਕਾਰੀ ਤੋਂ ਮੇਰਾ ਭਾਵ ਜੋ ਮਨੁੱਖ ਇਨ੍ਹਾਂ ਅਨੁਭਵਾਂ ਦੇ ਵਿੱਚੋਂ ਦੀ ਆਪ ਲੰਘਿਆ ਹੋਵੇ ਜਾਂ ਤਾਂ ਉਹ ਮਨੁੱਖ ਜਾਂ ਉਸ ਦੇ ਦੁਆਰਾ ਲਿਖੀ ਗਈ ਕੋਈ ਲਿਖਤ ਜਾਂ ਕਿਤਾਬ।

ਫਿਰ ਇੱਕ ਦਿਨ ਬਾਬਾ ਫ਼ਰੀਦ ਜੀ ਦੀ ਬਾਣੀ ਦੀਆਂ ਕੁੱਝ ਕੁ ਤੁਕਾਂ ਮੇਰੇ ਹੱਥ ਲੱਗੀਆਂ, ਜਿਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਮੈਨੂੰ ਆਪਣੇ ਸਰੀਰ ਦੇ ਅੰਦਰ ਪ੍ਰਕਾਸ਼ ਦੀ ਗਤੀ ਨੂੰ ਸਮਝਣ ਵਿਚ ਮਦਦ ਮਿਲ ਗਈ। ਇਸ ਦਿਸ਼ਾ ਦੇ ਬਾਰੇ ਜ਼ਿਆਦਾ ਜਾਣਕਾਰੀ ਨਾ ਹੋਣ ਕਾਰਨ ਮੈਨੂੰ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ, ਉਮੀਦ ਹੈ ਤੁਸੀਂ ਇਸ ਕਿਤਾਬ ਦੇ ਵਿਚ ਦਿੱਤੀ ਗਈ ਜਾਣਕਾਰੀ ਦੇ ਰਾਹੀਂ ਬਿਨਾਂ ਕਿਸੇ ਡਰ ਅਤੇ ਖ਼ੌਫ਼ ਦੇ ਸਾਧਨਾ ਕਰਦੇ ਹੋਏ ਇੱਕ ਦਿਨ ਉਸ ਪਰਮ ਅਵਸਥਾ ਨੂੰ ਜ਼ਰੂਰ ਪ੍ਰਾਪਤ ਕਰ ਲਵੋਗੇ।

ਜੋ ਵੀ ਮਨੁੱਖ ਆਪਣੀ ਸੁਰਤੀ ਨੂੰ ਭੂਤਕਾਲ ਅਤੇ ਭਵਿੱਖਤ ਕਾਲ ਵਿੱਚੋਂ ਸਮੇਟ ਕੇ ਵਰਤਮਾਨ ਕਾਲ ਵਿਚ ਇਕਾਗਰ ਕਰ ਲਵੇਗਾ, ਉਸ ਮਨੁੱਖ ਨੂੰ ਪਰਮ ਸ਼ਕਤੀ ਦੇ ਦਰਸ਼ਨ ਹੋ ਜਾਣੇ ਹਨ। ਇਸ ਲਾਈਨ ਵਿਚ ਸਾਰਾ ਸਾਰ ਆ ਜਾਂਦਾ ਹੈ। ਪਾਰਬ੍ਰਹਮ ਨੂੰ ਅਨੁਭਵ ਕਰਨ ਲਈ ਇਸ ਤੋਂ ਇਲਾਵਾ ਹੋਰ ਕੋਈ ਵੀ ਰਸਤਾ ਨਹੀਂ

ਹੈ। ਜੇਕਰ ਕੋਈ ਮਨੁੱਖ ਤੁਹਾਡੇ ਨਾਲ ਇੱਧਰ ਉੱਧਰ ਦੀਆਂ ਗੱਲਾਂ ਕਰ ਰਿਹਾ ਹੈ ਤਾਂ ਉਹ ਮਨੁੱਖ ਭਾਵੇਂ ਜੋ ਕੋਈ ਵੀ ਹੋਵੇ, ਉਸ ਨੇ ਤੁਹਾਡਾ ਕੀਮਤੀ ਸਮਾਂ ਬਰਬਾਦ ਕਰ ਦੇਣਾ ਹੈ। ਇੱਕ ਵਾਰੀ ਹੱਥੋਂ ਨਿਕਲੇ ਸਮੇਂ ਨੂੰ ਦੁਬਾਰਾ ਵਾਪਸ ਹਾਸਲ ਨਹੀਂ ਕੀਤਾ ਜਾ ਸਕਦਾ। ਸੋ ਆਪਣੇ ਜੀਵਨ ਵਿਚ ਸਮੇਂ ਦੀ ਵਰਤੋਂ ਕਰਨ ਤੋਂ ਪਹਿਲਾਂ ਸਾਧਕ ਨੂੰ ਚੰਗੀ ਤਰ੍ਹਾਂ ਸੋਚ ਵਿਚਾਰ ਕਰ ਲੈਣੀ ਚਾਹੀਦੀ ਹੈ, ਤਾਂ ਜੋ ਕੀਤੀ ਗਈ ਮਿਹਨਤ ਅਤੇ ਸਮਾਂ ਐਵੇਂ ਅਜਾਈਂ ਨਾ ਚਲਾ ਜਾਵੇ। ਧਾਰਮਿਕ ਮਨੁੱਖ ਜੀਵਨ ਭਰ ਕੋਸ਼ਿਸ਼ਾਂ ਕਰਦਾ ਰਹਿੰਦਾ ਹੈ। ਔਗੁਣਾਂ ਰੂਪੀ ਦੋਸ਼ਾਂ ਨੂੰ ਆਪਣੇ ਆਪ ਤੋਂ ਅਲੱਗ ਕਰਨ ਦੇ ਲਈ ਹੈ ਪਰ ਇਸ ਨੂੰ ਕੋਈ ਕਾਮਯਾਬੀ ਪ੍ਰਾਪਤ ਨਹੀਂ ਹੁੰਦੀ।

ਜਦੋਂ ਪਿਆਸੇ ਮਨੁੱਖ ਨੂੰ ਪੀਣ ਵਾਸਤੇ ਸਾਫ਼ ਪਾਣੀ ਦਾ ਸਰੋਤ ਨਹੀਂ ਮਿਲਦਾ ਤਾਂ ਉਹ ਕਿਸੇ ਗੰਦੇ ਪਾਣੀ ਦੇ ਸਰੋਤ ਤੋਂ ਪਾਣੀ ਪੀ ਕੇ ਆਪਣੀ ਪਿਆਸ ਨੂੰ ਬੁਝਾਉਣ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਸਾਫ਼ ਪਾਣੀ ਅਤੇ ਗੰਦੇ ਪਾਣੀ ਦੇ ਦੋਨੋਂ ਸਰੋਤ ਉਪਲਬਧ ਹੋਣ ਤਾਂ ਪਾਣੀ ਨੂੰ ਪੀਣ ਤੋਂ ਪਹਿਲਾਂ ਦੋਨਾਂ ਪਾਣੀਆਂ ਦੇ ਵਿਚ ਜੋ ਬੁਨਿਆਦੀ ਅੰਤਰ ਹੈ, ਉਸ ਨੂੰ ਸਮਝ ਲੈਣਾ ਬਹੁਤ ਜ਼ਰੂਰੀ ਹੈ। ਜਿੱਥੇ ਸਾਫ਼ ਪਾਣੀ ਨੂੰ ਪੀਣ ਦੇ ਨਾਲ ਮਨੁੱਖ ਦੇ ਸਰੀਰ ਨੂੰ ਤੰਦਰੁਸਤੀ ਮਿਲਦੀ ਹੈ, ਉੱਥੇ ਗੰਦੇ ਪਾਣੀ ਨੂੰ ਪੀਣ ਨਾਲ ਮਨੁੱਖ ਦੇ ਸਰੀਰ ਨੂੰ ਕਈ ਭਿਅੰਕਰ ਬਿਮਾਰੀਆਂ ਵੀ ਲੱਗ ਸਕਦੀਆਂ ਹਨ। ਦੇਖਣ ਦੇ ਵਿਚ ਵੈਸੇ ਦੋਨੋਂ ਪਾਣੀ ਹੀ ਹਨ ਪਰ ਦੋਨਾਂ ਪਾਣੀਆਂ ਦੀ ਵਰਤੋਂ ਕਰਨ ਤੋਂ ਬਾਅਦ ਮਨੁੱਖ ਦੇ ਸਰੀਰ ਉੱਪਰ ਉਨ੍ਹਾਂ ਦੇ ਪ੍ਰਭਾਵ ਵੱਖੋ-ਵੱਖਰੇ ਪੈਂਦੇ ਹਨ। ਦੋਨਾਂ ਪਾਣੀਆਂ ਦੇ ਵਿਚ ਜੋ ਬੁਨਿਆਦੀ ਅੰਤਰ ਹੈ, ਇਸ ਗੱਲ ਦਾ ਜੋ ਵੀ ਮਨੁੱਖ ਨਿਤਾਰਾ ਕਰ ਲੈਂਦਾ ਹੈ ਉਸ ਮਨੁੱਖ ਨੂੰ ਆਤਮ ਗਿਆਨ ਪ੍ਰਾਪਤ ਕਰਨ ਵਿਚ ਬਹੁਤ ਆਸਾਨੀ ਹੋ ਜਾਵੇਗੀ। ਇਸ ਵਿਸ਼ੇ ਬਾਰੇ ਤੁਹਾਡੇ ਨਾਲ ਅੱਗੇ ਚੱਲ ਕੇ ਚਰਚਾ ਕੀਤੀ ਜਾਵੇਗੀ ਤਾਂ ਜੋ ਪਾਣੀ ਨੂੰ ਪੀਣ ਤੋਂ ਪਹਿਲਾਂ ਉਸ ਦੇ ਸਰੋਤ ਦੀ ਪਰਖ ਚੰਗੀ ਤਰ੍ਹਾਂ ਕਰ ਲਈ ਜਾਵੇ। ਜੋ ਮਨੁੱਖ ਗੰਦੇ ਪਾਣੀ ਦੇ ਸਰੋਤ ਤੋਂ ਪਾਣੀ ਪੀਵੇਗਾ, ਉਸ ਦਾ ਸਰੀਰ ਕਦੇ ਵੀ ਤੰਦਰੁਸਤ ਨਹੀਂ ਹੋ ਸਕਦਾ, ਭਾਵੇਂ ਉਹ ਜੀਵਨ ਭਰ ਇਸ ਸਰੋਤ ਤੋਂ ਪਾਣੀ ਪੀ ਕੇ ਦੇਖ ਲਵੇ।

ਦੋ ਸ਼੍ਰੇਣੀਆਂ ਵਿਚ ਆਉਣ ਵਾਲੇ ਮਨੁੱਖ ਦੇਖਣ ਨੂੰ ਭਾਵੇਂ ਇੱਕ ਦੂਜੇ ਤੋਂ ਅਲੱਗ ਅਲੱਗ ਨਜ਼ਰ ਆਉਂਦੇ ਹਨ ਪਰ ਦੋਨਾਂ ਦੀ ਅੰਦਰੋਂ ਸਥਿਤੀ ਇੱਕ ਦੂਜੇ ਵਰਗੀ ਹੀ ਹੈ। ਪਹਿਲੀ ਸ਼੍ਰੇਣੀ ਵਿਚ ਨਾਸਤਿਕ ਮਨੁੱਖ ਆਉਂਦਾ ਹੈ, ਜਿਸ ਨੇ ਆਪ ਕੋਈ ਖੋਜ ਨਹੀਂ ਕੀਤੀ, ਬਲਕਿ ਕਿਸੇ ਹੋਰ ਦੇ ਦੁਆਰਾ ਲਿਖੀ ਗਈ ਕਿਤਾਬ ਦੇ ਵਿੱਚੋਂ ਇਹ ਪੜ੍ਹ ਲਿਆ ਹੈ। ਇਸ ਸੰਸਾਰ ਦੇ ਹੋਣ ਪਿੱਛੇ ਪਰਮਾਤਮਾ ਨਾਮ ਦੀ ਕਿਸੇ ਵੀ ਸ਼ਕਤੀ ਦਾ ਹੱਥ ਨਹੀਂ ਹੈ। ਜੋ ਵੀ ਕੁੱਝ ਸਾਨੂੰ ਦਿਖਾਈ ਦੇ ਰਿਹਾ ਹੈ, ਇਸ ਦਾ ਕੋਈ ਰਚਣਹਾਰਾ ਨਹੀਂ ਹੈ, ਬਲਕਿ ਇਹ ਸਭ ਕੁੱਝ ਆਪਣੇ ਆਪ ਤੋਂ ਆਪੇ ਪੈਦਾ ਹੋਈ ਜਾ ਰਿਹਾ ਹੈ। ਇਸੇ ਕਾਰਨ ਨਾਸਤਿਕ ਮਨੁੱਖ ਪਰਮਾਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦਾ। ਅੱਜ ਜਿੰਨੇ ਵੀ ਮਨੁੱਖ ਨਾਸਤਿਕਵਾਦ ਦੀ ਪਾਲਨਾ ਕਰ ਰਹੇ ਹਨ, ਉਨ੍ਹਾਂ ਦੇ ਕੋਲ ਕਿਤਾਬੀ ਜਾਣਕਾਰੀ ਤੋਂ ਇਲਾਵਾ ਆਪਣਾ ਕੋਈ ਨਿੱਜੀ ਅਨੁਭਵ ਨਹੀਂ ਹੈ। ਉਨ੍ਹਾਂ ਦਾ ਨਿਰਣਾ ਕਿਸੇ ਹੋਰ ਦੀ ਲਿਖਤ ਉੱਪਰ ਖਲੋਤਾ ਹੈ।

ਦੂਜੀ ਸ਼੍ਰੇਣੀ ਵਿਚ ਧਾਰਮਿਕ ਕੱਟੜ ਮਨੁੱਖ ਆਉਂਦੇ ਹਨ ਜਿਨ੍ਹਾਂ ਦੀ ਸਥਿਤੀ ਵੀ ਲਗਭਗ ਨਾਸਤਿਕ ਮਨੁੱਖ ਦੇ ਵਾਂਗੂੰ ਹੀ ਹੈ। ਇਸ ਸ਼੍ਰੇਣੀ ਵਿਚ ਆਉਣ ਵਾਲੇ ਮਨੁੱਖ ਪਰਮਾਤਮਾ ਦੀ ਹੋਂਦ ਨੂੰ ਇਸ ਲਈ ਸਵੀਕਾਰ ਕਰ ਲੈਂਦੇ ਹਨ, ਕਿਉਂਕਿ ਧਾਰਮਿਕ ਗ੍ਰੰਥਾਂ ਦੇ ਅੰਦਰ ਪਰਮਾਤਮਾ ਦੇ ਹੋਣ ਬਾਰੇ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਮਨੁੱਖਾਂ ਦੇ ਕੋਲ ਵੀ ਆਪਣਾ ਕੋਈ ਨਿੱਜੀ ਅਨੁਭਵ ਨਹੀਂ ਹੈ। ਇਨ੍ਹਾਂ ਦਾ ਸਾਰਾ ਵਿਸ਼ਵਾਸ ਵੀ ਕਿਸੇ ਹੋਰ ਦੀ ਲਿਖਤ ਉੱਪਰ ਖਲੋਤਾ ਹੈ। ਜੋ ਵੀ ਮਨੁੱਖ ਆਪ ਖੋਜ ਪੜਤਾਲ ਨਹੀਂ ਕਰਦਾ ਅਤੇ ਕਿਸੇ ਹੋਰ ਦੇ ਕਹਿਣ ਉੱਪਰ ਪਰਮਾਤਮਾ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ ਜਾਂ ਉਸ ਦੀ ਹੋਂਦ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ; ਇਨ੍ਹਾਂ ਦੋਨਾਂ ਸ਼੍ਰੇਣੀਆਂ ਵਿਚ ਆਉਣ ਵਾਲੇ ਮਨੁੱਖਾਂ ਦੇ ਲਈ ਆਤਮ ਗਿਆਨ ਦੀ ਅਵਸਥਾ ਨੂੰ ਪ੍ਰਾਪਤ ਕਰਨਾ ਕਾਫ਼ੀ ਮੁਸ਼ਕਲ ਹੈ। ਤੁਸੀਂ ਆਪ ਖ਼ੁਦ ਇਸ ਵਿਸ਼ੇ ਦੇ ਗਹਿਰੇ ਤਲਾਂ ਵਿਚ ਪਰਵੇਸ਼ ਕਰਨ ਤੋਂ ਬਾਅਦ ਹੀ ਕੋਈ ਨਿਰਣਾ ਲੈਣਾ ਹੈ। ਜੇਕਰ ਕੋਈ ਮਨੁੱਖ ਇਸ ਤਰ੍ਹਾਂ ਦਾ ਫ਼ੈਸਲਾ ਕਰ ਰਿਹਾ ਹੈ, ਮੈਂ ਜੋ ਵੀ ਖੋਜ ਕਰ ਲਈ ਹੈ ਕੇਵਲ ਇਹੋ ਸਹੀ ਅਤੇ ਸੱਚ ਹੈ, ਇਸ ਤੋਂ ਅੱਗੇ ਹੋਰ ਕੁੱਝ ਵੀ ਨਹੀਂ ਹੈ; ਇਹ ਇੱਕ ਭਰਮ ਹੈ। ਇੱਕ ਸਾਧਾਰਨ ਰੇਤਾ ਦੇ ਕਣ ਵਰਗਾ ਸਾਰੇ ਬ੍ਰਹਿਮੰਡ ਦੇ ਅੰਦਰ ਦੂਜਾ ਰੇਤਾ ਦਾ ਕਣ ਨਹੀਂ ਹੈ। ਸਾਰਾ ਬ੍ਰਹਮ ਇੱਕ ਗੱਡੇ ਦੀਆਂ ਪਰਤਾਂ ਦੇ ਵਾਂਗੂੰ ਅੱਗੇ ਹੋਰ ਅੱਗੇ ਹੋਰ ਤੁਸੀਂ ਇਸ ਦੀਆਂ ਜਿੰਨੀਆਂ ਵੀ ਪਰਤਾਂ ਉਤਾਰੀ ਜਾਵੋਗੇ ਇਸ ਦਾ ਅੰਤ ਨਹੀਂ ਆਵੇਗਾ, ਅਨੰਤ ਯਾਤਰਾ ਹੈ। ਪਰਮ ਜੀਵਨ ਦੇ ਵੱਲ ਨੂੰ ਜੋ ਰਸਤਾ ਜਾਂਦਾ ਹੈ, ਉਸ ਰਸਤੇ ਦੇ ਵਿਚਕਾਰ ਇੱਕ ਦਰਵਾਜ਼ਾ ਆਵੇਗਾ, ਜਿਸ ਨੂੰ ਖੋਲ੍ਹਣ ਲਈ ਖੋਜ ਅਤੇ ਅਨੁਭਵ ਰੂਪੀ ਦੋ ਚਾਬੀਆਂ ਦੀ ਜ਼ਰੂਰਤ ਪੈਂਦੀ ਹੈ। ਜੋ ਵੀ ਮਨੁੱਖ ਇਨ੍ਹਾਂ ਚਾਬੀਆਂ ਦੀ ਵਰਤੋਂ ਕਰੇਗਾ, ਉਸ ਤੋਂ ਬਾਅਦ ਹੀ ਕੋਈ ਗੱਲ ਬਣ ਸਕਦੀ ਹੈ। ਆਤਮ ਗਿਆਨ ਨੂੰ ਪ੍ਰਾਪਤ ਕਰਨ ਦੀ ਸਾਰੀ ਸਾਧਨਾ ਪੂਰਨ ਤੌਰ 'ਤੇ ਅਨੁਭਵਾਂ ਦੇ ਸਹਾਰੇ ਖਲੋਤੀ ਹੈ। ਪਰ ਸਦੀਆਂ ਤੋਂ ਧਰਮ ਦੇ ਠੇਕੇਦਾਰ ਧਾਰਮਿਕ ਮਨੁੱਖ ਨੂੰ ਕਰਮ-ਕਾਂਡ ਕਰਨ ਵਾਸਤੇ ਪ੍ਰੇਰਿਤ ਕਰਦੇ ਆ ਰਹੇ ਹਨ। ਜੇਕਰ ਇਨ੍ਹਾਂ ਦੁਆਰਾ ਦਿਖਾਇਆ ਜਾ ਰਿਹਾ ਰਸਤਾ ਸਹੀ ਹੈ ਤਾਂ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਕਿਉਂ ਨਹੀਂ ਹੋ ਰਹੀ। ਧਾਰਮਿਕ ਮਨੁੱਖ ਜੀਵਨ ਭਰ ਔਗੁਣਾਂ ਰੂਪੀ ਟਾਹਣੀਆਂ ਨੂੰ ਕੱਟਦਾ ਹੋਇਆ ਆਪਣਾ ਸਾਰਾ ਜੀਵਨ ਬਤੀਤ ਕਰ ਦੇਂਦਾ ਹੈ। ਇਸ ਤਰ੍ਹਾਂ ਕਰਨ ਨਾਲ ਆਤਮਾ ਰੂਪੀ ਦਰੱਖ਼ਤ ਨੂੰ ਕਈ ਹੋਰ ਨਵੇਂ ਔਗੁਣਾਂ ਦੀਆਂ ਟਾਹਣੀਆਂ ਨਿਕਲਦੀਆਂ ਆਉਂਦੀਆਂ ਹਨ।

ਇਸ ਕਿਤਾਬ ਵਿਚ ਦਿੱਤੀ ਜਾਣਕਾਰੀ ਤੋਂ ਇੱਕ ਤਾਂ ਉਹ ਵਿਅਕਤੀ ਲਾਭ ਪ੍ਰਾਪਤ ਕਰ ਸਕਦੇ ਹਨ ਜੋ ਸਾਧਨਾ ਕਰ ਰਹੇ ਹਨ। ਪਰ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਹੀਂ ਲੱਗ ਰਿਹਾ ਕਿ ਉਨ੍ਹਾਂ ਨੇ ਕਿੰਨਾ ਕੁ ਸਫ਼ਰ ਤਹਿ ਕਰ ਲਿਆ ਹੈ ਅਤੇ ਕਿੰਨਾ ਕੁ ਸਫ਼ਰ ਤਹਿ ਕਰਨਾ ਅਜੇ ਬਾਕੀ ਹੈ, ਦੂਸਰੇ ਉਹ ਵਿਅਕਤੀ ਵੀ ਲਾਭ ਪ੍ਰਾਪਤ ਕਰ ਸਕਦੇ ਹਨ ਜਿਨ੍ਹਾਂ ਦੇ ਮਨ ਅੰਦਰ ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਤੀਬਰ ਇੱਛਾ ਤਾਂ ਹੈ, ਪਰ ਸਾਧਨਾ ਕਿਸ ਤਰ੍ਹਾਂ ਸ਼ੁਰੂ ਕਰਨੀ ਹੈ, ਇਸ ਦੀ ਸਹੀ ਜਾਣਕਾਰੀ ਨਾ ਹੋਣ ਕਾਰਨ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ 'ਤੇ ਭਟਕੀ ਜਾ

ਰਹੇ ਹਨ। ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਲੀ ਸਾਧਨਾ ਕੋਈ ਵੀ ਮਨੁੱਖ ਸ਼ੁਰੂ ਕਰ ਸਕਦਾ ਹੈ ਪਰ ਮੰਜ਼ਲ 'ਤੇ ਕੇਵਲ ਉਹੀ ਪਹੁੰਚੇਗਾ ਜੋ ਇੱਕ ਕੀੜੀ ਦੇ ਵਾਂਗੂੰ ਲਗਾਤਾਰ ਚੱਲਦਾ ਹੀ ਜਾਵੇਗਾ। ਆਤਮ ਗਿਆਨ ਵਾਲੀ ਮੰਜ਼ਲ 'ਤੇ ਹੌਲੀ ਚੱਲਣ ਵਾਲਾ ਮਨੁੱਖ ਪਹਿਲਾਂ ਪਹੁੰਚ ਜਾਂਦਾ ਹੈ। ਦੂਜੀ ਤਰਫ਼ ਜਲਦੀ ਕਰਨ ਵਾਲੇ ਮਨੁੱਖ ਨੂੰ ਮੰਜ਼ਲ 'ਤੇ ਪਹੁੰਚਣ ਲਈ ਜ਼ਿਆਦਾ ਸਮਾਂ ਲੱਗ ਜਾਵੇਗਾ।

ਧਾਰਮਿਕ ਯਾਤਰਾ ਦਾ ਨਿਯਮ ਬਾਹਰੀ ਸੰਸਾਰੀ ਯਾਤਰਾ ਦੇ ਨਿਯਮਾਂ ਤੋਂ ਬਿਲਕੁਲ ਉਲਟ ਹੈ। ਜੇਕਰ ਸੰਸਾਰੀ ਯਾਤਰਾ ਕਰਨੀ ਹੋਵੇ ਤਾਂ ਜਲਦੀ ਚੱਲਣ ਵਾਲਾ ਮਨੁੱਖ ਮੰਜ਼ਲ 'ਤੇ ਪਹਿਲਾਂ ਪਹੁੰਚ ਸਕਦਾ ਹੈ, ਪਰ ਅਧਿਆਤਮਿਕ ਜਗਤ ਦਾ ਸਿਧਾਂਤ ਆਪਣਾ ਹੀ ਹੈ। ਇਸ ਦਿਸ਼ਾ ਵੱਲ ਹੌਲੀ ਚੱਲਣ ਵਾਲਾ ਮਨੁੱਖ ਮੰਜ਼ਲ 'ਤੇ ਪਹਿਲਾਂ ਪਹੁੰਚ ਜਾਂਦਾ ਹੈ। ਜਿਸ ਮਨੁੱਖ ਦੇ ਪ੍ਰਾਣਾਂ ਅੰਦਰ ਇੱਕ ਪਰਵਾਨੇ ਵਾਂਗੂੰ ਫ਼ਨਾਹ ਹੋਣ ਦੀ ਹਿੰਮਤ ਹੈ, ਜੋ ਪਰਮਾਤਮਾ ਦੇ ਸਾਹਮਣੇ ਖਲੋਣ ਦੀ ਹਿੰਮਤ ਰੱਖਦਾ ਹੈ, ਜੋ ਮਨੁੱਖ ਆਪਣੀ ਪੂਰੀ ਸ਼ਕਤੀ ਨੂੰ ਇਸ ਦਿਸ਼ਾ ਵੱਲ ਨੂੰ ਲਗਾਉਣ ਲਈ ਤਿਆਰ ਹੋ ਚੁੱਕਾ ਹੈ, ਕੇਵਲ ਇਹੀ ਮਨੁੱਖ ਅਗਿਆਤ ਦੇ ਗਹਿਰੇ ਤਲਾਂ ਵਿਚ ਪਰਵੇਸ਼ ਕਰ ਸਕਦਾ ਹੈ। ਇਸ ਕਿਤਾਬ ਦੇ ਰਾਹੀਂ ਤੁਹਾਡੇ ਨਾਲ ਉਸ ਗੁਪਤ ਬ੍ਰਹਮ ਵਿੱਦਿਆ ਨੂੰ ਸਾਂਝਾ ਕੀਤਾ ਜਾ ਰਿਹਾ ਹੈ, ਜਿਸ ਦੇ ਅਨੁਸਾਰ ਸਾਧਨਾ ਕਰਨ ਨਾਲ ਆਤਮਾ ਗਿਆਨ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਸਹੀ ਤਰੀਕੇ ਨਾਲ ਸਾਧਨਾ ਕਰਨ ਦੇ ਬਾਵਜੂਦ ਵੀ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਨਾ ਹੋਵੇ, ਇਸ ਤਰ੍ਹਾਂ ਕਦੇ ਨਹੀਂ ਹੋਇਆ। ਮਿਹਨਤ ਕਰਨ ਵਿਚ ਅਤੇ ਸਹੀ ਤਰੀਕੇ ਨਾਲ ਮਿਹਨਤ ਕਰਨ ਵਿਚ ਬਹੁਤ ਅੰਤਰ ਹੈ। ਸਾਧਨਾ ਕਰਨ ਵਿਚ ਅਤੇ ਸਹੀ ਤਰੀਕੇ ਨਾਲ ਸਾਧਨਾ ਕਰਨ ਵਿਚ ਸਾਰੀ ਘੁੰਡੀ ਹੈ। ਜਿੰਨਾ ਚਿਰ ਤੱਕ ਦਾਸ ਜ਼ਿੰਦਾ ਹੈ ਤੁਸੀਂ ਲੋੜ ਪੈਣ 'ਤੇ ਮੇਰੀ ਵੀ ਮਦਦ ਲੈ ਸਕਦੇ ਹੋ, ਜਦੋਂ ਵੀ ਕਦੇ ਤੁਹਾਨੂੰ ਜ਼ਰੂਰਤ ਮਹਿਸੂਸ ਹੋਵੇ। ਜੇਕਰ ਕਿਸੇ ਕਾਰਨ ਦਾਸ ਨੂੰ ਉਮਰ ਤੋਂ ਪਹਿਲਾਂ ਸੰਸਾਰ ਤੋਂ ਜਾਣਾ ਵੀ ਪੈਂਦਾ ਹੈ ਤਾਂ ਵੀ ਤੁਸੀਂ ਕਿਤਾਬ ਵਿਚ ਦੱਸੇ ਗਏ ਤਰੀਕੇ ਅਨੁਸਾਰ ਧਿਆਨ ਸਿਮਰਨ ਕਰਦੇ ਹੀ ਜਾਣਾ ਹੈ। ਇੱਕ ਨਾ ਇੱਕ ਦਿਨ ਤੁਹਾਨੂੰ ਆਤਮਾ ਗਿਆਨ ਦੀ ਪ੍ਰਾਪਤੀ ਜ਼ਰੂਰ ਹੋ ਜਾਵੇਗੀ। ਤੁਸੀਂ ਉਸ ਪਰਮ ਅਨੰਦ ਅਤੇ ਸ਼ਾਂਤੀ ਨੂੰ ਆਪ ਖ਼ੁਦ ਅਨੁਭਵ ਕਰ ਲਵੋਗੇ, ਜਿਸ ਨੂੰ ਪ੍ਰਾਪਤ ਕਰਨ ਤੋਂ ਬਾਅਦ ਮਨੁੱਖ ਨੂੰ ਅਗਿਆਨ, ਚਿੰਤਾ ਅਤੇ ਪਰੇਸ਼ਾਨੀਆਂ ਤੋਂ ਹਮੇਸ਼ਾ ਦੇ ਲਈ ਮੁਕਤੀ ਮਿਲ ਜਾਂਦੀ ਹੈ। ਜਿਸ ਜੀਵਨ ਦਾ ਜ਼ਿਕਰ ਸਾਰੇ ਧਾਰਮਿਕ ਗ੍ਰੰਥਾਂ ਦੇ ਵਿਚ ਕੀਤਾ ਗਿਆ ਹੈ, ਹਰ ਇੱਕ ਮਨੁੱਖ ਦੇ ਸਰੀਰ ਅੰਦਰ ਸ਼ਕਤੀਆਂ ਸੁੱਤੀ ਅਵਸਥਾ ਵਿਚ ਮੌਜੂਦ ਹਨ, ਜਿਨ੍ਹਾਂ ਦੀ ਮਦਦ ਨਾਲ ਹੀ ਸੁਰਤੀ ਪਾਰਬ੍ਰਹਮ ਰੂਪੀ ਸਹਿਜ ਮੰਡਲ ਤੱਕ ਪਹੁੰਚ ਸਕਦੀ ਹੈ। ਜਦੋਂ ਕੋਈ ਵੀ ਸਾਧਕ ਧਿਆਨ ਸਿਮਰਨ ਦੀ ਸਾਧਨਾ ਸ਼ੁਰੂ ਕਰਦਾ ਹੈ ਤਾਂ ਉਸ ਦੇ ਮਨ ਅੰਦਰ ਸਾਧਨਾ ਨਾਲ ਜੁੜੇ ਕਈ ਸਵਾਲ ਪੈਦਾ ਹੋ ਜਾਂਦੇ ਹਨ। ਜੇਕਰ ਉਨ੍ਹਾਂ ਸਵਾਲਾਂ ਦੇ ਜਵਾਬ ਨਾਲੋ-ਨਾਲ ਮਿਲਦੇ ਜਾਣ ਤਾਂ ਅਧਿਆਤਮਿਕ ਯਾਤਰਾ ਕਰਨ ਵਿਚ ਸਾਧਕ ਨੂੰ ਬਹੁਤ ਜ਼ਿਆਦਾ ਆਸਾਨੀ ਹੋ ਜਾਂਦੀ ਹੈ। ਵੈਸੇ ਹਰ ਇੱਕ ਮਨੁੱਖ ਨੂੰ ਆਪਣੇ ਸਵਾਲਾਂ ਦੇ ਜਵਾਬ ਆਪ ਹੀ ਲੱਭਣੇ ਪੈਂਦੇ

ਹਨ। ਕਿਸੇ ਹੋਰ ਦੇ ਉਧਾਰੇ ਜਵਾਬਾਂ ਦੇ ਨਾਲ ਮਨ ਅਤੇ ਆਤਮਾ ਦੀ ਤ੍ਰਿਪਤੀ ਨਹੀਂ ਹੋ ਸਕਦੀ। ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਆਪਣੀ ਖੋਜ ਅਤੇ ਆਪਣੇ ਅਨੁਭਵਾਂ ਦੁਆਰਾ ਹੀ ਹੋ ਸਕਦੀ ਹੈ। ਆਤਮ ਗਿਆਨ ਦੀ ਪ੍ਰਾਪਤੀ ਨਾ ਤਾਂ ਧਾਰਮਿਕ ਗ੍ਰੰਥਾਂ ਦੇ ਰਟਨ ਕਰਨ ਨਾਲ ਹੋ ਸਕਦੀ ਹੈ ਅਤੇ ਨਾ ਹੀ ਕਿਸੇ ਮਨੁੱਖ ਨੂੰ ਸੁਣਨ ਨਾਲ ਹੋ ਸਕਦੀ ਹੈ, ਨਾ ਹੀ ਕਿਸੇ ਮਨੁੱਖ ਨੂੰ ਆਪਣਾ ਗੁਰੂ ਧਾਰਨ ਨਾਲ ਹੋ ਸਕਦੀ ਹੈ, ਨਾ ਹੀ ਤੀਰਥਾਂ ਉੱਪਰ ਜਾਣ ਜਾਂ ਤੀਰਥਾਂ ਉੱਪਰ ਇਸ਼ਨਾਨ ਕਰਨ ਨਾਲ ਹੋ ਸਕਦੀ ਹੈ। ਪਰ ਆਮ ਤੌਰ ’ਤੇ ਇਨ੍ਹਾਂ ਸਾਰੀਆਂ ਕਿਰਿਆਵਾਂ ਨੂੰ ਕਰਨ ਦਾ ਪ੍ਰਚਾਰ ਹਰ ਜਗ੍ਹਾ ਕੀਤਾ ਜਾਂਦਾ ਹੈ। ਧਾਰਮਿਕ ਗ੍ਰੰਥਾਂ ਦੇ ਰਟਨ ਕਰਨੇ ਹਨ ਅਤੇ ਗੁਰੂ ਨੂੰ ਧਾਰਨ ਕਰਨਾ ਬਹੁਤ ਜ਼ਰੂਰੀ ਹੈ। ਤੁਸੀਂ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਇੱਕ ਸਵਾਲ ਆਪਣੇ ਆਪ ਤੋਂ ਜ਼ਰੂਰ ਕਰਨਾ। ਅੱਜ ਤੱਕ ਤੁਹਾਨੂੰ ਕੋਈ ਮਨੁੱਖ ਐਸਾ ਮਿਲਿਆ ਹੈ, ਜਿਸ ਨੂੰ ਇਹ ਸਾਰੀਆਂ ਕਿਰਿਆਵਾਂ ਕਰਨ ਨਾਲ ਆਤਮ ਗਿਆਨ ਦੀ ਪ੍ਰਾਪਤੀ ਹੋ ਗਈ ਹੋਵੇ ? ਕੋਈ ਮਨੁੱਖ ਤੁਹਾਨੂੰ ਐਸਾ ਮਿਲਿਆ ਹੈ ਜਿਸ ਨੇ ਦੇਹਧਾਰੀ ਗੁਰੂ ਦੇ ਦੁਆਰਾ ਦੱਸੇ ਗਏ ਤਰੀਕੇ ਅਨੁਸਾਰ ਸਾਧਨਾ ਕਰਨ ਦੇ ਨਾਲ ਨਿਰ-ਵਿਚਾਰ ਅਵਸਥਾ ਨੂੰ ਪ੍ਰਾਪਤ ਕਰ ਲਿਆ ਹੋਵੇ।

ਜਿਸ ਮਨੁੱਖ ਨੇ ਨਕਲੀ ਹੀਰੇ ਦੀ ਪ੍ਰਾਪਤੀ ਨੂੰ ਅਸਲੀ ਹੀਰੇ ਦੀ ਪ੍ਰਾਪਤੀ ਸਮਝ ਲਿਆ ਹੈ ਅਤੇ ਆਪਣੀ ਅੱਗੇ ਦੀ ਖੋਜ ਨੂੰ ਬੰਦ ਕਰ ਦਿੱਤਾ ਹੈ, ਇਸ ਤਰ੍ਹਾਂ ਦੀ ਸੋਚ ਵਾਲੇ ਮਨੁੱਖ ਦੇ ਲਈ ਅਸਲੀ ਹੀਰੇ ਨੂੰ ਪ੍ਰਾਪਤ ਕਰ ਪਾਉਣਾ ਬਹੁਤ ਮੁਸ਼ਕਲ ਹੈ। ਸਾਧਾਰਨ ਮਨੁੱਖ ਨੂੰ ਨਕਲੀ ਹੀਰੇ ਅਤੇ ਅਸਲੀ ਹੀਰੇ ਦੇ ਵਿਚਕਾਰ ਜੋ ਅੰਤਰ ਹੈ ਉਸ ਦਾ ਪਤਾ ਨਹੀਂ ਹੁੰਦਾ। ਕਿਉਂਕਿ ਨਕਲੀ ਹੀਰਾ ਵੀ ਬਿਲਕੁਲ ਅਸਲੀ ਹੀਰੇ ਦੇ ਵਾਂਗੂੰ ਚਮਕਦਾਰ ਦਿਖਾਈ ਦੇਂਦਾ ਹੈ। ਮਨੁੱਖ ਦੇ ਕੋਲ ਅਸਲੀ ਹੀਰਾ ਹੈ ਜਾਂ ਨਕਲੀ ਹੀਰਾ, ਇਸ ਗੱਲ ਦਾ ਪਤਾ ਤਾਂ ਉਦੋਂ ਹੀ ਲੱਗ ਸਕਦਾ ਹੈ, ਜਦੋਂ ਕੋਈ ਮਨੁੱਖ ਆਪਣੇ ਵਾਲੇ ਹੀਰੇ ਨੂੰ ਕਿਸੇ ਹੀਰਿਆਂ ਦੇ ਵਪਾਰੀ ਕੋਲ ਵੇਚਣ ਵਾਸਤੇ ਲੈ ਕੇ ਜਾਵੇਗਾ।

ਉਸ ਹੀਰੇ ਦੇ ਮਾਲਕ ’ਤੇ ਕੀ ਬੀਤੇਗੀ, ਜਦੋਂ ਉਸ ਨੂੰ ਇਸ ਗੱਲ ਦਾ ਪਤਾ ਲੱਗੇਗਾ ਕਿ ਉਸ ਦੇ ਕੋਲ ਜੋ ਹੀਰਾ ਹੈ ਉਹ ਨਕਲੀ ਹੈ। ਜਿਸ ਨੂੰ ਇਸ ਮਨੁੱਖ ਨੇ ਜੀਵਨ ਭਰ ਸਾਂਭ ਸਾਂਭ ਕੇ ਰੱਖਿਆ ਸੀ, ਤੁਸੀਂ ਆਪ ਸੋਚ ਵਿਚਾਰ ਕਰ ਸਕਦੇ ਹੋ। ਅੱਜ ਆਪਾਂ ਸਾਰਿਆਂ ਨੇ ਇਸ ਗੱਲ ਦੀ ਚੰਗੀ ਤਰ੍ਹਾਂ ਪੁਸ਼ਟੀ ਕਰ ਲੈਣੀ ਹੈ ਕਿ ਜੋ ਹੀਰਾ ਸਾਡੇ ਕੋਲ ਹੈ, ਕੀ ਉਹ ਅਸਲੀ ਹੈ ਜਾਂ ਨਕਲੀ। ਇਸ ਸਮੇਂ ਜ਼ਿਆਦਾਤਰ ਲੋਕਾਂ ਦੇ ਕੋਲ ਨਕਲੀ ਹੀਰੇ ਹੀ ਹਨ ਪਰ ਝੂਠੇ ਪ੍ਰਚਾਰ ਦੇ ਰਾਹੀਂ ਇਹ ਭਰਮ ਪਾ ਦਿੱਤਾ ਜਾਂਦਾ ਹੈ ਕਿ ਤੁਹਾਡੇ ਵਾਲਾ ਹੀਰਾ ਅਸਲੀ ਹੈ। ਬਿਲਕੁਲ ਸਿੱਧੀ ਜਿਹੀ ਗੱਲ ਹੈ ਜੇਕਰ ਮਨੁੱਖ ਦੇ ਕੋਲ ਅਸਲੀ ਹੀਰਾ ਹੈ ਤਾਂ ਉਸ ਦੇ ਜੀਵਨ ਵਿਚ ਪਰਿਵਰਤਨ ਕਿਉਂ ਨਹੀਂ ਹੋ ਰਿਹਾ। ਹਰ ਦਿਨ ਉਸ ਨੂੰ ਇਨ੍ਹਾਂ ਪੰਜੇ ਔਗੁਣਾਂ ਦੇ ਨਾਲ ਕਿਉਂ ਲੜਨਾ ਪੈ ਰਿਹਾ ਹੈ। ਜੇਕਰ ਮਿਹਨਤ ਹੀ ਕਰਨੀ ਹੈ ਤਾਂ ਕਿਉਂ ਨਾ ਆਤਮ ਗਿਆਨ ਰੂਪੀ ਉਸ ਅਸਲੀ ਹੀਰੇ ਨੂੰ ਜਿਉਂਦੇ-ਜੀ ਪ੍ਰਾਪਤ ਕਰ ਲਿਆ ਜਾਵੇ, ਜਿਸ ਨੂੰ ਪ੍ਰਾਪਤ ਕਰਨ ਤੋਂ ਬਾਅਦ ਮਨੁੱਖ ਨੂੰ ਇਸੇ ਜਨਮ ਵਿਚ ਪਰਮ ਅਨੰਦਮਈ ਜੀਵਨ ਦੀ ਪ੍ਰਾਪਤੀ

ਹੋ ਜਾਂਦੀ ਹੈ। ਜੇਕਰ ਨਕਲੀ ਹੀਰਾ ਚਾਹੀਦਾ ਹੈ ਤਾਂ ਤੁਸੀਂ ਕਿਸੇ ਵੀ ਮਨੁੱਖ ਨੂੰ ਆਪਣਾ ਗੁਰੂ ਧਾਰਨ ਕਰ ਲਵੋ, ਉਸ ਨੇ ਤੁਹਾਨੂੰ ਨਾਮ ਦਾਨ ਦੇ ਦੇਣਾ ਹੈ ਅਤੇ ਗੱਲ ਖ਼ਤਮ ਹੋ ਜਾਵੇਗੀ। ਪਰ ਇੱਕ ਗੱਲ ਯਾਦ ਰੱਖਣਾ, ਇਸ ਨਕਲੀ ਹੀਰੇ ਦੇ ਨਾਲ ਤੁਹਾਡੇ ਜੀਵਨ ਵਿਚ ਕੋਈ ਪਰਿਵਰਤਨ ਨਹੀਂ ਆਵੇਗਾ, ਸੁਗੰਧ ਨਹੀਂ ਆਵੇਗੀ।

ਦੂਜੀ ਤਰਫ਼ ਅਸਲੀ ਹੀਰੇ ਨੂੰ ਪ੍ਰਾਪਤ ਕਰਨਾ ਆਸਾਨ ਵੀ ਨਹੀਂ ਹੈ। ਉਸ ਨੂੰ ਪ੍ਰਾਪਤ ਕਰਨ ਲਈ ਕੋਲੇ ਦੀਆਂ ਖ਼ਾਨਾਂ ਨੂੰ ਖੋਦਣਾ ਪੈਂਦਾ ਹੈ, ਜਿਸ ਦੇ ਲਈ ਮਿਹਨਤ ਕਰਨੀ ਪੈਂਦੀ ਹੈ। ਜਦਕਿ ਨਕਲੀ ਹੀਰੇ ਦੀ ਪ੍ਰਾਪਤੀ ਤਾਂ ਬਹੁਤ ਹੀ ਆਸਾਨ ਹੈ, ਤੁਸੀਂ ਕਿਸੇ ਵੀ ਮੁਨਿਆਰੀ ਦੀ ਦੁਕਾਨ ਤੋਂ ਇਸ ਨੂੰ ਖ਼ਰੀਦ ਕੇ ਲਿਆ ਸਕਦੇ ਹੋ। ਸਦੀਆਂ ਤੋਂ ਮਨੁੱਖ ਨੂੰ ਨਰਕਾਂ ਦੀਆਂ ਸਜ਼ਾਵਾਂ ਸੁਣਾ ਸੁਣਾ ਕੇ ਧਰਮ ਦੇ ਠੇਕੇਦਾਰ ਡਰਾਉਂਦੇ ਆ ਰਹੇ ਹਨ। ਇਸੇ ਡਰ ਕਾਰਨ ਮਨੁੱਖ ਕਿਸੇ ਵੀ ਭੇਡ-ਚਾਲ ਦੇ ਮਗਰ ਲੱਗ ਤੁਰਦਾ ਹੈ। ਜਦੋਂ ਮਨੁੱਖ ਕਿਸੇ ਕਾਰਨ ਇਕੱਲਾ ਰਹਿ ਜਾਂਦਾ ਹੈ ਤਾਂ ਇਸ ਨੂੰ ਅੰਦਰੋ-ਅੰਦਰੀ ਡਰ ਖਾਣ ਲੱਗਦਾ ਹੈ, ਕਿਧਰੇ ਨਰਕਾਂ ਵਿਚ ਨਾ ਜਾਣਾ ਪਵੇ। ਇਸੇ ਕਾਰਨ ਜੋ ਮਨੁੱਖ ਜੀਵਨ ਭਰ ਨਾਸਤਿਕਵਾਦ ਦਾ ਪ੍ਰਚਾਰ ਕਰਦੇ ਰਹਿੰਦੇ ਹਨ, ਮਰਨ ਸਮੇਂ ਉਹ ਸਾਰੇ ਆਸਤਿਕ ਹੋ ਜਾਂਦੇ ਹਨ। ਸਾਧਾਰਨ ਮਨੁੱਖ ਭੀੜ ਵਿਚ ਬਹੁਤ ਸੁਰੱਖਿਅਤ ਮਹਿਸੂਸ ਕਰਦਾ ਹੈ। ਮਨੁੱਖ ਨੂੰ ਜਿੱਥੇ ਵੀ ਭੀੜ ਦਿਖਾਈ ਦੇਂਦੀ ਹੈ, ਇਹ ਉੱਥੇ ਚਲਾ ਜਾਂਦਾ ਹੈ। ਇਹ ਇਸ ਗੱਲ ਦੀ ਸੋਚ-ਵਿਚਾਰ ਨਹੀਂ ਕਰਦਾ ਕਿ ਭੀੜ ਸਿਆਣਿਆਂ ਮਨੁੱਖਾਂ ਦੀ ਹੈ ਜਾਂ ਮੂਰਖਾਂ ਦੀ। ਬੱਸ ਜਿੱਥੇ ਵੀ ਇਸ ਨੂੰ ਭੀੜ ਦਿਖਾਈ ਦੇਂਦੀ ਹੈ, ਇਸ ਨੇ ਉਸ ਦੇ ਪਿੱਛੇ ਤੁਰ ਪੈਣਾ ਹੈ। ਹਰ ਇੱਕ ਮਨੁੱਖ ਅੰਦਰੋਂ ਡਰਿਆ ਹੋਇਆ ਹੈ।

ਧਾਰਮਿਕ ਮਨੁੱਖ ਦੀ ਇਸ ਗੱਲ ਵਿਚ ਕੋਈ ਰੁਚੀ ਨਹੀਂ ਹੈ, ਉਸ ਨੂੰ ਜੋ ਹੀਰਾ ਦਿੱਤਾ ਜਾ ਰਿਹਾ ਹੈ, ਕੀ ਉਹ ਅਸਲੀ ਹੈ ਜਾਂ ਨਕਲੀ ਹੈ। ਬੱਸ ਉਸ ਦੇ ਕੋਲ ਹੀਰਾ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਸੋਚ ਦਾ ਇੱਕ ਬਹੁਤ ਵੱਡਾ ਕਾਰਨ ਵੀ ਹੈ। ਮੇਰੇ ਆਂਢ-ਗਵਾਂਢ ਦੇ ਸਾਰੇ ਨਾਮ ਦਾਨ ਲੈ ਆਏ ਹਨ, ਮੈਂ ਵੀ ਇਸ ਦੌੜ ਵਿਚ ਕਿਸੇ ਤੋਂ ਪਿੱਛੇ ਨਾ ਰਹਿ ਜਾਵਾਂ। ਜੇਕਰ ਗਵਾਂਢੀ ਧਾਰਮਿਕ ਅਸਥਾਨਾਂ 'ਤੇ ਜਾ ਰਹੇ ਹਨ, ਇਸ ਨੇ ਵੀ ਉਨ੍ਹਾਂ ਦੇ ਵੱਲ ਦੇਖ ਕੇ ਅਸਥਾਨਾਂ 'ਤੇ ਜਾਣਾ ਸ਼ੁਰੂ ਕਰ ਦੇਣਾ ਹੈ। ਕਿਸੇ ਵੀ ਗੱਲ ਦੀ ਵਿਚਾਰ ਨਹੀਂ ਕੀਤੀ ਜਾ ਰਹੀ। ਸਦੀਆਂ ਤੋਂ ਮਨੁੱਖ ਆਤਮ ਗਿਆਨ ਨੂੰ ਪ੍ਰਾਪਤ ਕਰਨ ਲਈ ਕੋਸ਼ਿਸ਼ਾਂ ਕਰਦਾ ਆ ਰਿਹਾ ਹੈ। ਅੱਜ ਤੱਕ ਕੇਵਲ ਉਂਗਲਾਂ 'ਤੇ ਗਿਣੇ ਜਾਣ ਜੋਗੇ ਮਨੁੱਖਾਂ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋਈ ਹੈ, ਬਾਕੀ ਸਾਰੇ ਅਸਫਲ ਹੋ ਗਏ ਸਨ। ਪਹਿਲੀ ਗੱਲ ਆਤਮ ਗਿਆਨ ਨੂੰ ਪ੍ਰਾਪਤ ਕਰਨਾ ਕੋਈ ਭੀੜ ਦਾ ਕੰਮ ਨਹੀਂ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਹਰ ਇੱਕ ਮਨੁੱਖ ਨੂੰ ਆਪ ਇਕੱਲੇ ਗਤੀ ਕਰਨੀ ਪੈਣੀ ਹੈ। ਆਤਮ ਗਿਆਨ ਵਾਲੀ ਅਵਸਥਾ ਤੱਕ ਪਹੁੰਚਣ ਲਈ ਸੜਕਾਂ ਨਹੀਂ ਬਣੀਆਂ, ਜਿੱਥੇ ਟਰੱਕ ਜਾਂ ਟਰਾਲੀਆਂ ਭਰ ਭਰ ਕੇ ਪਹੁੰਚ ਜਾਈਏ। ਸਾਰੀ ਸਾਧਨਾ ਇੱਕ ਪਗਡੰਡੀ 'ਤੇ ਚੱਲਣ ਵਾਂਗੂੰ ਹੈ, ਜਿਸ 'ਤੇ ਮਨੁੱਖ ਨੂੰ ਇਕੱਲੇ ਹੀ ਚੱਲਣਾ ਪੈਣਾ ਹੈ। ਜਦੋਂ ਕੋਈ ਮਨੁੱਖ ਖ਼ੁਦ ਆਤਮ ਗਿਆਨ

ਨੂੰ ਪ੍ਰਾਪਤ ਕਰਨ ਲਈ ਇਸ ਯਾਤਰਾ ਦੇ ਉੱਪਰ ਨਿਕਲਦਾ ਹੈ ਤਾਂ ਉਸ ਮਨੁੱਖ ਨੂੰ ਬਹੁਤ ਥੋੜ੍ਹੇ ਮਨੁੱਖ ਇਸ ਰਸਤੇ ਦੇ ਉੱਪਰ ਚੱਲਦੇ ਹੋਏ ਮਿਲਣਗੇ। ਸੰਸਾਰ 'ਤੇ ਮਨੁੱਖ ਆਉਂਦਾ ਇਕੱਲਾ ਹੈ ਅਤੇ ਇੱਕ ਦਿਨ ਇਸ ਨੂੰ ਇਕੱਲੇ ਜਾਣਾ ਪੈਣਾ ਹੈ, ਇਹੋ ਸੱਚ ਹੈ। ਜੇਕਰ ਆਖ਼ਰ ਵਿਚ ਅਸੀਂ ਜਾਣਾ ਇਕੱਲੇ ਹੀ ਹੈ ਤਾਂ ਕਿਉਂ ਨਾ ਇਸ ਭੀੜ ਨੂੰ ਛੱਡ ਕੇ ਉਸ ਡਰ ਨੂੰ ਖ਼ੁਦ ਦੇਖ ਲਿਆ ਜਾਵੇ, ਜੋ ਇਕੱਲੇ ਹੋਣ ਤੋਂ ਬਾਅਦ ਮਨੁੱਖ ਦੇ ਅੰਦਰ ਪੈਦਾ ਹੋ ਜਾਂਦਾ ਹੈ। ਮਾਇਆ ਦਾ ਜਾਲ ਬਹੁਤ ਬਰੀਕ ਹੈ, ਮਨੁੱਖ ਨੂੰ ਪਤਾ ਹੀ ਨਹੀਂ ਚੱਲਦਾ ਇਨ੍ਹਾਂ ਰੰਗ ਤਮਾਸ਼ਿਆਂ ਵਿਚ ਜੀਵਨ ਕਦੋਂ ਬਤੀਤ ਹੋ ਗਿਆ। ਇਸ ਵਿਚਾਰੇ ਨੂੰ ਪਤਾ ਹੀ ਉਦੋਂ ਲੱਗਦਾ ਹੈ ਜਦੋਂ ਮੌਤ ਦਰਵਾਜ਼ੇ 'ਤੇ ਆ ਕੇ ਦਸਤਕ ਦੇਣ ਲੱਗ ਜਾਂਦੀ ਹੈ ਪਰ ਹੁਣ ਕੁੱਝ ਨਹੀਂ ਹੋ ਸਕਦਾ। ਕੁੱਝ ਕੀਤਾ ਤਾਂ ਜਾ ਸਕਦਾ ਸੀ ਪਰ ਉਸ ਨੂੰ ਕਰਨ ਲਈ ਸਮਾਂ ਅਤੇ ਸ਼ਕਤੀ ਦੋਨਾਂ ਦੀ ਜ਼ਰੂਰਤ ਪੈਂਦੀ ਹੈ। ਸੰਸਾਰ 'ਤੇ ਮਨੁੱਖ ਆਉਂਦਾ ਖ਼ਾਲੀ ਹੱਥ ਹੈ ਪਰ ਆਪਣੇ ਦੁਆਰਾ ਕੀਤੇ ਕਰਮਾਂ ਦੇ ਸੰਸਕਾਰ ਜ਼ਰੂਰ ਨਾਲ ਲੈ ਕੇ ਜਾਂਦਾ ਹੈ।

ਜਦੋਂ ਦੀ ਮਨੁੱਖ ਨੂੰ ਹੋਸ਼ ਆਈ ਹੈ, ਇਹ ਉਸ ਸ਼ਕਤੀ ਦੀ ਭਾਲ ਵਿਚ ਲੱਗਿਆ ਹੋਇਆ ਹੈ, ਜਿਸ ਨੇ ਬਹੁਤ ਹੀ ਰਹੱਸਮਈ ਢੰਗ ਦੇ ਨਾਲ ਸਾਰੇ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੋਈ ਹੈ। ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਸਾਧਨਾ ਤਾਂ ਅਣਗਿਣਤ ਮਨੁੱਖ ਕਰਦੇ ਹਨ ਪਰ ਉਨ੍ਹਾਂ ਦੇ ਵਿੱਚੋਂ ਕੁੱਝ ਕੁ ਮਨੁੱਖਾਂ ਨੂੰ ਹੀ ਪਰਮ ਅਨੰਦ ਨੂੰ ਪ੍ਰਾਪਤ ਕਰਨ ਵਿਚ ਸਫਲਤਾ ਮਿਲਦੀ ਹੈ। ਬਾਕੀ ਸਾਰੇ ਚੱਲੇ ਤਾਂ ਹਨ ਪਰ ਮੰਜ਼ਲ 'ਤੇ ਨਹੀਂ ਪਹੁੰਚੇ। ਇਸ ਦਾ ਕੀ ਕਾਰਨ ਸੀ। ਕੋਈ ਕਿਸੇ ਗੁਰੂ ਦੇ ਨਾਲ ਜੁੜ ਗਿਆ। ਕੋਈ ਕਿਸੇ ਦੇਵੀ ਦੇਵਤੇ ਦੇ ਨਾਲ ਜੁੜ ਗਿਆ, ਕੋਈ ਧਾਰਮਿਕ ਅਸਥਾਨਾਂ ਦੇ ਨਾਲ ਜੁੜ ਗਿਆ, ਪਰਮਾਤਮਾ ਦੇ ਵੱਲ ਤਾਂ ਕੋਈ ਗਿਆ ਹੀ ਨਹੀਂ, ਕਿਉਂਕਿ ਪਰਮਾਤਮਾ ਦੇ ਕੋਲ ਜਾਣਾ ਆਸਾਨ ਨਹੀਂ ਹੈ।

ਜਦੋਂ ਮਨੁੱਖ ਆਤਮ ਗਿਆਨ ਨੂੰ ਪ੍ਰਾਪਤ ਕਰ ਲਵੇਗਾ, ਉਸ ਮਨੁੱਖ ਨੇ ਆਪਣਾ ਬਾਕੀ ਦਾ ਜੀਵਨ ਉਸ ਪਰਮ ਰਸ ਨੂੰ ਪੀਂਦੇ ਹੋਇਆਂ ਬਤੀਤ ਕਰਨਾ ਹੈ। ਇੱਕ ਦਿਨ ਉਸ ਦੀ ਆਤਮਾ ਸਰੀਰ ਰੂਪੀ ਚੋਲੇ ਨੂੰ ਤਿਆਗਣ ਤੋਂ ਬਾਅਦ ਪਰਮ ਅਨੰਦ ਵਿਚ ਸਦਾ ਦੇ ਲਈ ਲੀਨ ਹੋ ਜਾਵੇਗੀ। ਜਿਸ ਅਨੰਦ ਨੂੰ ਉਸ ਨੇ ਜਿਉਂਦੇ-ਜੀ ਅਨੁਭਵ ਕਰ ਲਿਆ ਸੀ। ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਮਨੁੱਖ ਸਦੀਆਂ ਤੋਂ ਅੰਧੇਰੇ ਵਿਚ ਰਸਤਾ ਟਟੋਲਦਾ ਆ ਰਿਹਾ ਹੈ। ਇਹ ਗ਼ਲਤ ਜਗ੍ਹਾ ਤੋਂ ਸੱਚ ਦੀ ਖੋਜ ਕਰਦਾ ਹੋਇਆ ਆਪਣਾ ਸਾਰਾ ਜੀਵਨ ਬਤੀਤ ਕਰ ਦੇਂਦਾ ਹੈ। ਆਤਮ ਗਿਆਨ ਨੂੰ ਪ੍ਰਾਪਤ ਕਰਨ ਲਈ ਪੜ੍ਹਾਈ ਤਾਂ ਅਣਗਿਣਤ ਮਨੁੱਖਾਂ ਨੇ ਕੀਤੀ ਸੀ ਪਰ ਉਨ੍ਹਾਂ ਦੇ ਵਿੱਚੋਂ ਬਹੁਤ ਥੋੜ੍ਹੇ ਮਨੁੱਖ ਹੀ ਇਸ ਇਮਤਿਹਾਨ ਵਿੱਚੋਂ ਪਾਸ ਹੋਏ ਸਨ, ਭਾਵ ਜਿਨ੍ਹਾਂ ਦੀ ਸੁਰਤੀ ਸਹਿਜ ਅਵਸਥਾ ਵਿਚ ਸਥਿਰ ਹੋ ਗਈ ਸੀ। ਬਾਕੀ ਇਸ ਦਿਸ਼ਾ ਵੱਲ ਚੱਲੇ ਤਾਂ ਸਨ ਪਰ ਮੰਜ਼ਲ 'ਤੇ ਨਹੀਂ ਪਹੁੰਚੇ। ਇਸ ਮਹਾਂ ਅਸਫਲਤਾ ਦੇ ਲਈ ਬਹੁਤ ਸਾਰੇ ਕਾਰਨ ਜ਼ੁੰਮੇਵਾਰ ਹਨ, ਜਿਨ੍ਹਾਂ ਦੇ ਬਾਬਤ ਤੁਹਾਡੇ ਨਾਲ ਅੱਗੇ ਚੱਲ ਕੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ ਤਾਂ ਜੋ ਸਮੱਸਿਆਵਾਂ ਦੇ ਕਾਰਨਾਂ ਨੂੰ ਲੱਭਣ

ਤੋਂ ਬਾਅਦ ਉਨ੍ਹਾਂ ਦਾ ਸਹੀ ਤਰੀਕੇ ਨਾਲ ਹੱਲ ਕਰ ਲਿਆ ਜਾਵੇ। ਸਾਧਕ ਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ ਕਿ ਬ੍ਰਹਮ ਵਿੱਦਿਆ ਕੀ ਹੈ ਅਤੇ ਇਸ ਵਿੱਦਿਆ ਨੂੰ ਕਿਸ ਤਰੀਕੇ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

ਪਹਿਲੀ ਗੱਲ, ਬ੍ਰਹਮ ਵਿੱਦਿਆ ਪਰਮਾਤਮਾ ਤੋਂ ਆਉਂਦੀ ਹੈ ਅਤੇ ਇਸ ਵਿੱਦਿਆ ਨੂੰ ਪ੍ਰਾਪਤ ਕਰਨ ਲਈ ਮਨੁੱਖ ਦੇ ਮਨ, ਆਤਮਾ ਅਤੇ ਸਰੀਰ ਨੂੰ ਧਿਆਨ ਸਿਮਰਨ ਦੀ ਸਾਧਨਾ ਦੇ ਵਿੱਚੋਂ ਦੀ ਲੰਘਣਾ ਪੈਂਦਾ ਹੈ। ਨਾਮ ਕੋਈ ਸ਼ਬਦ ਨਹੀਂ ਹੈ ਜਿਸ ਨੂੰ ਇੱਕ ਮਨੁੱਖ ਦੂਜੇ ਮਨੁੱਖ ਨੂੰ ਦੇ ਦੇਵੇ। ਨਾਮ ਇੱਕ ਸ਼ਕਤੀ ਹੈ ਜੋ ਹਰ ਇੱਕ ਮਨੁੱਖ ਸਰੀਰ ਦੇ ਅੰਦਰ ਸੁੱਤੀ ਅਵਸਥਾ ਵਿਚ ਮੌਜੂਦ ਹੈ। ਜਦੋਂ ਨਾਮ ਰੂਪੀ ਸ਼ਕਤੀ ਸਰੀਰ ਅੰਦਰ ਗਤੀਮਾਨ ਹੋ ਜਾਂਦੀ ਹੈ ਤਾਂ ਮਨੁੱਖ ਦੇ ਮਸਤਕ ਅੰਦਰ ਵਿਵੇਕ ਬੁੱਧੀ ਦੇ ਦੀਪਕ ਨੇ ਪ੍ਰਕਾਸ਼ਵਾਨ ਹੋ ਜਾਣਾ ਹੈ। ਇਸ ਦੀਪਕ ਦੇ ਵਿੱਚੋਂ ਜੋ ਪ੍ਰਕਾਸ਼ ਨਿਕਲੇਗਾ, ਉਸ ਨੇ ਮਨੁੱਖ ਦੀ ਅਗਿਆਨ ਇੰਦਰੀ ਦੇ ਅਗਿਆਨ ਨੂੰ ਖ਼ਤਮ ਕਰ ਕੇ ਉਸ ਨੂੰ ਗਿਆਨ ਇੰਦਰੀ ਦੇ ਵਿਚ ਤਬਦੀਲ ਕਰ ਦੇਣਾ ਹੈ। ਚੰਗੀਆਂ ਕਿਤਾਬਾਂ ਨੂੰ ਪੜ੍ਹ ਲੈਣ ਨਾਲ ਜਾਂ ਧਾਰਮਿਕ ਗ੍ਰੰਥਾਂ ਦੇ ਰਟਨ ਕਰਨ ਨਾਲ ਜਾਂ ਕਿਸੇ ਕੋਲੋਂ ਕਥਾ ਕਹਾਣੀਆਂ ਨੂੰ ਸੁਣਨ ਦੇ ਨਾਲ ਆਤਮਾ ਦੀ ਮਲੀਨਤਾ ਦੂਰ ਨਹੀਂ ਹੋ ਸਕਦੀ। ਆਤਮ ਗਿਆਨ ਵਾਲੀ ਅਵਸਥਾ ਨੂੰ ਪ੍ਰਾਪਤ ਕਰਨ ਲਈ ਹਰ ਇੱਕ ਮਨੁੱਖ ਨੂੰ ਸਾਧਨਾ ਦੇ ਵਿੱਚੋਂ ਦੀ ਲੰਘ ਕੇ ਜਾਣਾ ਪੈਂਦਾ ਹੈ।

ਸ਼ਬਦ ਬ੍ਰਹਮ ਦਾ ਅਸਰ ਕੇਵਲ ਉਸ ਮਨੁੱਖ ਦੇ ਉੱਪਰ ਹੁੰਦਾ ਹੈ, ਜਿਸ ਮਨੁੱਖ ਦੀ ਮਨ ਰੂਪੀ ਜ਼ਮੀਨ ਤਿਆਰ ਹੋ ਚੁੱਕੀ ਹੈ। ਜਿਸ ਦੇ ਪ੍ਰਾਣਾਂ ਅੰਦਰ ਪਾਰਬ੍ਰਹਮ ਨੂੰ ਮਿਲਣ ਦੇ ਲਈ ਇੱਕ ਤੀਬਰ ਇੱਛਾ ਹੈ। ਜੋ ਇਸ ਇੰਤਜ਼ਾਰ ਵਿਚ ਬੈਠਾ ਹੋਇਆ ਹੈ ਕਿ ਉਸ ਨੂੰ ਕਿਸੇ ਜਗ੍ਹਾ ਤੋਂ ਗਿਆਨ ਰੂਪੀ ਉਹ ਬੀਜ ਮਿਲ ਜਾਵੇ, ਜਿਸ ਨੂੰ ਹਿਰਦੇ ਵਿਚ ਬੀਜਣ ਤੋਂ ਬਾਅਦ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਆਮ ਤੌਰ ’ਤੇ ਬੀਜ ਦੇ ਵਿਚ ਕੋਈ ਖ਼ਰਾਬੀ ਨਹੀਂ ਹੁੰਦੀ। ਵਧੀਆ ਤੋਂ ਵਧੀਆ ਕਿਸਮ ਦੇ ਬੀਜ ਨੂੰ ਵੀ ਜੇਕਰ ਬੰਜਰ ਜ਼ਮੀਨ ਦੇ ਵਿਚ ਬੀਜ ਦਿੱਤਾ ਜਾਵੇ ਤਾਂ ਵੀ ਉਸ ਦੇ ਅੰਦਰੋਂ ਪੌਦਾ ਪੈਦਾ ਨਹੀਂ ਹੋਵੇਗਾ। ਇਸੇ ਹੀ ਤਰ੍ਹਾਂ ਜਿਸ ਮਨੁੱਖ ਦੇ ਅੰਦਰ ਹਿਰਦੇ ਰੂਪੀ ਜ਼ਮੀਨ ਤਿਆਰ ਨਹੀਂ ਹੈ, ਉਸ ਮਨੁੱਖ ਦੀ ਕੋਈ ਵੀ ਮਦਦ ਨਹੀਂ ਕੀਤੀ ਜਾ ਸਕਦੀ।

ਮਰਨ ਤੋਂ ਬਾਅਦ ਮਿਲਣ ਵਾਲੇ ਸਵਰਗ ਦੇ ਲਾਲਚ ਵਿਚ ਨਹੀਂ ਪੈਣਾ ਚਾਹੀਦਾ, ਬਲਕਿ ਇਸੇ ਹੀ ਜੀਵਨ ਵਿਚ ਪਰਮ ਅਨੰਦ ਵਾਲੀ ਅਵਸਥਾ ਨੂੰ ਆਪ ਖ਼ੁਦ ਅਨੁਭਵ ਕਰਨ ਦੇ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿਸ ਮਨੁੱਖ ਦੇ ਅੰਦਰ ਸਾਹਸ ਹੈ ਪਰਮਾਤਮਾ ਦੇ ਸਾਹਮਣੇ ਖਲੋਣ ਲਈ, ਜੋ ਚਾਹੁੰਦਾ ਹੈ ਕਿ ਪਰਮਾਤਮਾ ਰੂਪੀ ਪਰਮ ਅਨੰਦ ਨੂੰ ਆਪ ਖ਼ੁਦ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਹੈ ਅਤੇ ਉਸ ਦੇ ਵਿਚ ਆਪਣਾ ਬਾਕੀ ਦਾ ਸਾਰਾ ਜੀਵਨ ਬਤੀਤ ਕਰਨਾ ਹੈ, ਉਸ ਤੋਂ ਬਾਅਦ ਹੀ ਇਸ ਸੰਸਾਰ ਤੋਂ ਜਾਣਾ ਹੈ।

ਇਸ ਮਨੁੱਖ ਨੂੰ ਇਸ ਗੱਲ ਦਾ ਪਤਾ ਵੀ ਹੈ ਕਿ ਸਵਾਸ ਰੂਪੀ ਪੂੰਜੀ ਬਹੁਤ

ਕੀਮਤੀ ਹੈ ਜੋ ਕਿ ਛਿਣ ਛਿਣ ਕਰਕੇ ਹੱਥਾਂ ਦੇ ਵਿੱਚੋਂ ਨਿਕਲਦੀ ਜਾ ਰਹੀ ਹੈ ਪਰ ਮੰਜ਼ਲ ਦਾ ਅਜੇ ਕੋਈ ਪਤਾ ਨਹੀਂ ਚੱਲ ਰਿਹਾ। ਇਸ ਮਨੁੱਖ ਨੇ ਬਹੁਤ ਸਾਰੀਆਂ ਕੋਸ਼ਿਸ਼ਾਂ ਵੀ ਕੀਤੀਆਂ ਹਨ ਪਰ ਕਿਧਰੋਂ ਵੀ ਇਸ ਨੂੰ ਨਾ ਤਾਂ ਉਸ ਗਿਆਨ ਦੀ ਪ੍ਰਾਪਤੀ ਹੋਈ ਹੈ, ਜਿਸ ਦੀ ਮਦਦ ਨਾਲ ਮਨੁੱਖ ਦੇ ਸਰੀਰ ਅੰਦਰ ਪ੍ਰਕਾਸ਼ ਪੈਦਾ ਹੋ ਜਾਂਦਾ ਹੈ। ਇਸ ਮਨੁੱਖ ਨੇ ਕਈ ਜਗ੍ਹਾ ਤੋਂ ਨਾਮ ਦਾਨ ਵੀ ਲਿਆ ਹੈ ਅਤੇ ਦੱਸੇ ਗਏ ਤਰੀਕੇ ਅਨੁਸਾਰ ਕਈ ਸਾਲ ਸਾਧਨਾ ਵੀ ਕੀਤੀ ਹੈ ਅਤੇ ਅਜੇ ਵੀ ਕਰੀ ਜਾ ਰਿਹਾ ਹੈ। ਪਰ ਮਨ ਅਤੇ ਆਤਮਾ ਦੇ ਉੱਪਰੋਂ ਔਗੁਣਾਂ ਦੀ ਮਲੀਨਤਾ ਦੂਰ ਹੁੰਦੀ ਹੋਈ ਦਿਖਾਈ ਨਹੀਂ ਦੇ ਰਹੀ। ਇਸ ਮਨੁੱਖ ਨੇ ਬਾਹਰੋਂ ਆਪਣੇ ਜੀਵਨ ਨੂੰ ਸਾਧ ਲਿਆ ਹੈ ਪਰ ਅਧਿਆਤਮਿਕ ਜੀਵਨ ਅੰਦਰੋਂ ਉਸੇ ਜਗ੍ਹਾ 'ਤੇ ਖਲੋਤਾ ਹੈ ਜਿੱਥੋਂ ਸ਼ੁਰੂ ਕੀਤਾ ਸੀ। ਉਸ ਅਵਸਥਾ ਦੀ ਛੋਹ ਪ੍ਰਾਪਤ ਨਹੀਂ ਹੋ ਰਹੀ, ਜਿਸ ਵਿੱਚ ਮਨੁੱਖ ਪਰਮ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ। ਸਾਧਨਾ ਕਰਨ ਦੇ ਬਾਵਜੂਦ ਵੀ ਇਸ ਮਨੁੱਖ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਔਗੁਣ ਅਜੇ ਵੀ ਉਸੇ ਤਰ੍ਹਾਂ ਮੌਜੂਦ ਹਨ। ਇਹ ਮਨੁੱਖ ਇਸ ਇੰਤਜ਼ਾਰ ਵਿਚ ਬੈਠਾ ਹੈ ਕਿ ਇਸ ਨੂੰ ਕੋਈ ਐਸਾ ਮਨੁੱਖ ਮਿਲ ਜਾਵੇ ਜੋ ਇਸ ਨੂੰ ਇਹ ਦੱਸ ਦੇਵੇ ਕਿ ਜੇਕਰ ਤੁਸੀਂ ਇਸ ਦਿਸ਼ਾ ਦੇ ਵੱਲ ਗਤੀ ਕਰਦੇ ਹੋ ਤਾਂ ਤੁਸੀਂ ਆਪਣੀ ਮੰਜ਼ਲ 'ਤੇ ਜ਼ਰੂਰ ਪਹੁੰਚ ਜਾਵੋਗੇ। ਜੋ ਵੀ ਮਨੁੱਖ ਉੱਪਰ ਦੱਸੀ ਅਵਸਥਾ ਵਿਚ ਰੁਕਿਆ ਹੋਇਆ ਹੈ, ਉਸ ਮਨੁੱਖ ਨੂੰ ਅੱਜ ਤੋਂ ਬਾਅਦ ਕਿਸੇ ਹੋਰ ਜਗ੍ਹਾ 'ਤੇ ਜਾਣ ਦੀ ਲੋੜ ਨਹੀਂ ਪਵੇਗੀ। ਜੇਕਰ ਮੀਂਹ ਅੱਜ ਪਿਆ ਹੈ ਤਾਂ ਚਿੱਕੜ ਵੀ ਅੱਜ ਹੋਣਾ ਚਾਹੀਦਾ ਹੈ। ਪਰਮਾਤਮਾ ਅਤੇ ਅੱਗ ਦੇ ਵਿਚ ਕੋਈ ਜ਼ਿਆਦਾ ਅੰਤਰ ਨਹੀਂ ਹੈ, ਜਿਸ ਤਰ੍ਹਾਂ ਅੱਗ ਦੇ ਵਿਚ ਹੱਥ ਪਾਉਂਦਿਆਂ ਸਾਰ ਹੀ ਅੱਗ ਦਾ ਸੇਕ ਹੱਥ ਨੂੰ ਲੱਗਣ ਲੱਗਦਾ ਹੈ, ਉਸੇ ਹੀ ਤਰ੍ਹਾਂ ਪਰਮਾਤਮਾ ਦੇ ਨਜ਼ਦੀਕ ਜਾਣ ਨਾਲ ਮਨੁੱਖ ਦੇ ਜੀਵਨ ਵਿਚ ਪਰਿਵਰਤਨ ਆਉਣ ਲੱਗ ਜਾਂਦੇ ਹਨ। ਇਸ ਤਰ੍ਹਾਂ ਨਹੀਂ ਹੁੰਦਾ ਕਿ ਪਰਮ ਜੀਵਨ ਦੀ ਪ੍ਰਾਪਤੀ ਮਨੁੱਖ ਨੂੰ ਅਗਲੇ ਜਨਮ ਵਿਚ ਪ੍ਰਾਪਤ ਹੁੰਦੀ ਹੋਵੇ। ਭਵਿੱਖ ਵਿਚ ਮਿਲਣ ਵਾਲੇ ਸਵਰਗ ਦੇ ਝੂਠੇ ਲਾਰੇ ਨੇ ਸਾਰੀ ਮਨੁੱਖਤਾ ਨੂੰ ਆਤਮਾ ਤੋਂ ਹੀਣਾ ਕਰ ਕੇ ਰੱਖ ਦਿੱਤਾ ਹੈ। ਅੱਜ ਧਰਮ ਡਰਪੋਕ ਅਤੇ ਕਮਜ਼ੋਰ ਮਨੁੱਖਾਂ ਦੀ ਕਿਰਿਆ ਬਣ ਕੇ ਰਹਿ ਗਿਆ ਹੈ। ਅਗਲੇ ਜਨਮ ਵਿਚ ਸੁੱਖ ਦੀ ਪ੍ਰਾਪਤੀ ਹੋਵੇਗੀ ਜਾਂ ਸਵਰਗ ਮਿਲੇਗਾ, ਇਹ ਸਾਰੀਆਂ ਬੇ-ਬੁਨਿਆਦੀ ਗੱਲਾਂ ਹਨ। ਗੁਰੂ ਨੂੰ ਧਾਰਨ ਕਰਨਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਇਸ ਮਾਰਗ 'ਤੇ ਗਤੀ ਨਹੀਂ ਹੋ ਸਕਦੀ। ਇਨ੍ਹਾਂ ਕੋਲ ਇੱਕ ਸਵਾਲ ਜ਼ਰੂਰ ਕਰੋ ਕਿ ਉਸ ਪਹਿਲੇ ਮਨੁੱਖ ਦਾ ਗੁਰੂ ਕੌਣ ਸੀ ਜਿਸ ਨੇ ਸਭ ਤੋਂ ਪਹਿਲਾਂ ਆਤਮ ਗਿਆਨ ਨੂੰ ਪ੍ਰਾਪਤ ਕੀਤਾ ਸੀ।

ਮਨੁੱਖ ਦੀ ਸੁਰਤੀ ਜਾਂ ਤਾਂ ਭਵਿੱਖ ਕਾਲ ਵਿਚ ਭਟਕ ਰਹੀ ਹੈ ਜਾਂ ਫਿਰ ਭੂਤਕਾਲ ਵਿਚ। ਇੱਕ ਕਾਲ ਉਹ ਹੈ ਜੋ ਅਜੇ ਆਇਆ ਨਹੀਂ ਅਤੇ ਦੂਜਾ ਕਾਲ ਉਹ ਹੈ ਜੋ ਆ ਕੇ ਚਲਾ ਗਿਆ ਹੈ। ਜੋ ਕਾਲ ਬੀਤ ਚੁੱਕਾ ਹੈ ਉਸ ਦੇ ਬਾਰੇ ਹੁਣ ਕੁੱਝ ਵੀ ਨਹੀਂ ਕੀਤਾ ਜਾ ਸਕਦਾ। ਜੋ ਬੀਤ ਗਿਆ ਸੋ ਬੀਤ ਗਿਆ। ਇੱਕ ਵਾਰੀ

ਪੁਲ ਦੇ ਹੇਠੋਂ ਲੰਘੇ ਪਾਣੀ ਨੂੰ ਦੋਬਾਰਾ ਉਸੇ ਪੁਲ ਦੇ ਹੇਠੋਂ ਨਹੀਂ ਲੰਘਾਇਆ ਜਾ ਸਕਦਾ। ਮਨੁੱਖ ਦਾ ਸਾਰਾ ਜੀਵਨ ਹੀ ਕੁੱਝ ਇਸੇ ਤਰ੍ਹਾਂ ਚੱਲਦਾ ਹੈ, ਇੱਕ ਵਾਰ ਕੀਤੇ ਗਏ ਕਰਮ ਨੂੰ ਬਦਲਿਆ ਨਹੀਂ ਜਾ ਸਕਦਾ। ਕਰਮ ਨੂੰ ਕਰਨ ਤੋਂ ਪਹਿਲਾਂ ਮਨੁੱਖ ਦੇ ਕੋਲ ਚੋਣ ਕਰਨ ਦੇ ਲਈ ਪੂਰੀ ਆਜ਼ਾਦੀ ਹੁੰਦੀ ਹੈ, ਕੀਤਾ ਕਰਮ ਅਮਿੱਟ ਹੈ। ਇਹੋ ਹਿਸਾਬ ਭੂਤਕਾਲ ਦਾ ਹੈ, ਉਸ ਨੂੰ ਕਿਸੇ ਵੀ ਤਰੀਕੇ ਨਾਲ ਰੀਵਰਸ ਨਹੀਂ ਕੀਤਾ ਜਾ ਸਕਦਾ।

ਇਸ ਦਿਸ਼ਾ ਦੇ ਵੱਲ ਗਤੀ ਕਰਨ ਤੋਂ ਪਹਿਲਾਂ ਕੁੱਝ ਗੱਲਾਂ ਅੱਗੇ ਲਿਖੀਆਂ ਹਨ, ਜਿਨ੍ਹਾਂ ਨੂੰ ਤੁਸੀਂ ਧਿਆਨ ਦੇ ਨਾਲ ਪੜ੍ਹ ਲੈਣਾ ਹੈ ਤਾਂ ਜੋ ਸਾਧਨਾ ਕਰਨ ਦੇ ਵਿਚ ਕੋਈ ਅੜਚਣ ਪੈਦਾ ਨਾ ਹੋਵੇ। ਜੋ ਵੀ ਮਨੁੱਖ ਸਾਧਨਾ ਸ਼ੁਰੂ ਕਰੇਗਾ, ਉਹ ਕਿਸੇ ਨਰ ਜਾਂ ਨਾਰੀ ਦੀ ਪੂਜਾ ਨਹੀਂ ਕਰ ਸਕਦਾ, ਭਾਵੇਂ ਉਹ ਜਿਉਂਦੇ ਹਨ ਜਾਂ ਸਰੀਰ ਦਾ ਤਿਆਗ ਕਰ ਚੁੱਕੇ ਹਨ। ਇਸ ਤਰ੍ਹਾਂ ਸਾਧਨਾ ਨਾ ਕਰਨ ਦਾ ਇੱਕ ਬਹੁਤ ਵੱਡਾ ਕਾਰਨ ਵੀ ਹੈ। ਜਦੋਂ ਕੋਈ ਸਾਧਕ ਆਪਣੇ ਧਿਆਨ ਨੂੰ ਆਕਾਰ ਦੇ ਵਿਚ ਇਕਾਗਰ ਕਰ ਕੇ ਨਿਰ-ਆਕਾਰ ਦੀ ਸਾਧਨਾ ਕਰਦਾ ਹੈ ਤਾਂ ਉਸ ਦੀ ਸੁਰਤੀ ਨੇ ਆਕਾਰ ਦੇ ਵਿਚ ਹੀ ਰੁਕ ਜਾਣਾ ਹੈ। ਇਸ ਤਰ੍ਹਾਂ ਸਾਧਨਾ ਕਰਨ ਦੇ ਨਾਲ ਸੁਰਤੀ ਨਿਰ-ਆਕਾਰ ਦੇ ਵੱਲ ਗਤੀ ਨਹੀਂ ਕਰੇਗੀ। ਪਰਮਾਤਮਾ ਦਾ ਨਾ ਹੀ ਰੂਪ ਹੈ, ਨਾ ਹੀ ਰੰਗ ਹੈ, ਨਾ ਹੀ ਰੇਖ ਹੈ। ਜਿੰਨਾ ਚਿਰ ਤੱਕ ਮਨੁੱਖ ਦੀ ਸੁਰਤੀ ਇਨ੍ਹਾਂ ਤਿੰਨਾਂ ਤੱਤਾਂ ਤੋਂ ਮੁਕਤ ਹੋ ਕੇ ਨਿਰ-ਆਕਾਰ ਦੇ ਵਿਚ ਪਰਵੇਸ਼ ਨਹੀਂ ਕਰ ਜਾਂਦੀ, ਓਨਾ ਚਿਰ ਤੱਕ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ, ਭਾਵੇਂ ਕਿਸੇ ਮਨੁੱਖ ਨੇ ਪਰਮਾਤਮਾ ਦੀ ਮੂਰਤੀ ਬਣਾ ਕੇ ਉਸ ਦੇ ਵਿਚ ਆਪਣੇ ਧਿਆਨ ਨੂੰ ਕਿਉਂ ਨਾ ਇਕਾਗਰ ਕੀਤਾ ਹੋਵੇ। ਇਸ ਗੱਲ ਦਾ ਫ਼ੈਸਲਾ ਮਨੁੱਖ ਨੇ ਆਪ ਖ਼ੁਦ ਕਰਨਾ ਹੈ। ਉਸ ਨੇ ਦੋਨਾਂ ਦੇ ਵਿੱਚੋਂ ਕਿਸ ਦੀ ਚੋਣ ਕਰਨੀ ਹੈ, ਆਕਾਰ ਦੀ ਜਾਂ ਨਿਰ-ਆਕਾਰ ਦੀ। ਪਾਰਬ੍ਰਹਮ ਨੂੰ ਮਿਲਣ ਦੇ ਲਈ ਕੁੱਝ ਸ਼ਰਤਾਂ ਹੁੰਦੀਆਂ ਹਨ ਜਿਨ੍ਹਾਂ ਦੇ ਬਾਰੇ ਉੱਪਰ ਵਿਸਥਾਰ ਨਾਲ ਦੱਸਿਆ ਗਿਆ ਹੈ। ਜੇਕਰ ਤੁਸੀਂ ਉੱਪਰ ਦੱਸੀਆਂ ਸ਼ਰਤਾਂ ਨੂੰ ਪੂਰਾ ਕਰਨ ਦੇ ਲਈ ਤਿਆਰ ਹੋ ਚੁੱਕੇ ਹੋ ਤਾਂ ਤੁਸੀਂ ਅੱਗੇ ਵੱਧ ਸਕਦੇ ਹੋ, ਨਹੀਂ ਤਾਂ ਇਸ ਕਿਤਾਬ ਤੁਹਾਡੀ ਜ਼ਿਆਦਾ ਮਦਦ ਨਹੀਂ ਕਰ ਸਕੇਗੀ। ਜੇਕਰ ਤੁਸੀਂ ਇਸ ਲਾਈਨ ਨੂੰ ਪੜ੍ਹ ਰਹੇ ਹੋ ਤਾਂ ਹੁਣ ਇੱਕ ਗੱਲ ਤਾਂ ਸਾਫ਼ ਹੋ ਚੁੱਕੀ ਹੈ ਕਿ ਤੁਹਾਡਾ ਇਰਾਦਾ ਪੱਕਾ ਹੈ। ਹੁਣ ਤੁਸੀਂ ਅੱਗੇ ਵੱਧ ਸਕਦੇ ਹੋ, ਤੁਹਾਨੂੰ ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਜਿਸ ਵੀ ਜਾਣਕਾਰੀ ਦੀ ਲੋੜ ਪੈਣੀ ਹੈ, ਉਹ ਸਾਰੀ ਦੀ ਸਾਰੀ ਤੁਹਾਨੂੰ ਸਮੇਂ ਸਮੇਂ ’ਤੇ ਤੁਹਾਡੀ ਬਣ ਚੁੱਕੀ ਅਵਸਥਾ ਅਨੁਸਾਰ ਇਸ ਕਿਤਾਬ ਵਿੱਚੋਂ ਮਿਲਦੀ ਰਹੇਗੀ। ਬਿਨਾਂ ਸੋਚੇ ਵਿਚਾਰੇ ਕਿਸੇ ਦੇ ਮਗਰ ਲੱਗਣ ਨਾਲ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿੰਨੀ ਭੀੜ ਅੱਜ ਸਾਨੂੰ ਡੇਰਿਆਂ ਜਾਂ ਧਾਰਮਿਕ ਅਸਥਾਨਾਂ ਦੇ ਉੱਪਰ ਦੇਖਣ ਨੂੰ ਮਿਲਦੀ ਹੈ, ਜੇਕਰ ਭੀੜ ਦੇ ਮਗਰ ਲੱਗਣ ਨਾਲ ਆਤਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਸਾਰੀ ਦੁਨੀਆਂ ਨੇ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਣਾ ਸੀ।

ਪਹਿਲਾਂ ਇਸ ਗੱਲ ਦੀ ਖੋਜ ਪੜਤਾਲ ਕਰਨੀ ਹੈ, ਅਸੀਂ ਸਾਧਨਾ ਕਿਉਂ ਕਰਨੀ ਹੈ ਅਤੇ ਇਸ ਦੇ ਬਦਲੇ ਸਾਨੂੰ ਕੀ ਮਿਲੇਗਾ। ਧਿਆਨ ਸਿਮਰਨ ਦੀ ਸਾਧਨਾ ਇਸ ਲਈ ਕਰਨੀ ਹੈ ਤਾਂ ਜੋ ਆਪਣੀ ਸੁਰਤੀ ਨੂੰ ਜਾਗ੍ਰਿਤ ਅਵਸਥਾ ਵਿਚ ਭੂਤਕਾਲ ਅਤੇ ਭਵਿੱਖਤ ਕਾਲ ਦੇ ਵਿਚਾਰਾਂ ਤੋਂ ਮੁਕਤ ਕਰ ਕੇ ਵਰਤਮਾਨ ਕਾਲ ਵਿਚ ਇਕਾਗਰ ਕਰ ਲਿਆ ਜਾਵੇ। ਕੇਵਲ ਇਹੋ ਤਰੀਕਾ ਹੈ ਆਤਮ ਗਿਆਨ ਨੂੰ ਪ੍ਰਾਪਤ ਕਰਨ ਦਾ ਇਹ ਮੂਲ ਮੰਤਰ, ਜਿਸ ਦਾ ਹਰ ਦਿਨ ਇਸਤੇਮਾਲ ਕਰਨਾ ਹੈ। ਸਾਧਨਾ ਦੇ ਵਿਚ ਜਦੋਂ ਤੁਹਾਡੀ ਸੁਰਤੀ ਵਿਚਾਰ ਤੋਂ ਮੁਕਤ ਹੋ ਜਾਵੇਗੀ ਤਾਂ ਇਸ ਨੇ ਆਪਣੇ ਆਪ ਹੀ ਵਰਤਮਾਨ ਕਾਲ ਰੂਪੀ ਬਰੀਕ ਬਿੰਦੂ ’ਤੇ ਆ ਕੇ ਠਹਿਰ ਜਾਣਾ ਹੈ। ਜਦੋਂ ਸੁਰਤੀ ਵਰਤਮਾਨ ਕਾਲ ਦੇ ਵਿਚ ਆ ਕੇ ਇਕਾਗਰ ਹੋ ਜਾਂਦੀ ਹੈ ਤਾਂ ਕਾਰਨ ਸਰੀਰ ਦੇ ਅੰਦਰੋਂ ਸੰਸਕਾਰਾਂ ਦੀ ਮੈਲ ਉਤਰਨ ਲੱਗ ਜਾਣੀ ਹੈ। ਨਿਰੰਤਰ ਸਾਧਨਾ ਕਰਦੇ ਰਹਿਣ ਨਾਲ ਕਾਰਨ ਸਰੀਰ ਦੇ ਅੰਦਰ ਇਕੱਤਰ ਹੋਈ ਸੰਸਕਾਰਾਂ ਦੀ ਮੈਲ ਪੂਰੀ ਤਰ੍ਹਾਂ ਸਮਾਪਤ ਹੋਣ ਤੋਂ ਬਾਅਦ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ। ਇੱਕ ਸਮਾਂ ਆਵੇਗਾ ਜਦੋਂ ਸੁਰਤੀ ਨੇ ਨਿਰ-ਵਿਚਾਰ ਹੋ ਕੇ ਸਹਿਜ ਅਵਸਥਾ ਵਿਚ ਸਦਾ ਦੇ ਲਈ ਠਹਿਰ ਜਾਣਾ ਹੈ। ਉਸ ਤੋਂ ਬਾਅਦ ਮਨੁੱਖ ਦੀ ਆਤਮਾ ਨੂੰ ਇਹ ਪੰਜੇ ਔਗੁਣ ਆਪਣੇ ਆਪ ਛੱਡ ਜਾਂਦੇ ਹਨ। ਇਸ ਅਵਸਥਾ ਨੂੰ ਪ੍ਰਾਪਤ ਕਰਨ ਵਾਲੇ ਮਨੁੱਖ ਦੀ ਸੁਰਤੀ ਭੂਤਕਾਲ ਅਤੇ ਭਵਿੱਖਤ ਕਾਲ ਦੇ ਵਿਚਾਰਾਂ ਤੋਂ ਪੂਰਨ ਤੌਰ ’ਤੇ ਮੁਕਤ ਹੋ ਕੇ ਵਰਤਮਾਨ ਕਾਲ ਦੇ ਵਿਚ ਸਥਿਰ ਹੋ ਜਾਵੇਗੀ। ਇਹ ਮਨੁੱਖ ਹੁਣ ਸਹਿਜ ਅਵਸਥਾ ਵਿਚ ਮੌਜੂਦ ਪਰਮ ਅਨੰਦ ਅਤੇ ਸ਼ਾਂਤੀ ਦੇ ਅਨੰਦ ਨੂੰ ਪੀਂਦੇ ਹੋਇਆਂ ਆਪਣਾ ਬਾਕੀ ਦਾ ਸਾਰਾ ਜੀਵਨ ਬਤੀਤ ਕਰੇਗਾ। ਪਰਮਾਤਮਾ ਦੇ ਵੱਲੋਂ ਮਿਲੀ ਉਮਰ ਨੂੰ ਭੋਗਣ ਤੋਂ ਬਾਅਦ ਇਸ ਮਨੁੱਖ ਦੀ ਆਤਮਾ ਨੇ ਸਰੀਰ ਦਾ ਤਿਆਗ ਕਰਨ ਤੋਂ ਬਾਅਦ ਸਦਾ ਲਈ ਪਾਰਬ੍ਰਹਮ ਦੇ ਸਹਿਜ ਤੱਤ ਵਿਚ ਸਮਾ ਜਾਣਾ ਹੈ।

ਇਸ ਯੁੱਗ ਵਿਚ ਮਨੁੱਖ ਦੇ ਕੋਲ ਰਹਿਣ ਲਈ ਚੰਗੇ ਘਰ ਹਨ, ਖਾਣ-ਪੀਣ ਦੇ ਕਈ ਚੰਗੇ ਪਦਾਰਥ ਹਨ। ਪਹਿਨਣ ਲਈ ਚੰਗੇ ਕੱਪੜੇ ਹਨ। ਐਨੀਆਂ ਸਹੂਲਤਾਂ ਹੋਣ ਦੇ ਬਾਵਜੂਦ ਵੀ ਮਨੁੱਖ ਦਾ ਮਨ ਅੰਦਰੋਂ ਬਹੁਤ ਦੁਖੀ, ਪਰੇਸ਼ਾਨ ਅਤੇ ਚਿੰਤਾ-ਗ੍ਰਸਤ ਰਹਿੰਦਾ ਹੈ। ਸਭ ਕੁੱਝ ਹੋਣ ਦੇ ਬਾਵਜੂਦ ਵੀ ਮਨੁੱਖ ਦਾ ਮਨ ਕਿਨ੍ਹਾਂ ਕਾਰਨਾਂ ਕਰ ਕੇ ਚਿੰਤਾ-ਗ੍ਰਸਤ ਹੈ। ਤੁਸੀਂ ਕਦੇ ਇਸ ਗੱਲ ਉੱਪਰ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ? ਇਨ੍ਹਾਂ ਸਾਰੀਆਂ ਪਰੇਸ਼ਾਨੀਆਂ ਦਾ ਕੇਵਲ ਇੱਕੋ ਹੀ ਕਾਰਨ ਹੈ। ਮਨੁੱਖ ਦੀ ਸੁਰਤੀ ਦਾ ਸੰਬੰਧ ਅਨੰਦਮਈ ਵਰਤਮਾਨ ਕਾਲ ਨਾਲੋਂ ਟੁੱਟਿਆ ਹੋਇਆ ਹੈ। ਸੁਰਤੀ ਜਾਂ ਤਾਂ ਭੂਤ ਕਾਲ ਦੇ ਵਿਚਾਰਾਂ ਵਿਚ ਭਟਕੀ ਜਾ ਰਹੀ ਹੈ ਜਾਂ ਇਹ ਭਵਿੱਖਤ ਕਾਲ ਦੇ ਵਿਚਾਰਾਂ ਵਿਚ ਭਟਕੀ ਜਾ ਰਹੀ ਹੈ। ਜਿੰਨਾ ਚਿਰ ਤੱਕ ਸੁਰਤੀ ਦਾ ਮੇਲ ਦੁਬਾਰਾ ਵਰਤਮਾਨ ਕਾਲ ਦੇ ਨਾਲ ਨਹੀਂ ਹੋ ਜਾਂਦਾ, ਤਦ ਤੱਕ ਮਨੁੱਖ ਦਾ ਮਨ ਚਿੰਤਾ ਅਤੇ ਪਰੇਸ਼ਾਨੀਆਂ ਤੋਂ ਮੁਕਤ ਨਹੀਂ ਹੋ ਸਕਦਾ। ਚਿੰਤਾ ਅਤੇ ਪਰੇਸ਼ਾਨੀਆਂ ਤੋਂ ਮੁਕਤ ਮਨ ਹੀ ਪਰਮ ਅਨੰਦ ਅਤੇ ਸ਼ਾਂਤੀ ਵਾਲੇ ਜੀਵਨ ਨੂੰ ਅਨੁਭਵ

ਕਰ ਸਕਦਾ ਹੈ। ਸੁਰਤੀ ਨੂੰ ਵਿਚਾਰਾਂ ਤੋਂ ਮੁਕਤ ਕਰਨ ਲਈ ਮਨੁੱਖ ਨੂੰ ਸਾਧਨਾ ਦੇ ਵਿੱਚੋਂ ਦੀ ਲੰਘਣਾ ਪੈਂਦਾ ਹੈ। ਜੇਕਰ ਇਸ ਸਾਧਨਾ ਨੂੰ ਜਵਾਨੀ ਵੇਲੇ ਸ਼ੁਰੂ ਕੀਤਾ ਜਾਵੇ ਤਾਂ ਬਹੁਤ ਘੱਟ ਸਮੇਂ ਦੇ ਅੰਦਰ ਵਿਚਾਰ-ਮੁਕਤ ਅਵਸਥਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਉਮਰ ਦੇ ਵਧਣ ਨਾਲ ਯਾਤਰਾ ਥੋੜ੍ਹੀ ਲੰਬੀ ਹੋ ਜਾਂਦੀ ਹੈ, ਪਰ ਮੰਜ਼ਲ ’ਤੇ ਜ਼ਰੂਰ ਪਹੁੰਚਿਆ ਜਾ ਸਕਦਾ ਹੈ।

ਸਾਧਨਾ ਸ਼ੁਰੂ ਕਰਨ ਦੇ ਕੁੱਝ ਦਿਨਾਂ ਬਾਅਦ ਸਾਧਕ ਨੂੰ ਸਰੀਰਕ ਅਤੇ ਮਾਨਸਿਕ ਅਨੁਭਵ ਹੋਣ ਲੱਗਦੇ ਹਨ। ਉਹ ਗੱਲ ਵੱਖਰੀ ਹੈ ਜੇਕਰ ਕਾਰਨ ਸਰੀਰ ਦੇ ਅੰਦਰ ਪਿਛਲੇ ਜਨਮਾਂ ਦੇ ਵਿਚ ਕੀਤੀ ਗਈ ਭਗਤੀ ਦੇ ਸੰਸਕਾਰ ਮੌਜੂਦਾ ਹੋਣ ਤਾਂ ਸਾਧਕ ਨੂੰ ਆਤਮ ਗਿਆਨ ਦੀ ਪ੍ਰਾਪਤੀ ਘੱਟ ਸਮੇਂ ਦੇ ਅੰਦਰ ਵੀ ਹੋ ਸਕਦੀ ਹੈ। ਵੈਸੇ ਮਨੁੱਖ ਦੇ ਉੱਪਰ ਵੀ ਨਿਰਭਰ ਕਰਦਾ ਹੈ, ਉਹ ਇਸ ਦਿਸ਼ਾ ਵੱਲ ਕਿਸ ਤਰ੍ਹਾਂ ਗਤੀ ਕਰਦਾ ਹੈ। ਤੁਸੀਂ ਸਾਧਨਾ ਕਿਸ ਤਰ੍ਹਾਂ ਕਰਨੀ ਹੈ, ਤੁਹਾਨੂੰ ਧਿਆਨ ਸਿਮਰਨ ਵਾਲੇ ਭਾਗ ਵਿਚ ਦੱਸਿਆ ਜਾਵੇਗਾ ਤਾਂ ਜੋ ਘੱਟ ਤੋਂ ਘੱਟ ਸਮੇਂ ਅੰਦਰ ਇਸ ਦਿਸ਼ਾ ਵੱਲ ਜ਼ਿਆਦਾ ਤੋਂ ਜ਼ਿਆਦਾ ਗਤੀ ਕੀਤੀ ਜਾ ਸਕੇ। ਇਸ ਕਿਤਾਬ ਤੋਂ ਉਹ ਮਨੁੱਖ ਵੀ ਮਦਦ ਲੈ ਸਕਦੇ ਹਨ ਜੋ ਕਾਫ਼ੀ ਸਮੇਂ ਤੋਂ ਧਿਆਨ ਸਿਮਰਨ ਤਾਂ ਕਰ ਰਹੇ ਹਨ, ਪਰ ਉਨ੍ਹਾਂ ਨੂੰ ਆਪਣੀ ਬਣ ਚੁੱਕੀ ਅਵਸਥਾ ਬਾਰੇ ਕੁੱਝ ਪਤਾ ਨਹੀਂ ਚੱਲ ਰਿਹਾ।

ਜਦੋਂ ਸਾਧਨਾ ਕਰਨ ਵਿਚ ਮਨ ਨੂੰ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਤਾਂ ਮਨੁੱਖ ਦੇ ਮਨ ਨੂੰ ਹਰ ਦਿਨ ਸਾਧਨਾ ਕਰਨ ਵਿਚ ਕੋਈ ਅੜਚਣ ਨਹੀਂ ਆਉਂਦੀ। ਜੇਕਰ ਮਨ ਨੂੰ ਸਾਧਨਾ ਕਰਨ ਵਿਚ ਅਨੰਦ ਦੀ ਪ੍ਰਾਪਤੀ ਨਹੀਂ ਹੋ ਰਹੀ ਤਾਂ ਮਨ ਕੇਵਲ ਖ਼ਾਨਾ ਪੂਰਤੀ ਕਰਨ ਲਈ ਇਸ ਦਿਸ਼ਾ ਵੱਲ ਗਤੀ ਤਾਂ ਕਰੇਗਾ ਪਰ ਇਸ ਤਰ੍ਹਾਂ ਸਾਧਨਾ ਕਰਨ ਨਾਲ ਮਨੁੱਖ ਦੇ ਜੀਵਨ ਵਿਚ ਕੋਈ ਪਰਿਵਰਤਨ ਨਹੀਂ ਹੋਵੇਗਾ। ਅੱਜ ਸਾਡੇ ਆਲੇ-ਦੁਆਲੇ ਧਰਮ ਦਾ ਪ੍ਰਚਾਰ ਤਾਂ ਬਹੁਤ ਹੋ ਰਿਹਾ ਹੈ। ਤੁਸੀਂ ਦੇਖ ਵੀ ਸਕਦੇ ਹੋ ਕਿਸੇ ਵੀ ਤਰ੍ਹਾਂ ਲੋਕੀਂ ਗੱਡੀਆਂ ਭਰ ਭਰ ਕੇ ਇੱਧਰੋਂ-ਉਧਰੋਂ ਅਤੇ ਉਧਰੋਂ-ਇੱਧਰੋਂ ਆ ਜਾ ਰਹੇ ਹਨ। ਇੱਕ ਬਾਬੇ ਤੋਂ ਦੂਜੇ ਬਾਬੇ ਕੋਲ, ਦੂਜੇ ਤੋਂ ਤੀਜੇ ਬਾਬੇ ਕੋਲ ਤੁਰੇ ਹੀ ਜਾ ਰਹੇ ਹਨ। ਪਰ ਅਜੇ ਤੱਕ ਇਨ੍ਹਾਂ ਨੂੰ ਉਸ ਗਿਆਨ ਦੀ ਪ੍ਰਾਪਤੀ ਨਹੀਂ ਹੋਈ, ਜਿਸ ਨੂੰ ਪ੍ਰਾਪਤ ਕਰਨ ਤੋਂ ਬਾਅਦ ਮਨੁੱਖ ਦੀ ਬਾਹਰ ਦੀ ਸਾਰੀ ਗਤੀ ਰੁਕ ਜਾਂਦੀ ਹੈ ਅਤੇ ਆਪਣੇ ਅੰਦਰ ਵੱਲ ਨੂੰ ਗਤੀ ਸ਼ੁਰੂ ਹੋ ਜਾਂਦੀ ਹੈ। ਤੁਸੀਂ ਅੱਜ ਆਪਣੇ ਜੀਵਨ ਉੱਪਰ ਇੱਕ ਵਾਰ ਝਾਤ ਮਾਰ ਕੇ ਦੇਖਣਾ ਕਿ ਤੁਸੀਂ ਕਿੰਨੇ ਸਾਲਾਂ ਤੋਂ ਸਾਧਨਾ ਕਰਦੇ ਆ ਰਹੇ ਹੋ। ਕੁੱਝ ਪ੍ਰਾਪਤੀ ਹੋਈ ਹੈ ਜਾਂ ਨਹੀਂ? ਇਸ ਗੱਲ ਦਾ ਜਵਾਬ ਤੁਸੀਂ ਮੈਨੂੰ ਨਹੀਂ, ਆਪਣੇ ਆਪ ਨੂੰ ਦੇਣਾ ਹੈ। ਜੇਕਰ ਗੱਲ ਨਹੀਂ ਬਣੀ ਤਾਂ ਅਜੇ ਵੀ ਸਮਾਂ ਹੈ ਬਹੁਤ ਕੁੱਝ ਹੋ ਸਕਦਾ ਹੈ। ਜਿਸ ਦਿਸ਼ਾ ਵੱਲ ਤੁਸੀਂ ਗਤੀ ਕਰ ਰਹੇ ਸੀ, ਹੋ ਸਕਦਾ ਹੈ ਮੰਜ਼ਲ ਉਸ ਦਿਸ਼ਾ ਵੱਲ ਨਾ ਹੋਵੇ। ਜੇਕਰ ਮੰਜ਼ਲ ਉਸ ਦਿਸ਼ਾ ਵੱਲ ਹੁੰਦੀ ਤਾਂ ਤੁਹਾਨੂੰ ਰਸਤੇ ਦੇ ਉੱਪਰ ਅਨੁਭਵ ਰੂਪੀ ਮੀਲ-ਪੱਥਰ ਜ਼ਰੂਰ ਮਿਲ ਜਾਣੇ ਸਨ। ਇੱਕ ਗੱਲ ਦੀ ਖ਼ਾਸ ਕਰਕੇ ਕੋਸ਼ਿਸ਼ ਕਰਨੀ ਹੈ ਕਿ ਪਰਮਾਤਮਾ ਨੂੰ ਅਨੁਭਵ ਕਰਨ ਦੀ ਦਿਸ਼ਾ ਵੱਲ ਹੀ ਗਤੀ ਕੀਤੀ ਜਾਵੇ।

ਗ਼ਲਤ ਦਿਸ਼ਾ ਵੱਲ ਗਤੀ ਕਰਨ ਦੇ ਨਾਲ ਐਵੇਂ ਸਮਾਂ ਨਾ ਬਰਬਾਦ ਹੋਵੇ। ਜ਼ਿਆਦਾਤਰ ਭੋਲੇ ਭਾਲੇ ਲੋਕਾਂ ਨੂੰ ਇਹ ਵੀ ਪਤਾ ਨਹੀਂ ਕਿ ਉਹ ਇੱਧਰੋਂ-ਉੱਧਰ ਕਿਸ ਵਾਸਤੇ ਜਾ ਰਹੇ ਹਨ ਜਾਂ ਇਸ ਤਰ੍ਹਾਂ ਗਤੀ ਕਰਨ ਦੇ ਬਦਲੇ ਕਿਸ ਚੀਜ਼ ਦੀ ਪ੍ਰਾਪਤੀ ਹੋਵੇਗੀ ? ਜੇਕਰ ਸੰਸਾਰੀ ਪਦਾਰਥਾਂ ਨੂੰ ਪ੍ਰਾਪਤ ਕਰਨ ਲਈ ਮਨ ਦੇ ਅੰਦਰ ਕੋਈ ਇੱਛਾ ਹੈ ਤਾਂ ਬਿਨਾਂ ਇੱਧਰ ਉੱਧਰ ਗਏ, ਕੇਵਲ ਮਿਹਨਤ ਕਰਨ ਦੇ ਨਾਲ ਕਿਸੇ ਵੀ ਪਦਾਰਥ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਜਦੋਂ ਇਤਿਹਾਸ ਦੇ ਉੱਪਰ ਨਜ਼ਰ ਮਾਰੀ ਜਾਵੇ ਤਾਂ ਬਹੁਤ ਸਾਰੇ ਮਨੁੱਖ ਇਸ ਤਰ੍ਹਾਂ ਦੇ ਮਿਲ ਜਾਂਦੇ ਹਨ, ਜਿਨ੍ਹਾਂ ਨੇ ਆਤਮ ਗਿਆਨ ਰੂਪੀ ਅਨੰਦ ਨੂੰ ਪ੍ਰਾਪਤ ਕਰਨ ਲਈ ਆਪਣੇ ਰਾਜ ਭਾਗ ਤੱਕ ਦਾ ਤਿਆਗ ਕਰ ਦਿੱਤਾ ਸੀ। ਪਰ ਅੱਜ ਦਾ ਮਨੁੱਖ ਉਲਟਾ ਨਾਸਵਾਨ ਪਦਾਰਥਾਂ ਨੂੰ ਪ੍ਰਾਪਤ ਕਰਨ ਲਈ ਆਪਣੀ ਆਤਮਾ ਨੂੰ ਵੇਚ ਦੇਂਦਾ ਹੈ। ਸੰਸਾਰ ’ਤੇ ਮਨੁੱਖ ਖ਼ਾਲੀ ਹੱਥ ਆਉਂਦਾ ਹੈ ਅਤੇ ਇੱਕ ਦਿਨ ਇਸ ਨੂੰ ਖ਼ਾਲੀ ਹੱਥੀਂ ਹੀ ਜਾਣਾ ਪੈਂਦਾ ਹੈ। ਸੰਸਾਰ ਦੇ ਅੰਦਰ ਜੋ ਕੁੱਝ ਵੀ ਸਾਨੂੰ ਦਿਖਾਈ ਦੇਂਦਾ ਹੈ ਇਸ ਦੇ ਵਿੱਚੋਂ ਕੁੱਝ ਵੀ ਸਾਡੇ ਨਾਲ ਨਹੀਂ ਜਾ ਸਕਦਾ। ਇਹ ਸਭ ਕੁੱਝ ਇੱਕ ਜਾਦੂ ਦੇ ਤਮਾਸ਼ੇ ਤੋਂ ਵੱਧ ਨਹੀਂ ਹੈ। ਜਿਸ ਤਰ੍ਹਾਂ ਜਾਦੂ ਦੇ ਤਮਾਸ਼ੇ ਵਿੱਚੋਂ ਕੁੱਝ ਵੀ ਪ੍ਰਾਪਤ ਨਹੀਂ ਹੁੰਦਾ, ਇਸੇ ਹੀ ਤਰ੍ਹਾਂ ਇਸ ਮਾਇਆ ਰੂਪੀ ਸੰਸਾਰ ਵਿੱਚੋਂ ਮਨੁੱਖ ਨੂੰ ਕੁੱਝ ਵੀ ਪ੍ਰਾਪਤ ਨਹੀਂ ਹੋਵੇਗਾ ਪਰ ਸਾਧਾਰਨ ਮਨੁੱਖ ਨੂੰ ਭਰਮ ਪੈ ਜਾਂਦਾ ਹੈ। ਇਹ ਮੋਹ ਮਾਇਆ ਦੇ ਵੱਸ ਪੈ ਕੇ ਬਹੁਤ ਸਾਰੇ ਇਸ ਤਰ੍ਹਾਂ ਦੇ ਕਰਮ ਵੀ ਕਰੀ ਜਾਂਦਾ ਹੈ, ਜਿਨ੍ਹਾਂ ਦੇ ਫਲਾਂ ਨੂੰ ਭੋਗਣ ਵਾਸਤੇ ਇਸ ਨੂੰ ਦੁਬਾਰਾ ਜਨਮ ਲੈਣਾ ਪਵੇਗਾ। ਜਦੋਂ ਕੋਈ ਮਨੁੱਖ ਇਮਾਨਦਾਰੀ ਨਾਲ ਆਪਣੇ ਜੀਵਨ ਨੂੰ ਬਤੀਤ ਕਰਦਾ ਹੈ ਅਤੇ ਇਨ੍ਹਾਂ ਨਾਸਵਾਨ ਪਦਾਰਥਾਂ ਦੇ ਬਦਲੇ ਆਪਣੀ ਆਤਮਾ ਨੂੰ ਨਹੀਂ ਵੇਚੇਗਾ, ਉਸ ਮਨੁੱਖ ਦੇ ਜੀਵਨ ਅੰਦਰ ਇੱਕ ਐਸਾ ਖੇੜਾ ਆ ਜਾਣਾ ਹੈ, ਜਿਸ ਦੇ ਬਦਲੇ ਦੁਨੀਆਂ ਦੀ ਸਾਰੀ ਧਨ ਦੌਲਤ ਨੂੰ ਠੋਕਰ ਮਾਰੀ ਜਾ ਸਕਦੀ ਹੈ। ਇਸ ਗੱਲ ਦਾ ਪ੍ਰਤੱਖ ਪ੍ਰਮਾਣ ਦੇਖਣਾ ਹੋਵੇ ਤਾਂ ਇਤਿਹਾਸ ਦੇ ਉੱਪਰ ਨਜ਼ਰ ਮਾਰ ਕੇ ਦੇਖ ਲੈਣਾ। ਪਰਮ ਜੀਵਨ ਨੂੰ ਪ੍ਰਾਪਤ ਮਨੁੱਖਾਂ ਦੇ ਕੋਲ ਕੋਈ ਸੰਸਾਰਿਕ ਪਦਾਰਥ ਨਹੀਂ ਸਨ। ਇਸ ਦੇ ਬਾਵਜੂਦ ਉਨ੍ਹਾਂ ਦੇ ਜੀਵਨ ਵਿਚ ਪਰਮ ਅਨੰਦ ਅਤੇ ਸ਼ਾਂਤੀ ਦਾ ਖੇੜਾ ਸੀ। ਸੰਸਾਰ ਵਿਚ ਬੇਸ਼ੱਕ ਕਈ ਮਨੁੱਖ ਬਹੁਤ ਸਾਰੀ ਧਨ ਦੌਲਤ ਅਤੇ ਸੰਸਾਰੀ ਸ਼ਕਤੀ ਨੂੰ ਇਕੱਤਰ ਕਰ ਲੈਂਦੇ ਹਨ। ਇਸ ਦੇ ਬਾਵਜੂਦ ਵੀ ਇਨ੍ਹਾਂ ਲੋਕਾਂ ਦਾ ਜੀਵਨ ਬਿਨਾਂ ਸੁਗੰਧ ਦੇ ਫੁੱਲਾਂ ਵਾਂਗੂੰ ਬਤੀਤ ਹੋ ਜਾਵੇਗਾ। ਆਤਮਾ ਹੀ ਪਰਮ ਅਨੰਦ ਅਤੇ ਸ਼ਾਂਤੀ ਨੂੰ ਅਨੁਭਵ ਕਰਦੀ ਹੈ। ਜਿਸ ਮਨੁੱਖ ਨੇ ਇਸ ਨੂੰ ਨਾਸਵਾਨ ਪਦਾਰਥਾਂ ਦੇ ਬਦਲੇ ਵੇਚ ਦਿੱਤਾ ਹੈ, ਉਸ ਮਨੁੱਖ ਨੇ ਜਿਉਂਦੇ-ਜੀ ਮੁਰਦੇ ਵਿਚ ਪਰਿਵਰਤਨ ਹੋ ਜਾਣਾ ਹੈ। ਬੇਈਮਾਨੀ ਦੀ ਕਮਾਈ ਨਾਲ ਪ੍ਰਾਪਤ ਕੀਤੇ ਗਏ ਪਦਾਰਥਾਂ ਵਿਚ ਜੀਵਨ ਬਤੀਤ ਕਰਨ ਨਾਲੋਂ ਇਮਾਨਦਾਰੀ ਨਾਲ ਸਾਧਾਰਨ ਜੀਵਨ ਬਤੀਤ ਕਰਨਾ ਕਰੋੜਾਂ ਗੁਣਾ ਚੰਗਾ ਹੈ। ਮਨੁੱਖ ਨੂੰ ਵੱਡੇ ਅਹੁਦਿਆਂ ਨਾਲ ਜੋ ਸ਼ਕਤੀ ਮਿਲਦੀ ਹੈ ਤਾਂ ਇਸ ਨੇ ਸ਼ਕਤੀ ਦੇ ਨਸ਼ੇ ਵਿਚ ਗ਼ਾਫ਼ਲ ਹੋ ਜਾਣਾ ਹੈ। ਸ਼ਕਤੀ ਦੀ ਦੁਰ-ਵਰਤੋਂ ਕਰਨ ਨਾਲ ਇਸ ਮਨੁੱਖ ਦੀ ਆਤਮਾ ਹੌਲੀ ਹੌਲੀ ਕਰਕੇ

ਹੀਣ ਹੁੰਦੀ ਜਾਵੇਗੀ ਅਤੇ ਇੱਕ ਸਮਾਂ ਐਸਾ ਆ ਜਾਵੇਗਾ, ਜਦੋਂ ਇਹ ਮਨੁਖ ਜਿਉਂਦੇ-ਜੀ ਇੱਕ ਲਾਸ਼ ਵਿਚ ਤਬਦੀਲ ਹੋ ਜਾਵੇਗਾ। ਇਹ ਉਹ ਬਦਨਸੀਬ ਮਨੁੱਖ ਹੈ ਜਿਸ ਨੇ ਬੇਸ਼ੱਕ ਬਾਹਰ ਬਹੁਤ ਸਾਰੇ ਪਦਾਰਥ ਤਾਂ ਇਕੱਤਰ ਕਰ ਲਏ ਹਨ ਪਰ ਅੰਦਰੋਂ ਆਤਮਿਕ ਤੌਰ 'ਤੇ ਪੂਰੀ ਤਰ੍ਹਾਂ ਕੰਗਾਲ ਹੋ ਚੁੱਕਾ ਹੈ। ਇਸ ਗੱਲ ਦਾ ਪਤਾ ਇਸ ਮਨੁੱਖ ਨੂੰ ਵੀ ਹੈ। ਇਸ ਨੂੰ ਜੀਵਨ ਦੇ ਰੂਪ ਵਿਚ ਇੱਕ ਮੌਕਾ ਤਾਂ ਮਿਲਿਆ ਸੀ, ਜਿਸ ਦੇ ਬਦਲੇ ਪਰਮਾਤਮਾ ਤੱਕ ਪਹੁੰਚਿਆ ਜਾ ਸਕਦਾ ਸੀ ਪਰ ਇਸ ਨੇ ਉਸ ਅਮੋਲਕ ਚੀਜ਼ ਦੇ ਬਦਲੇ ਕੂੜੇ ਕਰਕਟ ਨੂੰ ਇਕੱਠਾ ਕਰ ਲਿਆ ਹੈ। ਇਸ ਮਨੁੱਖ ਦਾ ਹਾਲ ਉਸ ਮੁਰਦੇ ਦੇ ਵਾਂਗੂੰ ਹੈ ਜਿਸ ਦਾ ਸ਼ਿੰਗਾਰ ਬੇਸ਼ਕੀਮਤੀ ਗਹਿਣਿਆਂ ਦੇ ਨਾਲ ਕੀਤਾ ਗਿਆ ਹੋਵੇ।

ਪਰਮਾਤਮਾ ਨਾ ਤਾਂ ਕਦੇ ਆਉਂਦਾ ਹੈ ਅਤੇ ਨਾ ਹੀ ਕਦੇ ਉਹ ਜਾਂਦਾ ਹੈ। ਉਹ ਸ਼ਕਤੀ ਸਾਰੇ ਬ੍ਰਹਿਮੰਡ ਦੇ ਕਣ ਕਣ ਅੰਦਰ ਮੌਜੂਦ ਹੈ। ਸਾਡੇ ਅੰਦਰ ਵੀ ਉਹੀ ਸ਼ਕਤੀ ਹੈ ਅਤੇ ਸਾਡੇ ਬਾਹਰ ਵੀ ਉਹੀ ਸ਼ਕਤੀ ਹੈ। ਜਦੋਂ ਤੁਸੀਂ ਧਿਆਨ ਨਾਲ ਦੇਖੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਤੁਹਾਡੇ ਅੰਦਰ ਇੱਕ ਸੱਤਾ ਹੈ, ਜੋ ਤੁਹਾਡੇ ਦੁਆਰਾ ਕੀਤੇ ਜਾ ਰਹੇ ਹਰ ਇੱਕ ਕਰਮ ਨੂੰ ਬਹੁਤ ਹੀ ਧਿਆਨ ਨਾਲ ਦੇਖ ਰਹੀ ਹੈ। ਇਸ ਦੇ ਬਾਵਜੂਦ ਵੀ ਉਹ ਸਾਡੇ ਦੁਆਰਾ ਕੀਤੇ ਜਾ ਰਹੇ ਕਿਸੇ ਵੀ ਕਰਮਾਂ ਦੇ ਵਿਚ ਸ਼ਾਮਲ ਨਹੀਂ ਹੈ। ਸੱਚ ਨੂੰ ਅਨੁਭਵ ਕਰਨ ਲਈ ਕਿਸੇ ਹੋਰ ਦਾ ਸਹਾਰਾ ਲਿਆ ਕੰਮ ਨਹੀਂ ਆਉਂਦਾ। ਹਰ ਇੱਕ ਮਨੁੱਖ ਨੂੰ ਆਪਣੀ ਆਤਮਾ ਨੂੰ ਆਪ ਹੀ ਨਿਰਮਲ ਕਰਨਾ ਪੈਂਦਾ ਹੈ। ਜੇਕਰ ਕੋਈ ਵਿਚੋਲਗੀ ਦੇ ਰਾਹੀਂ ਤੁਹਾਨੂੰ ਸੱਚ ਨਾਲ ਮਿਲਾਉਣ ਦਾ ਪ੍ਰਚਾਰ ਕਰ ਰਿਹਾ ਹੈ, ਇਹ ਮਨੁੱਖ ਤੁਹਾਨੂੰ ਪਰਮਾਤਮਾ ਦੇ ਨਾਲ ਤਾਂ ਨਹੀਂ ਜੋੜ ਸਕਦਾ, ਪਰ ਹੌਲੀ ਹੌਲੀ ਕਰਕੇ ਇਸ ਨੇ ਤੁਹਾਨੂੰ ਪਰਮਾਤਮਾ ਦੇ ਨਾਲੋਂ ਤੋੜ ਕੇ ਆਪਣੇ ਨਾਲ ਜ਼ਰੂਰ ਜੋੜ ਲੈਣਾ ਹੈ। ਪਰਮਾਤਮਾ ਰੂਪੀ ਸ਼ਕਤੀ ਜੋ ਸਰਵ-ਵਿਆਪਕ ਹੈ ਉਸ ਦੇ ਅੰਦਰੋਂ ਸਭ ਕੁੱਝ ਪੈਦਾ ਹੁੰਦਾ ਹੈ ਅਤੇ ਅੰਤ ਨੂੰ ਸਭ ਕੁੱਝ ਉਸ ਦੇ ਅੰਦਰ ਹੀ ਸਮਾ ਜਾਵੇਗਾ। ਜਿਸ ਤਰ੍ਹਾਂ ਸਮੁੰਦਰ ਦੇ ਵਿੱਚੋਂ ਲਹਿਰ ਪੈਦਾ ਹੋਣ ਤੋਂ ਬਾਅਦ ਵਾਪਸ ਉਸ ਦੇ ਅੰਦਰ ਹੀ ਸਮਾ ਜਾਂਦੀ ਹੈ। ਅੱਖਾਂ ਨਾਲ ਵੱਖ ਦਿਖਾਈ ਦੇਣ ਵਾਲੀਆਂ ਲਹਿਰਾਂ ਮੂਲ ਰੂਪ ਦੇ ਵਿਚ ਸਮੁੰਦਰ ਦਾ ਹੀ ਰੂਪ ਹਨ। ਇਸੇ ਹੀ ਤਰ੍ਹਾਂ ਮਨੁੱਖ, ਧਰਤੀ, ਸੂਰਜ, ਤਾਰੇ ਅਤੇ ਹੋਰ ਸਾਰੇ ਗ੍ਰਹਿ ਇਹ ਸਾਰੇ ਦੇ ਸਾਰੇ ਪਰਮਾਤਮਾ ਰੂਪੀ ਸਮੁੰਦਰ ਦੇ ਅੰਦਰੋਂ ਹੀ ਪੈਦਾ ਹੁੰਦੇ ਹਨ। ਇੱਕ ਸਮਾਂ ਆਵੇਗਾ ਜਦੋਂ ਇਨ੍ਹਾਂ ਨੇ ਵਾਪਸ ਉਸ ਦੇ ਅੰਦਰ ਹੀ ਸਮਾ ਜਾਣਾ ਹੈ। ਮਨੁੱਖ ਦੇ ਮਸਤਕ ਅੰਦਰ ਗਗਨ ਗੁਫ਼ਾ ਹੈ ਜਿਸ ਦੇ ਅੰਦਰ ਕੇਵਲ ਸੁਰਤੀ ਹੀ ਪਰਵੇਸ਼ ਕਰ ਸਕਦੀ ਹੈ। ਸੁੱਤਾ ਮਨੁੱਖ ਜਦੋਂ ਸੁਖੋਪਤਿ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ ਤਾਂ ਸੁਰਤੀ ਗਗਨ ਗੁਫ਼ਾ ਦੇ ਅੰਦਰ ਵਾਪਸ ਆ ਜਾਂਦੀ ਹੈ। ਅਸੀਂ ਧਿਆਨ ਸਿਮਰਨ ਦੀ ਸਾਧਨਾ ਇਸ ਲਈ ਕਰਨੀ ਹੈ ਤਾਂ ਜੋ ਜਾਗ੍ਰਿਤ ਅਵਸਥਾ ਵਿਚ ਸੁਰਤੀ ਨੂੰ ਵਿਚਾਰਾਂ ਤੋਂ ਮੁਕਤ ਕਰਕੇ ਗਗਨ ਗੁਫ਼ਾ ਦੇ ਅੰਦਰ ਸਥਿਰ ਕਰ ਲਿਆ ਜਾਵੇ। ਇਸ ਨੂੰ ਤੁਰੀਆ ਅਵਸਥਾ ਕਿਹਾ ਜਾਂਦਾ ਹੈ। ਤੁਰੀਆ ਅਵਸਥਾ ਬਿਲਕੁਲ ਸੁਖੋਪਤਿ ਅਵਸਥਾ ਦੇ ਵਾਂਗੂੰ ਹੀ ਹੈ, ਕੇਵਲ ਐਨਾ ਅੰਤਰ ਹੈ ਕਿ ਸੁਖੋਪਤਿ

ਅਵਸਥਾ ਵਿਚ ਮਨੁੱਖ ਦੇ ਸੌਣ ਤੋਂ ਬਾਅਦ ਮਨ ਦੇ ਅੰਦਰ ਚੱਲਣ ਵਾਲੇ ਵਿਚਾਰ ਬੰਦ ਹੋ ਗਏ ਹਨ, ਜਦਕਿ ਤੁਰੀਆ ਅਵਸਥਾ ਵਿਚ ਮਨ ਜਾਗ੍ਰਿਤ ਅਵਸਥਾ ਵਿਚ ਹੈ ਅਤੇ ਮਨ ਦੇ ਅੰਦਰ ਚੱਲਣ ਵਾਲੇ ਵਿਚਾਰ ਪੂਰੀ ਤਰ੍ਹਾਂ ਬੰਦ ਹੋ ਚੁੱਕੇ ਹਨ। ਇਸ ਅਵਸਥਾ ਵਿਚ ਸੁਰਤੀ ਵਰਤਮਾਨ ਕਾਲ ਦੇ ਉਸ ਬਿੰਦੂ ਵਿਚ ਆ ਕੇ ਠਹਿਰ ਜਾਂਦੀ ਹੈ, ਜਿੱਥੋਂ ਮਨੁੱਖ ਨੂੰ ਆਪਣੇ ਅਤੇ ਪਾਰਬ੍ਰਹਮ ਦੇ ਦਰਸ਼ਨ ਹੁੰਦੇ ਹਨ। ਬਿਲਕੁਲ ਚੰਨ ਅਤੇ ਚਕੋਰ ਵਾਲਾ ਦ੍ਰਿਸ਼ ਬਣ ਜਾਵੇਗਾ। ਇਹ ਉਹੀ ਬਿੰਦੂ ਹੈ ਜਿੱਥੋਂ ਬ੍ਰਹਮ ਦਾ ਸਹਿਜ ਮੰਡਲ ਦਿਖਾਈ ਦੇਂਦਾ ਹੈ। ਸੁਫ਼ਨਿਆਂ ਰਹਿਤ ਨੀਂਦਰ ਨੂੰ ਸੁਖੋਪਤਿ ਅਵਸਥਾ ਕਿਹਾ ਜਾਂਦਾ ਹੈ। ਸਾਧਾਰਨ ਤੌਰ ’ਤੇ ਸੁੱਤਾ ਮਨੁੱਖ ਜਦੋਂ ਸੁਫ਼ਨਿਆਂ ਰਹਿਤ ਨੀਂਦਰ ਵਿਚ ਪਰਵੇਸ਼ ਕਰ ਜਾਂਦਾ ਹੈ ਤਾਂ ਉਸ ਦੀ ਸੁਰਤੀ ਗਗਨ ਗੁਫ਼ਾ ਦੇ ਅੰਦਰ ਵਾਪਸ ਆ ਜਾਂਦੀ ਹੈ। ਮਨ ਦੇ ਸੌਣ ਤੋਂ ਬਾਅਦ ਸੁਰਤੀ ਭਾਵੇਂ ਹਰ ਦਿਨ ਗਗਨ ਗੁਫ਼ਾ ਦੇ ਅੰਦਰ ਜਾ ਕੇ ਆਰਾਮ ਕਰਦੀ ਹੈ, ਪਰ ਇਸ ਤਰ੍ਹਾਂ ਸੁਰਤੀ ਗਗਨ ਗੁਫ਼ਾ ਦੇ ਅੰਦਰ ਪਰਵੇਸ਼ ਕਰਨ ਦੇ ਨਾਲ ਮਨੁੱਖ ਦੇ ਜੀਵਨ ਵਿਚ ਕੋਈ ਪਰਿਵਰਤਨ ਨਹੀਂ ਹੋਵੇਗਾ। ਮਨ ਬਹੁਤ ਹੀ ਚੰਚਲ ਹੈ। ਜਦੋਂ ਤੁਸੀਂ ਵਿਧੀ ਅਨੁਸਾਰ ਧਿਆਨ ਸਿਮਰਨ ਕਰਦੇ ਗਏ ਤਾਂ ਕੁੱਝ ਦਿਨਾਂ ਅੰਦਰ ਜੋ ਵਿਚਾਰ ਤੁਹਾਡੇ ਮਨ ਅੰਦਰ ਆਪਣੇ ਆਪ ਚੱਲ ਰਹੇ ਸਨ, ਧਿਆਨ ਸਿਮਰਨ ਦੀ ਸਾਧਨਾ ਦੇ ਦੌਰਾਨ ਉਨ੍ਹਾਂ ਦੀ ਗਤੀ ਕੁੱਝ ਛਿਣਾਂ ਦੇ ਲਈ ਰੁਕਣ ਦੀ ਕੋਸ਼ਿਸ਼ ਕਰੇਗੀ। ਜਦੋਂ ਜਾਗ੍ਰਿਤ ਅਵਸਥਾ ਵਿਚ ਵਿਚਾਰ ਕੁੱਝ ਛਿਣਾਂ ਲਈ ਰੁਕ ਜਾਂਦੇ ਹਨ ਤਾਂ ਉਸ ਤੋਂ ਬਾਅਦ ਮਨ ਦੀ ਚੰਚਲਤਾ ਦੇ ਵਿਚ ਆਪਣੇ ਆਪ ਫ਼ਰਕ ਆਉਣ ਲੱਗ ਜਾਂਦਾ ਹੈ। ਧਿਆਨ ਸਿਮਰਨ ਵਿਚ ਬੈਠਿਆਂ ਵਿਚਾਰਾਂ ਦੇ ਰੁਕਣ ਨਾਲ ਤੁਹਾਡੀ ਸੁਰਤੀ ਨੇ ਕਦੇ ਕਦੇ ਜਾਗ੍ਰਿਤ ਅਵਸਥਾ ਵਿਚ ਗਗਨ ਗੁਫ਼ਾ ਦੇ ਅੰਦਰ ਪਰਵੇਸ਼ ਕਰ ਜਾਣਾ ਹੈ। ਹਰ ਦਿਨ ਧਿਆਨ ਸਿਮਰਨ ਕਰਨ ਦੇ ਨਾਲ ਤੁਹਾਡਾ ਮਨ ਅਤੇ ਆਤਮਾ ਹੌਲੀ ਹੌਲੀ ਕਰ ਕੇ ਸ਼ਾਂਤ ਹੁੰਦੇ ਜਾਣਗੇ। ਲਗਾਤਾਰ ਸਾਧਨਾ ਕਰਨ ਨਾਲ ਇੱਕ ਸਮਾਂ ਐਸਾ ਆ ਜਾਵੇਗਾ, ਜਦੋਂ ਮਨ ਦੇ ਅੰਦਰ ਚੱਲਣ ਵਾਲੇ ਵਿਚਾਰ ਪੂਰੀ ਤਰ੍ਹਾਂ ਬੰਦ ਹੋ ਜਾਣੇ ਹਨ।

ਉਸ ਤੋਂ ਬਾਅਦ ਸੁਰਤੀ ਆਪਣੇ ਕੇਂਦਰ ਵਿਚ ਆ ਕੇ ਸਥਿਰ ਹੋ ਜਾਵੇਗੀ। ਜਿਸ ਪਲ ਜਾਗ੍ਰਿਤ ਅਵਸਥਾ ਵਿਚ ਸੁਰਤੀ ਗਗਨ ਗੁਫ਼ਾ ਵਿਚ ਆ ਕੇ ਸਥਿਰ ਹੋ ਜਾਂਦੀ ਹੈ ਤਾਂ ਉਸ ਤੋਂ ਬਾਅਦ ਮਨ ਆਪਣੇ ਵਿਚਾਰਾਂ ਦੇ ਸੰਸਾਰ ਨੂੰ ਸਮੇਟਣਾ ਸ਼ੁਰੂ ਕਰ ਦੇਂਦਾ ਹੈ। ਜਿਸ ਤਰ੍ਹਾਂ ਇੱਕ ਮੱਕੜੀ ਜਾਲਾ ਬਣਾਉਣ ਲਈ ਆਪਣੇ ਅੰਦਰੋਂ ਰੇਸ਼ੇ ਨੂੰ ਬਾਹਰ ਕੱਢੀ ਜਾਂਦੀ ਹੈ। ਜਦੋਂ ਵੀ ਉਹ ਚਾਹਵੇ, ਰੇਸ਼ੇ ਨੂੰ ਆਪਣੇ ਅੰਦਰ ਵਾਪਸ ਖਿੱਚ ਕੇ ਜਾਲੇ ਨੂੰ ਖ਼ਤਮ ਵੀ ਕਰ ਸਕਦੀ ਹੈ। ਮਨ ਨੇ ਵੀ ਬਿਲਕੁਲ ਇੱਕ ਮੱਕੜੀ ਦੇ ਵਾਂਗੂੰ ਕਾਰਜ ਕਰਦੇ ਹੋਏ ਨੇ ਵਿਚਾਰਾਂ ਰੂਪੀ ਜਗਤ ਨੂੰ ਆਪਣੇ ਅੰਦਰ ਵਾਪਸ ਖਿੱਚਦੇ ਹੀ ਜਾਣਾ ਹੈ। ਜਿਸ ਵੀ ਮਨੁੱਖ ਦੀ ਸੁਰਤੀ ਜਾਗ੍ਰਿਤ ਅਵਸਥਾ ਵਿਚ ਆਪਣੇ ਕੇਂਦਰ ’ਤੇ ਆ ਕੇ ਸਥਿਰ ਹੋ ਜਾਂਦੀ ਹੈ, ਉਸ ਮਨੁੱਖ ਦੇ ਕਾਰਨ ਸਰੀਰ ਅੰਦਰ ਇਕੱਤਰ ਹੋਏ ਕਰਮਾਂ ਦੇ ਸੰਸਕਾਰਾਂ ਨੂੰ ਇੜਾ, ਪਿੰਗਲਾ ਅਤੇ ਸੁਖਮਨਾ ਦੇ ਪ੍ਰਕਾਸ਼ ਨੇ ਨਸ਼ਟ ਕਰਦੇ ਜਾਣਾ ਹੈ। ਜੀਵ ਆਤਮਾ ਦੇ ਉੱਪਰ ਜੋ ਕਾਰਨ ਸਰੀਰ ਹੈ ਉਸ

ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਪੰਜ ਚੱਕਰ ਬਣੇ ਹੋਏ ਹਨ। ਜਿਸ ਔਗੁਣ ਵਿਚ ਮਨੁੱਖ ਜ਼ਿਆਦਾ ਗਤੀ ਕਰਦਾ ਹੈ, ਉਸ ਔਗੁਣ ਰੂਪੀ ਚੱਕਰ ਦਾ ਆਕਾਰ ਦੂਜੇ ਚੱਕਰਾਂ ਦੇ ਆਕਾਰ ਨਾਲੋਂ ਵੱਡਾ ਹੋਣ ਲੱਗ ਜਾਂਦਾ ਹੈ। ਜਿਸ ਔਗੁਣ ਦਾ ਆਕਾਰ ਜ਼ਿਆਦਾ ਵੱਡਾ ਹੋ ਜਾਵੇਗਾ, ਮਨੁੱਖ ਦੇ ਸੁਭਾਉ ਨੇ ਵੀ ਉਸੇ ਤਰ੍ਹਾਂ ਦਾ ਬਣ ਜਾਣਾ ਹੈ। ਜੇਕਰ ਕਾਮ ਦਾ ਚੱਕਰ ਜ਼ਿਆਦਾ ਵੱਡਾ ਹੈ ਤਾਂ ਮਨੁੱਖ ਨੇ ਕਾਮੀ ਹੋ ਜਾਣਾ ਹੈ, ਜੇਕਰ ਕ੍ਰੋਧ ਵਾਲਾ ਚੱਕਰ ਵੱਡਾ ਹੈ ਤਾਂ ਮਨੁੱਖ ਨੇ ਕ੍ਰੋਧੀ ਹੋ ਜਾਣਾ ਹੈ। ਕਿਸੇ ਵੀ ਮਨੁੱਖ ਦੇ ਸਾਰੇ ਚੱਕਰਾਂ ਦੇ ਆਕਾਰ ਇੱਕ-ਸਮਾਨ ਨਹੀਂ ਹੁੰਦੇ। ਕਾਰਨ ਸਰੀਰ ਦੇ ਅੰਦਰ ਸੰਸਕਾਰਾਂ ਦੀ ਗਿਣਤੀ ਘਟਣ ਦੇ ਨਾਲ ਵਿਚਾਰਾਂ ਦਾ ਸੰਸਾਰ ਵੀ ਸੁੰਗੜੀ ਜਾਂਦਾ ਹੈ। ਇੱਕ ਸਮਾਂ ਆ ਜਾਵੇਗਾ ਜਦੋਂ ਕਾਰਨ ਸਰੀਰ ਦੇ ਅੰਦਰੋਂ ਕਰਮਾਂ ਦੇ ਸੰਸਕਾਰ ਪੂਰੀ ਤਰ੍ਹਾਂ ਨਸ਼ਟ ਹੋ ਜਾਣੇ ਹਨ। ਉਸ ਤੋਂ ਬਾਅਦ ਮਨੁੱਖ ਨੂੰ ਆਪਣੇ ਮਨ ਦੇ ਉਸ ਹਿੱਸੇ ਦੀ ਗ਼ੁਲਾਮੀ ਤੋਂ ਮੁਕਤੀ ਮਿਲ ਜਾਵੇਗੀ, ਜਿਸ ਦੇ ਅੰਦਰੋਂ ਵਿਚਾਰ ਆਪਣੇ ਆਪ ਆਈ ਜਾ ਰਹੇ ਸਨ। ਮਨ ਦਾ ਜੋ ਹਿੱਸਾ ਬਾਕੀ ਬੱਚ ਜਾਵੇਗਾ, ਉਹ ਕੇਵਲ ਸ਼ੁੱਧ ਚੇਤਨਾ ਹੈ। ਇਹ ਤੁਹਾਡਾ ਅਸਲੀ ਸਰੂਪ ਹੈ ਜਿਸ ਨੂੰ ਤੁਸੀਂ ਦੇਖੋਗੇ, ਜਿਸ ਨੂੰ ਤੁਸੀਂ ਜਾਣੋਗੇ, ਜਿਸ ਨੂੰ ਤੁਸੀਂ ਅਨੁਭਵ ਕਰੋਗੇ, ਇਸ ਸ਼ਕਤੀ ਨੂੰ ਤੁਸੀਂ ਕੋਈ ਵੀ ਨਾਮ ਦੇ ਸਕਦੇ ਹੋ।

ਮਨੁੱਖ ਦੀ ਹਾਲਤ ਉਸ ਬਾਂਦਰ ਦੇ ਵਾਂਗ ਹੈ ਜਿਸ ਨੇ ਛੁੱਲੀਆਂ ਨੂੰ ਕੱਢਣ ਦੇ ਲਈ ਆਪਣੇ ਹੱਥ ਨੂੰ ਸੁਰਾਹੀ ਦੇ ਅੰਦਰ ਫਸਾ ਲਿਆ ਸੀ। ਉਸ ਬਾਂਦਰ ਦੀ ਇੱਕ ਸਮੱਸਿਆ ਸੀ ਉਹ ਛੁੱਲੀਆਂ ਨੂੰ ਛੱਡੇ ਬਿਨਾਂ ਆਪਣੇ ਹੱਥ ਨੂੰ ਸੁਰਾਹੀ ਦੇ ਵਿੱਚੋਂ ਬਾਹਰ ਕੱਢਣਾ ਚਾਹੁੰਦਾ ਸੀ। ਇਹੋ ਹਾਲਤ ਮਨੁੱਖ ਦੀ ਵੀ ਹੈ, ਇੱਕ ਤਰਫ਼ ਮਨੁੱਖ ਮੁਕਤੀ ਅਤੇ ਪਰਮ ਅਨੰਦ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਅਤੇ ਦੂਜੀ ਤਰਫ਼ ਛੁੱਲੀਆਂ ਵੀ ਚਾਹੀਦੀਆਂ ਹਨ। ਜੀਵ ਆਤਮਾ ਨੂੰ ਕਈ ਜੂਨੀਆਂ ਵਿੱਚੋਂ ਦੀ ਗੁਜ਼ਰਨ ਤੋਂ ਬਾਅਦ ਮਨੁੱਖਾ ਜਨਮ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਜਿਸ ਦੇ ਵਿਚ ਕਾਰਨ ਸਰੀਰ ਨੂੰ ਨਸ਼ਟ ਕੀਤਾ ਜਾ ਸਕਦਾ ਹੈ। ਆਤਮ ਗਿਆਨ ਕਿਉਂ ਨਹੀਂ ਮਿਲੇਗਾ, ਉਹ ਤਾਂ ਹਰ ਪਲ ਉਪਲਬਧ ਹੈ ਪਰ ਮਨੁੱਖ ਦੀ ਸਥਿਤੀ ਬਿਲਕੁਲ ਉਸ ਬਾਂਦਰ ਦੇ ਵਾਂਗੂੰ ਹੈ, ਜੋ ਇੱਕ ਤਰਫ਼ ਆਤਮ ਗਿਆਨ ਨੂੰ ਪ੍ਰਾਪਤ ਵੀ ਕਰਨਾ ਚਾਹੁੰਦਾ ਹੈ ਅਤੇ ਦੂਜੀ ਤਰਫ਼ ਹੱਥ ਵਿਚ ਫੜੀਆਂ ਛੁੱਲੀਆਂ ਨੂੰ ਛੱਡਣ ਲਈ ਤਿਆਰ ਵੀ ਨਹੀਂ ਹੈ। ਜਿਸ ਤਰ੍ਹਾਂ ਬਾਂਦਰ ਲਾਲਚ ਦੇ ਵਿਚ ਪੈ ਕੇ ਕੁੱਝ ਕੁ ਛੁੱਲੀਆਂ ਦੇ ਬਦਲੇ ਜੀਵਨ ਭਰ ਦੀ ਗ਼ੁਲਾਮੀ ਨੂੰ ਅੱਖਾਂ ਬੰਦ ਕਰ ਕੇ ਸਹੇੜ ਲੈਂਦਾ ਹੈ, ਜੀਵਨ ਮੁਕਤੀ ਵੀ ਮਨੁੱਖ ਦੇ ਆਪਣੇ ਹੱਥਾਂ ਦੇ ਵਿਚ ਹੀ ਹੈ। ਇਸ ਨੂੰ ਛੁੱਲੀਆਂ ਤਾਂ ਦਿਖਾਈ ਦੇਂਦੀਆਂ ਹਨ ਪਰ ਮਨੁੱਖ ਨੂੰ ਇਸ ਗੱਲ ਦਾ ਪਤਾ ਨਹੀਂ ਲੱਗ ਰਿਹਾ ਕਿ ਇਨ੍ਹਾਂ ਮਾਮੂਲੀ ਜਿਹੇ ਸੁੱਖਾਂ ਨੂੰ ਪ੍ਰਾਪਤ ਕਰਨ ਦੇ ਲਈ ਕੀਤੀ ਜਾ ਰਹੀ ਗਤੀ ਇਸ ਨੂੰ ਪਰਮਾਤਮਾ ਤੋਂ ਬਹੁਤ ਜ਼ਿਆਦਾ ਦੂਰ ਲੈ ਜਾਵੇਗੀ। ਸਾਬਤ ਬੀਜ ਦੇ ਵਿੱਚੋਂ ਪੌਦੇ ਦਾ ਜਨਮ ਹੋ ਸਕਦਾ ਹੈ। ਜਦੋਂ ਕੋਈ ਬੀਜ ਦੋ ਫਾੜ ਹੋ ਜਾਂਦਾ ਹੈ ਤਾਂ ਉਸ ਬੀਜ ਲਈ ਪੌਦੇ ਨੂੰ ਜਨਮ ਦੇਣ ਦੀ ਸਮਰੱਥਾ ਖ਼ਤਮ ਹੋ ਜਾਂਦੀ ਹੈ। ਮਨੁੱਖਾ ਜਨਮ ਇੱਕ ਐਸੀ ਕੜੀ ਹੈ ਜਿਸ ਵਿਚ ਇਸ ਨੇ ਇੱਕ ਫ਼ੈਸਲੇ

ਕਰਨਾ ਹੈ। ਇਸ ਨੂੰ ਆਤਮ ਗਿਆਨ ਚਾਹੀਦਾ ਹੈ ਜਾਂ ਫੁੱਲੀਆਂ ? ਇਸ ਫ਼ੈਸਲੇ ਨੂੰ ਕਰਨ ਦੇ ਲਈ ਪ੍ਰਕਿਰਤੀ ਮਨੁੱਖ ਦੇ ਉੱਪਰ ਕੋਈ ਜ਼ੋਰ ਜ਼ਬਰਦਸਤੀ ਨਹੀਂ ਕਰਦੀ। ਹਰ ਇੱਕ ਮਨੁੱਖ ਪੂਰਨ ਤੌਰ ’ਤੇ ਸਵਤੰਤਰ ਹੈ ਆਪਣੇ ਕਿਸੇ ਵੀ ਕਰਮ ਨੂੰ ਕਰਨ ਲਈ ਪ੍ਰਕਿਰਤੀ ਨਾ ਤਾਂ ਮਨੁੱਖ ਨੂੰ ਚੰਗੇ ਕਰਮ ਨੂੰ ਕਰਨ ਲਈ ਪ੍ਰੇਰਿਤ ਕਰਦੀ ਹੈ ਅਤੇ ਨਾ ਹੀ ਇਸ ਨੂੰ ਬੁਰੇ ਕਰਮਾਂ ਨੂੰ ਕਰਨ ਲਈ ਉਕਸਾਉਂਦੀ ਹੈ। ਮਨੁੱਖ ਨੂੰ ਚੰਗਿਆਈ ਰੂਪੀ ਸ਼ਕਤੀ ਆਪਣੇ ਵੱਲ ਨੂੰ ਖਿੱਚਦੀ ਹੈ ਅਤੇ ਬੁਰਾਈ ਰੂਪੀ ਸ਼ਕਤੀ ਇਸ ਨੂੰ ਆਪਣੇ ਵੱਲ ਨੂੰ ਖਿੱਚਦੀ ਹੈ। ਇਸ ਦੇ ਵਿਚ ਅਖ਼ੀਰੀ ਫ਼ੈਸਲਾ ਮਨੁੱਖ ਦਾ ਆਪਣਾ ਹੀ ਹੁੰਦਾ ਹੈ। ਉਹ ਆਪ ਕੀ ਕਰਨਾ ਚਾਹੁੰਦਾ ਹੈ।

ਅੱਗੇ ਚੱਲ ਕੇ ਦੱਸਿਆ ਜਾਵੇਗਾ ਕਿ ਸਾਧਕ ਜਾਗ੍ਰਿਤ ਅਵਸਥਾ ਵਿਚ ਆਪਣੀ ਸੁਰਤੀ ਨੂੰ ਕਿਸ ਤਰ੍ਹਾਂ ਵਿਚਾਰਾਂ ਤੋਂ ਮੁਕਤ ਕਰ ਸਕਦਾ ਹੈ ਤਾਂ ਜੋ ਜਾਗ੍ਰਿਤ ਅਵਸਥਾ ਵਿਚ ਸੁਰਤੀ ਨੂੰ ਗਗਨ ਗੁਫ਼ਾ ਦੇ ਅੰਦਰ ਸਥਿਰ ਕਰ ਲਿਆ ਜਾਵੇ। ਇਹ ਸਫ਼ਰ ਹਰ ਇੱਕ ਮਨੁੱਖ ਨੂੰ ਇਕੱਲੇ ਪੂਰਾ ਕਰਨਾ ਪੈਣਾ ਹੈ ਕਿਉਂਕਿ ਸਾਡੇ ਤੋਂ ਇਲਾਵਾ ਸਾਡੇ ਅੰਦਰ ਹੋਰ ਕੋਈ ਵਿਅਕਤੀ ਨਹੀਂ ਜਾ ਸਕਦਾ। ਸਾਰੀ ਸਾਧਨਾ ਵਿਚ ਸਾਧਕ ਨੇ ਆਪਣੇ ਅੰਦਰ ਹੀ ਗਤੀ ਕਰਨੀ ਹੈ। ਸਾਧਕ ਆਪਣੇ ਆਪ ਦਾ ਆਪ ਹੀ ਗੁਰੂ ਹੈ ਅਤੇ ਆਪਣੇ ਆਪ ਦਾ ਆਪ ਹੀ ਚੇਲਾ ਹੈ। ਕਿਸੇ ਹੋਰ ਦੇ ਨਾਲ ਜੁੜ ਜਾਣ ’ਤੇ ਆਤਮ ਗਿਆਨ ਨੂੰ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੋ ਜਾਵੇਗਾ। ਧਾਰਮਿਕ ਮਨੁੱਖ ਦਿਸ਼ਾਹੀਣ ਹੈ, ਇਹ ਅਧਿਆਤਮਿਕ ਜੀਵਨ ਨੂੰ ਪ੍ਰਾਪਤ ਕਰਨ ਲਈ ਲਗਾਤਾਰ ਗਤੀ ਤਾਂ ਕਰ ਰਿਹਾ ਹੈ ਪਰ ਅੰਦਰੋਂ ਇਸ ਦਾ ਹੌਸਲਾ ਪੂਰੀ ਤਰ੍ਹਾਂ ਟੁੱਟ ਚੁੱਕਿਆ ਹੈ। ਇਸ ਦੇ ਮਨ ਅੰਦਰ ਇਹ ਸਵਾਲ ਬਾਰ ਬਾਰ ਆਉਂਦੇ ਹਨ ਕੀ ਪਤਾ ਇਨ੍ਹਾਂ ਧਾਰਮਿਕ ਗ੍ਰੰਥਾਂ ਵਿਚ ਜਿਸ ਪਰਮ ਜੀਵਨ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ, ਅਸਲ ਵਿਚ ਏਦਾਂ ਦਾ ਕੋਈ ਜੀਵਨ ਹੈ ਵੀ ਜਾਂ ਨਹੀਂ? ਜੇਕਰ ਐਸਾ ਜੀਵਨ ਹੈ ਤਾਂ ਐਨੀਆਂ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਮੈਨੂੰ ਉਸ ਜੀਵਨ ਦੀ ਕੋਈ ਸੂਹ ਪ੍ਰਾਪਤ ਕਿਉਂ ਨਹੀਂ ਹੋ ਰਹੀ ? ਕੀ ਕਾਰਨ ਹਨ ਜਿਨ੍ਹਾਂ ਕਰਕੇ ਇਸ ਦਿਸ਼ਾ ਵੱਲ ਗਤੀ ਕਰਨ ਦੇ ਬਾਵਜੂਦ ਵੀ ਮੰਜ਼ਲ ਕਰੀਬ ਆਉਂਦੀ ਹੋਈ ਕਿਉਂ ਨਹੀਂ ਦਿਖਾਈ ਦੇਂਦੀ ? ਅੱਜ ਮਨੁੱਖ ਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਕਿੱਧਰੋਂ ਵੀ ਪ੍ਰਾਪਤ ਨਹੀਂ ਹੋ ਰਹੇ। ਜੇਕਰ ਉੱਪਰ ਵਾਲੇ ਸਾਰੇ ਸਵਾਲ ਤੁਹਾਡੇ ਹਨ ਤਾਂ ਤੁਸੀਂ ਅੱਜ ਸਹੀ ਜਗ੍ਹਾ ’ਤੇ ਪਹੁੰਚ ਚੁੱਕੇ ਹੋ, ਪਰਮਾਤਮਾ ਦੀ ਮਿਹਰ ਸਦਕਾ ਤੁਹਾਨੂੰ ਹੋਰ ਕਿਧਰੇ ਵੀ ਜਾਣ ਦੀ ਜ਼ਰੂਰਤ ਨਹੀਂ ਪਵੇਗੀ।

ਮਨ ਦੀ ਚੰਚਲਤਾ ਘਟਣ ਦੇ ਨਾਲ ਮਨ ਨੇ ਸ਼ਾਂਤ ਹੁੰਦੇ ਜਾਣਾ ਹੈ। ਜਿਸ ਦੇ ਪ੍ਰਣਾਮ ਸਰੂਪ ਤੁਹਾਡੀ ਸੁਰਤੀ ਸਹਿਜ ਦੀ ਅਵਸਥਾ ਵਿਚ ਠਹਿਰਨ ਲੱਗ ਜਾਵੇਗੀ। ਮਨ ਅਲੋਪ ਹੋਣ ਤੋਂ ਬਾਅਦ ਆਤਮਾ ਨੇ ਨਿਰਮਲ ਹੋ ਜਾਣਾ ਹੈ। ਇਸ ਅਵਸਥਾ ਵਿਚ ਪਹੁੰਚਿਆ ਮਨੁੱਖ ਉਸ ਸ਼ਕਤੀ ਨੂੰ ਜਾਣ ਲੈਂਦਾ ਹੈ, ਜਿਸ ਨੂੰ ਜਾਣਨ ਵਾਸਤੇ ਮਨੁੱਖਾ ਜਨਮ ਮਿਲਿਆ ਸੀ। ਜਿਸ ਵੀ ਮਨੁੱਖ ਨੇ ਆਤਮ ਗਿਆਨ ਨੂੰ ਪ੍ਰਾਪਤ ਕਰਨ ਲਈ ਪਰਮਾਤਮਾ ਦੇ ਅੱਗੇ ਅਰਦਾਸ ਕਰ ਦਿੱਤੀ ਹੈ, ਉਸ ਮਨੁੱਖ ਨੂੰ ਆਤਮ

ਗਿਆਨ ਕਰਵਾਉਣ ਲਈ ਉਸ ਦੇ ਕੋਲ ਕੋਈ ਨਾ ਕੋਈ ਸਾਧਨ ਜ਼ਰੂਰ ਪਹੁੰਚ ਜਾਂਦਾ ਹੈ। ਪਰਮ ਗਿਆਨ ਨੂੰ ਪ੍ਰਾਪਤ ਕਰਨ ਲਈ ਮੰਜ਼ਲ ਬਾਹਰ ਨਹੀਂ ਹੈ, ਬਲਕਿ ਮਨੁੱਖ ਦੇ ਆਪਣੇ ਅੰਦਰ ਹੀ ਹੈ। ਜੋ ਮਨੁੱਖ ਬਾਹਰ ਵੱਲ ਨੂੰ ਗਤੀ ਕਰਨ ਲੱਗ ਜਾਂਦਾ ਹੈ, ਉਸ ਮਨੁੱਖ ਨੇ ਮੰਜ਼ਲ ਤੋਂ ਹੋਰ ਜ਼ਿਆਦਾ ਦੂਰ ਚਲੇ ਜਾਣਾ ਹੈ। ਮਨੁੱਖ ਦੀ ਸੁਰਤੀ ਦੋ ਦਿਸ਼ਾਵਾਂ ਵਿਚ ਗਤੀ ਕਰ ਸਕਦੀ ਹੈ। ਇੱਕ ਦਿਸ਼ਾ ਬਾਹਰ ਦੀ ਤਰਫ਼ ਹੈ ਅਤੇ ਦੂਜੀ ਦਿਸ਼ਾ ਮਨੁੱਖ ਦੇ ਆਪਣੇ ਅੰਦਰ ਹੈ। ਜਦੋਂ ਮਨੁੱਖ ਆਪਣੀ ਸੁਰਤੀ ਨੂੰ ਬਾਹਰਲੀ ਦਿਸ਼ਾ ਵਿਚ ਭੇਜਦਾ ਹੈ ਤਾਂ ਇਸ ਨੂੰ ਸੰਸਾਰਿਕ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਮਨੁੱਖ ਆਪਣੀ ਸੁਰਤੀ ਨੂੰ ਆਪਣੇ ਅੰਦਰ ਦੀ ਤਰਫ਼ ਮੋੜ ਲੈਂਦਾ ਹੈ ਤਾਂ ਮਨੁੱਖ ਨੂੰ ਆਤਮ ਗਿਆਨ ਦੇ ਨਾਲ ਪਦਾਰਥਾਂ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ। ਮਨ ਅੰਦਰ ਵਿਚਾਰਾਂ ਦੇ ਚੱਲਣ ਕਾਰਨ ਹਰ ਇੱਕ ਮਨੁੱਖ ਗਹਿਰੀ ਨੀਂਦਰ ਵਿਚ ਸੁੱਤਾ ਹੋਇਆ ਹੈ। ਸਾਰੇ ਮਨੁੱਖ ਆਪਣਾ ਜੀਵਨ ਸੁੱਤਿਆਂ ਹੀ ਬਤੀਤ ਕਰਦੇ ਹੋਏ ਇੱਕ ਦਿਨ ਇਸ ਸੰਸਾਰ ਤੋਂ ਚਲੇ ਜਾਂਦੇ ਹਨ, ਬਿਨਾਂ ਉਸ ਸੱਚ ਨੂੰ ਅਨੁਭਵ ਕੀਤੇ ਜਿਸ ਨੂੰ ਅਨੁਭਵ ਕਰਨ ਦੇ ਵਾਸਤੇ ਇਸ ਸੰਸਾਰ ’ਤੇ ਆਏ ਸਨ। ਸੁੱਤਾ ਮਨੁੱਖ ਅਗਿਆਨਤਾ ਭਰੇ ਕਰਮ ਕਰਦਾ ਹੈ। ਇਸ ਦੇ ਦੁਆਰਾ ਕੀਤੇ ਗਏ ਕਰਮਾਂ ਨੂੰ ਫਲ ਜ਼ਰੂਰ ਲੱਗਣੇ ਹਨ, ਬਾਅਦ ਵਿਚ ਜਿਨ੍ਹਾਂ ਨੂੰ ਭੋਗਣਾ ਪਵੇਗਾ। ਸਾਰੇ ਧਾਰਮਿਕ ਗ੍ਰੰਥਾਂ ਅੰਦਰ ਆਤਮ ਗਿਆਨ ਬਾਰੇ ਦੱਸਿਆ ਤਾਂ ਗਿਆ ਹੈ ਪਰ ਆਤਮ ਗਿਆਨ ਨੂੰ ਕਿਸ ਤਰ੍ਹਾਂ ਪ੍ਰਾਪਤ ਕਰਨਾ ਹੈ, ਇਸ ਬਾਰੇ ਕੁੱਝ ਵੀ ਲਿਖਿਆ ਹੋਇਆ ਨਹੀਂ ਮਿਲਦਾ। ਨਾ ਲਿਖਣ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਸ਼ਾਇਦ ਉਨ੍ਹਾਂ ਮਨੁੱਖਾਂ ਨੂੰ ਇਸ ਗੱਲ ਦਾ ਪਤਾ ਸੀ। ਕੋਈ ਵੀ ਮਨੁੱਖ ਆਪਣੇ ਸੁਆਰਥ ਨੂੰ ਪੂਰਾ ਕਰਨ ਦੇ ਲਈ ਇਸ ਮਾਰਗ ਦੀ ਗ਼ਲਤ ਵਰਤੋਂ ਕਰ ਸਕਦਾ ਹੈ। ਇਸ ਕਾਰਨ ਉਨ੍ਹਾਂ ਨੇ ਸਾਧਨਾ ਕਰਨ ਦੀ ਇਸ ਵਿੱਦਿਆ ਨੂੰ ਗੁਪਤ ਹੀ ਰੱਖਿਆ ਸੀ। ਜਦੋਂ ਕੋਈ ਸ਼ਿਸ਼ ਵਿੱਦਿਆ ਨੂੰ ਜਾਣਨ ਦੇ ਜੋਗ ਹੋ ਜਾਂਦਾ ਹੈ ਤਾਂ ਗੁਰੂ ਉਸ ਸ਼ਿਸ਼ ਦੇ ਕੰਨਾਂ ਵਿਚ ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਲੀ ਸਾਧਨਾ ਦੱਸ ਦੇਂਦਾ ਸੀ। ਸਮਾਂ ਆਪਣੀ ਰਫ਼ਤਾਰ ਨਾਲ ਚੱਲਦਾ ਗਿਆ ਅਤੇ ਬਹੁਤ ਸਾਰੇ ਧਾਰਮਿਕ ਗ੍ਰੰਥ ਮਨਮੁਖਾਂ ਦੇ ਹੱਥਾਂ ਵਿਚ ਆਉਂਦੇ ਗਏ। ਮਨਮੁਖ ਆਪ ਤਾਂ ਆਤਮ ਗਿਆਨ ਨੂੰ ਪ੍ਰਾਪਤ ਨਹੀਂ ਕਰ ਸਕੇ ਪਰ ਉਨ੍ਹਾਂ ਨੇ ਇਨ੍ਹਾਂ ਗ੍ਰੰਥਾਂ ਨੂੰ ਪੜ੍ਹ ਕੇ ਦੂਜੇ ਮਨੁੱਖਾਂ ਨੂੰ ਧਰਮ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਲੈਣਾ ਦੇਣਾ ਨਹੀਂ ਸੀ ਕਿ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਰਹੀ ਹੈ ਜਾਂ ਨਹੀਂ, ਬੱਸ ਉਨ੍ਹਾਂ ਦੇ ਕਾਰੋਬਾਰ ਆਰਾਮ ਨਾਲ ਚੱਲਦੇ ਰਹਿਣ। ਇਸ ਕਾਰਨ ਉਨ੍ਹਾਂ ਲੋਕਾਂ ਨੇ ਸਵਰਗ ਅਤੇ ਨਰਕਾਂ ਦੀਆਂ ਕਈ ਮਨਘੜਤ ਕਹਾਣੀਆਂ ਰਚ ਦਿੱਤੀਆਂ ਸਨ, ਜਿਸ ਵਿਚ ਦੱਸਿਆ ਗਿਆ ਸੀ ਕਿ ਸਾਨੂੰ ਦਾਨ ਕਰੋ, ਤੁਹਾਨੂੰ ਮਰਨ ਤੋਂ ਬਾਅਦ ਸਵਰਗ ਮਿਲੇਗਾ। ਇਸ ਗੱਲ ਵਿਚ ਕੋਈ ਸਾਰ ਨਹੀਂ ਸੀ, ਭਲਾ ਮਰਨ ਤੋਂ ਬਾਅਦ ਕੌਣ ਦੱਸਣ ਆਵੇਗਾ ਕਿ ਉਸ ਮਨੁੱਖ ਨੂੰ ਦਾਨ ਪੁੰਨ ਕਰਨ ਦੇ ਬਦਲੇ ਸਵਰਗ ਮਿਲ ਗਿਆ ਸੀ ਜਾਂ ਨਰਕ? ਇਨ੍ਹਾਂ ਲੋਕਾਂ ਨੇ ਕਈ ਮਨਘੜਤ ਕਹਾਣੀਆਂ ਘੜ ਲਈਆਂ ਸਨ ਜਿਨ੍ਹਾਂ ਦੇ ਵਿਚ ਖੁੱਲ੍ਹ ਕੇ ਨਰਕਾਂ ਦੀਆਂ

ਸਜ਼ਾਵਾਂ ਦਾ ਜ਼ਿਕਰ ਕੀਤਾ ਗਿਆ ਸੀ। ਇਹ ਲੋਕ ਉਨ੍ਹਾਂ ਕਹਾਣੀਆਂ ਦਾ ਸਮੇਂ ਸਮੇਂ 'ਤੇ ਪ੍ਰਚਾਰ ਕਰਦੇ ਰਹਿੰਦੇ ਸਨ ਤਾਂ ਜੋ ਮਨੁੱਖਾਂ ਦਾ ਬਹੁਤ ਹੀ ਆਰਾਮ ਨਾਲ ਸ਼ੋਸ਼ਣ ਕੀਤਾ ਜਾ ਸਕੇ। ਉਸ ਸਮੇਂ ਬਹੁਤ ਸਾਰੇ ਮਨੁੱਖ ਨਰਕਾਂ ਦੀਆਂ ਅੱਗਾਂ ਅਤੇ ਸਜ਼ਾਵਾਂ ਤੋਂ ਡਰਦੇ ਹੋਏ ਇਨ੍ਹਾਂ ਲੋਕਾਂ ਦੇ ਅੱਗੇ ਆਪਣੇ ਸਿਰ ਨੂੰ ਝੁਕਾਉਣ ਲੱਗੇ। ਨਰਕਾਂ ਦੀਆਂ ਸਜ਼ਾਵਾਂ ਤੋਂ ਬਚਣ ਲਈ ਇਨ੍ਹਾਂ ਲੋਕਾਂ ਨੂੰ ਸੋਨਾ ਚਾਂਦੀ, ਪੈਸਾ ਜ਼ਮੀਨ ਜਾਇਦਾਦ ਅਤੇ ਕੁਆਰੀਆਂ ਲੜਕੀਆਂ ਨੂੰ ਚੜ੍ਹਾਉਣ ਵਰਗੇ ਕਾਰਜਾਂ ਨੂੰ ਧਰਮ ਦਾ ਕਾਰਜ ਸਮਝਣ ਲੱਗ ਪਏ ਸਨ। ਇਸ ਤੋਂ ਹੀ ਦੇਵ ਦਾਸੀਆਂ ਦੀ ਪ੍ਰਥਾ ਚੱਲ ਪਈ ਸੀ। ਇਨ੍ਹਾਂ ਲੋਕਾਂ ਨੇ ਧਾਰਮਿਕ ਸਥਾਨਾਂ ਦੇ ਅੰਦਰ ਕੁੱਝ ਕੁ ਮੂਰਤੀਆਂ ਰੱਖ ਦਿੱਤੀਆਂ ਤੇ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਪਾ ਦਿੱਤਾ। ਇਹ ਸ਼ਨੀ ਗ੍ਰਹਿ ਹੈ, ਇਹ ਰਾਹੂ ਹੈ, ਕੇਤੂ ਹੈ ਜਿਸ ਦੇ ਕਾਰਨ ਤੁਹਾਡੇ ਕੰਮ-ਕਾਜ ਰੁਕੇ ਹੋਏ ਹਨ। ਉਨ੍ਹਾਂ ਵਿਚਾਰਿਆਂ ਗ੍ਰਹਿਆਂ ਨੂੰ ਇਸ ਗੱਲ ਦਾ ਪਤਾ ਵੀ ਨਹੀਂ ਹੋਣਾ ਕਿ ਉਨ੍ਹਾਂ ਦੇ ਕਾਰਨ ਕਿਸੇ ਮਨੁੱਖ ਦਾ ਕਾਰੋਬਾਰ ਬੰਦ ਹੋ ਗਿਆ ਹੈ, ਭਾਵ ਕਿ ਸ਼ਨੀ ਮਹਾਰਾਜ ਜੀ ਮਨੁੱਖ ਦੀ ਜ਼ਿੰਦਗੀ ਵਿਚ ਟਰੈਫ਼ਿਕ ਜਾਮ ਕਰਨ ਲਈ ਇੱਕ ਬੁਲਡੋਜ਼ਰ ਦਾ ਕੰਮ ਕਰ ਰਹੇ ਹਨ। ਇਨ੍ਹਾਂ ਲੋਕਾਂ ਨੇ ਆਪਣੇ ਸੁਆਰਥ ਨੂੰ ਪੂਰਾ ਕਰਨ ਲਈ ਗ੍ਰਹਿਆਂ ਦਾ ਜਾਲ ਉਣਿਆ ਸੀ। ਇਸ ਗੱਲ ਦੇ ਨਾਲ ਕੀ ਹੋਇਆ, ਉਸ ਸਮੇਂ ਦਾ ਸਭ ਤੋਂ ਅਮੀਰ ਦੇਸ਼ ਅੱਜ ਕਿਥੇ ਹੈ। ਦੂਜੇ ਦੇਸ਼ ਜੋ ਸਾਡੇ ਦੇਸ਼ ਤੋਂ ਪਿੱਛੇ ਸਨ, ਅੱਜ ਉਹ ਸਾਰੇ ਦੇਸ਼ ਸਾਡੇ ਤੋਂ ਬਹੁਤ ਅੱਗੇ ਨਿਕਲ ਚੁੱਕੇ ਹਨ। ਅਸੀਂ ਅਜੇ ਵੀ ਲੰਘ ਚੁੱਕੇ ਸੱਪ ਦੀ ਲਕੀਰ ਨੂੰ ਕੁੱਟੀ ਜਾ ਰਹੇ ਹਾਂ। ਤਾਜ ਮਹਿਲ ਵਰਗੀ ਸ਼ਾਨਦਾਰ ਇਮਾਰਤ ਨੂੰ ਬਣਾਉਣ ਤੋਂ ਬਾਅਦ ਅਸੀਂ ਲੋਕਾਂ ਨੇ ਕੀ ਕੀਤਾ ਹੈ, ਉਸ ਤੋਂ ਬਾਅਦ ਸਾਨੂੰ ਲੋਕਾਂ ਨੂੰ ਕੀ ਹੋ ਗਿਆ ਸੀ, ਅੱਗੇ ਗਤੀ ਕਿਉਂ ਨਹੀਂ ਹੋਈ। ਅੱਜ ਵੀ ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਆਇਆ ਮਨੁੱਖ ਉਸ ਇਮਾਰਤ ਨੂੰ ਦੇਖ ਕੇ ਹੈਰਾਨ ਹੋ ਜਾਂਦਾ ਹੈ। ਇਸ ਖ਼ੂਬਸੂਰਤ ਇਮਾਰਤ ਨੂੰ ਕਿਸ ਤਰ੍ਹਾਂ ਬਣਾਇਆ ਗਿਆ ਹੋਵੇਗਾ। ਕਿਆ ਕਮਾਲ ਦੀ ਇੰਜੀਨੀਅਰਿੰਗ ਕੀਤੀ ਗਈ ਹੈ। ਬਿਨਾਂ ਕਿਸੇ ਮਸ਼ੀਨ ਦੀ ਮਦਦ ਦੇ ਨਾਲ ਐਡੇ ਵੱਡੇ ਪੱਥਰਾਂ ਨੂੰ ਕਿਸ ਤਰ੍ਹਾਂ ਐਨੀ ਸਫ਼ਾਈ ਦੇ ਨਾਲ ਕੱਟਿਆ ਗਿਆ ਹੋਵੇਗਾ। ਅੱਜ ਕਿੱਥੇ ਗਈ ਸਾਡੀ ਉਹ ਕਾਰੀਗਰੀ, ਜਿਸ ਪੁਲ ਨੂੰ ਬਣਾਉਣ ਦੇ ਲਈ ਅਸੀਂ ਲੋਕ ਕਈ ਸਾਲ ਲਗਾ ਦੇਂਦੇ ਹਾਂ; ਵਿਦੇਸ਼ਾਂ ਵਿਚ ਉਸ ਤੋਂ ਵੀ ਵੱਡੇ ਪੁਲਾਂ ਨੂੰ ਇੱਕ ਸਾਲ ਦੇ ਵਿਚ ਮੁਕੰਮਲ ਕਰ ਦਿੱਤਾ ਜਾਂਦਾ ਹੈ। ਸਾਡੇ ਦੇਸ਼ ਅੰਦਰ ਜੋ ਕਾਰੀਗਰੀ ਰੂਪੀ ਸ਼ਕਤੀ ਹੈ। ਇਸ ਦੇ ਵਰਗੀ ਸ਼ਕਤੀ ਦੁਨੀਆਂ ਦੇ ਕਿਸੇ ਹੋਰ ਦੇਸ਼ ਕੋਲ ਨਹੀਂ ਹੈ। ਤੁਸੀਂ ਦੇਖਿਆ ਹੋਣਾ ਕਿ ਯੂਨੀਵਰਸਿਟੀ ਵਿਚ ਪੜ੍ਹਨ ਤੋਂ ਬਾਅਦ ਵੀ ਸਾਡੇ ਬੱਚੇ ਸੜਕਾਂ ਦੇ ਕਿਨਾਰਿਆਂ 'ਤੇ ਬੈਠੇ ਜੋਤਸ਼ੀਆਂ ਨੂੰ ਆਪਣੇ ਹੱਥ ਦਿਖਾਉਂਦੇ ਹੋਏ ਨਜ਼ਰ ਆਉਂਦੇ ਹਨ। ਇੱਕ ਇੱਕ ਉਂਗਲੀ ਵਿਚ ਕਈ ਕਿਸਮ ਦੇ ਨਗਾਂ ਵਾਲੀਆਂ ਮੁੰਦਰੀਆਂ ਪਾਈਆਂ ਹੋਈਆਂ ਹਨ। ਐਨਾ ਜ਼ਿਆਦਾ ਅੰਧ-ਵਿਸ਼ਵਾਸ ਹੈ ਕਿ ਸਾਡੇ ਦੇਸ਼ ਦੇ ਅੰਦਰ ਸਾਡੇ ਵਿਦਿਆਲੇ ਤੇ ਸਮਾਜ ਨਵੀਂ ਪੀੜ੍ਹੀ ਨੂੰ ਕੀ ਸਿਖਾ ਰਹੇ ਹਨ।

ਕਿੰਨੇ ਹਜ਼ਾਰ ਸਾਲ ਪਹਿਲਾਂ ਹੀ ਇਸ ਧਰਤੀ 'ਤੇ ਲੋਕਾਂ ਨੇ ਪੜ੍ਹਨਾ ਲਿਖਣਾ

ਸਿੱਖ ਲਿਆ ਸੀ। ਆਸ਼ਰਮਾਂ ਅਤੇ ਧਾਰਮਿਕ ਅਸਥਾਨਾਂ ਅੰਦਰ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਸੀ। ਐਨੇ ਸੂਰਬੀਰਾਂ ਅਤੇ ਬਹਾਦਰਾਂ ਦੀ ਇਸ ਧਰਤੀ ਨੂੰ ਕੁੱਝ ਕੁ ਲੁਟੇਰੇ ਲੁੱਟ ਕੇ ਲੈ ਜਾਂਦੇ ਸਨ। ਕਿੰਨੇ ਸਾਲ ਅਸੀਂ ਗ਼ੁਲਾਮੀ ਦੇ ਬੋਝ ਨੂੰ ਝੱਲਿਆ ਸੀ। ਜਦੋਂ ਇਤਿਹਾਸ ਦੇ ਉੱਪਰ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਜ਼ਿਆਦਾਤਰ ਧਾਰਮਿਕ ਅਸਥਾਨਾਂ ਦੇ ਉੱਪਰ ਹਮਲੇ ਮੁਗ਼ਲਾਂ ਦੇ ਵੱਲੋਂ ਕੀਤੇ ਜਾਂਦੇ ਸਨ ਤਾਂ ਜੋ ਸਾਰਾ ਕੁੱਝ ਇੱਕੋ ਹੀ ਜਗ੍ਹਾ ਤੋਂ ਪ੍ਰਾਪਤ ਕਰ ਲਿਆ ਜਾਵੇ। ਉਹ ਲੋਕ ਧਾਰਮਿਕ ਅਸਥਾਨਾਂ ਤੋਂ ਔਰਤਾਂ, ਸੋਨਾ, ਚਾਂਦੀ, ਹੀਰੇ, ਜਵਾਹਰਾਤ ਬਹੁਤ ਆਸਾਨੀ ਨਾਲ ਲੁੱਟ ਕੇ ਲੈ ਜਾਂਦੇ ਸਨ। ਪੁਰਾਣੀਆਂ ਬੀਤ ਚੁੱਕੀਆਂ ਗੱਲਾਂ ਦਾ ਜ਼ਿਕਰ ਇਸ ਕਾਰਨ ਕਰਨਾ ਪੈ ਗਿਆ ਹੈ ਕਿ ਇਨ੍ਹਾਂ ਠੱਗਾਂ ਦੀਆਂ ਦੁਕਾਨਾਂ ਅੱਜ ਵੀ ਉਸੇ ਤਰ੍ਹਾਂ ਚੱਲੀ ਜਾ ਰਹੀਆਂ ਹਨ। ਬੱਸ ਕੁੱਝ ਕੁ ਨਾਵਾਂ ਦੇ ਵਿਚ ਬਦਲਾਓ ਜ਼ਰੂਰ ਕੀਤੇ ਗਏ ਹਨ। ਆਤਮ ਗਿਆਨ ਦੀ ਤੁਹਾਨੂੰ ਪ੍ਰਾਪਤੀ ਹੋਵੇ ਜਾਂ ਨਾ ਹੋਵੇ, ਇਨ੍ਹਾਂ ਲੋਕਾਂ ਨੂੰ ਇਸ ਗੱਲ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਤੁਸੀਂ ਬੱਸ ਇਨ੍ਹਾਂ ਦੀਆਂ ਜੇਬਾਂ ਭਰਦੇ ਰਹੋ, ਇਨ੍ਹਾਂ ਲਈ ਧਰਮ ਇੱਕ ਬਹੁਤ ਹੀ ਲਾਹੇਵੰਦ ਕਾਰੋਬਾਰ ਹੈ, ਜਿਸ ਦੇ ਰਾਹੀਂ ਹਰ ਦਿਨ ਲੱਖਾਂ ਕਰੋੜਾਂ ਰੁਪਏ ਦੀ ਕਮਾਈ ਕੀਤੀ ਜਾਂਦੀ ਹੈ। ਇਨ੍ਹਾਂ ਧਾਰਮਿਕ ਸੰਸਥਾਵਾਂ ਦੇ ਵੱਲੋਂ ਉਸ ਪੈਸੇ ਦੇ ਨਾਲ ਕਿੰਨਾ ਕੁ ਕਲਿਆਣ ਕੀਤਾ ਜਾ ਰਿਹਾ ਹੈ, ਉਸ ਬਾਰੇ ਤੁਸੀਂ ਆਪ ਭਲੀ ਭਾਂਤ ਜਾਣਦੇ ਹੋ। ਜਿੰਨੇ ਵੀ ਚੈਰੀਟੇਬਲ ਟਰੱਸਟ ਚੱਲ ਰਹੇ ਹਨ, ਉਨ੍ਹਾਂ ਦੇ ਨਾਂ ਹੀ ਸਿਰਫ਼ ਚੈਰੀਟੇਬਲ ਹਨ, ਅੰਦਰ ਸਾਰਾ ਗੋਰਖ ਧੰਦਾ ਹੀ ਹੈ।

ਅੱਜ ਲੋੜ ਹੈ ਹਰ ਇੱਕ ਮਨੁੱਖ ਨੂੰ ਆਪਣੇ ਆਪ ਨੂੰ ਇਸ ਡਰ ਤੋਂ ਮੁਕਤ ਕਰ ਲੈਣ ਦੀ। ਤੁਹਾਡੇ ਅੰਦਰ ਜੋ ਆਤਮਾ ਹੈ, ਉਸ ਦਾ ਜਨਮ ਕਿਸੇ ਹੋਰ ਦੇ ਮਗਰ ਲੱਗਣ ਵਾਸਤੇ ਨਹੀਂ ਹੋਇਆ, ਉਸ ਦੇ ਵਰਗੀ ਆਤਮਾ ਅਜੇ ਤੱਕ ਸਾਰੇ ਬ੍ਰਹਿਮੰਡ ਦੇ ਅੰਦਰ ਪੈਦਾ ਨਹੀਂ ਹੋਈ ਅਤੇ ਨਾ ਹੀ ਪੈਦਾ ਹੋਵੇਗੀ। ਆਪਣੇ ਆਪ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰ ਲਵੋ। ਜਿਸ ਤਰ੍ਹਾਂ ਮੁਰਗ਼ੀ ਦਾ ਬੱਚਾ ਅੰਡੇ ਦੇ ਛਿਲਕੇ ਨੂੰ ਪਾੜ ਕੇ ਬਾਹਰ ਆ ਜਾਂਦਾ ਹੈ ਤਾਂ ਹੀ ਇਸ ਖੁੱਲ੍ਹੇ ਅਸਮਾਨ ਨੂੰ ਆਪਣੀਆਂ ਖ਼ੁਦ ਦੀਆਂ ਅੱਖਾਂ ਦੇ ਰਾਹੀਂ ਦੇਖਣ ਜੋਗ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਇਸ ਸੰਸਾਰ ਤੋਂ ਜਾਣਾ ਪੈ ਜਾਵੇ, ਉਸ ਅਸਮਾਨ ਨੂੰ ਦੇਖਣਾ ਬਹੁਤ ਜ਼ਰੂਰੀ ਹੈ ਜਿਸ ਨੂੰ ਦੇਖਣ ਵਾਸਤੇ ਤੁਹਾਡਾ ਜਨਮ ਹੋਇਆ ਹੈ। ਕੁੱਝ ਕੁ ਗੱਲਾਂ ਦਾ ਜ਼ਿਕਰ ਮੈਂ ਤੁਹਾਡੇ ਨਾਲ ਇਸ ਲਈ ਸਾਂਝਾ ਕੀਤਾ ਹੈ ਤਾਂ ਜੋ ਅੱਗੇ ਵਧਣ ਤੋਂ ਪਹਿਲਾਂ ਵਰਤਮਾਨ ਕਾਲ ਵਿਚ ਸਾਡੇ ਦੇਸ਼ ਦੇ ਕੀ ਹਾਲਾਤ ਹਨ, ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ।

ਜਦੋਂ ਡਾਕਟਰ ਜਿਸ ਮਰੀਜ਼ ਦਾ ਇਲਾਜ ਕਰਦਾ ਹੈ ਤਾਂ ਉਹ ਮਰੀਜ਼ ਨੂੰ ਪਰਹੇਜ਼ ਕਰਨ ਦੀ ਸਲਾਹ ਵੀ ਜ਼ਰੂਰ ਦੇਂਦਾ ਹੈ ਤਾਂ ਜੋ ਸਰੀਰ ਦੇ ਅੰਦਰ ਪੈਦਾ ਹੋ ਚੁੱਕੀ ਬਿਮਾਰੀ ਨੂੰ ਘੱਟ ਸਮੇਂ ਅੰਦਰ ਠੀਕ ਕੀਤਾ ਜਾ ਸਕੇ। ਉਹ ਕਈ ਵਾਰ ਮਰੀਜ਼ ਨੂੰ ਠੀਕ ਕਰਨ ਲਈ ਉਸ ਦੇ ਸਰੀਰ ਨਾਲੋਂ ਖ਼ਰਾਬ ਅੰਗ ਨੂੰ ਵੀ ਅਲੱਗ ਕਰ ਦੇਂਦਾ ਹੈ। ਕਈ ਵਾਰ ਮਰੀਜ਼ ਖ਼ਰਾਬ ਅੰਗ ਨੂੰ ਕੱਟਣ ਤੋਂ ਡਾਕਟਰ ਨੂੰ ਮਨ੍ਹਾ ਵੀ ਕਰਦਾ ਹੈ। ਕਿਸੇ ਵੀ ਬਿਮਾਰੀ ਤੋਂ ਮੁਕਤੀ ਪ੍ਰਾਪਤ ਕਰਨ ਲਈ ਸਰੀਰ ਨੂੰ ਥੋੜ੍ਹੀ ਬਹੁਤ ਤਕਲੀਫ਼ ਜ਼ਰੂਰ ਹੁੰਦੀ ਹੈ।

ਇਸ ਕਾਰਨ ਮਰੀਜ਼ ਡਾਕਟਰ ਨੂੰ ਰੋਕਦਾ ਵੀ ਹੈ ਪਰ ਸਿਆਣਾ ਡਾਕਟਰ ਮਰੀਜ਼ ਦੇ ਦਰਦ ਦੀ ਪਰਵਾਹ ਕੀਤੇ ਬਿਨਾਂ ਉਸ ਦਾ ਸਹੀ ਇਲਾਜ ਕਰਦਾ ਹੈ। ਸੋ ਐਵੇਂ ਕਿਸੇ ਦੇ ਮਗਰ ਭੱਜਣ ਦੇ ਨਾਲ ਕੁੱਝ ਵੀ ਪ੍ਰਾਪਤ ਨਹੀਂ ਹੋਵੇਗਾ। ਇਸ ਦਿਸ਼ਾ ਵੱਲ ਗਤੀ ਤਾਂ ਹੀ ਹੋ ਸਕਦੀ ਹੈ ਜਦੋਂ ਕੋਈ ਮਨੁੱਖ ਆਪ ਖ਼ੁਦ ਇਸ ਦਿਸ਼ਾ ਵੱਲ ਨੂੰ ਚੱਲਣ ਲਈ ਤਿਆਰ ਹੋ ਜਾਂਦਾ ਹੈ। ਕਿਸੇ ਦੀ ਵੀ ਕੋਈ ਲੋੜ ਨਹੀਂ ਹੈ, ਗੱਲ ਸਾਡੇ ਅਤੇ ਪਰਮਾਤਮਾ ਦੇ ਵਿਚਕਾਰ ਹੈ।

ਜਿਸ ਵੀ ਮਨੁੱਖ ਨੇ ਇਸ ਅਵਸਥਾ ਨੂੰ ਪ੍ਰਾਪਤ ਕਰ ਲਿਆ ਸੀ, ਉਸ ਮਨੁੱਖ ਦੇ ਜਾਣ ਤੋਂ ਬਾਅਦ ਕੇਵਲ ਕਰਮ-ਕਾਂਡ ਬਣ ਕੇ ਰਹਿ ਜਾਂਦਾ ਹੈ। ਇਹ ਅਵਸਥਾ ਕੋਈ ਜਾਇਦਾਦ ਨਹੀਂ ਹੈ, ਜਿਸ ਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਵਿਰਾਸਤ ਵਿਚ ਦਿੱਤਾ ਜਾ ਸਕੇ। ਧਰਮ ਦੇ ਨਾਮ ਉੱਪਰ ਪਹਿਲਾਂ ਵੀ ਦੁਕਾਨਾਂ ਚੱਲਦੀਆਂ ਸਨ ਅਤੇ ਅੱਜ ਵੀ ਚੱਲ ਰਹੀਆਂ ਹਨ। ਇਹ ਸਭ ਕੁੱਝ ਇਸੇ ਹੀ ਤਰ੍ਹਾਂ ਚੱਲਦਾ ਹੀ ਰਹੇਗਾ, ਜਦੋਂ ਤੱਕ ਮਨੁੱਖ ਦੇ ਅੰਦਰ ਬਿਠਾਏ ਗਏ ਝੂਠੇ ਡਰ ਤੋਂ ਇਸ ਨੂੰ ਮੁਕਤੀ ਨਹੀਂ ਮਿਲ ਜਾਂਦੀ। ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਤਦ ਤੱਕ ਨਹੀਂ ਹੋ ਸਕਦੀ, ਜਿੰਨਾ ਚਿਰ ਤੱਕ ਇਹ ਆਪਣੀ ਵਿਵੇਕ ਬੁੱਧੀ ਦੀ ਵਰਤੋਂ ਕਰਦਾ ਹੋਇਆ ਇਸ ਦਿਸ਼ਾ ਵੱਲ ਆਪ ਖ਼ੁਦ ਗਤੀ ਨਹੀਂ ਕਰਨ ਲੱਗ ਜਾਂਦਾ।

ਅੱਜ ਮਨੁੱਖ ਸੜਕ ਦੇ ਕਿਨਾਰਿਆਂ ’ਤੇ ਬਣੀਆਂ ਜਗ੍ਹਾ ਜਾਂ ਧਾਰਮਿਕ ਸਥਾਨਾਂ ਨੂੰ ਦੇਖ ਕੇ ਆਪਣੇ ਸਿਰ ਨੂੰ ਝੁਕਾ ਲੈਂਦਾ ਹੈ। ਇਸ ਮਨੁੱਖ ਨੇ ਆਪਣੇ ਸਿਰ ਨੂੰ ਕਿਸੇ ਸ਼ਰਧਾ ਦੇ ਕਾਰਨ ਨਹੀਂ ਝੁਕਾਇਆ, ਬਲਕਿ ਇਸ ਨੂੰ ਇਹ ਡਰ ਹੈ ਕਿ ਕੋਈ ਗ਼ੈਬੀ ਸ਼ਕਤੀ ਇਸ ਤੋਂ ਨਾਰਾਜ਼ ਨਾ ਹੋ ਜਾਵੇ। ਕੀ ਇਹ ਡਰਪੋਕ ਮਨੁੱਖ ਆਪਣੇ ਆਪ ਨੂੰ ਇਨ੍ਹਾਂ ਲੋਕਾਂ ਦੀ ਗ਼ੁਲਾਮੀ ਤੋਂ ਮੁਕਤ ਕਰ ਸਕਦਾ ਹੈ? ਪਰਮਾਤਮਾ ਨੂੰ ਅਨੁਭਵ ਕਰਨ ਦੀ ਗੱਲ ਤਾਂ ਬਹੁਤ ਦੂਰ ਦੀ ਹੈ। ਧਿਆਨ ਸਿਮਰਨ ਕਿਸ ਤਰ੍ਹਾਂ ਕਰਨਾ ਹੈ, ਜਿਸ ਨਾਲ ਸਰੀਰ ਅੰਦਰ ਸੁੱਤੀ ਪ੍ਰਾਣ ਸ਼ਕਤੀ ਨੂੰ ਗਤੀਮਾਨ ਕਰ ਲਿਆ ਜਾਵੇ। ਇਸ ਕਿਤਾਬ ਅੰਦਰ ਸਾਰੀ ਵਿਧੀ ਨੂੰ ਬਹੁਤ ਹੀ ਵਿਸਥਾਰ ਨਾਲ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ, ਆਪ ਸਾਰਿਆਂ ਨੇ ਇਸ ਕਿਤਾਬ ਤੋਂ ਪੂਰੇ ਦਾ ਪੂਰਾ ਲਾਭ ਪ੍ਰਾਪਤ ਕਰਨ ਦੀ ਜ਼ਰੂਰ ਕੋਸ਼ਿਸ਼ ਕਰਨੀ।

ਇੜਾ, ਪਿੰਗਲਾ ਤੇ ਸੁਖਮਨਾ

ਇੜਾ ਨਾੜੀ ਮਨ ਸ਼ਕਤੀ ਦਾ ਸਰੋਤ ਹੈ ਅਤੇ ਪਿੰਗਲਾ ਨਾੜੀ ਪ੍ਰਾਣ ਸ਼ਕਤੀ ਦਾ ਸਰੋਤ ਹੈ। ਸੁਖਮਨਾ ਨਾੜੀ ਆਤਮ ਸ਼ਕਤੀ ਦਾ ਸਰੋਤ ਹੈ। ਇਨ੍ਹਾਂ ਤਿੰਨੇ ਸ਼ਕਤੀਆਂ ਨੂੰ ਸਾਧਨਾ ਦੀ ਮਦਦ ਨਾਲ ਉਜਾਗਰ ਕਰ ਕੇ ਇਨ੍ਹਾਂ ਦਾ ਸਬੰਧ ਮਸਤਕ ਦੇ ਨਾਲ ਸਥਾਪਿਤ ਕਰਨ ਦੇ ਲਈ ਸਾਧਨਾ ਕਰਨੀ ਹੈ। ਜਦੋਂ ਇਨ੍ਹਾਂ ਸ਼ਕਤੀਆਂ ਦਾ ਸਬੰਧ ਤੀਜੇ ਨੇਤਰ ਦੇ ਰਾਹੀਂ ਮਸਤਕ ਦੇ ਨਾਲ ਸਥਾਪਿਤ ਹੋ ਜਾਵੇਗਾ ਤਾਂ ਉਸ ਦੇ ਨਾਲ ਮਸਤਕ ਦੇ ਅੰਦਰ ਸਾਰੇ ਕੇਂਦਰ ਸਕ੍ਰਿਆ ਹੋ ਜਾਣੇ ਹਨ। ਜਦੋਂ ਇਹ ਤਿੰਨੇ ਸ਼ਕਤੀਆਂ ਮਸਤਕ ਦੇ ਅੰਦਰ ਲਗਾਤਾਰ ਪਰਵੇਸ਼ ਕਰਨ ਲੱਗ ਜਾਂਦੀਆਂ ਹਨ ਤਾਂ ਸੁਰਤੀ ਨੇ ਵਿਚਾਰਾਂ ਤੋਂ ਮੁਕਤ ਹੋ ਕੇ ਆਤਮ ਤੱਤ ਦੇ ਵਿਚ ਲੀਨ ਹੁੰਦੀ ਜਾਣਾ ਹੈ। ਅਨੁਭੂਤੀ, ਭਾਵਨਾਵਾਂ, ਯਾਦਦਾਸ਼ਤ, ਗਿਆਨ; ਇਨ੍ਹਾਂ ਸਾਰਿਆਂ ਨੂੰ ਮਨ ਨਹੀਂ ਕਿਹਾ ਜਾ ਸਕਦਾ। ਮਨ ਇਨ੍ਹਾਂ ਸਾਰੇ ਕਾਰਜਾਂ ਦਾ ਮੁੱਖ ਸਰੋਤ ਹੈ। ਮਨ ਜਿੰਨੇ ਵੀ ਕਾਰਜ ਕਰਦਾ ਹੈ, ਉਸ ਦਾ ਮੂਲ ਸਰੋਤ ਚੇਤਨਾ ਹੈ। ਚੇਤਨ ਤੱਤ ਤੋਂ ਹੀ ਮਨ ਦਾ ਨਿਰਮਾਣ ਹੁੰਦਾ ਹੈ।

ਇਹ ਨਾ ਹੋਵੇ ਕਿਤੇ ਸਾਡੀ ਚੇਤਨ ਸ਼ਕਤੀ ਸੰਸਾਰ ਵਿਚ ਹੀ ਰੁਕ ਕੇ ਰਹਿ ਜਾਵੇ। ਇਸ ਲਈ ਮਾਇਆਵੀ ਸੰਸਾਰ ਤੋਂ ਉੱਪਰ ਉੱਠ ਕੇ ਸਾਨੂੰ ਆਪਣੀ ਚੇਤਨਾ ਦਾ ਮੇਲ ਬ੍ਰਹਮ ਚੇਤਨਾ ਦੇ ਆਕਾਸ਼ ਨਾਲ ਕਰਵਾਉਣਾ ਹੋਵੇਗਾ, ਜਿਸ ਦੇ ਲਈ ਸਾਧਨਾ ਕਰਨੀ ਪੈਣੀ ਹੈ। ਸਾਨੂੰ ਆਪਣੀ ਸੁਰਤੀ ਨੂੰ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਦੀ ਪਹੁੰਚ ਤੋਂ ਵੀ ਅੱਗੇ ਲੈ ਕੇ ਜਾਣਾ ਪਵੇਗਾ।

ਇਨ੍ਹਾਂ ਤਿੰਨਾਂ ਸ਼ਕਤੀਆਂ ਦੇ ਜਾਗਣ ਤੋਂ ਬਾਅਦ ਹੀ ਮਨੁੱਖ ਨੂੰ ਅਨਾਹਤ ਨਾਦ ਸੁਣਾਈ ਦੇਂਦਾ ਹੈ। ਬਿਨਾਂ ਅਨਾਹਤ ਨਾਦ ਨੂੰ ਪ੍ਰਗਟ ਕੀਤੇ ਮਨੁੱਖ ਆਪਣੀਆਂ ਇੰਦਰੀਆਂ ’ਤੇ ਜਿੱਤ ਪ੍ਰਾਪਤ ਨਹੀਂ ਕਰ ਸਕਦਾ। ਬ੍ਰਹਮ ਨਾਦ ਨੂੰ ਸੁਣੇ ਬਿਨਾਂ ਮਨੁੱਖ ਦੇ ਅੰਦਰ ਸਹਿਣਸ਼ੀਲਤਾ ਦਾ ਤੱਤ ਪੈਦਾ ਨਹੀਂ ਹੋ ਸਕਦਾ। ਮਨੁੱਖ ਜਿਸ ਵੀ ਇੰਦਰੀ ਦੀ ਵਰਤੋਂ ਕਰੇਗਾ, ਦੂਜੀਆਂ ਇੰਦਰੀਆਂ ਦੇ ਵੱਲ ਨੂੰ ਜਾਣ ਵਾਲੀ ਪ੍ਰਾਣ ਸ਼ਕਤੀ ਨੇ ਵੀ ਇਸ ਇੰਦਰੀ ਦੇ ਨਾਲ ਜੁੜ ਜਾਣਾ ਹੈ। ਮਨੁੱਖ ਇੱਕੋ ਸਮੇਂ ਬੋਲ ਸਕਦਾ ਹੈ ਜਾਂ ਸੁਣ ਸਕਦਾ ਹੈ ਜਾਂ ਸੁੰਘ ਸਕਦਾ ਹੈ। ਇਸੇ ਪ੍ਰਾਣ ਸ਼ਕਤੀ ਦੀ ਵਰਤੋਂ ਸਾਧਨਾ ਦੇ ਰਾਹੀਂ ਕਰਨੀ ਹੈ। ਸਹਿਣਸ਼ੀਲਤਾ ਤੋਂ ਭਾਵ ਕਿਸੇ ਦੁਆਰਾ ਕੀਤੇ ਗਏ ਅਪਰਾਧ ਨੂੰ ਬਦਲਾ ਲੈਣ ਦੀ ਭਾਵਨਾ ਤੋਂ ਬਿਨਾਂ ਸਹਿਣ ਕਰ ਲੈਣਾ ਹੀ ਸਹਿਣਸ਼ੀਲਤਾ ਦੇ ਅਧੀਨ ਆਉਂਦਾ ਹੈ।

ਧਰਤੀ ਮਾਤਾ ਮਨੁੱਖ ਨੂੰ ਆਪਣੀ ਸ਼ਕਤੀ ਖਾਣ-ਪੀਣ ਵਾਲੇ ਪਦਾਰਥਾਂ ਦੇ ਰੂਪ ਵਿਚ ਪ੍ਰਦਾਨ ਕਰਦੀ ਹੈ। ਆਪਾਂ ਸਾਧਨਾ ਦੇ ਰਾਹੀਂ ਇਸੇ ਸ਼ਕਤੀ ਦੀ ਵਰਤੋਂ

ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਸਤੇ ਕਰਨੀ ਹੈ। ਇਸ ਊਰਜਾ ਸ਼ਕਤੀ ਨੂੰ ਅਧਿਆਤਮਿਕ ਜੀਵਨ ਦੇ ਵਿਚ ਤਬਦੀਲ ਕਰਨ ਲਈ ਨਾਭੀ ਕੇਂਦਰ ਦੇ ਮਗਰਲੇ ਪਾਸੇ ਤਿੰਨ ਨਾੜੀਆਂ ਮੌਜੂਦ ਹਨ, ਜੋ ਊਰਜਾ ਸ਼ਕਤੀ ਨੂੰ ਪ੍ਰਕਾਸ਼ ਵਿਚ ਤਬਦੀਲ ਕਰ ਸਕਦੀਆਂ ਹਨ। ਸਾਧਨਾ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਇਨ੍ਹਾਂ ਨਾੜੀਆਂ ਦੇ ਬਾਰੇ ਜਾਣ ਲੈਣਾ ਬਹੁਤ ਜ਼ਰੂਰੀ ਹੈ। ਜੋ ਵੀ ਮਨੁੱਖ ਇਸ ਭਾਗ ਨੂੰ ਚੰਗੀ ਤਰ੍ਹਾਂ ਸਮਝ ਲਵੇਗਾ, ਉਸ ਮਨੁੱਖ ਦੇ ਲਈ ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਲੀ ਸਾਧਨਾ ਨੂੰ ਸਮਝਣ ਵਿਚ ਬਹੁਤ ਆਸਾਨੀ ਹੋ ਜਾਵੇਗੀ। ਮਨੁੱਖ ਦੇ ਸਰੀਰ ਨੂੰ ਪ੍ਰਾਣ ਊਰਜਾ ਚਲਾਉਂਦੀ ਹੈ। ਇਸ ਊਰਜਾ ਦਾ ਇਸਤੇਮਾਲ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਆਪਣੇ ਕਾਰਜਾਂ ਨੂੰ ਕਰਨ ਦੇ ਲਈ ਕਰਦੀਆਂ ਹਨ। ਜੋ ਪ੍ਰਾਣ ਊਰਜਾ ਸਰੀਰ ਦੇ ਅੰਦਰ ਵਾਧੂ ਬਚ ਜਾਂਦੀ ਹੈ, ਉਹ ਊਰਜਾ ਸਾਡੇ ਹੱਥਾਂ ਅਤੇ ਪੈਰਾਂ ਦੀਆਂ ਉਂਗਲੀਆਂ ਰਾਹੀਂ ਸਰੀਰ ਦੇ ਅੰਦਰੋਂ ਬਾਹਰ ਨਿਕਲ ਜਾਂਦੀ ਹੈ। ਜਦੋਂ ਤੁਸੀਂ ਆਪਣੀ ਸੁਰਤੀ ਨੂੰ ਦੋਨਾਂ ਭਰਵੱਟਿਆਂ ਦੇ ਵਿਚਕਾਰ ਇਕਾਗਰ ਕਰਦੇ ਹੋਏ ਓਅੰਕਾਰ ਧੁਨੀ ਦਾ ਜਾਪ ਕੀਤਾ ਤਾਂ ਤੁਹਾਡੇ ਸਰੀਰ ਦੇ ਅੰਦਰੋਂ ਬਾਹਰ ਨਿਕਲਣ ਵਾਲੀ ਪ੍ਰਾਣ ਊਰਜਾ ਨੇ ਸੁਖਮਨਾ ਨਾੜੀ ਦੇ ਕੇਂਦਰ ਵੱਲ ਨੂੰ ਮੁੜ ਆਉਣਾ ਹੈ।

ਇਸੇ ਹੀ ਤਰ੍ਹਾਂ ਸਰੀਰ ਦੇ ਵਿੱਚੋਂ ਬਾਹਰ ਨਿਕਲਣ ਵਾਲੀ ਊਰਜਾ ਸ਼ਕਤੀ ਥੋੜ੍ਹੀ ਥੋੜ੍ਹੀ ਕਰਕੇ ਰੀੜ੍ਹ ਦੀ ਹੱਡੀ ਦੇ ਮੁੱਢ ਲਾਗੇ ਇਕੱਠੀ ਹੁੰਦੀ ਜਾਵੇਗੀ। ਸਰੀਰ ਦੇ ਅੰਦਰ ਇਹ ਕਿਰਿਆ ਲਗਾਤਾਰ ਚੱਲਣ ਨਾਲ ਇੱਕ ਸਮਾਂ ਐਸਾ ਆ ਜਾਵੇਗਾ, ਜਦੋਂ ਸੁਖਮਨਾ ਨਾੜੀ ਦੇ ਇਸ ਕੇਂਦਰ ਨੇ ਊਰਜਾ ਸ਼ਕਤੀ ਨੂੰ ਪੀ ਪੀ ਕੇ ਪੂਰੀ ਤਰ੍ਹਾਂ ਤ੍ਰਿਪਤ ਹੋ ਜਾਣਾ ਹੈ। ਉਸ ਤੋਂ ਬਾਅਦ ਸੁਖਮਨਾ ਨਾੜੀ ਦੀਆਂ ਜੜ੍ਹਾਂ ਦੇ ਅੰਦਰ ਪ੍ਰਕਾਸ਼ ਨੂੰ ਉਤਪੰਨ ਕਰਨ ਦੇ ਲਈ ਹਲਚਲ ਪੈਦਾ ਹੋਣ ਲੱਗਣੀ ਹੈ, ਜਿਸ ਕਾਰਨ ਸਾਧਨਾ ਸਮੇਂ ਤੁਹਾਡੇ ਸਰੀਰ ਨੇ ਝਟਕੇ ਮਹਿਸੂਸ ਕਰਨੇ ਹਨ। ਧਿਆਨ ਸਿਮਰਨ ਦੀ ਸ਼ੁਰੂਆਤ ਬਿਲਕੁਲ ਸਰਦੀਆਂ ਵਿਚ ਕਾਰ ਦੇ ਇੰਜਨ ਨੂੰ ਸਟਾਰਟ ਕਰਨ ਵਾਂਗੂੰ ਹੀ ਹੈ। ਸੁਖਮਨਾ ਨਾੜੀ ਦੇ ਕੋਲ ਪ੍ਰਕਾਸ਼ ਊਰਜਾ ਨੂੰ ਪੈਦਾ ਕਰਨ ਲਈ ਦੋ ਮੂੰਹ ਹਨ, ਜਿਨ੍ਹਾਂ ਦੇ ਰਾਹੀਂ ਸੁਖਮਨਾ ਨਾੜੀ ਨੇ ਊਰਜਾ ਸ਼ਕਤੀ ਨੂੰ ਪ੍ਰਚੰਡ ਗਤੀ ਨਾਲ ਪ੍ਰਕਾਸ਼ ਵਿਚ ਤਬਦੀਲ ਕਰਨਾ ਹੈ। ਇਸ ਤੋਂ ਬਾਅਦ ਮਨੁੱਖ ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਲੀ ਦਿਸ਼ਾ ਦੇ ਵੱਲ ਗਤੀ ਕਰਨ ਲੱਗ ਜਾਂਦਾ ਹੈ। ਮੱਧਮ ਪ੍ਰਕਾਸ਼ ਦੇ ਨਾਲ ਸਾਧਾਰਨ ਜੀਵਨ ਤਾਂ ਬਤੀਤ ਕੀਤਾ ਜਾ ਸਕਦਾ ਹੈ, ਪਰ ਐਨੇ ਘੱਟ ਪ੍ਰਕਾਸ਼ ਦੇ ਨਾਲ ਆਤਮ ਗਿਆਨ ਵਰਗੇ ਅਨੰਦ ਨੂੰ ਅਨੁਭਵ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਵੱਡੇ ਕਾਰਜ ਨੂੰ ਕਰਨ ਦੇ ਲਈ ਜ਼ਿਆਦਾ ਸ਼ਕਤੀ ਦੀ ਜ਼ਰੂਰਤ ਪੈਂਦੀ ਹੈ, ਇਸੇ ਹੀ ਤਰ੍ਹਾਂ ਪਰਮ ਤੱਤ ਨੂੰ ਅਨੁਭਵ ਕਰਨ ਦੇ ਲਈ ਬਹੁਤ ਸਾਰੇ ਪ੍ਰਕਾਸ਼ ਦੀ ਜ਼ਰੂਰਤ ਪੈਂਦੀ ਹੈ।

ਜਦੋਂ ਤੁਹਾਡੇ ਸਰੀਰ ਨੂੰ ਧਿਆਨ ਸਿਮਰਨ ਕਰਨ ਵੇਲੇ ਝਟਕੇ ਅਤੇ ਦੰਦੋੜਿੱਕੇ ਵੱਜਣੇ ਸ਼ੁਰੂ ਹੋ ਜਾਣ, ਤਾਂ ਤੁਸੀਂ ਸਮਝ ਲੈਣਾ ਕਿ ਤੁਹਾਡੀ ਸੁਖਮਨਾ ਨਾੜੀ ਦੇ ਪਹਿਲੇ ਕੇਂਦਰ ਦੀ ਤ੍ਰਿਪਤੀ ਹੋ ਚੁੱਕੀ ਹੈ। ਹੁਣ ਕੁੱਝ ਹੀ ਦਿਨਾਂ ਦੇ ਅੰਦਰ ਸੁਖਮਨਾ

ਨਾੜੀ ਦੇ ਇਸ ਕੇਂਦਰ ਨੇ ਪ੍ਰਕਾਸ਼ ਨੂੰ ਪੈਦਾ ਕਰਨ ਦੇ ਲਈ ਸਕ੍ਰਿਆ ਹੋ ਜਾਣਾ ਹੈ। ਇਸ ਕੇਂਦਰ ਦੇ ਵਿੱਚੋਂ ਜੋ ਪ੍ਰਕਾਸ਼ ਉਤਪੰਨ ਹੋਵੇਗਾ, ਉਸ ਨੇ ਰੀੜ੍ਹ ਦੀ ਹੱਡੀ ਦੇ ਬਾਹਰੋਂ ਦੀ ਹੁੰਦੇ ਹੋਏ ਨੇ ਮਸਤਕ ਦੇ ਵੱਲ ਨੂੰ ਬਹੁਤ ਤੇਜ਼ੀ ਨਾਲ ਗਤੀ ਕਰਨੀ ਹੈ। ਤਿੰਨਾਂ ਨਾੜੀਆਂ ਦਾ ਪ੍ਰਕਾਸ਼ ਰੀੜ੍ਹ ਦੀ ਹੱਡੀ ਦੇ ਬਾਹਰੋਂ ਹੀ ਉੱਪਰ ਵੱਲ ਨੂੰ ਗਤੀ ਕਰਦਾ ਹੈ, ਨਾ ਕਿ ਅੰਦਰ ਦੀ। ਸੁਖਮਨਾ ਨਾੜੀ ਦਾ ਪ੍ਰਕਾਸ਼ ਜਦੋਂ ਤੀਜੇ ਨੇਤਰ ਦੇ ਵੱਲ ਨੂੰ ਗਤੀ ਕਰਨੀ ਸ਼ੁਰੂ ਕਰਦਾ ਹੈ ਤਾਂ ਇਸ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਪ੍ਰਕਾਸ਼ ਨੇ ਆਪਣੇ ਆਪ ਦੂਰ ਕਰਦੇ ਜਾਣਾ ਹੈ। ਰੁਕਾਵਟ ਨੂੰ ਦੂਰ ਕਰਨ ਕਾਰਨ ਸਾਧਕ ਦੇ ਸਰੀਰ ਨੂੰ ਸਾਧਨਾ ਦੌਰਾਨ ਜ਼ਿਆਦਾ ਝਟਕੇ ਲੱਗ ਸਕਦੇ ਹਨ। ਜਦੋਂ ਸੁਖਮਨਾ ਨਾੜੀ ਆਪਣੇ ਪ੍ਰਕਾਸ਼ ਦੇ ਨਾਲ ਕਿਸੇ ਵੀ ਚੱਕਰ ਦੀ ਸਫ਼ਾਈ ਕਰਦੀ ਹੈ ਤਾਂ ਸਰੀਰ ਦੇ ਉਸ ਅੰਗ ਵਿਚ ਥੋੜ੍ਹੀ ਬਹੁਤ ਦਰਦ ਹੋ ਸਕਦੀ ਹੈ, ਜਿਸ ਨਾਲ ਸਰੀਰ ਦੇ ਉਸ ਹਿੱਸੇ ਅੰਦਰ ਗਰਮ ਜਾਂ ਠੰਢੇ ਪ੍ਰਕਾਸ਼ ਦਾ ਅਨੁਭਵ ਹੋਵੇਗਾ। ਇਸ ਦਰਦ ਦਾ ਅਨੁਭਵ ਖ਼ਾਸ ਕਰਕੇ ਗਰਦਨ ਦੇ ਮੁੱਢ ਲਾਗੇ ਜਾਂ ਮੋਢਿਆਂ ਦੇ ਵਿਚ ਮਹਿਸੂਸ ਹੋਣਾ ਹੈ। ਬਾਕੀ ਸਰੀਰ ਦੇ ਕਿਸੇ ਵੀ ਹਿੱਸੇ ਦੇ ਵਿਚ ਇਹ ਦਰਦ ਹੋ ਸਕਦਾ ਹੈ। ਜਦੋਂ ਤੁਸੀਂ ਆਪਣੇ ਸਰੀਰ ਦੇ ਕਿਸੇ ਵੀ ਅੰਗ ਦੇ ਵਿਚ ਦਰਦ ਮਹਿਸੂਸ ਕਰੋਗੇ ਤਾਂ ਇਸ ਤੋਂ ਭਾਵ ਹੈ ਤੁਹਾਡੀ ਸੁਖਮਨਾ ਨਾੜੀ ਆਪਣੇ ਪ੍ਰਕਾਸ਼ ਦੇ ਰਾਹੀਂ ਬੰਦ ਚੱਕਰਾਂ ਨੂੰ ਖੋਲ੍ਹਣ ਦੇ ਲਈ ਕੋਸ਼ਿਸ਼ ਕਰ ਰਹੀ ਹੈ। ਸਾਧਕ ਨੇ ਆਪਣੇ ਸਰੀਰ ਦੇ ਅੰਦਰੋਂ ਬਾਹਰ ਨਿਕਲਣ ਵਾਲੀ ਪ੍ਰਾਣ ਊਰਜਾ ਨੂੰ ਸਰੀਰ ਦੇ ਅੰਦਰ ਵਾਪਸ ਮੋੜ ਕੇ ਇੜਾ ਪਿੰਗਲਾ ਅਤੇ ਸੁਖਮਨਾ ਨਾੜੀ ਦੇ ਸੁੱਤੇ ਭਾਗ ਨੂੰ ਜਗਾਉਣ ਦੇ ਲਈ ਸਾਧਨਾ ਕਰਨੀ ਹੈ। ਮਨੁੱਖ ਦੇ ਸਰੀਰ ਅੰਦਰ ਪ੍ਰਾਣਾਂ ਨੂੰ ਚਲਾਉਣ ਵਾਸਤੇ ਕੁਦਰਤ ਨੇ ਅਣਗਿਣਤ ਨਾੜੀਆਂ ਦੀ ਇੱਕ ਬਹੁਤ ਹੀ ਬਰੀਕ ਵੈਰਿੰਗ ਕੀਤੀ ਹੋਈ ਹੈ। ਇਨ੍ਹਾਂ ਅਣਗਿਣਤ ਨਾੜੀਆਂ ਦੇ ਵਿੱਚੋਂ ਤਿੰਨ ਨਾੜੀਆਂ ਪ੍ਰਮੁੱਖ ਹਨ ਜਿਨ੍ਹਾਂ ਦੇ ਨਾਮ ਹਨ—ਇੜਾ, ਪਿੰਗਲਾ ਅਤੇ ਸੁਖਮਨਾ।

ਇੜਾ ਨਾੜੀ

ਇਸ ਨਾੜੀ ਦਾ ਨਿਵਾਸ ਕੇਂਦਰ ਰੀੜ੍ਹ ਦੀ ਹੱਡੀ ਦੇ ਮੁੱਢ ਦੇ ਖੱਬੇ ਪਾਸੇ ਹੈ। ਇੜਾ ਨਾੜੀ ਰੀੜ੍ਹ ਦੀ ਹੱਡੀ ਦੇ ਮੁੱਢ ਤੋਂ ਥੋੜ੍ਹਾ ਜਿਹਾ ਅਗਲੇ ਪਾਸੇ ਅਤੇ ਖੱਬੇ ਪਾਸੇ ਤੋਂ ਉੱਪਰ ਮਸਤਕ ਵੱਲ ਨੂੰ ਚਲੀ ਜਾਂਦੀ ਹੈ। ਇਹ ਨਾੜੀ ਇਕਦਮ ਠੰਢੀ ਠਾਰ ਹੈ, ਇਸ ਕਾਰਨ ਇੜਾ ਨਾੜੀ ਦੀ ਤੁਲਨਾ ਚੰਦਰਮਾ ਦੇ ਨਾਲ ਕੀਤੀ ਜਾਂਦੀ ਹੈ। ਜਦੋਂ ਤੁਹਾਡੇ ਸਰੀਰ ਦੇ ਅੰਦਰ ਇੜਾ ਨਾੜੀ ਦਾ ਪ੍ਰਕਾਸ਼ ਪ੍ਰਗਟ ਹੋਇਆ ਤਾਂ ਤੁਹਾਡੇ ਮਨ ਅਤੇ ਤਨ ਨੇ ਸੀਤਲ ਹੋ ਜਾਣਾ ਹੈ, ਧੁੰਨੀ ਵਾਲਾ ਕੇਂਦਰ ਕਈ ਸਾਲ ਇਕਦਮ ਠੰਢਾ ਠਾਰ ਰਹੇਗਾ, ਏ.ਸੀ. ਦੀ ਪਾਈਪ ਵਾਂਗੂੰ।

ਪਿੰਗਲਾ ਨਾੜੀ

ਪਿੰਗਲਾ ਨਾੜੀ ਇਕਦਮ ਗਰਮ ਹੈ, ਇਸ ਦੀ ਤੁਲਨਾ ਸੂਰਜ ਦੇ ਨਾਲ ਕੀਤੀ

ਜਾਂਦੀ ਹੈ। ਇਸ ਨਾੜੀ ਦਾ ਨਿਵਾਸ ਕੇਂਦਰ ਰੀੜ੍ਹ ਦੀ ਹੱਡੀ ਦੇ ਮੁੱਢ ਦੇ ਸੱਜੇ ਪਾਸੇ ਅਤੇ ਥੋੜ੍ਹਾ ਜਿਹਾ ਅੱਗੇ ਦੀ ਤਰਫ਼ ਨੂੰ ਹੈ। ਇਸ ਨਾੜੀ ਦਾ ਨਿਵਾਸ ਵੀ ਰੀੜ੍ਹ ਦੀ ਹੱਡੀ ਦੇ ਬਿਲਕੁਲ ਨਾਲ ਨਹੀਂ ਹੈ, ਬਲਕਿ ਰੀੜ੍ਹ ਦੀ ਹੱਡੀ ਤੋਂ ਥੋੜ੍ਹਾ ਜਿਹਾ ਹਟਵਾਂ ਹੈ। ਇਹ ਇਸੇ ਜਗ੍ਹਾ ਤੋਂ ਉੱਪਰ ਵੱਲ ਨੂੰ ਚਲੀ ਜਾਂਦੀ ਹੈ।

ਸੁਖਮਨਾ ਨਾੜੀ

ਇਹ ਨਾੜੀ ਨਾ ਤਾਂ ਗਰਮ ਹੈ ਅਤੇ ਨਾ ਹੀ ਠੰਢੀ ਹੈ, ਇਸ ਨਾੜੀ ਦੇ ਦੋ ਮੂੰਹ ਹਨ। ਪਹਿਲਾ ਕੇਂਦਰ ਰੀੜ੍ਹ ਦੀ ਹੱਡੀ ਦੇ ਮੁੱਢ ਦੇ ਨਾਲ ਬਾਹਰ ਵੱਲ ਧੁੰਨੀ ਦੀ ਤਰਫ਼ ਹੈ। ਇਹ ਕੇਂਦਰ ਸ਼ੁਰੂ ਦੇ ਵਿਚ ਮੱਧਮ ਗਤੀ ਦੇ ਨਾਲ ਊਰਜਾ ਸ਼ਕਤੀ ਨੂੰ ਪ੍ਰਕਾਸ਼ ਦੇ ਵਿਚ ਤਬਦੀਲ ਕਰਦਾ ਹੈ। ਦੂਜਾ ਕੇਂਦਰ ਜਣਨ ਇੰਦਰੀ ਅਤੇ ਧੁੰਨੀ ਵਾਲੀ ਤਰਫ਼ ਹੈ, ਜਿਸ ਨੇ ਇੜਾ ਪਿੰਗਲਾ ਨਾੜੀ ਦੇ ਪ੍ਰਗਟ ਹੋਣ ਤੋਂ ਬਾਅਦ ਸਕ੍ਰਿਆ ਹੋ ਜਾਣਾ ਹੈ। ਇਹ ਕੇਂਦਰ ਊਰਜਾ ਸ਼ਕਤੀ ਨੂੰ ਪ੍ਰਚੰਡ ਪ੍ਰਕਾਸ਼ ਦੇ ਵਿਚ ਤਬਦੀਲ ਕਰੇਗਾ। ਇੜਾ ਅਤੇ ਪਿੰਗਲਾ ਨਾੜੀ ਦੇ ਜਾਗਣ ਤੋਂ ਬਾਅਦ ਹੀ ਸੁਖਮਨਾ ਨਾੜੀ ਦਾ ਦੂਜਾ ਕੇਂਦਰ ਊਰਜਾ ਸ਼ਕਤੀ ਨੂੰ ਪ੍ਰਕਾਸ਼ ਦੇ ਵਿਚ ਤਬਦੀਲ ਕਰਦਾ ਹੈ। ਇਨ੍ਹਾਂ ਤਿੰਨਾਂ ਨਾੜੀਆਂ ਦੇ ਪ੍ਰਕਾਸ਼ ਨੂੰ ਤੀਜੇ ਨੇਤਰ ਦੇ ਵਿਚ ਪਹੁੰਚਾਉਣ ਦੇ ਲਈ ਸਾਧਨਾ ਕਰਨੀ ਹੈ। ਇੜਾ, ਪਿੰਗਲਾ ਅਤੇ ਸੁਖਮਨਾ ਨਾੜੀ ਦੇ ਪ੍ਰਕਾਸ਼ ਨੇ ਮਨ ਅਤੇ ਆਤਮਾ ਦੀ ਮੈਲ ਨੂੰ ਦੂਰ ਕਰਨ ਦੇ ਲਈ ਸਰੀਰ ਅੰਦਰ ਦਿਨ ਰਾਤ ਗਤੀ ਕਰਨੀ ਹੈ। ਮਸਤਕ ਦੇ ਅੰਦਰ ਲਗਾਤਾਰ ਪ੍ਰਕਾਸ਼ ਊਰਜਾ ਪਰਵੇਸ਼ ਕਰਨ ਦੇ ਨਾਲ ਮਨੁੱਖ ਦਾ ਮਨ ਅਤੇ ਆਤਮਾ ਨਿਰਮਲ ਹੋਣ ਤੋਂ ਬਾਅਦ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ।

ਜਦੋਂ ਇਨ੍ਹਾਂ ਤਿੰਨਾਂ ਨਾੜੀਆਂ ਨੇ ਊਰਜਾ ਸ਼ਕਤੀ ਨੂੰ ਪ੍ਰਕਾਸ਼ ਦੇ ਵਿਚ ਤਬਦੀਲ ਕਰਨਾ ਸ਼ੁਰੂ ਕੀਤਾ ਤਾਂ ਇਹਨਾਂ ਨਾੜੀਆਂ ਨੇ ਤਦ ਤੱਕ ਊਰਜਾ ਸ਼ਕਤੀ ਨੂੰ ਪ੍ਰਕਾਸ਼ ਦੇ ਵਿਚ ਤਬਦੀਲ ਕਰਦੇ ਹੀ ਜਾਣਾ ਹੈ, ਜਿੰਨਾ ਚਿਰ ਤੱਕ ਆਤਮਾ ਸਰੀਰ ਦਾ ਤਿਆਗ ਨਹੀਂ ਕਰ ਦੇਂਦੀ।

ਪਰਮ ਜੀਵਨ ਨੂੰ ਪ੍ਰਾਪਤ ਕਰਨ ਦੇ ਲਈ ਸਾਧਕ ਨੂੰ ਧਿਆਨ ਸਿਮਰਨ ਦੀ ਬਹੁਤ ਜਟਿਲ ਸਾਧਨਾ ਦੇ ਵਿੱਚੋਂ ਦੀ ਲੰਘਣਾ ਪੈਂਦਾ ਹੈ। ਇਸ ਸਾਧਨਾ ਦੇ ਬਿਨਾਂ ਮਨ ਅਤੇ ਆਤਮਾ ਨੂੰ ਅਗਿਆਨ ਤੋਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਨਾ ਤਾਂ ਕਿਸੇ ਮਨੁੱਖ ਨੂੰ ਗੁਰੂ ਧਾਰਨ ਦੀ ਲੋੜ ਹੈ ਅਤੇ ਨਾ ਹੀ ਕਿਸੇ ਤੋਂ ਮਦਦ ਲੈਣ ਦੀ ਕੋਈ ਲੋੜ ਪੈਂਦੀ ਹੈ। ਉਲਟਾ ਕਿਸੇ ਮਨੁੱਖ ਨੂੰ ਗੁਰੂ ਧਾਰਨ ਦੇ ਨਾਲ ਆਤਮ ਗਿਆਨ ਨੂੰ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ।

ਇੱਕ ਮਨੁੱਖ ਦੂਜੇ ਮਨੁੱਖ ਨੂੰ ਆਤਮ ਗਿਆਨ ਨਹੀਂ ਕਰਵਾ ਸਕਦਾ। ਹਰ ਇੱਕ ਮਨੁੱਖ ਆਤਮ ਗਿਆਨ ਨੂੰ ਆਪ ਹੀ ਪ੍ਰਾਪਤ ਕਰ ਸਕਦਾ ਹੈ। ਜਿਸ ਮਨੁੱਖ ਨੇ ਆਤਮ ਗਿਆਨ ਨੂੰ ਪ੍ਰਾਪਤ ਕਰ ਲਿਆ ਹੈ, ਉਸ ਮਨੁੱਖ ਦਾ ਅਨੁਭਵ ਉਸ

ਦੇ ਨਾਲ ਹੀ ਸਮਾਪਤ ਹੋ ਜਾਵੇਗਾ। ਧਿਆਨ ਸਿਮਰਨ ਦੀ ਸਾਧਨਾ ਦਾ ਇਹ ਹਿਸਾਬ ਹੈ ਕਿ ਆਪਣਾ ਖੂਹ ਪੁੱਟ ਕੇ ਆਪ ਹੀ ਪਾਣੀ ਪੀਣ ਵਾਲਾ ਕਾਰਜ ਹੈ। ਜਦੋਂ ਕੋਈ ਸਾਧਕ ਧਿਆਨ ਸਿਮਰਨ ਦੀ ਸਾਧਨਾ ਦੇ ਵਿੱਚੋਂ ਦੀ ਲੰਘਦਾ ਹੈ ਤਾਂ ਉਸ ਨੂੰ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਅਨੁਭਵ ਹੁੰਦੇ ਹਨ, ਜਿਨ੍ਹਾਂ ਦੇ ਬਾਰੇ ਇਸ ਭਾਗ ਵਿਚ ਦੱਸਿਆ ਜਾਵੇਗਾ ਤਾਂ ਜੋ ਪਰਮ ਅਵਸਥਾ ਤੱਕ ਬਿਨਾਂ ਕਿਸੇ ਰੁਕਾਵਟ ਦੇ ਪਹੁੰਚਿਆ ਜਾ ਸਕੇ। ਇਸ ਦੇ ਲਈ ਸਾਰੀ ਸਾਧਨਾ ਦੇ ਬਾਰੇ ਤੁਹਾਨੂੰ ਪਹਿਲਾਂ ਤੋਂ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਹਰ ਇੱਕ ਮਨੁੱਖ ਨੂੰ ਆਪ ਸਾਧਨਾ ਕਰਨੀ ਪੈਣੀ ਹੈ, ਇਹੋ ਇੱਕ ਮਾਤਰ ਰਸਤਾ ਹੈ। ਮਨੁੱਖ ਦੇ ਕੋਲ ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਇਸ ਤੋਂ ਇਲਾਵਾ ਹੋਰ ਕੋਈ ਵੀ ਰਸਤਾ ਨਹੀਂ ਹੈ, ਜਿਸ ਨੂੰ ਵਰਤੋਂ ਵਿਚ ਲਿਆਂਦਾ ਜਾ ਸਕੇ। ਜੋ ਮਨੁੱਖ ਪਰਮ ਜੀਵਨ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ, ਉਸ ਮਨੁੱਖ ਨੂੰ ਇਨ੍ਹਾਂ ਸਰੀਰਕ ਅਤੇ ਮਾਨਸਿਕ ਅਨੁਭਵਾਂ ਦੇ ਵਿੱਚੋਂ ਦੀ ਲੰਘਣਾ ਹੀ ਪਵੇਗਾ। ਇਸ ਤੋਂ ਇਲਾਵਾ ਹੋਰ ਕਿਸੇ ਵੀ ਤਰੀਕੇ ਨਾਲ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਾਧਨਾ ਕਰਨ ਸਮੇਂ ਜਦੋਂ ਤੁਸੀਂ ਆਪਣੀਆਂ ਅੱਖਾਂ ਨੂੰ ਬੰਦ ਕਰਨ ਤੋਂ ਬਾਅਦ ਆਪਣੇ ਪੂਰੇ ਧਿਆਨ ਨੂੰ ਦੋਨੋਂ ਭਰਵੱਟਿਆਂ ਦੇ ਵਿਚਕਾਰ ਇਕਾਗਰ ਕਰਦੇ ਹੋਏ, ਦੱਸੀ ਗਈ ਵਿਧੀ ਅਨੁਸਾਰ ਓਅੰਕਾਰ ਧੁਨੀ ਦਾ ਜਾਪ ਕਰਦੇ ਰਹੇ ਤਾਂ ਸੁਖਮਨਾ ਨਾੜੀ ਦੇ ਪਹਿਲੇ ਚੱਕਰ ਦੀ ਤ੍ਰਿਪਤੀ ਕੁੱਝ ਦਿਨ ਲਗਾਤਾਰ ਪ੍ਰਕਾਸ਼ ਨੂੰ ਪੀਣ ਤੋਂ ਬਾਅਦ ਹੋ ਜਾਣੀ ਹੈ, ਤਾਂ ਸੁਖਮਨਾ ਨਾੜੀ ਦੇ ਪ੍ਰਕਾਸ਼ ਨੇ ਜੁਗਨੂੰਆਂ ਦੇ ਰੂਪ ਵਿਚ ਤੁਹਾਡੀ ਰੀੜ੍ਹ ਦੀ ਹੱਡੀ ਦੇ ਥੱਲੇ ਵਾਲੇ ਹਿੱਸੇ ਤੋਂ ਉੱਪਰ ਮਸਤਕ ਦੇ ਵੱਲ ਨੂੰ ਗਤੀ ਕਰਨ ਲੱਗ ਜਾਣਾ ਹੈ। ਕਈ ਮਨੁੱਖਾਂ ਦੇ ਸਰੀਰ ਅੰਦਰ ਇਹ ਪ੍ਰਕਾਸ਼ ਕੁੱਝ ਕੁ ਦਿਨਾਂ ਦੇ ਅੰਦਰ ਗਤੀ ਕਰਨ ਲੱਗ ਜਾਂਦਾ ਹੈ ਅਤੇ ਕਈਆਂ ਮਨੁੱਖਾਂ ਦੇ ਸਰੀਰ ਅੰਦਰੋਂ ਇਸ ਪ੍ਰਕਾਸ਼ ਨੂੰ ਗਤੀ ਕਰਨ ਦੇ ਲਈ ਕੁੱਝ ਮਹੀਨਿਆਂ ਦਾ ਸਮਾਂ ਵੀ ਲੱਗ ਸਕਦਾ ਹੈ। ਜੋ ਮਨੁੱਖ ਆਪਣੇ ਆਪ ਨੂੰ ਧਿਆਨ ਸਿਮਰਨ ਦੀ ਸਾਧਨਾ ਦੇ ਦੌਰਾਨ ਪੂਰਨ ਤੌਰ 'ਤੇ ਪਰਮਾਤਮਾ ਨੂੰ ਸਮਰਪਣ ਕਰ ਦੇਂਦਾ ਹੈ, ਉਸ ਮਨੁੱਖ ਦੇ ਸਰੀਰ ਅੰਦਰੋਂ ਪ੍ਰਕਾਸ਼ ਜਲਦੀ ਪ੍ਰਗਟ ਹੋ ਜਾਵੇਗਾ। ਸੁਖਮਨਾ ਦੇ ਪ੍ਰਕਾਸ਼ ਨੇ ਆਪਣੀ ਯਾਤਰਾ ਰੀੜ੍ਹ ਦੀ ਹੱਡੀ ਦੇ ਮੁੱਢ ਤੋਂ ਅਰੰਭ ਕਰਨੀ ਹੈ ਅਤੇ ਇਸ ਨੇ ਰੀੜ੍ਹ ਦੀ ਹੱਡੀ ਦੇ ਬਾਹਰੋਂ ਦੀ ਧੁੰਨੀ ਵਾਲੀ ਤਰਫ਼ੋਂ ਗਤੀ ਕਰਦੇ ਹੋਏ ਮਸਤਕ ਦੇ ਵਿੱਚੋਂ ਦੀ ਉੱਪਰ ਵੱਲ ਨੂੰ ਲੰਘ ਜਾਣਾ ਹੈ। ਸੁਖਮਨਾ ਨਾੜੀ ਦਾ ਪ੍ਰਕਾਸ਼ ਪਹਿਲਾਂ ਖੋਪੜੀ ਦੇ ਨਾਲ ਜਾ ਕੇ ਟਕਰਾਉਂਦਾ ਹੈ, ਉਸ ਤੋਂ ਬਾਅਦ ਇਸ ਪ੍ਰਕਾਸ਼ ਨੇ ਮੱਥੇ ਵੱਲ ਨੂੰ ਮੁੜ ਜਾਣਾ ਹੈ। ਜਿਸ ਜਗ੍ਹਾ ਤੋਂ ਵਾਲ ਖ਼ਤਮ ਹੋ ਜਾਂਦੇ ਹਨ ਅਤੇ ਮੱਥਾ ਸ਼ੁਰੂ ਹੋ ਜਾਂਦਾ, ਉਸ ਹਿੱਸੇ ਦੇ ਨਾਲ ਟਕਰਾਉਣ ਤੋਂ ਬਾਅਦ ਇਸ ਦੇ ਪ੍ਰਕਾਸ਼ ਨੇ ਥੱਲੇ ਨੱਕ ਵੱਲ ਨੂੰ ਮੁੜ ਜਾਣਾ ਹੈ। ਸਾਡੇ ਨੱਕ ਦੀ ਜੋ ਹੱਡੀ ਹੈ, ਉਸ ਦਾ ਕੁੱਝ ਕੁ ਹਿੱਸਾ ਅੰਦਰ ਵੱਲ ਨੂੰ ਵਧਿਆ ਹੋਇਆ ਹੈ। ਸੁਖਮਨਾ ਨਾੜੀ ਦੇ ਪ੍ਰਕਾਸ਼ ਨੇ ਨੱਕ ਦੀ ਉਸ ਹੱਡੀ ਦੇ ਨਾਲ ਟਕਰਾਉਣ ਤੋਂ ਬਾਅਦ ਮਸਤਕ ਦੇ ਅੰਦਰ ਵੱਲ ਨੂੰ ਮੁੜ ਜਾਣਾ ਹੈ। ਜਿੱਥੇ ਸਾਡੇ ਨੱਕ ਦੀ ਹੱਡੀ ਸ਼ੁਰੂ ਹੁੰਦੀ ਹੈ, ਉਸ ਤੋਂ ਇੱਕ ਇੰਚ ਅੰਦਰ ਦੀ ਤਰਫ਼ ਤੀਜੇ

ਨੇਤਰ ਦਾ ਪਹਿਲਾ ਚੱਕਰ ਹੈ। ਜਿਸ ਜਗ੍ਹਾ ’ਤੇ ਤੁਸੀਂ ਸਾਧਨਾ ਦੇ ਦੌਰਾਨ ਆਪਣੇ ਧਿਆਨ ਨੂੰ ਇਕਾਗਰ ਕਰ ਕੇ ਰੱਖਿਆ ਸੀ, ਜਦੋਂ ਵੀ ਸੁਖਮਨਾ ਨਾੜੀ ਦਾ ਪ੍ਰਕਾਸ਼ ਇਸ ਚੱਕਰ ਦੇ ਕੋਲ ਪਹੁੰਚ ਜਾਵੇਗਾ ਤਾਂ ਤੀਜੇ ਨੇਤਰ ਦੇ ਇਸ ਚੱਕਰ ਨੇ ਸੁਖਮਨਾ ਦੇ ਪ੍ਰਕਾਸ਼ ਨੂੰ ਚੁੰਬਕ ਦੇ ਵਾਂਗੂੰ ਆਪਣੇ ਵੱਲ ਨੂੰ ਖਿੱਚ ਲੈਣਾ ਹੈ। ਪਹਿਲਾਂ ਤ੍ਰਿਕੁਟੀ ਦੇ ਵਿਚ ਸੁਖਮਨਾ ਨਾੜੀ ਦਾ ਪ੍ਰਕਾਸ਼ ਇਕੱਲਾ ਹੀ ਪਰਵੇਸ਼ ਕਰਦਾ ਹੈ। ਕੁੱਝ ਹੀ ਦਿਨਾਂ ਦੇ ਅੰਦਰ ਤੀਜੇ ਨੇਤਰ ਦੇ ਇਸ ਚੱਕਰ ਦੀ ਪ੍ਰਕਾਸ਼ ਨੂੰ ਪੀਣ ਤੋਂ ਬਾਅਦ ਤ੍ਰਿਪਤੀ ਹੋ ਜਾਣੀ ਹੈ। ਉਸ ਤੋਂ ਬਾਅਦ ਸੁਖਮਨਾ ਨਾੜੀ ਦਾ ਪ੍ਰਕਾਸ਼ ਆਪਣੇ ਆਪ ਮਸਤਕ ਦੇ ਵਿਚਕਾਰ ਚਲਾ ਜਾਵੇਗਾ। ਮਸਤਕ ਦੇ ਵਿਚਕਾਰ ਇੜਾ ਅਤੇ ਪਿੰਗਲਾ ਨਾੜੀਆਂ ਦੇ ਮੂੰਹ ਬੰਦ ਅਵਸਥਾ ਵਿਚ ਮੌਜੂਦ ਹਨ। ਸੁਖਮਨਾ ਨਾੜੀ ਦੇ ਪ੍ਰਕਾਸ਼ ਨੇ ਦੋਨਾਂ ਨਾੜੀਆਂ ਦੇ ਮੂੰਹਾਂ ਨੂੰ ਖੋਲ੍ਹਣ ਦੇ ਲਈ ਦਿਨ ਰਾਤ ਕੋਸ਼ਿਸ਼ ਕਰਨੀ ਹੈ। ਨਾਭੀ ਕੇਂਦਰ ਦੇ ਅੰਦਰ ਇਨ੍ਹਾਂ ਤਿੰਨਾਂ ਨਾੜੀਆਂ ਦੀਆਂ ਜੜ੍ਹਾਂ ਫੈਲੀਆਂ ਹੋਈਆਂ ਹਨ। ਜਿਹੜੀਆਂ ਨਾਭੀ ਕੇਂਦਰ ਤੋਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਉੱਪਰ ਮਸਤਕ ਦੇ ਨਾਲ ਜਾ ਕੇ ਜੁੜ ਜਾਂਦੀਆਂ ਹਨ। ਕੁਦਰਤ ਨੇ ਮਨੁੱਖ ਦੇ ਸਾਰੇ ਸਰੀਰ ਅੰਦਰ ਇਨ੍ਹਾਂ ਤਿੰਨਾਂ ਨਾੜੀਆਂ ਦੀ ਇੱਕ ਬਹੁਤ ਹੀ ਜਟਿਲ ਵੈਰਿੰਗ ਕੀਤੀ ਹੋਈ ਹੈ। ਜਦੋਂ ਸੁਖਮਨਾ ਨਾੜੀ ਦੇ ਪ੍ਰਕਾਸ਼ ਨੇ ਮਸਤਕ ਅੰਦਰ ਇੜਾ ਅਤੇ ਪਿੰਗਲਾ ਨਾੜੀ ਦੇ ਬੰਦ ਮੂੰਹਾਂ ਨੂੰ ਥੋੜ੍ਹਾ ਥੋੜ੍ਹਾ ਖੋਲ੍ਹ ਦਿੱਤਾ ਤਾਂ ਤੁਹਾਡੇ ਨਾਭੀ ਦੇ ਪਿਛਲੇ ਪਾਸੇ ਇੜਾ ਅਤੇ ਪਿੰਗਲਾ ਨਾੜੀ ਦੀਆਂ ਜੋ ਜੜ੍ਹਾਂ ਹਨ, ਉਨ੍ਹਾਂ ਦੇ ਅੰਦਰ ਪ੍ਰਕਾਸ਼ ਦਾ ਇੱਕ ਵਿਸਫੋਟ ਹੋਵੇਗਾ, ਜਿਸ ਦੇ ਨਾਲ ਤੁਹਾਡੇ ਢਿੱਡ ਦੇ ਅੰਦਰੋਂ ਬਹੁਤ ਸਾਰੀ ਪ੍ਰਾਣ ਊਰਜਾ ਮੁਕਤ ਹੋ ਜਾਣੀ ਹੈ। ਦੋਨਾਂ ਨਾੜੀਆਂ ਦੀਆਂ ਜੜ੍ਹਾਂ ਦੇ ਅੰਦਰੋਂ ਮੁਕਤ ਹੋਏ ਪ੍ਰਕਾਸ਼ ਨੇ ਆਪੋ-ਆਪਣੇ ਰਸਤਿਆਂ ਦੇ ਰਾਹੀਂ ਸਰੀਰ ਦੇ ਥੱਲੇ ਵਾਲੇ ਹਿੱਸੇ ਤੋਂ ਉੱਪਰ ਮਸਤਕ ਦੇ ਵੱਲ ਨੂੰ ਦੌੜਨ ਲੱਗ ਜਾਣਾ ਹੈ। ਇਨ੍ਹਾਂ ਦੋਨਾਂ ਨਾੜੀਆਂ ਦੇ ਪ੍ਰਕਾਸ਼ ਦਾ ਆਪਸ ਵਿਚ ਪਹਿਲਾ ਮਿਲਣ ਧੁੰਨੀ ਦੇ ਮਗਰਲੇ ਪਾਸੇ ’ਤੇ ਹੋਵੇਗਾ। ਦੂਜਾ ਮਿਲਣ ਜਿੱਥੇ ਪੱਸਲੀਆਂ ਸ਼ੁਰੂ ਹੁੰਦੀਆਂ ਹਨ, ਉਸ ਸਥਾਨ ’ਤੇ ਹੋਵੇਗਾ। ਤੀਜਾ ਮਿਲਣ ਗਲੇ ਦੇ ਮੁੱਢ ਅੰਦਰ ਵਾਲੇ ਸਥਾਨ ’ਤੇ ਹੋਵੇਗਾ। ਚੌਥਾ ਮਿਲਣ ਖੋਪੜੀ ਦੇ ਉੱਪਰ ਵਾਲੇ ਸਥਾਨ ’ਤੇ ਹੋਵੇਗਾ। ਪੰਜਵਾਂ ਮਿਲਣ ਤ੍ਰਿਕੁਟੀ ਵਾਲੇ ਸਥਾਨ ’ਤੇ ਹੋਵੇਗਾ ਅਤੇ ਉਸ ਤੋਂ ਬਾਅਦ ਤਿੰਨਾਂ ਨਾੜੀਆਂ ਦੇ ਪ੍ਰਕਾਸ਼ ਨੇ ਮਸਤਕ ਦੇ ਅੰਦਰ ਪਰਵੇਸ਼ ਕਰ ਜਾਣਾ ਹੈ। ਇਸ ਅਨੁਭਵ ਨੂੰ ਅਧਿਆਤਮਿਕ ਊਰਜਾ ਦਾ ਵਿਸਫੋਟ ਵੀ ਕਿਹਾ ਜਾਂਦਾ ਹੈ। ਨਾਭੀ ਕੇਂਦਰ ਦੇ ਵਿਚ ਵਿਸਫੋਟ ਹੋਣ ਤੋਂ ਬਾਅਦ ਇੜਾ ਅਤੇ ਪਿੰਗਲਾ ਨਾੜੀਆਂ ਨੇ ਊਰਜਾ ਸ਼ਕਤੀ ਨੂੰ ਪ੍ਰਚੰਡ ਪ੍ਰਕਾਸ਼ ਦੇ ਵਿਚ ਤਬਦੀਲ ਕਰਨ ਲੱਗ ਜਾਣਾ ਹੈ। ਬੇਸ਼ੱਕ ਤਿੰਨਾਂ ਨਾੜੀਆਂ ਦਾ ਪ੍ਰਕਾਸ਼ ਮਸਤਕ ਦੇ ਵਿੱਚੋਂ ਦੀ ਲੰਘ ਕੇ ਉੱਪਰ ਖੋਪੜੀ ਦੇ ਵੱਲ ਨੂੰ ਜਾਂਦਾ ਹੈ। ਇਸ ਦੇ ਬਾਵਜੂਦ ਵੀ ਇਨ੍ਹਾਂ ਨਾੜੀਆਂ ਦਾ ਪ੍ਰਕਾਸ਼ ਮਸਤਕ ਦੇ ਅੰਦਰ ਸਿੱਧਾ ਪਰਵੇਸ਼ ਨਹੀਂ ਕਰ ਸਕਦਾ। ਇੜਾ, ਪਿੰਗਲਾ ਅਤੇ ਸੁਖਮਨਾ ਦੇ ਪ੍ਰਕਾਸ਼ ਨੂੰ ਤੀਜੇ ਨੇਤਰ ਦੇ ਵਿਚ ਪਰਵੇਸ਼ ਕਰਨ ਦੇ ਲਈ ਤ੍ਰਿਕੁਟੀ ਦੇ ਵਿਚ ਬਣੇ ਰਸਤੇ ਦੀ ਵਰਤੋਂ ਹੀ ਕਰਨੀ ਪੈਂਦੀ ਹੈ। ਬਾਬਾ ਫ਼ਰੀਦ ਜੀ ਨੇ ਆਪਣੀ ਬਾਣੀ ਦੇ

ਵਿਚ ਇਸ ਪ੍ਰਕਾਸ਼ ਦਾ ਜ਼ਿਕਰ ਕੀਤਾ ਹੋਇਆ ਹੈ। ਜਦੋਂ ਸੁਖਮਨਾ ਦੇ ਦੂਜੇ ਕੇਂਦਰ ਨੇ ਊਰਜਾ ਸ਼ਕਤੀ ਨੂੰ ਪ੍ਰਚੰਡ ਪ੍ਰਕਾਸ਼ ਦੇ ਵਿਚ ਤਬਦੀਲ ਕਰਨਾ ਸ਼ੁਰੂ ਕਰ ਦਿੱਤਾ ਤਾਂ ਤੁਹਾਨੂੰ ਬ੍ਰਹਮ ਨਾਦ ਦੀ ਆਵਾਜ਼ ਇੱਕ ਸੰਖ ਦੇ ਰੂਪ ਵਿਚ ਸੁਣਾਈ ਦੇਣ ਲੱਗ ਜਾਵੇਗੀ। ਬ੍ਰਹਮ ਨਾਦ ਦੀ ਆਵਾਜ਼ ਤੁਹਾਨੂੰ ਕੰਨਾਂ ਦੇ ਵਿਚ ਪਲੱਗ ਪਾਉਣ ਤੋਂ ਬਾਅਦ ਹੀ ਸੁਣਾਈ ਦੇਣੀ ਹੈ। ਇਹ ਏਅਰ ਪਲੱਗ ਮੰਗਵਾਉਣ ਦੇ ਲਈ ਕਿਤਾਬ ਦੇ ਆਖ਼ਰੀ ਸਫ਼ਿਆਂ ਵਿਚ ਲਿੰਕ ਦਿੱਤਾ ਗਿਆ ਹੈ, ਉਸ ਦੇ ਰਾਹੀਂ ਤੁਸੀਂ ਆਪੇ ਮੰਗਵਾ ਲੈਣਾ। ਲਗਾਤਾਰ ਸਾਧਨਾ ਕਰਦੇ ਰਹਿਣ ਨਾਲ ਪ੍ਰਕਾਸ਼ ਦੀ ਗਤੀ ਹੋਰ ਜ਼ਿਆਦਾ ਵੱਧਦੀ ਜਾਣੀ ਹੈ, ਜਿਸ ਦੇ ਨਾਲ ਬ੍ਰਹਮ ਨਾਦ ਦੀ ਆਵਾਜ਼ ਵੀ ਹੋਰ ਜ਼ਿਆਦਾ ਸਾਫ਼ ਅਤੇ ਉੱਚੀ ਹੋ ਕੇ ਸੁਣਾਈ ਦੇਵੇਗੀ। ਜਿੰਨਾ ਚਿਰ ਤੱਕ ਇਨ੍ਹਾਂ ਤਿੰਨਾਂ ਨਾੜੀਆਂ ਦਾ ਪ੍ਰਕਾਸ਼ ਸਰੀਰ ਦੇ ਅੰਦਰ ਗਤੀ ਸ਼ੁਰੂ ਨਹੀਂ ਕਰਦਾ, ਓਨਾ ਚਿਰ ਤੱਕ ਬ੍ਰਹਮ ਨਾਦ ਦੀ ਆਵਾਜ਼ ਸੁਣਾਈ ਨਹੀਂ ਦੇਵੇਗੀ। ਪ੍ਰਾਣ ਪ੍ਰਕਾਸ਼ ਮਸਤਕ ਦੇ ਅੰਦਰ ਪਰਵੇਸ਼ ਕਰਨ ਦੇ ਨਾਲ ਮਸਤਕ ਨੇ ਅੰਦਰੋਂ ਸਰ ਸਰ ਕਰ ਕੇ ਹਿੱਲਣ ਲੱਗ ਜਾਣਾ ਹੈ। ਤੁਹਾਡਾ ਪੂਰੇ ਦਾ ਪੂਰਾ ਮਸਤਕ ਅੰਦਰੋਂ ਸੱਪ ਦੇ ਵਾਂਗੂੰ ਦਿਨ ਰਾਤ ਹਿੱਲਦਾ ਰਹੇਗਾ। ਇਸੇ ਕਿਰਿਆ ਦੇ ਰਾਹੀਂ ਮਸਤਕ ਨੇ ਅੰਦਰੋਂ ਹਿੱਲ ਹਿੱਲ ਕੇ ਜਾਗਦੇ ਜਾਣਾ ਹੈ। ਮਨ ਦੇ ਅੰਦਰ ਜੋ ਅਗਿਆਨਤਾ ਦੇ ਕਾਰਨ ਮੈਲ ਜੰਮ ਗਈ ਸੀ, ਇਸ ਕਿਰਿਆ ਦੇ ਨਾਲ ਉਸ ਨੇ ਹੌਲੀ ਹੌਲੀ ਕਰਕੇ ਉਤਰਦੀ ਜਾਣਾ ਹੈ। ਇੱਕ ਦਿਨ ਐਸਾ ਆ ਜਾਵੇਗਾ, ਜਦੋਂ ਤੁਹਾਨੂੰ ਅਗਿਆਨ ਇੰਦਰੀ ਤੋਂ ਪੂਰੀ ਤਰ੍ਹਾਂ ਮੁਕਤੀ ਮਿਲ ਜਾਵੇਗੀ, ਭਾਵ ਮਸਤਕ ਦੇ ਜਿਸ ਮਸ਼ੀਨੀ ਭਾਗ ਨੇ ਸੁਰਤੀ ਨੂੰ ਵਿਚਾਰਾਂ ਦੇ ਰਾਹੀਂ ਆਪਣਾ ਗ਼ੁਲਾਮ ਬਣਾ ਲਿਆ ਸੀ। ਜਿਸ ਦੇ ਕਾਰਨ ਚੇਤਨਾ ਦੇ ਪਰਦੇ ਉੱਪਰ ਵਿਚਾਰਾਂ ਦੇ ਘਣੇ ਜੰਗਲ ਉੱਗ ਖਲੋਤੇ ਸਨ। ਇਨ੍ਹਾਂ ਤਿੰਨਾਂ ਨਾੜੀਆਂ ਦੇ ਪ੍ਰਕਾਸ਼ ਨੇ ਸੁਰਤੀ ਨੂੰ ਵਿਚਾਰਾਂ ਦੀ ਗ਼ੁਲਾਮੀ ਤੋਂ ਮੁਕਤ ਕਰਵਾ ਦੇਣਾ ਹੈ। ਸੰਸਕਾਰਾਂ ਦੀ ਮੈਲ ਉਤਰਨ ਦੇ ਨਾਲ ਮਨ ਦਾ ਜਿੰਨਾ ਵੀ ਹਿੱਸਾ ਨਿਰਮਲ ਹੋ ਜਾਵੇਗਾ, ਓਨੇ ਹਿੱਸੇ ਦੇ ਵਿੱਚੋਂ ਵਿਚਾਰ ਆਉਣੇ ਬੰਦ ਹੋਈ ਜਾਣੇ ਹਨ। ਕਈ ਵਾਰ ਧਿਆਨ ਸਿਮਰਨ ਦੀ ਸਾਧਨਾ ਕਰਨ ਵੇਲੇ ਕੁੱਝ ਸਮੇਂ ਦੇ ਲਈ ਵਿਚਾਰ ਆਉਣੇ ਪੂਰੀ ਤਰ੍ਹਾਂ ਹੀ ਬੰਦ ਹੋ ਜਾਣੇ ਹਨ, ਜਿਸ ਦੇ ਨਾਲ ਤੁਹਾਡੀ ਸੁਰਤੀ ਨਿਰ-ਵਿਚਾਰ ਸਮਾਧੀ ਦੇ ਵਿਚ ਪਰਵੇਸ਼ ਕਰ ਜਾਵੇਗੀ। ਉਸ ਅਵਸਥਾ ਵਿਚ ਤੁਹਾਨੂੰ ਆਤਮਿਕ ਮੰਡਲ ਦਾ ਅਨੁਭਵ ਹੋਵੇਗਾ। ਇਹ ਇੱਕ ਬਹੁਤ ਹੀ ਅਨੰਦਮਈ ਅਵਸਥਾ ਹੈ, ਜਿਸ ਨੂੰ ਤੁਸੀਂ ਅਨੁਭਵ ਕਰ ਰਹੇ ਹੋ। ਇਸ ਤਰ੍ਹਾਂ ਦੀ ਅਵਸਥਾ ਦਾ ਅਨੁਭਵ ਤੁਹਾਨੂੰ ਹਰ ਦਿਨ ਨਹੀਂ ਹੋਵੇਗਾ। ਆਤਮ ਵਿੱਦਿਆ ਦਾ ਇਹ ਭਾਗ ਬਹੁਤ ਬਰੀਕ ਹੈ, ਸਾਧਨਾ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਇਸ ਭਾਗ ਨੂੰ ਕਈ ਵਾਰ ਪੜ੍ਹ ਕੇ ਚੰਗੀ ਤਰ੍ਹਾਂ ਸਮਝ ਲੈਣਾ ਬਹੁਤ ਜ਼ਰੂਰੀ ਹੈ। ਇੱਕ ਤਰਫ਼ ਪ੍ਰਕਾਸ਼ ਨੇ ਮਨ ਦੀ ਮੈਲ ਨੂੰ ਦੂਰ ਕਰਦੇ ਜਾਣਾ ਹੈ, ਦੂਜੀ ਤਰਫ਼ ਇਸੇ ਪ੍ਰਕਾਸ਼ ਨੇ ਮਨ ਨੂੰ ਸ਼ਕਤੀ ਵੀ ਪ੍ਰਦਾਨ ਕਰਨੀ ਹੈ। ਇੱਕ ਸ਼ਕਤੀਸ਼ਾਲੀ ਮਨ ਹੀ ਆਤਮਾ ਦੇ ਅਗਿਆਨ ਨੂੰ ਦੂਰ ਕਰਕੇ ਇਸ ਦਾ ਮਿਲਣ ਪਾਰਬ੍ਰਹਮ ਰੂਪੀ ਸਹਿਜ ਤੱਤ ਦੇ ਨਾਲ ਕਰਵਾ ਸਕਦਾ ਹੈ। ਹਰ ਇੱਕ ਮਨੁੱਖ ਦੇ ਸਰੀਰ ਅੰਦਰ ਇਹ ਤਿੰਨੇ

ਸ਼ਕਤੀਆਂ ਮੌਜੂਦ ਹਨ, ਜੋ ਬਹੁਤ ਹੀ ਮੱਧਮ ਰੂਪ ਦੇ ਵਿਚ ਪ੍ਰਕਾਸ਼ ਨੂੰ ਉਤਪੰਨ ਕਰ ਰਹੀਆਂ ਹਨ। ਜਿਸ ਦੇ ਨਾਲ ਸਰੀਰ ਆਪਣੇ ਸਾਰੇ ਕਾਰਜਾਂ ਨੂੰ ਕਰਦਾ ਹੈ, ਭਾਵ ਕਿ ਭੁੱਖ, ਪਿਆਸ ਲੱਗਣੀ ਖਾਣਾ ਪਚਾਉਣ ਅਤੇ ਖਾਣੇ ਦੇ ਵਿੱਚੋਂ ਪੌਸ਼ਟਿਕ ਤੱਤਾਂ ਨੂੰ ਅਲੱਗ ਕਰ ਕੇ ਸਰੀਰ ਦੇ ਵੱਖ-ਵੱਖ ਹਿੱਸਿਆਂ ਦੇ ਵਿਚ ਪਹੁੰਚਾਉਣਾ, ਕੋਸ਼ਕਾਵਾਂ ਦੀ ਟੁੱਟ-ਭੱਜ ਨੂੰ ਠੀਕ ਕਰਨਾ, ਜ਼ਿੰਦਗੀ ਦੇ ਰੋਜ਼ਮੱਰਾ ਦੇ ਕੰਮ-ਕਾਜ ਆਦਿ ਸ਼ਾਮਲ ਹਨ। ਇਹ ਤਿੰਨੇ ਸ਼ਕਤੀਆਂ ਹੀ ਹਨ ਜਿਹੜੀਆਂ ਮਨੁੱਖਾਂ ਦੇ ਸਰੀਰ ਨੂੰ ਜ਼ਿੰਦਾ ਰੱਖਣ ਦੇ ਲਈ ਪ੍ਰਾਣਾਂ ਦੀ ਸਪਲਾਈ ਕਰਦੀਆਂ ਹਨ। ਮਨੁੱਖ ਭਾਵੇਂ ਸੁੱਤੀ ਅਵਸਥਾ ਵਿਚ ਹੋਵੇ ਜਾਂ ਜਾਗ੍ਰਿਤ ਅਵਸਥਾ ਵਿਚ ਹੋਵੇ, ਇਹ ਤਿੰਨੇ ਨਾੜੀਆਂ ਆਪੋ-ਆਪਣੇ ਕਾਰਜਾਂ ਨੂੰ ਕਰੀ ਜਾਂਦੀਆਂ ਹਨ।

ਦੂਜੀ ਤਰਫ਼ ਇਨ੍ਹਾਂ ਤਿੰਨਾਂ ਨਾੜੀਆਂ ਦਾ ਸਬੰਧ ਅਧਿਆਤਮਿਕ ਜੀਵਨ ਦੇ ਨਾਲ ਵੀ ਹੈ। ਮਨ ਦੇ ਚੇਤਨ ਹਿੱਸੇ ਵਿਚ ਵਿਚਾਰਾਂ ਦੇ ਚੱਲਣ ਕਾਰਨ ਮਨੁੱਖ ਦੀ ਸੁਰਤੀ ਸੁੱਤੀ ਅਵਸਥਾ ਵਿਚ ਚਲੀ ਜਾਂਦੀ ਹੈ। ਉਮਰ ਵਧਣ ਨਾਲ ਚੇਤਨਾ ਦੇ ਪਰਦੇ ਉੱਪਰ ਵਿਚਾਰਾਂ ਦੀ ਗਿਣਤੀ ਵੀ ਵਧਦੀ ਜਾਂਦੀ ਹੈ। ਹੌਲੀ ਹੌਲੀ ਕਰਕੇ ਵਿਚਾਰ ਚੇਤਨਾ ਸ਼ਕਤੀ ਦੇ ਆਕਾਸ਼ ਨੂੰ ਆਪਣੇ ਅਧੀਨ ਕਰ ਲੈਂਦੇ ਹਨ। ਬਾਅਦ ਵਿਚ ਚੇਤਨਾ ਦੇ ਪਰਦੇ ਉੱਪਰ ਅਣਗਿਣਤ ਚੰਗੇ ਅਤੇ ਬੁਰੇ ਵਿਚਾਰਾਂ ਦਾ ਰਾਜ ਸਥਾਪਿਤ ਹੋ ਜਾਂਦਾ ਹੈ। ਮਨੁੱਖ ਪਾਰਬ੍ਰਹਮ ਰੂਪੀ ਅਨੰਦ ਦੇ ਸਾਗਰ ਵਿਚ ਹੋਣ ਦੇ ਬਾਵਜੂਦ ਵੀ ਉਸ ਅਨੰਦਮਈ ਤੱਤ ਨੂੰ ਅਨੁਭਵ ਕੀਤੇ ਬਿਨਾਂ ਆਪਣਾ ਸਾਰਾ ਜੀਵਨ ਬਤੀਤ ਕਰ ਦੇਂਦਾ ਹੈ। ਜਨਮ ਅਤੇ ਮਰਨ ਦੇ ਵਿਚ ਆਤਮਾ ਦੀ ਕੋਈ ਇੱਛਾ ਨਹੀਂ ਚੱਲਦੀ, ਪ੍ਰਕਿਰਤੀ ਨਿਯਮ ਇਸ ਨੂੰ ਧੱਕ ਦੇਂਦਾ ਹੈ।

ਹਰ ਇੱਕ ਮਨੁੱਖ ਸਰੀਰਕ ਤੌਰ ’ਤੇ ਜਾਗ ਰਿਹਾ ਹੈ, ਪਰ ਮਾਨਸਿਕ ਤੌਰ ’ਤੇ ਅੰਦਰੋਂ ਪੂਰੀ ਤਰ੍ਹਾਂ ਸੁੱਤਾ ਹੋਇਆ ਹੈ। ਮਨੁੱਖ ਆਪਣੀ ਜ਼ਿੰਦਗੀ ਦੇ ਸਾਰੇ ਕਾਰਜਾਂ ਨੂੰ ਮਨ ਦੇ ਸੁੱਤੇ ਭਾਗ (ਕੰਪਿਊਟਰ ਰੂਪੀ ਮਸ਼ੀਨ) ਤੋਂ ਕਰਵਾਉਂਦਾ ਹੈ। ਜਿਵੇਂ ਕਿ ਪਿਆਰ ਕਰਨਾ, ਲੜਨਾ ਝਗੜਨਾ, ਬੋਲਣਾ ਚੱਲਣਾ, ਭੋਜਨ ਖਾਣਾ, ਕੰਮ ਕਰਨਾ, ਕੋਈ ਵੀ ਕਾਰਜ ਹੋਵੇ, ਉਸ ਕਾਰਜ ਨੂੰ ਕਰਨ ਦੇ ਦੌਰਾਨ ਮਨੁੱਖ ਦੀ ਚੇਤਨਾ ਦੇ ਪਰਦੇ ਉੱਪਰ ਵਿਚਾਰ ਕਿਸੇ ਹੋਰ ਗੱਲ ਨੂੰ ਲੈ ਕੇ ਚੱਲੀ ਜਾ ਰਹੇ ਹਨ, ਭਾਵ ਮਨੁੱਖ ਦੇ ਅੰਦਰੋਂ ਚੇਤਨ ਭਾਵ ਹੌਲੀ ਹੌਲੀ ਕਰਕੇ ਖ਼ਤਮ ਹੋਈ ਜਾਂਦਾ ਹੈ। ਹਰ ਇੱਕ ਮਨੁੱਖ ਦੇ ਅੰਦਰ ਬਹੁਤ ਸਾਰੇ ਮਨੁੱਖਾਂ ਦੀ ਭੀੜ ਹੈ, ਜੋ ਇਸ ਨੂੰ ਆਪੋ-ਆਪਣੀ ਮਰਜ਼ੀ ਦੇ ਨਾਲ ਇੱਧਰ-ਉੱਧਰ ਖਿੱਚੀ ਜਾ ਰਹੀ ਹੈ। ਮਸਤਕ ਦੇ ਅੰਦਰ ਜੋ ਵੀ ਸਿਮਰਤੀ ਦੇ ਰੂਪ ਵਿਚ ਜਾਣਕਾਰੀ ਹੈ, ਉਸ ਦੇ ਅਨੁਸਾਰ ਸਾਰਾ ਜੀਵਨ ਚੱਲਣ ਲੱਗ ਜਾਂਦਾ ਹੈ, ਜਦ ਕਿ ਜੀਵਨ ਤਾਂ ਪਰਿਵਰਤਨਸ਼ੀਲ ਹੈ, ਹਰ ਪਲ ਨਵਾਂ ਅਤੇ ਤਾਜ਼ਾ ਹੈ। ਜੋ ਦਰੱਖ਼ਤ ਕੱਲ੍ਹ ਸੀ ਅੱਜ ਇਹ ਦਰੱਖ਼ਤ ਉਸੇ ਵਰਗਾ ਨਹੀਂ ਹੈ, ਕਈ ਪੁਰਾਣੇ ਪੱਤੇ ਝੜਨ ਤੋਂ ਬਾਅਦ ਕਈ ਹੋਰ ਨਵੇਂ ਪੱਤੇ ਉਸ ਦੀਆਂ ਟਾਹਣੀਆਂ ਨੂੰ ਲੱਗ ਗਏ ਹਨ। ਜੋ ਪਤੀ, ਪਤਨੀ ਜਾਂ ਬੱਚੇ ਕੱਲ੍ਹ ਸਨ, ਉਨ੍ਹਾਂ ਦੇ ਅੰਦਰੋਂ ਸਭ ਕੁੱਝ ਬਦਲ ਗਿਆ ਹੈ। ਕੱਲ੍ਹ ਵਰਗਾ ਕੁੱਝ ਵੀ ਨਹੀਂ ਹੈ। ਤੁਸੀਂ 01 ਤੋਂ ਲੈ ਕੇ 10 ਤੱਕ

ਦੀ ਗਿਣਤੀ ਕਰ ਕੇ ਦੇਖੋ, ਤੁਸੀਂ 10 ਤੱਕ ਨਹੀਂ ਪਹੁੰਚਣਾ ਕਿ ਤੁਹਾਡੀ ਸੁਰਤੀ ਨੇ ਚੇਤਨ ਦੇ ਪਰਦੇ ਉੱਪਰ ਆਏ ਵਿਚਾਰਾਂ ਵਿਚ ਖੋਹ ਜਾਣਾ ਹੈ। ਇਹ ਸਮੱਸਿਆ ਕੇਵਲ ਤੁਹਾਡੀ ਹੀ ਨਹੀਂ, ਬਲਕਿ ਹਰ ਇੱਕ ਉਸ ਮਨੁੱਖ ਦੀ ਹੈ ਜੋ ਵੀ ਇਸ ਧਰਤੀ ਦੇ ਉੱਪਰ ਜਨਮ ਲੈ ਰਿਹਾ ਹੈ।

ਇੜਾ ਨਾੜੀ ਠੰਢੀ ਠਾਰ ਹੈ, ਜਦੋਂ ਇਹ ਉੱਪਰ ਵੱਲ ਨੂੰ ਗਤੀ ਕਰਦੀ ਹੋਈ ਜਾਂਦੀ ਹੈ ਤਾਂ ਇਸ ਦੇ ਕੁੱਝ ਹਿੱਸੇ ਨੇ ਸੱਜੀ ਨਾਸਕਾ ਦੇ ਵਿਚ ਪਰਵੇਸ਼ ਕਰ ਜਾਣਾ ਹੈ। ਪਿੰਗਲਾ ਨਾੜੀ ਗਰਮ ਹੈ, ਇਹ ਵੀ ਜਦੋਂ ਉੱਪਰ ਵੱਲ ਨੂੰ ਗਤੀ ਕਰਦੀ ਹੈ ਤਾਂ ਇਸ ਦੇ ਕੁੱਝ ਕੁ ਹਿੱਸੇ ਨੇ ਖੱਬੀ ਨਾਸਕਾ ਦੇ ਵਿਚ ਪਰਵੇਸ਼ ਕਰਨ ਲੱਗ ਜਾਣਾ ਹੈ। ਸਾਡੇ ਸਰੀਰ ਦੇ ਅੰਦਰ ਚੱਲ ਰਹੇ ਸਵਾਸਾਂ ਦੀ ਕਿਰਿਆ ਨੂੰ ਇਹ ਤਿੰਨੇ ਨਾੜੀਆਂ ਹੀ ਨਿਰੰਤਰ ਕਰਦੀਆਂ ਹਨ। ਸਾਰਾ ਦਿਨ ਸਵਾਸ ਆਪਣੇ ਆਪ ਇੜਾ ਤੋਂ ਪਿੰਗਲਾ ਅਤੇ ਫਿਰ ਪਿੰਗਲਾ ਤੋਂ ਇੜਾ ਅਤੇ ਕਦੇ ਕਦਾਈਂ ਸੁਖਮਨਾ ਦੇ ਵਿਚ ਤਬਦੀਲ ਹੋਈ ਜਾਂਦੇ ਹਨ। ਆਪਣੇ ਆਪ ਸਵਾਸ ਕਦੇ ਇੜਾ ਭਾਵ ਸੱਜੀ ਨਾਸਕਾ ਦੇ ਰਾਹੀਂ ਚੱਲ ਪੈਂਦੇ ਹਨ ਅਤੇ ਕਦੇ ਖੱਬੀ ਨਾਸਕਾ ਭਾਵ ਪਿੰਗਲਾ ਦੇ ਰਾਹੀਂ ਚੱਲ ਪੈਂਦੇ ਹਨ। ਸਵਾਸਾਂ ਦੇ ਬਦਲਣ ਨਾਲ ਕਦੇ ਸੱਜਾ ਦਿਮਾਗ਼ ਚੱਲ ਪੈਂਦਾ ਹੈ ਅਤੇ ਕਦੇ ਖੱਬਾ ਦਿਮਾਗ਼ ਐਕਟਿਵ ਹੋ ਜਾਂਦਾ ਹੈ। ਜਦੋਂ ਤੁਹਾਡੇ ਸਵਾਸ ਦੋਨਾਂ ਨਾਸਕਾਂ ਦੇ ਰਾਹੀਂ ਚੱਲ ਪੈਣ ਤਾਂ ਤੁਸੀਂ ਸਮਝ ਲੈਣਾ ਕਿ ਤੁਹਾਡੀ ਸੁਖਮਨਾ ਨਾੜੀ ਚੱਲ ਪਈ ਹੈ। ਉਸ ਸਮੇਂ ਹੋ ਸਕੇ ਤਾਂ ਧਿਆਨ ਸਿਮਰਨ ਦੇ ਵਿਚ ਬੈਠਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਦੋਨਾਂ ਨਾਸਕਾਂ ਦੇ ਰਾਹੀਂ ਸਵਾਸ ਚੱਲਣ ਦੇ ਨਾਲ ਮਨ ਬਹੁਤ ਜਲਦੀ ਇਕਾਗਰ ਹੋ ਜਾਂਦਾ ਹੈ। ਇਨ੍ਹਾਂ ਤਿੰਨਾਂ ਨਾੜੀਆਂ ਦੇ ਸੁਭਾਉ ਆਪੋ-ਆਪਣੇ ਹਨ, ਇਸ ਕਾਰਨ ਮਨੁੱਖ ਦਾ ਵਿਵਹਾਰ ਖੱਬੀ ਨਾਸਕਾ ਦੇ ਰਾਹੀਂ ਸਵਾਸ ਚੱਲਣ ਨਾਲ ਹੋਰ ਤਰ੍ਹਾਂ ਦਾ ਹੋ ਜਾਂਦਾ ਹੈ। ਸੱਜੀ ਨਾਸਕਾ ਦੇ ਰਾਹੀਂ ਸਵਾਸ ਚੱਲਣ ਦੇ ਨਾਲ ਵਿਵਹਾਰ ਹੋਰ ਤਰ੍ਹਾਂ ਦਾ ਹੋ ਜਾਂਦਾ ਹੈ। ਜਦੋਂ ਦੋਨਾਂ ਨਾਸਕਾਂ ਦੇ ਵਿੱਚੋਂ ਸਵਾਸ ਚੱਲ ਪੈਣ ਤਾਂ ਮਨੁੱਖ ਦਾ ਸੁਭਾਉ ਹੋਰ ਹੀ ਤਰ੍ਹਾਂ ਦਾ ਹੋ ਜਾਂਦਾ ਹੈ। ਤੁਸੀਂ ਆਪਣੇ ਵਿਵਹਾਰ ਨੂੰ ਜਦੋਂ ਦੇਖੋਗੇ ਤਾਂ ਤੁਹਾਨੂੰ ਆਪਣੇ ਆਪ ਪਤਾ ਲੱਗ ਜਾਣਾ ਹੈ। ਜਦੋਂ ਸਵਾਸ ਇੜਾ ਨਾੜੀ ਦੇ ਰਾਹੀਂ ਚੱਲਦੇ ਹਨ ਤਾਂ ਮਨੁੱਖ ਦਾ ਵਿਵਹਾਰ ਸ਼ਾਂਤ ਹੋ ਜਾਂਦਾ ਹੈ। ਜਦੋਂ ਪਿੰਗਲਾ ਨਾੜੀ ਦੇ ਰਾਹੀਂ ਸਵਾਸ ਚੱਲਦੇ ਹਨ ਤਾਂ ਮਨੁੱਖ ਦਾ ਵਿਵਹਾਰ ਥੋੜ੍ਹਾ ਗ਼ੁੱਸੇ ਵਾਲਾ ਵੀ ਹੋ ਸਕਦਾ ਹੈ, ਜਿਸ ਦੇ ਕਾਰਨ ਮਨੁੱਖ ਗੱਲ ਗੱਲ 'ਤੇ ਖਿੱਝ ਸਕਦਾ ਹੈ। ਇਸ ਕਿਰਿਆ ਦਾ ਮਨੁੱਖ ਨੂੰ ਪਤਾ ਹੀ ਨਹੀਂ ਲੱਗਦਾ, ਉਹ ਇਸ ਤਰ੍ਹਾਂ ਦਾ ਵਿਵਹਾਰ ਕਿਉਂ ਕਰ ਰਿਹਾ ਹੈ। ਜਦੋਂ ਤੁਸੀਂ ਲਗਾਤਾਰ ਸਾਧਨਾ ਕਰਦੇ ਜਾਵੋਗੇ ਤਾਂ ਤੁਹਾਨੂੰ ਆਪਣੇ ਆਪ ਦੇ ਬਾਰੇ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੋਣ ਲੱਗ ਜਾਵੇਗੀ। ਇਸ ਦਾ ਕਾਰਨ ਹੈ ਕਿ ਮਨੁੱਖ ਦਾ ਧਿਆਨ ਆਪਣੇ ਆਪ ਉੱਪਰ ਕੇਂਦਰਿਤ ਹੋਈ ਜਾ ਰਿਹਾ ਹੈ। ਜਦੋਂ ਸੁਖਮਨਾ ਨਾੜੀ ਚੱਲਦੀ ਹੈ ਤਾਂ ਮਨੁੱਖ ਦਾ ਵਿਵਹਾਰ ਇੱਕ ਅਲੱਗ ਹੀ ਤਰ੍ਹਾਂ ਦਾ ਹੋ ਜਾਂਦਾ ਹੈ। ਉਸ ਸਮੇਂ ਮਨੁੱਖ ਦੇ ਅੰਦਰੋਂ ਅਧਿਆਤਮਿਕ ਕਾਰਜਾਂ ਨੂੰ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ।

ਸੁਖਮਨਾ ਸਤੋ ਗੁਣੀ ਹੈ

ਜਦੋਂ ਮਨੁੱਖ ਦੇ ਸਰੀਰ ਅੰਦਰ ਸੁਖਮਨਾ ਨਾੜੀ ਦਾ ਪ੍ਰਕਾਸ਼ ਗਤੀ ਕਰਨ ਲੱਗ ਜਾਂਦਾ ਹੈ ਤਾਂ ਤੁਹਾਨੂੰ ਇਸ ਤਰ੍ਹਾਂ ਦਾ ਅਨੁਭਵ ਹੋਵੇਗਾ ਜਿਵੇਂ ਰੀੜ੍ਹ ਦੀ ਹੱਡੀ ਦੇ ਨਾਲ ਹੀ ਪ੍ਰਕਾਸ਼ ਬਲਬਾਂ ਦੀ ਲੜੀ ਵਾਂਗੂੰ ਦੌੜਦਾ ਹੋਇਆ ਤੀਜੇ ਨੇਤਰ ਦੇ ਰਾਹੀਂ ਮਸਤਕ ਦੇ ਅੰਦਰ ਪਰਵੇਸ਼ ਕਰਨ ਲੱਗ ਪਿਆ ਹੈ। ਸਭ ਤੋਂ ਪਹਿਲਾਂ ਸੁਖਮਨਾ ਨਾੜੀ ਦਾ ਪ੍ਰਕਾਸ਼ ਪ੍ਰਗਟ ਹੋਵੇਗਾ। ਜਿਸ ਮਨੁੱਖ ਦੇ ਸਰੀਰ ਅੰਦਰ ਸੁਖਮਨਾ ਨਾੜੀ ਦਾ ਪ੍ਰਕਾਸ਼ ਗਤੀਮਾਨ ਹੋ ਚੁੱਕਾ ਹੈ, ਉਸ ਮਨੁੱਖ ਨੂੰ ਪਹਿਲਾਂ ਨਾਦੀ ਸੰਖ ਦੀ ਆਵਾਜ਼ ਸੁਣਾਈ ਦੇਵੇਗੀ। ਕੁੱਝ ਦਿਨਾਂ ਬਾਅਦ ਜਦੋਂ ਇੜਾ ਅਤੇ ਪਿੰਗਲਾ ਨਾੜੀਆਂ ਨੇ ਊਰਜਾ ਸ਼ਕਤੀ ਨੂੰ ਪ੍ਰਕਾਸ਼ ਦੇ ਵਿਚ ਤਬਦੀਲ ਕਰਨਾ ਸ਼ੁਰੂ ਕੀਤਾ ਤਾਂ ਤੁਹਾਨੂੰ 'ਬ੍ਰਹਮ ਨਾਦ' ਦੀ ਆਵਾਜ਼ ਸੁਣਾਈ ਦੇਵੇਗੀ। ਬ੍ਰਹਮ ਨਾਦ ਦੀ ਆਵਾਜ਼ ਮੈਨੂੰ ਬਹੁਤ ਉੱਚੀ ਸੁਣਾਈ ਦੇਂਦੀ ਹੈ। ਇਸ ਆਵਾਜ਼ ਨੂੰ ਮੈਂ ਕਈ ਸਾਲਾਂ ਤੋਂ ਸੁਣੀ ਜਾ ਰਿਹਾ ਹਾਂ। ਇਸ ਨਾਦ ਦੀ ਆਵਾਜ਼ ਕਿਸ ਤਰ੍ਹਾਂ ਦੀ ਹੈ, ਇਹ ਗੱਲ ਮੇਰੀ ਪਕੜ ਦੇ ਵਿਚ ਨਹੀਂ ਆਈ। ਤੁਸੀਂ ਇਸ ਤਰ੍ਹਾਂ ਕਹਿ ਸਕਦੇ ਹੋ ਕਿ ਸੰਖ ਦੀ ਆਵਾਜ਼ ਦੇ ਕਾਫ਼ੀ ਲਾਗੇ-ਬੰਨੇ ਹੈ ਬ੍ਰਹਮ ਨਾਦ ਦੀ ਆਵਾਜ਼। ਬਾਕੀ ਜੇਕਰ ਕੋਈ ਹੋਰ ਸਾਜ਼ਾਂ ਦੀ ਗੱਲ ਕਰ ਰਿਹਾ ਹੈ, ਇਨ੍ਹਾਂ ਗੱਲਾਂ ਵਿਚ ਕੋਈ ਸਾਰ ਨਹੀਂ ਹੈ ਐਵੇਂ ਮਨ ਘੜਤ ਗੱਲਾਂ ਹਨ। ਕੋਈ ਬੋਲ ਰਿਹਾ ਹੈ ਮੈਨੂੰ ਬਾਂਸਰੀ ਦੀ ਆਵਾਜ਼ ਸੁਣਾਈ ਦੇਂਦੀ ਹੈ। ਕੋਈ ਤਬਲੇ ਦੀ ਜਾਂ ਕਿਸੇ ਹੋਰ ਸਾਜ਼ਾਂ ਦੀ, ਪਰ ਐਦਾਂ ਦੀ ਕੋਈ ਗੱਲਬਾਤ ਨਹੀਂ ਹੈ। ਸਾਧਨਾ ਦੀ ਸਾਰੀ ਕਿਰਿਆ ਇੜਾ ਅਤੇ ਪਿੰਗਲਾ ਨੂੰ ਸੁਖਮਨਾ ਦੇ ਅਧੀਨ ਲਿਆਉਣ ਵਾਸਤੇ ਹੈ। ਜਿਸ ਤਰ੍ਹਾਂ ਘੋੜੇ ਨੂੰ ਲਗਾਮਾਂ ਦੇ ਰਾਹੀਂ ਵੱਸ ਵਿਚ ਕੀਤਾ ਜਾਂਦਾ ਹੈ, ਬਿਲਕੁਲ ਉਸੇ ਹੀ ਤਰ੍ਹਾਂ ਇੜਾ ਅਤੇ ਪਿੰਗਲਾ ਰੂਪੀ ਦੋ ਲਗਾਮਾਂ ਨੂੰ ਸੁਖਮਨਾ ਦੇ ਵੱਸ ਵਿਚ ਲਿਆਉਣ ਦੇ ਲਈ ਸਾਧਨਾ ਕਰਨੀ ਹੈ, ਤਾਂ ਜੋ ਸੁਖਮਨਾ ਮਨ ਨੂੰ ਆਪਣੇ ਵੱਸ ਦੇ ਵਿਚ ਲਿਆ ਸਕੇ।

ਜਦੋਂ ਇੜਾ ਅਤੇ ਪਿੰਗਲਾ ਸੁਖਮਨਾ ਨਾੜੀ ਦੇ ਅਧੀਨ ਆ ਜਾਣਗੀਆਂ ਤਾਂ ਮਨੁੱਖ ਨੂੰ ਦੋਹਰੇ ਭਾਵ ਤੋਂ ਮੁਕਤੀ ਮਿਲ ਜਾਣੀ ਹੈ। ਧਿਆਨ ਸਿਮਰਨ ਕਰਨ ਸਮੇਂ ਜਦੋਂ ਦੋਨਾਂ ਨਾਸਕਾਂ ਦੇ ਰਾਹੀਂ ਸਵਾਸ ਚੱਲ ਪੈਣ ਤਾਂ ਉਸ ਅਵਸਥਾ ਵਿਚ ਮਨ ਰੂਪੀ ਦੀਪਕ ਦੇ ਵਿਚ ਜੋ ਸੁਰਤੀ ਰੂਪੀ ਜੋਤ ਹੈ, ਉਸ ਨੂੰ ਇੜਾ ਅਤੇ ਪਿੰਗਲਾ ਦੀਆਂ ਹਵਾਵਾਂ ਨਹੀਂ ਹਿਲਾਉਂਦੀਆਂ। ਇਸ ਅਵਸਥਾ ਵਿਚ ਤੁਸੀਂ ਬ੍ਰਹਮ ਦੇ ਸਹਿਜ ਤੱਤ ਨੂੰ ਅਨੁਭਵ ਕਰ ਲੈਂਦੇ ਹੋ। ਜਦੋਂ ਸੁਖਮਨਾ ਨਾੜੀ ਇੜਾ ਅਤੇ ਪਿੰਗਲਾ ਨਾੜੀ ਨੂੰ ਆਪਣੇ ਅਧੀਨ ਲਿਆਉਣ ਦੇ ਲਈ ਕੋਸ਼ਿਸ਼ ਕਰਦੀ ਹੈ ਤਾਂ ਇਸ ਸੁਖਮਨਾ ਨਾੜੀ ਨੂੰ ਬਹੁਤ ਸਾਰੀ ਸ਼ਕਤੀ ਲਗਾਉਣੀ ਪੈਂਦੀ ਹੈ। ਸੁਖਮਨਾ ਦਾ ਪ੍ਰਕਾਸ਼ ਮਨ ਦੇ ਉੱਪਰ ਕੰਟਰੋਲ ਪਹਿਲਾਂ ਸਮਾਧੀ ਅਵਸਥਾ ਦੇ ਵਿਚ ਹੀ ਕਰਦਾ ਹੈ। ਇਨ੍ਹਾਂ ਤਿੰਨਾਂ ਸ਼ਕਤੀਆਂ ਦਾ ਪ੍ਰਕਾਸ਼ ਮਸਤਕ ਦੇ ਅੰਦਰ ਲਗਾਤਾਰ ਪਰਵੇਸ਼ ਕਰਨ ਦੇ ਨਾਲ ਚੇਤਨ ਮਨ ਦੀ ਸ਼ਕਤੀ ਦਿਨ-ਬਦਿਨ ਵਧਦੀ ਹੀ ਜਾਵੇਗੀ। ਆਪਣੀ ਸੁਰਤੀ ਅਤੇ ਚੇਤਨਾ ਦੇ ਆਕਾਸ਼ ਨੂੰ ਵਿਚਾਰਾਂ ਤੋਂ ਮੁਕਤ ਕਰ ਲੈਣਾ ਕੋਈ ਰੋਟੀਆਂ ਨੂੰ ਸੇਕਣ ਵਾਂਗੂੰ ਆਸਾਨ

ਕੰਮ ਨਹੀਂ ਹੈ। ਇਸ ਦੇ ਲਈ ਜਪ ਤਪ ਦੀ ਸਾਧਨਾ ਦੇ ਵਿੱਚੋਂ ਦੀ ਸਾਧਕ ਨੂੰ ਬਾਰ ਬਾਰ ਲੰਘਣਾ ਪੈਂਦਾ ਹੈ। ਸੁਖਮਨਾ ਮਨ ਨੂੰ ਸਵਰਨ ਪ੍ਰਕਾਸ਼ ਦੇ ਨਾਲ ਚਲਾਉਣਾ ਚਾਹੁੰਦੀ ਹੈ ਅਤੇ ਇੜਾ ਅਤੇ ਪਿੰਗਲਾ ਮਨ ਨੂੰ ਵਿਚਾਰਾਂ ਦੇ ਰਾਹੀਂ ਚਲਾਉਣਾ ਚਾਹੁੰਦੀਆਂ ਹਨ। ਜਦੋਂ ਵੀ ਮਨ ਇੱਕ ਵਾਰ ਸਵਰਨ ਪ੍ਰਾਣਾਂ ਦੇ ਨਾਲ ਚੱਲਣ ਲੱਗ ਪਿਆ ਤਾਂ ਭਾਵੇਂ ਇਹ ਅਨੁਭਵ ਕੁੱਝ ਹੀ ਛਿਣਾਂ ਦੇ ਲਈ ਕਿਉਂ ਨਾ ਪ੍ਰਾਪਤ ਹੋਇਆ ਹੋਵੇ। ਕੁੱਝ ਹੀ ਦਿਨਾਂ ਦੇ ਅੰਦਰ ਤੁਹਾਡੇ ਸੁਭਾਉ ਦੇ ਅੰਦਰ ਪਰਿਵਰਤਨ ਆਉਣ ਲੱਗ ਜਾਣੇ ਹਨ। ਜਦੋਂ ਇੜਾ ਅਤੇ ਪਿੰਗਲਾ ਨਾੜੀ ਨੇ ਸਰੀਰ ਦੇ ਅੰਦਰ ਗਤੀ ਕਰਨੀ ਸ਼ੁਰੂ ਕੀਤੀ ਤਾਂ ਸੁਖਮਨਾ ਨਾੜੀ ਨੇ ਦੋਨਾਂ ਨੂੰ ਆਪਣੇ ਅਧੀਨ ਲਿਆਉਣ ਦੇ ਲਈ ਦਿਨ ਰਾਤ ਕੋਸ਼ਿਸ਼ ਕਰਨੀ ਹੈ। ਇੱਕ ਸਮਾਂ ਐਸਾ ਆ ਜਾਵੇਗਾ ਜਦੋਂ ਸੁਖਮਨਾ ਨਾੜੀ ਨੇ ਆਪਣਾ ਰਾਜ ਪੂਰੀ ਤਰ੍ਹਾਂ ਸਥਾਪਿਤ ਕਰ ਲੈਣਾ ਹੈ। ਉਸ ਤੋਂ ਬਾਅਦ ਅਚੇਤ ਮਨ ਨੇ ਹੌਲੀ ਹੌਲੀ ਪਿਘਲ ਕੇ ਪਾਰਬ੍ਰਹਮ ਦੇ ਚੇਤਨ ਤੱਤ ਵਿਚ ਲੀਨ ਹੋ ਜਾਣਾ ਹੈ। ਇੜਾ ਅਤੇ ਪਿੰਗਲਾ ਦੀ ਸੁਧਾਈ ਕਰਨ ਤੋਂ ਬਾਅਦ ਸੁਖਮਨਾ ਨਾੜੀ ਦਾ ਕਾਰਜ ਪੂਰਾ ਹੋ ਜਾਵੇਗਾ ਅਤੇ ਸੁਖਮਨਾ ਨਾੜੀ ਨੇ ਪਾਰਬ੍ਰਹਮ ਦੇ ਸਹਿਜ ਤੱਤ ਵਿਚ ਸਦਾ ਲਈ ਲੀਨ ਹੋ ਜਾਣਾ ਹੈ। ਸਾਧਾਰਨ ਤੌਰ ’ਤੇ ਸਰੀਰ ਅੰਦਰ ਇਹ ਤਿੰਨੇ ਨਾੜੀਆਂ ਬਹੁਤ ਹੀ ਮੱਧਮ ਰੂਪ ਵਿਚ ਊਰਜਾ ਸ਼ਕਤੀ ਨੂੰ ਪ੍ਰਕਾਸ਼ ਦੇ ਵਿਚ ਤਬਦੀਲ ਕਰਦੀਆਂ ਹਨ। ਤਿੰਨਾਂ ਨਾੜੀਆਂ ਦੀ ਪ੍ਰਚੰਡ ਊਰਜਾ ਸ਼ਕਤੀ ਨੂੰ ਪ੍ਰਕਾਸ਼ ਦੇ ਵਿਚ ਤਬਦੀਲ ਕਰਵਾਉਣ ਦੇ ਲਈ ਮਨੁੱਖ ਨੂੰ ਧਿਆਨ ਸਿਮਰਨ ਦੀ ਮਦਦ ਲੈਣੀ ਪੈਂਦੀ ਹੈ। ਮਨੁੱਖ ਦੇ ਮਸਤਕ ਦਾ ਕੁੱਝ ਹਿੱਸਾ ਗਿਆਨ ਇੰਦਰੀ ਦੇ ਅਧੀਨ ਕਾਰਜ ਕਰਦਾ ਹੈ ਅਤੇ ਕੁੱਝ ਹਿੱਸਾ ਅਗਿਆਨ ਇੰਦਰੀਆਂ ਦੇ ਅਧੀਨ ਕਾਰਜ ਕਰਦਾ ਹੈ। ਮਨੁੱਖ ਦਾ ਜੀਵਨ ਕਾਰਜ ਇਹ ਦੋਨੋਂ ਇੰਦਰੀਆਂ ਹੀ ਨਿਰੰਤਰ ਕਰਦੀਆਂ ਹਨ। ਗਿਆਨ ਇੰਦਰੀ ਨੂੰ ਚੇਤਨ ਤੱਤ ਦੇ ਨਾਲ ਕਾਰਜ ਕਰਨ ਦੇ ਲਈ ਜ਼ਿਆਦਾ ਪ੍ਰਕਾਸ਼ ਦੀ ਜ਼ਰੂਰਤ ਪੈਂਦੀ ਹੈ, ਭਾਵ ਕਿ ਚੇਤਨ ਮਨ ਨੂੰ ਕਾਰਜ ਕਰਨ ਦੇ ਲਈ। ਜਦ ਕਿ ਅਗਿਆਨ ਇੰਦਰੀ ਨੂੰ ਕਾਰਜ ਕਰਨ ਦੇ ਲਈ ਜ਼ਿਆਦਾ ਪ੍ਰਕਾਸ਼ ਦੀ ਜ਼ਰੂਰਤ ਨਹੀਂ ਪੈਂਦੀ। ਇਸ ਦੇ ਅੰਦਰ ਪਹਿਲਾਂ ਤੋਂ ਜੋ ਜਾਣਕਾਰੀ ਉਪਲਬਧ ਹੈ, ਇਹ ਉਸ ਦੇ ਹਿਸਾਬ ਨਾਲ ਹਰ ਇੱਕ ਕਾਰਜ ਨੂੰ ਕਰ ਸਕਦੀ ਹੈ। ਗਿਆਨ ਇੰਦਰੀ ਦੇ ਹਿੱਸੇ ਚੇਤਨ ਮਨ ਆਉਂਦਾ ਹੈ ਅਤੇ ਅਗਿਆਨ ਇੰਦਰੀ ਦੇ ਹਿੱਸੇ ਅਚੇਤ ਮਨ ਆਉਂਦਾ ਹੈ। ਅਚੇਤ ਮਨ ਇੱਕ ਮਸ਼ੀਨ ਹੈ ਇਸ ਦੇ ਅੰਦਰ ਮਨੁੱਖ ਦੇ ਬੀਤੇ ਜੀਵਨ ਦੇ ਅੰਦਰ ਵਾਪਰੀਆਂ ਘਟਨਾਵਾਂ ਦੀਆਂ ਜਾਣਕਾਰੀਆਂ ਸਿਮਰਤੀਆਂ ਦੇ ਰੂਪ ਵਿਚ ਇਕੱਠੀਆਂ ਹੋਈ ਜਾਂਦੀਆਂ ਹਨ। ਜਦੋਂ ਅਸੀਂ ਕਿਸੇ ਵੀ ਨਵੇਂ ਕਾਰਜ ਨੂੰ ਕਰਦੇ ਹਾਂ ਤਾਂ ਚੇਤਨ ਮਨ ਦੀ ਲੋੜ ਪੈਂਦੀ ਹੈ। ਇਸ ਦੇ ਵਿਚ ਕੋਈ ਵੀ ਐਸਾ ਉਪਕਰਨ ਆਉਂਦਾ ਹੈ, ਜਿਸ ਨੂੰ ਚਲਾਉਣ ਦੀ ਜਾਚ ਸਿੱਖਣੀ ਹੋਵੇ ਜਾਂ ਕੋਈ ਵੀ ਐਸਾ ਕੰਮ ਜਿਸ ਨੂੰ ਪਹਿਲਾਂ ਜ਼ਿਆਦਾ ਵਾਰੀ ਨਾ ਕੀਤਾ ਗਿਆ ਹੋਵੇ ਤਾਂ ਚੇਤਨ ਮਨ ਦੀ ਜ਼ਰੂਰਤ ਪੈਂਦੀ ਹੈ।

ਜਦੋਂ ਵੀ ਅਚੇਤ ਮਨ ਦੇ ਕੋਲ ਉਸ ਕੰਮ ਨੂੰ ਕਰਨ ਦੇ ਲਈ ਸਾਰੀ ਜਾਣਕਾਰੀ

ਇਕੱਤਰ ਹੋ ਜਾਵੇਗੀ ਤਾਂ ਇਸ ਨੇ ਚੇਤਨ ਮਨ ਦੇ ਬਗ਼ੈਰ ਵੀ ਉਸ ਕਾਰਜ ਨੂੰ ਪੂਰਾ ਕਰ ਦੇਣਾ ਹੈ, ਜੋ ਕਿ ਇੱਕ ਮਸ਼ੀਨੀ ਕਿਰਿਆ ਹੈ। ਤੁਸੀਂ ਦੇਖਿਆ ਹੋਣਾ ਕਿ ਸ਼ਰਾਬੀ ਬੰਦੇ ਨੇ ਭਾਵੇਂ ਜਿੰਨੀ ਮਰਜ਼ੀ ਸ਼ਰਾਬ ਪੀਤੀ ਹੋਵੇ, ਫਿਰ ਵੀ ਉਹ ਆਪਣੇ ਘਰੇ ਵਾਪਸ ਪਹੁੰਚ ਜਾਂਦਾ ਹੈ। ਇਸ ਸਥਿਤੀ ਦੇ ਵਿਚ ਸਾਰਾ ਕਾਰਜ ਅਚੇਤ ਮਨ ਦੇ ਦੁਆਰਾ ਕੀਤਾ ਗਿਆ ਹੈ। ਮਨੁੱਖ ਦਾ ਜੀਵਨ ਹਰ ਪਲ ਨਵਾਂ ਹੈ, ਇਸ ਦੇ ਵਿਚ ਕੁੱਝ ਵੀ ਬਾਸੀ ਅਤੇ ਪੁਰਾਣਾ ਨਹੀਂ ਹੈ। ਮਨੁੱਖ ਨੂੰ ਆਪਣਾ ਜੀਵਨ ਇਸ ਲਈ ਬਾਸੀ ਲੱਗਦਾ ਹੈ ਕਿਉਂਕਿ ਮਨੁੱਖ ਨਵੇਂ ਜੀਵਨ ਨੂੰ ਅਚੇਤ ਮਨ ਦੇ ਰਾਹੀਂ ਦੇਖ ਰਿਹਾ ਹੈ। ਜਿਸ ਦੇ ਅੰਦਰ ਕੇਵਲ ਭੂਤ ਕਾਲ ਦੇ ਸਬੰਧੀ ਬਾਸੀ ਜਾਣਕਾਰੀਆਂ ਹੀ ਹਨ। ਇਸ ਦੇ ਅੰਦਰ ਕੁੱਝ ਵੀ ਨਵਾਂ ਨਹੀਂ ਹੈ।

ਤੁਸੀਂ ਦੇਖਿਆ ਹੋਣਾ ਕਿ ਆਪਾਂ ਇੱਕੋ ਹੀ ਗੱਲ ਦਾ ਜ਼ਿਕਰ ਅਣਗਿਣਤ ਵਾਰ ਵੱਖ-ਵੱਖ ਮਨੁੱਖ ਦੇ ਨਾਲ ਕਰਦੇ ਹੀ ਜਾਂਦੇ ਹਾਂ। ਇਹ ਸਾਰਾ ਕਚਰਾ ਅਚੇਤ ਮਨ ਦੇ ਅੰਦਰੋਂ ਆਉਂਦਾ ਹੈ।

ਤੁਸੀਂ ਜਿਸ ਵੀ ਸਥਾਨ ਉੱਪਰ ਆਪਣੀ ਕਿਸੇ ਵਸਤੂ ਨੂੰ ਹਰ ਦਿਨ ਰੱਖਦੇ ਸੀ, ਜੇਕਰ ਉਸ ਵਸਤੂ ਨੂੰ ਅੱਗੇ-ਪਿੱਛੇ ਕਰ ਦਿੱਤਾ ਜਾਂਦਾ ਹੈ ਤਾਂ ਅਚੇਤ ਮਨ ਨੇ ਕ੍ਰੋਧੀ ਹੋ ਜਾਣਾ ਹੈ। ਇਸ ਦਾ ਕਾਰਨ ਹੈ ਅਚੇਤ ਮਨ ਨੂੰ ਚੇਤਨ ਮਨ ਦੀ ਮਦਦ ਨਾਲ ਉਸੇ ਚੀਜ਼ ਨੂੰ ਦੁਬਾਰਾ ਲੱਭਣਾ ਪਵੇਗਾ। ਅਚੇਤ ਮਨ ਕਿਸੇ ਵੀ ਪੁਰਾਣੇ ਕਾਰਜ ਨੂੰ ਚੇਤਨ ਮਨ ਦੀ ਮਦਦ ਨਾਲ ਨਹੀਂ ਕਰਨਾ ਚਾਹੁੰਦਾ, ਜਿਸ ਕਾਰਨ ਅਚੇਤ ਮਨ ਨੂੰ ਕ੍ਰੋਧ ਆ ਗਿਆ ਸੀ। ਅਚੇਤ ਮਨ ਦੇ ਲਈ ਜੀਵਨ ਇੱਕੋ ਹੀ ਸਮਾਨ ਹੈ ਇਸ ਦੀ ਸੋਚ ਹੈ। ਸਾਰਾ ਕੁੱਝ ਪੁਰਾਣਾ ਹੈ, ਪੁਰਾਣੇ ਨੂੰ ਪੁਰਾਣੇ ਤਰੀਕੇ ਨਾਲ ਕੀਤਾ ਜਾਵੇ ਜਿਸ ਤਰ੍ਹਾਂ ਪਹਿਲਾਂ ਕੀਤਾ ਜਾਂਦਾ ਸੀ। ਇਸ ਇੰਦਰੀ ਦੀ ਸੋਚ ਹੈ ਜੀਵਨ ਦੇ ਵਿਚ ਜੋ ਕੁੱਝ ਵੀ ਹੈ ਉਹ ਪੁਰਾਣਾ ਹੈ ਅਤੇ ਪੁਰਾਣੇ ਨੂੰ ਪੁਰਾਣੇ ਹੀ ਤਰੀਕੇ ਦੇ ਨਾਲ ਕਰਨਾ ਹੈ। ਮਨ ਦਾ ਇਹ ਹਿੱਸਾ ਚਾਹੁੰਦਾ ਹੈ ਜਿਸ ਰਸਤੇ ਦੇ ਰਾਹੀਂ ਤੁਸੀਂ ਹਰ ਦਿਨ ਆਉਂਦੇ ਜਾਂਦੇ ਹੋ, ਉਸੇ ਰਸਤੇ ਦੀ ਵਰਤੋਂ ਕੀਤੀ ਜਾਵੇ। ਕਿਉਂਕਿ ਨਵੇਂ ਰਸਤੇ ’ਤੇ ਜਾਣ ਦੇ ਲਈ ਚੇਤਨ ਮਨ ਦੀ ਮਦਦ ਲੈਣੀ ਪਵੇਗੀ, ਨਵੇਂ ਰਸਤੇ ਦੇ ਉੱਪਰ ਸਭ ਕੁੱਝ ਨਵਾਂ ਅਤੇ ਅਣਜਾਣ ਹੈ, ਜਦਕਿ ਪੁਰਾਣੇ ਰਸਤੇ ’ਤੇ ਜਾਣ ਲਈ ਇਸ ਨੂੰ ਕੋਈ ਅੜਚਣ ਨਹੀਂ ਆਉਂਦੀ ਕਿਉਂਕਿ ਪੁਰਾਣੇ ਰਸਤੇ ਦੇ ਬਾਰੇ ਇਸ ਦੇ ਅੰਦਰ ਪਹਿਲਾਂ ਤੋਂ ਬਹੁਤ ਸਾਰੀ ਜਾਣਕਾਰੀ ਇਕੱਤਰ ਹੈ। ਰੋਜ਼ਮੱਰਾ ਜ਼ਿੰਦਗੀ ਦੇ ਜ਼ਿਆਦਾਤਰ ਕੰਮ ਅਚੇਤ ਮਨ ਦੇ ਦੁਆਰਾ ਕੀਤੇ ਜਾਂਦੇ ਹਨ। ਇਸ ਕਾਰਨ ਗਿਆਨ ਇੰਦਰੀ ਦੀ ਆਵਾਜ਼ ਹੌਲੀ ਹੌਲੀ ਕਰਕੇ ਅਗਿਆਨ ਇੰਦਰੀ ਦੇ ਮੁਕਾਬਲੇ ਮੱਧਮ ਪੈਣ ਲੱਗ ਜਾਂਦੀ ਹੈ। ਜੋ ਮਨੁੱਖ ਅਗਿਆਨ ਇੰਦਰੀ ਦੇ ਰਾਹੀਂ ਆਪਣੇ ਜੀਵਨ ਦੇ ਸਾਰੇ ਕਾਰਜਾਂ ਨੂੰ ਕਰਦਾ ਜਾਵੇਗਾ, ਉਸ ਮਨੁੱਖ ਦੇ ਮਸਤਕ ਅੰਦਰ ਜੋ ਗਿਆਨ ਇੰਦਰੀ ਦਾ ਹਿੱਸਾ ਬਾਕੀ ਬਚ ਗਿਆ ਸੀ, ਉਸ ਨੇ ਵੀ ਹੌਲੀ ਹੌਲੀ ਕਰਕੇ ਸੁੱਤੀ ਅਵਸਥਾ ਵਿਚ ਚਲੇ ਜਾਣਾ ਹੈ। ਮਨੁੱਖ ਦੀ ਉਮਰ ਵਧਣ ਦੇ ਨਾਲ ਜੀਵਨ ਦਾ ਸਾਰਾ ਕੰਟਰੋਲ ਅਚੇਤ ਮਨ ਦੇ ਹੱਥਾਂ ਵਿਚ ਚਲਾ ਜਾਂਦਾ ਹੈ। ਜੋ ਕਿਸੇ ਵੀ ਸਮੱਸਿਆ ਨੂੰ ਵਰਤਮਾਨ ਕਾਲ

ਦੀ ਮੌਜੂਦਾ ਸਥਿਤੀ ਦੇ ਨਾਲ ਨਹੀਂ ਦੇਖਣਾ ਚਾਹੁੰਦਾ, ਇਹ ਵਰਤਮਾਨ ਦੀ ਸਮੱਸਿਆ ਨੂੰ ਭੂਤਕਾਲ ਕਾਲ ਦੀ ਜਾਣਕਾਰੀ ਦੇ ਰਾਹੀਂ ਹੱਲ ਕਰਨਾ ਚਾਹੁੰਦਾ ਹੈ। ਅਚੇਤ ਮਨ ਤੋਂ ਵੀ ਕੁੱਝ ਕੁ ਮਦਦ ਲਈ ਜਾ ਸਕਦੀ ਹੈ, ਤਾਂ ਜੋ ਮਸਲੇ ਨੂੰ ਹੋਰ ਜ਼ਿਆਦਾ ਚੰਗੇ ਤਰੀਕੇ ਨਾਲ ਹੈਂਡਲ ਕੀਤਾ ਜਾ ਸਕੇ। ਇਸ ਦੇ ਅੰਦਰ ਕਈ ਗੱਲਾਂ ਇਸ ਤਰ੍ਹਾਂ ਦੀਆਂ ਵੀ ਹਨ ਜਿਨ੍ਹਾਂ ਨੂੰ ਅੱਜ ਪੈਦਾ ਹੋਈ ਸਥਿਤੀ ਦੇ ਉੱਪਰ ਪੂਰਨ ਤੌਰ ’ਤੇ ਲਾਗੂ ਵੀ ਨਹੀਂ ਕੀਤਾ ਜਾ ਸਕਦਾ।

ਇਸ ਗੱਲ ਨੂੰ ਆਪਾਂ ਥੋੜ੍ਹਾ ਹੋਰ ਖੋਲ੍ਹਦੇ ਹਾਂ ਤਾਂ ਜੋ ਇਸ ਗੱਲ ਨੂੰ ਹੋਰ ਜ਼ਿਆਦਾ ਚੰਗੀ ਤਰ੍ਹਾਂ ਸਮਝਿਆ ਜਾ ਸਕੇ। ਜੋ ਮਨੁੱਖ ਕਈ ਸਾਲ ਪਹਿਲਾਂ ਤੁਹਾਡੇ ਨਾਲ ਲੜਿਆ ਸੀ, ਅਚੇਤ ਮਨ ਦੇ ਅੰਦਰ ਉਸ ਗੱਲ ਨੂੰ ਲੈ ਕੇ ਜੋ ਵੀ ਜਾਣਕਾਰੀ ਮੌਜੂਦ ਹੈ, ਇਸ ਨੇ ਅੱਜ ਵੀ ਉਸ ਮਨੁੱਖ ਨੂੰ ਉਸੇ ਹੀ ਤਰ੍ਹਾਂ ਦੇਖਣਾ ਹੈ। ਜੋ ਮਨੁੱਖ ਤੁਹਾਡੇ ਨਾਲ ਲੜਿਆ ਸੀ ਅੱਜ ਇਹ ਮਨੁੱਖ ਅੰਦਰੋਂ ਉਸੇ ਵਰਗਾ ਨਹੀਂ ਹੈ। ਜੀਵਨ ਬਹੁਤ ਹੀ ਪਰਿਵਰਤਨਸ਼ੀਲ ਹੈ। ਇਸ ਦੇ ਅੰਦਰ ਕੁੱਝ ਵੀ ਪੁਰਾਣਾ ਅਤੇ ਬਾਸੀ ਨਹੀਂ ਹੈ। ਜੋ ਕੁੱਝ ਵੀ ਬੀਤ ਚੁੱਕਾ ਹੈ ਉਸ ਨੂੰ ਜਾਣ ਦੇਵੋ। ਜੇਕਰ ਜ਼ਿੰਦਗੀ ਦੇ ਵਿਚ ਸੰਗੀਤ ਪੈਦਾ ਕਰਨ ਦੀ ਇੱਛਾ ਹੈ ਤਾਂ ਕੁੱਝ ਤਾਂ ਛੱਡਣਾ ਪਵੇਗਾ। ਇਸ ਤੋਂ ਬਿਨਾਂ ਗੱਲ ਨਹੀਂ ਬਣ ਸਕਦੀ। ਚੇਤਨ ਮਨ ਦਾ ਭਾਗ ਜਦੋਂ ਇੱਕ ਵਾਰ ਅਚੇਤ ਮਨ ਦੇ ਵਿਚ ਤਬਦੀਲ ਹੋ ਜਾਂਦਾ ਹੈ ਤਾਂ ਮਨ ਦਾ ਇਹ ਹਿੱਸਾ ਦੁਬਾਰਾ ਆਪਣੇ ਆਪ ਚੇਤਨ ਮਨ ਦੇ ਵਿਚ ਤਬਦੀਲ ਨਹੀਂ ਹੋ ਸਕਦਾ। ਸਰੀਰ ਦੇ ਅੰਦਰ ਮੱਧਮ ਪੈ ਚੁੱਕੇ ਆਤਮਾ ਦੇ ਪ੍ਰਕਾਸ਼ ਨੂੰ ਦੁਬਾਰਾ ਪ੍ਰਚੰਡ ਰੂਪ ਦੇ ਵਿਚ ਗਤੀਮਾਨ ਕਰਨ ਦੇ ਲਈ ਸਾਧਨਾ ਦੀ ਮਦਦ ਲੈਣੀ ਪੈਂਦੀ ਹੈ ਤਾਂ ਹੀ ਜੀਵਨ ਦੇ ਅੰਦਰ ਸੰਗੀਤ ਪੈਦਾ ਹੋ ਸਕਦਾ ਹੈ। ਜਦੋਂ ਇੜਾ, ਪਿੰਗਲਾ ਅਤੇ ਸੁਖਮਨਾ ਨਾੜੀਆਂ ਨੇ ਊਰਜਾ ਸ਼ਕਤੀ ਨੂੰ ਪ੍ਰਚੰਡ ਪ੍ਰਕਾਸ਼ ਦੇ ਵਿਚ ਤਬਦੀਲ ਕਰਨਾ ਸ਼ੁਰੂ ਕਰ ਦਿੱਤਾ ਤਾਂ ਗਿਆਨ ਇੰਦਰੀ ਦਾ ਵਿਕਾਸ ਹੁੰਦਾ ਜਾਵੇਗਾ ਅਤੇ ਅਗਿਆਨ ਇੰਦਰੀ ਦੇ ਅਗਿਆਨ ਨੇ ਆਪਣੇ ਆਪ ਖ਼ਤਮ ਹੁੰਦੇ ਜਾਣਾ ਹੈ। ਉਸ ਤੋਂ ਬਾਅਦ ਤੁਹਾਡੇ ਜੀਵਨ ਦੇ ਸਾਰੇ ਕਾਰਜ ਆਪਣੇ ਆਪ ਠੀਕ ਹੁੰਦੇ ਜਾਣੇ ਹਨ। ਮਨੁੱਖ ਦਾ ਚੇਤਨ ਮਨ ਪਾਰਬ੍ਰਹਮ ਦਾ ਹੀ ਰੂਪ ਹੈ। ਇਹ ਉਹ ਮਸ਼ੀਨ ਨਹੀਂ ਹੈ ਜੋ ਭੂਤ ਕਾਲ ਦੀਆਂ ਜਾਣਕਾਰੀਆਂ ਦੇ ਸਹਾਰੇ ਚੱਲਦੀ ਹੈ। ਇਸ ਦਾ ਸਬੰਧ ਤਾਂ ਵਰਤਮਾਨ ਕਾਲ ਦੇ ਨਾਲ ਹੈ ਜੋ ਇਸ ਦੇ ਸਾਹਮਣੇ ਹੈ। ਇਹ ਉਸ ਦੇ ਹਿਸਾਬ ਨਾਲ ਗਤੀ ਕਰਦਾ ਹੈ। ਜੇਕਰ ਮਨੁੱਖ ਆਪਣੀ ਜ਼ਿੰਦਗੀ ਨੂੰ ਸਹੀ ਤਰੀਕੇ ਨਾਲ ਜਿਊਣਾ ਚਾਹੁੰਦਾ ਹੈ ਤਾਂ ਕੇਵਲ ਚੇਤਨ ਮਨ ਇੱਕ ਮਾਤਰ ਸਾਧਨ ਹੈ। ਅਚੇਤ ਮਨ ਦੇ ਕੋਲ ਕੁੱਝ ਵੀ ਨਵਾਂ ਨਹੀਂ ਹੈ ਇਸ ਦੇ ਕੋਲ ਜੋ ਵੀ ਜਾਣਕਾਰੀ ਹੈ ਉਹ ਤਾਂ ਸਾਰੀ ਪੁਰਾਣੀ ਅਤੇ ਬਾਸੀ ਹੈ। ਗਿਆਨ ਇੰਦਰੀ ਜਾਗਣ ਤੋਂ ਬਾਅਦ ਅਗਿਆਨ ਇੰਦਰੀ ਦਾ ਅਗਿਆਨ ਆਪਣੇ ਆਪ ਖ਼ਤਮ ਹੋ ਜਾਂਦਾ ਹੈ। ਤੁਹਾਨੂੰ ਆਪਣੇ ਕੋਲੋਂ ਕੁੱਝ ਕਰਨ ਦੀ ਜ਼ਰੂਰਤ ਨਹੀਂ ਪੈਣੀ ਅਤੇ ਨਾ ਹੀ ਤੁਹਾਨੂੰ ਚੰਗਿਆਈ ਨੂੰ ਆਪਣੇ ਜੀਵਨ ਵਿਚ ਸਾਧਣਾ ਪਵੇਗਾ।

ਤੁਸੀਂ ਕੁੱਝ ਵੀ ਕਰਨ ਦਾ ਜਾਂ ਨਾ ਕਰਨ ਦਾ ਫ਼ੈਸਲਾ ਕਰ ਕੇ ਦੇਖੋ, ਕੁੱਝ

ਹੀ ਦਿਨਾਂ ਦੇ ਵਿਚ ਤੁਸੀਂ ਉਸ ਕਾਰਜ ਨੂੰ ਕਰਨ ਵਾਸਤੇ ਮਜਬੂਰ ਹੋ ਜਾਵੋਗੇ। ਜਿਸ ਕਾਰਜ ਨੂੰ ਤੁਸੀਂ ਕਰਨ ਦਾ ਜਾਂ ਨਾ ਕਰਨ ਦਾ ਨਿਰਣਾ ਕੀਤਾ ਸੀ। ਜੇਕਰ ਯਕੀਨ ਨਹੀਂ ਆਉਂਦਾ ਤਾਂ ਜਿਸ ਚੀਜ਼ ਨੂੰ ਤੁਸੀਂ ਕਈ ਦਿਨਾਂ ਤੋਂ ਕਰਦੇ ਆਏ ਹੋ, ਉਸ ਨੂੰ ਨਾ ਕਰਨ ਦੇ ਲਈ ਫ਼ੈਸਲਾ ਕਰ ਕੇ ਦੇਖ ਲਵੋ। ਇਹੀ ਕਾਰਨ ਹੈ ਮਨੁੱਖ ਕਿਸੇ ਹੋਰ ਤੋਂ ਨਹੀਂ, ਬਲਕਿ ਆਪਣੇ ਆਪ ਤੋਂ ਹਾਰੀ ਜਾਂਦਾ ਹੈ। ਜੇਕਰ ਮਨੁੱਖ ਨੇ ਕੁੱਝ ਨਾ ਕਰਨ ਦੇ ਲਈ ਫ਼ੈਸਲਾ ਕਰ ਵੀ ਲਿਆ ਹੈ ਤਾਂ ਅੰਦਰੋਂ ਉਸੇ ਕਾਰਜ ਨੂੰ ਕਰਨ ਦੇ ਲਈ ਬਾਰ ਬਾਰ ਆਵਾਜ਼ ਆਉਣ ਲੱਗ ਜਾਵੇਗੀ ਤਾਂ ਜੋ ਉਸ ਕਾਰਜ ਨੂੰ ਕੀਤਾ ਜਾਵੇ। ਉਸ ਸਮੇਂ ਚੇਤਨਾ ਦੇ ਪਰਦੇ ਉੱਪਰ ਉਸੇ ਗੱਲ ਨੂੰ ਲੈ ਕੇ ਵਿਚਾਰਾਂ ਨੇ ਫੈਲਦੇ ਹੀ ਜਾਣਾ ਹੈ। ਚੇਤਨਾ ਦੇ ਪਰਦੇ ਉੱਪਰ ਇਹ ਵਿਚਾਰ ਓਨਾ ਚਿਰ ਤੱਕ ਚੱਲਦੇ ਰਹਿਣੇ ਹਨ, ਜਿੰਨਾ ਚਿਰ ਤੱਕ ਤੁਸੀਂ ਉਸ ਕਾਰਜ ਨੂੰ ਪੂਰਾ ਨਹੀਂ ਕਰ ਲੈਂਦੇ। ਉਦਾਹਰਣ ਦੇ ਤੌਰ ’ਤੇ ਜਦੋਂ ਮਨੁੱਖ ਨੂੰ ਭੁੱਖ ਲੱਗਦੀ ਹੈ ਤਾਂ ਇਸ ਦਾ ਸਾਰਾ ਸਰੀਰ ਖਾਣੇ ਨੂੰ ਲੈ ਕੇ ਅੜ ਜਾਂਦਾ ਹੈ। ਤੁਸੀਂ ਕੁੱਝ ਵੀ ਕਰ ਕੇ ਦੇਖ ਲੈਣਾ, ਖਾਣੇ ਦੇ ਵਿਚਾਰ ਮਨ ਦੇ ਪਰਦੇ ਤੋਂ ਤਦ ਤੱਕ ਨਹੀਂ ਹਟਣਗੇ, ਜਿੰਨਾ ਚਿਰ ਤੱਕ ਤੁਸੀਂ ਖਾਣਾ ਖਾ ਨਹੀਂ ਲਵੋਗੇ। ਜਦੋਂ ਵੀ ਖਾਣਾ ਪੇਟ ਦੇ ਅੰਦਰ ਚਲਾ ਗਿਆ ਤਾਂ ਮਨ ਦੀ ਅਗਿਆਨ ਇੰਦਰੀ ਨੂੰ ਖਾਧੇ ਗਏ ਖਾਣੇ ਦਾ ਸਿਗਨਲ ਮਿਲ ਜਾਣਾ ਹੈ ਅਤੇ ਖਾਣੇ ਨੂੰ ਲੈ ਕੇ ਜਿੰਨੇ ਵੀ ਵਿਚਾਰ ਮਨ ਦੇ ਅੰਦਰ ਗਤੀ ਕਰ ਰਹੇ ਸਨ, ਉਹ ਸਾਰੇ ਦੇ ਸਾਰੇ ਉਸੇ ਛਿਣ ਸ਼ਾਂਤ ਹੋ ਜਾਣੇ ਹਨ ਅਤੇ ਚੇਤਨਾ ਸ਼ਕਤੀ ਦਾ ਆਕਾਸ਼ ਖਾਣੇ ਦੇ ਵਿਚਾਰਾਂ ਤੋਂ ਮੁਕਤ ਹੋ ਜਾਵੇਗਾ।

ਇਹੋ ਹਾਲ ਨਸ਼ਾ ਕਰਨ ਵਾਲੇ ਮਨੁੱਖ ਦਾ ਵੀ ਹੈ। ਜਦੋਂ ਵੀ ਉਸ ਨੂੰ ਆਪਣੇ ਅੰਦਰ ਕਮਜ਼ੋਰੀ ਮਹਿਸੂਸ ਹੁੰਦੀ ਹੈ ਤਾਂ ਉਹ ਉਸ ਸਮੇਂ ਅੰਦਰ ਵਾਲੀ ਕਮਜ਼ੋਰੀ ਨੂੰ ਦੂਰ ਕਰਨ ਦੇ ਲਈ ਬਾਹਰੋਂ ਕਿਸੇ ਹੋਰ ਪਦਾਰਥ ਤੋਂ ਸ਼ਕਤੀ ਪ੍ਰਾਪਤ ਕਰਦਾ ਹੈ। ਇਸ ਮਨੁੱਖ ਨੂੰ ਜਦੋਂ ਵੀ ਅੰਦਰ ਕਮਜ਼ੋਰੀ ਮਹਿਸੂਸ ਹੋਵੇਗੀ, ਇਸ ਦੇ ਮਨ ਅੰਦਰ ਬਾਹਰੋਂ ਉਸੇ ਪਦਾਰਥ ਤੋਂ ਸ਼ਕਤੀ ਪ੍ਰਾਪਤ ਕਰਨ ਦੇ ਲਈ ਮਨ ਅੰਦਰ ਕਈ ਵਿਚਾਰ ਚੱਲਣ ਲੱਗ ਜਾਂਦੇ ਹਨ। ਬਾਅਦ ਵਿਚ ਇਹ ਮਨੁੱਖ ਬਾਰ ਬਾਰ ਬਾਹਰੋਂ ਉਸੇ ਪਦਾਰਥ ਦੀ ਮਦਦ ਲੈਣ ਦਾ ਆਦੀ ਹੋ ਜਾਂਦਾ ਹੈ।

ਤੁਸੀਂ ਦੇਖਿਆ ਹੋਵੇਗਾ, ਚੋਰ ਨੂੰ ਪਤਾ ਹੈ ਜਦੋਂ ਉਹ ਫੜਿਆ ਗਿਆ ਤਾਂ ਲੋਕਾਂ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਣਾ ਮਾਰਨਾ ਹੈ। ਪਰ ਚੋਰ ਆਪਣੀ ਅਗਿਆਨ ਇੰਦਰੀ ਦੀ ਗ਼ੁਲਾਮੀ ਤੋਂ ਮਜਬੂਰ ਹੈ। ਕੁੱਝ ਵੀ ਹੋਵੇ ਇਹ ਆਪਣੀ ਆਦਤ ਨੂੰ ਪੂਰਾ ਕਰਨ ਦੇ ਲਈ ਕਿਸੇ ਵੀ ਖ਼ਤਰੇ ਨੂੰ ਉਠਾ ਲਵੇਗਾ। ਇਸ ਮਨੁੱਖ ਨੂੰ ਆਪਣੇ ਅੰਦਰੋਂ ਉਸ ਕਰਮ ਨੂੰ ਕਰਨ ਦੇ ਲਈ ਬਾਰ ਬਾਰ ਆਵਾਜ਼ ਆਉਂਦੀ ਰਹਿੰਦੀ ਹੈ। ਇਸੇ ਹੀ ਤਰ੍ਹਾਂ ਔਰਤ ਅਤੇ ਮਰਦ ਕਾਮ ਇੱਛਾ ਦੀ ਪੂਰਤੀ ਕਰਨ ਦੇ ਲਈ ਆਪਣਾ ਜੀਵਨ ਦਾਅ ’ਤੇ ਲਗਾ ਦੇਂਦੇ ਹਨ।

ਸਾਧਾਰਨ ਮਨੁੱਖ ਆਪਣਾ ਸਾਰਾ ਜੀਵਨ ਇਸੇ ਹੀ ਤਰ੍ਹਾਂ ਬਤੀਤ ਕਰੀ ਜਾਂਦਾ ਹੈ। ਅਗਿਆਨ ਇੰਦਰੀ ਦਾ ਜਿੰਨਾ ਜ਼ਿਆਦਾ ਵਿਕਾਸ ਹੁੰਦਾ ਜਾਵੇਗਾ, ਮਨੁੱਖ ਨੇ

ਓਨਾ ਜ਼ਿਆਦਾ ਗ਼ਾਫ਼ਲ ਹੁੰਦੇ ਜਾਣਾ ਹੈ। ਮਨੁੱਖ ਦਾ ਜੀਵਨ ਤਦ ਤੱਕ ਨਹੀਂ ਬਦਲ ਸਕਦਾ ਜਿੰਨਾ ਚਿਰ ਤੱਕ ਇਹ ਆਪਣੇ ਆਪ ਨੂੰ ਅਗਿਆਨ ਇੰਦਰੀ ਦੀ ਗ਼ੁਲਾਮੀ ਤੋਂ ਮੁਕਤ ਨਹੀਂ ਕਰ ਲੈਂਦਾ। ਅਗਿਆਨ ਇੰਦਰੀ ਦੀ ਗ਼ੁਲਾਮੀ ਤੋਂ ਮੁਕਤ ਹੋਣ ਤੋਂ ਬਾਅਦ ਮਨੁੱਖ ਨੂੰ ਬੁਰੇ ਕਰਮ ਦੇ ਵਿੱਚੋਂ ਚੰਗੇ ਕਰਮ ਨੂੰ ਲੱਭ ਕੇ ਕਰਨ ਦੀ ਜ਼ਰੂਰਤ ਨਹੀਂ ਪੈਂਦੀ, ਬਲਕਿ ਇਸ ਮਨੁੱਖ ਦੇ ਕੋਲੋਂ ਜੋ ਕੁਝ ਵੀ ਹੋਵੇਗਾ, ਉਹ ਚੰਗਾ ਹੀ ਹੋਵੇਗਾ। ਜੀਵਨ ਬਹੁਤ ਤਰਲ ਹੈ ਇਸ ਨੂੰ ਕਿਸੇ ਪੱਕੀ ਧਾਰਨਾ ਦੇ ਅਨੁਸਾਰ ਬਤੀਤ ਨਹੀਂ ਕੀਤਾ ਜਾ ਸਕਦਾ। ਇਹ ਤਾਂ ਹਰ ਪਲ ਸਥਿਤੀ ਨੂੰ ਦੇਖ ਕੇ ਚੱਲਣਾ ਪੈਣਾ ਹੈ।

ਇਸ ਵਖਤ ਵਿਚਾਰਾਂ ਰੂਪੀ ਬਿਮਾਰੀ ਤੋਂ ਧਰਤੀ ਦਾ ਹਰ ਇੱਕ ਮਨੁੱਖ ਪੀੜਤ ਹੈ। ਕਿਸੇ ਨੂੰ ਵੀ ਦੇਖ ਲਵੋ, ਉਸ ਮਨੁੱਖ ਦੀ ਚੇਤਨਾ ਸ਼ਕਤੀ ਅੰਦਰੋਂ ਪੂਰੀ ਤਰ੍ਹਾਂ ਸੁੱਤੀ ਅਵਸਥਾ ਦੇ ਵਿਚ ਹੈ। ਇੱਕ ਗੱਲ ਬਹੁਤ ਹੈਰਾਨ ਕਰਨ ਵਾਲੀ ਹੈ ਕਿ ਇਸ ਆਧੁਨਿਕ ਜੁੱਗ ਦੇ ਵਿਚ ਮਨੁੱਖ ਨੇ ਐਨੀ ਜ਼ਿਆਦਾ ਤਰੱਕੀ ਕਰ ਲਈ ਹੈ ਪਰ ਇਸ ਦੇ ਬਾਵਜੂਦ ਇਸ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਲੱਗ ਰਿਹਾ ਕਿ ਸਾਰੀ ਮਨੁੱਖਤਾ ਮਾਨਸਿਕ ਤੌਰ ’ਤੇ ਆਪਣੇ ਆਪ ਚੱਲਣ ਵਾਲੇ ਵਿਚਾਰਾਂ ਦੀ ਬਿਮਾਰੀ ਤੋਂ ਪੀੜਤ ਹੋਈ ਜਾ ਰਹੀ ਹੈ। ਇਸ ਗੱਲ ਦਾ ਪਤਾ ਤਾਂ ਮਨੁੱਖ ਨੂੰ ਕਈ ਹਜ਼ਾਰ ਸਾਲ ਪਹਿਲਾਂ ਲੱਗ ਗਿਆ ਸੀ। ਸਹੀ ਜੀਵਨ ਬਤੀਤ ਕਰਨ ਦੇ ਲਈ ਹਰ ਇੱਕ ਮਨੁੱਖ ਨੂੰ ਆਪਣੇ ਆਪ ਨੂੰ ਅਗਿਆਨ ਇੰਦਰੀ ਦੀ ਗ਼ੁਲਾਮੀ ਤੋਂ ਮੁਕਤ ਕਰਨਾ ਪੈਣਾ ਹੈ। ਹਰ ਇੱਕ ਮਨੁੱਖ ਦਾ ਮਨ ਵਿਚਾਰਾਂ ਰੂਪੀ ਬਿਮਾਰੀ ਤੋਂ ਪੀੜਤ ਹੈ ਅਤੇ ਬਿਮਾਰੀ ਦਾ ਫੈਲਾਓ ਹੋਰ ਜ਼ਿਆਦਾ ਵਧਦਾ ਹੀ ਜਾ ਰਿਹਾ ਹੈ। ਇਹ ਇੱਕ ਐਸੀ ਨੀਂਦਰ ਹੈ ਜਿਸ ਤੋਂ ਮਨੁੱਖ ਆਪਣੇ ਆਪ ਨੂੰ ਆਪ ਹੀ ਜਗਾ ਸਕਦਾ ਹੈ। ਉਸ ਤੋਂ ਬਾਅਦ ਹੀ ਜੀਵਨ ਰੂਪੀ ਬਾਗ਼ ਦੇ ਵਿਚ ਨਵੇਂ ਫੁੱਲ ਖਿੱਲ ਸਕਦੇ ਹਨ। ਅਗਿਆਨ ਇੰਦਰੀ ਦੇ ਕਾਰਨ ਹੀ ਮਨੁੱਖ ਨੂੰ ਪਤਾ ਨਹੀਂ ਚੱਲ ਰਿਹਾ ਕਿ ਉਸ ਦੇ ਮਨ ਅੰਦਰ ਦਿਨ ਰਾਤ ਕਿਹੜੇ ਕਿਹੜੇ ਵਿਚਾਰ ਚੱਲੀ ਜਾ ਰਹੇ ਹਨ, ਜਿਨ੍ਹਾਂ ਦੀ ਗ਼ੁਲਾਮੀ ਦੇ ਅਧੀਨ ਉਸ ਦਾ ਸਾਰਾ ਜੀਵਨ ਬੀਤ ਜਾਵੇਗਾ।

ਮਨ ਦੇ ਅੰਦਰ ਚੰਗਿਆਈ ਅਤੇ ਬੁਰਾਈ ਤੱਤ ਦੋਨੋਂ ਹੀ ਮੌਜੂਦ ਹਨ। ਜੋ ਇੰਦਰੀ ਜ਼ਿਆਦਾ ਤਾਕਤਵਰ ਹੋਵੇਗੀ, ਉਸੇ ਦਾ ਡੰਕਾ ਚੱਲੇਗਾ। ਜਦੋਂ ਸੁਰਤੀ ਸਹਿਜ ਮੰਡਲ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਸੁਰਤੀ ਨੇ ਚੇਤਨ ਮਨ ਦੇ ਅੰਦਰ ਸਥਿਰ ਹੋ ਜਾਣਾ ਹੈ। ਬਾਰ ਬਾਰ ਇਸ ਅਵਸਥਾ ਵਿਚ ਪਰਵੇਸ਼ ਕਰਨ ਨਾਲ ਮਨ ਦੇ ਅੰਦਰੋਂ ਦੋਹਰੇ ਭਾਵ ਵਾਲੀ ਸਥਿਤੀ ਨੇ ਪੂਰਨ ਤੌਰ ’ਤੇ ਸਮਾਪਤ ਹੋ ਜਾਣਾ ਹੈ। ਬਾਅਦ ਵਿਚ ਇਹ ਮਨੁੱਖ ਆਪਣੇ ਸੁਭਾਉ ਦੇ ਅਨੁਸਾਰ ਆਪਣੇ ਸਾਰੇ ਕਾਰਜਾਂ ਨੂੰ ਕਰੇਗਾ। ਇਹ ਮਨੁੱਖ ਅਗਿਆਨ ਇੰਦਰੀ ਦੇ ਅਗਿਆਨ ਤੋਂ ਮੁਕਤ ਹੋ ਚੁੱਕਾ ਹੈ। ਨਜ਼ਰ ਸਾਫ਼ ਹੋਣ ਕਾਰਨ ਇਸ ਨੂੰ ਗਿਆਨ ਹੋ ਚੁੱਕਾ ਹੈ, ਕੀਤੇ ਜਾ ਰਹੇ ਕਰਮਾਂ ਦੇ ਫਲਾਂ ਨੂੰ ਭੋਗਣਾ ਪੈਣਾ ਹੈ। ਜਿਸ ਮਨੁੱਖ ਨੂੰ ਅਗਿਆਨ ਇੰਦਰੀ ਤੋਂ ਮੁਕਤੀ ਮਿਲ ਜਾਂਦੀ ਹੈ, ਉਸ ਮਨੁੱਖ ਦੀ ਆਤਮਾ ਨੇ ਵੀ ਨਿਰਮਲ ਹੋ ਜਾਣਾ ਹੈ। ਉਸ ਦੇ ਚਰਿੱਤਰ ਵਿਚ

ਚੰਗਿਆਈ ਆਪਣੇ ਆਪ ਪੈਦਾ ਹੋ ਜਾਵੇਗੀ। ਉਸ ਨੂੰ ਚੰਗਿਆਈ ਸਾਧਣੀ ਨਹੀਂ ਪਵੇਗੀ। ਜਿਸ ਤਰ੍ਹਾਂ ਬੇਰੀ ਦੇ ਦਰੱਖ਼ਤ ਨੂੰ ਮਿੱਠੇ ਬੇਰ ਲੱਗਦੇ ਹਨ ਭਾਵੇਂ ਲੋਕ ਉਸ ਦੀਆਂ ਟਾਹਣੀਆਂ ਨਾਲੋਂ ਬੇਰਾਂ ਨੂੰ ਤੋੜਨ ਦੇ ਲਈ ਉਸ ਨੂੰ ਪੱਥਰ ਢੀਮਾਂ ਮਾਰਦੇ ਹਨ ਪਰ ਬੇਰੀ ਆਪਣੇ ਸੁਭਾਅ ਦਾ ਤਿਆਗ ਨਹੀਂ ਕਰਦੀ। ਉਸ ਨੇ ਚੰਗਿਆਈ ਨੂੰ ਸਾਧਿਆ ਨਹੀਂ ਹੈ ਬਲਕਿ ਚੰਗਿਆਈ ਉਸ ਦੇ ਪ੍ਰਾਣਾਂ ਅੰਦਰ ਹੈ।

ਸਾਧਾਰਨ ਮਨੁੱਖ ਦੀ ਇਹ ਸੋਚ ਹੈ ਕਿ ਜੇ ਕੋਈ ਮਨੁੱਖ ਉਸ ਦੇ ਨਾਲ ਚੰਗਾ ਵਿਵਹਾਰ ਕਰਦਾ ਹੈ ਤਾਂ ਇਹ ਵੀ ਉਸ ਮਨੁੱਖ ਦੇ ਨਾਲ ਚੰਗਾ ਵਿਵਹਾਰ ਕਰੇਗਾ। ਜੇਕਰ ਕੋਈ ਮਨੁੱਖ ਇਸ ਦੇ ਨਾਲ ਬੁਰਾ ਵਿਵਹਾਰ ਕਰਦਾ ਹੈ ਤਾਂ ਇਹ ਵੀ ਉਸ ਦੇ ਨਾਲ ਬੁਰਾ ਵਿਵਹਾਰ ਕਰੇਗਾ। ਦੇਖੋ ਹਰ ਕੋਈ ਮਨੁੱਖ ਆਪਣੀ ਆਤਮਾ ਦੀ ਸਥਿਤੀ ਦੇ ਅਨੁਸਾਰ ਦੂਜੇ ਮਨੁੱਖਾਂ ਦੇ ਨਾਲ ਵਿਵਹਾਰ ਕਰਦਾ ਹੈ। ਉਹ ਚਾਹ ਕੇ ਵੀ ਆਪਣੇ ਆਪ ਨੂੰ ਇਸ ਤਰ੍ਹਾਂ ਦਾ ਵਿਵਹਾਰ ਕਰਨ ਤੋਂ ਰੋਕ ਨਹੀਂ ਪਾਉਂਦਾ। ਇਸ ਤਰ੍ਹਾਂ ਦਾ ਵਿਵਹਾਰ ਕਰਨ ਦਾ ਕਾਰਨ ਹੈ ਇਹ ਮਨੁੱਖ ਦੀ ਆਤਮਾ ਦੇ ਉੱਪਰ ਜੋ ਕਾਰਨ ਸਰੀਰ ਹੈ, ਉਸ ਦੇ ਅੰਦਰ ਕਰਮਾਂ ਦੇ ਰੂਪ ਵਿਚ ਜੋ ਸੰਸਕਾਰ ਇਕੱਤਰ ਹਨ, ਉਨ੍ਹਾਂ ਦਾ ਪ੍ਰਭਾਵ ਇਸ ਮਨੁੱਖ ਦੇ ਆਲੇ-ਦੁਆਲੇ ਆਉਣ ਵਾਲੇ ਦੂਜੇ ਮਨੁੱਖਾਂ ਦੇ ਉੱਪਰ ਵੀ ਪੈਂਦਾ ਹੈ। ਇੱਕ ਕ੍ਰੋਧੀ ਮਨੁੱਖ ਦੇ ਪ੍ਰਭਾਵ ਤੋਂ ਜਾਨਵਰ ਅਤੇ ਬਨਸਪਤੀ ਵੀ ਨਹੀਂ ਬਚਦੇ। ਜਿਸ ਤਰ੍ਹਾਂ ਸੱਪ ਦੇ ਅੰਦਰ ਜ਼ਹਿਰ ਜਮ੍ਹਾਂ ਹੋਈ ਜਾਂਦਾ ਹੈ ਤਾਂ ਉਹ ਕਿਸੇ ਵੀ ਤਰੀਕੇ ਨਾਲ ਆਪਣੇ ਅੰਦਰ ਜਮ੍ਹਾਂ ਹੋਏ ਜ਼ਹਿਰ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰਦਾ ਹੈ। ਇਹੀ ਸਥਿਤੀ ਕਰੋਧੀ ਮਨੁੱਖ ਦੀ ਵੀ ਹੈ। ਇਸ ਮਨੁੱਖ ਦੀ ਚੇਤਨਾ ਸ਼ਕਤੀ ਮਨ ਅੰਦਰ ਚੱਲ ਰਹੇ ਵਿਚਾਰਾਂ ਦੇ ਕਾਰਨ ਸੁੱਤੀ ਅਵਸਥਾ ਵਿਚ ਚਲੀ ਜਾਂਦੀ ਹੈ। ਭਾਵੇਂ ਇਹ ਮਨੁੱਖ ਕਮਰੇ ਦੇ ਵਿਚ ਇਕੱਲਾ ਹੀ ਕਿਉਂ ਨਾ ਬੈਠਾ ਹੋਵੇ ਤਾਂ ਵੀ ਇਹ ਮਨੁੱਖ ਆਪਣੇ ਆਪ ਦੇ ਗ਼ੁੱਸੇ ਤੋਂ ਨਹੀਂ ਬੱਚ ਸਕਦਾ। ਇਸ ਤਰ੍ਹਾਂ ਦਾ ਵਿਵਹਾਰ ਕਰਨ ਵਾਲੇ ਮਨੁੱਖ ਦੇ ਲਈ ਜਦੋਂ ਅਸੀਂ ਆਪਣੇ ਵਿਵਹਾਰ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਆਪਣੇ ਮੂਲ ਤੋਂ ਬਹੁਤ ਦੂਰ ਚਲੇ ਜਾਂਦੇ ਹਾਂ ਕਿਉਂਕਿ ਇਸ ਤਰ੍ਹਾਂ ਦਾ ਵਿਵਹਾਰ ਸਾਡੇ ਤੋਂ ਹੋ ਨਹੀਂ ਰਿਹਾ। ਬਲਕਿ ਅਸੀਂ ਆਪ ਸੋਚ ਸਮਝ ਕੇ ਇਸ ਤਰ੍ਹਾਂ ਦਾ ਵਿਵਹਾਰ ਕਰ ਰਹੇ ਹਾਂ ਜੋ ਕਿ ਸਾਡਾ ਆਪਣਾ ਸੁਭਾਉ ਨਹੀਂ ਹੈ। ਕਦੇ ਵੀ ਬੁਰੇ ਮਨੁੱਖ ਦੇ ਨਾਲ ਬੁਰਾ ਵਿਵਹਾਰ ਨਹੀਂ ਕਰਨਾ ਚਾਹੀਦਾ, ਕਿਉਂਕਿ ਬੁਰਾ ਵਿਵਹਾਰ ਕਰਨ ਦੇ ਲਈ ਸਾਨੂੰ ਆਪਣੇ ਚੰਗੇ ਵਿਵਹਾਰ ਦਾ ਤਿਆਗ ਕਰਨਾ ਪਵੇਗਾ। ਦੂਜਾ ਮਨੁੱਖ ਅੰਦਰੋਂ ਪੂਰੀ ਤਰ੍ਹਾਂ ਸੁੱਤਾ ਹੋਇਆ ਹੈ। ਇਸ ਕਾਰਨ ਇਹ ਮਨੁੱਖ ਇਸ ਤਰ੍ਹਾਂ ਦਾ ਵਿਵਹਾਰ ਕਰ ਰਿਹਾ ਹੈ ਪਰ ਜਦੋਂ ਅਸੀਂ ਉਸ ਮਨੁੱਖ ਦੇ ਨਾਲ ਜਾਗ੍ਰਿਤ ਅਵਸਥਾ ਵਿਚ ਇਸ ਤਰ੍ਹਾਂ ਦਾ ਵਿਵਹਾਰ ਕਰਾਂਗੇ ਤਾਂ ਇਸ ਦਾ ਪ੍ਰਭਾਵ ਸਾਡੇ ਸੁਭਾਉ ਉੱਪਰ ਪੈਣ ਲੱਗ ਜਾਣਾ ਹੈ। ਸਾਧਨਾ ਦੇ ਰਾਹੀਂ ਆਪਣੇ ਆਪ ਨੂੰ ਜਗਾਉਣਾ ਹੈ ਅਤੇ ਅਗਿਆਨ ਇੰਦਰੀ ਨੂੰ ਗਿਆਨ ਇੰਦਰੀ ਦੇ ਵਿਚ ਤਬਦੀਲ ਕਰਨਾ ਹੀ ਧਾਰਮਿਕ ਜੀਵਨ ਦਾ ਸਾਰਾ ਮਕਸਦ ਹੈ।

ਅੱਜ ਸਾਰੀ ਧਰਤੀ ਦੇ ਉੱਪਰ ਜਿੰਨੇ ਵੀ ਮਜ਼੍ਹਬ ਹਨ, ਉਨ੍ਹਾਂ ਵਿਚ ਮਨੁੱਖ ਨੂੰ ਜਗਾਉਣ ਦੇ ਲਈ ਕਿੰਨੇ ਪ੍ਰਚਾਰ ਕੀਤੇ ਜਾ ਰਹੇ ਹਨ। ਇਸ ਦੇ ਬਾਵਜੂਦ ਵੀ ਮਨੁੱਖ ਕਿਉਂ ਨਹੀਂ ਜਾਗ ਰਿਹਾ। ਕਦੇ ਤੁਸੀਂ ਇਸ ਗੱਲ ਦੇ ਉੱਪਰ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਕੀ ਕਾਰਨ ਹਨ ? ਇਸ ਦਾ ਇੱਕ ਮੂਲ ਕਾਰਨ ਹੈ ਜੋ ਲੋਕ ਆਪਣੇ ਆਪ ਨੂੰ ਧਾਰਮਿਕ ਸਮਝ ਰਹੇ ਹਨ ਅਤੇ ਦੂਜਿਆਂ ਨੂੰ ਜਗਾਉਣ ਦੇ ਲਈ ਕੋਸ਼ਿਸ਼ ਵੀ ਕਰ ਰਹੇ ਹਨ, ਉਹ ਤਾਂ ਆਪ ਅਗਿਆਨ ਇੰਦਰੀ ਦੇ ਅਧੀਨ ਕਾਰਜ ਕਰ ਰਹੇ ਹਨ। ਜੋ ਮਨੁੱਖ ਆਪ ਸੁੱਤੀ ਅਵਸਥਾ ਵਿਚ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਕੀ ਇਹ ਮਨੁੱਖ ਕਿਸੇ ਸੁੱਤੇ ਮਨੁੱਖ ਨੂੰ ਜਗਾਉਣ ਦੇ ਵਿਚ ਉਸ ਦੀ ਕੋਈ ਮਦਦ ਕਰ ਸਕਦਾ ਹੈ? ਜਿਸ ਮਨੁੱਖ ਨੇ ਆਪ ਉਸ ਪਰਮ ਅਨੰਦ ਨੂੰ ਅਨੁਭਵ ਨਹੀਂ ਕੀਤਾ, ਕੇਵਲ ਉਸ ਅਨੰਦ ਦੇ ਬਾਰੇ ਧਾਰਮਿਕ ਗ੍ਰੰਥਾਂ ਦੇ ਵਿਚ ਲਿਖੇ ਸ਼ਬਦ ਬ੍ਰਹਮ ਨੂੰ ਪੜ੍ਹ ਲਿਆ ਹੈ ਅਤੇ ਪੜ੍ਹਨ ਤੋਂ ਬਾਅਦ ਇਹ ਦੂਜਿਆਂ ਮਨੁੱਖਾਂ ਵਿਚ ਪ੍ਰਚਾਰ ਕਰੀ ਜਾ ਰਿਹਾ ਹੈ। ਕੀ ਇਨ੍ਹਾਂ ਮਨੁੱਖਾਂ ਦੇ ਕਿਤਾਬੀ ਗਿਆਨ ਤੋਂ ਦੂਸਰੇ ਮਨੁੱਖਾਂ ਨੂੰ ਕੋਈ ਸੇਧ ਮਿਲ ਸਕਦੀ ਹੈ। ਜਿਸ ਮਨੁੱਖ ਨੇ ਆਪਣੀ ਚੇਤਨਾ ਦੇ ਜਾਗਣ ਤੋਂ ਬਾਅਦ ਉਸ ਪਰਮ ਅਵਸਥਾ ਨੂੰ ਆਪ ਖ਼ੁਦ ਅਨੁਭਵ ਨਹੀਂ ਕੀਤਾ, ਕੀ ਇਹ ਮਨੁੱਖ ਉਸ ਕਿਰਿਆ ਦੇ ਬਾਰੇ ਕੋਈ ਵਾਜਬ ਜਾਣਕਾਰੀ ਦੇ ਸਕਦਾ ਹੈ। ਜਿਸ ਦੇ ਬਾਰੇ ਵਿਚ ਇਸ ਮਨੁੱਖ ਦਾ ਆਪਣਾ ਕੋਈ ਨਿੱਜੀ ਅਨੁਭਵ ਨਹੀਂ ਹੈ। ਗੁਲਾਬ ਦੇ ਫੁੱਲਾਂ ਦੇ ਵਿੱਚੋਂ ਜੋ ਖ਼ੁਸ਼ਬੂ ਆਉਂਦੀ ਹੈ ਜੋ ਮਨੁੱਖ ਉਸ ਖ਼ੁਸ਼ਬੂ ਨੂੰ ਅਨੁਭਵ ਕਰਨਾ ਚਾਹੁੰਦਾ ਹੈ ਤਾਂ ਉਸ ਮਨੁੱਖ ਨੂੰ ਖ਼ੁਦ ਗੁਲਾਬ ਦੇ ਫੁੱਲਾਂ ਕੋਲ ਜਾਣਾ ਪਵੇਗਾ। ਗੁਲਾਬ ਦੀ ਖ਼ੁਸ਼ਬੂ ਨੂੰ ਅੱਖਰਾਂ ਦੇ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਜਿਸ ਮਨੁੱਖ ਨੇ ਸੱਚ ਨੂੰ ਜਾਨਣਾ ਹੈ ਤਾਂ ਉਸ ਮਨੁੱਖ ਨੂੰ ਆਪ ਖ਼ੁਦ ਸੱਚ ਦੇ ਸਾਹਮਣੇ ਜਾਣਾ ਹੀ ਪਵੇਗਾ, ਇਸ ਤੋਂ ਇਲਾਵਾ ਹੋਰ ਕੋਈ ਵੀ ਤਰੀਕਾ ਨਹੀਂ ਹੈ।

ਅੱਜ ਕਿੰਨੇ ਪ੍ਰਚਾਰਕ ਮਿਲ ਜਾਂਦੇ ਹਨ ਜੋ ਪਰਮ ਜੀਵਨ ਦੇ ਬਾਰੇ ਦੂਸਰੇ ਮਨੁੱਖਾਂ ਨੂੰ ਪ੍ਰੇਰਿਤ ਕਰ ਰਹੇ ਹਨ। ਕਈ ਮਨਘੜਤ ਕਹਾਣੀਆਂ ਦੇ ਰਾਹੀਂ ਬੇ-ਬੁਨਿਆਦੀ ਗੱਲਾਂ ਦੇ ਨਾਲ ਸਾਰੇ ਆਪਣੇ-ਆਪ ਨੂੰ ਉੱਚਾ ਕਰਨ ਦੇ ਵਿਚ ਲੱਗੇ ਹੋਏ ਹਨ। ਇਹ ਸਾਰੇ ਉਹ ਲੋਕ ਹਨ ਜਿਨ੍ਹਾਂ ਨੇ ਆਪਣੇ ਖੋਜ ਰੂਪੀ ਦੀਪਕ ਨੂੰ ਵਿਸ਼ਵਾਸ ਦਾ ਪਾਣੀ ਪਾ ਕੇ ਪੂਰੀ ਤਰ੍ਹਾਂ ਬੁਝਾ ਦਿੱਤਾ। ਜਿਸ ਮਨੁੱਖ ਨੂੰ ਆਤਮ ਗਿਆਨ ਦੀ ਛੋਹ ਪ੍ਰਾਪਤ ਨਹੀਂ ਹੋਈ, ਉਹ ਦੂਸਰੇ ਮਨੁੱਖ ਨੂੰ ਕੀ ਦੱਸ ਸਕਦਾ ਹੈ ਕਿ ਅਚੇਤ ਮਨ ਨੂੰ ਚੇਤਨ ਮਨ ਦੇ ਵਿਚ ਤਬਦੀਲ ਕਰਨ ਤੋਂ ਪਹਿਲਾਂ ਮਨੁੱਖ ਦੇ ਸਰੀਰ ਨੂੰ ਕਿਹੜੇ ਕਿਹੜੇ ਅਨੁਭਵਾਂ ਦੇ ਵਿੱਚੋਂ ਦੀ ਲੰਘਣਾ ਪੈਂਦਾ ਹੈ। ਸਾਧਨਾ ਦੇ ਰਾਹੀਂ ਚੇਤਨ ਮਨ ਦੇ ਜਾਗਣ ਤੋਂ ਪਹਿਲਾਂ ਸਾਧਕ ਨੂੰ ਕੀ ਕੀ ਅਨੁਭਵ ਹੁੰਦੇ ਹਨ। ਜਿਸ ਮਨੁੱਖ ਨੇ ਆਪ ਸਾਧਨਾ ਦੇ ਰਾਹੀਂ ਉਸ ਸ਼ਕਤੀ ਨੂੰ ਖ਼ੁਦ ਅਨੁਭਵ ਨਹੀਂ ਕੀਤਾ, ਕੇਵਲ ਧਾਰਮਿਕ ਗ੍ਰੰਥਾਂ ਦੇ ਵਿੱਚੋਂ ਕਿਸੇ ਹੋਰ ਦੇ ਅਨੁਭਵ ਨੂੰ ਪੜ੍ਹ ਲਿਆ ਹੈ। ਇਸ ਮਨੁੱਖ ਦੇ ਦੁਆਰਾ ਦੱਸੀ ਜਾ ਰਹੀ ਜਾਣਕਾਰੀ ਤੋਂ ਦੂਜਿਆਂ ਮਨੁੱਖਾਂ ਨੂੰ ਕਿੰਨਾ ਕੁ ਲਾਭ ਪ੍ਰਾਪਤ ਹੋ ਸਕਦਾ ਹੈ। ਆਤਮਾ ਅਤੇ ਪਰਮਾਤਮਾ ਵਰਗੇ ਲਫ਼ਜ਼ਾਂ ਨੂੰ ਕਿਤਾਬਾਂ ਦੇ ਵਿੱਚੋਂ ਪੜ੍ਹ

ਲੈਣ ਦੇ ਨਾਲ ਕੀ ਅਸੀਂ ਆਤਮਾ ਅਤੇ ਪਰਮਾਤਮਾ ਨੂੰ ਜਾਣ ਸਕਦੇ ਹਾਂ? ਇਨ੍ਹਾਂ ਦੋਨਾਂ ਸ਼ਕਤੀਆਂ ਨੂੰ ਮਨੁੱਖ ਕੇਵਲ ਆਪਣੇ ਖ਼ੁਦ ਦੇ ਅਨੁਭਵ ਦੁਆਰਾ ਹੀ ਜਾਣ ਸਕਦਾ ਹੈ। ਆਤਮ ਗਿਆਨ ਇੱਕ ਸਰੀਰਕ ਵਿਗਿਆਨ ਹੈ। ਜਿਸ ਤਰ੍ਹਾਂ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਦੇ ਲਈ ਹਰ ਇੱਕ ਮਨੁੱਖ ਨੂੰ ਆਪ ਖ਼ੁਦ ਕਸਰਤ ਕਰਨੀ ਪੈਂਦੀ ਹੈ; ਇਹ ਤੇ ਨਹੀਂ ਹੋ ਸਕਦਾ ਕਿ ਕਸਰਤ ਕੋਈ ਹੋਰ ਕਰੇ ਅਤੇ ਸਰੀਰ ਤੁਹਾਡਾ ਤੰਦਰੁਸਤ ਹੋਈ ਜਾਵੇ। ਬੋਲਣ ਵਾਲੇ ਦਾ ਕੀ ਜਾਵੇਗਾ, ਉਹ ਤਾਂ ਕੁੱਝ ਵੀ ਬੋਲ ਸਕਦਾ ਹੈ ਕਿ ਇਸ ਗੋਲੀ ਨੂੰ ਖਾਣ ਦੇ ਨਾਲ ਤੁਸੀਂ ਅਮਰ ਹੋ ਜਾਵੋਗੇ। ਪਰਮਾਤਮਾ ਨੇ ਅਕਲ ਦਿੱਤੀ ਹੈ, ਦਿਮਾਗ਼ ਦਿੱਤਾ ਹੈ। ਉਸ ਦੀ ਵਰਤੋਂ ਕਰਨੀ ਬਹੁਤ ਜ਼ਰੂਰੀ ਹੈ। ਧਰਮ ਦੇ ਨਾਮ ਉੱਪਰ ਮਨੁੱਖ ਨੂੰ ਅੰਧ-ਵਿਸ਼ਵਾਸ ਕਰਨ ਦੇ ਲਈ ਪ੍ਰੇਰਿਤ ਕੀਤਾ ਜਾਂਦਾ ਹੈ, ਤਾਂ ਜੋ ਆਸਾਨੀ ਦੇ ਨਾਲ ਇਸ ਦਾ ਸ਼ੋਸ਼ਣ ਕੀਤਾ ਜਾ ਸਕੇ। ਇਹ ਲੋਕ ਝੂਠੇ ਪ੍ਰਚਾਰ ਦੇ ਰਾਹੀਂ ਬਹੁਤ ਸਾਰੇ ਮਨੁੱਖਾਂ ਨੂੰ ਆਪਣੇ ਮਗਰ ਲਗਾ ਲੈਂਦੇ ਹਨ, ਮਰਨ ਤੋਂ ਬਾਅਦ ਹੋਣ ਵਾਲੀ ਕਿਰਿਆ ਦੀਆਂ ਮਨਘੜਤ ਕਹਾਣੀਆਂ ਸੁਣਾ ਸੁਣਾ ਕੇ। ਆਪਣੇ ਸੁਆਰਥ ਨੂੰ ਪੂਰਾ ਕਰਨ ਦੇ ਲਈ ਸਾਰੀ ਮਨੁੱਖਤਾ ਨੂੰ ਸੱਚ ਤੋਂ ਹੋਰ ਜ਼ਿਆਦਾ ਦੂਰ ਲੈ ਗਏ ਹਨ। ਪਰਮਾਤਮਾ ਦੇ ਨਾਲੋਂ ਮਨੁੱਖ ਨੂੰ ਤੋੜ ਕੇ ਆਪਣੇ ਨਾਲ ਜੋੜ ਲਿਆ। ਆਪਣੇ ਸੁਆਰਥ ਨੂੰ ਪੂਰਾ ਕਰਨ ਦੇ ਲਈ ਅੰਧ-ਵਿਸ਼ਵਾਸ ਦਾ ਪ੍ਰਚਾਰ ਕਰਦੇ ਹਨ।

ਇਸੇ ਧੋਖੇਬਾਜ਼ੀ ਦਾ ਇਸਤੇਮਾਲ ਰਾਜਨੀਤਕ ਲੋਕ ਵੀ ਕਰਦੇ ਹਨ। ਚੋਣਾਂ ਦੇ ਪ੍ਰਚਾਰ ਸਮੇਂ ਲੋਕਾਂ ਨੂੰ ਆਪਣੇ ਭਾਸ਼ਣ ਦੇ ਰਾਹੀਂ ਜਗਾਉਣ ਦੀਆਂ ਗੱਲਾਂ ਕਰਦੇ ਹਨ। ਗ਼ਰੀਬੀ ਨੂੰ ਖ਼ਤਮ ਕੀਤਾ ਜਾਵੇਗਾ, ਬੇਈਮਾਨੀ ਖ਼ਤਮ ਕੀਤੀ ਜਾਵੇਗੀ, ਸਾਰਿਆਂ ਦੇ ਨਾਲ ਇਨਸਾਫ਼ ਹੋਵੇਗਾ। ਗ਼ਰੀਬ ਅਤੇ ਅਮੀਰ ਦੇ ਵਿਚ ਕੋਈ ਭੇਦ ਭਾਵ ਨਹੀਂ ਕੀਤਾ ਜਾਵੇਗਾ। ਸਾਰਿਆਂ ਨੂੰ ਹੱਕ ਮਿਲੇਗਾ ਵਗ਼ੈਰਾ ਵਗ਼ੈਰਾ। ਪਰ ਅੰਦਰੋਂ ਇਨ੍ਹਾਂ ਲੋਕਾਂ ਨੂੰ ਪਤਾ ਹੈ ਆਮ ਜਨਤਾ ਨੂੰ ਝੂਠੇ ਵਾਅਦੇ ਸੁਣਨ ਦੀ ਆਦਤ ਹੈ। ਇਸ ਕਾਰਨ ਜਨਤਾ ਨੂੰ ਖ਼ੁਸ਼ ਕਰਨ ਦੇ ਲਈ ਇਹ ਲੋਕ ਝੂਠ ਦਾ ਪ੍ਰਚਾਰ ਹਰ ਵਾਰ ਚੋਣਾਂ ਦੌਰਾਨ ਕਰਦੇ ਹਨ। ਪਰ ਮਨ ਦੇ ਅੰਦਰੋਂ ਇਨ੍ਹਾਂ ਲੋਕਾਂ ਦੀ ਇਹ ਸੋਚ ਹੁੰਦੀ ਹੈ ਕਿ ਜਨਤਾ ਨਾ ਹੀ ਜਾਗੇ। ਕੇਵਲ ਗੱਲਾਂ ਕਰਨ ਦੇ ਵਿਚ ਇਨ੍ਹਾਂ ਲੋਕਾਂ ਦੀ ਦਿਲਚਸਪੀ ਹੁੰਦੀ ਹੈ। ਹਾਰੇ ਹੋਏ ਨੇਤਾ ਤੁਹਾਡੇ ਨਾਲ ਜਾ ਕੇ ਧਰਨਿਆਂ ਦੇ ਉੱਪਰ ਵੀ ਬੈਠਣਗੇ, ਪਰ ਜਦੋਂ ਤੁਸੀਂ ਉਨ੍ਹਾਂ ਦੀ ਸਰਕਾਰ ਵੇਲੇ ਧਰਨਿਆਂ ਦੇ ਰਾਹੀਂ ਰੋਸ ਦਾ ਪ੍ਰਦਰਸ਼ਨ ਕੀਤਾ ਤਾਂ ਇਹ ਲੋਕ ਕਹਿਣਗੇ ਕਿ ਜਨਤਾ ਤਾਂ ਵਿਹਲੜ ਹੈ। ਇਨ੍ਹਾਂ ਨੂੰ ਕੋਈ ਕੰਮ-ਕਾਜ ਨਹੀਂ ਹੈ।

ਜੇਕਰ ਇਹ ਲੋਕ ਇਸ ਗੱਲ ਦਾ ਪ੍ਰਚਾਰ ਕਰਨ ਕਿ ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਕਿਸੇ ਦੇਹਧਾਰੀ ਗੁਰੂ ਨੂੰ ਧਾਰਨ ਦੀ ਜ਼ਰੂਰਤ ਨਹੀਂ ਹੈ, ਤਾਂ ਇਸ ਤਰ੍ਹਾਂ ਸੱਚ ਬੋਲਣ ਦੇ ਨਾਲ ਇਨ੍ਹਾਂ ਠੱਗਾਂ ਦੀਆਂ ਦੁਕਾਨਾਂ ਕਿਸ ਤਰ੍ਹਾਂ ਚੱਲ ਸਕਦੀਆਂ ਹਨ ? ਇੱਕ ਮਨੁੱਖ ਦੂਸਰੇ ਮਨੁੱਖ ਦੇ ਮਨ ਅੰਦਰ ਦਿਨ ਰਾਤ ਚੱਲਣ ਵਾਲੇ ਵਿਚਾਰਾਂ ਦੇ ਕਾਰਨ ਪੈਦਾ ਹੋਈ ਬੇਹੋਸ਼ੀ ਨੂੰ ਕਿਸ ਤਰ੍ਹਾਂ ਤੋੜ ਸਕਦਾ ਹੈ ? ਇਹ ਕਾਰਜ

ਤਾਂ ਹਰ ਇੱਕ ਮਨੁੱਖ ਨੂੰ ਆਪ ਹੀ ਕਰਨਾ ਪਵੇਗਾ, ਵੈਸੇ ਤਾਂ ਸੁੱਤੇ ਮਨ ਦੇ ਨਾਲ ਵੀ ਜੀਵਨ ਬਤੀਤ ਤਾਂ ਕੀਤਾ ਜਾ ਸਕਦਾ ਹੈ, ਪਰ ਇਸ ਤਰ੍ਹਾਂ ਜ਼ਿੰਦਗੀ ਜਿਊਣ ਦੇ ਨਾਲ ਜੀਵਨ ਦੇ ਵਿਚ ਕੋਈ ਅਨੰਦ, ਸ਼ਾਂਤੀ ਜਾਂ ਸੰਗੀਤ ਦਾ ਅਨੁਭਵ ਨਹੀਂ ਹੋ ਸਕਦਾ। ਸਭ ਕੁੱਝ ਹੁੰਦਿਆਂ ਹੋਇਆਂ ਵੀ ਜੀਵਨ ਫਿੱਕਾ ਫਿੱਕਾ ਹੀ ਲੱਗੇਗਾ। ਭਾਵੇਂ ਮਨੁੱਖ ਦੇ ਕੋਲ ਦੁਨੀਆਂ ਦਾ ਹਰ ਇੱਕ ਪਦਾਰਥ ਕਿਉਂ ਨਾ ਹੋਵੇ। ਵਿਚਾਰਾਂ ਦੇ ਵਿਚ ਗ੍ਰਸਤ ਮਨ ਨਿਰ-ਵਿਚਾਰ ਮਨ ਦੇ ਵਿਚ ਪ੍ਰਾਪਤ ਹੋਣ ਵਾਲੀ ਸ਼ਾਂਤੀ ਅਤੇ ਅਨੰਦ ਵਾਲੀ ਅਵਸਥਾ ਤੋਂ ਵੰਚਿਤ ਹੀ ਰਹੇਗਾ।

ਪਰਮ ਜੀਵਨ ਤੋਂ ਬਿਨਾਂ ਮਨੁੱਖ ਦੀ ਜ਼ਿੰਦਗੀ ਇੱਕ ਮਾਰੂਥਲ ਦੀ ਤਪਦੀ ਰੇਤਾ ਤੋਂ ਘੱਟ ਨਹੀਂ ਹੈ। ਜਦੋਂ ਇੜਾ, ਪਿੰਗਲਾ ਅਤੇ ਸੁਖਮਨਾ ਦਾ ਪ੍ਰਕਾਸ਼ ਨੱਕ ਦੀ ਹੱਡੀ ਨਾਲ ਟਕਰਾਉਣ ਤੋਂ ਬਾਅਦ ਮਸਤਕ ਦੇ ਅੰਦਰ ਵੱਲ ਨੂੰ ਮੁੜ ਜਾਂਦਾ ਹੈ ਤਾਂ ਇੱਕ ਇੰਚ ਅੰਦਰ ਜਾ ਕੇ ਇਨ੍ਹਾਂ ਤਿੰਨਾਂ ਨਾੜੀਆਂ ਦੇ ਪ੍ਰਕਾਸ਼ ਨੇ ਆਪਸ ਦੇ ਵਿਚ ਮਿਲ ਜਾਣਾ ਹੈ। ਇਸੇ ਹੀ ਤਰ੍ਹਾਂ ਇਸ ਚੱਕਰ ਦੇ ਵਿਚ ਇਨ੍ਹਾਂ ਤਿੰਨਾਂ ਨਾੜੀਆਂ ਦਾ ਪ੍ਰਕਾਸ਼ ਦਿਨ ਰਾਤ ਪਰਵੇਸ਼ ਕਰਨ ਲੱਗ ਜਾਵੇਗਾ। ਤ੍ਰਿਕੁਟੀ ਦੇ ਵਿਚ ਤ੍ਰਿਵੇਣੀ ਸੰਗਮ ਹੋਣ ਤੋਂ ਕੁੱਝ ਦਿਨਾਂ ਦੇ ਅੰਦਰ ਪ੍ਰਕਾਸ਼ ਨੇ ਮਸਤਕ ਦੇ ਵਿਚਕਾਰ ਪਹੁੰਚ ਜਾਣਾ ਹੈ। ਮਸਤਕ ਦੇ ਵਿਚ ਪ੍ਰਕਾਸ਼ ਪਰਵੇਸ਼ ਕਰਨ ਤੋਂ ਬਾਅਦ ਤੁਹਾਡਾ ਮਸਤਕ ਸਰ ਸਰ ਕਰ ਕੇ ਅੱਠੇ ਪਹਿਰ ਹਿੱਲਦਾ ਰਹੇਗਾ। ਤੁਸੀਂ ਇਸ ਅਵਸਥਾ ਨੂੰ ਅਨੁਭਵ ਕਰ ਕੇ ਘਬਰਾਉਣਾ ਨਹੀਂ ਹੈ। ਇਹ ਤਿੰਨੇ ਸ਼ਕਤੀਆਂ ਹੀ ਅਧਿਆਤਮਿਕ ਜੀਵਨ ਦੀਆਂ ਐਸੀਆਂ ਚਾਬੀਆਂ ਹਨ, ਜਿਨ੍ਹਾਂ ਨੇ ਚੇਤਨਾ ਦੇ ਬੰਦ ਪਏ ਤਾਲਿਆਂ ਨੂੰ ਆਪ ਖੋਲ੍ਹ ਕੇ ਉਸ ਨੂੰ ਮੁਕਤ ਕਰ ਦੇਣਾ ਹੈ। ਸਾਧਾਰਨ ਮਨੁੱਖ ਦਾ ਸਾਰਾ ਜੀਵਨ ਇਸ ਗੱਲ ਦੀ ਖੋਜ ਵਿਚ ਬੀਤੀ ਜਾਂਦਾ ਹੈ ਕਿ ਉਹ ਕੀ ਕਰੇ ਜਾਂ ਕੀ ਨਾ ਕਰੇ। ਕਿਸ ਦੀ ਗੱਲ ਮੰਨੇ ਜਾਂ ਕਿਸ ਦੀ ਗੱਲ ਨਾ ਮੰਨੇ। ਸਾਰੀ ਜ਼ਿੰਦਗੀ ਮਨ ਦੇ ਅੰਦਰੋਂ ਦੋਹਰਾ ਭਾਵ ਖ਼ਤਮ ਨਹੀਂ ਹੁੰਦਾ। ਅੱਜ ਧਾਰਮਿਕ ਮਨੁੱਖ ਇਹ ਸੋਚਦਾ ਹੈ ਕਿ ਉਸ ਨੂੰ ਸਭ ਕੁੱਝ ਪਤਾ ਚੱਲ ਗਿਆ ਹੈ ਕਿ ਕੀ ਕਰਨਾ ਹੈ ਜਾਂ ਕੀ ਨਹੀਂ ਕਰਨਾ ਹੈ। ਧਾਰਮਿਕ ਮਨੁੱਖਾਂ ਨੂੰ ਬਹੁਤ ਸਾਰੀਆਂ ਧਾਰਨਾਵਾਂ ਅਤੇ ਰਹਿਤ ਮਰਿਆਦਾ ਦੱਸੀਆਂ ਜਾਂਦੀਆਂ ਹਨ ਅਤੇ ਇਹ ਉਨ੍ਹਾਂ ਦੇ ਅਨੁਸਾਰ ਚੱਲਣ ਦੀ ਕੋਸ਼ਿਸ਼ ਵੀ ਕਰਦਾ ਹੈ। ਪਰ ਜੀਵਨ ਇੱਕ ਨਦੀ ਦੀ ਤਰ੍ਹਾਂ ਤਰਲ ਤੱਤ ਹੈ, ਉਸ ਦੇ ਵਿਚ ਸਭ ਕੁੱਝ ਨਵਾਂ ਅਤੇ ਨਵੀਨ ਹੈ। ਜਿਸ ਤਰ੍ਹਾਂ ਦਾ ਅੱਜ ਦਾ ਦਿਨ ਹੈ, ਇਸ ਤਰ੍ਹਾਂ ਦਾ ਦਿਨ ਦੁਬਾਰਾ ਕਦੇ ਵੀ ਨਹੀਂ ਆਵੇਗਾ। ਪਰਮਾਤਮਾ ਇੱਕ ਐਸਾ ਗਰਭ ਹੈ, ਜਿਸ ਦੇ ਅੰਦਰ ਕੁੱਝ ਵੀ ਦੁਬਾਰਾ ਦੁਹਰਾਇਆ ਨਹੀਂ ਜਾਂਦਾ। ਜਦੋਂ ਮਨੁੱਖ ਦੀ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਜਾਂਦੀ ਤਾਂ ਇਸ ਨੇ ਸਹਿਜ ਮੰਡਲ ਦੇ ਵਿਚ ਹੌਲੀ ਹੌਲੀ ਕਰ ਕੇ ਪਰਵੇਸ਼ ਕਰਦੇ ਹੀ ਜਾਣਾ ਹੈ। ਇਸ ਮਨੁੱਖ ਦੇ ਮਨ ਅੰਦਰ ਕੋਈ ਦੁਬਿਧਾ ਨਹੀਂ ਰਹਿ ਜਾਵੇਗੀ, ਅੰਦਰ ਕੇਵਲ ਇੱਕੋ ਹੀ ਕਰਤਾ ਬਚ ਜਾਵੇਗਾ। ਹਰ ਦਿਨ ਸਾਧਨਾ ਕਰਨ ਦੇ ਨਾਲ ਸੁੱਤੇ ਮਨ ਨੇ ਆਪਣੇ ਆਪ ਜਾਗਦੇ ਜਾਣਾ ਹੈ। ਇਨ੍ਹਾਂ ਤਿੰਨਾਂ ਨਾੜੀਆਂ ਦੇ ਪ੍ਰਕਾਸ਼ ਨੇ ਮਨ ਦੇ ਹਰੇਕ ਕੋਨੇ ਦੇ ਅੰਦਰ ਜਾ ਕੇ ਉਸ ਨੂੰ ਆਪ ਦੇਖਣਾ ਹੈ ਅਤੇ ਉਸ ਦੀ ਸਫ਼ਾਈ

ਕਰਨੀ ਹੈ। ਮਸਤਕ ਦੇ ਅੰਦਰ ਅਗਿਆਨ ਇੰਦਰੀ ਦੇ ਹੋਏ ਵਿਕਾਸ ਨੂੰ ਆਪਣੇ ਗਰਮ ਅਤੇ ਠੰਢੇ ਪ੍ਰਕਾਸ਼ ਦੇ ਨਾਲ ਠੀਕ ਕਰਨ ਦੇ ਲਈ ਲਗਾਤਾਰ ਕੋਸ਼ਿਸ਼ ਕਰਨੀ ਹੈ। ਇਸ ਕਾਰਨ ਤੁਹਾਨੂੰ ਮਸਤਕ ਦੇ ਵੱਖ-ਵੱਖ ਹਿੱਸਿਆਂ ਅੰਦਰ ਪ੍ਰਕਾਸ਼ ਦਾ ਅਨੁਭਵ ਕਦੇ ਗਰਮ ਅਤੇ ਕਦੇ ਠੰਢਾ ਹੋਵੇਗਾ। ਜਦੋਂ ਅਗਿਆਨ ਇੰਦਰੀ ਪੂਰੀ ਤਰ੍ਹਾਂ ਗਿਆਨ ਇੰਦਰੀ ਦੇ ਵਿਚ ਤਬਦੀਲ ਹੋ ਜਾਵੇਗੀ ਤਾਂ ਮਨ ਨੇ ਆਤਮਾ ਨੂੰ ਸਹਿਜ ਮੰਡਲ ਦੇ ਵਿਚ ਲੀਨ ਕਰ ਦੇਣਾ ਹੈ।

ਇੜਾ ਤਮੋਗੁਣੀ ਹੈ ਅਤੇ ਇਸ ਦੇ ਲਈ ਤਾਮਸਿਕ ਗੁਣਾਂ ਦੀ ਪ੍ਰਤਿਨਿਧਤਾ ਕਰਦੀ ਹੈ ਅਤੇ ਪਿੰਗਲਾ ਰਜੋ ਗੁਣੀ ਹੈ, ਇਸ ਦੇ ਲਈ ਇਹ ਰਾਜਸੀ ਗੁਣਾਂ ਦੀ ਪ੍ਰਤਿਨਿਧਤਾ ਕਰਦੀ ਹੈ। ਇਨ੍ਹਾਂ ਦੋਨਾਂ ਨਾੜੀਆਂ ਦਾ ਸੁਭਾਉ ਬਹੁਤ ਹੀ ਚੰਚਲ ਹੈ, ਇਸ ਕਾਰਨ ਮਨ ਵੀ ਚੰਚਲ ਹੈ। ਜਿਸ ਕਾਰਨ ਮਨੁੱਖ ਤਾਮਸਿਕ ਅਤੇ ਰਾਜਸੀ ਗੁਣਾਂ ਦੇ ਵਿਚ ਗਤੀ ਕਰਦਾ ਹੋਇਆ ਆਪਣਾ ਸਾਰਾ ਜੀਵਨ ਬਤੀਤ ਕਰ ਦੇਂਦਾ ਹੈ। ਜਦੋਂ ਮਨੁੱਖ ਤਾਮਸਿਕ ਅਤੇ ਰਾਜਸੀ ਗੁਣਾਂ ਦੇ ਰਾਹੀਂ ਗਤੀ ਕਰਦਾ ਹੈ, ਤਾਂ ਇਸ ਤਰ੍ਹਾਂ ਦਾ ਕਰਮ ਕਰਨ ਦੇ ਨਾਲ ਕਾਰਨ ਸਰੀਰ ਦੇ ਅੰਦਰ ਕਰਮਾਂ ਦੇ ਸੰਸਕਾਰਾਂ ਦੀ ਗਿਣਤੀ ਹੋਰ ਜ਼ਿਆਦਾ ਵਧਦੀ ਜਾਂਦੀ ਹੈ। ਜਿਨ੍ਹਾਂ ਨੂੰ ਭੋਗਣ ਦੇ ਲਈ ਜੀਵ ਆਤਮਾ ਨੂੰ ਭੋਗੀ ਜੂਨੀਆਂ ਦੇ ਰਾਹੀਂ ਬਾਰ ਬਾਰ ਧਰਤੀ 'ਤੇ ਜਨਮ ਲੈਣਾ ਪਵੇਗਾ। ਲਗਭਗ ਸਾਰੇ ਮਨੁੱਖ ਆਪਣੀਆਂ ਇੰਦਰੀਆਂ ਦੇ ਨਾਲ ਲੜਦੇ ਹੋਏ ਆਪਣਾ ਸਾਰਾ ਜੀਵਨ ਬਤੀਤ ਕਰਦੇ ਹਨ। ਮਨੁੱਖ ਇਨ੍ਹਾਂ ਇੰਦਰੀਆਂ ਦੇ ਨਾਲ ਸਿੱਧਾ ਲੜਦਾ ਹੈ, ਇਸ ਕਾਰਨ ਹਾਰ ਜਾਂਦਾ ਹੈ। ਇਨ੍ਹਾਂ ਇੰਦਰੀਆਂ ਦੇ ਨਾਲ ਸਿੱਧਾ ਨਹੀਂ ਲੜਿਆ ਜਾ ਸਕਦਾ ਅਤੇ ਨਾ ਹੀ ਇਨ੍ਹਾਂ ਇੰਦਰੀਆਂ ਦੇ ਕਰਮਾਂ ਨੂੰ ਜ਼ਬਰਦਸਤੀ ਕਰ ਕੇ ਨੱਪਿਆ ਜਾ ਸਕਦਾ ਹੈ। ਜਦੋਂ ਇੜਾ ਅਤੇ ਪਿੰਗਲਾ ਰੂਪੀ ਸ਼ਕਤੀਆਂ ਨੂੰ ਸੁਖਮਨਾ ਆਪਣੇ ਅਧੀਨ ਲੈ ਆਉਂਦੀ ਹੈ ਤਾਂ ਮਨ ਪੰਜੇ ਗਿਆਨ ਇੰਦਰੀਆਂ ਅਤੇ ਪੰਜੇ ਕਰਮ ਇੰਦਰੀਆਂ ਨੂੰ ਆਪਣੇ ਵੱਸ ਵਿਚ ਕਰ ਲੈਣਾ ਹੈ। ਮਨੁੱਖ ਇੜਾ ਅਤੇ ਪਿੰਗਲਾ ਸ਼ਕਤੀ ਦੇ ਰਾਹੀਂ ਆਪਣੇ ਸਾਰੇ ਕਾਰਜ ਨੂੰ ਪੂਰਾ ਤਾਂ ਕਰ ਸਕਦਾ ਹੈ ਪਰ ਇੜਾ ਅਤੇ ਪਿੰਗਲਾ ਦੇ ਪ੍ਰਭਾਵ ਹੇਠਾਂ ਕੀਤੇ ਗਏ ਕਾਰਜ ਤਾਮਸਿਕ ਅਤੇ ਰਾਜਸੀ ਬਿਰਤੀ ਦੇ ਪ੍ਰਭਾਵ ਅਧੀਨ ਆ ਜਾਂਦੇ ਹਨ। ਇਨ੍ਹਾਂ ਦੋਨਾਂ ਸ਼ਕਤੀਆਂ ਨੂੰ ਬੰਦ ਤਾਂ ਨਹੀਂ ਕੀਤਾ ਜਾ ਸਕਦਾ, ਇਹ ਦੋਨੋਂ ਸ਼ਕਤੀਆਂ ਬਿਜਲੀ ਦੇ ਵਾਂਗੂੰ ਕੜਕਦੀਆਂ ਅਤੇ ਬੱਦਲਾਂ ਦੇ ਵਾਂਗੂੰ ਗੱਜਦਿਆਂ ਹੋਇਆਂ ਸਰੀਰ ਦੇ ਅੰਦਰ ਗਤੀ ਕਰਦੀਆਂ ਹਨ। ਇਨ੍ਹਾਂ ਦੋਨੋਂ ਦਾ ਸੁਭਾਉ ਜੰਗਲੀ ਹੈ। ਇਸ ਦੇ ਲਈ ਜਿਸ ਮਨੁੱਖ ਦੇ ਸਰੀਰ ਅੰਦਰ ਇਨ੍ਹਾਂ ਦਾ ਪ੍ਰਭਾਵ ਬਹੁਤ ਜ਼ਿਆਦਾ ਹੋਵੇਗਾ ਤਾਂ ਉਹ ਮਨੁੱਖ ਕਈ ਵਾਰ ਜਾਨਵਰਾਂ ਦੇ ਵਾਂਗੂੰ ਕਾਰਜ ਕਰ ਜਾਂਦਾ ਹੈ। ਜਿਸ ਤਰ੍ਹਾਂ ਅੱਗ, ਪਾਣੀ ਅਤੇ ਹਵਾ ਸ਼ਕਤੀਆਂ ਹਨ ਉਨ੍ਹਾਂ ਦੀ ਸਹੀ ਵਰਤੋਂ ਵੀ ਕੀਤੀ ਜਾ ਸਕਦੀ ਹੈ ਅਤੇ ਗ਼ਲਤ ਵਰਤੋਂ ਵੀ ਕੀਤੀ ਜਾ ਸਕਦੀ ਹੈ। ਸਮਾਧੀ ਦੇ ਵਿਚ ਸੁਖਮਨਾ ਇਨ੍ਹਾਂ ਦੋਨਾਂ ਸ਼ਕਤੀਆਂ ਨੂੰ ਆਪਣੇ ਅਧੀਨ ਲੈ ਆਵੇਗੀ। ਸ਼ਕਤੀ ਦਾ ਸੁਭਾਉ ਹੈ ਗਤੀ ਕਰਨਾ। ਜਦੋਂ ਮਨੁੱਖ ਸਾਧਨਾ ਦੇ ਰਾਹੀਂ ਆਪਣੀਆਂ ਅੱਖਾਂ, ਮੂੰਹ ਅਤੇ ਕੰਨਾਂ ਨੂੰ ਬੰਦ ਕਰ ਕੇ ਆਪਣੇ ਆਪ ਦੇ

ਨਾਲ ਆਸਣ ਲਗਾ ਕੇ ਬੈਠ ਜਾਂਦਾ ਹੈ ਤਾਂ ਇਨ੍ਹਾਂ ਇੰਦਰੀਆਂ ਦੇ ਰਾਹੀਂ ਵਰਤੀ ਜਾਣ ਵਾਲੀ ਪ੍ਰਾਣ ਊਰਜਾ ਨਾਭੀ ਕੇਂਦਰ ਦੇ ਵਿਚ ਵਾਪਸ ਆਉਂਦੀ ਜਾਵੇਗੀ। ਸਾਧਨਾ ਕਰਨ ਦੇ ਨਾਲ ਮਨ ਦੇ ਅੰਦਰ ਜੋ ਵਿਚਾਰ ਆਪਣੇ ਆਪ ਚੱਲ ਰਹੇ ਸਨ, ਕੁੱਝ ਛਿਣਾਂ ਦੇ ਲਈ ਉਨ੍ਹਾਂ ਦਾ ਬਹਾਓ ਰੁਕ ਜਾਵੇਗਾ। ਵਿਚਾਰਾਂ ਦੇ ਕੁੱਝ ਛਿਣ ਰੁਕਣ ਦੇ ਨਾਲ ਸੁਖਮਨਾ ਨਾੜੀ ਦੇ ਪ੍ਰਕਾਸ਼ ਨੇ ਤੀਜੇ ਨੇਤਰ ਵੱਲ ਨੂੰ ਗਤੀ ਕਰਨ ਲਈ ਕੋਸ਼ਿਸ਼ ਕਰਨੀ ਹੈ। ਜਦੋਂ ਸੁਖਮਨਾ ਨਾੜੀ ਦਾ ਪ੍ਰਕਾਸ਼ ਮਸਤਕ ਅੰਦਰ ਪਰਵੇਸ਼ ਕਰਨ ਲੱਗ ਜਾਂਦਾ ਹੈ ਤਾਂ ਇਸ ਨਾਲ ਮਨ ਦੀ ਚੰਚਲਤਾ ਘਟਣ ਦੇ ਨਾਲ ਮਨ ਦੇ ਅੰਦਰ ਸਥਿਰਤਾ ਆ ਜਾਵੇਗੀ। ਜਿਸ ਵੀ ਮਨੁੱਖ ਦੇ ਸਰੀਰ ਅੰਦਰ ਸੁਖਮਨਾ ਸ਼ਕਤੀ ਗਤੀਮਾਨ ਹੋ ਚੁੱਕੀ ਹੈ, ਉਸ ਮਨੁੱਖ ਦਾ ਜੀਵਨ ਅਧਿਆਤਮਿਕ ਦਿਸ਼ਾ ਵੱਲ ਬਹੁਤ ਹੀ ਗਤੀ ਦੇ ਨਾਲ ਦੌੜਨ ਲੱਗ ਜਾਵੇਗਾ। ਧਿਆਨ ਸਿਮਰਨ ਦੀ ਸਾਧਨਾ ਕਰਨ ਦੇ ਕੁੱਝ ਦਿਨਾਂ ਬਾਅਦ ਹੀ ਸਾਧਕ ਨੂੰ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਅਨੁਭਵ ਹੋਣ ਲੱਗ ਜਾਂਦੇ ਹਨ, ਜਿਨ੍ਹਾਂ ਤੋਂ ਸਾਧਕ ਨੂੰ ਇਹ ਪਤਾ ਲੱਗਦਾ ਜਾਵੇਗਾ ਕਿ ਉਹ ਸਹੀ ਦਿਸ਼ਾ ਵੱਲ ਗਤੀ ਕਰ ਰਿਹਾ ਹੈ ਜਾਂ ਨਹੀਂ। ਕਈ ਵਾਰ ਸਾਧਨਾ ਦੇ ਵਿਚ ਬੈਠਿਆਂ ਸਾਧਕ ਦਾ ਸਰੀਰ ਆਪਣੇ ਆਪ ਝੂਮਣ ਲੱਗ ਜਾਂਦਾ ਹੈ। ਕਈ ਵਾਰ ਇੱਕ ਅੱਖ ਦੇ ਰਾਹੀਂ ਸਾਧਕ ਨੂੰ ਚਿੱਟੇ ਪ੍ਰਕਾਸ਼ ਦੇ ਗੋਲੇ ਆਪਣੇ ਵੱਲ ਨੂੰ ਆਉਂਦੇ ਹੋਏ ਦਿਖਾਈ ਦੇਂਦੇ ਹਨ।

ਇਸ ਤਰ੍ਹਾਂ ਦੇ ਅਨੁਭਵ ਹਰ ਦਿਨ ਨਹੀਂ ਹੁੰਦੇ। ਜਿਸ ਦਿਨ ਸਾਧਨਾ ਦੇ ਵਿਚ ਤੁਹਾਡੀ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਕੇ ਆਪਣੇ ਆਪ ਵਿਚ ਇਕਾਗਰ ਹੋ ਜਾਵੇਗੀ, ਉਸ ਦਿਨ ਤੁਹਾਨੂੰ ਇਸ ਤਰ੍ਹਾਂ ਦੇ ਅਨੁਭਵ ਹੋਣੇ ਹਨ। ਧਿਆਨ ਸਿਮਰਨ ਕਰਨ ਸਮੇਂ ਤੁਹਾਨੂੰ ਇਸ ਤਰ੍ਹਾਂ ਲੱਗੇਗਾ ਜਿਵੇਂ ਤੁਹਾਡੇ ਸਵਾਸ ਹੌਲੀ ਹੌਲੀ ਕਰਕੇ ਬੰਦ ਹੁੰਦੇ ਜਾ ਰਹੇ ਹਨ, ਤੁਸੀਂ ਡਰਨਾ ਨਹੀਂ ਹੈ, ਤੁਹਾਨੂੰ ਕੁੱਝ ਵੀ ਨਹੀਂ ਹੋਵੇਗਾ। ਮਨੁੱਖ ਚਾਹ ਕੇ ਵੀ ਆਪਣੇ ਸਵਾਸਾਂ ਨੂੰ ਬੰਦ ਨਹੀਂ ਕਰ ਸਕਦਾ। ਸਾਧਾਰਨ ਤੌਰ ’ਤੇ ਤੁਸੀਂ ਹਰ ਰੋਜ਼ ਰਾਤ ਨੂੰ ਸੌਣ ਤੋਂ ਇਸ ਅਵਸਥਾ ਵਿਚ ਪਰਵੇਸ਼ ਕਰਦੇ ਹੋ, ਪਰ ਸਾਧਨਾ ਦੇ ਰਾਹੀਂ ਜਦੋਂ ਤੁਸੀਂ ਜਾਗਦੇ ਹੋਏ ਆਪਣੀ ਨੀਂਦਰ ਵਾਲੀ ਅਵਸਥਾ ਵਿਚ ਪਰਵੇਸ਼ ਕੀਤਾ ਤਾਂ ਤੁਹਾਨੂੰ ਇਸ ਤਰ੍ਹਾਂ ਦਾ ਅਨੁਭਵ ਹੋਵੇਗਾ। ਹਰ ਇੱਕ ਮਨੁੱਖ ਦਾ ਸਰੀਰ ਸੌਣ ਤੋਂ ਪਹਿਲਾਂ ਇਸ ਅਵਸਥਾ ਵਿਚ ਪਰਵੇਸ਼ ਕਰਦਾ ਹੈ। ਸਾਧਨਾ ਦੇ ਰਾਹੀਂ ਤੁਸੀਂ ਜਾਗਦੇ ਹੋਏ ਇਸ ਅਵਸਥਾ ਵਿਚ ਪਰਵੇਸ਼ ਕਰਨ ਦੀ ਕੋਸ਼ਿਸ਼ ਕਰਨੀ ਹੈ। ਜਿਸ ਤਰ੍ਹਾਂ ਦਹੀਂ ਦੇ ਵਿੱਚੋਂ ਮੱਖਣ ਕੱਢਣ ਦੇ ਲਈ ਮਧਾਣੀ ਦੇ ਰਾਹੀਂ ਉਸ ਨੂੰ ਲਗਾਤਾਰ ਰਿੜਕਣਾ ਪੈਂਦਾ ਹੈ, ਬਿਲਕੁਲ ਇਸੇ ਹੀ ਤਰ੍ਹਾਂ ਸਾਧਕ ਨੇ ਸਾਧਨਾ ਦੇ ਵਿਚ ਬੈਠ ਕੇ ਆਪਣੇ ਸਰੀਰ ਨੂੰ ਸਵਾਸਾਂ ਰੂਪੀ ਮਧਾਣੀ ਦੇ ਨਾਲ ਤਦ ਤੱਕ ਰਿੜਕਦੇ ਹੀ ਜਾਣਾ ਹੈ, ਜਿੰਨਾ ਚਿਰ ਤੱਕ ਮੱਖਣ ਰੂਪੀ ਸੁਖਮਨਾ ਨਾੜੀ ਦਾ ਪ੍ਰਕਾਸ਼ ਉੱਪਰ ਮਸਤਕ ਦੇ ਵੱਲ ਨੂੰ ਗਤੀ ਕਰਨ ਨਹੀਂ ਲੱਗ ਜਾਂਦਾ। ਤੁਸੀਂ ਆਪਣੇ ਸਵਾਸ ਨੂੰ ਬਾਹਰ ਕੱਢਣ ਲੱਗਿਆਂ ਸ਼ਬਦ ਦਾ ਲੰਬਾ ਜਾਪ ਕਰਦੇ ਹੀ ਜਾਣਾ ਹੈ। ਕੁੱਝ ਦਿਨਾਂ ਦੇ ਅੰਦਰ ਸੁਖਮਨਾ ਦੇ ਪ੍ਰਕਾਸ਼ ਨੇ ਨਾਭੀ ਕੇਂਦਰ ਤੋਂ ਮਸਤਕ ਵੱਲ ਨੂੰ ਚੜ੍ਹਨ ਦੇ

ਲਈ ਕੋਸ਼ਿਸ਼ ਕਰਨੀ ਹੈ। ਜਦੋਂ ਸਾਧਨਾ ਵਿਚ ਬੈਠਿਆਂ ਤੁਹਾਡੇ ਸਰੀਰ ਨੂੰ ਝਟਕੇ ਲੱਗਣੇ ਸ਼ੁਰੂ ਹੋ ਜਾਣ ਤਾਂ ਤੁਸੀਂ ਸਮਝ ਲੈਣਾ ਕਿ ਤੁਹਾਡੀ ਅਰਦਾਸ ਸੁਣ ਲਈ ਗਈ ਹੈ। ਜਦੋਂ ਤੁਸੀਂ ਸਮਾਧੀ ਦੇ ਵਿਚ ਪਰਵੇਸ਼ ਕਰਦੇ ਹੋ ਤਾਂ ਤੁਹਾਡਾ ਸਵਾਸ ਇੜਾ ਤੋਂ ਪਿੰਗਲਾ ਜਾਂ ਪਿੰਗਲਾ ਤੋਂ ਇੜਾ ਨਾੜੀ ਦੇ ਵਿਚ ਬਦਲਣ ਲੱਗੇਗਾ ਤਾਂ ਉਸ ਸਮੇਂ ਸੁਖਮਨਾ ਨਾੜੀ ਦੇ ਪ੍ਰਕਾਸ਼ ਨੇ ਗਤੀ ਕਰਨ ਦੇ ਲਈ ਸਰੀਰ ਨੂੰ ਝਟਕੇ ਮਾਰਨੇ ਹਨ। ਇਸ ਅਵਸਥਾ ਵਿਚ ਜਦੋਂ ਤੁਸੀਂ ਪਰਮ ਸ਼ਕਤੀ ਨੂੰ ਪੁਕਾਰਿਆ ਤਾਂ ਸੁਖਮਨਾ ਨਾੜੀ ਦੇ ਪ੍ਰਕਾਸ਼ ਵਾਲੀ ਗੰਢ ਖੁੱਲ੍ਹ ਜਾਵੇਗੀ ਅਤੇ ਸੁਖਮਨਾ ਨਾੜੀ ਦੇ ਪ੍ਰਕਾਸ਼ ਨੇ ਤ੍ਰਿਕੁਟੀ ਦੇ ਵੱਲ ਨੂੰ ਦੌੜਨਾ ਸ਼ੁਰੂ ਕਰ ਦੇਣਾ ਹੈ। ਜਿਸ ਤਰ੍ਹਾਂ ਦੋ ਪੱਥਰਾਂ ਨੂੰ ਆਪਸ ਦੇ ਵਿਚ ਰਗੜਨ ਨਾਲ ਚੰਗਿਆੜੀਆਂ ਪੈਦਾ ਹੋ ਜਾਂਦੀਆਂ ਹਨ, ਬਿਲਕੁਲ ਇਸੇ ਹੀ ਤਰ੍ਹਾਂ ਸਾਧਨਾ ਦੇ ਵਿਚ ਬੈਠੇ ਸਾਧਕ ਦੇ ਸਰੀਰ ਅੰਦਰ ਜਦੋਂ ਸਵਾਸ ਇੜਾ ਨਾਸਕਾ ਤੋਂ ਪਿੰਗਲਾ ਨਾਸਕਾ ਦੇ ਵਿਚ ਤਬਦੀਲ ਹੋਣ ਲੱਗਦੇ ਹਨ ਤਾਂ ਉਸ ਅਵਸਥਾ ਵਿਚ ਜਦੋਂ ਮਨੁੱਖ ਆਪਣੇ ਧਿਆਨ ਨੂੰ ਤ੍ਰਿਕੁਟੀ ਦੇ ਵਿਚ ਇਕਾਗਰ ਕਰਦਾ ਹੋਇਆ ਓਅੰਕਾਰ ਧੁਨੀ ਦਾ ਜਾਪ ਕਰਦਾ ਹੈ ਤਾਂ ਉਸ ਅਵਸਥਾ ਵਿਚ ਰੀੜ੍ਹ ਦੀ ਹੱਡੀ ਦੇ ਮੁੱਢ ਵਾਲੇ ਸੁਖਮਨਾ ਨਾੜੀ ਦਾ ਕੇਂਦਰ ਪ੍ਰਕਾਸ਼ ਨੂੰ ਪੈਦਾ ਕਰਨ ਲੱਗ ਜਾਂਦਾ ਹੈ। ਜਿਸ ਮਨੁੱਖ ਨੇ ਆਪਣੇ ਹੱਥੀਂ ਮੱਖਣ ਕੱਢਿਆ ਹੋਵੇ, ਉਸ ਨੂੰ ਪਤਾ ਹੁੰਦਾ ਹੈ ਜੇਕਰ ਦਹੀਂ ਜ਼ਿਆਦਾ ਗਰਮ ਜਾਂ ਠੰਢਾ ਹੋਵੇ ਤਾਂ ਉਸ ਦੇ ਵਿੱਚੋਂ ਮੱਖਣ ਨੂੰ ਕੱਢਣਾ ਕਾਫ਼ੀ ਮੁਸ਼ਕਲ ਹੋ ਜਾਂਦਾ ਹੈ। ਅਧਿਆਤਮਿਕ ਸਾਧਨਾ ਕਰਨ ਦੇ ਲਈ ਸਵਾਸਾਂ ਦਾ ਬਹੁਤ ਵੱਡਾ ਯੋਗਦਾਨ ਹੈ। ਸਵਾਸਾਂ ਦੇ ਰਾਹੀਂ ਸਾਧਕ ਨੇ ਆਪਣੇ ਸਰੀਰ ਨੂੰ ਤਦ ਤੱਕ ਰਿੜਕਦੇ ਹੀ ਜਾਣਾ ਹੈ, ਜਿੰਨਾ ਚਿਰ ਤੱਕ ਸੁਖਮਨਾ ਦਾ ਪ੍ਰਕਾਸ਼ ਤ੍ਰਿਕੁਟੀ ਦੇ ਵਿਚ ਪਹੁੰਚ ਨਹੀਂ ਜਾਂਦਾ। ਦੱਸੀ ਗਈ ਵਿਧੀ ਦੇ ਅਨੁਸਾਰ ਜੋ ਵੀ ਮਨੁੱਖ ਲਗਾਤਾਰ ਸਾਧਨਾ ਕਰਦਾ ਹੀ ਜਾਵੇਗਾ, ਉਸ ਮਨੁੱਖ ਦੇ ਸਰੀਰ ਅੰਦਰੋਂ ਸੁੱਤਾ ਪ੍ਰਕਾਸ਼ ਇੱਕ ਨਾ ਇੱਕ ਦਿਨ ਜ਼ਰੂਰ ਪ੍ਰਗਟ ਹੋ ਜਾਵੇਗਾ। ਜਿਸ ਤਰ੍ਹਾਂ ਸਾਧਾਰਨ ਰੂਪ ਵਿਚ ਰੱਖੀ ਬਰੂਦ ਦੇ ਅੰਦਰ ਆਪਣੇ ਆਪ ਧਮਾਕਾ ਨਹੀਂ ਹੁੰਦਾ, ਜਿੰਨਾ ਚਿਰ ਤੱਕ ਉਸ ਦੇ ਅੰਦਰ ਕਿਸੇ ਪਦਾਰਥ ਨਾਲ ਵਿਸਫੋਟ ਨਾ ਕੀਤਾ ਜਾਵੇ। ਬਿਲਕੁਲ ਇਸੇ ਹੀ ਤਰ੍ਹਾਂ ਸਾਧਨਾ ਦੇ ਵਿਚ ਬੈਠੇ ਸਾਧਕ ਦੇ ਸਵਾਸ ਸਰੀਰ ਦੇ ਤਾਪਮਾਨ ਨੂੰ ਸੰਤੁਲਨ ਕਰਦੇ ਰਹਿੰਦੇ ਹਨ। ਜਿਸ ਦੇ ਨਾਲ ਸੁਖਮਨਾ ਨਾੜੀ ਨੇ ਜਾਗਣ ਦੇ ਲਈ ਕੋਸ਼ਿਸ਼ ਕਰਨੀ ਹੈ, ਬਾਅਦ ਦੇ ਵਿਚ ਇਸ ਨੇ ਅੱਗੇ ਦੀ ਯਾਤਰਾ ਨੂੰ ਪੂਰਾ ਕਰਨਾ ਹੈ। ਸਾਧਨਾ ਦੇ ਦੌਰਾਨ ਜਦੋਂ ਤੁਹਾਡੇ ਸਵਾਸ ਇੜਾ ਨਾੜੀ ਤੋਂ ਪਿੰਗਲਾ ਨਾੜੀਆਂ ਜਾਂ ਪਿੰਗਲਾ ਨਾੜੀ ਤੋਂ ਇੜਾ ਦੇ ਵਿਚ ਬਦਲਣ ਲੱਗਣੇ ਹਨ ਤਾਂ ਤੁਹਾਡੀ ਸੁਰਤੀ ਨੇ ਨਿਰ-ਵਿਚਾਰ ਹੋ ਕੇ ਚੇਤਨ ਸਮਾਧੀ ਦੇ ਵਿਚ ਇਕਾਗਰ ਹੋ ਜਾਣਾ ਹੈ। ਜਦੋਂ ਵੀ ਤੁਹਾਨੂੰ ਇਸ ਤਰ੍ਹਾਂ ਦਾ ਅਨੁਭਵ ਹੋਵੇਗਾ ਤਾਂ ਤੁਸੀਂ ਸਮਝ ਲੈਣਾ ਕਿ ਘਰ ਦਾ ਮਾਲਕ ਆਪਣੇ ਘਰ ਵਿਚ ਵਾਪਸ ਆ ਚੁੱਕਾ ਹੈ। ਜਿਸ ਨੇ ਆਪਣੇ ਘਰ ਦਾ ਪੂਰਾ ਕੰਟਰੋਲ ਆਪਣੇ ਹੱਥਾਂ ਦੇ ਵਿਚ ਵਾਪਸ ਲੈ ਲੈਣਾ ਹੈ।

ਪ੍ਰਾਣ ਪ੍ਰਕਾਸ਼ ਦੀਆਂ ਇਨ੍ਹਾਂ ਤਿੰਨਾਂ ਨਦੀਆਂ ਨੇ ਮਨ ਅਤੇ ਆਤਮਾ ਦੇ ਔਗੁਣਾਂ

ਨੂੰ ਧੋਣ ਦੇ ਲਈ ਦਿਨ ਰਾਤ ਸਰੀਰ ਦੇ ਅੰਦਰ ਗਤੀ ਕਰਨੀ ਹੈ। ਸ਼ੁਰੂ ਸ਼ੁਰੂ ਦੇ ਵਿਚ ਸਰੀਰ ਦੇ ਅੰਦਰ ਕੰਪਨ ਬਹੁਤ ਜ਼ਿਆਦਾ ਵੱਧ ਜਾਂਦੀ ਹੈ। ਜਿਵੇਂ ਜਿਵੇਂ ਮਨ ਅਤੇ ਆਤਮਾ ਨਿਰਮਲ ਹੁੰਦੇ ਜਾਣਗੇ, ਸਰੀਰ ਦੇ ਅੰਦਰੋਂ ਕੰਪਨ ਵੀ ਘਟਦੀ ਜਾਵੇਗੀ। ਇੱਕ ਸਮਾਂ ਇਸ ਤਰ੍ਹਾਂ ਦਾ ਆ ਜਾਣਾ ਹੈ ਜਦੋਂ ਪ੍ਰਕਾਸ਼ ਨੇ ਆਤਮਾ ਉੱਪਰ ਬਣੇ ਕਾਰਨ ਸਰੀਰ ਦੇ ਅੰਦਰ ਇਕੱਤਰ ਹੋਏ ਸੰਸਕਾਰਾਂ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਕੇ ਆਤਮਾ ਨੂੰ ਪ੍ਰਕਿਰਤੀ ਦੀ ਅਧੀਨਤਾ ਤੋਂ ਮੁਕਤ ਕਰਵਾ ਦੇਣਾ ਹੈ। ਉਸ ਤੋਂ ਬਾਅਦ ਆਤਮਾ ਦਾ ਪਰਵੇਸ਼ ਮੁਕਤੀ ਦੇ ਮੰਡਲ ਵਿਚ ਹੋ ਜਾਵੇਗਾ। ਉਸ ਅਵਸਥਾ ਵਿਚ ਇਨ੍ਹਾਂ ਤਿੰਨਾਂ ਸ਼ਕਤੀਆਂ ਨੇ ਆਤਮਾ ਦੇ ਲਈ ਬ੍ਰਹਮ ਵਾਹਨ ਬਣ ਜਾਣਾ ਹੈ, ਜਿਸ ਦੇ ਉੱਪਰ ਆਤਮਾ ਨੇ ਬੈਠ ਕੇ ਨਿਜ ਘਰ ਤੱਕ ਦੀ ਬਾਕੀ ਦੀ ਯਾਤਰਾ ਨੂੰ ਪੂਰਾ ਕਰਨਾ ਹੈ। ਸੁਰਤੀ ਹਰ ਦਿਨ ਜਿੰਨਾ ਸਫ਼ਰ ਤਹਿ ਕਰ ਲੈਂਦੀ ਹੈ, ਅਗਲੇ ਦਿਨ ਉਸੇ ਜਗ੍ਹਾ ਤੋਂ ਅੱਗੇ ਦੀ ਯਾਤਰਾ ਸ਼ੁਰੂ ਕਰ ਦੇਂਦੀ ਹੈ। ਇੱਕ ਸਮਾਂ ਐਸਾ ਆਵੇਗਾ ਜਦੋਂ ਸੁਰਤੀ ਨੇ ਵਿਚਾਰਾਂ ਦੇ ਮੰਡਲ ਤੋਂ ਅੱਗੇ ਆਤਮਿਕ ਮੰਡਲ ਅਤੇ ਆਖ਼ਿਰ ਦੇ ਵਿਚ ਬ੍ਰਹਮ ਮੰਡਲ ਦੇ ਵਿਚ ਪਰਵੇਸ਼ ਕਰ ਜਾਣਾ ਹੈ। ਇਸ ਨੂੰ ਸਹਿਜ ਅਵਸਥਾ ਆਖਿਆ ਜਾਂਦਾ ਹੈ। ਇਹ ਉਹੀ ਸ਼ਕਤੀਆਂ ਹਨ ਜਿਨ੍ਹਾਂ ਦੇ ਕਾਰਨ ਸਰੀਰ ਦੇ ਅੰਦਰੋਂ ਜਨਮਾਂ ਜਨਮਾਂ ਦੇ ਇਕੱਤਰ ਹੋਏ ਸੰਸਕਾਰਾਂ ਨੂੰ ਆਪ ਖ਼ਤਮ ਕੀਤਾ ਸੀ। ਇਹ ਉਹੀ ਸ਼ਕਤੀਆਂ ਹਨ ਜੋ ਸਾਧਾਰਨ ਮਨੁੱਖ ਨੂੰ ਦੇਵ ਪੁਰਸ਼ ਬਣਾ ਦੇਂਦੀਆਂ ਹਨ। ਇਸ ਅਵਸਥਾ ਵਿਚ ਪਹੁੰਚੇ ਮਨੁੱਖ ਕੋਲ ਭਾਵੇਂ ਕੁੱਝ ਵੀ ਨਾ ਹੋਵੇ, ਇਸ ਦੇ ਬਾਵਜੂਦ ਵੀ ਉਹ ਇੱਕ ਪਰਮ ਅਨੰਦ ਦੇ ਵਿਚ ਆਪਣਾ ਜੀਵਨ ਬਤੀਤ ਕਰੇਗਾ।

ਮਨੁੱਖ ਦਾ ਪੂਰਾ ਮਸਤਕ ਹੀ ਤੀਜਾ ਨੇਤਰ ਹੈ, ਨਾ ਕਿ ਮਸਤਕ ਦੇ ਅੰਦਰ ਕੋਈ ਤੀਜੀ ਅੱਖ ਹੈ। ਮਸਤਕ ਦੇ ਅੰਦਰ ਲਗਾਤਾਰ ਇੜਾ, ਪਿੰਗਲਾ ਅਤੇ ਸੁਖਮਨਾ ਦਾ ਪ੍ਰਕਾਸ਼ ਪਰਵੇਸ਼ ਕਰਨ ਦੇ ਨਾਲ ਇੱਕ ਸਮਾਂ ਐਸਾ ਆ ਜਾਵੇਗਾ, ਜਦੋਂ ਪੂਰੇ ਦੇ ਪੂਰੇ ਮਸਤਕ ਨੇ ਬ੍ਰਹਮ ਅੱਖ ਦੇ ਵਿਚ ਤਬਦੀਲ ਹੋ ਜਾਣਾ ਹੈ। ਇਹ ਉਹੀ ਅੱਖ ਹੈ ਜਿਸ ਦੇ ਰਾਹੀਂ ਮਨੁੱਖ ਪਰਮਾਤਮਾ ਦੇ ਦਰਸ਼ਨ ਕਰ ਲੈਂਦਾ ਹੈ। ਦੋਨਾਂ ਭਰਵੱਟਿਆਂ ਦੇ ਵਿਚਕਾਰ ਤੀਜੇ ਨੇਤਰ ਦਾ ਪਹਿਲਾ ਚੱਕਰ ਹੈ। ਇਸ ਦੀ ਪਿਆਸ ਅਨੰਤ ਜਨਮਾਂ ਦੀ ਹੈ। ਇਸ ਗੱਲ ਦਾ ਪਤਾ ਹੀ ਨਹੀਂ, ਤੀਜਾ ਨੇਤਰ ਕਿੰਨੇ ਲੰਬੇ ਸਮੇਂ ਤੋਂ ਇਸ ਪ੍ਰਕਾਸ਼ ਦੀ ਉਡੀਕ ਕਰ ਰਿਹਾ ਹੈ। ਜਦੋਂ ਵੀ ਪ੍ਰਕਾਸ਼ ਇਸ ਚੱਕਰ ਦੇ ਕਰੀਬ ਆਵੇਗਾ ਤਾਂ ਇਸ ਚੱਕਰ ਨੇ ਪ੍ਰਕਾਸ਼ ਨੂੰ ਆਪਣੇ ਵੱਲ ਨੂੰ ਖਿੱਚ ਲੈਣਾ ਹੈ। ਜਦੋਂ ਕਦੇ ਸਰੀਰ ਅੰਦਰ ਪ੍ਰਕਾਸ਼ ਚੱਲਣ ਦੀ ਗਤੀ ਘੱਟ ਜਾਵੇ ਤਾਂ ਤੁਸੀਂ ਆਪਣੀਆਂ ਅੱਖਾਂ ਨੂੰ ਬੰਦ ਕਰ ਕੇ ਆਪਣੇ ਪੂਰੇ ਧਿਆਨ ਨੂੰ ਦੋਨੋਂ ਭਰਵੱਟਿਆਂ ਦੇ ਵਿਚਕਾਰ ਇਕਾਗਰ ਕਰਦੇ ਹੋਏ ਓਅੰਕਾਰ ਧੁਨੀ ਦਾ ਲੰਬਾ ਜਾਪ ਕਰਨਾ ਹੈ। ਇਸ ਦੇ ਨਾਲ ਪ੍ਰਕਾਸ਼ ਦੀ ਗਤੀ ਫਿਰ ਤੋਂ ਤੇਜ਼ ਹੋ ਜਾਵੇਗੀ। ਤਿੰਨਾਂ ਨਾੜੀਆਂ ਦਾ ਪ੍ਰਕਾਸ਼ ਦਿਨ ਰਾਤ ਮਸਤਕ ਦੇ ਅੰਦਰ ਜਾ ਕੇ ਸਮਾਉਂਦਾ ਰਹੇਗਾ। ਸਾਡੇ ਮਸਤਕ ਦੇ ਅੰਦਰ ਹੀ ਉਹ ਬਿੰਦੂ ਹੈ ਜਿਸ ਦੇ ਵਿਚ ਸੁਰਤੀ ਪਰਵੇਸ਼ ਕਰਨ ਨਾਲ ਆਤਮਾ ਦੀ ਮੁਕਤੀ ਹੋ ਜਾਂਦੀ ਹੈ। ਜਦੋਂ ਇਹ ਤਿੰਨੇ ਨਾੜੀਆਂ ਆਪਣੇ ਅੰਦਰੋਂ ਪ੍ਰਚੰਡ ਪ੍ਰਕਾਸ਼ ਨੂੰ ਉਤਪੰਨ ਕਰਦੀਆਂ ਹਨ

ਤਾਂ ਸਰੀਰ ਦੇ ਅੰਦਰ ਕੰਪਨ ਵਧਦੀ ਜਾਵੇਗੀ। ਸਰੀਰ ਦੇ ਅੰਦਰ ਕੰਪਨ ਵਧਣ ਦੇ ਨਾਲ ਸਾਧਕ ਦੀ ਆਤਮਾ ਨੂੰ ਪਰਮ ਅਨੰਦ ਅਤੇ ਸ਼ਾਂਤੀ ਨੇ ਘੇਰਾ ਪਾ ਲੈਣਾ ਹੈ। ਕਾਫ਼ੀ ਸਮੇਂ ਲਈ ਇਸੇ ਹੀ ਤਰ੍ਹਾਂ ਦੀ ਅਵਸਥਾ ਬਣੀ ਰਹੇਗੀ। ਉਸ ਤੋਂ ਬਾਅਦ ਹੀ ਕਿਸੇ ਮਨੁੱਖ ਦੇ ਅੰਦਰਲੇ ਸੁਭਾਉ ਵਿਚ ਪਰਿਵਰਤਨ ਆਉਣ ਲੱਗਦਾ ਹੈ। ਸਾਧਕ ਨੂੰ ਲੱਗੇਗਾ ਜਿਵੇਂ ਉਹ ਬਿਨਾਂ ਸਿਰ ਦੇ ਘੁੰਮ ਰਿਹਾ ਹੈ। ਜਿਸ ਸਿਰ ਦੇ ਅੰਦਰ ਉਹ ਆਪਣੇ ਆਪ ਚੱਲਣ ਵਾਲੇ ਵਿਚਾਰਾਂ ਦੇ ਕਾਰਨ ਹਮੇਸ਼ਾ ਕੈਦ ਰਹਿੰਦਾ ਸੀ, ਹੁਣ ਸਰੀਰ ਹੈ ਪਰ ਇਸ ਦੇ ਉੱਪਰ ਸਿਰ ਨਹੀਂ ਹੈ। ਪਰਮ ਛਿਣ ਦੀ ਘੜੀ ਆ ਚੁੱਕੀ ਹੈ ਜਦੋਂ ਨਿੱਕੀ ਜਿਹੀ ਚੇਤਨਾ ਸ਼ਕਤੀ ਨੇ ਪਾਰਬ੍ਰਹਮ ਰੂਪੀ ਮਹਾਂ ਚੇਤਨਾ ਦੇ ਸਾਗਰ ਵਿਚ ਲੀਨ ਹੋ ਜਾਣਾ ਹੈ। ਇਸ ਚੇਤਨਾ ਰੂਪੀ ਬੂੰਦ ਨੇ ਚੇਤਨਾ ਦੇ ਮਹਾਂ ਸਾਗਰ ਦੇ ਵਿਚ ਪਰਵੇਸ਼ ਕਰ ਕੇ ਉਸੇ ਦਾ ਹੀ ਰੂਪ ਹੋ ਜਾਣਾ ਹੈ। ਨੱਕ ਦੀ ਹੱਡੀ ਅੰਦਰ ਬ੍ਰਹਮ ਅੰਮ੍ਰਿਤ ਦੀ ਇੱਕ ਨਾੜੀ ਹੈ। ਜਦੋਂ ਤਿੰਨੇ ਪ੍ਰਕਾਸ਼ ਆਪਣੇ ਪ੍ਰਚੰਡ ਰੂਪ ਦੇ ਵਿਚ ਇਸ ਨਾੜੀ ਦੇ ਅੰਦਰ ਪਰਵੇਸ਼ ਕਰਨ ਲੱਗ ਜਾਂਦੇ ਹਨ ਤਾਂ ਇਸ ਨਾੜੀ ਨੇ ਫਟ ਜਾਣਾ ਹੈ। ਇਸ ਨਾੜੀ ਦੇ ਅੰਦਰੋਂ ਨਿਕਲਣ ਵਾਲਾ ਅੰਮ੍ਰਿਤ ਸਾਰੇ ਮਸਤਕ ਦੇ ਅੰਦਰ ਫੈਲਣ ਲੱਗ ਜਾਵੇਗਾ, ਜਿਸ ਦਾ ਤੁਹਾਨੂੰ ਪੂਰਾ ਅਨੁਭਵ ਹੋਵੇਗਾ। ਇਸ ਤੋਂ ਬਾਅਦ ਗਲੇ ਦੇ ਵਿਚ ਸੋਮ ਰਸ ਦੀਆਂ ਬੂੰਦਾਂ ਟਪਕਣ ਦਾ ਸਮਾਂ ਨਜ਼ਦੀਕ ਆਉਣ ਲੱਗ ਜਾਣਾ ਹੈ। ਇਸੇ ਤਰ੍ਹਾਂ ਸਰੀਰ ਦੇ ਅੰਦਰ ਕੁੱਝ ਦਿਨ ਪ੍ਰਕਾਸ਼ ਗਤੀ ਕਰਨ ਤੋਂ ਬਾਅਦ ਗਲੇ ਅੰਦਰ ਸੋਮ ਰਸ ਦੀਆਂ ਅੰਮ੍ਰਿਤ ਰੂਪੀ ਬੂੰਦਾਂ ਟਪਕਣ ਲੱਗ ਜਾਣਗੀਆਂ, ਜਿਸ ਦੇ ਅਨੰਦ ਨੇ ਤੁਹਾਨੂੰ ਮਦਹੋਸ਼ ਕਰ ਕੇ ਰੱਖ ਦੇਣਾ ਹੈ। ਇਸ ਅਨੰਦ ਦਾ ਨਸ਼ਾ ਦਿਨ ਰਾਤ ਵਧਦਾ ਹੀ ਜਾਣਾ ਹੈ। ਇਸ ਅਨੁਭਵ ਨੂੰ ਮਾਣਨ ਤੋਂ ਬਾਅਦ ਤੁਸੀਂ ਇਕੱਲੇ ਨਹੀਂ ਰਹਿ ਜਾਵੋਗੇ ਬਲਕਿ ਬ੍ਰਹਿਮੰਡ ਦੇ ਨਾਲ ਤੁਸੀਂ ਇੱਕ-ਮਿੱਕ ਹੋ ਜਾਣਾ ਹੈ। ਤੁਹਾਨੂੰ ਲੱਗੇਗਾ ਬਨਸਪਤੀ, ਧਰਤੀ, ਸੂਰਜ, ਚੰਦ, ਤਾਰੇ, ਨਦੀਆਂ, ਹਵਾ, ਪਾਣੀ ਅਤੇ ਹੋਰ ਗ੍ਰਹਿ ਸਭ ਤੁਹਾਡਾ ਹੀ ਰੂਪ ਹਨ। ਆਤਮ ਗਿਆਨ ਰੂਪੀ ਪਰਮ ਅਨੰਦ ਨੂੰ ਅਨੁਭਵ ਕਰਨ ਤੋਂ ਪਹਿਲਾ ਕਾਰਨ ਸਰੀਰ ਦੇ ਅੰਦਰੋਂ ਸੰਸਕਾਰ ਕਾਫ਼ੀ ਹੱਦ ਤੱਕ ਖ਼ਤਮ ਹੋ ਜਾਂਦੇ ਹਨ। ਇਸ ਅਵਸਥਾ ਵਿਚ ਪਹੁੰਚ ਚੁੱਕਾ ਮਨੁੱਖ ਭਾਵੇਂ ਰਹਿੰਦਾ ਸੰਸਾਰ ਦੇ ਅੰਦਰ ਹੀ ਹੈ ਪਰ ਉਸ ਮਨੁੱਖ ਦੀ ਅਵਸਥਾ ਕਮਲ ਦੇ ਫੁੱਲ ਵਾਂਗੂੰ ਬਣ ਜਾਂਦੀ ਹੈ, ਜੋ ਸੰਸਾਰ ਦੇ ਵਿਚ ਰਹਿੰਦਾ ਹੋਇਆ ਵਿਕਾਰਾਂ ਰੂਪੀ ਚਿੱਕੜ ਤੋਂ ਨਿਰਲੇਪ ਰਹੇਗਾ। ਮੈਂ-ਮੇਰੀ ਆਪਣੇ ਆਪ ਖ਼ਤਮ ਹੋ ਜਾਂਦੀ ਹੈ। ਇਸ ਅਵਸਥਾ ਵਿਚ ਪਹੁੰਚਿਆ ਮਨੁੱਖ ਕਰਮ ਤਾਂ ਕਰਦਾ ਹੈ ਪਰ ਉਸ ਮਨੁੱਖ ਦੇ ਦੁਆਰਾ ਕੀਤੇ ਕਰਮ ਕਰਤਾ-ਭਾਵ ਤੋਂ ਮੁਕਤ ਹੁੰਦੇ ਹਨ। ਸਾਧਾਰਨ ਮਨੁੱਖ ਕਰਤਾ-ਭਾਵ ਦੇ ਨਾਲ ਆਪਣੇ ਸਾਰੇ ਕਾਰਜਾਂ ਨੂੰ ਕਰਦਾ ਹੈ। ਬ੍ਰਹਮ ਗਿਆਨੀ ਨੇ ਆਪ ਖ਼ੁਦ ਦੇਖ ਲਿਆ ਹੈ ਕਿ ਸਾਰਾ ਬ੍ਰਹਮ ਹੀ ਹੈ, ਮੈਂ ਤਾਂ ਕਿਧਰੇ ਵੀ ਨਹੀਂ ਹਾਂ। ਸਾਧਕ ਦਾ ਮਨ ਮਿਟਣ ਤੋਂ ਬਾਅਦ ਪਾਰਬ੍ਰਹਮ ਦੇ ਵਿਚ ਲੀਨ ਹੋ ਜਾਂਦਾ ਹੈ ਅਤੇ ਸੁਰਤੀ ਸਹਿਜ ਅਵਸਥਾ ਆਖ਼ਰੀ ਤਲ ਦੇ ਵਿਚ ਜਾ ਕੇ ਸਥਿਰ ਹੋ ਜਾਂਦੀ ਹੈ। ਇਸ ਅਵਸਥਾ ਵਿਚ ਪਹੁੰਚ ਚੁੱਕੇ ਮਨੁੱਖ ਚੇਤਨ ਮਨ ਦੇ ਅਨੰਦ ਨੂੰ ਮਾਣਦਾ ਹੋਇਆ ਆਪਣਾ ਬਾਕੀ

ਦਾ ਜੀਵਨ ਬਤੀਤ ਕਰੇਗਾ। ਇਸ ਅਵਸਥਾ ਵਿਚ ਮਨੁੱਖ ਨੂੰ ਕਿਸੇ ਵੀ ਕਰਮ ਨੂੰ ਕਰਨ ਦੇ ਲਈ ਆਪਣੇ ਅੰਦਰੋਂ ਆਵਾਜ਼ ਆਵੇਗੀ ਜਿਸ ਦੇ ਰਾਹੀਂ ਕੀਤਾ ਗਿਆ ਫ਼ੈਸਲਾ ਬੰਧਨਾਂ ਅਤੇ ਪੁਰਾਣੀਆਂ ਧਾਰਨਾਵਾਂ ਤੋਂ ਮੁਕਤ ਹੋਵੇਗਾ। ਜਦੋਂ ਇੜਾ ਅਤੇ ਪਿੰਗਲਾ ਨਾੜੀ ਦਾ ਪ੍ਰਕਾਸ਼ ਨੱਕ ਦੇ ਅੰਦਰ ਪਰਵੇਸ਼ ਕਰਨ ਲੱਗ ਜਾਂਦਾ ਹੈ ਤਾਂ ਨੱਕ ਅਤੇ ਅੱਖਾਂ ਦੇ ਵਿੱਚੋਂ ਬਹੁਤ ਸਾਰਾ ਪਾਣੀ ਵਗਣਾ ਹੈ ਅਤੇ ਬਹੁਤ ਸਾਰੀਆਂ ਛਿੱਕਾਂ ਆਉਣਗੀਆਂ। ਇਸ ਤਰ੍ਹਾਂ ਦੀ ਅਵਸਥਾ ਦੋ ਤਿੰਨ ਦਿਨ ਲਗਾਤਾਰ ਬਣੀ ਰਹੇਗੀ। ਸਾਧਨਾ ਦੇ ਵਿਚ ਬੈਠੇ ਸਾਧਕ ਦੀਆਂ ਅੱਖਾਂ ਦੇ ਅੰਦਰ ਹੰਝੂਆਂ ਦੀ ਬਰਸਾਤ ਹੋਣ ਲੱਗ ਜਾਂਦੀ ਹੈ। ਪਰਮਾਤਮਾ ਨੂੰ ਮਿਲਣ ਦੇ ਲਈ ਉਸ ਦੇ ਅੰਦਰੋਂ ਤੜਫ਼ ਉੱਠਦੀ ਹੈ। ਇਨ੍ਹਾਂ ਅੱਥਰੂਆਂ ਦੇ ਪਾਣੀ ਨੇ ਅੱਖਾਂ ਦੀ ਸਾਰੀ ਮਲੀਨਤਾ ਨੂੰ ਆਪਣੇ ਨਾਲ ਵਹਾ ਕੇ ਲੈ ਜਾਣਾ ਹੈ। ਸਾਧਕ ਦੀਆਂ ਅੱਖਾਂ ਦੇ ਅੰਦਰ ਸੰਸਾਰ ਨੂੰ ਦੇਖਣ ਦੀ ਸਾਰੀ ਦ੍ਰਿਸ਼ਟੀ ਬਦਲਣ ਲੱਗ ਜਾਵੇਗੀ। ਪ੍ਰਕਾਸ਼ ਜਦੋਂ ਨੱਕ ਦੇ ਅੰਦਰ ਪਰਵੇਸ਼ ਕਰਨ ਲੱਗ ਜਾਂਦਾ ਹੈ ਤਾਂ ਉਸ ਮਨੁੱਖ ਦੇ ਸਰੀਰ ਨੇ ਆਪਣੇ ਆਪ ਸਹਿਜ ਰੂਪੀ ਅੰਮ੍ਰਿਤ ਨੂੰ ਹਵਾ ਮੰਡਲ ਦੇ ਅੰਦਰੋਂ ਪੀਣਾ ਸ਼ੁਰੂ ਕਰ ਦੇਣਾ ਹੈ। ਇਹ ਅੰਮ੍ਰਿਤ ਸਵਾਸਾਂ ਦੇ ਰਾਹੀਂ ਸਾਧਕ ਦੀ ਆਤਮਾ ਦੇ ਅੰਦਰ ਪਰਵੇਸ਼ ਕਰਨ ਲੱਗ ਜਾਵੇਗਾ। ਮਨੁੱਖ ਦੇ ਨੱਕ ਅੰਦਰ ਬ੍ਰਹਮ ਅੰਮ੍ਰਿਤ ਦੀ ਇੱਕ ਹੋਰ ਨਾੜੀ ਹੈ। ਜਦੋਂ ਪ੍ਰਚੰਡ ਪ੍ਰਕਾਸ਼ ਨੱਕ ਦੇ ਅੰਦਰ ਪਰਵੇਸ਼ ਕਰਨ ਲੱਗ ਜਾਂਦਾ ਹੈ ਤਾਂ ਇਸ ਨੇ ਬ੍ਰਹਮ ਦੇ ਅੰਦਰ ਜੋ ਚੇਤਨਾ ਰੂਪੀ ਖ਼ੁਮਾਰੀ ਦਾ ਨਸ਼ਾ ਹੈ ਤਾਂ ਇਹ ਉਸ ਨੂੰ ਪੀਣ ਦੇ ਲਈ ਸਮਰੱਥ ਹੋ ਜਾਣਾ ਹੈ। ਇਹ ਉਹੀ ਸੋਮ ਰਸ ਹੈ ਜਿਸ ਨੂੰ ਸਾਰੇ ਬ੍ਰਹਮ ਗਿਆਨੀ ਜਿਉਂਦੇ-ਜੀ ਪੀਂਦੇ ਹਨ। ਇਹਨੂੰ ਪੀਣ ਤੋਂ ਬਾਅਦ ਸਾਧਕ ਦਾ ਤਨ ਮਨ ਅਤੇ ਆਤਮਾ ਝੂਮ ਉੱਠਦੇ ਹਨ। ਅੱਜ ਕਈ ਲੋਕ ਖ਼ਾਲੀ ਬੋਤਲਾਂ ਨੂੰ ਆਪਣੇ ਮੂੰਹ ਦੇ ਨਾਲ ਲਗਾ ਕੇ ਡੇਰਿਆਂ ਦੇ ਉੱਪਰ ਝੂਮਦੇ ਹੋਏ ਦਿਖਾਈ ਦੇਂਦੇ ਹਨ ਪਰ ਇਨ੍ਹਾਂ ਦਾ ਝੂਮਣਾ ਨਕਲੀ ਅਤੇ ਝੂਠਾ ਹੈ। ਜਦੋਂ ਤੁਸੀਂ ਇਸ ਅਵਸਥਾ ਨੂੰ ਅਨੁਭਵ ਕੀਤਾ ਤਾਂ ਤੁਹਾਡਾ ਦਿਲ ਕਰੇਗਾ ਗੀਤ ਗਾਉਣ ਨੂੰ, ਗੁਣਗੁਣਾਉਣ ਨੂੰ, ਇਸੇ ਕਾਰਨ ਕਰਕੇ ਉਨ੍ਹਾਂ ਸਾਰੇ ਮਹਾਂਪੁਰਖਾਂ ਨੇ ਸੰਗੀਤ ਦੀ ਖੋਜ ਕੀਤੀ ਅਤੇ ਉਸ ਨੂੰ ਗਾਇਆ ਸੀ। ਇਹ ਉਹੀ ਰਸ ਹੈ ਜਿਸ ਦੇ ਲਈ ਆਤਮਾ ਮਨੁੱਖ ਦੇ ਕੋਲੋਂ ਜੀਵਨ ਭਰ ਮੰਗ ਕਰਦੀ ਰਹਿੰਦੀ ਹੈ ਪਰ ਸਾਧਾਰਨ ਮਨੁੱਖ ਨਕਲੀ ਨਸ਼ੇ ਦੇ ਨਾਲ ਇਸ ਆਵਾਜ਼ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਾਧਕ ਦੀ ਨਾਭੀ ਕੇਂਦਰ ਉੱਪਰ ਪ੍ਰਕਾਸ਼ ਦਾ ਦਬਾ ਪੈਂਦਾ ਹੈ। ਜਦੋਂ ਨਾਭੀ ਕੇਂਦਰ ਦੀ ਪੂਰੀ ਤਰ੍ਹਾਂ ਸ਼ੁੱਧੀ ਹੋ ਜਾਵੇਗੀ ਤਾਂ ਉਸ ਵਿਅਕਤੀ ਦੇ ਅੰਦਰ ਨਿਡਰਤਾ ਰੂਪੀ ਸ਼ਕਤੀ ਪੈਦਾ ਹੋ ਜਾਵੇਗੀ। ਅੱਗੇ ਦੀ ਸਾਧਨਾ ਕਰਨ ਦੇ ਲਈ ਨਿਡਰ ਪਦ ਦੀ ਪ੍ਰਾਪਤੀ ਕਰਨੀ ਬਹੁਤ ਜ਼ਰੂਰੀ ਹੈ। ਕਿਉਂਕਿ ਸਾਧਨਾ ਦੀ ਅਗਲੀ ਯਾਤਰਾ ’ਤੇ ਗਤੀ ਕਰਨ ਲਈ ਬਹੁਤ ਹੀ ਜ਼ਿਆਦਾ ਸਾਹਸ ਅਤੇ ਹਿੰਮਤ ਦੀ ਜ਼ਰੂਰਤ ਪੈਣੀ ਹੈ। ਡਰਨ ਦੀ ਕੋਈ ਲੋੜ ਨਹੀਂ ਹੈ। ਮਨੁੱਖ ਦੇ ਸਰੀਰ ਅੰਦਰ ਜੋ ਆਤਮਾ ਹੈ, ਉਸ ਦੇ ਅਨੰਤ ਜਨਮ ਹੋ ਚੁੱਕੇ ਹਨ। ਪਤਾ ਹੀ ਨਹੀਂ ਇਸ ਜੀਵ ਆਤਮਾ ਨੇ ਕਿੰਨੇ ਕੁ ਸਰੀਰ ਬਦਲੇ ਹਨ। ਹਰ ਵਾਰ ਸਰੀਰ ਦਾ ਤਿਆਗ ਕਰਨ ਦੇ ਲਈ ਇਸ ਨੂੰ ਮੌਤ ਵਾਲੀ ਕਿਰਿਆ ਦੇ

ਵਿਚ ਪਰਵੇਸ਼ ਕਰਨਾ ਪੈਂਦਾ ਹੈ। ਜਦੋਂ ਪ੍ਰਕਾਸ਼ ਹਿਰਦੇ ਕੇਂਦਰ ਦੇ ਵਿਚ ਪਰਵੇਸ਼ ਕਰਨ ਲੱਗ ਜਾਵੇਗਾ ਤਾਂ ਉਸ ਵਿਅਕਤੀ ਦੇ ਅੰਦਰ ਪਿਆਰ ਦਾ ਝਰਨਾ ਫੁੱਟੇਗਾ। ਜਦੋਂ ਪ੍ਰਕਾਸ਼ ਗਲੇ ਵਿਚ ਪਰਵੇਸ਼ ਕਰਨ ਲੱਗ ਜਾਵੇਗਾ ਤਾਂ ਗਲੇ ਵਾਲੇ ਕੇਂਦਰ ਨੇ ਸਕ੍ਰਿਆ ਹੋ ਜਾਣਾ ਹੈ। ਉਸ ਵਿਅਕਤੀ ਨੂੰ ਬ੍ਰਹਮ ਰੂਪੀ ਹੋਸ਼ ਦੀ ਖ਼ੁਮਾਰੀ ਚੜ੍ਹਦੀ ਜਾਣੀ ਹੈ। ਕੇਵਲ ਅੱਖਾਂ ਨੂੰ ਬੰਦ ਕਰਨ ਦੇ ਨਾਲ ਹੀ ਆਤਮਾ ਦੇ ਉੱਪਰ ਬ੍ਰਹਮ ਅੰਮ੍ਰਿਤ ਦੀ ਵਰਖਾ ਹੋਣ ਲੱਗ ਜਾਵੇਗੀ। ਗਲੇ ਵਾਲੇ ਕੇਂਦਰ ਵਿਚ ਪ੍ਰਕਾਸ਼ ਪਰਵੇਸ਼ ਕਰਨ ਦੇ ਨਾਲ ਗਲਾ ਬਹੁਤ ਖ਼ੁਸ਼ਕ ਹੋ ਜਾਂਦਾ ਹੈ। ਕਈ ਦਿਨ ਇਸੇ ਤਰ੍ਹਾਂ ਦੀ ਅਵਸਥਾ ਬਣੀ ਰਹੇਗੀ। ਸਰੀਰ ਦੇ ਅੰਦਰ ਪ੍ਰਕਾਸ਼ ਗਤੀ ਕਰਨ ਦੇ ਨਾਲ ਆਤਮਾ ਨੇ ਅਨੰਦ ਦੇ ਸਾਗਰ ਵਿਚ ਗੋਤੇ ਖਾਣੇ ਹਨ। ਜਦੋਂ ਪ੍ਰਕਾਸ਼ ਨੱਕ ਦੇ ਅੰਦਰ ਪਰਵੇਸ਼ ਕਰਨ ਲੱਗ ਜਾਂਦਾ ਹੈ ਤਾਂ ਜਿੰਨਾ ਚਿਰ ਤੱਕ ਇਸ ਚੱਕਰ ਦੀ ਪੂਰੀ ਤਰ੍ਹਾਂ ਸਫ਼ਾਈ ਨਹੀਂ ਹੋ ਜਾਂਦੀ, ਤਦ ਤੱਕ ਤੁਹਾਨੂੰ ਛਿੱਕਾਂ ਆਉਂਦੀਆਂ ਰਹਿਣਗੀਆਂ। ਇੜਾ, ਪਿੰਗਲਾ ਅਤੇ ਸੁਖਮਨਾ ਜਦੋਂ ਆਪਣੇ ਪ੍ਰਚੰਡ ਰੂਪ ਦੇ ਵਿਚ ਉੱਪਰ ਵੱਲ ਨੂੰ ਗਤੀ ਕਰਦਿਆਂ ਹੋਇਆਂ ਜਦੋਂ ਮਸਤਕ ਦੇ ਅੰਦਰ ਪਰਵੇਸ਼ ਕਰਦੀਆਂ ਹਨ ਤਾਂ ਸਾਧਕ ਦੀ ਸੁਰਤੀ ਮਨ ਦੇ ਅੰਦਰ ਆਪਣੇ ਆਪ ਚੱਲਣ ਵਾਲੇ ਵਿਚਾਰਾਂ ਦੇ ਜਗਤ ਨੂੰ ਚੀਰਦੀ ਹੋਈ ਨਿਰ-ਵਿਚਾਰ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰਨ ਲੱਗ ਜਾਂਦੀ ਹੈ। ਜਿਸ ਤਰ੍ਹਾਂ ਅੱਗ ਨੂੰ ਬਲਣ ਵਾਸਤੇ ਆਕਸੀਜਨ ਦੀ ਜ਼ਰੂਰਤ ਪੈਂਦੀ ਹੈ, ਉਸੇ ਹੀ ਤਰ੍ਹਾਂ ਜ਼ਿਆਦਾ ਲੰਬੇ ਸਵਾਸ ਲੈਣ ਦੇ ਨਾਲ ਸਰੀਰ ਦੇ ਅੰਦਰ ਪ੍ਰਾਣ ਪ੍ਰਕਾਸ਼ ਦੀ ਗਤੀ ਹੋਰ ਜ਼ਿਆਦਾ ਤੇਜ਼ ਹੋ ਜਾਂਦੀ ਹੈ।

ਧਿਆਨ ਸਿਮਰਨ ਦੇ ਵਿਚ ਬੈਠਿਆਂ ਤੁਹਾਨੂੰ ਇਸ ਤਰ੍ਹਾਂ ਲੱਗੇਗਾ ਜਿਵੇਂ ਤੁਹਾਡੇ ਆਲੇ-ਦੁਆਲੇ ਕੋਈ ਆ ਗਿਆ ਹੈ। ਜਪ ਤਪ ਕਰਨ ਦੇ ਨਾਲ ਆਤਮਾ ਦੇ ਆਲੇ-ਦੁਆਲੇ ਸਕਾਰਾਤਮਿਕ ਊਰਜਾ ਇਕੱਠੀ ਹੋ ਜਾਂਦੀ ਹੈ। ਇਸ ਕਾਰਨ ਤੁਹਾਨੂੰ ਇਹ ਅਨੁਭਵ ਹੋ ਰਿਹਾ ਹੈ ਜਦੋਂ ਵੀ ਤੁਸੀਂ ਆਪਣੀਆਂ ਅੱਖਾਂ ਨੂੰ ਖੋਲ੍ਹ ਕੇ ਦੇਖੋਗੇ ਤਾਂ ਉੱਥੇ ਕੋਈ ਵੀ ਨਜ਼ਰ ਨਹੀਂ ਆਵੇਗਾ। ਧਿਆਨ ਸਿਮਰਨ ਕਰਨ ਵੇਲੇ ਜਦੋਂ ਮੂੰਹ ਦੇ ਅੰਦਰ ਪਾਣੀ ਆ ਜਾਂਦਾ ਹੈ ਤਾਂ ਤੁਸੀਂ ਉਸ ਪਾਣੀ ਨੂੰ ਆਪਣੇ ਅੰਦਰ ਲੰਘਾ ਲੈਣਾ ਹੈ।

ਸਾਧਨਾ ਦੇ ਵਿਚ ਬੈਠਿਆਂ ਤੁਸੀਂ ਆਪਣੀ ਸੁਰਤੀ ਨੂੰ ਗਗਨ ਮੰਡਲ ਦੇ (ਕਾਲੇ ਹਨੇਰੇ ਵਿਚ) ਵਿਚਕਾਰ ਇਕਾਗਰ ਕਰ ਕੇ ਰੱਖੀ ਰੱਖਣਾ ਹੈ। ਕੁੱਝ ਦਿਨਾਂ ਬਾਅਦ ਤੁਹਾਡੀ ਸੁਰਤੀ ਆਪਣੇ ਆਪ ਗਗਨ ਗੁਫ਼ਾ ਦੇ ਅੰਦਰ ਪਰਵੇਸ਼ ਕਰ ਜਾਵੇਗੀ। ਇੱਕ ਦਿਨ ਪਰਮ ਅਨੰਦਮਈ ਘੜੀ ਆ ਜਾਣੀ ਹੈ, ਜਦੋਂ ਸਾਧਨਾ ਦੇ ਵਿਚ ਬੈਠਿਆਂ ਬੈਠਿਆਂ ਤੁਹਾਡੀ ਸੁਰਤੀ ਨੇ ਸਹਿਜ ਮੰਡਲ ਦੇ ਬਦਲਾਓ ਰਹਿਤ ਮੰਡਲ ਦੇ ਵਿਚ ਗਤੀ ਕਰਦੀ ਹੋਈ ਨੇ ਪਹੁੰਚ ਜਾਣਾ ਹੈ। ਉਦੋਂ ਤੁਹਾਡੇ ਕੰਨਾਂ ਦੇ ਵਿਚ ਜਹਾਜ਼ ਚੜ੍ਹਨ ਵਾਂਗੂੰ ਬਹੁਤ ਉੱਚੀ ਆਵਾਜ਼ ਆਵੇਗੀ। ਜਦੋਂ ਤੁਹਾਡੀ ਸੁਰਤੀ ਨਿਰ-ਵਿਚਾਰ ਮੰਡਲ ਦੇ ਵਿਚ ਪਰਵੇਸ਼ ਕਰ ਜਾਵੇਗੀ ਤਾਂ ਤੁਸੀਂ ਉਸ ਅਵਸਥਾ ਵਿਚ ਜ਼ਿਆਦਾ ਤੋਂ ਜ਼ਿਆਦਾ ਚਿਰ ਰੁਕਣ ਦੀ ਕੋਸ਼ਿਸ਼ ਕਰਨੀ ਹੈ। ਸਾਧਨਾ ਦੇ ਵਿਚ ਬੈਠੇ ਸਾਧਕ

ਦਾ ਸਰੀਰਕ ਬੋਧ ਪੂਰਨ ਤੌਰ 'ਤੇ ਖ਼ਤਮ ਹੋਣ ਤੋਂ ਬਾਅਦ ਸੁਰਤੀ ਆਤਮ ਜਗਤ ਦੇ ਵਿਚ ਪਰਵੇਸ਼ ਕਰ ਜਾਂਦੀ ਹੈ। ਇਸ ਅਵਸਥਾ ਵਿਚ ਬਾਰ ਬਾਰ ਪਰਵੇਸ਼ ਕਰਨ ਦੇ ਨਾਲ ਮਨ ਦੀ ਬੇਹੋਸ਼ੀ ਖ਼ਤਮ ਹੁੰਦੀ ਜਾਵੇਗੀ। ਆਪਣੀ ਸੁਰਤੀ ਨੂੰ ਦੋਨੋਂ ਅੱਖਾਂ ਦੇ ਵਿਚਕਾਰ ਇੱਕ ਇੰਚ ਅੰਦਰ ਦੀ ਤਰਫ਼ ਇਕਾਗਰ ਕਰਕੇ ਰੱਖਣ ਦੇ ਨਾਲ ਸਰੀਰ ਦੇ ਅੰਦਰ ਸੁੱਤੀਆਂ ਸ਼ਕਤੀਆਂ ਦੇ ਅੰਦਰ ਹਲਚਲ ਹੋਣ ਲੱਗ ਜਾਂਦੀ ਹੈ। ਸਰੀਰ ਦੇ ਅੰਦਰ ਇੜਾ ਪਿੰਗਲਾ ਅਤੇ ਸੁਖਮਨਾ ਦਾ ਪ੍ਰਕਾਸ਼ ਗਤੀ ਕਰਨ ਦੇ ਨਾਲ ਮਨ ਦੇ ਅੰਦਰ ਆਪਣੇ ਆਪ ਚੱਲਣ ਵਾਲੇ ਵਿਚਾਰ ਖ਼ਤਮ ਨਹੀਂ ਹੋ ਜਾਂਦੇ। ਇਨ੍ਹਾਂ ਤਿੰਨੇ ਸ਼ਕਤੀਆਂ ਦੇ ਜਾਗਣ ਤੋਂ ਬਾਅਦ ਵੀ ਸੁਰਤੀ ਨੂੰ ਬਹੁਤ ਲੰਬੀ ਯਾਤਰਾ ਕਰਨੀ ਪੈਂਦੀ ਹੈ। ਇਸ ਪਰਮ ਅਵਸਥਾ ਨੂੰ ਅਨੁਭਵ ਕਰਨ ਤੋਂ ਪਹਿਲਾਂ ਸਾਧਕ ਨੂੰ ਜਿਉਂਦੇ-ਜੀ ਮਰਨ ਵਾਲੇ ਅਨੁਭਵ ਦੇ ਵਿੱਚੋਂ ਦੀ ਬਾਰ ਬਾਰ ਲੰਘਣਾ ਪੈਂਦਾ ਹੈ। ਪਰਮ ਅਵਸਥਾ ਨੂੰ ਅਨੁਭਵ ਕਰਨ ਦੇ ਲਈ ਸਰੀਰ ਦੇ ਅੰਦਰ ਪ੍ਰਕਾਸ਼ ਰੂਪੀ ਅੰਮ੍ਰਿਤ ਹੈ। ਜਦੋਂ ਵੀ ਕੋਈ ਮਨੁੱਖ ਪਰਮਾਤਮਾ ਦੇ ਕੋਲੋਂ ਇਸ ਅੰਮ੍ਰਿਤ ਦੀ ਮੰਗ ਕਰਦਾ ਹੈ ਤਾਂ ਉਸ ਮਨੁੱਖ ਦੀ ਪ੍ਰਾਣ ਊਰਜਾ ਉੱਪਰ ਵੱਲ ਨੂੰ ਗਤੀ ਕਰਨ ਲੱਗ ਜਾਂਦੀ ਹੈ। ਪਰਮ ਪ੍ਰਕਾਸ਼ ਦੇ ਵਿਚ ਮਨ ਅਤੇ ਆਤਮਾ ਜਦੋਂ ਇਸ਼ਨਾਨ ਕਰਦੇ ਹਨ ਤਾਂ ਦੋਨਾਂ ਨੂੰ ਅਗਿਆਨਤਾ ਤੋਂ ਮੁਕਤੀ ਮਿਲ ਜਾਂਦੀ ਹੈ, ਜਿਸ ਦੇ ਨਾਲ ਕਾਰਨ ਸਰੀਰ ਦੀ ਪਰਤ ਆਤਮਾ ਦੇ ਉੱਪਰੋਂ ਉਤਰ ਦੀ ਜਾਂਦੀ ਹੈ, ਇਨ੍ਹਾਂ ਤਿੰਨੇ ਸ਼ਕਤੀਆਂ ਦੇ ਪ੍ਰਕਾਸ਼ ਨੇ ਆਪਸ ਦੇ ਵਿਚ ਮਿਲ ਕੇ ਮਸਤਕ ਦੇ ਸੁੱਤੇ ਭਾਗ ਨੂੰ ਜਗਾਉਣ ਦੇ ਲਈ ਦਿਨ ਰਾਤ ਕੋਸ਼ਿਸ਼ ਕਰਨੀ ਹੈ। ਤੁਹਾਡੇ ਮਸਤਕ ਨੇ ਅੰਦਰੋਂ ਹਿੱਲਣੋਂ ਬੰਦ ਨਹੀਂ ਕਰਨਾ। ਜਿੰਨਾ ਚਿਰ ਤੱਕ ਤੁਸੀਂ ਜ਼ਿੰਦਾ ਰਹੋਗੇ, ਸਾਧਨਾ ਕਰਨ ਦੇ ਨਾਲ ਤੁਹਾਨੂੰ ਆਪਣੇ ਮਨ ਅਤੇ ਆਤਮਾ ਉੱਪਰ ਲੱਗੀ ਮੈਲ ਸਾਫ਼ ਤੌਰ 'ਤੇ ਦਿਖਾਈ ਦੇਣ ਲੱਗ ਜਾਵੇਗੀ। ਜਿਸ ਨੂੰ ਬਾਅਦ ਦੇ ਵਿਚ ਮਨ ਨੇ ਆਪਣੇ ਆਪ ਦੂਰ ਕਰਦੇ ਜਾਣਾ ਹੈ। ਪ੍ਰਕਾਸ਼ ਰੂਪੀ ਅੰਮ੍ਰਿਤ ਦੇ ਵਿਚ ਜਦੋਂ ਆਤਮਾ ਇਸ਼ਨਾਨ ਕਰਦੀ ਹੈ ਤਾਂ ਕਾਰਨ ਸਰੀਰ ਦੇ ਅੰਦਰ ਇਕੱਤਰ ਹੋਏ ਸੰਸਕਾਰ ਨਸ਼ਟ ਹੁੰਦੇ ਜਾਂਦੇ ਹਨ। ਮਨੁੱਖ ਜਿਉਂਦੇ-ਜੀ ਪਰਮ ਅਵਸਥਾ ਨੂੰ ਪ੍ਰਾਪਤ ਕਰਕੇ ਪਾਰਬ੍ਰਹਮ ਰੂਪੀ ਸਾਗਰ ਦੇ ਨਾਲ ਇੱਕ-ਮਿੱਕ ਹੋ ਜਾਂਦਾ ਹੈ। ਜਦੋਂ ਤੁਸੀਂ ਇਸ ਅਵਸਥਾ ਨੂੰ ਪ੍ਰਾਪਤ ਕਰ ਲਿਆ ਤਾਂ ਬਾਅਦ ਵਿਚ ਤੁਸੀਂ ਆਪਣੀ ਅਵਸਥਾ ਨੂੰ ਕਿਸੇ ਵੀ ਧਾਰਮਿਕ ਗ੍ਰੰਥ ਵਿਚ ਲਿਖੀ ਬਾਣੀ ਨੂੰ ਪੜ੍ਹ ਕੇ ਤਸਦੀਕ ਕਰ ਸਕਦੇ ਹੋ। ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਕਿਸੇ ਬਾਹਰੀ ਮਨੁੱਖ ਨੂੰ ਗੁਰੂ ਧਾਰਨ ਦੀ ਕੋਈ ਜ਼ਰੂਰਤ ਨਹੀਂ ਹੈ। ਹਰ ਇੱਕ ਮਨੁੱਖ ਦੇ ਪ੍ਰਾਣਾਂ ਅੰਦਰ ਉਸ ਦੇ ਪੂਰਵਜਾਂ ਦੁਆਰਾ ਪ੍ਰਾਪਤ ਕੀਤੇ ਗਏ ਆਤਮ ਗਿਆਨ ਦੇ ਸੰਸਕਾਰ ਮੌਜੂਦ ਰਹਿੰਦੇ ਹਨ। ਉਨ੍ਹਾਂ ਦੁਆਰਾ ਜਾਣਿਆ ਗਿਆ ਸੱਚ ਦਾ ਅਨੁਭਵ ਪੀੜ੍ਹੀਆਂ-ਦਰ-ਪੀੜ੍ਹੀਆਂ ਤੁਰਿਆ ਹੀ ਆਉਂਦਾ ਹੈ। ਸਾਡੇ ਪੂਰਵਜਾਂ ਦੇ ਵਿੱਚੋਂ ਵੀ ਕਈ ਰੂਹਾਂ ਇਸ ਤਰ੍ਹਾਂ ਦੀਆਂ ਹੋਈਆਂ ਹਨ, ਜਿਨ੍ਹਾਂ ਨੇ ਇਸ ਰਸਤੇ ਦੇ ਰਾਹੀਂ ਆਪਣੇ ਆਪ ਨੂੰ ਪਾਰਬ੍ਰਹਮ ਦੇ ਨਾਲ ਜੋੜ ਲਿਆ ਸੀ। ਉਹ ਦਰਵਾਜ਼ਾ ਅਜੇ ਵੀ ਉਸੇ ਹੀ ਤਰ੍ਹਾਂ ਖੁੱਲ੍ਹਿਆ ਹੈ, ਕੇਵਲ ਸਾਡੇ ਪ੍ਰਾਣਾਂ ਅੰਦਰ ਇੱਛਾ ਮਾਤਰਾ ਪੈਦਾ ਹੋਣ ਦੀ ਲੋੜ ਹੈ। ਗਗਨ ਗੁਫ਼ਾ

ਦੇ ਅੰਦਰ ਮਨ ਆਤਮਾ ਨੂੰ ਨਾਲ ਹੀ ਲੈ ਕੇ ਜਾਂਦਾ ਹੈ, ਆਖ਼ਰ ਦੇ ਵਿਚ ਮਨ ਨੇ ਆਤਮਾ ਨੂੰ ਅੱਗੇ ਕਰਕੇ ਆਪ ਪਿੱਛੇ ਖਲੋ ਜਾਣਾ ਹੈ। ਉਸ ਪਲ ਤੁਹਾਡੀ ਆਤਮਾ ਪਰਮਾਤਮਾ ਦੇ ਸਨਮੁੱਖ ਹੋ ਜਾਵੇਗੀ, ਬਿਲਕੁਲ ਆਹਮਣੇ ਸਾਹਮਣੇ। ਜਦੋਂ ਤੁਸੀਂ ਇਸ ਅਵਸਥਾ ਵਿਚ ਪਹੁੰਚ ਗਏ ਤਾਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਇਸ ਅਵਸਥਾ ਵਿਚ ਤੁਹਾਡੇ ਤੋਂ ਇਲਾਵਾ ਹੋਰ ਕਿਸੇ ਦੇ ਲਈ ਕੋਈ ਜਗ੍ਹਾ ਨਹੀਂ ਬਚਦੀ। ਕੇਵਲ ਤੁਹਾਡਾ ਚੇਤਨ ਅਤੇ ਸਾਖਸ਼ੀ ਭਾਵ ਉੱਥੇ ਮੌਜੂਦ ਹੈ ਜੋ ਆਤਮਾ ਦਾ ਸ਼ੁੱਧ ਸਰੂਪ ਹੈ। ਬੰਦ ਅੱਖਾਂ ਦੇ ਨਾਲ ਜਿਸ ਰੂਪ ਨੂੰ ਤੁਸੀਂ ਦੇਖੋਗੇ, ਇਹ ਉਹੀ ਪਾਰਬ੍ਰਹਮ ਹੈ। ਉੱਥੇ ਤੁਸੀਂ ਵੀ ਹੋ ਅਤੇ ਉਹ ਵੀ ਹੈ ਜੋ ਰੂਪ ਰੰਗ ਤੇ ਰੇਖ ਤੋਂ ਪਰ੍ਹੇ ਹੈ। ਜਿਸ ਨੂੰ ਤੁਸੀਂ ਮਨ ਅਤੇ ਇੰਦਰੀਆਂ ਦੀ ਅਕਿਰਿਆ ਅਵਸਥਾ ਦੇ ਰਾਹੀਂ ਦੇਖ ਰਹੇ ਹੋ, ਇਸ ਅਵਸਥਾ ਵਿਚ ਪਰਵੇਸ਼ ਕਰਨ ਤੋਂ ਬਾਅਦ ਉਸ ਤੱਤ ਨੂੰ ਦੇਖ ਲੈਣ ਦੇ ਨਾਲ ਹੀ ਜੀਵ ਆਤਮਾ ਦੀ ਮੁਕਤੀ ਹੋ ਜਾਂਦੀ ਹੈ। ਉਸ ਅਵਸਥਾ ਵਿਚ ਮਨੁੱਖ ਨੂੰ ਆਪਣੇ ਆਪ ਦਾ ਗਿਆਨ ਹੋ ਜਾਂਦਾ ਹੈ ਕਿ ਉਹ ਕੋਈ ਸਰੀਰ ਹੀ ਨਹੀਂ, ਬਲਕਿ ਸਰੀਰ ਦੀਆਂ ਇੰਦਰੀਆਂ ਦੇ ਰਾਹੀਂ ਕਾਰਜ ਕਰਨ ਵਾਲੀ ਚੇਤਨਾ ਸ਼ਕਤੀ ਹੈ ਜੋ ਅਜਰ ਅਤੇ ਅਮਰ ਹੈ ਪਰ ਅਗਿਆਨ ਦੇ ਕਾਰਨ ਹੀ ਜੰਮਣ ਮਰਨ ਦੇ ਗੇੜੇ ਵਿਚ ਭਟਕੀ ਜਾ ਰਹੀ ਹੈ। ਜਦੋਂ ਤੁਸੀਂ ਇਸ ਅਵਸਥਾ ਵਿਚ ਪਰਵੇਸ਼ ਕੀਤਾ ਤਾਂ ਤੁਹਾਡੇ ਅਤੇ ਬ੍ਰਹਮ ਦੇ ਵਿਚ ਕੋਈ ਭੇਦ ਨਹੀਂ ਰਹਿ ਜਾਵੇਗਾ। ਸਰੀਰ ਦੇ ਅੰਦਰ ਰੂਪ, ਰੰਗ ਅਤੇ ਰੇਖ ਤੋਂ ਮੁਕਤ ਵਾਲੀ ਅਵਸਥਾ ਬਣ ਜਾਵੇਗੀ।

ਧਿਆਨ ਸਿਮਰਨ ਦੇ ਵਿਚ ਬੈਠਿਆਂ ਤੁਹਾਡੇ ਸਿਰ ਨੇ ਕਦੇ ਕਦਾਈਂ ਆਪਣੇ ਆਪ ਪਿਛਲੇ ਪਾਸੇ ਨੂੰ ਚਲੇ ਜਾਣਾ ਹੈ, ਜਿਸ ਨਾਲ ਤੁਹਾਡਾ ਮੱਥਾ ਸਿੱਧਾ ਛੱਤ ਵੱਲ ਨੂੰ ਹੋ ਜਾਵੇਗਾ। ਕਦੇ ਕਦਾਈਂ ਤੁਹਾਡਾ ਸਿਰ ਤੁਹਾਡੀ ਆਪਣੀ ਗੋਦੀ ਦੇ ਵਿਚ ਜਾ ਡਿੱਗੇਗਾ। ਤੁਹਾਡਾ ਸਿਰ ਕਦੋਂ ਪਿਛਲੇ ਪਾਸੇ ਵੱਲ ਨੂੰ ਜਾਂ ਅਗਲੇ ਪਾਸੇ ਵੱਲ ਨੂੰ ਚਲਾ ਗਿਆ ਸੀ, ਇਸ ਦਾ ਤੁਹਾਨੂੰ ਪਤਾ ਨਹੀਂ ਲੱਗਣਾ। ਜਦੋਂ ਤੁਹਾਡੀ ਸੁਰਤੀ ਨੇ ਗਗਨ ਗੁਫ਼ਾ ਦੇ ਵਿਚ ਪਰਵੇਸ਼ ਕੀਤਾ ਤਾਂ ਉਸ ਅਵਸਥਾ ਵਿਚ ਤੁਸੀਂ ਆਪਣੀ ਸੁਰਤੀ ਨੂੰ ਵਿਚਾਰਾਂ ਦੇ ਵਿਚ ਜਾਣ ਤੋਂ ਰੋਕ ਸਕਦੇ ਹੋ। ਜਦੋਂ ਵੀ ਤੁਹਾਨੂੰ ਹੋਸ਼ ਆ ਜਾਇਆ ਕਰੇ, ਤੁਸੀਂ ਇਸ ਨੂੰ ਵਿਚਾਰਾਂ ਤੋਂ ਮੁਕਤ ਕਰ ਲੈਣਾ ਹੈ। ਮਨ ਨੇ ਨਿਰ-ਵਿਚਾਰ ਸਮਾਧੀ ਦੇ ਰਾਹੀਂ ਗਗਨ ਗੁਫ਼ਾ ਦੇ ਅਨੰਦ ਨੂੰ ਮਾਣ ਲਿਆ ਤਾਂ ਇਸ ਨੇ ਉਸ ਅਨੰਦ ਦੀ ਮੰਗ ਤੁਹਾਡੇ ਕੋਲੋਂ ਬਾਰ ਬਾਰ ਕਰਨੀ ਹੈ। ਪਰਮ ਪ੍ਰਕਾਸ਼ ਕੇਵਲ ਉਸ ਮਨੁੱਖ ਦੇ ਸਰੀਰ ਅੰਦਰ ਗਤੀਮਾਨ ਹੁੰਦਾ ਹੈ ਜਿਸ ਦੇ ਪ੍ਰਾਣਾਂ ਅੰਦਰ ਪਾਰਬ੍ਰਹਮ ਨੂੰ ਮਿਲਣ ਦੇ ਲਈ ਤੀਬਰ ਪਿਆਸ ਹੈ। ਜੋ ਆਪਣੇ ਗਿਆਨ ਅਤੇ ਅਗਿਆਨ ਨੂੰ ਪਰਮਾਤਮਾ ਦੇ ਚਰਨਾਂ ਵਿਚ ਅਰਪਣ ਕਰਨ ਦੇ ਲਈ ਤਿਆਰ ਹੋ ਚੁੱਕਾ ਹੈ। ਇਹ ਖੇਡ ਕੇਵਲ ਉਸ ਮਨੁੱਖ ਦੇ ਅੰਦਰ ਹੀ ਬਣਦੀ ਹੈ ਜੋ ਆਪਣੀ ਪੂਰੀ ਸ਼ਕਤੀ ਨੂੰ ਇਸ ਦਿਸ਼ਾ ਵੱਲ ਨੂੰ ਲਗਾਉਣ ਨੂੰ ਤਿਆਰ ਹੋ ਗਿਆ ਹੈ। ਆਪਣੀ ਸੁਰਤੀ ਨੂੰ ਤੀਜੇ ਨੇਤਰ ਪਹਿਲੇ ਚੱਕਰ ਦੇ ਵਿਚ ਇਕਾਗਰ ਕਰ ਕੇ ਉਸ ਮਹਾਂ ਸ਼ਕਤੀ ਦਾ ਇੰਤਜ਼ਾਰ ਕਰਦੇ ਹੀ ਜਾਣਾ ਹੈ। ਹਰ ਇੱਕ ਮਨੁੱਖ ਦੇ ਸਰੀਰ ਦੀ ਆਪੋ-ਆਪਣੀ

ਸਮਰੱਥਾ ਹੈ। ਸਰੀਰ ਦੀ ਸਮਰੱਥਾ ਦੇ ਅਨੁਸਾਰ ਹੀ ਪ੍ਰਕਾਸ਼ ਨੇ ਗਤੀ ਕਰਨੀ ਹੈ। ਤੀਜੇ ਨੇਤਰ ਦੇ ਪਹਿਲੇ ਚੱਕਰ ਦੇ ਵਿਚ ਸੁਰਤੀ ਨੂੰ ਇਕਾਗਰ ਕਰਨ ਦੇ ਨਾਲ ਅਗਿਆਨ ਰੂਪੀ ਬਿਮਾਰੀ ਨੇ ਆਪਣੇ ਆਪ ਤੁਹਾਡੇ ਤੋਂ ਦੂਰ ਹੁੰਦੀ ਜਾਣਾ ਹੈ। ਇੱਕ ਗੱਲ ਖ਼ਿਆਲ ਵਿਚ ਰੱਖਣਾ, ਜਿੰਨਾ ਚਿਰ ਤੱਕ ਕੋਈ ਮਨੁੱਖ ਆਪਣੇ ਆਪ ਨੂੰ ਪਰਮਾਤਮਾ ਦੇ ਚਰਨਾਂ ਵਿਚ ਪੂਰਨ ਤੌਰ ’ਤੇ ਸਮਰਪਣ ਨਹੀਂ ਕਰ ਦੇਂਦਾ, ਓਨਾ ਚਿਰ ਤੱਕ ਪ੍ਰਕਾਸ਼ ਸਰੀਰ ਦੇ ਥੱਲੇ ਵਾਲੇ ਹਿੱਸੇ ਤੋਂ ਉੱਪਰ ਮਸਤਕ ਦੇ ਵੱਲ ਨੂੰ ਗਤੀ ਨਹੀਂ ਕਰੇਗਾ।

ਕਿਤਾਬਾਂ ਦੇ ਵਿਚ ਲਿਖੀਆਂ ਚੰਗੀਆਂ ਗੱਲਾਂ ਨੂੰ ਪੜ੍ਹ ਲੈਣ ਦੇ ਨਾਲ ਜਾਂ ਉਨ੍ਹਾਂ ਨੂੰ ਸੁਣ ਲੈਣ ਦੇ ਨਾਲ ਜੀਵਨ ਵਿਚ ਕੋਈ ਪਰਿਵਰਤਨ ਨਹੀਂ ਆਉਂਦਾ, ਜਿੰਨਾ ਚਿਰ ਤੱਕ ਕੋਈ ਮਨੁੱਖ ਉਨ੍ਹਾਂ ਗੱਲਾਂ ਦੇ ਉੱਪਰ ਆਪ ਖ਼ੁਦ ਅਮਲ ਨਹੀਂ ਕਰਦਾ। ਹਰ ਇੱਕ ਮਨੁੱਖ ਦੇ ਸਰੀਰ ਅੰਦਰ ਇਕਾਂਤ ਰੂਪੀ ਦੀਪ ਹੈ, ਪਰ ਮਨੁੱਖ ਸਦੀਆਂ ਤੋਂ ਉਸ ਇਕਾਂਤ ਦੀ ਭਾਲ ਜੰਗਲਾਂ ਪਹਾੜਾਂ ਅਤੇ ਧਾਰਮਿਕ ਅਸਥਾਨਾਂ ਉੱਪਰ ਕਰਦਾ ਆ ਰਿਹਾ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰਨ ਦੇ ਲਈ ਨਾ ਤਾਂ ਮਨੁੱਖ ਨੂੰ ਆਪਣੇ ਘਰ-ਬਾਰ ਦਾ ਤਿਆਗ ਕਰਨ ਦੀ ਲੋੜ ਹੈ ਅਤੇ ਨਾ ਹੀ ਕਿਸੇ ਮਨੁੱਖ ਨੂੰ ਆਪਣੇ ਜੀਵਨ ਸਾਥੀ ਤੋਂ ਅਲੱਗ ਹੋਣ ਦੀ ਜ਼ਰੂਰਤ ਹੈ, ਨਾ ਹੀ ਕੰਮ-ਕਾਜ ਜਾਂ ਪੈਸੇ ਨੂੰ ਛੱਡਣੇ ਦੀ ਲੋੜ ਹੈ, ਨਾ ਹੀ ਆਪਣੇ ਕਾਰੋਬਾਰ ਨੂੰ ਬਦਲਣ ਦੀ ਜ਼ਰੂਰਤ ਹੈ। ਸੰਸਾਰ ਦੇ ਵਿਚ ਹੀ ਰਹਿ ਕੇ ਇਸ ਦਿਸ਼ਾ ਦੇ ਵੱਲ ਗਤੀ ਕਰਨੀ ਹੈ। ਸੰਸਾਰ ਤੋਂ ਦੂਰ ਭੱਜਣ ਵਾਲੇ ਭਗੌੜਿਆਂ ਦਾ ਮੇਲ ਪਾਰਬ੍ਰਹਮ ਦੇ ਨਾਲ ਹੋਣਾ ਬਹੁਤ ਮੁਸ਼ਕਲ ਹੈ। ਜੋ ਵੀ ਮਨੁੱਖ ਇਨ੍ਹਾਂ ਪਦਾਰਥਾਂ ਨੂੰ ਛੱਡ ਕੇ ਚਲਾ ਜਾਂਦਾ ਹੈ, ਉਸ ਮਨੁੱਖ ਦੀ ਸੁਰਤੀ ਇਨ੍ਹਾਂ ਪਦਾਰਥਾਂ ਦੇ ਅੰਦਰ ਹੀ ਘੁੰਮਦੀ ਰਹੇਗੀ। ਬਾਹਰੀ ਸੰਸਾਰ ਦਾ ਤਿਆਗ ਕਰਨ ਦੇ ਨਾਲ ਕੋਈ ਵੀ ਫ਼ਰਕ ਨਹੀਂ ਪੈਂਦਾ। ਮਨੁੱਖ ਬਾਹਰਲੇ ਸੰਸਾਰ ਦਾ ਤਿਆਗ ਤਾਂ ਕਰ ਸਕਦਾ ਹੈ ਪਰ ਉਸ ਸੰਸਾਰ ਦੇ ਲਈ ਕੀ ਕਰੇਗਾ, ਜੋ ਸੰਸਾਰ ਮਨੁੱਖ ਦੇ ਮਨ ਅੰਦਰ ਹੈ। ਜੋ ਸੰਸਾਰ ਬਾਹਰ ਦਿਖਾਈ ਦੇ ਰਿਹਾ ਹੈ ਇਹ ਤਾਂ ਮਨ ਦਾ ਹੀ ਪ੍ਰਤਿ ਰੂਪ ਹੈ। ਮਨੁੱਖ ਜਿਸ ਵੀ ਜਗ੍ਹਾ ’ਤੇ ਮਰਜ਼ੀ ਚਲਾ ਜਾਵੇ, ਇਸ ਦੇ ਮਨ ਅੰਦਰ ਜੋ ਸੰਸਾਰ ਹੈ ਉਸ ਨੇ ਇਸ ਦੇ ਨਾਲ ਹੀ ਜਾਣਾ ਹੈ। ਇਸ ਬਾਹਰੀ ਸੰਸਾਰ ਦੇ ਵਿਚ ਕੋਈ ਗੜਬੜੀ ਨਹੀਂ ਹੈ, ਬਲਕਿ ਮਨ ਅਤੇ ਆਤਮਾ ਦਾ ਹੀ ਸਾਰਾ ਖੇਲ ਹੈ। ਤੁਸੀਂ ਪਰਮਾਤਮਾ ਦੇ ਕੋਲੋਂ ਸਵਰਗ ਜਾਂ ਮੁਕਤੀ ਦੀ ਮੰਗ ਨਹੀਂ ਕਰਨੀ ਹੈ। ਜੇਕਰ ਤੁਸੀਂ ਪਰਮਾਤਮਾ ਨੂੰ ਅਨੁਭਵ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਨਿਰ-ਇੱਛਾ ਹੋਣਾ ਪਵੇਗਾ। ਇੱਥੋਂ ਤੱਕ ਕਿ ਪਾਰਬ੍ਰਹਮ ਨੂੰ ਪ੍ਰਾਪਤ ਕਰਨ ਵਾਲੀ ਇੱਛਾ ਦਾ ਵੀ ਤਿਆਗ ਕਰਨਾ ਪੈਣਾ ਹੈ। ਇਹ ਗੱਲ ਤਾਂ ਬਹੁਤ ਅਜੀਬ ਲੱਗੇਗੀ, ਪਰ ਇਸ ਸਾਧਨਾ ਦਾ ਇਹੋ ਸੂਤਰ ਹੈ।

ਅਸੀਂ ਆਪਣੇ ਮਨ ਅੰਦਰ ਆਪਣੇ ਆਪ ਚੱਲਣ ਵਾਲੇ ਵਿਚਾਰਾਂ ਤੋਂ ਸੰਨਿਆਸ ਲੈਣਾ ਹੈ, ਨਾ ਕਿ ਇਸ ਬਾਹਰੀ ਦਿਖਾਈ ਦੇਣ ਵਾਲੇ ਸੰਸਾਰ ਤੋਂ ਸੰਨਿਆਸ ਲੈਣਾ ਹੈ। ਤੁਹਾਡੇ ਅੰਦਰ ਜੋ ਵੀ ਕੁੱਝ ਹੈ ਉਸ ਨੂੰ ਕਬੂਲ ਕਰ ਲਵੋ, ਭਾਵੇਂ ਉਹ

ਕਾਮ ਹੈ, ਭਾਵੇਂ ਉਹ ਕ੍ਰੋਧ ਹੈ, ਭਾਵੇਂ ਉਹ ਲੋਭ ਹੈ, ਭਾਵੇਂ ਉਹ ਮੋਹ ਹੈ ਜਾਂ ਭਾਵੇਂ ਉਹ ਹੰਕਾਰ ਹੈ; ਜੋ ਮਨੁੱਖ ਇਨ੍ਹਾਂ ਦੇ ਨਾਲ ਸਿੱਧਾ ਲੜਨ ਦੀ ਕੋਸ਼ਿਸ਼ ਕਰਦਾ ਹੈ, ਉਹ ਇਨ੍ਹਾਂ ਤੋਂ ਕਦੇ ਵੀ ਜਿੱਤ ਪ੍ਰਾਪਤ ਨਹੀਂ ਕਰ ਸਕਦਾ। ਇਨ੍ਹਾਂ ਔਗੁਣਾਂ ਦੇ ਨਾਲ ਲੜਨ 'ਤੇ ਮਨੁੱਖ ਨੂੰ ਇਨ੍ਹਾਂ ਦੇ ਪ੍ਰਭਾਵ ਤੋਂ ਮੁਕਤੀ ਨਹੀਂ ਮਿਲ ਸਕਦੀ। ਆਪਣੇ ਅੰਦਰ ਵਾਲੇ ਔਗੁਣਾਂ ਨੂੰ ਕਬੂਲ ਕਰਨ ਦੇ ਨਾਲ ਅਤੇ ਉਨ੍ਹਾਂ ਨੂੰ ਜਾਣਨ ਦੇ ਨਾਲ ਹੀ ਮਨੁੱਖ ਨੂੰ ਉਨ੍ਹਾਂ ਦੇ ਪ੍ਰਭਾਵ ਤੋਂ ਮੁਕਤੀ ਮਿਲ ਜਾਂਦੀ ਹੈ। ਜਦੋਂ ਸੁੱਤਾ ਮਨ ਜਾਗਣ ਲੱਗਦਾ ਹੈ ਤਾਂ ਔਗੁਣ ਆਪਣੇ ਆਪ ਤੁਹਾਡੀ ਆਤਮਾ ਤੋਂ ਦੂਰ ਹੁੰਦੇ ਜਾਣੇ ਹਨ। ਇਨ੍ਹਾਂ ਨੂੰ ਛੱਡਣ ਜਾਂ ਤਿਆਗਣ ਦੀ ਲੋੜ ਨਹੀਂ ਪੈਂਦੀ। ਜੋ ਮਨੁੱਖ ਔਗੁਣਾਂ ਨੂੰ ਛੱਡਣ ਦੀ ਕੋਸ਼ਿਸ਼ ਕਰਦਾ ਹੈ, ਉਸ ਮਨੁੱਖ ਨੂੰ ਇਨ੍ਹਾਂ ਔਗੁਣਾਂ ਤੋਂ ਕਦੇ ਵੀ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਇੱਕ ਰਬੜ ਬੈਂਡ ਨੂੰ ਜਿੰਨੀ ਸ਼ਕਤੀ ਲਗਾ ਕੇ ਅਸੀਂ ਆਪਣੇ ਤੋਂ ਦੂਰ ਧੱਕਦੇ ਹਾਂ, ਉਸ ਨੇ ਓਨੀ ਹੀ ਸ਼ਕਤੀ ਦੇ ਨਾਲ ਸਾਡੀ ਤਰਫ਼ ਨੂੰ ਵਾਪਸ ਆਉਣਾ ਹੈ।

ਜਿਸ ਤਰ੍ਹਾਂ ਦਵਾਈ ਖਾਣ ਦੇ ਨਾਲ ਸਰੀਰ ਦੇ ਅੰਦਰੋਂ ਬਿਮਾਰੀ ਆਪਣੇ ਆਪ ਬਾਹਰ ਆ ਜਾਂਦੀ ਹੈ, ਔਗੁਣ ਤੇ ਆਤਮਾ ਦੇ ਬਿਮਾਰ ਹੋਣ ਦੀਆਂ ਨਿਸ਼ਾਨੀਆਂ ਹਨ। ਔਗੁਣ ਮਲੀਨ ਆਤਮਾ ਦੇ ਪਰਛਾਵੇਂ ਹਨ। ਜੇ ਕੋਈ ਮਨੁੱਖ ਪਰਛਾਵਿਆਂ ਦੇ ਨਾਲ ਲੜਨ ਲੱਗੇਗਾ ਤਾਂ ਪਰਛਾਵਿਆਂ ਤੋਂ ਭਲਾ ਕੋਈ ਕਿਸ ਤਰ੍ਹਾਂ ਜਿੱਤ ਪ੍ਰਾਪਤ ਕਰ ਸਕਦਾ ਹੈ। ਮਨੁੱਖ ਇਨ੍ਹਾਂ ਔਗੁਣਾਂ ਦੇ ਉੱਪਰ ਤਦ ਤੱਕ ਜਿੱਤ ਪ੍ਰਾਪਤ ਨਹੀਂ ਕਰ ਸਕਦਾ, ਜਿੰਨਾ ਚਿਰ ਤੱਕ ਮਨੁੱਖ ਆਪਣੇ ਸਰੀਰ ਦੇ ਅੰਦਰੋਂ ਸੁੱਤੀ ਊਰਜਾ ਸ਼ਕਤੀ ਨੂੰ ਜਗਾ ਨਹੀਂ ਲੈਂਦਾ।

ਜੋ ਵੀ ਕਰਮ ਇੱਕ ਵਾਰ ਹੋ ਚੁੱਕਾ ਹੈ, ਉਸ ਨੂੰ ਬਾਰ ਬਾਰ ਯਾਦ ਕਰ ਕੇ ਆਪਣੇ ਆਪ ਨੂੰ ਹਰ ਦਿਨ ਸਜ਼ਾ ਨਾ ਦੇਵੋ, ਹੁਣ ਕੁੱਝ ਵੀ ਨਹੀਂ ਕੀਤਾ ਜਾ ਸਕਦਾ। ਇੱਕ ਕੋਸ਼ਿਸ਼ ਜ਼ਰੂਰ ਕਰਨੀ ਹੈ, ਉਸ ਕਰਮ ਨੂੰ ਦੁਬਾਰਾ ਭਵਿੱਖ ਦੇ ਵਿਚ ਦੁਹਰਾਉਣ ਤੋਂ ਗੁਰੇਜ਼ ਕਰਨੀ ਹੈ। ਇਨ੍ਹਾਂ ਤਿੰਨਾਂ ਗੱਲਾਂ ਉੱਪਰ ਖ਼ਾਸ ਕਰਕੇ ਧਿਆਨ ਰੱਖਣਾ ਹੈ— ਖਾਣਾ, ਸੌਣਾ ਅਤੇ ਬੋਲਣਾ, ਇਹਨਾਂ ਤਿੰਨਾਂ ਦੀ ਵਰਤੋਂ ਕੇਵਲ ਉਦੋਂ ਕਰਨੀ ਹੈ, ਜਦੋਂ ਬਹੁਤ ਜ਼ਿਆਦਾ ਜ਼ਰੂਰਤ ਹੋਵੇ।

ਜਦੋਂ ਸਾਡੀ ਸੁਰਤੀ ਸਮਾਧੀ ਦੇ ਰਾਹੀਂ ਪਰਮਾਤਮਾ ਦੇ ਨਜ਼ਦੀਕ ਪਹੁੰਚ ਜਾਂਦੀ ਹੈ ਤਾਂ ਪਰਮਾਤਮਾ ਨੇ ਸਾਡੇ ਮਨ ਦੇ ਅਗਿਆਨ ਨੂੰ ਹਰ ਲੈਣਾ ਹੈ ਅਤੇ ਆਪਣੇ ਨਿਰਮਲ ਗਿਆਨ ਰੂਪੀ ਅੰਮ੍ਰਿਤ ਦੇ ਨਾਲ ਸਾਡੇ ਮਨ ਅਤੇ ਆਤਮਾ ਨੂੰ ਭਰਦੇ ਜਾਣਾ ਹੈ।

ਅਨੁਭਵ ਪ੍ਰਕਾਸ਼ ਸਾਧਕ ਨੂੰ ਹਰ ਦਿਨ ਪਾਰਬ੍ਰਹਮ ਦੇ ਕਰੀਬ ਹੋਰ ਕਰੀਬ ਲਈ ਜਾਂਦਾ ਹੈ। ਇੱਕ ਸਮਾਂ ਆ ਜਾਣਾ ਹੈ ਜਦੋਂ ਮਨ ਅਤੇ ਆਤਮਾ ਰੂਪੀ ਬੂੰਦ ਪਰਮਾਤਮਾ ਰੂਪੀ ਚੇਤਨਾ ਦੇ ਸਾਗਰ ਵਿਚ ਲੀਨ ਹੋ ਜਾਣੇ ਹਨ। ਉਸ ਤੋਂ ਬਾਅਦ ਕੇਵਲ ਪਾਰਬ੍ਰਹਮ ਹੀ ਬਾਕੀ ਰਹਿ ਜਾਵੇਗਾ। ਜੋ ਵੀ ਮਨੁੱਖ ਇੱਥੇ ਪਹੁੰਚ ਗਿਆ, ਉਹ ਜਿਉਂਦੇ-ਜੀ ਮੁਕਤ ਹੈ। ਪਾਣੀ ਦੀ ਬੂੰਦ ਵੀ ਸਮੁੰਦਰ ਦਾ ਹੀ ਰੂਪ ਹੈ ਪਰ ਬੂੰਦ ਭਰਮ ਦੇ ਕਾਰਨ ਆਪਣੇ ਆਪ ਨੂੰ ਸਮੁੰਦਰ ਤੋਂ ਵੱਖਰਾ ਸਮਝ ਰਹੀ ਸੀ। ਸਹਿਜ ਅਵਸਥਾ ਵਿਚ ਜਦੋਂ

ਸੁਰਤੀ ਪਹੁੰਚ ਜਾਂਦੀ ਹੈ ਤਾਂ ਜੀਵ ਆਤਮਾ ਪਰਮ ਅਨੰਦ ਨੂੰ ਮਾਣਦੀ ਹੋਈ ਆਪਣਾ ਬਾਕੀ ਦਾ ਜੀਵਨ ਬਤੀਤ ਕਰਨ ਲੱਗਦੀ ਹੈ। ਇੱਕ ਦਿਨ ਸਰੀਰ ਰੂਪੀ ਚੋਲੇ ਨੂੰ ਤਿਆਗਣ ਤੋਂ ਬਾਅਦ ਇਸ ਨੇ ਪਾਰਬ੍ਰਹਮ ਦਾ ਹੀ ਰੂਪ ਹੋ ਜਾਣਾ ਹੈ। ਇਹੋ ਮਨੁੱਖਾ ਜੀਵਨ ਦਾ ਮੂਲ ਮਕਸਦ ਹੈ। ਆਪਣੇ ਆਪ ਵਿਚ ਪੂਰਨ ਹੋ ਜਾਣਾ ਹੀ ਪਰਮਾਤਮਾ ਨੂੰ ਅਨੁਭਵ ਕਰਨਾ ਹੈ। ਇਸ ਅਵਸਥਾ ਵਿਚ ਪਹੁੰਚਣ ਤੋਂ ਬਾਅਦ ਅਧੂਰੇਪਣ ਦਾ ਜੋ ਅਨੁਭਵ ਹੁੰਦਾ ਸੀ, ਉਹ ਖ਼ਤਮ ਹੋ ਜਾਵੇਗਾ। ਜਾਗ੍ਰਿਤ ਅਵਸਥਾ ਵਿਚ ਜਦੋਂ ਇੱਕ ਵਾਰ ਸੁਰਤੀ ਗਗਨ ਗੁਫ਼ਾ ਦੇ ਅੰਦਰ ਪਰਵੇਸ਼ ਕਰ ਜਾਂਦੀ ਹੈ ਤਾਂ ਉਸ ਤੋਂ ਬਾਅਦ ਸੁਰਤੀ ਨੇ ਹੌਲੀ ਹੌਲੀ ਕਰਕੇ ਪਾਰਬ੍ਰਹਮ ਦੇ ਸਹਿਜ ਤੱਤ ਦੇ ਅੰਦਰ ਸਦਾ ਲਈ ਲੀਨ ਹੁੰਦੀ ਜਾਣਾ ਹੈ। ਗਗਨ ਗੁਫ਼ਾ ਮਸਤਕ ਦੇ ਅੰਦਰ ਇੱਕ ਐਸੀ ਜਗ੍ਹਾ ਹੈ, ਜਿੱਥੇ ਇੜਾ ਅਤੇ ਪਿੰਗਲਾ ਪਰਵੇਸ਼ ਨਹੀਂ ਕਰ ਸਕਦੀਆਂ। ਇੱਥੇ ਪਹੁੰਚੀ ਸੁਰਤੀ ਹੀ ਸਹਿਜ ਅਵਸਥਾ ਨੂੰ ਅਨੁਭਵ ਕਰਦੀ ਹੈ। ਇਸ ਅਵਸਥਾ ਨੂੰ ਅਨੁਭਵ ਕਰਨ ਵਾਲਾ ਮਨੁੱਖ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ, ਨਾ ਕਿ ਐਵੇਂ ਆਪਣੇ ਨਾਮ ਦੇ ਨਾਲ ਬ੍ਰਹਮ ਗਿਆਨੀ ਲਿਖਵਾਉਣ ਦੇ ਨਾਲ ਕੋਈ ਮਨੁੱਖ ਬ੍ਰਹਮ ਗਿਆਨੀ ਬਣ ਜਾਂਦਾ ਹੈ। ਇਸ ਤੱਤ ਨੂੰ ਕੇਵਲ ਵਿਚਾਰਾਂ ਮੁਕਤ ਚੇਤਨਾ ਹੀ ਅਨੁਭਵ ਕਰ ਸਕਦੀ ਹੈ। ਸਾਧਕ ਪਹਿਲਾਂ ਸਹਿਜ ਅਵਸਥਾ ਨੂੰ ਸਮਾਧੀ ਦੇ ਅੰਦਰ ਹੀ ਅਨੁਭਵ ਕਰਦਾ ਹੈ। ਉਸ ਤੋਂ ਬਾਅਦ ਵਿਚ ਇਹ ਅਵਸਥਾ ਜਾਗਦਿਆਂ, ਸੁੱਤਿਆਂ ਵੀ ਬਣੀ ਰਹਿੰਦੀ ਹੈ। ਭਾਵੇਂ ਅੱਖਾਂ ਬੰਦ ਹੋਣ ਜਾਂ ਖੁੱਲ੍ਹੀਆਂ, ਇਸ ਦੇ ਨਾਲ ਪਰਮ ਅਵਸਥਾ ਵਿਚ ਕੋਈ ਫ਼ਰਕ ਨਹੀਂ ਪੈਂਦਾ, ਕਿਉਂਕਿ ਸੁਰਤੀ ਦਾ ਸੰਪਰਕ ਅਸੀਮ ਤੱਤ ਦੇ ਨਾਲ ਹੋ ਗਿਆ ਹੈ।

ਪੈਰਾਂ ਦੇ ਅੰਦਰ ਵਾਲੇ ਗਿੱਟੇ ਤੋਂ ਕੁੱਝ ਕੁ ਇੰਚ ਉੱਪਰ ਜੋ ਨਾੜੀ ਹੈ, ਧਿਆਨ ਕਰਨ ਵੇਲੇ ਫੜਕਣ ਲੱਗਦੀ ਹੈ। ਇਸ ਦਾ ਕਾਰਨ ਹੈ ਕਿ ਪੈਰਾਂ ਦੀਆਂ ਉਂਗਲਾਂ ਦੇ ਰਾਹੀਂ ਸਰੀਰ ਦੇ ਅੰਦਰੋਂ ਬਾਹਰ ਨਿਕਲਣ ਵਾਲੇ ਪ੍ਰਕਾਸ਼ ਨੇ ਤੀਜੇ ਨੇਤਰ ਦੇ ਵੱਲ ਨੂੰ ਆਪਣੀ ਗਤੀ ਸ਼ੁਰੂ ਕਰ ਦਿੱਤੀ ਹੈ। ਜਣਨ ਇੰਦਰੀ ਤੋਂ ਧੁਨੀ ਵਾਲੀ ਤਰਫ਼ ਨੂੰ ਨਾੜੀ ਕਦੇ ਕਦਾਈਂ ਫੜ ਫੜਾਏਗੀ।

ਸਰੀਰ ਅੰਦਰ ਪ੍ਰਕਾਸ਼ ਦੀ ਗਤੀ ਹੋਣ ਨਾਲ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਪਰਛਾਵੇਂ ਆਪਣੇ ਆਪ ਤੁਹਾਡੀ ਆਤਮਾ ਦੇ ਨਾਲੋਂ ਅਲੱਗ ਹੁੰਦੇ ਜਾਣੇ ਹਨ। ਜਦੋਂ ਸਾਧਕ ਦੇ ਸਰੀਰ ਅੰਦਰ ਪ੍ਰਕਾਸ਼ ਗਤੀ ਕਰਨ ਲੱਗ ਜਾਂਦਾ ਹੈ ਤਾਂ ਇਹ ਮਨੁੱਖ ਹੌਲੀ ਹੌਲੀ ਕਰਕੇ ਬ੍ਰਹਮਚਾਰੀ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ। ਕਾਮ ਇੰਦਰੀ ਇਸ ਨੂੰ ਪਰੇਸ਼ਾਨ ਨਹੀਂ ਕਰੇਗੀ, ਕਿਉਂਕਿ ਸ਼ਕਤੀ ਦਾ ਬਹਾਓ ਕਾਮ ਤੋਂ ਵੀ ਉੱਪਰ ਵਾਲੇ ਅਨੰਦ ਦੇ ਵੱਲ ਨੂੰ ਹੋ ਚੁੱਕਿਆ ਹੈ। ਜੇਕਰ ਤੁਸੀਂ ਕਾਮ ਕ੍ਰੀੜਾ ਨਹੀਂ ਵੀ ਕਰਦੇ ਹੋ ਤਾਂ ਵੀ ਬਿਨਾਂ ਕਾਮ ਕ੍ਰੀੜਾ ਕੀਤੇ ਕਈ ਮਹੀਨੇ ਜਾਂ ਕਈ ਸਾਲ ਵੀ ਲੰਘਾਏ ਜਾ ਸਕਦੇ ਹਨ। ਕਾਮ ਇੰਦਰੀ ਵਿਚ ਕੋਈ ਵੀ ਹਲਚਲ ਪੈਦਾ ਨਹੀਂ ਹੋਵੇਗੀ, ਜਿੰਨਾ ਚਿਰ ਤੱਕ ਤੁਹਾਡੀ ਖ਼ੁਦ ਦੀ ਅੰਦਰੋਂ ਕੋਈ ਇੱਛਾ ਨਹੀਂ ਹੁੰਦੀ। ਨਿਰ-ਵਿਚਾਰ ਸਮਾਧੀ ਦੇ ਵਿਚ ਪਰਵੇਸ਼ ਕਰਨ ਦੇ ਲਈ ਬਹੁਤ ਜ਼ਿਆਦਾ

ਸ਼ਕਤੀ ਦੀ ਜ਼ਰੂਰਤ ਪੈਂਦੀ ਹੈ। ਸਦੀਆਂ ਤੋਂ ਮਨੁੱਖ ਆਪਣੀਆਂ ਮੰਗਾਂ ਦੀ ਪੂਰਤੀ ਕਰਨ ਦੇ ਲਈ ਥਾਂ ਥਾਂ ਭਟਕਦਾ ਹੋਇਆ ਆਪਣਾ ਸਾਰਾ ਜੀਵਨ ਬਤੀਤ ਕਰਦਾ ਆ ਰਿਹਾ ਹੈ। ਇੱਕ ਗੱਲ ਯਾਦ ਰੱਖਣਾ, ਕੋਈ ਕਿਸੇ ਨੂੰ ਕੁੱਝ ਨਹੀਂ ਦੇ ਸਕਦਾ। ਜੇਕਰ ਤੁਸੀਂ ਨਾ ਵੀ ਮੰਗੋਗੇ ਤਾਂ ਵੀ ਤੁਹਾਨੂੰ ਸਭ ਕੁੱਝ ਮਿਲੀ ਜਾਣਾ ਹੈ। ਮਨੁੱਖ ਬਿਨਾਂ ਵਜ੍ਹਾ ਦੇ ਐਵੇਂ ਪਰੇਸ਼ਾਨ ਹੋਈ ਜਾ ਰਿਹਾ ਹੈ ਜੋ ਕੁੱਝ ਵੀ ਹੋਣਾ ਹੈ ਉਹ ਹੋ ਕੇ ਰਹੇਗਾ। ਜੋ ਕੁੱਝ ਨਹੀਂ ਹੋਣਾ, ਉਹ ਕਦੇ ਵੀ ਨਹੀਂ ਹੋਵੇਗਾ। ਤੁਸੀਂ ਕਰਮ ਕਰਨਾ ਹੈ, ਫਲ ਪਰਮਾਤਮਾ ਜੋ ਵੀ ਦੇਵੇਗਾ, ਉਸ ਨੂੰ ਮਨਜ਼ੂਰ ਕਰ ਲੈਣ ਦੇ ਵਿਚ ਹੀ ਅਨੰਦ ਹੈ। ਜਦੋਂ ਸਾਧਕ ਦੀ ਸੁਰਤੀ ਸਾਧਨਾ ਦੀ ਟੀਸੀ 'ਤੇ ਪਹੁੰਚ ਜਾਂਦੀ ਹੈ ਤਾਂ ਉਸ ਅਵਸਥਾ ਵਿਚ ਕੇਵਲ ਹੋਣਾ-ਭਾਵ ਬਾਕੀ ਰਹਿ ਜਾਵੇਗਾ। ਸੁਰਤੀ ਵਰਤਮਾਨ ਕਾਲ ਵਿਚ ਸਥਿਰ ਹੋਣ ਦੇ ਨਾਲ ਭੂਤਕਾਲ ਅਤੇ ਭਵਿੱਖ ਕਾਲ ਦੋਨੋਂ ਹੀ ਸਮਾਪਤ ਹੋ ਜਾਣੇ ਹਨ। ਉਸ ਅਵਸਥਾ ਵਿਚ ਸਰੀਰਕ ਬੋਧ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗਾ। ਜੋ ਬਚੇਗਾ, ਉਹੀ ਹੈ ਪਰਮਾਤਮਾ, ਉਸ ਨੂੰ ਮਿਲਣ ਤੋਂ ਬਾਅਦ ਹੀ ਜੀਵਨ ਬਦਲ ਸਕਦਾ ਹੈ। ਨਾਭੀ ਦੇ ਅੰਦਰ ਸੁੱਤੀ ਬ੍ਰਹਮ ਅਗਨ ਜਾਗਣ ਨਾਲ ਆਤਮਾ ਰੂਪੀ ਸ਼ੁੱਧ ਸੋਨੇ ਦੇ ਨਾਲੋਂ ਸੰਸਕਾਰਾਂ ਦੇ ਰੂਪ ਵਿਚ ਜੋ ਨਕਲੀ ਸੋਨੇ ਦੀ ਮੈਲ ਚੰਬੜ ਗਈ ਸੀ, ਉਸ ਮੈਲ ਨੂੰ ਨਿਰ-ਵਿਚਾਰ ਅਵਸਥਾ ਨੇ ਸਾੜ ਕੇ ਸੁਆਹ ਕਰ ਦੇਣਾ ਹੈ। ਬਾਅਦ ਦੇ ਵਿਚ ਕੇਵਲ ਚੇਤਨ ਰੂਪੀ ਸ਼ੁੱਧ ਸੋਨਾ ਹੀ ਬਚੇਗਾ, ਇਹੋ ਹੈ ਪਾਰਬ੍ਰਹਮ। ਧਿਆਨ ਸਿਮਰਨ ਦੀ ਸਾਧਨਾ ਦੇ ਵਿਚ ਜਿੰਨਾ ਜ਼ਿਆਦਾ ਸਮਾਂ ਸਾਧਕ ਲਗਾਉਂਦਾ ਹੈ, ਆਤਮ ਗਿਆਨ ਦੀ ਮੰਜ਼ਲ 'ਤੇ ਓਨੇ ਘੱਟ ਸਮੇਂ ਦੇ ਵਿਚ ਪਹੁੰਚਿਆ ਜਾ ਸਕਦਾ ਹੈ। ਅੱਜ ਤੱਕ ਨਾ ਤਾਂ ਕੋਈ ਕਿਸੇ ਦੇ ਨਾਲ ਪੈਦਾ ਹੋ ਸਕਿਆ ਹੈ ਅਤੇ ਨਾ ਹੀ ਕੋਈ ਕਿਸੇ ਦੇ ਨਾਲ ਮਰ ਸਕਿਆ ਹੈ। ਇਸ ਸੰਸਾਰ 'ਤੇ ਮਨੁੱਖ ਆਉਂਦਾ ਵੀ ਇਕੱਲਾ ਹੈ ਅਤੇ ਇੱਕ ਦਿਨ ਮਨੁੱਖ ਨੂੰ ਇਸ ਸੰਸਾਰ ਤੋਂ ਜਾਣਾ ਵੀ ਇਕੱਲੇ ਹੀ ਪੈਣਾ ਹੈ, ਇਹੋ ਸੱਚ ਹੈ। ਆਪਣੇ ਸਰੀਰ ਦੇ ਅੰਦਰ ਤੁਸੀਂ ਹੋ, ਤੁਹਾਡੇ ਤੋਂ ਇਲਾਵਾ ਤੁਹਾਡੇ ਸਰੀਰ ਦੇ ਅੰਦਰ ਕੋਈ ਹੋਰ ਪਰਵੇਸ਼ ਨਹੀਂ ਕਰ ਸਕਦਾ। ਆਤਮ ਗਿਆਨ ਦੀ ਸਾਧਨਾ ਹਰ ਇੱਕ ਮਨੁੱਖ ਨੂੰ ਆਪ ਹੀ ਪੂਰੀ ਕਰਨੀ ਪੈਂਦੀ ਹੈ, ਮੁੱਢ ਤੋਂ ਇਹੋ ਦਸਤੂਰ ਚੱਲਿਆ ਆ ਰਿਹਾ ਹੈ। ਪਰਮਾਤਮਾ ਦੇ ਘਰ ਵੱਲ ਨੂੰ ਜਾਣ ਵਾਲਾ ਰਸਤਾ ਨਹੀਂ ਬਦਲਿਆ ਅਤੇ ਨਾ ਹੀ ਅੱਗੇ ਜਾ ਕੇ ਬਦਲੇਗਾ। ਆਪਣੇ ਆਪ ਦਾ ਧਿਆਨ ਕਰਦੇ ਹੋਏ ਤੁਸੀਂ ਆਪਣੇ ਅੰਦਰ ਪਰਵੇਸ਼ ਕਰਦੇ ਹੀ ਜਾਣਾ ਹੈ, ਡਰ ਲੱਗ ਸਕਦਾ ਹੈ ਪਰ ਤੁਸੀਂ ਡਰਨਾ ਨਹੀਂ ਹੈ, ਮੇਰੇ ਨਿਰਦੇਸ਼ ਸਦਾ ਹੀ ਤੁਹਾਡੇ ਨਾਲ ਰਹਿਣਗੇ। ਆਪਣੇ ਅੰਦਰ ਪਰਵੇਸ਼ ਕਰਨ ਲੱਗਿਆਂ ਭਲਾ ਕੀ ਹੋ ਸਕਦਾ ਹੈ। ਇਹੋ ਤੁਹਾਡਾ ਅਸਲੀ ਘਰ ਹੈ ਜਿਸ ਦੇ ਅੰਦਰੋਂ ਤੁਹਾਡਾ ਜਨਮ ਹੋਇਆ ਸੀ। ਸਾਧਕ ਨੂੰ ਆਪਣੇ ਅੰਦਰ ਪਰਵੇਸ਼ ਕਰਨ ਤੋਂ ਕਰਮਾਂ ਦੇ ਸੰਸਕਾਰ ਜ਼ਰੂਰ ਡਰਾ ਸਕਦੇ ਹਨ ਪਰ ਤੁਸੀਂ ਇਨ੍ਹਾਂ ਤੋਂ ਡਰਨਾ ਨਹੀਂ ਹੈ। ਜਦੋਂ ਪ੍ਰਕਾਸ਼ ਨੇ ਤੁਹਾਡੀ ਨਾਭੀ ਚੱਕਰ ਦੇ ਵਿਚ ਪਰਵੇਸ਼ ਕੀਤਾ ਤਾਂ ਇਸ ਚੱਕਰ ਦੇ ਵਿਚ ਪ੍ਰਕਾਸ਼ ਪਰਵੇਸ਼ ਕਰਨ ਦੇ ਨਾਲ ਤੁਹਾਡੇ ਅੰਦਰ ਵਾਲੇ ਡਰ ਨੇ ਆਪਣੇ ਆਪ ਖ਼ਤਮ ਹੁੰਦੇ ਜਾਣਾ ਹੈ। ਸਾਧਨਾ ਕਰਨ ਦੇ ਨਾਲ ਤੁਸੀਂ ਇੱਕ ਦਿਨ ਡਰ ਤੋਂ

ਪੂਰੀ ਤਰ੍ਹਾਂ ਮੁਕਤ ਹੋ ਜਾਵੋਗੇ। ਤੁਸੀਂ ਅੰਦਰੋਂ ਪਰਬਤ ਦੇ ਵਾਂਗੂੰ ਸਥਿਰ ਹੋ ਜਾਵੋਗੇ। ਜਿਸ ਵੀ ਮਨੁੱਖ ਨੇ ਪਰਮਾਤਮਾ ਦੇ ਘਰ ਵੱਲ ਨੂੰ ਯਾਤਰਾ ਸ਼ੁਰੂ ਕੀਤੀ ਹੈ, ਉਸ ਨੂੰ ਇਕੱਲੇ ਹੀ ਜਾਣਾ ਪਿਆ ਹੈ। ਸ਼ੁਰੂ ਤੋਂ ਇਹੀ ਦਸਤੂਰ ਚੱਲਿਆ ਆ ਰਿਹਾ ਹੈ। ਜਿਸ ਨੇ ਵੀ ਪਰਮਾਤਮਾ ਨੂੰ ਮਿਲਣਾ ਹੈ, ਉਸ ਨੂੰ ਇਕੱਲੇ ਹੀ ਜਾਣਾ ਪਵੇਗਾ। ਕੋਈ ਕਿਸੇ ਦੇ ਨਾਲ ਨਹੀਂ ਜਾ ਸਕਦਾ। ਇੱਥੋਂ ਤੱਕ ਕਿ ਬ੍ਰਹਮ ਗਿਆਨੀ ਵੀ ਤੁਹਾਡੇ ਨਾਲ ਨਹੀਂ ਜਾ ਸਕਦਾ। ਜੇਕਰ ਤੁਹਾਨੂੰ ਇਸ ਤਰ੍ਹਾਂ ਦਾ ਕੋਈ ਭਰਮ ਪਾਇਆ ਜਾ ਰਿਹਾ ਹੈ ਕਿ ਤੁਹਾਨੂੰ ਸਵਰਗ ਦੇ ਵਿਚ ਲੈ ਕੇ ਜਾਣ ਵਾਸਤੇ ਕੋਈ ਸੰਤ ਜਾਂ ਬਾਬਾ ਆਵੇਗਾ, ਤਾਂ ਇਸ ਮਨੁੱਖ ਤੋਂ ਤੁਸੀਂ ਦੂਰ ਹੋ ਜਾਣਾ ਹੈ, ਇਹ ਮਨੁੱਖ ਤੁਹਾਨੂੰ ਧੋਖਾ ਦੇ ਰਿਹਾ ਹੈ।

ਸਰੀਰ ਦੇ ਅੰਦਰ ਵਾਲੀ ਊਰਜਾ ਸ਼ਕਤੀ ਨੂੰ ਬ੍ਰਹਮ ਅਗਨ ਦੇ ਵਿਚ ਤਬਦੀਲ ਕਰਕੇ ਉੱਪਰ ਮਸਤਕ ਵਿਚ ਪਰਵੇਸ਼ ਕਰਾਉਣ ਵਾਲੀ ਕਿਰਿਆ ਨੂੰ ਧਿਆਨ ਸਿਮਰਨ ਦੀ ਉਪਾਸਨਾ ਕਿਹਾ ਜਾਂਦਾ ਹੈ। ਸਹਿਜ ਮੰਡਲ ਦੇ ਨਾਦ ਨੂੰ ਸੁਣਨ ਦੇ ਨਾਲ ਅਗਿਆਨ ਇੰਦਰੀ ਗਿਆਨ ਇੰਦਰੀ ਦੇ ਵਿਚ ਤਬਦੀਲ ਹੋਣ ਲੱਗ ਜਾਵੇਗੀ। ਤਿੰਨਾਂ ਨਾੜੀਆਂ ਦੇ ਪ੍ਰਕਾਸ਼ ਨਾਲ ਜਿਸ ਨਾਦ ਦੀ ਆਵਾਜ਼ ਸੁਣਾਈ ਦੇ ਰਹੀ ਸੀ, ਉਸ ਤੋਂ ਬਾਅਦ ਸਹਿਜ ਮੰਡਲ ਦਾ ਨਾਦ ਸੁਣਾਈ ਦੇਵੇਗਾ। ਇਹ ਨਾਦ ਆਵਾਜ਼ ਤੋਂ ਰਹਿਤ ਹੈ। ਇਸ ਆਵਾਜ਼ ਰਹਿਤ ਨਾਦ ਨੂੰ ਸਾਧਕ ਨਿਰ-ਵਿਚਾਰ ਅਵਸਥਾ ਵਿਚ ਪਹੁੰਚਣ ਤੋਂ ਬਾਅਦ ਹੀ ਸੁਣ ਸਕਦਾ ਹੈ। ਜਦੋਂ ਤੁਹਾਡੀ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਕੇ ਆਪਣੇ ਕੇਂਦਰ ਦੇ ਵਿਚ ਆ ਕੇ ਸਥਿਰ ਹੋ ਜਾਂਦੀ ਹੈ ਤਾਂ ਤੁਸੀਂ ਉਸ ਅਵਸਥਾ ਵਿਚ ਆਵਾਜ਼ ਰਹਿਤ ਨਾਦ ਨੂੰ ਸੁਣ ਸਕਦੇ ਹੋ। ਇਸ ਨਾਦ ਨੂੰ ਸੁਣਨ ਦੇ ਨਾਲ ਤੁਹਾਡੀ ਸੁਰਤੀ ਨੇ ਸਹਿਜ ਮੰਡਲ ਦੇ ਹੋਰ ਗਹਿਰੇ ਤਲਾਂ ਦੇ ਵਿਚ ਉਤਰਦੀ ਹੀ ਜਾਣਾ ਹੈ। ਇੱਕ ਸਮਾਂ ਐਸਾ ਆਵੇਗਾ ਜਦੋਂ ਸਭ ਕੁੱਝ ਖੋਹ ਜਾਵੇਗਾ। ਹੁਣ ਤੁਸੀਂ ਉਸ ਕੇਂਦਰ ’ਤੇ ਪਹੁੰਚ ਚੁੱਕੇ ਹੋ, ਜਿਸ ਤੋਂ ਅੱਗੇ ਗਤੀ ਨਹੀਂ ਕੀਤੀ ਜਾ ਸਕਦੀ। ਜਿਸ ਮਨੁੱਖ ਦੀ ਸੁਰਤੀ ਇਸ ਮੰਡਲ ਦੇ ਵਿਚ ਪਰਵੇਸ਼ ਕਰ ਜਾਂਦੀ ਹੈ, ਉਹ ਸਹਿਜ ਮੰਡਲ ਦੇ ਸੰਗੀਤ ਨੂੰ ਸੁਣਨ ਦੇ ਯੋਗ ਹੋ ਜਾਂਦਾ ਹੈ। ਇਸ ਆਵਾਜ਼ ਰਹਿਤ ਨਾਦ ਦੀ ਆਵਾਜ਼ ਨੂੰ ਸੁਣਨ ਦੇ ਨਾਲ ਇੱਕ ਐਸਾ ਅਨੰਦ ਬਣ ਜਾਵੇਗਾ ਜੋ ਕਦੇ ਵੀ ਨਹੀਂ ਮਿਟੇਗਾ। ਜੀਵਨ ਦੇ ਵਿਚ ਭਾਵੇਂ ਕੋਈ ਵੀ ਘਟਨਾ ਵਾਪਰ ਜਾਵੇ, ਇਸ ਅਨੰਦ ਦੇ ਵਿਚ ਰੱਤੀ ਭਰ ਵੀ ਤਬਦੀਲੀ ਨਹੀਂ ਆਵੇਗੀ। ਇਸ ਰਸ ਨੂੰ ਉਨ੍ਹਾਂ ਸਾਰਿਆਂ ਮਹਾਨ ਪੁਰਸ਼ਾਂ ਨੇ ਜਿਉਂਦੇ-ਜੀ ਪੀਤਾ ਸੀ ਅਤੇ ਸੰਸਾਰ ਤੋਂ ਜਾਣ ਤੋਂ ਪਹਿਲਾਂ ਆਪਣੇ ਅਨੁਭਵ ਨੂੰ ਲਿਖਤਾਂ ਦੇ ਰਾਹੀਂ ਦੁਨੀਆਂ ਨੂੰ ਦੱਸ ਗਏ ਸਨ ਤਾਂ ਜੋ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਇਨ੍ਹਾਂ ਗ੍ਰੰਥਾਂ ਨੂੰ ਪੜ੍ਹਨ ਤੋਂ ਬਾਅਦ ਪਰਮ ਅਨੰਦਮਈ ਜੀਵਨ ਨੂੰ ਖੋਜਣ ਦੇ ਲਈ ਪ੍ਰੇਰਿਤ ਹੋ ਜਾਣ। ਜਦੋਂ ਤੁਸੀਂ ਲਗਾਤਾਰ ਧਿਆਨ ਸਿਮਰਨ ਕਰਦੇ ਹੀ ਜਾਵੋਗੇ ਤਾਂ ਤੁਹਾਡੀ ਸੁਰਤੀ ਇੱਕ ਨਦੀ ਦੇ ਵਾਂਗੂੰ ਦਿਨ ਰਾਤ ਗਤੀ ਕਰਦੀ ਹੀ ਜਾਵੇਗੀ, ਜਿੰਨਾ ਚਿਰ ਤੱਕ ਇਸ ਦਾ ਮਿਲਣ ਚੇਤਨਾ ਰੂਪੀ ਸਾਗਰ ਦੇ ਨਾਲ ਨਹੀਂ ਹੋ ਜਾਂਦਾ। ਜਿਸ ਤਰ੍ਹਾਂ ਇੱਕ ਨਦੀ ਬਿਨਾਂ ਰੁਕੇ ਦਿਨ ਰਾਤ ਗਤੀ

ਕਰਦੀ ਹੀ ਜਾਂਦੀ ਹੈ, ਜਿੰਨਾ ਚਿਰ ਤੱਕ ਉਹ ਮਹਾਂ ਸਾਗਰ ਦੇ ਵਿਚ ਲੀਨ ਨਹੀਂ ਹੋ ਜਾਂਦੀ। ਆਤਮ ਗਿਆਨ ਦੀ ਸਾਰੀ ਯਾਤਰਾ ਇੱਕ ਨਦੀ ਦੇ ਵਾਂਗੂੰ ਹੈ।

ਜਿਸ ਵੀ ਮਨੁੱਖ ਨੇ ਆਪਣੀ ਜੜ੍ਹ ਤੱਕ ਪਹੁੰਚਣਾ ਹੈ, ਉਸ ਨੂੰ ਇਨ੍ਹਾਂ ਤਿੰਨਾਂ ਸ਼ਕਤੀਆਂ ਦੀ ਜ਼ਰੂਰਤ ਪੈਣੀ ਹੈ। ਜੇਕਰ ਕੋਈ ਮਨੁੱਖ ਇਸ ਬ੍ਰਹਿਮੰਡ ਦੇ ਸਿਰਜਣਹਾਰੇ ਨੂੰ ਆਪ ਖ਼ੁਦ ਮਿਲਣਾ ਚਾਹੁੰਦਾ ਹੈ, ਉਸ ਸ਼ਕਤੀ ਦੇ ਪਿਆਰ ਵਾਲੇ ਨਿੱਘ ਨੂੰ ਖ਼ੁਦ ਮਾਣਨਾ ਚਾਹੁੰਦਾ ਹੈ, ਉਸ ਨੂੰ ਧਿਆਨ ਸਿਮਰਨ ਦੀ ਸਾਧਨਾ ਦੇ ਵਿੱਚੋਂ ਦੀ ਲੰਘ ਕੇ ਹੀ ਜਾਣਾ ਪਵੇਗਾ। ਸਾਧਨਾ ਦੇ ਵਿਚ ਸਾਰੀ ਗਤੀ ਸੁਰਤੀ ਦੀ ਹੈ, ਕੋਈ ਸਰੀਰਕ ਗਤੀ ਨਹੀਂ ਹੈ। ਪਰਮਾਤਮਾ ਦੇ ਰਸਤੇ ਉੱਪਰ ਚੱਲਣ ਵਾਲੇ ਮਨੁੱਖ ਦੇ ਮਨ ਅੰਦਰ ਕਿਸੇ ਵੀ ਕਿਸਮ ਦੇ ਵਹਿਮ ਜਾਂ ਭਰਮ ਦੇ ਲਈ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ। ਪਰਮਾਤਮਾ ਨੂੰ ਕੇਵਲ ਉਹੀ ਮਨੁੱਖ ਮਿਲ ਸਕਦਾ ਹੈ ਜੋ ਕੇਵਲ ਇੱਕੋ ਸ਼ਕਤੀ ਨੂੰ ਕਰਤਾ ਮੰਨਦਾ ਹੈ। ਜਿਸ ਊਰਜਾ ਸ਼ਕਤੀ ਦਾ ਬਹਾਓ ਥੱਲੇ ਵੱਲ ਨੂੰ ਸੀ, ਸਾਧਨਾ ਦੀ ਮਦਦ ਨਾਲ ਉਸੇ ਊਰਜਾ ਸ਼ਕਤੀ ਦੇ ਬਹਾਓ ਨੂੰ ਉੱਪਰ ਵੱਲ ਨੂੰ ਮੋੜ ਦੇਣਾ ਹੀ ਸਾਧਨਾ ਹੈ। ਮਨੁੱਖ ਦੇ ਦੋਨਾਂ ਭਰਵੱਟਿਆਂ ਦੇ ਵਿਚਕਾਰ ਇਨ੍ਹਾਂ ਤਿੰਨਾਂ ਸ਼ਕਤੀਆਂ ਦੇ ਮਿਲਣ ਤੋਂ ਬਾਅਦ ਇਸ ਜਗ੍ਹਾ ਅਮਰ ਜੋਤ ਦੇ ਦੀਪਕ ਨੇ ਪ੍ਰਕਾਸ਼ਮਾਨ ਹੋ ਜਾਣਾ ਹੈ। ਜਿਸ ਨੇ ਅਚੇਤ ਮਨ ਦੇ ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰਨ ਦੇ ਲਈ ਦਿਨ ਰਾਤ ਬਲਦੀ ਰਹਿਣਾ ਹੈ। ਪਰਮ ਅਨੰਦ ਦੀ ਖ਼ੁਮਾਰੀ ਕਿਸੇ ਨਸ਼ੇ ਦੇ ਕਾਰਨ ਪੈਦਾ ਨਹੀਂ ਹੋ ਰਹੀ। ਇਹ ਤਾਂ ਪਰਮਾਤਮਾ ਰੂਪੀ ਫੁੱਲਾਂ ਦੇ ਬਾਗ਼ ਦੀ ਮਹਿਕ ਹੈ, ਜਿਸ ਦਾ ਅਨੰਦ ਮਾਣਦੇ ਹੋਏ ਤੁਸੀਂ ਆਪਣਾ ਬਾਕੀ ਦਾ ਸਾਰਾ ਜੀਵਨ ਬਤੀਤ ਕਰਨਾ ਹੈ। ਸਾਧਕ ਦੇ ਸਰੀਰ ਥੱਲੇ ਵਾਲੇ ਹਿੱਸੇ ਤੋਂ ਊਰਜਾ ਸ਼ਕਤੀ ਨੇ ਠੰਢੇ ਅਤੇ ਗਰਮ ਪ੍ਰਕਾਸ਼ ਦੀਆਂ ਅਣਗਿਣਤ ਨਦੀਆਂ ਦੇ ਰੂਪ ਵਿਚ ਉੱਪਰ ਵੱਲ ਨੂੰ ਗਤੀ ਕਰਨੀ ਹੈ। ਜਦੋਂ ਤੁਹਾਡਾ ਸਰੀਰ ਅੰਦਰੋਂ ਕੰਬਦਾ ਹੈ ਤਾਂ ਤੁਸੀਂ ਇਹ ਸਮਝ ਲੈਣਾ ਕਿ ਪ੍ਰਾਣ ਪ੍ਰਕਾਸ਼ ਮਨ ਅਤੇ ਆਤਮਾ ਦੀ ਸ਼ੁੱਧੀ ਕਰ ਰਿਹਾ ਹੈ।

ਜਦੋਂ ਵੀ ਸਮਾਂ ਮਿਲੇ, ਤੁਸੀਂ ਪਰਮਾਤਮਾ ਦੀ ਯਾਦ ਵਿਚ ਬੈਠ ਸਕਦੇ ਹੋ। ਵੈਸੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸ਼ਾਮ ਨੂੰ ਸੂਰਜ ਡੁੱਬਣ ਤੋਂ ਬਾਅਦ ਧਿਆਨ ਸਿਮਰਨ ਕਰਨਾ ਹੈ। ਜੀਵਨ ਦੇ ਵਿਚ ਜੋ ਅਗਿਆਨ ਰੂਪੀ ਹਨੇਰਾ ਹੈ, ਉਸ ਨੇ ਸਰੀਰ ਅੰਦਰ ਪ੍ਰਕਾਸ਼ ਪੈਦਾ ਹੋਣ ਤੋਂ ਬਾਅਦ ਹੀ ਦੂਰ ਹੋਣਾ ਹੈ। ਅੱਜ ਮਨੁੱਖ ਨੇ ਬਾਹਰੀ ਦੁਨੀਆਂ ਦੇ ਵਿਚ ਬਹੁਤ ਸਾਰਾ ਪ੍ਰਕਾਸ਼ ਤਾਂ ਪੈਦਾ ਕਰ ਲਿਆ ਹੈ ਪਰ ਮਨੁੱਖ ਦੇ ਖ਼ੁਦ ਅੰਦਰ ਅਜੇ ਵੀ ਉਸੇ ਤਰ੍ਹਾਂ ਘੁੱਪ ਘੋਰ ਹਨੇਰਾ ਹੈ। ਹਨੇਰੇ ਦੇ ਨਾਲ ਭਰੀ ਜ਼ਿੰਦਗੀ ਵਿਚ ਆਤਮਾ ਦੇ ਸੂਰਜ ਨਾਲ ਪ੍ਰਕਾਸ਼ ਪੈਦਾ ਕੀਤਾ ਜਾ ਸਕਦਾ ਹੈ। ਇਸ ਧਰਤੀ ਉੱਪਰ ਜਿੰਨਾ ਵੀ ਪ੍ਰਕਾਸ਼ ਹੈ, ਉਹ ਸਾਰਾ ਸੂਰਜ ਤੋਂ ਆਉਂਦਾ ਹੈ। ਸਾਡੇ ਘਰਾਂ ਅੰਦਰ ਵੀ ਜੋ ਪ੍ਰਕਾਸ਼ ਹੈ ਉਹ ਵੀ ਸੂਰਜ ਤੋਂ ਆਇਆ ਹੈ। ਇਸੇ ਹੀ ਤਰ੍ਹਾਂ ਸਾਡੇ ਸਰੀਰ ਅੰਦਰ ਜੋ ਆਤਮਾ ਰੂਪੀ ਪ੍ਰਕਾਸ਼ ਹੈ, ਉਹ ਪਰਮਾਤਮਾ ਤੋਂ ਆਇਆ ਹੈ। ਅਸੀਂ ਉਸ ਪਰਮ ਸ਼ਕਤੀ ਦੀ ਖੋਜ ਆਪਣੇ ਸਰੀਰ ਦੇ ਅੰਦਰ ਹੀ ਕਰਨੀ ਹੈ। ਇਸ ਸੰਸਾਰ ਦੇ ਵਿਚ ਨਾ ਤਾਂ ਕੁੱਝ ਆਉਂਦਾ ਹੈ ਅਤੇ ਨਾ ਹੀ ਕੁੱਝ ਜਾਂਦਾ ਹੈ। ਕੇਵਲ ਪਦਾਰਥ ਦੇ ਰੂਪ ਹੀ ਬਦਲਦੇ ਰਹਿੰਦੇ ਹਨ।

ਸਦੀਆਂ ਤੋਂ ਸੰਸਾਰ ਦੇ ਉੱਪਰ ਗਿਆਨ ਵਾਲੇ ਪ੍ਰਵਚਨ ਤਾਂ ਚੱਲ ਰਹੇ ਹਨ, ਇਸ ਦੇ ਬਾਵਜੂਦ ਵੀ ਮਨੁੱਖ ਦੇ ਮਨ ਉੱਪਰ ਉਨ੍ਹਾਂ ਪ੍ਰਵਚਨਾਂ ਦਾ ਅਸਰ ਕਿਉਂ ਨਹੀਂ ਹੋ ਰਿਹਾ ਹੈ। ਇਸ ਦਾ ਕਾਰਨ ਹੈ। ਮਨੁੱਖ ਦਾ ਮਨ ਪਰਮਾਤਮਾ ਦੇ ਬਾਰੇ ਕੇਵਲ ਗੱਲਾਂ ਅਤੇ ਵਿਚਾਰ ਹੀ ਨਹੀਂ ਕਰਨਾ ਚਾਹੁੰਦਾ ਬਲਕਿ ਉਸ ਪਰਮ ਅਨੰਦ ਨੂੰ ਆਪ ਅਨੁਭਵ ਵੀ ਕਰਨਾ ਚਾਹੁੰਦਾ ਹੈ। ਸੋਚਣ ਜਾਂ ਵਿਚਾਰ ਕਰਨ ਦੇ ਨਾਲ ਉਸ ਸ਼ਕਤੀ ਨੂੰ ਨਹੀਂ ਜਾਣਿਆ ਜਾ ਸਕਦਾ, ਨਾ ਹੀ ਉਨ੍ਹਾਂ ਮਨੁੱਖਾਂ ਦੀ ਪੂਜਾ ਕਰਨ ਦੇ ਨਾਲ ਜਾਣਿਆ ਜਾ ਸਕਦਾ ਹੈ, ਜਿਨ੍ਹਾਂ ਨੇ ਇਸ ਸ਼ਕਤੀ ਨੂੰ ਜਾਣ ਲਿਆ ਸੀ।

ਪਰਮਾਤਮਾ ਨੂੰ ਜਾਣਨ ਵਾਸਤੇ ਉਸ ਸ਼ਕਤੀ ਨੂੰ ਆਪ ਅਨੁਭਵ ਕਰਨਾ ਪਵੇਗਾ, ਉਸ ਸ਼ਕਤੀ ਨੂੰ ਆਪ ਖ਼ੁਦ ਦੇਖਣਾ ਪਵੇਗਾ ਤਾਂ ਹੀ ਮਨ ਮੰਨਦਾ ਹੈ। ਮਨ ਓਨਾ ਚਿਰ ਤੱਕ ਨਹੀਂ ਮਿਟੇਗਾ, ਜਿੰਨਾ ਚਿਰ ਤੱਕ ਇਹ ਪਰਮਾਤਮਾ ਦੇ ਸਾਹਮਣੇ ਨਹੀਂ ਹੋ ਜਾਂਦਾ। 84 ਲੱਖ ਜੂਨਾਂ ਦੇ ਵਿੱਚੋਂ ਕੇਵਲ ਮਨੁੱਖ ਦੇ ਸਰੀਰ ਅੰਦਰ ਹੀ ਬ੍ਰਹਮ ਅਗਨ ਰੂਪੀ ਅੰਮ੍ਰਿਤ ਮੌਜੂਦ ਹੈ, ਜਿਸ ਨੂੰ ਹਰ ਕੋਈ ਮਨੁੱਖ ਆਪ ਖ਼ੁਦ ਗਤੀਮਾਨ ਕਰ ਸਕਦਾ ਹੈ। ਇਸ ਪ੍ਰਕਾਸ਼ ਦੀ ਮਦਦ ਦੇ ਨਾਲ ਮਨ ਅਤੇ ਆਤਮਾ ਨੂੰ ਅਗਿਆਨ ਤੋਂ ਮੁਕਤ ਕੀਤਾ ਜਾ ਸਕਦਾ ਹੈ। ਆਤਮਾ ਦੀ ਨਿਜ ਘਰ ਤੱਕ ਦੀ ਯਾਤਰਾ ਨੂੰ ਪੂਰਾ ਕਰਨ ਦੇ ਲਈ ਹਰ ਇੱਕ ਮਨੁੱਖ ਨੂੰ ਆਪ ਸਾਧਨਾ ਕਰਨੀ ਪੈਣੀ ਹੈ। ਉਸ ਅੰਮ੍ਰਿਤ ਰੂਪੀ ਝਰਨੇ ਨੂੰ ਪ੍ਰਗਟ ਕਰਨ ਦੇ ਲਈ ਸਾਧਨਾ ਕਿਸ ਤਰ੍ਹਾਂ ਕਰਨੀ ਹੈ, ਧਿਆਨ ਸਿਮਰਨ ਵਾਲੇ ਭਾਗ ਵਿਚ ਦੱਸਿਆ ਗਿਆ ਹੈ। ਸਾਡੇ ਸਰੀਰ ਅੰਦਰ ਜੋ ਜੀਵ ਆਤਮਾ ਹੈ ਇਹ ਪਤਾ ਹੀ ਨਹੀਂ ਕਿੰਨੇ ਕੁ ਜਨਮਾਂ ਤੋਂ ਅਗਿਆਨ ਦੇ ਕਾਰਨ ਭਟਕਦੀ ਆ ਰਹੀ ਹੈ। ਅਗਿਆਨ ਦੇ ਕਾਰਨ ਦੁੱਖਾਂ ਨੂੰ ਭੋਗ ਰਹੀ ਹੈ। ਮਨੁੱਖ ਨੂੰ ਜਿੰਨੇ ਮਰਜ਼ੀ ਸੁਖ ਆਰਾਮ ਮਿਲ ਜਾਣ, ਇਸ ਦੀ ਚਿੰਤਾ ਅਤੇ ਪਰੇਸ਼ਾਨੀ ਸੰਸਾਰੀ ਪਦਾਰਥਾਂ ਨੂੰ ਪ੍ਰਾਪਤ ਕਰਨ ਦੇ ਨਾਲ ਦੂਰ ਨਹੀਂ ਹੋ ਸਕਦੀ। ਪ੍ਰਕਾਸ਼ ਜਦੋਂ ਨਾਭੀ ਚੱਕਰ ਦੀ ਸ਼ੁੱਧੀ ਕਰ ਦੇਂਦਾ ਹੈ, ਉਸ ਤੋਂ ਬਾਅਦ ਹੀ ਮਨੁੱਖ ਨੂੰ ਅਭੈ ਪਦ ਦੀ ਪ੍ਰਾਪਤੀ ਹੁੰਦੀ ਹੈ। ਉਸ ਤੋਂ ਬਾਅਦ ਹੀ ਮਨੁੱਖ ਅਗਲੇ ਚੱਕਰਾਂ ਦੇ ਵਿਚ ਪਰਵੇਸ਼ ਕਰ ਸਕਦਾ ਹੈ। ਜਦੋਂ ਤੁਸੀਂ ਅੱਗੇ ਵਧਦੇ ਜਾਵੋਗੇ ਤਾਂ ਤੁਹਾਨੂੰ ਆਪਣੇ ਆਪ ਪਤਾ ਲੱਗੀ ਜਾਣਾ ਹੈ। ਬਿਨਾਂ ਹਿੰਮਤ ਅਤੇ ਸਾਹਸ ਦੇ ਅੱਗੇ ਵਧਣਾ ਕਿੰਨਾ ਮੁਸ਼ਕਲ ਹੈ। ਸਰੀਰ ਦੇ ਅੰਦਰ ਜਦੋਂ ਪ੍ਰਕਾਸ਼ ਗਤੀ ਕਰਦਾ ਹੈ, ਉਸ ਅਨੁਭਵ ਦੇ ਨਾਲ ਸਰੀਰ ਦਾ ਇੱਕ ਇੱਕ ਰੋਮ ਕੰਬਣ ਲੱਗ ਜਾਂਦਾ ਹੈ ਤਾਂ ਮਨ ਆਤਮਾ ਨੂੰ ਆਪਣੇ ਨਾਲ ਲੈ ਕੇ ਉਸ ਯਾਤਰਾ ’ਤੇ ਨਿਕਲ ਜਾਂਦਾ ਹੈ, ਜਿੱਥੇ ਕੇਵਲ ਹਨੇਰੇ ਦੇ ਨਾਲ ਭਰਿਆ ਰਸਤਾ ਹੈ। ਨਾਭੀ ਚੱਕਰ ਜਾਗਣ ਤੋਂ ਬਿਨਾਂ ਮਨੁੱਖ ਦੀ ਅਰਦਾਸ ਵੀ ਡਰ ਦੇ ਕਾਰਨ ਹੀ ਪੈਦਾ ਹੁੰਦੀ ਹੈ। ਜਦੋਂ ਮਨੁੱਖ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਤੀਰ ਖ਼ਾਲੀ ਚਲੇ ਜਾਂਦੇ ਹਨ ਤਾਂ ਮਨੁੱਖ ਪਰਮਾਤਮਾ ਦਾ ਸਹਾਰਾ ਲੈਣ ਦੇ ਲਈ ਅਰਦਾਸ ਕਰਦਾ ਹੈ। ਨਾਭੀ ਕੇਂਦਰ ਅੰਦਰੋਂ ਹਰ ਦਿਨ ਲੱਖਾਂ ਅਤੇ ਕਰੋੜਾਂ ਪ੍ਰਕਾਸ਼ ਦੇ ਠੰਢੇ ਅਤੇ ਗਰਮ ਕਣ ਪੈਦਾ ਹੋਣ ਤੋਂ ਬਾਅਦ ਤ੍ਰਿਕੁਟੀ ਦੇ ਰਾਹੀਂ ਮਸਤਕ ਦੇ ਵਿਚ ਪਰਵੇਸ਼ ਕਰਨ ਲੱਗ ਜਾਂਦੇ ਹਨ। ਹਿਰਦੇ ਵਾਲੇ ਚੱਕਰ ਦੇ ਵਿਚ ਪ੍ਰਕਾਸ਼ ਪਰਵੇਸ਼ ਕਰਨ ਦੇ ਨਾਲ ਦਿਲ ਅੰਦਰ ਅਸੀਮ

ਪਿਆਰ ਦਾ ਝਰਨਾ ਪੈਦਾ ਹੋ ਜਾਂਦਾ ਹੈ। ਸਾਧਾਰਨ ਤੌਰ 'ਤੇ ਮਨੁੱਖ ਜਿਸ ਕਿਸੇ ਦੇ ਨਾਲ ਵੀ ਆਪਣੇ ਪਿਆਰ ਦਾ ਇਜ਼ਹਾਰ ਕਰਦਾ ਹੈ, ਇਸ ਦੇ ਪਿਆਰ ਪਿੱਛੇ ਘਿਰਣਾ ਛੁਪੀ ਹੁੰਦੀ ਹੈ। ਜਿਸ ਵਖਤ ਵੀ ਕਿਸੇ ਕਾਰਨ ਉਸ ਮਨੁੱਖ ਦੇ ਨਾਲ ਅਣਬਣ ਹੋ ਜਾਵੇਗੀ ਤਾਂ ਇਸ ਦੇ ਪਿਆਰ ਅੰਦਰ ਛੁਪੀ ਘਿਰਣਾ ਨੇ ਸਾਹਮਣੇ ਪ੍ਰਗਟ ਹੋ ਜਾਣਾ ਹੈ। ਅਸਲੀ ਪਿਆਰ ਤਾਂ ਪਹਿਲਾਂ ਪਰਮਾਤਮਾ ਨੂੰ ਕਰਨਾ ਪੈਂਦਾ ਹੈ। ਉਸ ਤੋਂ ਬਾਅਦ ਜੋ ਪਿਆਰ ਸਾਨੂੰ ਪਰਮਾਤਮਾ ਤੋਂ ਮਿਲਦਾ ਹੈ ਉਸ ਪਿਆਰ ਦਾ ਨਿੱਘ ਸਾਡੇ ਆਲੇ-ਦੁਆਲੇ ਰਹਿਣ ਵਾਲੇ ਲੋਕੀਂ ਮਾਣਦੇ ਹਨ। ਇਸ ਪਿਆਰ ਨੂੰ ਕਰਨ ਦੇ ਮਗਰ ਸਾਡੀ ਕੋਈ ਮੰਗ ਨਹੀਂ ਹੁੰਦੀ। ਭਾਵੇਂ ਅਗਲਾ ਮਨੁੱਖ ਸਾਨੂੰ ਪਿਆਰ ਕਰੇ ਜਾਂ ਨਾ ਕਰੇ। ਸਰੀਰ ਦੇ ਅੰਦਰ ਸੁੱਤੀ ਪ੍ਰਾਣ ਸ਼ਕਤੀ ਹੀ ਅਗਿਆਨਤਾ ਨੂੰ ਦੂਰ ਕਰ ਸਕਦੀ ਹੈ। ਕਿਸੇ ਵੀ ਸ਼ਕਤੀ ਦੀ ਵਰਤੋਂ ਸਹੀ ਜਾਂ ਗ਼ਲਤ ਤਰੀਕੇ ਨਾਲ ਕੀਤੀ ਜਾ ਸਕਦੀ ਹੈ। ਸ਼ਕਤੀ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਚੀਜ਼ ਦੀ ਪਹਿਚਾਣ ਵਿਰੋਧੀ ਪਦਾਰਥ ਤੋਂ ਬਿਨਾਂ ਨਹੀਂ ਹੋ ਸਕਦੀ। ਜਿਵੇਂ ਦਿਨ ਦਾ ਪਤਾ ਰਾਤ ਦੇ ਹੋਣ ਕਾਰਨ ਲੱਗਦਾ ਹੈ ਅਤੇ ਚੰਗੇ ਦਾ ਪਤਾ ਬੁਰੇ ਦੇ ਹੋਣ ਕਾਰਨ ਲੱਗਦਾ ਹੈ। ਇਹਨਾਂ ਦੋਨਾਂ ਦੀ ਕੀਮਤ ਇੱਕ ਦੂਜੇ ਦੇ ਹੋਣ ਉੱਪਰ ਹੀ ਨਿਰਭਰ ਕਰਦੀ ਹੈ। ਜੇ ਬੁਰੇ ਨੂੰ ਖ਼ਤਮ ਕਰ ਦਿੱਤਾ ਗਿਆ ਤਾਂ ਚੰਗੇ ਦਾ ਵੀ ਕੋਈ ਮੁੱਲ ਨਹੀਂ ਰਹੇਗਾ। ਜਿਸ ਮਨੁੱਖ ਦੇ ਸਰੀਰ ਅੰਦਰ ਬ੍ਰਹਮ ਨਾਦ ਗੂੰਜਣ ਲੱਗ ਜਾਂਦਾ ਹੈ ਤਾਂ ਉਸ ਨੂੰ ਆਪਣੇ ਮੂੰਹ ਦੇ ਨਾਲ ਜਾਪ ਕਰਨ ਦੀ ਲੋੜ ਨਹੀਂ ਪੈਂਦੀ, ਅਗਲੀ ਯਾਤਰਾ ਇਸ ਨਾਦ ਨੇ ਹੀ ਕਰਨੀ ਹੈ। ਇਹੋ ਨਾਦ ਆਤਮਾ ਅਤੇ ਮਨ ਦੀ ਮੈਲ ਨੂੰ ਉਤਾਰਨ ਦੇ ਵਿਚ ਮਦਦ ਕਰਦਾ ਹੈ। ਪਰਮਾਤਮਾ ਨੇ ਹਰ ਇੱਕ ਵਸਤੂ ਨੂੰ ਗੁਪਤ ਰੂਪ ਵਿਚ ਛੁਪਾ ਕੇ ਰੱਖਿਆ ਹੋਇਆ ਹੈ ਜਿਵੇਂ ਦੁੱਧ ਦੇ ਅੰਦਰ ਮੱਖਣ ਨੂੰ, ਮੱਖਣ ਦੇ ਅੰਦਰ ਘਿਉ ਨੂੰ, ਬਦਾਮ ਦੇ ਸਖ਼ਤ ਛਿਲਕੇ ਅੰਦਰ ਬਦਾਮ ਦੀ ਗਿਰੀ ਨੂੰ ਅਤੇ ਕੋਲੇ ਦੀ ਖ਼ਾਨ ਦੇ ਅੰਦਰ ਹੀਰੇ ਨੂੰ ਪਤਾ ਨਹੀਂ ਕਿੰਨੇ ਹੀ ਅਣਗਿਣਤ ਪਦਾਰਥਾਂ ਹਨ ਜਿਨ੍ਹਾਂ ਨੂੰ ਉਸ ਸ਼ਕਤੀ ਨੇ ਲੁਕਾ ਕੇ ਰੱਖਿਆ ਹੈ, ਤਾਂ ਜੋ ਮਨੁੱਖ ਉਨ੍ਹਾਂ ਦੀ ਖੋਜ ਭਵਿੱਖ ਦੇ ਵਿਚ ਕਰਦਾ ਹੀ ਰਹੇ। ਇਸੇ ਹੀ ਤਰ੍ਹਾਂ ਉਸ ਸ਼ਕਤੀ ਨੇ ਪਰਮ ਅਨੰਦ ਅਤੇ ਮੁਕਤੀ ਦੇਣ ਵਾਲੇ ਪਰਮ ਪ੍ਰਕਾਸ਼ ਨੂੰ ਮਨੁੱਖ ਦੇ ਸਰੀਰ ਅੰਦਰ ਹੀ ਛੁਪਾ ਕੇ ਰੱਖਿਆ ਹੈ, ਜਿਸ ਨੇ ਸਾਰੇ ਰਾਜ਼ ਆਪਣੇ ਆਪ ਹੀ ਖੋਲ੍ਹ ਦੇਣੇ ਹਨ। ਪਾਰਬ੍ਰਹਮ ਦੀ ਹੋਂਦ ਨੂੰ ਮੰਨ ਲੈਣ ਦੇ ਨਾਲ ਜਾਂ ਉਸ ਦੀ ਪੂਜਾ ਕਰਨ ਦੇ ਨਾਲ ਹੀ ਮਨੁੱਖ ਦਾ ਮੇਲ ਉਸ ਸ਼ਕਤੀ ਦੇ ਨਾਲ ਨਹੀਂ ਹੋ ਸਕਦਾ। ਸਾਡੀ ਖੋਜ ਹੀ ਸਾਨੂੰ ਉਸ ਦੇ ਕਰੀਬ ਲੈ ਜਾਵੇਗੀ। ਜਦੋਂ ਸਾਧਕ ਦੇ ਸਰੀਰ ਅੰਦਰ ਪ੍ਰਕਾਸ਼ ਨੇ ਗਤੀ ਕਰਨੀ ਸ਼ੁਰੂ ਕੀਤੀ ਤਾਂ ਉਸ ਸਾਧਕ ਦੇ ਅੰਦਰ ਸਹਿਣਸ਼ੀਲਤਾ ਦੇ ਤੱਤ ਨੇ ਆਉਂਦੇ ਜਾਣਾ ਹੈ। ਉਸ ਦੇ ਅੰਦਰੋਂ ਦ੍ਰਿੜ੍ਹਤਾ ਆਤਮਾ ਵਿਸ਼ਵਾਸ ਵਰਗੀਆਂ ਸ਼ਕਤੀਆਂ ਦਾ ਜਨਮ ਹੋਣ ਲੱਗ ਜਾਵੇਗਾ। ਮਰਦ ਅਤੇ ਔਰਤ ਦੀ ਕਾਮ ਇੰਦਰੀ ਇਹਨਾਂ ਸ਼ਕਤੀਆਂ ਦੇ ਬਹੁਤ ਨਜ਼ਦੀਕ ਹੈ। ਜਦੋਂ ਵੀ ਥੋੜ੍ਹੀ ਬਹੁਤ ਊਰਜਾ ਸ਼ਕਤੀ ਇਸ ਕੇਂਦਰ ਦੇ ਅੰਦਰ ਇਕੱਤਰ ਹੋ ਜਾਂਦੀ ਹੈ ਤਾਂ ਇਹ ਦੋਨੋਂ ਹੀ ਉਸ ਊਰਜਾ ਸ਼ਕਤੀ ਨੂੰ ਆਪਣੇ ਸਰੀਰ ਅੰਦਰੋਂ ਬਾਹਰ ਕੱਢਣ ਦੇ

ਲਈ ਕੋਸ਼ਿਸ਼ ਕਰਨ ਲੱਗ ਜਾਂਦੇ ਹਨ। ਊਰਜਾ ਸ਼ਕਤੀ ਨੂੰ ਸਰੀਰ ਦੇ ਅੰਦਰੋਂ ਬਾਹਰ ਕੱਢਣ ਤੋਂ ਬਾਅਦ ਇਹ ਦੋਨੋਂ ਪਛਤਾਉਂਦੇ ਵੀ ਹਨ। ਇਸ ਸ਼ਕਤੀ ਦਾ ਬਹੁਤ ਵੱਡਾ ਰੋਲ ਹੈ ਅਧਿਆਤਮਕ ਰਸਤੇ ਉੱਪਰ ਗਤੀ ਕਰਨ ਦੇ ਲਈ, ਕਿਉਂਕਿ ਪ੍ਰਾਣ ਪ੍ਰਕਾਸ਼ ਦੀ ਗਤੀ ਨੂੰ ਤੇਜ਼ ਕਰਨ ਦੇ ਲਈ ਬਹੁਤ ਸਾਰੀ ਊਰਜਾ ਸ਼ਕਤੀ ਦੀ ਜ਼ਰੂਰਤ ਪੈਂਦੀ ਹੈ। ਜਦੋਂ ਮਨੁੱਖ ਦੁਖੀ ਜਾਂ ਸੁਖੀ ਹੁੰਦਾ ਹੈ ਤਾਂ ਇਹ ਕਾਮ ਦੇ ਵਿਚ ਗਤੀ ਕਰਦਾ ਹੈ। ਕਾਮ ਕ੍ਰੀੜਾ ਕਰਨ ਦੇ ਨਾਲ ਇਸ ਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ। ਸਰੀਰ ਦੇ ਅੰਦਰ ਇਕੱਤਰ ਹੋਈ ਊਰਜਾ ਸ਼ਕਤੀ ਜਦੋਂ ਕਾਮ ਕ੍ਰੀੜਾ ਦੇ ਰਾਹੀਂ ਸਰੀਰ ਦੇ ਅੰਦਰੋਂ ਬਾਹਰ ਨਿਕਲਣ ਲੱਗਦੀ ਹੈ ਤਾਂ ਮਨ ਕੁੱਝ ਛਿਣਾਂ ਦੇ ਲਈ ਮਨ ਜਾਗ੍ਰਿਤ, ਨਿਰ-ਵਿਚਾਰ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ, ਜਿਸ ਕਾਰਨ ਮਨੁੱਖ ਨੂੰ ਕਾਮ ਕ੍ਰੀੜਾ ਦੇ ਵਿਚ ਅਨੰਦ ਦਾ ਅਨੁਭਵ ਹੁੰਦਾ ਹੈ। ਇਸੇ ਹੀ ਕਾਰਨ ਮਨ ਮਨੁੱਖ ਨੂੰ ਬਾਰ ਬਾਰ ਕਾਮ ਕ੍ਰੀੜਾ ਦੇ ਵਿਚ ਪਰਵੇਸ਼ ਕਰਨ ਦੇ ਲਈ ਮਜਬੂਰ ਕਰਦਾ ਰਹਿੰਦਾ ਹੈ। ਇਕੱਤਰ ਹੋਈ ਕਾਮ ਊਰਜਾ ਜਦੋਂ ਕਾਮ ਇੰਦਰੀ ਦੇ ਉੱਪਰ ਜ਼ੋਰ ਦੇ ਨਾਲ ਚੋਟ ਕਰਦੀ ਹੈ ਤਾਂ ਮਨੁੱਖ ਕਾਮ ਕ੍ਰੀੜਾ ਦੇ ਵਿਚ ਮਿਲਣ ਵਾਲੇ ਅਨੰਦ ਨੂੰ ਪ੍ਰਾਪਤ ਕਰਨ ਦੇ ਲਈ ਕਿਸੇ ਵੀ ਹੱਦ ਨੂੰ ਪਾਰ ਕਰ ਜਾਂਦਾ ਹੈ। ਇਸ ਤਰ੍ਹਾਂ ਦੀਆਂ ਕਹਾਣੀਆਂ ਦੇ ਨਾਲ ਸਾਰਾ ਇਤਿਹਾਸ ਭਰਿਆ ਹੋਇਆ ਹੈ। ਸਾਧਾਰਨ ਮਨੁੱਖ ਦੇ ਸਰੀਰ ਅੰਦਰ ਇਹ ਤਿੰਨੇ ਸ਼ਕਤੀਆਂ ਦਾ ਕੇਵਲ 15% ਹਿੱਸਾ ਹੀ ਜਾਗਰੂਕ ਹੈ। ਮਨ ਨੂੰ ਵਿਚਾਰ ਰਹਿਤ ਕਰਨ ਦੇ ਲਈ ਘੱਟੋ ਘੱਟ 75% ਸ਼ਕਤੀਆਂ ਨੂੰ ਗਤੀਸ਼ੀਲ ਕਰਨ ਦੀ ਲੋੜ ਪੈਂਦੀ ਹੈ। ਇਸ ਤੋਂ ਘੱਟ ਸ਼ਕਤੀ ਦੇ ਨਾਲ ਮਨ ਦੀ ਵਿਚਾਰਾਂ ਵਾਲੀ ਨੀਂਦ ਨਹੀਂ ਟੁੱਟ ਸਕਦੀ। ਤੁਸੀਂ ਦੇਖਿਆ ਹੋਣਾ ਕਿ ਜਿਸ ਮਨੁੱਖ ਦੇ ਸਰੀਰ ਦਾ ਕੋਈ ਵੀ ਅੰਗ ਅਪੰਗ ਹੋ ਜਾਂਦਾ ਹੈ, ਉਸ ਅੰਗ ਦੀ ਸ਼ਕਤੀ ਕਿਸੇ ਹੋਰ ਅੰਗ ਨੂੰ ਚਲੀ ਜਾਂਦੀ ਹੈ। ਜਦੋਂ ਅਸੀਂ ਆਪਣੇ ਸਰੀਰ ਦੇ ਕਿਸੇ ਵੀ ਅੰਗ ਦੀ ਵਰਤੋਂ ਕਰਨੀ ਬੰਦ ਕਰ ਦੇਂਦੇ ਹਾਂ ਤਾਂ ਸਰੀਰ ਦੇ ਉਸ ਅੰਗ ਦੇ ਵੱਲ ਨੂੰ ਜਾਣ ਵਾਲੀ ਪ੍ਰਾਣ ਸ਼ਕਤੀ ਵਾਪਸ ਨਾਭੀ ਕੇਂਦਰ ਵਿਚ ਆ ਜਾਂਦੀ ਹੈ। ਤੁਸੀਂ ਦੇਖੋਗੇ ਧਿਆਨ ਸਿਮਰਨ ਦੇ ਉੱਪਰ ਬੈਠਣ ਨਾਲ ਤੁਹਾਡੇ ਮਨ ਅੰਦਰ ਵਿਚਾਰਾਂ ਦੇ ਆਉਣ ਦੀ ਗਤੀ ਬਹੁਤ ਜ਼ਿਆਦਾ ਤੇਜ਼ ਹੋ ਜਾਂਦੀ ਹੈ। ਇਸ ਦਾ ਕਾਰਨ ਹੈ ਇੰਦਰੀਆਂ ਦੇ ਰਾਹੀਂ ਵਰਤੀ ਜਾਣ ਵਾਲੀ ਪ੍ਰਾਣ ਸ਼ਕਤੀ ਜਦੋਂ ਮੁਕਤ ਹੋਣ ਤੋਂ ਬਾਅਦ ਮਨ ਰੂਪੀ ਇੰਦਰੀ ਦੇ ਵਿਚ ਆ ਗਈ ਹੈ, ਇਸ ਊਰਜਾ ਨੂੰ ਖ਼ਤਮ ਕਰਨ ਦੇ ਲਈ ਮਨ ਅੰਦਰ ਵਿਚਾਰਾਂ ਦੀ ਗਤੀ ਹੋਰ ਜ਼ਿਆਦਾ ਤੇਜ਼ ਹੋ ਜਾਂਦੀ ਹੈ। ਜਦੋਂ ਬਿਜਲੀ ਦੇ ਨਾਲ ਚੱਲਣ ਵਾਲੇ ਉਪਕਰਨ ਨੂੰ ਘੱਟ ਬਿਜਲੀ ਦੀ ਸਪਲਾਈ ਮਿਲਦੀ ਹੈ ਤਾਂ ਇਹ ਉਪਕਰਨ ਆਪਣੇ ਕਾਰਜ ਨੂੰ ਸਹੀ ਤਰੀਕੇ ਨਾਲ ਪੂਰਾ ਨਹੀਂ ਕਰ ਸਕੇਗਾ। ਇਸੇ ਤਰ੍ਹਾਂ ਦੀ ਹਾਲਤ ਸਾਡੇ ਮਸਤਕ ਦੀ ਵੀ ਹੈ। ਜਦੋਂ ਪ੍ਰਾਣ ਪ੍ਰਕਾਸ਼ ਜ਼ਰੂਰਤ ਅਨੁਸਾਰ ਮਸਤਕ ਦੇ ਅੰਦਰ ਪਹੁੰਚਣ ਲੱਗ ਜਾਂਦੇ ਹਨ ਤਾਂ ਮਨੁੱਖ ਦੇ ਜੀਵਨ ਵਿਚ ਬਹਾਰ ਆ ਜਾਂਦੀ ਹੈ। ਸਾਧਨਾ ਦੇ ਰਾਹੀਂ ਪ੍ਰਕਾਸ਼ ਦੀ ਗਤੀ ਨੂੰ ਦੁਬਾਰਾ ਹਾਸਿਲ ਕੀਤਾ ਜਾ ਸਕਦਾ ਹੈ। ਸਰੀਰ ਦੇ ਚੱਕਰਾਂ ਦੇ ਵਿਚ ਪ੍ਰਾਣ ਪ੍ਰਕਾਸ਼ ਪਹੁੰਚਣ ਦੇ ਨਾਲ ਉਨ੍ਹਾਂ ਦੀਆਂ ਆਪੋ-ਆਪਣੀਆਂ ਉਪਲਬਧੀਆਂ ਹਨ। ਜਦੋਂ ਇੜਾ

ਅਤੇ ਪਿੰਗਲਾ ਗਤੀ ਕਰਦੀਆਂ ਹਨ ਤਾਂ ਨਾਭੀ ਤੋਂ ਲੈ ਕੇ ਪੱਸਲੀਆਂ ਤੱਕ ਪ੍ਰਕਾਸ਼ ਦੀ ਜੋਤ ਦਿਨ ਰਾਤ ਜਗਮਗਾਉਣ ਲੱਗ ਜਾਵੇਗੀ। ਸਾਧਨਾ ਦੇ ਵਿਚ ਬੈਠਿਆਂ ਜਦੋਂ ਸਵਾਸ ਦੋਨਾਂ ਨਾਸਕਾਂ ਦੇ ਰਾਹੀਂ ਚੱਲਣ ਲੱਗ ਪੈਣ ਤਾਂ ਤੁਹਾਡੀ ਸੁਰਤੀ ਦਾ ਪਰਵੇਸ਼ ਆਤਮਾ ਮੰਡਲ ਦੇ ਅੰਦਰ ਆਪਣੇ ਆਪ ਹੋ ਜਾਣਾ ਹੈ। ਇਹ ਪ੍ਰਕਾਸ਼ ਸੁਰਤੀ ਨੂੰ ਸਰੀਰ ਮੰਡਲ ਤੋਂ ਵਿਚਾਰ ਮੰਡਲ, ਉਸ ਤੋਂ ਬਾਅਦ ਆਕਾਸ਼ ਮੰਡਲ, ਉਸ ਤੋਂ ਬਾਅਦ ਬ੍ਰਹਮ ਮੰਡਲ ਦੇ ਵਿਚ ਪਰਵੇਸ਼ ਕਰਵਾ ਦੇਵੇਗਾ।

ਬ੍ਰਹਮ ਦਾ ਇਹੋ ਤੱਤ ਅਜੂਨੀ ਹੈ ਜਿਸ ਦੇ ਅੰਦਰ ਆਤਮਾ ਸੁਰਤੀ ਦੇ ਰਾਹੀਂ ਪਹੁੰਚ ਸਕਦੀ ਹੈ। ਇਸ ਤੱਤ ਨੂੰ ਪ੍ਰਾਪਤ ਕਰਨ ਵਾਲੇ ਮਨੁੱਖ ਦਾ ਜੱਸ ਸਾਰੇ ਬ੍ਰਹਿਮੰਡ ਦੇ ਜੱਰੇ ਜੱਰੇ ਵਿਚ ਫੈਲ ਜਾਵੇਗਾ। ਫਿਰ ਪਤਾ ਹੀ ਨਹੀਂ ਕਿੰਨੀਆਂ ਕੁ ਰੂਹਾਂ ਨੇ ਇਸ ਮਨੁੱਖ ਦੇ ਦੁਆਰਾ ਖੋਜੇ ਰਸਤੇ ਦੇ ਰਾਹੀਂ ਮੁਕਤੀ ਨੂੰ ਪ੍ਰਾਪਤ ਕਰ ਲੈਣਾ ਹੈ।

ਜਿੰਨਾ ਚਿਰ ਤੱਕ ਕਿਸੇ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਜਾਂਦੀ, ਓਨਾ ਚਿਰ ਤੱਕ ਕਿਸੇ ਵੀ ਮਨੁੱਖ ਨੂੰ ਇਹ ਪਤਾ ਨਹੀਂ ਲੱਗ ਸਕਦਾ ਕਿ ਧਰਮ ਕੀ ਹੈ ?

ਮਨੁੱਖ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ

ਮਨੁੱਖ ਦੀਆਂ ਇਹ ਤਿੰਨ ਕਿਸਮਾਂ ਹਨ :

ਪਹਿਲੀ ਸ਼੍ਰੇਣੀ

ਇਸ ਵਿਚ ਉਹ ਮਨੁੱਖ ਆਉਂਦੇ ਹਨ ਜੋ ਸੰਸਾਰੀ ਪਦਾਰਥਾਂ ਨੂੰ ਪ੍ਰਾਪਤ ਕਰਨ ਦੇ ਲਈ ਆਪਣੇ ਜੀਵਨ ਦੀ ਸਾਰੀ ਸ਼ਕਤੀ ਨੂੰ ਲਗਾਉਂਦੇ ਹਨ। ਜਿਸ ਕਾਰਨ ਇਨ੍ਹਾਂ ਮਨੁੱਖਾਂ ਦੇ ਕੋਲ ਬਹੁਤ ਸਾਰਾ ਧਨ ਦੌਲਤ ਅਤੇ ਪਦਾਰਥ ਇਕੱਤਰ ਹੋ ਜਾਂਦੇ ਹਨ। ਇਸ ਦੇ ਬਾਵਜੂਦ ਵੀ ਇਨ੍ਹਾਂ ਲੋਕਾਂ ਦਾ ਮਨ ਚਿੰਤਾ ਅਤੇ ਪਰੇਸ਼ਾਨੀਆਂ ਤੋਂ ਮੁਕਤ ਨਹੀਂ ਹੋ ਪਾਉਂਦਾ। ਇਨ੍ਹਾਂ ਦੇ ਕੋਲ ਦੁਨੀਆਂ ਦਾ ਹਰ ਇੱਕ ਪਦਾਰਥ ਤਾਂ ਹੈ ਪਰ ਇਸ ਦੇ ਬਾਵਜੂਦ ਵੀ ਇਹ ਲੋਕ ਪਰਮ ਅਨੰਦ ਅਤੇ ਸ਼ਾਂਤੀ ਤੋਂ ਵੰਚਿਤ ਹੀ ਆਪਣਾ ਸਾਰਾ ਜੀਵਨ ਬਤੀਤ ਕਰਦੇ ਹੋਏ ਇਸ ਸੰਸਾਰ ਤੋਂ ਇੱਕ ਦਿਨ ਚਲੇ ਜਾਂਦੇ ਹਨ।

ਦੂਜੀ ਸ਼੍ਰੇਣੀ

ਇਸ ਸ਼੍ਰੇਣੀ ਵਿਚ ਉਹ ਲੋਕ ਆਉਂਦੇ ਹਨ ਜਿਨ੍ਹਾਂ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਹਨ। ਕਿਸੇ ਹੋਰ ਦੀਆਂ ਅੱਖਾਂ ਦੇ ਰਾਹੀਂ ਪਰਮਾਤਮਾ ਨੂੰ ਦੇਖਣੇ ਦੀ ਆਸ ਲਗਾਈ ਬੈਠੇ ਹਨ। ਇਹ ਲੋਕ ਆਪਣਾ ਸਾਰਾ ਜੀਵਨ ਸਾਧਾਂ ਦੇ ਡੇਰਿਆਂ ਅਤੇ ਧਾਰਮਿਕ ਅਸਥਾਨਾਂ ਦੇ ਉੱਪਰ ਘੁੰਮਦੇ ਹੋਏ ਬਤੀਤ ਕਰਦੇ ਹਨ। ਪਰਮ ਜੀਵਨ ਦੇ ਬਾਰੇ ਕੇਵਲ ਗੱਲਾਂ ਸੁਣੀਆਂ ਹਨ, ਪਰ ਗੱਲਾਂ ਸੁਣਨ ਦੇ ਨਾਲ ਜੀਵਨ ਵਿਚ ਕੋਈ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਨਹੀਂ ਬਣ ਸਕਦੀ। ਜਿਨ੍ਹਾਂ ਬਾਬਿਆਂ ਦੀਆਂ ਤਸਵੀਰਾਂ ਨੂੰ ਇਨ੍ਹਾਂ ਲੋਕਾਂ ਨੇ ਆਪਣੇ ਘਰਾਂ ਦੇ ਵਿਚ ਸਜਾਇਆ ਹੋਇਆ ਸੀ, ਮਰਨ ਤੋਂ ਬਾਅਦ ਉਨ੍ਹਾਂ ਦੁਆਰਾ ਭੇਜੇ ਜਾਣ ਵਾਲੇ ਦੂਤਾਂ ਦੇ ਰਾਹੀਂ ਇਹ ਲੋਕ ਜੀਵਨ ਮੁਕਤ ਹੋਣਾ ਚਾਹੁੰਦੇ ਹਨ। ਇਸ ਝੂਠੀ ਆਸ ਵਿਚ ਇਹ ਲੋਕ ਆਪਣਾ ਸਾਰਾ ਜੀਵਨ ਬਤੀਤ ਕਰਦੇ ਹੋਏ ਇੱਕ ਦਿਨ ਸੰਸਾਰ ਤੋਂ ਖ਼ਾਲੀ ਹੱਥ ਚਲੇ ਜਾਂਦੇ ਹਨ।

ਇੱਕ ਤੀਜੀ ਸ਼੍ਰੇਣੀ ਵੀ ਹੈ

ਇਸ ਸ਼੍ਰੇਣੀ ਵਿਚ ਉਹ ਲੋਕ ਆਉਂਦੇ ਹਨ ਜੋ ਆਪ ਖੋਜ ਕਰਦੇ ਹਨ ਅਤੇ ਆਪਣੇ ਦੁਆਰਾ ਕੀਤੇ ਅਨੁਭਵ ਨੂੰ ਹੀ ਸਵੀਕਾਰ ਕਰਦੇ ਹਨ। ਇਹ ਲੋਕ ਪਰਮਾਤਮਾ ਤੋਂ ਇਲਾਵਾ ਕਿਸੇ ਹੋਰ ਸ਼ਕਤੀ ਨੂੰ ਨਾ ਤਾਂ ਮੰਨਦੇ ਹਨ ਅਤੇ ਨਾ ਹੀ ਕਿਸੇ ਹੋਰ ਸ਼ਕਤੀ ਨੂੰ ਸਵੀਕਾਰ ਕਰਦੇ ਹਨ। ਇਸ ਤਬਕੇ ਵਿਚ ਆਉਣ ਵਾਲੇ ਮਨੁੱਖ ਜਿਉਂਦੇ-ਜੀ ਪਰਮ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਨੂੰ ਆਪ ਅਨੁਭਵ ਕੀਤੇ ਬਿਨਾਂ ਇਸ ਸੰਸਾਰ ਤੋਂ ਜਾਣਾ ਨਹੀਂ ਚਾਹੁੰਦੇ। ਮਰਨ ਤੋਂ ਬਾਅਦ ਮਿਲਣ ਵਾਲੇ ਸਵਰਗ ਦੇ ਲਾਲਚ ਤੋਂ ਆਪਣੇ ਆਪ ਨੂੰ ਦੂਰ ਹੀ ਰੱਖਦੇ ਹਨ। ਆਪ ਧਿਆਨ ਸਿਮਰਨ ਦੀ ਸਾਧਨਾ ਕਰਦੇ ਹਨ। ਹੁਣ ਤੁਸੀਂ ਆਪਣੇ ਆਪ ਨੂੰ ਦੇਖੋਗੇ ਤਾਂ ਪਤਾ ਲੱਗੇਗਾ ਕਿ ਤੁਸੀਂ ਕਿਸ ਸ਼੍ਰੇਣੀ ਵਿਚ ਆਉਂਦੇ ਹੋ!

ਮਨ ਅਤੇ ਵਿਚਾਰ

ਮਨ ਜਦੋਂ ਮਨੁੱਖ ਦੇ ਵੱਸ ਵਿਚ ਆ ਜਾਂਦਾ ਹੈ ਤਾਂ ਇਸ ਨੇ ਸ਼ਾਂਤ ਹੋ ਜਾਣਾ ਹੈ। ਜਦੋਂ ਮਨ ਸ਼ਾਂਤ ਹੋ ਜਾਵੇਗਾ ਤਾਂ ਮਨ ਨੇ ਬ੍ਰਹਮ ਦੇ ਅੰਦਰ ਵਿਲੀਨ ਹੋਣ ਤੋਂ ਬਾਅਦ ਉਸ ਦੇ ਨਾਲ ਇਕਸਾਰ ਹੋ ਜਾਣਾ ਹੈ ਜਿਸ ਵਿਚ ਮਨੁੱਖ ਨੂੰ ਆਤਮ ਗਿਆਨ ਅਤੇ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਬਾਕੀ ਸਾਰਾ ਕੁੱਝ ਕੇਵਲ ਇਸ ਅਵਸਥਾ ਦੀ ਵਿਆਖਿਆ ਹੀ ਹੈ।

ਅਨੰਦ ਅਤੇ ਸ਼ਾਂਤੀ ਦੇ ਨਾਲ ਭਰਿਆ ਜੀਵਨ ਇੱਕ ਕੁਸ਼ਲ ਮਨ ਅਤੇ ਸ਼ਾਂਤ ਆਤਮਾ ਤੋਂ ਬਿਨਾਂ ਅਸੰਭਵ ਹੈ। ਇਸ ਸੰਸਾਰ ਰੂਪੀ ਸਾਗਰ ਤੋਂ ਪਾਰ ਲੰਘ ਜਾਣ ਦੇ ਲਈ ਇੱਕੋ ਇੱਕ ਸਾਧਨ ਹੈ ਆਪਣੇ ਮਨ ਨੂੰ ਸ਼ਾਂਤ ਕਰ ਕੇ ਉਸ ਨੂੰ ਜਿੱਤ ਲੈਣਾ। ਮਨ ਆਤਮਾ ਅਤੇ ਪਰਮਾਤਮਾ ਨੂੰ ਜੋੜਨ ਵਾਲੀ ਇੱਕ ਇੰਦਰੀ ਰੂਪੀ ਯੰਤਰ ਹੈ। ਇਹ ਇੱਕ ਮਸ਼ੀਨ ਤੋਂ ਜ਼ਿਆਦਾ ਨਹੀਂ ਹੈ। ਸਾਧਨਾ ਦੀ ਮਦਦ ਨਾਲ ਵਿਚਾਰਾਂ ਦੇ ਵਿੱਚੋਂ ਜਿਉਂਦੇ-ਜੀ ਨਿਕਲ ਕੇ ਪਰਮਾਤਮਾ ਦੇ ਵਿਚ ਪਰਵੇਸ਼ ਕਰਨਾ ਹੈ। ਜਦੋਂ ਅਸੀਂ ਆਕਾਸ਼ ਵੱਲ ਨੂੰ ਦੇਖਦੇ ਹਾਂ ਤਾਂ ਸਾਨੂੰ ਉਸ ਦੇ ਉੱਪਰ ਬਹੁਤ ਸਾਰੇ ਬੱਦਲ ਨਜ਼ਰ ਆਉਂਦੇ ਹਨ। ਉਨ੍ਹਾਂ ਵਿੱਚੋਂ ਕਈਆਂ ਬੱਦਲਾਂ ਦੇ ਆਕਾਰ ਵੱਡੇ ਹਨ ਅਤੇ ਕਈ ਬੱਦਲਾਂ ਦੇ ਆਕਾਰ ਛੋਟੇ ਹਨ। ਕਿਸੇ ਬੱਦਲ ਦਾ ਰੰਗ ਬਹੁਤ ਗੂੜ੍ਹਾ ਹੈ ਅਤੇ ਕਿਸੇ ਬੱਦਲ ਦਾ ਰੰਗ ਫਿੱਕਾ ਹੈ।

ਇਨ੍ਹਾਂ ਬੱਦਲਾਂ ਤੋਂ ਅੱਗੇ ਜੋ ਅਸਮਾਨ ਹੈ ਜਿਸ ਉੱਪਰ ਬੱਦਲਾਂ ਦਾ ਕੋਈ ਵੀ ਪ੍ਰਭਾਵ ਨਹੀਂ ਪੈਂਦਾ, ਜੋ ਨਾ ਤਾਂ ਸ਼ੁਰੂ ਹੁੰਦਾ ਹੈ ਅਤੇ ਨਾ ਹੀ ਖ਼ਤਮ ਹੁੰਦਾ ਹੈ, ਜੋ ਇੱਕੋ ਸਾਰ ਹੈ ਜੋ ਨਾ ਤਾਂ ਘੱਟ ਹੈ ਅਤੇ ਨਾ ਹੀ ਵੱਧ ਹੈ। ਜਿਸ ਤਰ੍ਹਾਂ ਆਕਾਸ਼ ਉੱਪਰ ਲਗਾਤਾਰ ਬੱਦਲ ਆਪਣੇ ਆਪ ਆ ਜਾ ਰਹੇ ਹਨ, ਇਸੇ ਤਰ੍ਹਾਂ ਦਾ ਇੱਕ ਆਕਾਸ਼ ਸਾਡੇ ਮਨ ਦੇ ਅੰਦਰ ਵੀ ਹੈ ਜਿਸ ਉੱਪਰ ਵੀ ਬਹੁਤ ਸਾਰੇ ਵਿਚਾਰਾਂ ਦੇ ਬੱਦਲ ਆ ਜਾ ਰਹੇ ਹਨ। ਮਨੁੱਖ ਦੀ ਸੁਰਤੀ ਵਿਚਾਰਾਂ ਰੂਪੀ ਬੱਦਲਾਂ ਨੂੰ ਚੇਤਨ ਮਨ ਦੇ ਆਕਾਸ਼ ਉੱਪਰ ਆਉਂਦਿਆਂ ਜਾਂਦਿਆਂ ਨੂੰ ਦੇਖਦੀ ਰਹਿੰਦੀ ਹੈ। ਇਨ੍ਹਾਂ ਵਿਚਾਰਾਂ ਦਾ ਸਬੰਧ ਜ਼ਿਆਦਾਤਰ ਮਨੁੱਖ ਦੇ ਬੀਤੇ ਜੀਵਨ ਵਿਚ ਵਾਪਰ ਚੁੱਕੀਆਂ ਘਟਨਾਵਾਂ ਦੇ ਨਾਲ ਹੁੰਦਾ ਹੈ। ਜਿਨ੍ਹਾਂ ਦਾ ਪ੍ਰਭਾਵ ਮਨੁੱਖ ਦੀ ਜ਼ਿੰਦਗੀ ਉੱਪਰ ਬਹੁਤ ਜ਼ਿਆਦਾ ਪੈ ਗਿਆ ਸੀ, ਬੇਸ਼ੱਕ ਉਨ੍ਹਾਂ ਗੱਲਾਂ ਨੂੰ ਬੀਤਿਆਂ ਕਈ ਸਾਲ ਬੀਤ ਚੁੱਕੇ ਹਨ ਪਰ ਅੱਜ ਵੀ ਉਨ੍ਹਾਂ ਘਟਨਾਵਾਂ ਦੇ ਸਬੰਧੀ ਜੇਕਰ ਕੋਈ ਵਿਚਾਰ ਮਨ ਦੇ ਅੰਦਰ ਆਉਂਦਾ ਹੈ ਤਾਂ ਪੁਰਾਣੇ ਜ਼ਖ਼ਮ ਦੁਬਾਰਾ ਉਸੇ ਤਰ੍ਹਾਂ ਤਾਜ਼ੇ ਹੋ ਜਾਂਦੇ ਹਨ। ਜਦੋਂ ਸੁਰਤੀ ਕਿਸੇ ਵਿਚਾਰ ਰੂਪੀ ਬੱਦਲ ਦੇ ਨਾਲ ਜੁੜ ਜਾਂਦੀ ਹੈ ਤਾਂ ਵਿਚਾਰ ਰੂਪੀ ਬੱਦਲ

ਨੇ ਮਨ ਦੇ ਆਕਾਸ਼ ਉੱਪਰ ਹੋਰ ਜ਼ਿਆਦਾ ਫੈਲਦੇ ਹੀ ਜਾਣਾ ਹੈ। ਇਸ ਆਏ ਵਿਚਾਰ ਨੇ ਕੁੱਝ ਹੀ ਪਲਾਂ ਦੇ ਅੰਦਰ ਚੇਤਨਾ ਦੇ ਆਕਾਸ਼ ਨੂੰ ਆਪਣੇ ਪ੍ਰਭਾਵ ਹੇਠਾਂ ਲੈ ਆਉਣਾ ਹੈ।

ਕੋਈ ਵੀ ਵਿਚਾਰ ਸਾਡੀ ਚੇਤਨਾ ਦੇ ਆਕਾਸ਼ ਉੱਪਰ ਤਦ ਤੱਕ ਨਹੀਂ ਫੈਲ ਸਕਦਾ, ਜਿੰਨਾ ਚਿਰ ਤੱਕ ਕਿਸੇ ਵੀ ਵਿਚਾਰ ਦੇ ਨਾਲ ਸਾਡੀ ਸੁਰਤੀ ਜੁੜ ਨਹੀਂ ਜਾਂਦੀ।

ਇੱਕ ਗਮਲੇ ਦੇ ਵਿਚ ਉੱਗੀ ਵੇਲ ਹਰ ਦਿਨ ਪਾਣੀ ਮਿਲਣ ਦੇ ਕਾਰਨ ਹੀ ਹਰੀ ਭਰੀ ਅਤੇ ਜ਼ਿੰਦਾ ਹੈ। ਜਦੋਂ ਉਸ ਵੇਲ ਨੂੰ ਪਾਣੀ ਨਾ ਮਿਲਿਆ ਤਾਂ ਕੁੱਝ ਹੀ ਦਿਨਾਂ ਦੇ ਵਿਚ ਉਸ ਨੇ ਸੁੱਕ ਜਾਣਾ ਹੈ। ਬਿਲਕੁਲ ਇਸੇ ਹੀ ਤਰ੍ਹਾਂ ਮਨ ਦੇ ਆਕਾਸ਼ ਉੱਪਰ ਵਿਚਾਰਾਂ ਦੇ ਬੱਦਲ ਤਦ ਤੱਕ ਮੌਜੂਦ ਰਹਿੰਦੇ ਹਨ, ਜਿੰਨਾ ਚਿਰ ਤੱਕ ਅਸੀਂ ਉਨ੍ਹਾਂ ਨੂੰ ਆਪਣੇ ਧਿਆਨ ਦੀ ਸ਼ਕਤੀ ਦੇਂਦੇ ਹਾਂ। ਜਦੋਂ ਅਸੀਂ ਵਿਚਾਰਾਂ ਨੂੰ ਧਿਆਨ ਦਾ ਪਾਣੀ ਪਾਉਣੋਂ ਬੰਦ ਕਰ ਦਿੱਤਾ ਤਾਂ ਕੁੱਝ ਹੀ ਦਿਨਾਂ ਦੇ ਅੰਦਰ ਮਨ ਦੇ ਆਕਾਸ਼ ਨੇ ਵਿਚਾਰਾਂ ਰੂਪੀ ਬੱਦਲਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਣਾ ਹੈ। ਮਨ ਜਦੋਂ ਵਿਚਾਰਾਂ ਤੋਂ ਮੁਕਤ ਹੋ ਜਾਂਦਾ ਹੈ ਤਾਂ ਸੁਰਤੀ ਨੇ ਜਾਗ੍ਰਿਤ ਅਵਸਥਾ ਵਿਚ ਗਗਨ ਗੁਫ਼ਾ ਦੇ ਅੰਦਰ ਸਥਿਰ ਹੋ ਜਾਣਾ ਹੈ। ਉਸ ਜਾਗ੍ਰਿਤ ਅਵਸਥਾ ਵਿਚ ਮਨੁੱਖ ਜਿਸ ਸ਼ਕਤੀ ਦੇ ਦਰਸ਼ਨ ਕਰਦਾ ਹੈ, ਉਹ ਹੈ ਪਰਮਾਤਮਾ। ਜਿਸ ਦੇ ਕੇਵਲ ਦਰਸ਼ਨ ਮਾਤਰ ਹੋਣ ਨਾਲ ਜੀਵ ਆਤਮਾ ਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਧਰਮ ਦੀ ਯਾਤਰਾ ਮਨੁੱਖ ਦੇ ਚੱਲਣ ਨਾਲ ਪੂਰੀ ਨਹੀਂ ਹੁੰਦੀ, ਬਲਕਿ ਮਨ ਦੇ ਅੰਦਰ ਚੱਲਣ ਵਾਲੇ ਵਿਚਾਰਾਂ ਦੇ ਰੁਕਣ ਨਾਲ ਸ਼ੁਰੂ ਹੁੰਦੀ ਹੈ। ਜਿਸ ਮਨੁੱਖ ਦਾ ਮਨ ਵਿਚਾਰਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਚੁੱਕਾ ਹੈ, ਉਸ ਮਨੁੱਖ ਦੇ ਲਈ ਇਸ ਦਿਖਾਈ ਦੇਣ ਵਾਲੇ ਸੰਸਾਰ ਨੇ ਵੀ ਮਿਟ ਜਾਣਾ ਹੈ। ਇਸ ਅਵਸਥਾ 'ਤੇ ਪਹੁੰਚਿਆ ਮਨੁੱਖ ਮੁਕਤ ਹੈ। ਕਿਸੇ ਵੀ ਮਨੁੱਖ ਦਾ ਜੀਵਨ ਜਿੰਨਾ ਚਿਰ ਤੱਕ ਉਸ ਦੀ ਮਰਜ਼ੀ ਅਨੁਸਾਰ ਚੱਲਦਾ ਰਹਿੰਦਾ ਹੈ, ਓਨਾ ਚਿਰ ਤੱਕ ਇਸ ਦੇ ਮਨ ਨੇ ਸ਼ਾਂਤ ਰਹਿਣਾ ਹੈ। ਕਈ ਵਾਰ ਮਨੁੱਖ ਨੇ ਚਾਹਿਆ ਤਾਂ ਕੁੱਝ ਹੋਰ ਹੋਇਆ ਸੀ ਪਰ ਹੋਇਆ ਕੁੱਝ ਹੋਰ। ਇਸ ਤਰ੍ਹਾਂ ਦੀ ਘਟਨਾ ਮਨੁੱਖ ਦੇ ਹੰਕਾਰ ਨੂੰ ਠੇਸ ਮਾਰ ਜਾਂਦੀ ਹੈ। ਮਨੁੱਖ ਦੀ ਜ਼ਿੰਦਗੀ ਵਿਚ ਬਹੁਤ ਸਾਰੀਆਂ ਘਟਨਾਵਾਂ ਇਸ ਤਰ੍ਹਾਂ ਦੀਆਂ ਵਾਪਰ ਜਾਂਦੀਆਂ ਹਨ, ਜਿਨ੍ਹਾਂ ਨੂੰ ਮਨੁੱਖ ਦਾ ਮਨ ਕਦੇ ਵੀ ਸਵੀਕਾਰ ਨਹੀਂ ਕਰਦਾ। ਇਸੇ ਤਰ੍ਹਾਂ ਦੀਆਂ ਘਟਨਾਵਾਂ ਨੂੰ ਲੈ ਕੇ ਚੇਤਨਾ ਦੇ ਪਰਦੇ ਉੱਪਰ ਵਿਚਾਰਾਂ ਦੀ ਗਿਣਤੀ ਵਧਦੀ ਹੀ ਜਾਣੀ ਹੈ, ਜਿਨ੍ਹਾਂ ਨੂੰ ਲੈ ਕੇ ਮਨ ਦਿਨ ਰਾਤ ਗਤੀ ਕਰਦਾ ਹੀ ਜਾਵੇਗਾ। ਜਿਸ ਵੀ ਘਟਨਾ ਨੂੰ ਲੈ ਕੇ ਮਨ ਦੇ ਅੰਦਰ ਜ਼ਿਆਦਾ ਵਿਚਾਰ ਚੱਲਣਗੇ, ਖ਼ਾਸ ਕਰਕੇ ਉਨ੍ਹਾਂ ਵਿਚਾਰਾਂ ਦੀਆਂ ਲੀਕਾਂ ਦੇ ਖੱਡੇ ਚੇਤਨ ਮਨ ਦੇ ਅੰਦਰ ਬਣਦੇ ਜਾਣੇ ਹਨ। ਜਦੋਂ ਵੀ ਸੁਰਤੀ ਦੇ ਅੱਗੇ ਕਿਸੇ ਵੀ ਵਿਚਾਰ ਦਾ ਖੱਡਾ ਆ ਜਾਵੇਗਾ, ਇਸ ਨੇ ਉਸ ਵਿਚਾਰ ਰੂਪੀ ਖੱਡੇ ਦੇ ਵਿਚ ਡਿੱਗ ਜਾਣਾ ਹੈ। ਉਸ ਤੋਂ ਬਾਅਦ ਸੁਰਤੀ ਆਪਣੇ ਆਪ ਇਸ ਵਿਚਾਰ ਦੇ ਵਿੱਚੋਂ ਬਾਹਰ ਨਹੀਂ ਨਿਕਲ ਸਕਦੀ। ਜਿਸ ਤਰ੍ਹਾਂ ਦਲਦਲ ਵਿਚ ਡਿੱਗਿਆ ਜਾਨਵਰ

ਹਿੱਲਣ ਕਾਰਨ ਹੋਰ ਜ਼ਿਆਦਾ ਦਲਦਲ ਦੇ ਅੰਦਰ ਧੱਸਦਾ ਹੀ ਜਾਂਦਾ ਹੈ, ਬਿਲਕੁਲ ਇਸੇ ਹੀ ਤਰ੍ਹਾਂ ਸਾਡੀ ਸੁਰਤੀ ਵਿਚਾਰ ਰੂਪੀ ਦਲਦਲ ਦੇ ਹੋਰ ਗਹਿਰੇ ਤਲਾਂ ਦੇ ਵਿਚ ਖੁੱਭਦੀ ਹੀ ਜਾਂਦੀ ਹੈ, ਭਾਵ ਕਿ ਮਨ ਨੇ ਉਸੇ ਹੀ ਗੱਲ ਨੂੰ ਲੈ ਕੇ ਕਈ ਹੋਰ ਨਵੇਂ ਵਿਚਾਰਾਂ ਦੇ ਜਾਲ ਉਣੀਂ ਜਾਣੇ ਹਨ। ਤੁਸੀਂ ਚੇਤਨਾ ਦੇ ਆਕਾਸ਼ ਉੱਪਰ ਆਏ ਵਿਚਾਰ ਨੂੰ ਕੇਵਲ ਦੇਖਣਾ ਹੈ।

ਆਇਆ ਵਿਚਾਰ ਇੱਕ ਚੋਰ ਹੈ, ਜਿਸ ਨੇ ਧਿਆਨ ਰੂਪੀ ਅੰਮ੍ਰਿਤ ਨੂੰ ਚੋਰੀ ਕਰਨ ਦੀ ਕੋਸ਼ਿਸ਼ ਕਰਨੀ ਹੈ। ਆਪ ਸੋਚ ਵਿਚਾਰ ਕਰਨੀ ਅਤੇ ਮਨ ਦੇ ਅੰਦਰ ਆਪਣੇ ਆਪ ਵਿਚਾਰ ਚੱਲਣੇ ਦੋਨਾਂ ਦੇ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ।

ਮਨੁੱਖ ਦੀ ਸੋਚ ਦਾ ਪ੍ਰਭਾਵ ਉਸ ਦੇ ਜੀਵਨ ਉੱਪਰ ਪੈਂਦਾ ਹੈ। ਜੇਕਰ ਮਨੁੱਖ ਦੀ ਸੋਚ ਚੰਗੀ ਹੈ ਤਾਂ ਉਸ ਦਾ ਜੀਵਨ ਆਪਣੇ ਆਪ ਚੰਗਾ ਹੋ ਜਾਵੇਗਾ। ਜੇਕਰ ਮਨੁੱਖ ਦੀ ਸੋਚ ਬੁਰੀ ਹੈ ਤਾਂ ਉਸ ਮਨੁੱਖ ਦੇ ਜੀਵਨ ਵਿਚ ਬੁਰਾਈ ਨੇ ਆਪਣੇ ਆਪ ਆ ਜਾਣਾ ਹੈ। ਸੋਚ ਦੇ ਨਾਲ ਹੀ ਮਨੁੱਖ ਦਾ ਵਿਅਕਤੀਤਵ ਬਣਦਾ ਅਤੇ ਵਿਗੜਦਾ ਹੈ। ਜਿਸ ਤਰ੍ਹਾਂ ਦਾ ਕੋਈ ਮਨੁੱਖ ਸੋਚਦਾ ਹੈ, ਉਸ ਦੇ ਮਨ ਅੰਦਰ ਵਾਲੇ ਸੰਸਾਰ ਨੇ ਵੀ ਉਸੇ ਹੀ ਤਰ੍ਹਾਂ ਦਾ ਰੂਪ ਲੈ ਲੈਣਾ ਹੈ। ਸੋਚ ਦੇ ਬਦਲਣ ਨਾਲ ਮਨੁੱਖ ਦਾ ਜੀਵਨ ਵੀ ਆਪਣੇ ਆਪ ਬਦਲ ਜਾਂਦਾ ਹੈ।

ਧਿਆਨ ਸਿਮਰਨ ਦੇ ਵਿਚ ਜਦੋਂ ਕੋਈ ਵਿਚਾਰ ਬਾਰ ਬਾਰ ਆਵੇ ਤਾਂ ਤੁਸੀਂ ਉਸ ਵਿਚਾਰ ਨੂੰ ਕੇਵਲ ਦੇਖਣਾ ਹੈ। ਉਸ ਤੋਂ ਭੱਜਣ ਦੀ ਕੋਸ਼ਿਸ਼ ਨਹੀਂ ਕਰਨੀ ਤਾਂ ਹੀ ਕਿਸੇ ਵਿਚਾਰ ਤੋਂ ਮੁਕਤੀ ਮਿਲ ਸਕਦੀ ਹੈ। ਵਿਚਾਰ ਚਾਹੇ ਚੰਗੇ ਹੋਣ ਜਾਂ ਬੁਰੇ, ਵਿਚਾਰ ਤਾਂ ਵਿਚਾਰ ਹੀ ਹੁੰਦੇ ਹਨ, ਵਿਚਾਰਾਂ ਤੋਂ ਮੁਕਤ ਮਨ ਆਪਣੇ ਆਪ ਹੀ ਪਾਰਬ੍ਰਹਮ ਦਾ ਰੂਪ ਹੋ ਜਾਂਦਾ ਹੈ। ਵਿਚਾਰ ਪਹਿਲਾਂ ਅਚੇਤ ਮਨ ਦੇ ਅੰਦਰ ਪੈਦਾ ਹੋਣ ਤੋਂ ਬਾਅਦ ਚੇਤਨ ਮਨ ਦੇ ਪਰਦੇ ਉੱਪਰ ਪ੍ਰਗਟ ਹੋਈ ਜਾਂਦੇ ਹਨ। ਇਨ੍ਹਾਂ ਵਿਚਾਰਾਂ ਦਾ ਸਬੰਧ ਮਨੁੱਖ ਦੇ ਬੀਤੇ ਜੀਵਨ ਅੰਦਰ ਵਾਪਰੀਆਂ ਘਟਨਾਵਾਂ ਦੇ ਨਾਲ ਹੁੰਦਾ ਹੈ। ਜਦੋਂ ਤੁਸੀਂ ਆਪਣੀ ਸੁਰਤੀ ਨੂੰ ਕਿਸੇ ਇੱਕ ਵੀ ਵਿਚਾਰ ਦੇ ਵਿਚ ਜਾਣ ਤੋਂ ਰੋਕ ਲਿਆ, ਤਾਂ ਇਸ ਦੇ ਨਾਲ ਤੁਹਾਡੇ ਮਨ ਨੂੰ ਸ਼ਕਤੀ ਪ੍ਰਾਪਤ ਹੋ ਜਾਵੇਗੀ। ਕੋਈ ਵੀ ਵਿਚਾਰ ਜਦੋਂ ਚੇਤਨਾ ਦੇ ਆਕਾਸ਼ ਉੱਪਰ ਆਉਂਦਾ ਹੈ ਤਾਂ ਸ਼ੁਰੂ ਸ਼ੁਰੂ ਵਿਚ ਆਇਆ ਵਿਚਾਰ ਬਹੁਤ ਕਮਜ਼ੋਰ ਅਤੇ ਸ਼ਕਤੀਹੀਨ ਹੁੰਦਾ ਹੈ।

ਜਿਸ ਨੇ ਕੁੱਝ ਛਿਣਾਂ ਦੇ ਵਿਚ ਆ ਕੇ ਚਲੇ ਜਾਣਾ ਹੈ, ਜਦੋਂ ਅਸੀਂ ਆਪਣੀ ਸੁਰਤੀ ਨੂੰ ਆਏ ਵਿਚਾਰ ਦੇ ਨਾਲ ਜੋੜ ਦੇਂਦੇ ਹਾਂ ਤਾਂ ਉਸ ਤੋਂ ਬਾਅਦ ਹੀ ਇਸ ਵਿਚਾਰ ਨੇ ਚੇਤਨਾ ਦੇ ਆਕਾਸ਼ ਨੂੰ ਆਪਣੇ ਪ੍ਰਭਾਵ ਵਿਚ ਕੈਦ ਕਰ ਸਕਣਾ ਹੈ। ਸਾਧਨਾ ਵਿਚ ਬੈਠਿਆਂ ਜਦੋਂ ਤੁਸੀਂ ਆਪਣੀ ਸੁਰਤੀ ਨੂੰ ਆਏ ਵਿਚਾਰ ਤੋਂ ਅਲੱਗ ਕਰ ਲਿਆ ਤਾਂ ਆਇਆ ਵਿਚਾਰ ਚੇਤਨਾ ਦੇ ਪਰਦੇ ਉੱਪਰ ਜ਼ਿਆਦਾ ਚਿਰ ਨਹੀਂ ਟਿਕ ਸਕੇਗਾ। ਸਾਡੀ ਚੇਤਨਾ ਦਾ ਆਕਾਸ਼ ਇੱਕ ਗਰਮ ਤਵੇ ਦੇ ਵਾਂਗੂੰ ਹੈ। ਵਿਚਾਰ ਇੱਕ ਪਾਣੀ ਦੀ ਬੂੰਦ ਵਾਂਗੂੰ ਜਦੋਂ ਇਸ ਦੇ ਉੱਪਰ ਡਿੱਗਦਾ ਹੈ ਤਾਂ ਇਸ ਨੇ ਕੁੱਝ ਹੀ ਛਿਣਾਂ ਦੇ ਅੰਦਰ ਭਾਫ਼ ਬਣ ਕੇ ਉੱਡ ਜਾਣਾ ਹੈ। ਵਿਚਾਰਾਂ ਤੋਂ ਮੇਰਾ ਭਾਵ

ਉਨ੍ਹਾਂ ਵਿਚਾਰਾਂ ਤੋਂ ਹੈ ਜਿਨ੍ਹਾਂ ਦੇ ਆਉਣ ਨਾਲ ਮਨੁੱਖ ਦੁਖੀ ਅਤੇ ਪਰੇਸ਼ਾਨ ਹੋ ਜਾਂਦਾ ਹੈ। ਤੁਸੀਂ ਕੁੱਝ ਪਲਾਂ ਦੇ ਲਈ ਸੁਚੇਤ ਹੋ ਜਾਣਾ ਹੈ, ਜਿਸ ਦੇ ਨਾਲ ਆਏ ਵਿਚਾਰ ਸੁੱਕੇ ਪੱਤੇ ਦੇ ਵਾਂਗੂੰ ਮਨ ਦੇ ਪਰਦੇ ਤੋਂ ਆਪਣੇ ਆਪ ਅਲੱਗ ਹੋ ਜਾਣਾ ਹੈ। ਤੁਹਾਨੂੰ ਪਤਾ ਵੀ ਨਹੀਂ ਲੱਗਣਾ ਕਿ ਆਇਆ ਵਿਚਾਰ ਕਦੋਂ ਮਨ ਦੇ ਪਰਦੇ ਤੋਂ ਗੁੰਮ ਹੋ ਗਿਆ ਹੈ। ਜਿੰਨਾ ਚਿਰ ਤੱਕ ਕਿਸੇ ਵਿਚਾਰ ਦੇ ਨਾਲ ਅਸੀਂ ਆਪਣੀ ਸੁਰਤੀ ਨੂੰ ਜੋੜਦੇ ਨਹੀਂ, ਓਨਾ ਚਿਰ ਤੱਕ ਵਿਚਾਰ ਸ਼ਕਤੀਹੀਣ ਰਹਿੰਦਾ ਹੈ। ਜਦੋਂ ਤੁਸੀਂ ਸਾਧਨਾ ਕਰਨੀ ਸ਼ੁਰੂ ਕਰਦੇ ਹੋ ਤਾਂ ਤੁਹਾਡੇ ਮਨ ਅੰਦਰ ਜੋ ਕੁੱਝ ਆਪਣੇ ਆਪ ਚੱਲ ਰਿਹਾ ਸੀ, ਉਸ ਦੇ ਬਾਰੇ ਤੁਹਾਨੂੰ ਪਤਾ ਲੱਗਣਾ ਸ਼ੁਰੂ ਹੋ ਜਾਵੇਗਾ। ਤੁਹਾਡੇ ਮਨ ਦੇ ਅੰਦਰ ਜੋ ਵਿਚਾਰਾਂ ਦਾ ਜਗਤ ਸੀ, ਉਸ ਨੇ ਖੁੱਲ੍ਹ ਕੇ ਤੁਹਾਡੇ ਸਾਹਮਣੇ ਆਉਂਦੇ ਜਾਣਾ ਹੈ। ਧਿਆਨ ਸਿਮਰਨ ਦੀ ਸਾਧਨਾ ਦੇ ਵਿਚ ਚੇਤਨ ਮਨ ਇੱਕ ਪੈਨਸਿਲ ਰਬੜ ਦੇ ਵਾਂਗੂੰ ਕਾਰਜ ਕਰਦਾ ਹੈ। ਇਸ ਨੇ ਅਚੇਤ ਮਨ ਦੇ ਅੰਦਰ ਬੀਤੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਦੀਆਂ ਲੀਕਾਂ ਦੇ ਖੱਡਿਆਂ ਨੂੰ ਮਿਟਾਉਂਦੇ ਹੀ ਜਾਣਾ ਹੈ। ਹੌਲੀ ਹੌਲੀ ਕਰਕੇ ਮਨ ਉਸ ਅਵਸਥਾ ਵਿਚ ਚਲਾ ਜਾਵੇਗਾ, ਜਿਸ ਨੂੰ ਲੈ ਕੇ ਆਤਮਾ ਦਾ ਪਹਿਲੀ ਵਾਰ ਜਨਮ ਹੋਇਆ ਸੀ। ਇਸ ਅਵਸਥਾ ਵਿਚ ਸੁਰਤੀ ਪਰਵੇਸ਼ ਕਰਨ ਦੇ ਨਾਲ ਮਨੁੱਖ ਦਾ ਦੁਬਾਰਾ ਨਵਾਂ ਜਨਮ ਹੋ ਜਾਂਦਾ ਹੈ। ਇੱਕ ਨਵਾਂ ਸਰੀਰ, ਇੱਕ ਨਵਾਂ ਮਨ, ਇੱਕ ਨਵੀਂ ਆਤਮਾ ਸਭ ਕੁੱਝ ਬਦਲ ਜਾਵੇਗਾ। ਇਸ ਸਾਧਨਾ ਨੂੰ ਕਰਨ ਦੇ ਨਾਲ ਤੁਹਾਡੀ ਸਿਮਰਤੀ ਦੇ ਵਿਚ ਕੋਈ ਬਦਲਾਉ ਨਹੀਂ ਹੋਵੇਗਾ। ਬੀਤੇ ਜੀਵਨ ਦੀਆਂ ਸਾਰੀਆਂ ਸਿਮਰਤੀਆਂ ਉਸੇ ਹੀ ਤਰ੍ਹਾਂ ਤੁਹਾਡੇ ਮਸਤਕ ਦੇ ਅੰਦਰ ਮੌਜੂਦ ਰਹਿਣਗੀਆਂ। ਐਨਾ ਬਦਲਾਉ ਜ਼ਰੂਰ ਹੋ ਜਾਣਾ ਹੈ ਜੋ ਵਿਚਾਰ ਚੇਤਨ ਮਨ ਦੇ ਪਰਦੇ ਉੱਪਰ ਆਪਣੇ ਆਪ ਪ੍ਰਗਟ ਹੋਈ ਜਾ ਰਹੇ ਸਨ, ਉਹ ਚੇਤਨ ਮਨ ਦੇ ਆਕਾਸ਼ ਉੱਪਰ ਆਉਣੋਂ ਬੰਦ ਹੋ ਜਾਣੇ ਹਨ। ਜਦੋਂ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਕੇ ਵਰਤਮਾਨ ਕਾਲ ਦੇ ਵਿਚ ਸਥਿਰ ਹੋ ਜਾਂਦੀ ਹੈ ਤਾਂ ਚੇਤਨ ਮਨ ਦੇ ਅੰਦਰ ਬਣ ਚੁੱਕੀਆਂ ਲੀਕਾਂ ਆਪਣੇ ਆਪ ਮਿਟਣੀਆਂ ਸ਼ੁਰੂ ਹੋ ਜਾਂਦੀਆਂ ਹਨ। ਪਹਿਲਾਂ ਤੁਸੀਂ ਆਪਣੀ ਸੁਰਤੀ ਨੂੰ ਸਭ ਤੋਂ ਜ਼ਿਆਦਾ ਚੱਲਣ ਵਾਲੇ ਵਿਚਾਰਾਂ ਤੋਂ ਮੁਕਤ ਕਰਦੇ ਜਾਣਾ ਹੈ। ਜਿਸ ਤਰ੍ਹਾਂ ਕਾਗ਼ਜ਼ ਦੇ ਉੱਪਰ ਪੈਨਸਿਲ ਦੀਆਂ ਲੀਕਾਂ ਨੂੰ ਮਿਟਾਉਣ ਦੇ ਵਿਚ ਪੈਨਸਿਲ ਰਬੜ ਆਪ ਵੀ ਘਿਸਦੀ ਜਾਂਦੀ ਹੈ, ਬਿਲਕੁਲ ਇਸੇ ਹੀ ਤਰ੍ਹਾਂ ਵਿਚਾਰਾਂ ਨੂੰ ਖ਼ਤਮ ਕਰਨ ਦੇ ਵਿਚ ਮਨ ਨੇ ਆਪ ਵੀ ਮਿਟਦੇ ਜਾਣਾ ਹੈ। ਮਨੁੱਖ ਦੇ ਮਨ ਅੰਦਰ ਜ਼ਿੰਦਗੀ ਦੇ ਵਿਚ ਵਾਪਰੀਆਂ ਘਟਨਾਵਾਂ ਦੀਆਂ ਸਿਮਰਤੀਆਂ ਉਮਰ ਦੇ ਵਧਣ ਨਾਲ ਵਧਦੀਆਂ ਜਾਂਦੀਆਂ ਹਨ। ਚੇਤਨ ਮਨ ਅਤੇ ਅਚੇਤ ਮਨ ਦੇ ਵਿਚਕਾਰ ਅਰਥ ਚੇਤਨ ਮਨ ਰੂਪੀ ਦੀਵਾਰ ਹੈ, ਜਿਸ ਵਿਚ ਕਈ ਸੁਰਾਖ਼ ਹਨ, ਜਿਨ੍ਹਾਂ ਸੁਰਾਖ਼ਾਂ ਨੂੰ ਇੜਾ, ਪਿੰਗਲਾ ਅਤੇ ਸੁਖਮਨਾ ਦੇ ਪ੍ਰਕਾਸ਼ ਨੇ ਬੰਦ ਕਰ ਦੇਣਾ ਹੈ। ਉਸ ਤੋਂ ਬਾਅਦ ਵਿਚਾਰਾਂ ਦੇ ਬੱਦਲ ਆਪਣੇ ਆਪ ਚੇਤਨ ਮਨ ਦੇ ਅੰਦਰ ਪਰਵੇਸ਼ ਨਹੀਂ ਕਰ ਸਕਣਗੇ। ਇੱਕ ਵਾਰ ਕੀਤੇ ਗਏ ਕਰਮ ਨੂੰ ਬਦਲਿਆ ਨਹੀਂ ਜਾ ਸਕਦਾ। ਕੀਤਾ ਗਿਆ ਕਰਮ ਸਦਾ ਦੇ ਲਈ ਭੂਤਕਾਲ ਦੇ ਵਿਚ ਚਲਾ

ਜਾਂਦਾ ਹੈ। ਜੀਵਨ ਦੇ ਵਿਚ ਜੋ ਕੁੱਝ ਵੀ ਹੋ ਚੁੱਕਿਆ ਹੈ, ਉਸ ਨੂੰ ਜਾਣ ਦੇਵੋ, ਹੁਣ ਕੁੱਝ ਵੀ ਨਹੀਂ ਕੀਤਾ ਜਾ ਸਕਦਾ। ਸਾਡਾ ਭੂਤ ਕਾਲ ਜਾਣਾ ਚਾਹੁੰਦਾ ਹੈ ਉਸ ਨੂੰ ਜਾਣ ਦੇਵੋ। ਸਾਧਨਾ ਦੇ ਵਿਚ ਚੇਤਨ ਮਨ ਜਿਸ ਵੀ ਵਿਚਾਰ ਰੂਪੀ ਲਕੀਰ ਨੂੰ ਇੱਕ ਵਾਰ ਮਿਟਾ ਲੈਂਦਾ ਹੈ, ਉਸ ਵਿਚਾਰ ਨੇ ਰੁੱਖ ਦੇ ਨਾਲੋਂ ਟੁੱਟੇ ਪੱਤੇ ਵਾਂਗੂੰ ਸ਼ਕਤੀਹੀਣ ਹੋ ਜਾਣਾ ਹੈ।

ਭਵਿੱਖ ਦੇ ਵਿਚ ਜੇਕਰ ਇਹ ਵਿਚਾਰ ਦੁਬਾਰਾ ਚੇਤਨਾ ਦੇ ਪਰਦੇ ਉੱਪਰ ਪ੍ਰਗਟ ਵੀ ਹੋ ਜਾਂਦਾ ਹੈ ਤਾਂ ਵੀ ਇਹ ਵਿਚਾਰ ਸੁਰਤੀ ਨੂੰ ਦੁਬਾਰਾ ਆਪਣੇ ਨਾਲ ਬੰਨ੍ਹ ਕੇ ਨਹੀਂ ਰੱਖ ਸਕਦਾ। ਮਨੁੱਖ ਦੇ ਮਨ ਰੂਪੀ ਰੱਥ ਦੇ ਅੱਗੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਪੰਜ ਘੋੜੇ ਜੁੱਤੇ ਹਨ। ਧਿਆਨ ਸਿਮਰਨ ਦੀ ਸਾਧਨਾ ਕਰਨ ਨਾਲ ਮਨ ਇਨ੍ਹਾਂ ਪੰਜਾਂ ਘੋੜਿਆਂ ਨੂੰ ਮਨੁੱਖ ਦੇ ਅਧੀਨ ਲੈ ਆਉਂਦਾ ਹੈ। ਇੱਕ ਦਿਨ ਇਨ੍ਹਾਂ ਪੰਜੇ ਘੋੜਿਆਂ ਦਾ ਪੂਰਾ ਕੰਟਰੋਲ ਤੁਹਾਡੇ ਆਪਣੇ ਹੱਥਾਂ ਦੇ ਵਿਚ ਆ ਜਾਵੇਗਾ। ਉਸ ਤੋਂ ਬਾਅਦ ਤੁਹਾਡੀ ਮਰਜ਼ੀ ਤੋਂ ਬਿਨਾਂ ਇਨ੍ਹਾਂ ਦੇ ਵਿੱਚੋਂ ਕੋਈ ਵੀ ਗਤੀ ਨਹੀਂ ਕਰ ਸਕੇਗਾ। ਜਿੰਨਾ ਚਿਰ ਤੱਕ ਸੁਰਤੀ ਦਾ ਪਰਵੇਸ਼ ਸਹਿਜ ਮੰਡਲ ਦੇ ਵਿਚ ਨਹੀਂ ਹੋ ਜਾਂਦਾ, ਤਦ ਤੱਕ ਸਾਧਨਾ ਕਰਦੇ ਹੀ ਜਾਣਾ ਹੈ। ਜਦੋਂ ਸੁਰਤੀ ਵਿਚਾਰਾਂ ਦੇ ਮੰਡਲ ਨੂੰ ਪਾਰ ਕਰ ਕੇ ਸਹਿਜ ਮੰਡਲ ਦੇ ਵਿਚ ਸਥਿਰ ਹੋ ਜਾਵੇਗੀ ਤਾਂ ਪਰਮ ਅਵਸਥਾ ਮਨੁੱਖ ਨੂੰ ਆਪਣੇ ਆਪ ਪ੍ਰਾਪਤ ਹੋ ਜਾਣੀ ਜਾਂ ਹੋ ਜਾਂਦੀ ਹੈ। ਕਾਰਨ ਸਰੀਰ ਦੇ ਅੰਦਰੋਂ ਕਰਮਾਂ ਦੇ ਸੰਸਕਾਰ ਪੂਰੀ ਤਰ੍ਹਾਂ ਨਸ਼ਟ ਹੋਣ ਤੋਂ ਬਾਅਦ ਸੁਰਤੀ ਦਾ ਪਰਵੇਸ਼ ਸਹਿਜ ਅਵਸਥਾ ਵਿਚ ਹੋ ਜਾਂਦਾ ਹੈ। ਇਸ ਤੋਂ ਬਾਅਦ ਜੀਵ ਆਤਮਾ ਪ੍ਰਕਿਰਤੀ ਦੇ ਬੰਧਨਾਂ ਤੋਂ ਮੁਕਤ ਹੋ ਸਕਦੀ ਹੈ। ਜਿਸ ਮਨੁੱਖ ਦਾ ਮਨ ਸ਼ਾਂਤ ਹੋ ਜਾਵੇਗਾ, ਉਸ ਮਨੁੱਖ ਦੇ ਅੱਗੇ ਸਾਰੇ ਅਸਤਿਤਵ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਣ ਕਰ ਦੇਣਾ ਹੈ।

ਹਰ ਦਿਨ ਸਾਧਨਾ ਕਰਨ ਨਾਲ ਮਨ ਨੇ ਆਪਣੇ ਅਸਲੀ ਸਰੂਪ ਦੇ ਵਿਚ ਵਾਪਸ ਪਰਤਦੇ ਆਉਣਾ ਹੈ। ਜਦੋਂ ਮਨੁੱਖ ਦਾ ਮਨ ਇੱਕ ਵਾਰੀ ਵਿਚਾਰਾਂ ਤੋਂ ਮੁਕਤ ਅਵਸਥਾ ਨੂੰ ਅਨੁਭਵ ਕਰ ਲੈਂਦਾ ਹੈ, ਉਸ ਤੋਂ ਬਾਅਦ ਸਭ ਕੁੱਝ ਆਪਣੇ ਆਪ ਹੋਣ ਲੱਗ ਜਾਵੇਗਾ। ਇੱਕ ਦਿਨ ਉਹ ਪਰਮ ਘੜੀ ਆ ਜਾਵੇਗੀ, ਜਦੋਂ ਤੁਸੀਂ ਉਸ ਮੰਜ਼ਲ 'ਤੇ ਪਹੁੰਚ ਜਾਵੋਗੇ, ਜਿਸ ਨੂੰ ਪ੍ਰਾਪਤ ਕਰਨ ਦੇ ਲਈ ਜੀਵ ਆਤਮਾ ਨੂੰ ਮਨੁੱਖਾ ਸਰੀਰ ਮਿਲਦਾ ਸੀ।

ਜੋ ਵੀ ਸਾਧਕ ਵਿਧੀ ਦੇ ਅਨੁਸਾਰ ਲਗਾਤਾਰ ਧਿਆਨ ਸਿਮਰਨ ਕਰਦਾ ਰਹੇਗਾ, ਇਕ ਸਮਾਂ ਐਸਾ ਆ ਜਾਵੇਗਾ ਜਦੋਂ ਆਤਮਾ ਦੀ ਦੁਰਮਤ ਪੂਰੀ ਤਰ੍ਹਾਂ ਦੂਰ ਹੋ ਜਾਣੀ ਹੈ। ਉਸ ਤੋਂ ਬਾਅਦ ਮਨ ਨੇ ਆਪਣੇ ਆਪ ਹੀ ਆਤਮਾ ਦੇ ਅੰਦਰ ਵਿਲੀਨ ਹੋ ਜਾਣਾ ਹੈ। ਉਸ ਅਵਸਥਾ ਵਿਚ ਸੁਰਤੀ ਭੂਤ ਕਾਲ ਅਤੇ ਭਵਿੱਖਤ ਕਾਲ ਦੇ ਵਿਚਾਰਾਂ ਤੋਂ ਮੁਕਤ ਹੋਣ ਤੋਂ ਬਾਅਦ ਵਰਤਮਾਨ ਕਾਲ ਨਿਰ-ਵਿਚਾਰ ਅਵਸਥਾ ਵਿਚ ਆ ਕੇ ਸਥਿਰ ਹੋ ਜਾਵੇਗੀ। ਉਸ ਅਵਸਥਾ ਵਿਚ ਬ੍ਰਹਿਮੰਡ ਦੇ ਅੰਦਰ ਮੌਜੂਦ ਪਰਮ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਨੂੰ ਤੁਸੀਂ ਆਪ ਅਨੁਭਵ ਕਰ ਲਵੋਂਗੇ।

ਜਿਵੇਂ ਜਿਵੇਂ ਮਨੁੱਖ ਦੇ ਮਨ ਨੂੰ ਵਾਸ਼ਨਾਵਾਂ ਨਾਲ ਲਿੱਬੜੇ ਵਿਚਾਰਾਂ ਤੋਂ ਮੁਕਤੀ ਮਿਲਦੀ ਗਈ ਤਾਂ ਉਸ ਦੀ ਸੁਰਤੀ ਨੇ ਇਸ ਦਿਸ਼ਾ ਵੱਲ ਗਤੀ ਸ਼ੁਰੂ ਕਰ ਦੇਣੀ ਹੈ। ਇਸ ਅਵਸਥਾ ਵਿਚ ਦ੍ਰਿਸ਼ਟਾ ਜੋ ਦੇਖ ਰਿਹਾ ਹੈ, ਦ੍ਰਿਸ਼ਟੀ ਜਿਸ ਦੇ ਰਾਹੀਂ ਦ੍ਰਿਸ਼ਟਾ ਦੇਖ ਰਿਹਾ ਹੈ ਅਤੇ ਦ੍ਰਿਸ਼ ਜਿਸ ਨੂੰ ਦ੍ਰਿਸ਼ਟਾ ਦ੍ਰਿਸ਼ਟੀ ਦੇ ਰਾਹੀਂ ਦੇਖ ਰਿਹਾ ਸੀ; ਇਹ ਤਿੰਨੇ ਤੱਤ ਇੱਕ ਦੂਜੇ ਦੇ ਵਿਚ ਲੀਨ ਹੋ ਜਾਣੇ ਹਨ। ਇਸ ਅਵਸਥਾ ਵਿਚ ਚੇਤਨ ਮਨ ਵਿਚਾਰਾਂ ਤੋਂ ਮੁਕਤ ਹੋ ਚੁੱਕਾ ਹੈ ਅਤੇ ਸੁਰਤੀ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਦੇ ਵਿੱਚੋਂ ਮੁਕਤ ਹੋ ਕੇ ਗਗਨ ਗੁਫ਼ਾ ਦੇ ਅੰਦਰ ਸਥਿਰ ਹੋ ਗਈ ਹੈ, ਬਾਕੀ ਕੇਵਲ ਆਤਮਾ ਬਚ ਜਾਵੇਗੀ। ਇਸ ਅਵਸਥਾ ਵਿਚ ਆਤਮਾ ਸਰੀਰ ਦੇ ਅੰਦਰ ਹੀ ਰਹੇਗੀ। ਇਸ ਦੇ ਬਾਵਜੂਦ ਵੀ ਆਤਮਾ ਦਾ ਸਬੰਧ ਸਰੀਰ ਦੇ ਨਾਲੋਂ ਪੂਰੀ ਤਰ੍ਹਾਂ ਟੁੱਟ ਜਾਵੇਗਾ। ਇਸ ਤੋਂ ਬਾਅਦ ਆਤਮਾ ਦਾ ਪਰਵੇਸ਼ ਸਾਖਸ਼ੀ ਮੰਡਲ ਦੇ ਵਿਚ ਹੋ ਜਾਣਾ ਹੈ ਤਾਂ ਇਸ ਨੇ ਉਸ ਪਰ-ਸ਼ਕਤੀ ਦੇ ਆਪ ਦਰਸ਼ਨ ਕਰ ਲੈਣੇ ਹਨ ਜੋ ਰੂਪ ਰੰਗ ਅਤੇ ਰੇਖ ਤੋਂ ਪਰ੍ਹੇ ਹੈ। ਜਿਸ ਦੇ ਕੇਵਲ ਦਰਸ਼ਨ ਮਾਤਰ ਕਰਨ ਦੇ ਨਾਲ ਜੀਵ ਆਤਮਾ ਨੂੰ ਕੀਤੇ ਕਰਮਾਂ ਦੇ ਸੰਸਕਾਰ ਤੋਂ ਮੁਕਤੀ ਮਿਲ ਜਾਂਦੀ ਹੈ। ਇਸ ਅਵਸਥਾ ਨੂੰ ਬਾਰ ਬਾਰ ਅਨੁਭਵ ਕਰਨ ਦੇ ਨਾਲ ਕਾਰਨ ਸਰੀਰ ਦਾ ਚੱਕਰ ਅਲੋਪ ਹੁੰਦਾ ਜਾਵੇਗਾ। ਇਹ ਅਵਸਥਾ ਐਨੀ ਜ਼ਿਆਦਾ ਸ਼ੁੱਧ ਹੈ, ਕੇਵਲ ਇੱਕ ਦੇ ਲਈ ਹੀ ਜਗ੍ਹਾ ਹੈ ਜਾਂ ਤੁਸੀਂ ਜਾਂ ਪਰਮਾਤਮਾ।

ਪਦਾਰਥ ਦਾਨ ਕਰਨ ਨਾਲ ਕੀਤੇ ਕਰਮਾਂ ਦੇ ਸੰਸਕਾਰ ਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਜਦੋਂ ਮਨੁੱਖ ਆਪਣੇ ਆਪ ਨੂੰ ਪੂਰੀ ਤਰ੍ਹਾਂ ਪਰਮਾਤਮਾ ਦੇ ਚਰਨਾਂ ਵਿਚ ਅਰਪਣ ਕਰ ਦੇਂਦਾ ਹੈ। ਅਨੰਤ ਜਨਮਾਂ ਦੇ ਵਿਚ ਕੀਤੇ ਕਰਮਾਂ ਦੇ ਲੇਖੇ ਸੜ ਕੇ ਸੁਆਹ ਹੋ ਜਾਂਦੇ ਹਨ। ਸਾਧਨਾ ਦੇ ਵਿਚ ਬੈਠੇ ਮਨੁੱਖ ਦੀ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਕੇ ਬਾਰ ਬਾਰ ਵਰਤਮਾਨ ਕਾਲ ਦੇ ਵਿਚ ਸਥਿਰ ਹੋਣ ਦੇ ਲਈ ਕੋਸ਼ਿਸ਼ ਕਰਦੀ ਰਹੇਗੀ। ਲਗਾਤਾਰ ਸਾਧਨਾ ਕਰਦੇ ਰਹਿਣ ਨਾਲ ਇੱਕ ਸਮਾਂ ਐਸਾ ਆਵੇਗਾ, ਜਦੋਂ ਸੁਰਤੀ ਨੇ ਪੂਰਨ ਤੌਰ 'ਤੇ ਵਰਤਮਾਨ ਕਾਲ ਦੇ ਵਿਚ ਵਾਪਸ ਆ ਕੇ ਇਕਾਗਰ ਹੋ ਜਾਣਾ ਹੈ। ਇਸ ਤੋਂ ਬਾਅਦ ਸੁਰਤੀ ਉਸ ਪਰਮ ਚੇਤਨ ਤੱਤ ਵਿਚ ਲੀਨ ਹੋਣ ਤੋਂ ਬਾਅਦ, ਉਸੇ ਦਾ ਰੂਪ ਹੋ ਜਾਵੇਗੀ। ਉਸ ਪਰਮ ਅਨੰਦ ਦੇ ਵਿਚ ਇਸ ਨੇ ਆਪਣਾ ਬਾਕੀ ਦਾ ਜੀਵਨ ਬਤੀਤ ਕਰਨਾ ਹੈ।

ਇਸ ਅਵਸਥਾ ਵਿਚ ਸੁਰਤੀ ਪਰਵੇਸ਼ ਕਰਨ ਤੋਂ ਬਾਅਦ ਮਨੁੱਖ ਅਤੇ ਪਰਮਾਤਮਾ ਦੇ ਵਿਚਕਾਰ ਵਿਚਾਰਾਂ ਵਾਲੀ ਦੀਵਾਰ ਖ਼ਤਮ ਹੋ ਜਾਂਦੀ ਹੈ। ਜਦੋਂ ਗੰਦੇ ਪਾਣੀ ਦੀ ਬੂੰਦ ਵਿਸ਼ਾਲ ਸਾਗਰ ਦੇ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਉਸ ਬੂੰਦ ਨੇ ਨਿਰਮਲ ਹੋ ਕੇ ਸਾਗਰ ਦਾ ਰੂਪ ਹੋ ਜਾਣਾ ਹੈ। ਇਸੇ ਹੀ ਤਰ੍ਹਾਂ ਚੇਤਨਾ ਰੂਪੀ ਸਰੋਵਰ ਦੇ ਵਿਚ ਇਸ਼ਨਾਨ ਕਰਨ ਦੇ ਨਾਲ ਮਨ ਅਤੇ ਆਤਮਾ ਦੀ ਮਲੀਨਤਾ ਦੂਰ ਹੋਣ ਤੋਂ ਬਾਅਦ ਮਨੁੱਖ ਨੂੰ ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਤੋਂ ਬਾਅਦ ਜੀਵ ਆਤਮਾ ਦਾ ਦੁਬਾਰਾ ਜਨਮ ਨਹੀਂ ਹੋਵੇਗਾ। ਇਸ ਪਰਮ ਅਵਸਥਾ ਵਿਚ ਮਨੁੱਖ ਉਸ ਪਰਮ ਸ਼ਕਤੀ ਨੂੰ ਜਾਣ ਲੈਂਦਾ ਹੈ ਜਿਸ ਨੂੰ ਜਾਣਨ ਤੋਂ ਬਾਅਦ

ਹੋਰ ਕੁੱਝ ਵੀ ਜਾਣਨ ਵਾਸਤੇ ਬਾਕੀ ਨਹੀਂ ਰਹਿ ਜਾਂਦਾ। ਇਸ ਅਵਸਥਾ ਵਿਚ ਪਹੁੰਚਣ ਤੋਂ ਬਾਅਦ ਆਤਮਾ ਰਾਗ ਅਤੇ ਦੋਸ਼ ਤੋਂ ਮੁਕਤ ਹੋ ਚੁੱਕੀ ਹੈ।

ਮਨੁੱਖ ਦਾ ਮਨ ਇੱਕ ਐਸਾ ਬੀਜ ਹੈ ਜਿਸ ਦੇ ਅੰਦਰੋਂ ਵਾਸ਼ਨਾ ਦਾ ਪੌਦਾ ਕਿਸੇ ਵੀ ਸਮੇਂ ਪੁੰਗਰ ਸਕਦਾ ਹੈ। ਜੇਕਰ ਬੀਜ ਨੂੰ ਅੱਗ ਦੇ ਵਿਚ ਭੁੰਨ ਦਿੱਤਾ ਜਾਵੇ, ਤਾਂ ਉਸ ਦੇ ਅੰਦਰੋਂ ਫਿਰ ਦੁਬਾਰਾ ਪੌਦਾ ਪੈਦਾ ਨਹੀਂ ਹੋ ਸਕਦਾ। ਜਿੰਨਾ ਚਿਰ ਤੱਕ ਕੋਈ ਮਨੁੱਖ ਧਿਆਨ ਸਿਮਰਨ ਦੀ ਸਾਧਨਾ ਦੇ ਵਿੱਚੋਂ ਦੀ ਨਹੀਂ ਲੰਘ ਜਾਂਦਾ, ਓਨਾ ਚਿਰ ਤੱਕ ਮਨ ਰੂਪੀ ਬੀਜ ਨੇ ਪੂਰਨ ਤੌਰ ’ਤੇ ਨਸ਼ਟ ਨਹੀਂ ਹੋਣਾ। ਮਨੁੱਖ ਨੂੰ ਜਿਉਂਦੇ-ਜੀ ਇੜਾ, ਪਿੰਗਲਾ ਅਤੇ ਸੁਖਮਨਾ ਦੀ ਅਗਨ ਨਾਲ ਇਸ ਮਨ ਰੂਪੀ ਬੀਜ ਨੂੰ ਭਸਮ ਕਰਨਾ ਪੈਂਦਾ ਹੈ ਤਾਂ ਜੋ ਮਨ ਦੇ ਅੰਦਰੋਂ ਦੁਬਾਰਾ ਵਾਸ਼ਨਾ ਰੂਪੀ ਪੌਦਾ ਨਾ ਪੁੰਗਰ ਸਕੇ।

ਮਨੁੱਖ ਚੇਤਨ ਮਨ ਅਤੇ ਅਚੇਤ ਮਨ ਦੇ ਬਿਲਕੁਲ ਵਿਚਕਾਰ ਖਲੋਤਾ ਹੈ। ਅਚੇਤ ਮਨ ਚੇਤਨ ਮਨ ਦੇ ਪਰਦੇ ਉੱਪਰ ਜਿਨ੍ਹਾਂ ਵਿਚਾਰਾਂ ਨੂੰ ਭੇਜਦਾ ਹੈ, ਉਨ੍ਹਾਂ ਦੇ ਅੰਦਰ ਰਾਗ ਅਤੇ ਦੋਸ਼ ਰੂਪੀ ਬੀਜ ਛੁਪੇ ਹੁੰਦੇ ਹਨ। ਚੇਤਨ ਮਨ ਨੂੰ ਇਸ ਅੰਦਰੂਨੀ ਕਿਰਿਆ ਦਾ ਪਤਾ ਨਹੀਂ ਲੱਗਦਾ ਕਿ ਇਹ ਵਿਚਾਰ ਮੇਰੇ ਅੰਦਰੋਂ ਨਹੀਂ, ਬਲਕਿ ਅਚੇਤ ਮਨ ਦੇ ਵਿੱਚੋਂ ਆਈ ਜਾ ਰਹੇ ਹਨ। ਹਰ ਇੱਕ ਮਨੁੱਖ ਦੀਆਂ ਸਾਰੀਆਂ ਕਿਰਿਆਵਾਂ ਉੱਪਰ ਅਚੇਤ ਮਨ ਹੀ ਨਿਰੰਤਰ ਕਰਦਾ ਹੈ, ਜਦਕਿ ਅਚੇਤ ਮਨ ਇੱਕ ਮਸ਼ੀਨ ਤੋਂ ਜ਼ਿਆਦਾ ਨਹੀਂ ਹੈ, ਜਿਸ ਦੇ ਅੰਦਰ ਬੀਤੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਦੀ ਕੇਵਲ ਜਾਣਕਾਰੀ ਹੈ।

ਸਾਧਕ ਸਾਧਨਾ ਦੀ ਮਦਦ ਨਾਲ ਅਚੇਤ ਮਨ ਦੇ ਕੋਲੋਂ ਸ਼ਕਤੀਆਂ ਨੂੰ ਖੋਹ ਕੇ ਚੇਤਨ ਮਨ ਨੂੰ ਵਾਪਸ ਕਰਵਾ ਸਕਦਾ ਹੈ। ਅਚੇਤ ਮਨ ਨੂੰ ਹਰ ਇੱਕ ਚੀਜ਼ ਦੇ ਅੰਦਰ ਕੇਵਲ ਬੁਰਾਈ ਹੀ ਨਜ਼ਰ ਆਉਂਦੀ ਹੈ। ਇਸ ਨੂੰ ਗੁਲਾਬ ਦੇ ਪੌਦਿਆਂ ਦੀਆਂ ਟਾਹਣੀਆਂ ਦੇ ਨਾਲ ਲੱਗੇ ਹੋਏ ਗੁਲਾਬ ਦੇ ਫੁੱਲ ਦਿਖਾਈ ਨਹੀਂ ਦੇਂਦੇ। ਇਸ ਨੂੰ ਟਾਹਣੀਆਂ ਦੇ ਨਾਲ ਲੱਗੇ ਕੇਵਲ ਕੰਡੇ ਹੀ ਦਿਖਾਈ ਦੇਂਦੇ ਹਨ। ਇਸ ਦੇ ਦੁਆਰਾ ਦਿਖਾਏ ਜਾ ਰਹੇ ਕੰਡਿਆਂ ਨੂੰ ਦੇਖਣ ਕਾਰਨ ਮਨੁੱਖ ਦੁਖੀ ਅਤੇ ਪਰੇਸ਼ਾਨ ਰਹਿੰਦਾ ਹੈ। ਗੁਲਾਬ ਦੇ ਪੌਦਿਆਂ ਦੀਆਂ ਟਾਹਣੀਆਂ ਦੇ ਨਾਲ ਲੱਗੇ ਕੰਡੇ ਉਸ ਪੌਦੇ ਦਾ ਇੱਕ ਬਹੁਤ ਮਹੱਤਵਪੂਰਨ ਅੰਗ ਹਨ। ਇਸੇ ਹੀ ਤਰ੍ਹਾਂ ਮਨੁੱਖ ਦੇ ਜੀਵਨ ਵਿਚ ਸੁੱਖ ਅਤੇ ਦੁੱਖ ਬਹੁਤ ਮਹੱਤਵਪੂਰਨ ਹਿੱਸਾ ਨਿਭਾਉਂਦੇ ਹਨ। ਜਿਸ ਤਰ੍ਹਾਂ ਦਿਨ ਅਤੇ ਰਾਤ ਦੀ ਖ਼ੂਬਸੂਰਤੀ ਇੱਕ ਦੂਜੇ ਦੇ ਹੋਣ ਉੱਪਰ ਨਿਰਭਰ ਕਰਦੀ ਹੈ, ਇਸੇ ਹੀ ਤਰ੍ਹਾਂ ਚੰਗਿਆਈ ਅਤੇ ਬੁਰਾਈ ਇੱਕ ਦੂਜੇ ਦੇ ਉੱਪਰ ਨਿਰਭਰ ਕਰਦੇ ਹਨ। ਜੀਵਨ ਵਿਚ ਦੁੱਖ ਦੇ ਆਉਣ ਤੋਂ ਬਾਅਦ ਹੀ ਮਨੁੱਖ ਨੂੰ ਗਿਆਨ ਹੁੰਦਾ ਹੈ ਕਿ ਸੁੱਖ ਕੀ ਹੈ? ਜਿਸ ਤਰ੍ਹਾਂ ਸਰੀਰ ਦੇ ਅੰਦਰ ਬਿਮਾਰੀ ਪੈਦਾ ਹੋਣ ਤੋਂ ਬਾਅਦ ਪਤਾ ਚੱਲਦਾ ਹੈ ਕਿ ਤੰਦਰੁਸਤੀ ਕੀ ਚੀਜ਼ ਹੈ। ਦੁੱਖ ਦੇ ਬਿਨਾਂ ਮਨੁੱਖ ਜਾਗ ਨਹੀਂ ਸਕਦਾ, ਬਿਨਾਂ ਜਾਗਿਆਂ ਪਰਮ ਜੀਵਨ ਨੂੰ ਪ੍ਰਾਪਤ ਕਰਨ ਦੇ ਲਈ ਪ੍ਰੇਰਨਾ ਨਹੀਂ ਮਿਲ ਸਕਦੀ। ਚੀਜ਼ ਗੁਆਚਣ ਤੋਂ ਬਾਅਦ ਹੀ ਮਨੁੱਖ ਨੂੰ ਉਸ ਦੀ ਕੀਮਤ ਦਾ ਪਤਾ ਚੱਲਦਾ ਹੈ। ਕੁਦਰਤੀ ਨਿਯਮ

ਹਨ ਤਾਂ ਹੀ ਜੀਵਨ ਦੇ ਵਿਚ ਰਸ ਅਤੇ ਸੰਗੀਤ ਹੈ। ਜੇਕਰ ਮਨੁੱਖ ਮਿੱਟੀ ਖਾ ਕੇ ਜ਼ਿੰਦਾ ਰਹਿ ਸਕਦਾ ਹੈ ਤਾਂ ਮਨੁੱਖ ਨੇ ਆਪਣੇ ਜੀਵਨ ਦੇ ਵਿਚ ਐਨਾ ਵਿਕਾਸ ਨਹੀਂ ਕਰਨਾ ਸੀ। ਬਿਲਕੁਲ ਇਸੇ ਹੀ ਤਰ੍ਹਾਂ ਪਰਮ ਜੀਵਨ ਨੂੰ ਪ੍ਰਾਪਤ ਕਰਨ ਦੀ ਜੋ ਸਾਧਨਾ ਹੈ, ਉਸ ਨੂੰ ਕਰਨ ਦੇ ਵਿਚ ਇੱਕ ਮਜ਼ਾ ਅਤੇ ਰਸ ਹੈ। ਪਰਮਾਤਮਾ ਦੀ ਖੋਜ ਕਰਨ ਦੇ ਵਿਚ ਹੀ ਅਨੰਦ ਹੈ। ਮਨ ਅਤੇ ਆਤਮਾ ਦੇ ਨਿਰਮਲ ਹੋਣ ਤੋਂ ਬਾਅਦ ਜਦੋਂ ਮਨੁੱਖ ਦੀ ਸੁਰਤੀ ਸਦਾ ਲਈ ਬ੍ਰਹਮ ਤੱਤ ਵਿਚ ਲੀਨ ਹੋ ਜਾਂਦੀ ਹੈ ਤਾਂ ਉਸ ਤੋਂ ਬਾਅਦ ਹੀ ਮਨੁੱਖ ਦੇ ਜੀਵਨ ਵਿਚ ਸੰਗੀਤ ਪੈਦਾ ਹੋ ਸਕਦਾ ਹੈ। ਹਰ ਇੱਕ ਮਨੁੱਖ ਦੂਜੇ ਮਨੁੱਖਾਂ ਦੇ ਕੋਲੋਂ ਸੁੱਖਾਂ ਦੀ ਮੰਗ ਕਰਦਾ ਹੋਇਆ ਆਪਣਾ ਸਾਰਾ ਜੀਵਨ ਬਤੀਤ ਕਰ ਦੇਂਦਾ ਹੈ। ਇਹ ਉਸ ਪਰਮ ਅਨੰਦ ਅਤੇ ਸ਼ਾਂਤੀ ਦੀ ਖੋਜ ਨਹੀਂ ਕਰਦਾ, ਜਿਸ ਦਾ ਜ਼ਿਕਰ ਸਾਰੇ ਧਾਰਮਿਕ ਗ੍ਰੰਥਾਂ ਦੇ ਵਿਚ ਕੀਤਾ ਗਿਆ ਹੈ।

ਪਰਮ ਅਨੰਦ ਅਤੇ ਸ਼ਾਂਤੀ ਨੂੰ ਪਾਰਬ੍ਰਹਮ ਨੇ ਮਨੁੱਖ ਦੇ ਪ੍ਰਾਣਾਂ ਅੰਦਰ ਛੁਪਾ ਕੇ ਰੱਖਿਆ ਹੋਇਆ ਹੈ। ਇਸ ਨੂੰ ਪ੍ਰਾਪਤ ਕਰਨ ਦੇ ਲਈ ਇੱਕ ਸ਼ਰਤ ਹੈ। ਜੋ ਵੀ ਮਨੁੱਖ ਆਪਣੇ ਮਨ ਅਤੇ ਆਤਮਾ ਨੂੰ ਅਗਿਆਨ ਤੋਂ ਮੁਕਤ ਕਰ ਲੈਂਦਾ ਹੈ, ਉਸ ਮਨੁੱਖ ਨੂੰ ਇਨ੍ਹਾਂ ਦੋਨਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਧਿਆਨ ਸਿਮਰਨ ਦੀ ਸਾਧਨਾ ਦੇ ਨਾਲ ਹੀ ਮਨ ਦੇ ਅੰਦਰ ਆਪਣੇ ਆਪ ਚੱਲਣ ਵਾਲੇ ਵਿਚਾਰਾਂ ਨੂੰ ਸ਼ਾਂਤ ਕੀਤਾ ਜਾ ਸਕਦਾ ਹੈ। ਜਿਸ ਮਨੁੱਖ ਦਾ ਮਨ ਸ਼ਾਂਤ ਹੋ ਜਾਵੇਗਾ, ਉਸ ਮਨੁੱਖ ਨੂੰ ਫਿਰ ਪਰਮਾਤਮਾ ਨੂੰ ਲੱਭਣ ਦੀ ਲੋੜ ਨਹੀਂ ਪੈਂਦੀ, ਬਲਕਿ ਪਰਮਾਤਮਾ ਖ਼ੁਦ ਚੱਲ ਕੇ ਉਸ ਮਨੁੱਖ ਦੇ ਕੋਲ ਆਪਣੇ ਆਪ ਆ ਜਾਂਦਾ ਹੈ।

ਅਜੇ ਤੱਕ ਕੋਈ ਵੀ ਮਨੁੱਖ ਪਰਮਾਤਮਾ ਦੇ ਕੋਲ ਨਹੀਂ ਜਾ ਸਕਿਆ। ਸਾਧਕ ਦੀ ਪ੍ਰੇਮਾ-ਭਗਤੀ ਨੂੰ ਦੇਖ ਕੇ ਪਰਮਾਤਮਾ ਹੀ ਉਸ ਦੇ ਕੋਲ ਆਉਂਦਾ ਹੈ। ਉਸ ਸ਼ਕਤੀ ਨੂੰ ਕਿਥੋਂ ਲੱਭੋਗੇ ਜਿਸ ਦਾ ਕੋਈ ਰੂਪ ਨਹੀਂ ਹੈ, ਰੰਗ ਨਹੀਂ ਹੈ ਅਤੇ ਨਾ ਹੀ ਕੋਈ ਰੇਖ ਹੈ? ਜਦੋਂ ਮਨੁੱਖ ਵਿਚਾਰ ਮੁਕਤ ਅਵਸਥਾ ਵਿਚ ਪਹੁੰਚ ਜਾਂਦਾ ਹੈ, ਉਸ ਨੂੰ ਫਿਰ ਪਰਮਾਤਮਾ ਨੂੰ ਲੱਭਣ ਦੀ ਲੋੜ ਨਹੀਂ ਪੈਂਦੀ, ਬਲਕਿ ਵਿਚਾਰਾਂ ਤੋਂ ਮੁਕਤ ਮਨੁੱਖ ਬ੍ਰਹਮ ਦਾ ਰੂਪ ਹੀ ਹੋ ਜਾਂਦਾ ਹੈ। ਜਿਸ ਤਰ੍ਹਾਂ ਪਾਣੀ ਦੀ ਬੂੰਦ ਸਮੁੰਦਰ ਦੇ ਵਿਚ ਪਰਵੇਸ਼ ਕਰਨ ਤੋਂ ਬਾਅਦ ਹੀ ਉਸ ਵਿਸ਼ਾਲ ਤੱਤ ਨੂੰ ਜਾਣ ਲੈਂਦੀ ਹੈ।

ਆਪਣੇ ਆਲੇ-ਦੁਆਲੇ ਨਜ਼ਰ ਮਾਰ ਕੇ ਦੇਖਣਾ ਤਾਂ ਤੁਹਾਨੂੰ ਪਤਾ ਲੱਗ ਜਾਵੇਗਾ ਬਹੁਤ ਸਾਰੇ ਮਨੁੱਖਾਂ ਦੇ ਕੋਲ ਰਹਿਣ ਦੇ ਲਈ ਚੰਗੇ ਘਰ ਅਤੇ ਖਾਣ ਪੀਣ ਦੇ ਲਈ ਚੰਗੇ ਪਦਾਰਥ ਹਨ। ਇਸ ਦੇ ਬਾਵਜੂਦ ਵੀ ਇਨ੍ਹਾਂ ਲੋਕਾਂ ਦਾ ਮਨ ਚਿੰਤਾ ਅਤੇ ਪਰੇਸ਼ਾਨੀਆਂ ਦੇ ਵਿਚ ਗ੍ਰਸਤ ਹੀ ਰਹਿੰਦਾ ਹੈ। ਇਸ ਦਾ ਇੱਕੋ ਇੱਕ ਕਾਰਨ ਹੈ ਮਨੁੱਖ ਦੀ ਸੁਰਤੀ ਦਾ ਸਬੰਧ ਅਨੰਦਮਈ ਵਰਤਮਾਨ ਕਾਲ ਦੇ ਨਾਲੋਂ ਟੁੱਟ ਗਿਆ ਹੈ ਜਿਸ ਦੇ ਕਾਰਨ ਹਰ ਇੱਕ ਮਨੁੱਖ ਦੁਖੀ ਅਤੇ ਪਰੇਸ਼ਾਨ ਹੈ।

ਮਨ ਦੇ ਸ਼ੁੱਧ ਹੋਣ ਨਾਲ ਮਨੁੱਖ ਦੀ ਬੁੱਧੀ ਵੀ ਨਿਰਮਲ ਹੋ ਜਾਂਦੀ ਹੈ। ਪਰਮ ਗਿਆਨ ਨੂੰ ਕੇਵਲ ਨਿਰਮਲ ਬੁੱਧੀ ਹੀ ਗ੍ਰਹਿਣ ਕਰ ਸਕਦੀ ਹੈ। ਜਿਸ ਬਰਤਨ

ਦੇ ਵਿਚ ਛੇਕ ਹੋਣ, ਉਸ ਦੇ ਅੰਦਰ ਪਾਣੀ ਨੂੰ ਸਾਂਭ ਕੇ ਰੱਖਣ ਦੀ ਸਮਰੱਥਾ ਨਹੀਂ ਰਹਿ ਜਾਂਦੀ, ਇਸੇ ਹੀ ਤਰ੍ਹਾਂ ਜਿਸ ਮਨੁੱਖ ਦੇ ਮਨ ਅੰਦਰ ਵਿਚਾਰਾਂ ਰੂਪੀ ਛੇਕ ਹੋਣ, ਉਸ ਮਨੁੱਖ ਦੇ ਮਨ ਅੰਦਰ ਨਿਰਮਲ ਗਿਆਨ ਦਾ ਅੰਮ੍ਰਿਤ ਨਹੀਂ ਠਹਿਰ ਸਕਦਾ।

ਮਨ ਨੂੰ ਗਤੀ ਕਰਨ ਦੇ ਲਈ ਭੂਤ ਕਾਲ ਅਤੇ ਭਵਿੱਖਤ ਕਾਲ ਰੂਪੀ ਵਿਚਾਰਾਂ ਦੀਆਂ ਲੱਤਾਂ ਦੀ ਜ਼ਰੂਰਤ ਪੈਂਦੀ ਹੈ। ਇਨ੍ਹਾਂ ਦੋਨਾਂ ਤੋਂ ਬਿਨਾਂ ਇਹ ਗਤੀ ਨਹੀਂ ਕਰ ਸਕਦਾ। ਮਨ ਜਾਂ ਤਾਂ ਭੂਤ ਕਾਲ ਦੀ ਲੱਤ ਸਹਾਰੇ ਖਲੋ ਜਾਂਦਾ ਹੈ ਜਾਂ ਇਹ ਭਵਿੱਖਤ ਕਾਲ ਦੀ ਲੱਤ ਸਹਾਰੇ ਖਲੋ ਜਾਂਦਾ ਹੈ। ਸੁਰਤੀ ਵਿਚਾਰਾਂ ਦੇ ਰਾਹੀਂ ਜਾਂ ਤਾਂ ਭੂਤ ਕਾਲ ਦੇ ਵਿਚ ਚਲੀ ਜਾਂਦੀ ਹੈ ਜਾਂ ਵਿਚਾਰਾਂ ਦੇ ਰਾਹੀਂ ਭਵਿੱਖਤ ਕਾਲ ਦੇ ਵਿਚ ਚਲੀ ਜਾਂਦੀ ਹੈ। ਜਦੋਂ ਵੀ ਮਨ ਵਿਚਾਰਾਂ ਦੇ ਰਾਹੀਂ ਭੂਤ ਕਾਲ ਜਾਂ ਭਵਿੱਖਤ ਕਾਲ ਦੇ ਵਿਚ ਜਾਣ ਦੀ ਕੋਸ਼ਿਸ਼ ਕਰੇ, ਤੁਸੀਂ ਇਸ ਨੂੰ ਵਰਤਮਾਨ ਕਾਲ ਵਿਚ ਲੈ ਆਉਣਾ ਹੈ, ਭਾਵ ਕਿ ਤੁਸੀਂ ਜੋ ਵੀ ਕਾਰਜ ਕਰ ਰਹੇ ਹੋ, ਉਸ ਨੂੰ ਸੁਚੇਤ ਮਨ ਹੋ ਕੇ ਕਰਨ ਦੇ ਲਈ ਕੋਸ਼ਿਸ਼ ਕਰਨੀ ਹੈ।

ਆਪਣੇ ਮਨ ਨੂੰ ਇਹ ਕਹਿਣਾ ਹੈ ਕਿ ਮੇਰੇ ਜੀਵਨ ਦੇ ਵਿਚ ਜੋ ਕੁੱਝ ਵੀ ਵਾਪਰ ਚੁੱਕਾ ਹੈ, ਉਹ ਸਭ ਕੁੱਝ ਮੈਨੂੰ ਮਨਜ਼ੂਰ ਹੈ। ਅੱਗੇ ਤੋਂ ਮੇਰੇ ਨਾਲ ਉਨ੍ਹਾਂ ਗੱਲਾਂ ਦੇ ਬਾਰੇ ਕੋਈ ਵੀ ਵਿਚਾਰ ਨਹੀਂ ਕਰਨੀ ਹੈ। ਇਸ ਜੁਗਤੀ ਦੀ ਬਾਰ ਬਾਰ ਵਰਤੋਂ ਕਰਨੀ ਹੈ। ਆਪਣੇ ਮਨ ਨੂੰ ਇਹ ਸਮਝਾਉਣਾ ਹੈ ਕਿ ਮੈਂ ਉਨ੍ਹਾਂ ਸਾਰੀਆਂ ਗੱਲਾਂ ਨੂੰ ਪਰਮਾਤਮਾ ਦਾ ਹੁਕਮ ਸਮਝ ਕੇ ਮਨਜ਼ੂਰ ਕਰ ਲਿਆ ਹੈ। ਹੁਣ ਤੁਸੀਂ ਵੀ ਉਨ੍ਹਾਂ ਸਾਰੀਆਂ ਗੱਲਾਂ ਨੂੰ ਛੱਡ ਦੇਵੋ। ਜਦੋਂ ਤੁਸੀਂ ਆਪਣੇ ਮਨ ਨੂੰ ਇਸ ਤਰ੍ਹਾਂ ਕਰਨ ਦੇ ਲਈ ਆਦੇਸ਼ ਦਿੱਤਾ ਤਾਂ ਇਸ ਨੇ ਵੀ ਉਨ੍ਹਾਂ ਸਾਰੀਆਂ ਗੱਲਾਂ ਦਾ ਤਿਆਗ ਕਰ ਦੇਣਾ ਹੈ। ਜਦੋਂ ਵੀ ਸੁਰਤੀ ਦੁਬਾਰਾ ਉਨ੍ਹਾਂ ਵਿਚਾਰਾਂ ਦੇ ਵਿਚ ਵਾਪਸ ਜਾਣ ਦੀ ਕੋਸ਼ਿਸ਼ ਕਰੇ ਤਾਂ ਤੁਸੀਂ ਇਸੇ ਜੁਗਤੀ ਦਾ ਇਸਤੇਮਾਲ ਕਰਨਾ ਹੈ ਅਤੇ ਆਪਣੀ ਸੁਰਤੀ ਨੂੰ ਆਏ ਵਿਚਾਰ ਤੋਂ ਮੁਕਤ ਕਰ ਲੈਣਾ ਹੈ।

ਕੁੱਝ ਸਮੇਂ ਲਈ ਇਸ ਤਰ੍ਹਾਂ ਅਭਿਆਸ ਕਰਨ ਦੇ ਨਾਲ ਤੁਹਾਡੀ ਸੁਰਤੀ ਨੇ ਭੂਤ ਕਾਲ ਅਤੇ ਭਵਿੱਖਤ ਕਾਲ ਦੇ ਸਾਰੇ ਵਿਚਾਰਾਂ ਦੇ ਨਾਲੋਂ ਹੌਲੀ ਹੌਲੀ ਟੁੱਟ ਕੇ ਵਰਤਮਾਨ ਕਾਲ ਵਿਚ ਆ ਕੇ ਸਥਿਰ ਹੋਈ ਜਾਣਾ ਹੈ। ਜਦੋਂ ਪ੍ਰਕਾਸ਼ ਤ੍ਰਿਕੁਟੀ ਦੇ ਵਿਚ ਪਰਵੇਸ਼ ਕਰਨ ਲੱਗ ਜਾਂਦਾ ਹੈ ਤਾਂ ਇਸ ਤੋਂ ਬਾਅਦ ਮਨ ਨੂੰ ਥੋੜ੍ਹੀ ਬਹੁਤ ਸੋਝੀ ਆ ਜਾਂਦੀ ਹੈ। ਇਸ ਦਾ ਵਿਵਹਾਰ ਪਹਿਲਾਂ ਵਰਗਾ ਨਹੀਂ ਰਹਿ ਜਾਵੇਗਾ। ਤੁਹਾਨੂੰ ਇਸ ਗੱਲ ਦਾ ਖ਼ੁਦ ਪਤਾ ਲਗਾਉਣਾ ਪਵੇਗਾ ਕਿ ਮਨ ਦੇ ਅੰਦਰ ਕਿਹੜੀਆਂ ਗੱਲਾਂ ਨੂੰ ਲੈ ਕੇ ਵਿਚਾਰ ਗਤੀ ਕਰ ਰਹੇ ਹਨ। ਸਾਧਨਾ ਦੇ ਦੌਰਾਨ ਜਦੋਂ ਤੁਸੀਂ ਆਪਣੇ ਮਨ ਅੰਦਰ ਝਾਕਣਾ ਸ਼ੁਰੂ ਕਰ ਦਿੱਤਾ ਤਾਂ ਤੁਹਾਡੀ ਸੁਰਤੀ ਬਹੁਤ ਸਾਰੇ ਵਿਚਾਰਾਂ ਤੋਂ ਆਪਣੇ ਆਪ ਮੁਕਤ ਹੁੰਦੀ ਜਾਵੇਗੀ। ਇਸ ਤਰ੍ਹਾਂ ਕੁੱਝ ਸਮੇਂ ਦੇ ਲਈ ਅਭਿਆਸ ਕਰਨ ਦੇ ਨਾਲ ਮਨ ਦੀਆਂ ਭੂਤ ਕਾਲ ਅਤੇ ਭਵਿੱਖਤ ਕਾਲ ਰੂਪੀ ਵਿਚਾਰਾਂ ਦੀਆਂ ਲੱਤਾਂ ਪੂਰੀ ਤਰ੍ਹਾਂ ਟੁੱਟ ਜਾਣੀਆਂ ਹਨ।

ਸੁਰਤੀ ਵਿਚਾਰੀ ਨੂੰ ਇਹ ਵੀ ਪਤਾ ਨਹੀਂ ਹੈ ਕਿ ਵਿਚਾਰਾਂ ਦੇ ਵਿਚ ਜਾਣਾ

ਹੈ ਜਾਂ ਨਹੀਂ। ਚੇਤਨਾ ਦੇ ਆਕਾਸ਼ ਉੱਪਰ ਜੋ ਵੀ ਵਿਚਾਰ ਪ੍ਰਗਟ ਹੋ ਜਾਂਦਾ ਹੈ, ਇਹ ਉਸ ਦੇ ਵਿਚ ਗੁਆਚ ਜਾਂਦੀ ਹੈ। ਗਗਨ ਗੁਫ਼ਾ ਚੇਤਨ ਮਨ ਦੇ ਅੰਦਰ ਹੈ। ਜਦੋਂ ਵੀ ਕੋਈ ਵਿਚਾਰ ਚੇਤਨ ਮਨ ਦੇ ਵਿਚ ਪਰਵੇਸ਼ ਕਰਦਾ ਹੈ ਤਾਂ ਸੁਰਤੀ ਗਗਨ ਗੁਫ਼ਾ ਦੇ ਅੰਦਰੋਂ ਬਾਹਰ ਨਿਕਲ ਆਉਂਦੀ ਹੈ। ਜਾਗ੍ਰਿਤ ਅਵਸਥਾ ਵਿਚ ਐਨੇ ਜ਼ਿਆਦਾ ਵਿਚਾਰ ਆਉਂਦੇ ਜਾਂਦੇ ਹਨ ਜਿਸ ਕਾਰਨ ਜਾਗ੍ਰਿਤ ਅਵਸਥਾ ਵਿਚ ਸੁਰਤੀ ਦੇ ਲਈ ਗਗਨ ਗੁਫ਼ਾ ਅੰਦਰ ਸਥਿਰ ਹੋਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ।

ਸਾਧਾਰਨ ਮਨੁੱਖ ਕੇਵਲ ਦੋ ਸਥਿਤੀਆਂ ਦੇ ਵਿਚ ਇਸ ਅਵਸਥਾ ਨੂੰ ਅਨੁਭਵ ਕਰ ਪਾਉਂਦਾ ਹੈ। ਇੱਕ ਤਾਂ ਛਿੱਕ ਆਉਣ ਦੇ ਸਮੇਂ ਅਤੇ ਦੂਜਾ ਕਾਮ ਕ੍ਰੀੜਾ ਦੇ ਆਖ਼ਰੀ ਪਲਾਂ ਦੇ ਵਿਚ। ਉਸ ਸਮੇਂ ਮਨੁੱਖ ਦੇ ਜਾਗ੍ਰਿਤ ਅਵਸਥਾ ਵਿਚ ਸੁਰਤੀ ਆਪਣੇ ਕੇਂਦਰ ਉੱਪਰ ਆ ਕੇ ਠਹਿਰ ਜਾਂਦੀ ਹੈ, ਜਿਸ ਦੇ ਕਾਰਨ ਮਨੁੱਖ ਕੁੱਝ ਛਿਣਾਂ ਦੇ ਲਈ ਅਨੰਦ ਨੂੰ ਅਨੁਭਵ ਕਰਦਾ ਹੈ। ਜਦੋਂ ਮਨ ਦੀ ਗਤੀ ਬਾਹਰ ਵੱਲ ਨੂੰ ਹੁੰਦੀ ਹੈ ਤਾਂ ਮਨੁੱਖ ਨੂੰ ਕੇਵਲ ਪਦਾਰਥ ਹੀ ਪ੍ਰਾਪਤ ਹੁੰਦੇ ਹਨ। ਕੇਵਲ ਪਦਾਰਥਾਂ ਨੂੰ ਪ੍ਰਾਪਤ ਕਰਨ ਦੇ ਨਾਲ ਇਸ ਨੂੰ ਆਪਣੇ ਜੀਵਨ ਦੇ ਬਾਰੇ ਕੁੱਝ ਵੀ ਪਤਾ ਨਹੀਂ ਲੱਗ ਸਕਦਾ। ਇਸ ਸੁੱਤੀ ਅਵਸਥਾ ਵਿਚ ਮਨੁੱਖ ਦਾ ਸਾਰਾ ਜੀਵਨ ਬਤੀਤ ਹੋ ਜਾਵੇਗਾ। ਜਦੋਂ ਮਨ ਆਪਣੇ ਅੰਦਰ ਦੀ ਤਰਫ਼ ਗਤੀ ਕਰਦਾ ਹੈ ਤਾਂ ਇਸ ਨੂੰ ਪਰਮ ਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ।

ਤੁਸੀਂ ਦੇਖਿਆ ਹੋਵੇਗਾ ਕਿ ਹਾਥੀ ਦਾ ਟਰੇਨਰ ਆਪਣੀ ਮਰਜ਼ੀ ਦੇ ਨਾਲ ਹਾਥੀ ਵਰਗੇ ਵਿਸ਼ਾਲ ਜਾਨਵਰ ਨੂੰ ਕਿਸੇ ਵੀ ਦਿਸ਼ਾ ਵਿਚ ਲੈ ਜਾਂਦਾ ਹੈ। ਉਹ ਹਾਥੀ ਤੋਂ ਕਈ ਕੰਮ ਵੀ ਕਰਵਾਉਂਦਾ ਹੈ, ਜਦਕਿ ਦੇਖਣ ਦੇ ਵਿਚ ਹਾਥੀ ਬਹੁਤ ਵਿਸ਼ਾਲ ਅਤੇ ਸ਼ਕਤੀਸ਼ਾਲੀ ਜਾਨਵਰ ਹੈ। ਇਸ ਦੇ ਬਾਵਜੂਦ ਉਹ ਆਪਣੇ ਟਰੇਨਰ ਦੀ ਆਗਿਆ ਦਾ ਪਾਲਨ ਕਰਦਾ ਹੈ। ਇਸੇ ਹੀ ਤਰ੍ਹਾਂ ਮਨ ਇੱਕ ਚੰਗੇ ਟਰੇਨਰ ਦੀ ਤਰ੍ਹਾਂ ਆਤਮਾ ਰੂਪੀ ਹਾਥੀ ਨੂੰ ਆਪਣੇ ਅਧੀਨ ਕਰ ਸਕਦਾ ਹੈ। ਮਨੁੱਖ ਨੇ ਕੇਵਲ ਆਪਣੇ ਮਨ ਨੂੰ ਸ਼ਾਂਤ ਕਰਨਾ ਹੈ। ਸ਼ਾਂਤ ਮਨ ਨੇ ਆਪਣੇ ਆਪ ਆਤਮਾ ਨੂੰ ਸ਼ਾਂਤ ਕਰ ਦੇਣਾ ਹੈ। ਜਾਗਿਆ ਮਨ ਹੀ ਆਤਮਾ ਨੂੰ ਸਹੀ ਰਸਤਾ ਦਿਖਾ ਸਕਦਾ ਹੈ। ਜਦੋਂ ਜੀਵ ਆਤਮਾ ਜਾਗੇ ਮਨ ਦੇ ਦਿਖਾਏ ਰਸਤੇ ਉੱਪਰ ਚੱਲਦੀ ਹੈ ਤਾਂ ਇਸ ਨੇ ਕੈਵੱਲਿਆ ਪਦ ਨੂੰ ਪ੍ਰਾਪਤ ਕਰ ਲੈਣਾ ਹੈ, ਕੈਵੱਲਿਆ ਤੋਂ ਭਾਵ ਮੈਂ ਕੇਵਲ ਹਾਂ।

ਮਨੁੱਖ ਦਾ ਮਨ ਇੱਕ ਦਰਪਣ ਦੇ ਵਾਂਗ ਕਾਰਜ ਕਰਦਾ ਹੈ। ਕੋਈ ਵੀ ਮਨੁੱਖ ਜਿਸ ਤਰ੍ਹਾਂ ਦਾ ਸੋਚਦਾ ਹੈ ਜਾਂ ਮਹਿਸੂਸ ਕਰਦਾ ਹੈ, ਉਸ ਦੇ ਮਨ ਰੂਪੀ ਦਰਪਣ ਉੱਪਰ ਉਸੇ ਹੀ ਤਰ੍ਹਾਂ ਦੀ ਤਸਵੀਰ ਬਣ ਜਾਣੀ ਹੈ। ਸਾਡਾ ਮਨ ਖ਼ੁਦ ਆਪਣੇ ਆਪ ਦੀ ਸਫ਼ਾਈ ਨਹੀਂ ਕਰ ਸਕਦਾ, ਜਿਸ ਕਾਰਨ ਉਮਰ ਵਧਣ ਦੇ ਨਾਲ ਮਨ ਅੰਦਰ ਵਿਚਾਰਾਂ ਦੀ ਧੂੜ ਮਿੱਟੀ ਵਧਦੀ ਹੀ ਜਾਂਦੀ ਹੈ। ਇਸ ਨੇ ਹੋਰ ਜ਼ਿਆਦਾ ਧੁੰਦਲਾ ਅਤੇ ਮਲੀਨ ਹੁੰਦੇ ਜਾਣਾ ਹੈ। ਜਿਸ ਘਰ ਦੇ ਅੰਦਰ ਦੋ ਚਾਰ ਹਫ਼ਤੇ ਸਫ਼ਾਈ ਨਾ ਕੀਤੀ ਜਾਵੇ ਤਾਂ ਉਸ ਘਰ ਦਾ ਬੁਰਾ ਹਾਲ ਹੋ ਜਾਂਦਾ ਹੈ। ਤੁਸੀਂ ਇਹ ਸੋਚੋ ਉਸ ਘਰ ਦੀ ਕੀ ਹਾਲਤ ਹੋਵੇਗੀ ਜਿਸ ਦੀ ਕਦੇ ਸਫ਼ਾਈ ਨਾ ਕੀਤੀ ਗਈ ਹੋਵੇ। ਇਸ

ਤਰ੍ਹਾਂ ਦੇ ਘਰ ਵਿਚ ਰਹਿਣ ਵਾਲੇ ਮਨੁੱਖਾਂ ਦਾ ਜੀਵਨ ਕਿਸ ਤਰ੍ਹਾਂ ਦਾ ਹੋਵੇਗਾ। ਮਨੁੱਖ ਆਪਣੇ ਮਨ ਦੀ ਸਫ਼ਾਈ ਕਦੇ ਵੀ ਨਹੀਂ ਕਰਦਾ, ਜਿਸ ਦੀ ਵਰਤੋਂ ਇਸ ਨੇ ਜੀਵਨ ਭਰ ਕਰਨੀ ਹੈ। ਜੇਕਰ ਆਂਢ-ਗਵਾਂਢ ਦੇ ਘਰਾਂ ਵਿਚ ਸਫ਼ਾਈ ਕੀਤੀ ਹੋਵੇ ਤਾਂ ਉਨ੍ਹਾਂ ਦੇ ਘਰਾਂ ਨੂੰ ਦੇਖ ਕੇ ਕੁੱਝ ਸਿੱਖਿਆ ਜਾ ਸਕਦਾ ਹੈ। ਪਰ ਕੀਤਾ ਕੀ ਜਾਵੇ, ਸਾਡੇ ਆਂਢ-ਗਵਾਂਢ ਜੋ ਲੋਕ ਰਹਿੰਦੇ ਹਨ ਉਨ੍ਹਾਂ ਦੇ ਮਨਾਂ ਦਾ ਵੀ ਇਹੋ ਜਿਹਾ ਹਾਲ ਹੈ, ਜਿਸ ਕਾਰਨ ਮਨੁੱਖ ਨੂੰ ਆਪਣੇ ਮਨ ਦੇ ਅੰਦਰ ਵੱਧ ਰਹੀ ਗੰਦਗੀ ਦੇ ਬਾਰੇ ਪਤਾ ਹੀ ਨਹੀਂ ਚੱਲਦਾ।

ਇਸ ਗੱਲ ਦਾ ਪਤਾ ਤਾਂ ਮਨੁੱਖ ਨੂੰ ਕਈ ਹਜ਼ਾਰ ਸਾਲ ਪਹਿਲਾਂ ਲੱਗ ਗਿਆ ਸੀ ਕਿ ਮਨ ਦੇ ਅੰਦਰ ਦਿਨ ਰਾਤ ਵਿਚਾਰਾਂ ਚੱਲਣ ਕਾਰਨ, ਵਿਚਾਰਾਂ ਦੀ ਧੂੜ ਮਿੱਟੀ ਜਮ੍ਹਾਂ ਹੋਈ ਜਾਂਦੀ ਹੈ, ਜਿਸ ਕਾਰਨ ਮਨੁੱਖ ਪਰਮ ਅਨੰਦ ਅਤੇ ਸ਼ਾਂਤੀ ਦੇ ਵਿਚ ਹੋਣ ਦੇ ਬਾਵਜੂਦ ਵੀ ਉਸ ਨੂੰ ਅਨੁਭਵ ਕਰਨ ਤੋਂ ਅਸਮਰੱਥ ਰਹਿੰਦਾ ਹੈ। ਉਸ ਯੁੱਗ ਦੇ ਵਿਚ ਮਨ ਨੂੰ ਨਿਰਮਲ ਕਰਨ ਦੇ ਲਈ ਕਈ ਸਾਧਨਾ ਦੀਆਂ ਖੋਜਾਂ ਕੀਤੀਆਂ ਗਈਆਂ ਸਨ, ਜਿਨ੍ਹਾਂ ਦੀ ਵਰਤੋਂ ਕਰਕੇ ਮਨੁੱਖ ਆਪਣੇ ਮਨ ਨੂੰ ਦੁਬਾਰਾ ਸ਼ੁੱਧ ਰੂਪ ਵਿਚ ਵਾਪਸ ਹਾਸਿਲ ਕਰ ਲੈਂਦਾ ਸੀ। ਉਨ੍ਹਾਂ ਆਪਣੇ ਅਨੁਭਵ ਨੂੰ ਗ੍ਰੰਥਾਂ ਦੇ ਵਿਚ ਲਿਖ ਦਿੱਤਾ ਸੀ ਤਾਂ ਜੋ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਨੂੰ ਇਹ ਜਾਣਕਾਰੀ ਮਿਲ ਜਾਵੇ ਕਿ ਇਸ ਸਾਧਾਰਨ ਜੀਵਨ ਤੋਂ ਅੱਗੇ ਇੱਕ ਪਰਮ ਜੀਵਨ ਵੀ ਹੈ ਜਿਸ ਦੀ ਪ੍ਰਾਪਤੀ ਜਿਉਂਦੇ-ਜੀ ਕਰਨੀ ਹੈ ਅਤੇ ਉਸ ਅਨੰਦ ਦੇ ਵਿਚ ਆਪਣਾ ਸਾਰਾ ਜੀਵਨ ਬਤੀਤ ਕਰਨਾ ਹੈ। ਬਾਅਦ ਵਿਚ ਮਨੁੱਖ ਨੇ ਉਨ੍ਹਾਂ ਗੱਲਾਂ ਦਾ ਮਤਲਬ ਕੁੱਝ ਹੋਰ ਹੀ ਕੱਢ ਲਿਆ।

ਪਰਮ ਜੀਵਨ ਨੂੰ ਪ੍ਰਾਪਤ ਕਰਨ ਵਾਲੀ ਸਾਰੀ ਸਾਧਨਾ ਹੌਲੀ ਹੌਲੀ ਕਰਕੇ ਕਰਮ ਕਾਂਡ ਦਾ ਰੂਪ ਅਖ਼ਤਿਆਰ ਕਰਦੀ ਗਈ। ਬਾਕੀ ਤੁਸੀਂ ਆਪ ਸਾਰੇ ਜਾਣਦੇ ਹੋ ਅੱਜ ਕੀ ਹੋ ਰਿਹਾ ਹੈ। ਕੋਈ ਵੀ ਮਨੁੱਖ ਆਪਣੇ ਜੀਵਨ ਦੇ ਉੱਪਰ ਨਜ਼ਰ ਮਾਰ ਕੇ ਇਹ ਸੋਚ ਵਿਚਾਰ ਕਰ ਸਕਦਾ ਹੈ ਕਿ ਉਸ ਦਾ ਜੀਵਨ ਕਿਸ ਦਿਸ਼ਾ ਦੇ ਵੱਲ ਨੂੰ ਜਾ ਰਿਹਾ ਹੈ। ਉਸ ਦੀ ਗਤੀ ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਲੀ ਤਰਫ਼ ਹੈ ਜਾਂ ਕੇਵਲ ਕਰਮ-ਕਾਂਡ ਨੂੰ ਕਰਨ ਵੱਲ ਹੋ ਰਹੀ ਹੈ।

ਜਦੋਂ ਪ੍ਰਕਾਸ਼ ਮਨ ਅਤੇ ਆਤਮਾ ਨੂੰ ਨਿਰਮਲ ਕਰ ਦੇਂਦਾ ਹੈ ਤਾਂ ਸਾਧਾਰਨ ਜੀਵਨ ਦੇ ਵਿਚ ਇੱਕ ਇਨਕਲਾਬ ਆ ਜਾਣਾ ਹੈ। ਇੱਕ ਅਨੰਦਮਈ ਸੁਗੰਧ ਮਨੁੱਖ ਦੀ ਆਤਮਾ ਨੂੰ ਚਾਰੇ ਤਰਫ਼ ਤੋਂ ਘੇਰਾ ਪਾ ਲੈਂਦੀ ਹੈ। ਮਨੁੱਖ ਦਾ ਮਨ ਵਿਚਾਰਾਂ ਰਹਿਤ ਬਹੁਤ ਹੀ ਕੁਸ਼ਲਤਾ ਦੇ ਨਾਲ ਆਪਣੇ ਸਾਰੇ ਕਾਰਜਾਂ ਨੂੰ ਕਰਦਾ ਹੈ। ਮਨ ਦੇ ਅੰਦਰ ਜੋ ਵਿਚਾਰ ਆਪਣੇ ਆਪ ਚੱਲਦੇ ਹਨ, ਉਹ ਸਾਡਾ ਜੀਵਨ ਨਹੀਂ ਚਲਾਉਂਦੇ ਬਲਕਿ ਇਹ ਤਾਂ ਪਰਮ ਅਨੰਦ ਅਤੇ ਸ਼ਾਂਤੀ ਨੂੰ ਭੰਗ ਕਰੀ ਜਾ ਰਹੇ ਹਨ।

ਸਾਧਾਰਨ ਮਨੁੱਖ ਦਾ ਧਿਆਨ ਦੂਜੇ ਲੋਕਾਂ ਦੇ ਜੀਵਨ ਉੱਪਰ ਹੁੰਦਾ ਹੈ, ਦੂਜੇ ਕੀ ਕਰ ਰਹੇ ਹਨ। ਇਸ ਤੋਂ ਉਲਟ ਸਾਧਕ ਦਾ ਧਿਆਨ ਆਪਣੇ ਆਪ ਉੱਪਰ ਆਈ ਜਾਂਦਾ ਹੈ, ਮੈਂ ਕੀ ਕਰ ਰਿਹਾ ਹਾਂ। ਸਾਧਨਾ ਨੂੰ ਕਰਦੇ ਰਹਿਣ ਦੇ ਨਾਲ ਸਾਧਕ

ਦੇ ਲਈ ਇਸ ਸੰਸਾਰ ਨੇ ਹੌਲੀ ਹੌਲੀ ਕਰਕੇ ਮਿਟਦੇ ਜਾਣਾ ਹੈ। ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਲੇ ਮਾਰਗ 'ਤੇ ਚੱਲਣ ਲਈ ਸੁਰਤੀ ਦਾ ਬਰੀਕ ਹੋਣਾ ਬਹੁਤ ਜ਼ਰੂਰੀ ਹੈ।

ਜਦੋਂ ਸੁਰਤੀ ਵਿਚਾਰਾਂ ਦੇ ਸੰਸਾਰ ਤੋਂ ਟੁੱਟ ਟੁੱਟ ਕੇ ਵਾਪਸ ਆਪਣੇ ਕੇਂਦਰ ਉੱਪਰ ਪਰਤ ਆਉਂਦੀ ਹੈ ਤਾਂ ਉਸ ਤੋਂ ਬਾਅਦ ਵਿਚ ਇਸ ਨੇ ਪਾਰਬ੍ਰਹਮ ਦੇ ਘਰ ਵੱਲ ਨੂੰ ਆਪਣੀ ਯਾਤਰਾ ਸ਼ੁਰੂ ਕਰ ਦੇਣੀ ਹੈ, ਜਿਸ ਦਾ ਕੋਈ ਅੰਤ ਨਹੀਂ ਹੈ ਜੋ ਕਿਨਾਰੇ ਤੋਂ ਰਹਿਤ ਹੈ। ਜਦੋਂ ਸੁਰਤੀ ਇਸ ਦਿਸ਼ਾ ਵੱਲ ਨੂੰ ਗਤੀ ਕਰਦੀ ਹੈ ਤਾਂ ਮਨ ਰੂਪੀ ਝੀਲ ਦਾ ਪਾਣੀ ਪੂਰਾ ਸ਼ਾਂਤ ਹੋ ਜਾਵੇਗਾ। ਮਨੁੱਖ ਦਾ ਜੀਵਨ ਉਸ ਦਿਸ਼ਾ ਵੱਲ ਨੂੰ ਗਤੀ ਕਰਨ ਲੱਗ ਜਾਂਦਾ ਹੈ, ਜਿੱਥੇ ਪਰਮ ਅਨੰਦ ਅਤੇ ਸ਼ਾਂਤੀ ਤੋਂ ਸਿਵਾਏ ਹੋਰ ਕੁੱਝ ਵੀ ਨਹੀਂ ਹੈ।

ਜੋ ਵੀ ਮਨੁੱਖ ਸਾਧਨਾ ਦੇ ਰਾਹੀਂ ਆਪਣੀ ਸੁਰਤੀ ਨੂੰ ਵਿਚਾਰਾਂ ਤੋਂ ਮੁਕਤ ਕਰ ਲੈਂਦਾ ਹੈ, ਉਸ ਮਨੁੱਖ ਦੇ ਜੀਵਨ ਵਿਚ ਸੰਗੀਤ ਨੇ ਪਰਵੇਸ਼ ਕਰ ਜਾਣਾ ਹੈ। ਸਾਧਨਾ ਕਰਨ ਵਾਲੇ ਮਨੁੱਖ ਦੇ ਅੰਦਰੋਂ ਕਰਤਾ-ਭਾਵ ਮਿਟ ਜਾਂਦਾ ਹੈ ਜਿਸ ਦੇ ਨਾਲ ਇਸ ਦੀ ਸੁਰਤੀ ਨੇ ਸਹਿਜ ਮੰਡਲ ਦੇ ਅੰਦਰ ਸਦਾ ਦੇ ਲਈ ਲੀਨ ਹੋ ਜਾਣਾ ਹੈ। ਮਨ ਨਾ ਤਾਂ ਚੰਗਾ ਹੈ ਅਤੇ ਨਾ ਹੀ ਬੁਰਾ ਹੈ, ਇਹ ਤਾਂ ਆਤਮਾ ਦੀਆਂ ਵਾਸ਼ਨਾਵਾਂ ਨੂੰ ਪੂਰਾ ਕਰਨ ਵਾਲਾ ਇੱਕ ਸੇਵਾਦਾਰ ਹੈ। ਆਤਮਾ ਦੇ ਅੰਦਰ ਜਿਸ ਤਰ੍ਹਾਂ ਦੀਆਂ ਵਾਸ਼ਨਾਵਾਂ ਹਨ, ਮਨ ਦਾ ਸੁਭਾਉ ਵੀ ਉਸੇ ਤਰ੍ਹਾਂ ਦਾ ਬਣ ਜਾਵੇਗਾ। ਵਾਸ਼ਨਾਵਾਂ ਦੀ ਸੰਗਤ ਵਿਚ ਮਨ ਗਤੀ ਕਰਦਾ ਹੈ।

ਮਸਤਕ ਦੇ ਦੋ ਭਾਗ ਹਨ—ਸੱਜਾ ਦਿਮਾਗ਼ ਅਤੇ ਖੱਬਾ ਦਿਮਾਗ਼। ਇਨ੍ਹਾਂ ਦੋਨੋਂ ਦੀ ਆਪਸ ਵਿਚ ਲਗਾਤਾਰ ਲੜਾਈ ਚੱਲਦੀ ਰਹਿੰਦੀ ਹੈ। ਜਦੋਂ ਪ੍ਰਕਾਸ਼ ਮਸਤਕ ਦੇ ਵਿਚਕਾਰ ਪਰਵੇਸ਼ ਕਰਨ ਲੱਗ ਜਾਵੇਗਾ ਤਾਂ ਉਸ ਮਨੁੱਖ ਦੇ ਮਨ ਅੰਦਰ ਦਿਨ ਰਾਤ ਚੱਲਣ ਵਾਲੀ ਲੜਾਈ ਹੌਲੀ ਹੌਲੀ ਕਰਕੇ ਬੰਦ ਹੋ ਜਾਵੇਗੀ। ਜਦੋਂ ਮਨੁੱਖ ਦੀ ਸੁਰਤੀ ਜਾਗ੍ਰਿਤ ਅਵਸਥਾ ਵਿਚ ਗਗਨ ਗੁਫ਼ਾ ਦੇ ਅੰਦਰ ਇਕਾਗਰ ਹੋਣ ਲੱਗ ਜਾਂਦੀ ਹੈ ਤਾਂ ਉਸ ਮਨੁੱਖ ਦੇ ਅੰਦਰੋਂ ਦੋਹਰਾ ਭਾਵ ਮਿਟਣ ਨਾਲ ਮਨ ਨੇ ਆਪਣੇ ਆਪ ਚੱਲਣ ਵਾਲੇ ਵਿਚਾਰਾਂ ਤੋਂ ਮੁਕਤ ਹੁੰਦੇ ਜਾਣਾ ਹੈ। ਇੱਕ ਸਮਾਂ ਐਸਾ ਆਵੇਗਾ, ਜਦੋਂ ਮਨ ਨੇ ਪਰਮ ਅਨੰਦ ਵਿਚ ਸਦਾ ਦੇ ਲਈ ਲੀਨ ਹੋ ਜਾਣਾ ਹੈ। ਮਨੁੱਖ ਦੇ ਮਨ ਅੰਦਰ ਇੱਕ ਐਸੀ ਸ਼ਕਤੀ ਹੈ ਜੋ ਜੀਵ ਆਤਮਾ ਦੇ ਅਗਿਆਨ ਨੂੰ ਖ਼ਤਮ ਕਰ ਕੇ ਇਸ ਦਾ ਮੇਲ ਪਰਮਾਤਮਾ ਦੇ ਨਾਲ ਕਰਵਾ ਸਕਦੀ ਹੈ। ਜੀਵ ਆਤਮਾ ਮਨ ਦੀ ਸਹਾਇਤਾ ਨਾਲ ਇੰਦਰੀਆਂ ਦੇ ਰਾਹੀਂ ਰਸਾਂ ਅਤੇ ਭੋਗਾਂ ਨੂੰ ਭੋਗਣਾ ਚਾਹੁੰਦੀ ਹੈ। ਇਸ ਨੂੰ ਕੇਵਲ ਮਨ ਹੀ ਵਾਪਸ ਮੋੜ ਕੇ ਲਿਆ ਸਕਦਾ ਹੈ, ਇਸ ਤੋਂ ਇਲਾਵਾ ਹੋਰ ਕੋਈ ਵੀ ਦੂਜਾ ਸਾਧਨ ਨਹੀਂ ਹੈ। ਮਨ ਅਸੀਮ ਸ਼ਕਤੀਆਂ ਦਾ ਮਾਲਕ ਹੈ, ਦੂਜੀ ਤਰਫ਼ ਇਹ ਚੰਚਲ ਵੀ ਬਹੁਤ ਹੈ। ਇਸੇ ਕਾਰਨ ਇਸ ਦੀ ਗਤੀ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਦੇ ਰਾਹੀਂ ਬਿਨਾਂ ਕਿਸੇ ਰੁਕਾਵਟ ਦੇ ਨਿਰੰਤਰ

ਹੋਈ ਜਾ ਰਹੀ ਹੈ। ਮਨ ਅਤਿ ਚੰਚਲ ਹੈ, ਕਦੇ ਇਹ ਸੋਚਦਾ ਹੈ ਸਾਰੀ ਦੁਨੀਆਂ ਦਾ ਰਾਜਾ ਬਣ ਜਾਵਾਂ, ਕਦੇ ਇਹ ਸੋਚਦਾ ਹੈ ਕਿ ਸਭ ਕੁੱਝ ਛੱਡ ਕੇ ਜੰਗਲਾਂ ਦੇ ਵਿਚ ਜਾ ਕੇ ਭਗਤੀ ਕਰਾਂ ਅਤੇ ਬ੍ਰਹਮ ਗਿਆਨੀ ਬਣ ਜਾਵਾਂ।

ਇਸ ਦੀ ਗਤੀ ਇੱਕ ਬਾਂਦਰ ਦੇ ਵਾਂਗੂੰ ਹੈ, ਜੋ ਇੱਕ ਟਾਹਣੀ ਤੋਂ ਦੂਜੀ ’ਤੇ ਛਲਾਂਗਾ ਮਾਰੀ ਹੀ ਜਾਂਦਾ ਹੈ। ਇਸ ਦੀ ਗਤੀ ਇੱਕ ਵਿਚਾਰ ਤੋਂ ਦੂਜੇ ਤੇ ਦੂਜੇ ਤੋਂ ਤੀਜੇ ’ਤੇ ਇਹ ਰੁਕਦਾ ਹੀ ਨਹੀਂ, ਬਲਕਿ ਵਿਚਾਰਾਂ ਦੇ ਰਾਹੀਂ ਇਹ ਸਦਾ ਗਤੀਮਾਨ ਰਹਿੰਦਾ ਹੈ। ਜਿਸ ਵੀ ਮਨੁੱਖ ਨੇ ਆਪਣੇ ਮਨ ਨੂੰ ਜਿੱਤਣਾ ਹੈ ਉਸ ਨੂੰ ਆਪਣੀ ਸ਼ੁਰੂਆਤ ਮੋਨ ਅਵਸਥਾ ਤੋਂ ਕਰਨੀ ਪਵੇਗੀ। ਮੇਰਾ ਕਹਿਣ ਤੋਂ ਭਾਵ ਪੁਰਾਣੀਆਂ ਗੱਲਾਂ ਨੂੰ ਬਾਰ ਬਾਰ ਨਹੀਂ ਦੁਹਰਾਉਣਾ, ਮਨ ਦੀ ਚੰਚਲਤਾ ਨੂੰ ਦੂਰ ਕਰਨ ਦੇ ਲਈ ਇਹ ਪਹਿਲੀ ਜੁਗਤੀ ਹੈ। ਮਨੁੱਖ ਦਾ ਦਿਮਾਗ਼ ਦੋ ਭਾਗਾਂ ਦੇ ਵਿਚ ਵੰਡਿਆ ਹੋਇਆ ਹੈ। ਹਰ ਦਿਨ ਸਾਧਨਾ ਕਰਨ ਦੇ ਨਾਲ ਇਸ ਨੇ ਦੋ ਭਾਗਾਂ ਤੋਂ ਇੱਕ ਭਾਗ ਦੇ ਵਿਚ ਤਬਦੀਲ ਹੁੰਦੇ ਜਾਣਾ ਹੈ। ਉਸ ਤੋਂ ਬਾਅਦ ਤੁਹਾਡੇ ਅੰਦਰੋਂ ਇੱਕ ਨਵੇਂ ਹੀ ਇਨਸਾਨ ਦਾ ਜਨਮ ਹੋ ਜਾਵੇਗਾ ਜੋ ਮਨੁੱਖ ਤੁਹਾਡੇ ਅੰਦਰ ਪਹਿਲਾਂ ਰਹਿੰਦਾ ਸੀ, ਉਸ ਨੇ ਹੌਲੀ ਹੌਲੀ ਕਰਕੇ ਮਿਟਦੇ ਜਾਣਾ ਹੈ।

ਅਰਧ ਚੇਤਨ ਮਨ ਅੰਦਰ ਵਿਚਾਰਾਂ ਨੂੰ ਜਨਮ ਦੇਣ ਵਾਲੀਆਂ ਇੰਦਰੀਆਂ ਦੇ ਸੁਰਾਖ਼ ਹਨ, ਜਿਨ੍ਹਾਂ ਦੇ ਰਾਹੀਂ ਲਗਾਤਾਰ ਵਿਚਾਰ ਅਚੇਤ ਮਨ ਤੋਂ ਚੇਤਨ ਮਨ ਦੇ ਅੰਦਰ ਪਰਵੇਸ਼ ਕਰਦੇ ਰਹਿੰਦੇ ਹਨ। ਇਨ੍ਹਾਂ ਵਿਚਾਰਾਂ ਨੂੰ ਚੇਤਨ ਮਨ ਤੱਕ ਪਹੁੰਚਾਉਣ ਦੇ ਲਈ ਅਰਧ ਚੇਤਨ ਮਨ ਸਾਰਾ ਕਾਰਜ ਕਰਦਾ ਹੈ। ਚੇਤਨ ਮਨ ਨੂੰ ਜਿਸ ਵੀ ਜਾਣਕਾਰੀ ਦੀ ਜ਼ਰੂਰਤ ਪੈਂਦੀ ਹੈ ਤਾਂ ਅਰਧ ਚੇਤਨ ਮਨ ਉਸ ਜਾਣਕਾਰੀ ਨੂੰ ਅਚੇਤ ਮਨ ਦੇ ਅੰਦਰੋਂ ਲੱਭ ਲੱਭ ਕੇ ਆਪਣੇ ਕੋਲ ਲਈ ਆਉਂਦਾ ਹੈ ਜਿਸ ਦੀ ਵਰਤੋਂ ਚੇਤਨ ਮਨ ਕਰਦਾ ਹੈ। ਅਰਧ ਚੇਤਨ ਮਨ ਇੱਕ ਚੰਗਾ ਸੈਕਟਰੀ ਹੈ। ਕਈ ਵਾਰ ਮਨੁੱਖ ਕਿਸੇ ਗੱਲ ਨੂੰ ਯਾਦ ਕਰਨ ਦੇ ਲਈ ਬਹੁਤ ਕੋਸ਼ਿਸ਼ ਕਰਦਾ ਹੈ। ਇਸ ਦੇ ਬਾਵਜੂਦ ਵੀ ਉਹ ਗੱਲ ਚੇਤੇ ਨਹੀਂ ਆਉਂਦੀ। ਇਸ ਦੇਰੀ ਦਾ ਕਾਰਨ ਹੈ, ਅਰਥ ਚੇਤਨ ਮਨ ਉਸ ਜਾਣਕਾਰੀ ਨੂੰ ਅਚੇਤ ਮਨ ਦੀਆਂ ਸਿਮਰਤੀਆਂ ਦੇ ਵਿੱਚੋਂ ਲੱਭਣੇ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਜਾਣਕਾਰੀ ਨੂੰ ਲੱਭਣ ਦੀ ਭੱਜ ਦੌੜ ਦੇ ਵਿਚ ਹੀ ਅਰਧ ਚੇਤਨ ਮਨ ਨੂੰ ਜ਼ਰੂਰੀ ਜਾਣਕਾਰੀ ਨਹੀਂ ਲੱਭਦੀ। ਇਸ ਦੇ ਲਈ ਸਮਾਂ ਲੰਘੀ ਜਾਂਦਾ ਹੈ। ਜਦੋਂ ਬੱਚਾ ਪੈਦਾ ਹੁੰਦਾ ਹੈ ਤਾਂ ਅਰਧ ਚੇਤਨ ਮਨ ਰੂਪੀ ਜੋ ਦੀਵਾਰ ਹੈ, ਉਸ ਦੇ ਅੰਦਰ ਸੁਰਾਖ਼ਾਂ ਦੇ ਮੂੰਹ ਬਿਲਕੁਲ ਛੋਟੇ ਛੋਟੇ ਹੁੰਦੇ ਹਨ, ਜਿਨ੍ਹਾਂ ਦੇ ਰਾਹੀਂ ਬਹੁਤ ਘੱਟ ਵਿਚਾਰ ਹੀ ਚੇਤਨ ਮਨ ਦੇ ਅੰਦਰ ਪਰਵੇਸ਼ ਕਰਦੇ ਹਨ। ਤੁਸੀਂ ਦੇਖਿਆ ਹੋਣਾ ਕਿ ਛੋਟੇ ਬੱਚੇ ਜੀਵਨ ਦਾ ਪੂਰਾ ਅਨੰਦ ਮਾਣਦੇ ਹੋਏ ਇਸ ਨੂੰ ਬਤੀਤ ਕਰਦੇ ਹਨ। ਉਮਰ ਵਧਣ ਦੇ ਨਾਲ ਅਨੰਦ ਹੌਲੀ ਹੌਲੀ ਕਰਕੇ ਘਟਦਾ ਜਾਂਦਾ ਹੈ। ਵਿਚਾਰਾਂ ਦੇ ਕਾਰਨ ਮਨੁੱਖ ਦੀ ਹਾਲਤ ਰੇਸ਼ਮ ਦੇ ਕੀੜੇ ਵਾਂਗੂੰ ਹੋ ਜਾਂਦੀ ਹੈ। ਮਨੁੱਖ ਦੀ ਉਮਰ ਵਧਣ ਨਾਲ ਅਰਧ ਚੇਤਨ ਮਨ ਦੇ ਅੰਦਰ ਸੁਰਾਖ਼ਾਂ ਦੇ ਮੂੰਹ ਹੌਲੀ ਹੌਲੀ ਕਰ ਕੇ ਵੱਡੇ ਹੋਈ ਜਾਂਦੇ ਹਨ। ਜਿੰਨੇ ਜ਼ਿਆਦਾ ਵੱਡੇ ਸੁਰਾਖ਼, ਓਨੇ ਹੀ ਜ਼ਿਆਦਾ ਵਿਚਾਰਾਂ ਨੇ ਚੇਤਨ ਮਨ ਦੇ ਅੰਦਰ ਪਰਵੇਸ਼ ਕਰੀ ਜਾਣਾ ਹੈ।

ਚੇਤਨ ਮਨ ਨੂੰ ਜਿਸ ਵੀ ਜਾਣਕਾਰੀ ਦੀ ਜ਼ਰੂਰਤ ਪੈਂਦੀ ਹੈ ਤਾਂ ਅਰਧ ਚੇਤਨ ਮਨ ਕੁੱਝ ਛਿਣਾਂ ਦੇ ਵਿਚ ਉਸ ਜਾਣਕਾਰੀ ਨੂੰ ਅਚੇਤ ਮਨ ਦੇ ਵਿੱਚੋਂ ਖਿੱਚ ਕੇ ਆਪਣੇ ਕੋਲ ਲੈ ਆਉਂਦਾ ਹੈ। ਇਹ ਸਾਰਾ ਕਾਰਜ ਮਸਤਕ ਦੇ ਅੰਦਰ ਐਨੀ ਗਤੀ ਦੇ ਨਾਲ ਵਾਪਰਦਾ ਹੈ ਕਿ ਮਨੁੱਖ ਨੂੰ ਇਸ ਅੰਦਰੂਨੀ ਕਿਰਿਆ ਦੇ ਬਾਰੇ ਕੋਈ ਪਤਾ ਨਹੀਂ ਚੱਲਦਾ। ਚੇਤਨ ਮਨ ਹੀ ਅਰਧ ਚੇਤਨ ਮਨ ਦੀ ਮਦਦ ਨਾਲ ਅਚੇਤ ਮਨ ਦੇ ਅੰਦਰ ਜਾਣਕਾਰੀਆਂ ਨੂੰ ਸਿਮਰਤੀਆਂ ਦੇ ਰੂਪ ਵਿਚ ਸਟੋਰ ਕਰ ਕੇ ਰੱਖੀ ਜਾਂਦਾ ਹੈ।

ਆਤਮਾ ਆਪਣੀ ਮਰਜ਼ੀ ਦੇ ਨਾਲ ਇੰਦਰੀਆਂ ਦੇ ਰਾਹੀਂ ਰਸਾਂ ਅਤੇ ਭੋਗਾਂ ਨੂੰ ਭੋਗਣਾ ਚਾਹੁੰਦੀ ਹੈ। ਆਤਮਾ ਨੂੰ ਮਨਮਾਨੀ ਕਰਨ ਤੋਂ ਕੇਵਲ ਮਨ ਹੀ ਰੋਕ ਸਕਦਾ ਹੈ। ਵਿਚਾਰਾਂ ਮੁਕਤ ਸੁਰਤੀ ਬ੍ਰਹਮ ਦਾ ਹੀ ਰੂਪ ਹੈ। ਸੁਰਤੀ ਹੀ ਪਰਮ ਅੰਮ੍ਰਿਤ ਅਤੇ ਸ਼ਾਂਤੀ ਦਾ ਸਾਗਰ ਹੈ। ਡਰਿਆ ਜਾਂ ਘਬਰਾਇਆ ਮਨ ਪਰਮਾਤਮਾ ਰੂਪੀ ਚੇਤਨਾ ਦੇ ਸਾਗਰ ਵਿਚ ਪਰਵੇਸ਼ ਕਰਨ ਦੀ ਹਿੰਮਤ ਨਹੀਂ ਜੁਟਾ ਪਾਉਂਦਾ। ਜਦੋਂ ਸਾਧਨਾ ਕਰਨ ਵਿਚ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਅਨੁਭਵ ਹੁੰਦੇ ਹਨ ਤਾਂ ਕਮਜ਼ੋਰ ਮਨ ਵਾਲੇ ਮਨੁੱਖ ਨੇ ਡਰ ਜਾਣਾ ਹੈ। ਸਾਧਨਾ ਇਸ ਲਈ ਕਰਨੀ ਹੈ ਤਾਂ ਜੋ ਮਨ ਨੂੰ ਸ਼ਕਤੀ ਪ੍ਰਦਾਨ ਕੀਤੀ ਜਾਵੇ। ਇੱਕ ਸ਼ਕਤੀਸ਼ਾਲੀ ਮਨ ਹੀ ਆਤਮਾ ਨੂੰ ਪਰਮਾਤਮਾ ਦੇ ਸਨਮੁੱਖ ਲੈ ਕੇ ਜਾ ਸਕਦਾ ਹੈ। ਤੁਹਾਨੂੰ ਪਤਾ ਲੱਗ ਜਾਵੇਗਾ ਜਦੋਂ ਤੁਸੀਂ ਇਸ ਅਵਸਥਾ ਵਿਚ ਪਰਵੇਸ਼ ਕੀਤਾ। ਮਨੁੱਖ ਦਾ ਮਨ ਹੀ ਇਸ ਦਾ ਅਸਲੀ ਗੁਰੂ ਹੈ ਜੋ ਹਰ ਪਲ ਇਸ ਦੇ ਨਾਲ ਇੱਕ ਰਖਵਾਲੇ ਦੇ ਵਾਂਗੂੰ ਰਹਿੰਦਾ ਹੈ। ਮਨ ਹੀ ਮਨੁੱਖ ਦੀਆਂ ਸਾਰੀਆਂ ਹਰਕਤਾਂ ਦੇ ਉੱਪਰ ਨਜ਼ਰ ਰੱਖਦਾ ਹੈ। ਇਹ ਮਨੁੱਖ ਨੂੰ ਬੁਰੇ ਕਰਮ ਕਰਨ ਤੋਂ ਰੋਕਦਾ ਵੀ ਹੈ।

ਜੋ ਮਨੁੱਖ ਬਾਹਰੋਂ ਚੰਗੇ ਚਰਿੱਤਰ ਨੂੰ ਸਾਧਨ ਦੀ ਕੋਸ਼ਿਸ਼ ਕਰ ਰਿਹਾ ਹੈ, ਇਸ ਤਰ੍ਹਾਂ ਗਤੀ ਕਰਨ ਦੇ ਨਾਲ ਮਨ ਅਤੇ ਆਤਮਾ ਨਿਰਮਲ ਨਹੀਂ ਹੋ ਸਕਦੇ, ਭਾਵੇਂ ਜਿੰਨਾ ਚਿਰ ਮਰਜ਼ੀ ਚੰਗੇ ਚਰਿੱਤਰ ਨੂੰ ਸਾਧਿਆ ਜਾਵੇ। ਜੇਕਰ ਯਕੀਨ ਨਹੀਂ ਆਉਂਦਾ ਤਾਂ ਤੁਸੀਂ ਜਿੰਨਾ ਚਿਰ ਮਰਜ਼ੀ ਚੰਗੇ ਚਰਿੱਤਰ ਨੂੰ ਸਾਧ ਕੇ ਦੇਖ ਸਕਦੇ ਹੋ। ਮਨੁੱਖ ਦਾ ਮਨ ਤਦ ਤੱਕ ਨਿਰਮਲ ਨਹੀਂ ਹੋ ਸਕਦਾ ਜਿੰਨਾ ਚਿਰ ਤੱਕ ਇਹ ਨਿਰ-ਵਿਚਾਰ ਸਮਾਧੀ ਦੇ ਅੰਦਰ ਪਰਵੇਸ਼ ਨਹੀਂ ਕਰ ਜਾਂਦਾ। ਮਨੁੱਖ ਦੇ ਮਨ ਅੰਦਰ ਚੰਗਿਆਈ ਨਹੀਂ ਠਹਿਰ ਸਕਦੀ ਕਿਉਂਕਿ ਇਸ ਦੇ ਮਨ ਅੰਦਰ ਵਿਚਾਰਾਂ ਦੇ ਰੂਪ ਵਿਚ ਬਹੁਤ ਸਾਰੇ ਸੁਰਾਖ਼ ਹਨ। ਇਹੀ ਕਾਰਨ ਹੈ ਮਨੁੱਖ ਦਾ ਮਨ ਚੰਗੇ ਗੁਣਾਂ ਰੂਪੀ ਅੰਮ੍ਰਿਤ ਨੂੰ ਆਪਣੇ ਅੰਦਰ ਰੋਕ ਕੇ ਰੱਖਣ ਵਿਚ ਅਸਮਰੱਥ ਹੈ। ਹਰ ਦਿਨ ਸਾਧਨਾ ਕਰਨ ਦੇ ਨਾਲ ਇੱਕ ਸਮਾਂ ਐਸਾ ਆ ਜਾਵੇਗਾ ਕਿ ਜੀਵਨ ਵਿਚ ਜੋ ਵੀ ਉਥਲ-ਪੁਥਲ ਮਚੀ ਹੋਈ ਸੀ, ਉਹ ਆਪਣੇ ਆਪ ਠੀਕ ਹੁੰਦੀ ਜਾਵੇਗੀ। ਮਸਤਕ ਦੇ ਵਿਚ ਪਹਿਲਾਂ ਜੋ ਦੋ ਕਰਤਾ ਸਨ, ਉਨ੍ਹਾਂ ਦੋਨਾਂ ਨੇ ਇੱਕ ਦੇ ਵਿਚ ਤਬਦੀਲ ਹੋ ਜਾਣਾ ਹੈ। ਇਸ ਤੋਂ ਬਾਅਦ ਕੁੱਝ ਵੀ ਕਰਨ ਦੀ ਲੋੜ ਨਹੀਂ ਪੈਂਦੀ। ਮਨ ਦੇ ਸੁੱਤੇ ਭਾਗ ਅੰਦਰ ਜਦੋਂ ਪ੍ਰਕਾਸ਼ ਪਰਵੇਸ਼ ਕਰਦਾ ਹੈ ਤਾਂ ਮਸਤਕ ਦੇ ਸੁੱਤੇ ਭਾਗ ਨੇ ਜਾਗਦੇ ਜਾਣਾ ਹੈ। ਮਸਤਕ ਦੇ ਵਿਚ ਪ੍ਰਕਾਸ਼ ਪਰਵੇਸ਼ ਕਰਨ ਦੇ ਨਾਲ ਜੋ ਮਨੁੱਖ ਪਹਿਲਾਂ ਕਈ ਮਨੁੱਖਾਂ ਦੀ ਭੀੜ

ਦੇ ਵਿਚ ਵੰਡਿਆ ਹੋਇਆ ਸੀ, ਉਹ ਭੀੜ ਇਸ ਦੇ ਅੰਦਰੋਂ ਖ਼ਤਮ ਹੋ ਜਾਵੇਗੀ, ਅੰਦਰ ਕੇਵਲ ਇੱਕੋ ਹੀ ਕਰਤਾ ਬਚੇਗਾ। ਪਹਿਲਾਂ ਘਰ ਦੇ ਮਾਲਕ ਦੀ ਗ਼ੈਰ ਮੌਜੂਦਗੀ ਦੇ ਵਿਚ ਜੋ ਵੀ ਕਰਮ ਕੀਤੇ ਜਾ ਰਹੇ ਸਨ, ਉਨ੍ਹਾਂ 'ਤੇ ਰੋਕ ਲੱਗ ਜਾਵੇਗੀ।

ਇਸ ਅਵਸਥਾ ਨੂੰ ਪ੍ਰਾਪਤ ਕਰਨ ਵਾਲੇ ਮਨੁੱਖ ਅੰਦਰ ਵਿਵੇਕ ਬੁੱਧੀ ਰੂਪੀ ਦੀਪਕ ਨੇ ਪ੍ਰਕਾਸ਼ਮਾਨ ਹੋ ਜਾਣਾ ਹੈ ਜਿਸ ਨਾਲ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਰੂਪੀ ਹਨੇਰੇ ਤੋਂ ਮੁਕਤੀ ਮਿਲ ਜਾਵੇਗੀ।

ਸਰੀਰ ਤੰਦਰੁਸਤ ਹੋਣ ਦੇ ਨਾਲ ਬਿਮਾਰੀ ਆਪਣੇ ਆਪ ਸਰੀਰ ਦੇ ਨਾਲੋਂ ਅਲੱਗ ਹੋ ਜਾਂਦੀ ਹੈ, ਨਾ ਕਿ ਬਿਮਾਰੀ ਨੂੰ ਛੱਡਣ ਦੇ ਲਈ ਕੋਈ ਕੋਸ਼ਿਸ਼ ਕਰਨੀ ਪੈਂਦੀ ਹੈ। ਇਸੇ ਹੀ ਤਰ੍ਹਾਂ ਜਦੋਂ ਸਾਧਕ ਇਸ ਅਵਸਥਾ ਵਿਚ ਪਹੁੰਚ ਜਾਂਦਾ ਹੈ ਤਾਂ ਜਿਸ ਤਰ੍ਹਾਂ ਫਲ ਪੱਕਣ ਤੋਂ ਬਾਅਦ ਆਪਣੇ ਆਪ ਦਰੱਖ਼ਤ ਦੇ ਨਾਲੋਂ ਅਲੱਗ ਹੋ ਜਾਂਦਾ ਹੈ, ਇਸੇ ਹੀ ਤਰ੍ਹਾਂ ਉਸ ਮਨੁੱਖ ਨੂੰ ਕਿਸੇ ਵੀ ਔਗੁਣ ਦਾ ਤਿਆਗ ਕਰਨ ਦੀ ਲੋੜ ਨਹੀਂ ਪੈਂਦੀ।

ਦੂਜੀ ਤਰਫ਼ ਜਦੋਂ ਕੱਚੇ ਫਲ ਨੂੰ ਜ਼ਬਰਦਸਤੀ ਕਰ ਕੇ ਦਰੱਖ਼ਤ ਦੇ ਨਾਲੋਂ ਅਲੱਗ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਨਾ ਤਾਂ ਦਰੱਖ਼ਤ ਫਲ ਨੂੰ ਛੱਡਦਾ ਹੈ ਅਤੇ ਨਾ ਹੀ ਫਲ ਦਰੱਖ਼ਤ ਛੱਡਣ ਨੂੰ ਤਿਆਰ ਹੁੰਦਾ ਹੈ।

ਇਸ ਕਿਰਿਆ ਦੇ ਵਿਚ ਦੋਨਾਂ ਨੂੰ ਤਕਲੀਫ਼ ਹੁੰਦੀ ਹੈ। ਜਦੋਂ ਮਨ ਅਤੇ ਆਤਮਾ ਨਿਰਮਲ ਹੋ ਜਾਂਦੇ ਹਨ ਤਾਂ ਇਨ੍ਹਾਂ ਆਪਣੇ ਆਪ ਔਗੁਣਾਂ ਦਾ ਤਿਆਗ ਕਰ ਦੇਣਾ ਹੈ। ਕਮਰੇ ਦੇ ਅੰਦਰ ਹਨੇਰਾ ਇਸ ਕਾਰਨ ਹੈ ਕਿਉਂਕਿ ਕਮਰੇ ਦੇ ਅੰਦਰ ਪ੍ਰਕਾਸ਼ ਨਹੀਂ ਹੈ; ਪ੍ਰਕਾਸ਼ ਆਇਆ, ਹਨੇਰਾ ਗਿਆ। ਮਨੁੱਖ ਦੇ ਨਾਲ ਇਸ ਦਾ ਮਨ ਕਦੇ ਵੀ ਮੌਜੂਦ ਨਹੀਂ ਹੈ। ਇਹ ਆਪਣੇ ਆਪ ਵਿਚ ਤਾਣੇ ਬਾਣੇ ਉਣਦਾ ਹੋਇਆ ਵਿਚਾਰਾਂ ਦੀਆਂ ਗੁੰਝਲਾਂ ਦੇ ਵਿਚ ਗਵਾਚਿਆ ਰਹਿੰਦਾ ਹੈ। ਸਾਧਨਾ ਦੀ ਮਦਦ ਤੋਂ ਬਿਨਾਂ ਇਹ ਆਪਣੇ ਆਪ ਵਿਚਾਰਾਂ ਦੀਆਂ ਉਲਝਣਾਂ ਦੇ ਵਿੱਚੋਂ ਬਾਹਰ ਨਹੀਂ ਨਿਕਲ ਸਕਦਾ।

ਜਦੋਂ ਸੁਨਿਆਰਾ ਸੋਨੇ ਦੇ ਗਹਿਣੇ ਬਣਾਉਂਦਾ ਹੈ ਤਾਂ ਉਹ ਸੋਨੇ ਦੇ ਨਾਲ ਕਈ ਹੋਰ ਧਾਤੂਆਂ ਦੀ ਮਿਲਾਵਟ ਵੀ ਕਰ ਦੇਂਦਾ ਹੈ, ਜੋ ਕਿ ਦੇਖਣ ਦੇ ਵਿਚ ਸਾਨੂੰ ਬਿਲਕੁਲ ਸੋਨੇ ਵਾਂਗੂੰ ਹੀ ਨਜ਼ਰ ਆਉਂਦੇ ਹਨ। ਕਈ ਵਾਰ ਨਕਲੀ ਗਹਿਣੇ ਮਨੁੱਖ ਨੂੰ ਅਸਲੀ ਹੋਣ ਦਾ ਭਰਮ ਪਾ ਦੇਂਦੇ ਹਨ। ਸੋਨੇ ਦੀ ਖੋਟ ਨੂੰ ਦੂਰ ਕਰਨ ਦੇ ਲਈ ਅੱਗ ਵਾਲੀ ਭੱਠੀ ਦੀ ਵਰਤੋਂ ਕਰਨੀ ਪੈਂਦੀ ਹੈ ਤਾਂ ਜੋ ਮੈਲ ਨੂੰ ਸਾੜ ਕੇ ਦੁਬਾਰਾ ਸ਼ੁੱਧ ਸੋਨੇ ਨੂੰ ਪ੍ਰਾਪਤ ਕਰ ਲਿਆ ਜਾਵੇ।

ਇਸੇ ਹੀ ਤਰ੍ਹਾਂ ਸਾਨੂੰ ਸਮਾਧੀ ਦੀ ਭੱਠੀ ਦੇ ਵਿੱਚੋਂ ਦੀ ਬਾਰ ਬਾਰ ਲੰਘਣਾ ਪੈਣਾ ਹੈ, ਤਾਂ ਹੀ ਸਾਡੀ ਆਤਮਾ ਨੂੰ ਇਸ ਦੇ ਉੱਪਰ ਚਿੰਬੜੀ ਸੰਸਕਾਰਾਂ ਰੂਪੀ ਨਕਲੀ ਸੋਨੇ ਦੀ ਮੈਲ ਤੋਂ ਮੁਕਤੀ ਮਿਲ ਸਕਦੀ ਹੈ। ਪਰ ਕੀਤਾ ਕੀ ਜਾਵੇ, ਨਕਲੀ ਸੋਨੇ ਦੇ ਗਹਿਣੇ ਦੇਖਣ ਨੂੰ ਬਹੁਤ ਖ਼ੂਬਸੂਰਤ ਅਤੇ ਮਨਮੋਹਣੇ ਲੱਗਦੇ ਹਨ। ਨਕਲੀ ਸੋਨਾ ਵੀ ਦੇਖਣ ਦੇ ਵਿਚ ਬਿਲਕੁਲ ਅਸਲੀ ਸੋਨੇ ਦੇ ਵਾਂਗੂੰ ਦਿਖਾਈ ਦੇਂਦਾ ਹੈ। ਇਸ

ਕਾਰਨ ਮਨੁੱਖ ਦਾ ਮਨ ਉਨ੍ਹਾਂ ਨੂੰ ਤਿਆਗਣ ਲਈ ਤਿਆਰ ਨਹੀਂ ਹੁੰਦਾ। ਜਿਸ ਮਨੁੱਖ ਨੂੰ ਇਹ ਸਮਝ ਆ ਜਾਵੇ ਕਿ ਉਸ ਦੇ ਹੱਥਾਂ ਵਾਲਾ ਸੋਨਾ ਨਕਲੀ ਹੈ ਜਿਸ ਨੂੰ ਉਹ ਅਸਲੀ ਸਮਝ ਰਿਹਾ ਸੀ ਤਾਂ ਨਕਲੀ ਸੋਨੇ ਦਾ ਤਿਆਗ ਕਰਨ ਵਿਚ ਜ਼ਿਆਦਾ ਮੁਸ਼ਕਲ ਨਹੀਂ ਆਉਂਦੀ। ਨਕਲੀ ਦਾ ਤਿਆਗ ਕਰਨ ਤੋਂ ਬਾਅਦ ਹੀ ਅਸਲੀ ਸੋਨੇ ਨੂੰ ਪ੍ਰਾਪਤ ਕਰਨ ਲਈ ਖੋਜ ਆਰੰਭ ਕੀਤੀ ਜਾ ਸਕਦੀ ਹੈ।

ਜਿਸ ਮਨੁੱਖ ਨੂੰ ਇਹ ਗਿਆਨ ਹੋ ਚੁੱਕਿਆ ਹੈ ਕਿ ਜਿਸ ਸੋਨੇ ਨੂੰ ਉਹ ਅਸਲ ਸਮਝ ਰਿਹਾ ਸੀ, ਉਹ ਤਾਂ ਨਕਲੀ ਸੋਨਾ ਹੈ। ਫਿਰ ਇਸ ਮਨੁੱਖ ਦੇ ਲਈ ਨਕਲੀ ਸੋਨੇ ਦਾ ਤਿਆਗ ਕਰਨ ਵਿਚ ਭਲਾ ਕੀ ਮੁਸ਼ਕਲ ਆ ਸਕਦੀ ਹੈ। ਕੇਵਲ ਸਾਧਨਾ ਦੀ ਮਦਦ ਨਾਲ ਸੰਸਕਾਰਾਂ ਰੂਪੀ ਮਿਲਾਵਟ ਨੂੰ ਆਤਮਾ ਦੇ ਨਾਲੋਂ ਅਲੱਗ ਕੀਤਾ ਜਾ ਸਕਦਾ ਹੈ।

ਦੇਖੋ ਇੱਕ ਗੱਲ ਨੂੰ ਸਮਝ ਲੈਣਾ ਬਹੁਤ ਜ਼ਰੂਰੀ ਹੈ ਕਿ ਸੱਚ ਸ਼ੁੱਧ ਸੋਨੇ ਦੇ ਵਾਂਗੂੰ ਹੈ। ਨਕਲੀ ਨੂੰ ਘਸਵੱਟੀ 'ਤੇ ਚੜ੍ਹਨ ਦੇ ਲਈ ਡਰ ਲੱਗੇਗਾ। ਸ਼ੁੱਧ ਸੋਨੇ ਦੀ ਤੁਸੀਂ ਜਿੰਨੀ ਮਰਜ਼ੀ ਪਰਖ ਕਰ ਕੇ ਦੇਖ ਲੈਣਾ, ਉਹਨੂੰ ਘਸਵੱਟੀ ਤੋਂ ਡਰਨ ਦੀ ਕੀ ਲੋੜ। ਸਮਾਧੀ ਰੂਪੀ ਭੱਠੀ ਦੀ ਅੱਗ ਕੇਵਲ ਨਕਲੀ ਨੂੰ ਹੀ ਸਾੜ ਸਕਦੀ ਹੈ। ਆਖ਼ਰ ਦੇ ਵਿਚ ਤੁਹਾਡੇ ਕੋਲ ਕੇਵਲ ਅਸਲੀ ਸੋਨਾ ਹੀ ਬੱਚ ਜਾਵੇਗਾ, ਕੇਵਲ ਸ਼ੁੱਧ ਚੇਤਨਾ। ਮਨ ਨੇ ਆਪਣੇ ਅਸਲੀ ਰੂਪ ਦੇ ਵਿਚ ਆ ਜਾਣਾ ਹੈ। ਜਿਸ ਦੇ ਅੰਦਰ ਵਿਚਾਰ ਨਹੀਂ ਹਨ , ਮਨ ਅਤੇ ਆਤਮਾ ਅਗਿਆਨ ਕਾਰਨ ਹੀ ਮਨੁੱਖ ਦੇ ਅੰਦਰ ਔਗੁਣ ਪੈਦਾ ਹੋ ਰਹੇ ਸਨ। ਜਿਨ੍ਹਾਂ ਘਰਾਂ ਦੇ ਅੰਦਰ ਚਾਨਣ ਨਹੀਂ ਹੁੰਦਾ, ਅਕਸਰ ਉਨ੍ਹਾਂ ਘਰਾਂ ਦੇ ਅੰਦਰ ਚੋਰ ਵੜ ਜਾਂਦੇ ਹਨ। ਇਸੇ ਹੀ ਤਰ੍ਹਾਂ ਅਗਿਆਨਤਾ ਮਨੁੱਖ ਦੇ ਮਨ ਅੰਦਰ ਚੇਤਨਾ ਰੂਪੀ ਦੀਵੇ ਦੇ ਪ੍ਰਕਾਸ਼ ਨੂੰ ਹੌਲੀ ਹੌਲੀ ਕਰਕੇ ਬੁਝਾਈ ਜਾਂਦੀ ਹੈ। ਜਦੋਂ ਸਾਧਕ ਆਪਣੇ ਮਸਤਕ ਅੰਦਰ ਸੁਰਤੀ ਨੂੰ ਇਕਾਗਰ ਕਰਕੇ ਆਪਣੇ ਅੰਦਰ ਸਮੁੰਦਰ ਤੋਂ ਵੀ ਗਹਿਰੇ ਤਲਾਂ ਦੇ ਵਿਚ ਡੁੱਬਦਾ ਹੀ ਜਾਂਦਾ ਹੈ ਤਾਂ ਇੱਕ ਸਮਾਂ ਐਸਾ ਆਵੇਗਾ ਜਦੋਂ ਉਸ ਦੀ ਸੁਰਤੀ ਦਾ ਪਰਵੇਸ਼ ਇੱਕ ਸ਼ਾਂਤੀ-ਨੁਮਾ ਮੰਡਲ ਦੇ ਵਿਚ ਹੋ ਜਾਣਾ ਹੈ। ਇਸ ਅਨੰਦਮਈ ਅਵਸਥਾ ਨੂੰ ਜਦੋਂ ਮਨ ਇੱਕ ਵਾਰ ਅਨੁਭਵ ਕਰ ਲੈਂਦਾ ਹੈ, ਉਸ ਤੋਂ ਬਾਅਦ ਫਿਰ ਮਨ ਨੇ ਪਿੱਛੇ ਮੁੜ ਕੇ ਨਹੀਂ ਦੇਖਣਾ।

ਨਿਰ-ਵਿਚਾਰ ਸਮਾਧੀ ਦੇ ਵਿਚ ਮਨ ਕੁੱਝ ਇੱਦਾਂ ਦਾ ਅਨੁਭਵ ਕਰ ਲੈਂਦਾ ਹੈ ਜਿਸ ਦੀ ਮੰਗ ਇਸ ਨੇ ਮਨੁੱਖ ਦੇ ਕੋਲੋਂ ਬਾਰ ਬਾਰ ਕਰਨੀ ਹੈ। ਤੁਸੀਂ ਪਹਿਲਾਂ ਜਿਨ੍ਹਾਂ ਕਰਮਾਂ ਨੂੰ ਕਰਨ ਦੇ ਵਿਚ ਸੁੱਖ ਨੂੰ ਅਨੁਭਵ ਕਰਦੇ ਸੀ, ਹੁਣ ਉਨ੍ਹਾਂ ਕਰਮਾਂ ਨੂੰ ਕਰਨ ਦੇ ਨਾਲ ਤੁਹਾਨੂੰ ਸੁੱਖ ਅਨੁਭਵ ਨਹੀਂ ਹੋਵੇਗਾ। ਮਨ ਜਦੋਂ ਵਿਚਾਰਾਂ ਤੋਂ ਮੁਕਤ ਹੋ ਜਾਂਦਾ ਹੈ ਤਾਂ ਜੀਵ ਆਤਮਾ ਸਹਿਜ ਅਵਸਥਾ ਅੰਦਰ ਮੌਜੂਦ ਅਨੰਦ ਰੂਪੀ ਸੋਮ ਰਸ ਨੂੰ ਦਿਨ ਰਾਤ ਪੀਂਦੀ ਹੈ। ਸੁਰਤੀ ਦਾ ਆਤਮਾ ਦੇ ਨਾਲ ਹੋਣਾ ਹੀ ਪਰਮ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਹੈ। ਮਨ ਇੰਦਰੀਆਂ ਦੇ ਰਾਹੀਂ ਬਾਹਰ ਭਟਕ ਰਿਹਾ ਹੈ, ਇਸ ਕਾਰਨ ਮਨੁੱਖ ਪਰੇਸ਼ਾਨ ਹੈ। ਮਨੁੱਖ ਦੇ ਮਨ ਦਾ ਬਹੁਤ ਥੋੜ੍ਹਾ ਜਿਹਾ ਹਿੱਸਾ ਹੀ ਚੇਤਨ ਮਨ ਹੈ। ਬਾਕੀ ਸਾਰੇ ਦਾ ਸਾਰਾ ਅਚੇਤ ਮਨ ਹੈ ਜੋ ਕਿ

ਬਹੁਤ ਹੀ ਵਿਸ਼ਾਲ ਹੈ। ਜਿਸ ਤਰ੍ਹਾਂ ਬਰਫ਼ ਦੇ ਟੁਕੜੇ ਨੂੰ ਪਾਣੀ ਦੇ ਵਿਚ ਰੱਖਣ ਤੋਂ ਬਾਅਦ ਬਰਫ਼ ਦਾ ਕੇਵਲ 25% ਹਿੱਸਾ ਹੀ ਪਾਣੀ ਦੇ ਉੱਪਰ ਦਿਖਾਈ ਦਿੰਦਾ ਹੈ, ਬਾਕੀ 75% ਬਰਫ਼ ਦਾ ਹਿੱਸਾ ਪਾਣੀ ਦੇ ਅੰਦਰ ਲੁਕਿਆ ਰਹਿ ਜਾਂਦਾ ਹੈ। ਇਸੇ ਤਰ੍ਹਾਂ ਸਾਡੇ ਮਨ ਦਾ 25% ਹਿੱਸਾ ਚੇਤਨ ਹੈ ਅਤੇ 75% ਹਿੱਸਾ ਅਚੇਤ ਹੈ ਜੋ ਅੰਦਰ ਲੁਕਿਆ ਹੋਇਆ ਹੈ।

ਅਸੀਂ ਜੋ ਵੀ ਆਪਣੇ ਚੇਤਨ ਮਨ ਦੇ ਨਾਲ ਵਾਅਦਾ ਕਰਦੇ ਹਾਂ, ਕੀਤਾ ਗਿਆ ਵਾਅਦਾ ਕੇਵਲ ਮਨ ਦੇ ਬਹੁਤ ਛੋਟੇ ਹਿੱਸੇ ਦਾ ਫ਼ੈਸਲਾ ਹੈ, ਜਦਕਿ ਹਰ ਇੱਕ ਮਨੁੱਖ ਆਪਣੇ 75% ਅਚੇਤ ਮਨ ਦੀ ਗ਼ੁਲਾਮੀ ਦੇ ਅਧੀਨ ਆਪਣਾ ਜੀਵਨ ਬਤੀਤ ਕਰਦਾ ਹੈ ਅਤੇ ਚੱਲਦੀ ਵੀ ਉਸੇ ਦੀ ਹੈ। ਅਚੇਤ ਮਨ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਵਿਸ਼ੇ-ਵਿਕਾਰ ਭਰੇ ਹਨ। ਤੁਸੀਂ ਨਾ ਤਾਂ ਕੁੱਝ ਕਰਨ ਦਾ ਫ਼ੈਸਲਾ ਕਰਨਾ ਹੈ ਅਤੇ ਨਾ ਹੀ ਕੁੱਝ ਨਾ ਕਰਨ ਦਾ ਫ਼ੈਸਲਾ ਕਰਨਾ ਹੈ। ਜੋ ਵੀ ਕੁੱਝ ਹੋ ਰਿਹਾ ਹੈ ਉਸ ਨੂੰ ਕੇਵਲ ਦੇਖਣਾ ਹੈ, ਨਾ ਕੁੱਝ ਛੱਡਣਾ ਹੈ ਅਤੇ ਨਾ ਹੀ ਕੁੱਝ ਫੜਨਾ ਹੈ। ਆਪਣੇ ਵੱਲੋਂ ਕੋਈ ਵੀ ਫ਼ੈਸਲਾ ਨਹੀਂ ਕਰਨਾ ਹੈ, ਨਾ ਕੁੱਝ ਕਰਨ ਦਾ ਅਤੇ ਨਾ ਹੀ ਕੁੱਝ ਨਾ ਕਰਨ ਦਾ। ਕਿਉਂਕਿ ਇਹ ਦੋਨੋਂ ਹੀ ਸਾਡੇ ਮਨ ਦੀਆਂ ਕਿਰਿਆਵਾਂ ਹਨ। ਬੱਸ ਇਨ੍ਹਾਂ ਨੂੰ ਦੇਖਣਾ ਹੈ ਅਤੇ ਸਮਝਣਾ ਹੈ, ਤਾਂ ਹੀ ਅਸੀਂ ਇਹਨਾਂ ਤੋਂ ਮੁਕਤ ਹੋ ਸਕਦੇ ਹਾਂ। ਜਦੋਂ ਮਨ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਵੇ ਤਾਂ ਮਨ ਦੇ ਅੰਦਰ ਇੱਕ ਲਹਿਰ ਪੈਦਾ ਹੋ ਜਾਂਦੀ ਹੈ ਤਾਂ ਇਸ ਕਿਰਿਆ ਨੂੰ ਕੇਵਲ ਦੇਖਣਾ ਹੈ। ਕੋਈ ਫ਼ੈਸਲਾ ਨਹੀਂ ਲੈਣਾ, ਨਾ ਤਾਂ ਕੁੱਝ ਕਰਨ ਦੇ ਲਈ ਅਤੇ ਨਾ ਹੀ ਕੁੱਝ ਨਾ ਕਰਨ ਦੇ ਲਈ। ਇਹ ਜੋ ਲਹਿਰ ਪੈਦਾ ਹੋਈ ਹੈ ਇਸ ਦੀ ਉਤਪਤੀ ਕਿਸ ਜਗ੍ਹਾ ਤੋਂ ਹੋ ਰਹੀ ਹੈ, ਉਸ ਨੂੰ ਕੇਵਲ ਦੂਰ ਖਲੋ ਕੇ ਕੇਵਲ ਦੇਖਣਾ ਹੈ। ਬੱਸ ਤੁਸੀਂ ਐਨਾ ਹੀ ਕੰਮ ਕਰਨਾ ਹੈ।

ਮਨ ਦੇ ਅੰਦਰ ਵਿਚਾਰਾਂ ਦੀ ਗਤੀ ਰੁਕ ਜਾਣ ਨਾਲ ਮਨੁੱਖ ਦੀ ਸੁਰਤੀ ਆਤਮਾ ਦੇ ਜਗਤ ਵਿਚ ਪਰਵੇਸ਼ ਕਰ ਜਾਂਦੀ ਹੈ। ਇਸ ਤੋਂ ਵੀ ਅੱਗੇ ਸਹਿਜ ਮੰਡਲ ਹੈ। ਸਾਧਕ ਜਦੋਂ ਲਗਾਤਾਰ ਧਿਆਨ ਸਿਮਰਨ ਵਿਚ ਬੈਠਾ ਰਹਿੰਦਾ ਹੈ ਤਾਂ ਉਸ ਦੀ ਸੁਰਤੀ ਸਹਿਜ ਮੰਡਲ ਦੇ ਅੰਦਰ ਪਰਵੇਸ਼ ਕਰ ਜਾਵੇਗੀ। ਸਹਿਜ ਮੰਡਲ ਦਿਖਾਈ ਦੇਣ ਵਾਲੇ ਬ੍ਰਹਮ ਦਾ ਪਰਿਵਰਤਨ ਰਹਿਤ ਤੱਤ ਹੈ। ਹੁਣ ਤੁਹਾਡੀ ਸੁਰਤੀ ਦਾ ਪਰਵੇਸ਼ ਇੱਕ ਐਸੀ ਸੱਤਾ ਦੇ ਅੰਦਰ ਹੋ ਚੁੱਕਿਆ ਹੈ ਜਿਸ ਤੋਂ ਅੱਗੇ ਸੁਰਤੀ ਗਤੀ ਨਹੀਂ ਕਰ ਸਕੇਗੀ। ਸਭ ਕੁੱਝ ਰੁਕ ਜਾਵੇਗਾ, ਇਹ ਤੱਤ ਇੱਕ ਸਾਰ ਹੈ, ਨਾ ਤਾਂ ਵੱਧ ਹੈ ਤੇ ਨਾ ਹੀ ਘੱਟ ਹੈ। ਇਸ ਅਵਸਥਾ ਵਿਚ ਕੇਵਲ ਹੋਣਾ-ਭਾਵ ਹੀ ਬਾਕੀ ਰਹਿ ਜਾਵੇਗਾ। ਇਹ ਉਹੀ ਪਰਮ ਅਵਸਥਾ ਹੈ ਜਿਸ ਨੂੰ ਉਨ੍ਹਾਂ ਸਾਰੇ ਧਾਰਮਿਕ ਮਨੁੱਖਾਂ ਨੇ ਜਿਉਂਦੇ-ਜੀ ਅਨੁਭਵ ਕਰ ਲਿਆ ਸੀ। ਜਦੋਂ ਇੱਕ ਗੁਲਾਬ ਦਾ ਫੁੱਲ ਪੈਦਾ ਹੁੰਦਾ ਹੈ ਤਾਂ ਖ਼ੁਸ਼ਬੂ ਵੀ ਉਸ ਦੇ ਨਾਲ ਪੈਦਾ ਹੁੰਦੀ ਹੈ। ਆਤਮਾ ਦੇ ਸ਼ੁੱਧ ਹੋਣ ਨਾਲ ਮਨੁੱਖ ਦੇ ਪ੍ਰਾਣਾਂ ਅੰਦਰ ਚੰਗਿਆਈ ਆਪਣੇ ਆਪ ਪੈਦਾ ਹੋ ਜਾਂਦੀ ਹੈ, ਉਸ ਨੂੰ ਸਾਧਨਾ ਨਹੀਂ ਪੈਂਦਾ। ਮਨ ਦੇ ਟਕਾਓ ਵਿਚ ਆਉਣ ਦੇ ਨਾਲ ਮਨੁੱਖ ਦੀਆਂ ਇੰਦਰੀਆਂ

ਵੀ ਉਸ ਦੀ ਆਗਿਆ ਅਨੁਸਾਰ ਕਾਰਜ ਕਰਨ ਲੱਗ ਜਾਂਦੀਆਂ ਹਨ ਅਤੇ ਅਕਿਰਿਆ ਤੱਤ ਦੇ ਵਿਚ ਸਥਿਰ ਹੋ ਜਾਂਦੀਆਂ ਹਨ।

ਮਨੁੱਖ ਦੀ ਆਤਮਾ ਨੂੰ ਪਾਰਬ੍ਰਹਮ ਦੇ ਨਾਲ ਜੋੜਨ ਵਾਲਾ ਹਿੱਸਾ ਹਰ ਇੱਕ ਮਨੁੱਖ ਦੇ ਮਸਤਕ ਦੇ ਅੰਦਰ ਮੌਜੂਦ ਹੈ। ਜੋ ਵੀ ਮਨੁੱਖ ਆਪਣੀ ਪ੍ਰਾਣ ਸ਼ਕਤੀ ਨੂੰ ਮਸਤਕ ਦੇ ਉਸ ਹਿੱਸੇ ਵਿਚ ਲੈ ਜਾਵੇਗਾ, ਉਸੇ ਮਨੁੱਖ ਨੇ ਸਰੀਰ ਸਮੇਤ ਮੁਕਤੀ ਦੇ ਵਿਚ ਪਰਵੇਸ਼ ਕਰ ਜਾਣਾ ਹੈ। ਜਿਸ ਮਨੁੱਖ ਦਾ ਮਨ ਵਿਚਾਰਾਂ ਤੋਂ ਮੁਕਤ ਹੋ ਗਿਆ ਹੈ, ਉਸ ਦੇ ਲਈ ਦਿਖਾਈ ਦੇਣ ਵਾਲੇ ਇਸ ਸੰਸਾਰ ਨੇ ਅਦ੍ਰਿਸ਼ ਹੋ ਜਾਣਾ ਹੈ। ਇਸ ਅਵਸਥਾ ’ਚ ਪਹੁੰਚਿਆ ਮਨੁੱਖ ਮੁਕਤ ਹੈ।

ਕਿਸੇ ਵੀ ਮਨੁੱਖ ਦਾ ਸੁਭਾਉ ਉਸ ਦੇ ਮਨ ਅੰਦਰ ਚੱਲਣ ਵਾਲੇ ਵਿਚਾਰਾਂ ਉੱਪਰ ਨਿਰਭਰ ਕਰਦਾ ਹੈ। ਜੇਕਰ ਮਨ ਦੇ ਅੰਦਰ ਵਿਚਾਰ ਕਾਮ ਵਾਲੇ ਚੱਲਦੇ ਹਨ, ਤਾਂ ਉਸ ਮਨੁੱਖ ਦਾ ਸੁਭਾਉ ਕਾਮ ਬਿਰਤੀ ਵਾਲਾ ਹੋ ਜਾਣਾ ਹੈ। ਜੇਕਰ ਮਨ ਅੰਦਰ ਵਿਚਾਰ ਗ਼ੁੱਸੇ ਵਾਲੇ ਚੱਲਦੇ ਹਨ ਤਾਂ ਇਹ ਮਨੁੱਖ ਦਾ ਸੁਭਾਉ ਕ੍ਰੋਧ ਵਾਲਾ ਹੋ ਜਾਣਾ ਹੈ। ਜਿਸ ਵੀ ਤਰ੍ਹਾਂ ਦੇ ਵਿਚਾਰ ਮਨੁੱਖ ਦੇ ਮਨ ਅੰਦਰ ਚੱਲਦੇ ਹਨ, ਮਨੁੱਖ ਦਾ ਸੁਭਾਉ ਵੀ ਉਸੇ ਵਰਗਾ ਬਣ ਜਾਂਦਾ ਹੈ। ਪਹਿਲਾਂ ਮਨੁੱਖ ਵਿਚਾਰਾਂ ਤੋਂ ਮੁਕਤ ਅਵਸਥਾ ਨੂੰ ਸਮਾਧੀ ਦੇ ਅੰਦਰ ਹੀ ਅਨੁਭਵ ਕਰ ਸਕਦਾ ਹੈ, ਉਸ ਤੋਂ ਬਾਅਦ ਵਿਚ ਸੁਰਤੀ ਜਦੋਂ ਸਹਿਜ ਮੰਡਲ ਦੇ ਵਿਚ ਸਥਿਰ ਹੋ ਜਾਵੇਗੀ ਤਾਂ ਇਹ ਅਵਸਥਾ ਹਰ ਪਲ ਬਣੀ ਰਹੇਗੀ। ਇਸ ਅਵਸਥਾ ਨੂੰ ਮਨੁੱਖ ਕੇਵਲ ਧਿਆਨ ਸਿਮਰਨ ਦੀ ਸਾਧਨਾ ਦੇ ਰਾਹੀਂ ਪ੍ਰਾਪਤ ਕਰ ਸਕਦਾ ਹੈ। ਮਨ ਅੰਦਰ ਵਿਚਾਰਾਂ ਦੇ ਰੁਕਣ ਤੋਂ ਬਾਅਦ ਸੁਰਤੀ ਆਤਮਾ ਮੰਡਲ ਵਿਚ ਪਰਵੇਸ਼ ਕਰ ਜਾਂਦੀ ਹੈ। ਆਤਮਾ ਮੰਡਲ ਦੇ ਵਿਚ ਸੁਰਤੀ ਕੁੱਝ ਮਿੰਟ ਇਕਾਗਰ ਹੋਣ ਤੋਂ ਬਾਅਦ ਸੁਰਤੀ ਦਾ ਪਰਵੇਸ਼ ਇਸ ਤੋਂ ਅੱਗੇ ਸਹਿਜ ਮੰਡਲ ਦੇ ਵਿਚ ਹੋ ਜਾਵੇਗਾ। ਜਦੋਂ ਤੁਹਾਡੀ ਸੁਰਤੀ ਨੇ ਇਸ ਅਵਸਥਾ ਵਿਚ ਪਰਵੇਸ਼ ਕੀਤਾ ਤਾਂ ਸਹਿਜ ਮੰਡਲ ਦੇ ਅੰਦਰ ਮੌਜੂਦ ਆਤਮਿਕ ਅਨੰਦ ਅਤੇ ਸ਼ਾਂਤੀ ਨੇ ਆਪਣੇ ਆਪ ਹੀ ਤੁਹਾਡੀ ਆਤਮਾ ਦੇ ਅੰਦਰ ਪਰਵੇਸ਼ ਕਰ ਜਾਣਾ ਹੈ। ਇਹ ਅਵਸਥਾ ਇੱਕ ਬੰਦ ਕਮਰੇ ਅੰਦਰ ਬਲ ਰਹੇ ਦੀਪਕ ਦੇ ਪ੍ਰਕਾਸ਼ ਵਾਂਗੂੰ ਹੋ ਜਾਂਦੀ ਹੈ, ਜਿਸ ਦੀ ਲੋਅ ਨੂੰ ਹਵਾ ਨਹੀਂ ਹਿਲਾਉਂਦੀ। ਇਸ ਅਵਸਥਾ ਵਿਚ ਮਨ ਕੰਬਣ ਰਹਿਤ ਅਵਸਥਾ ਵਿਚ ਪਰਵੇਸ਼ ਕਰ ਚੁੱਕਾ ਹੈ। ਜਿਸ ਤਰ੍ਹਾਂ ਸਮੁੰਦਰ ਦੇ ਹੇਠਲੇ ਤਲਾਂ ਅੰਦਰ ਕੋਈ ਹਲਚਲ ਨਹੀਂ ਹੁੰਦੀ, ਬਿਲਕੁਲ ਇਸੇ ਹੀ ਤਰ੍ਹਾਂ ਇਸ ਦਿਖਾਈ ਦੇਣ ਵਾਲੇ ਬ੍ਰਹਿਮੰਡ ਦੇ ਪਿਛਲੇ ਪਾਸੇ ਸਹਿਜ ਮੰਡਲ ਹੈ, ਜੋ ਹਲਚਲ ਤੋਂ ਮੁਕਤ ਹੈ, ਅਛੂਤ ਤੱਤ ਹੈ, ਬਹੁਤ ਹੀ ਸੂਖਮ ਤੱਤ ਹੈ। ਮਨ ਰੂਪੀ ਇੰਦਰੀ ਅਕਿਰਿਆ ਅਵਸਥਾ ਵਿਚ ਉਸ ਤੱਤ ਨੂੰ ਅਨੁਭਵ ਕਰ ਸਕਦੀ ਹੈ। ਜਿਸ ਵੀ ਮਨੁੱਖ ਦੀ ਸੁਰਤੀ ਇਸ ਮੰਡਲ ਦੇ ਵਿਚ ਪਰਵੇਸ਼ ਕਰ ਜਾਵੇਗੀ, ਉਸ ਮਨੁੱਖ ਨੂੰ ਪਰਮਾਤਮਾ ਦੇ ਦਰਸ਼ਨ ਹੋ ਜਾਣੇ ਹਨ। ਜਿਸ ਨੂੰ ਅਨੁਭਵ ਕਰਨ ਤੋਂ ਬਾਅਦ ਸਭ ਕੁੱਝ ਠਹਿਰ ਜਾਵੇਗਾ ਅਤੇ ਸੁਰਤੀ ਅਚੱਲ ਤੱਤ ਦੇ ਵਿਚ ਲੀਨ ਹੋ ਜਾਵੇਗੀ।

ਜਦੋਂ ਸਾਧਕ ਇਸ ਦਿਸ਼ਾ ਵੱਲ ਗਤੀ ਕਰਦਾ ਹੀ ਜਾਂਦਾ ਹੈ ਤਾਂ ਇੱਕ ਦਿਨ

ਐਸਾ ਆ ਜਾਵੇਗਾ, ਜਦੋਂ ਉਸ ਦੀ ਚੇਤਨਾ ਰੂਪੀ ਨਦੀ ਵਿੱਚੋਂ ਵਿਚਾਰਾਂ ਦਾ ਪਾਣੀ ਪੂਰੀ ਤਰ੍ਹਾਂ ਸੁੱਕ ਜਾਣਾ ਹੈ। ਚੇਤਨਾ ਰੂਪੀ ਨਦੀ ਦੇ ਵਿੱਚੋਂ ਵਿਚਾਰਾਂ ਦਾ ਪਾਣੀ ਸੁੱਕ ਜਾਣ ਦੇ ਨਾਲ ਮਨੁੱਖ ਦੀ ਚੇਤਨਾ ਦੇ ਅੰਦਰ ਪਰਮ ਸ਼ਕਤੀ ਤੋਂ ਇਲਾਵਾ ਹੋਰ ਕੁੱਝ ਵੀ ਬਾਕੀ ਨਹੀਂ ਰਹਿ ਜਾਵੇਗਾ। ਇਸ ਅਵਸਥਾ ਨੂੰ ਜਦੋਂ ਮਨੁੱਖ ਦੀ ਸੁਰਤੀ ਨੇ ਇੱਕ ਵਾਰ ਅਨੁਭਵ ਕਰ ਲਿਆ ਤਾਂ ਇਸ ਨੇ ਪਾਰਬ੍ਰਹਮ ਰੂਪੀ ਸਹਿਜ ਮੰਡਲ ਦੇ ਅੰਦਰ ਹੌਲੀ ਹੌਲੀ ਕਰਕੇ ਸਦਾ ਲਈ ਲੀਨ ਹੁੰਦੇ ਜਾਣਾ ਹੈ। ਇਸ ਅਵਸਥਾ ਵਿਚ ਪਹੁੰਚੇ ਮਨੁੱਖ ਦੇ ਜੀਵਨ ਅਤੇ ਮਹਾਂ ਅਨੰਦ ਦੇ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ। ਇਸ ਅਵਸਥਾ ਨੂੰ ਅਨੁਭਵ ਕਰਨ ਤੋਂ ਬਾਅਦ ਮਨੁੱਖ ਦੇ ਮਨ ਨੇ ਅੰਦਰੋਂ ਗਹਿਰੀ ਚੁੱਪ ਭਾਵ ਮੋਨ ਅਵਸਥਾ ਵਿਚ ਬੈਠ ਜਾਣਾ ਹੈ। ਇਸ ਦੀਆਂ ਵਿਚਾਰ ਰੂਪੀ ਲੱਤਾਂ ਪੂਰੀ ਤਰ੍ਹਾਂ ਟੁੱਟ ਚੁੱਕੀਆਂ ਹਨ ਜਿਨ੍ਹਾਂ ਦੇ ਰਾਹੀਂ ਮਨ ਗਤੀ ਕਰਦਾ ਸੀ। ਇਸ ਅਵਸਥਾ ਵਿਚ ਪਹੁੰਚੇ ਮਨੁੱਖ ਨੂੰ ਆਤਮ ਗਿਆਨ ਪ੍ਰਾਪਤ ਹੋ ਜਾਂਦਾ ਹੈ।

ਸਾਰੀ ਮਨੁੱਖਤਾ ਇੱਕ ਬਹੁਤ ਗਹਿਰੀ ਨੀਂਦਰ ਦੇ ਵਿਚ ਆਪਣਾ ਜੀਵਨ ਬਤੀਤ ਕਰੀ ਜਾ ਰਹੀ ਹੈ। ਆਪਣੇ ਆਪ ਚੱਲਣ ਵਾਲੇ ਵਿਚਾਰਾਂ ਦੀ ਲੜੀ ਟੁੱਟਣ ਤੋਂ ਬਾਅਦ ਜੋ ਊਰਜਾ ਮੁਕਤ ਹੋ ਜਾਵੇਗੀ, ਉਸ ਨੇ ਮਨ ਦੀ ਨੀਂਦਰ ਨੂੰ ਤੋੜਦੀ ਜਾਣਾ ਹੈ। ਸੁੱਤੇ ਹੋਏ ਮਨੁੱਖ ਨੂੰ ਮਾਇਆ ਇੰਦਰੀਆਂ ਦੇ ਰਸਾਂ ਦੇ ਰਾਹੀਂ ਭਰਮਾ ਸਕਦੀ ਹੈ ਪਰ ਜਾਗੇ ਹੋਏ ਮਨੁੱਖ ਨੂੰ ਨਹੀਂ। ਜਦੋਂ ਮਨੁੱਖ ਨੂੰ ਪਤਾ ਲੱਗ ਜਾਵੇਗਾ ਕਿ ਖਾਣ ਵਾਲੇ ਪਦਾਰਥ ਦੇ ਵਿਚ ਜ਼ਹਿਰ ਮਿਲਿਆ ਹੋਇਆ ਹੈ। ਕੀ ਜਾਗਿਆ ਹੋਇਆ ਮਨੁੱਖ ਇਸ ਗੱਲ ਨੂੰ ਜਾਣਨ ਤੋਂ ਬਾਅਦ ਵੀ ਉਸ ਜ਼ਹਿਰ ਵਾਲੇ ਪਦਾਰਥ ਨੂੰ ਖਾ ਸਕਦਾ ਹੈ ?

ਸਾਧਾਰਨ ਮਨੁੱਖ ਪੂਰੇ ਦਿਨ ਵਿਚ ਜਿੰਨਾ ਆਪਣੇ ਮਨ ਦੇ ਅੰਦਰ ਸੋਚ ਵਿਚਾਰ ਕਰਦਾ ਹੈ, ਉਸ ਦੇ ਵਿੱਚੋਂ ਬਹੁਤ ਥੋੜ੍ਹੇ ਜਿਹੇ ਹਿੱਸੇ ਨੂੰ ਇਹ ਆਪਣੀ ਜ਼ੁਬਾਨ ਦੇ ਰਾਹੀਂ ਪ੍ਰਗਟ ਕਰਦਾ ਹੈ। ਮਨ ਦੇ ਅੰਦਰ ਆਪਣੇ ਆਪ ਚੱਲਣ ਵਾਲੇ ਵਿਚਾਰਾਂ ਦੇ ਵਿੱਚੋਂ ਬਹੁਤ ਘੱਟ ਗੱਲਾਂ ਹੀ ਕੰਮ ਦੀਆਂ ਹੁੰਦੀਆਂ ਹਨ। ਬਾਕੀ ਐਵੇਂ ਫ਼ਾਲਤੂ ਦੇ ਵਿਚਾਰ ਮਨ ਦੇ ਅੰਦਰ ਡੇਰਾ ਜਮਾਈ ਬੈਠੇ ਹਨ ਜਿਨ੍ਹਾਂ ਦਾ ਜ਼ਿੰਦਗੀ ਦੇ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। ਮਨੁੱਖ ਨੂੰ ਮਨ ਦੀ ਇਸ ਕਿਰਿਆ ਦਾ ਪਤਾ ਨਹੀਂ ਲੱਗਦਾ ਕਿ ਵਿਚਾਰਾਂ ਦਾ ਜਨਮ ਅਚੇਤ ਮਨ ਦੇ ਗਹਿਰੇ ਤਲ ਅੰਦਰੋਂ ਆਪਣੇ ਆਪ ਹੋਈ ਜਾ ਰਿਹਾ ਹੈ।

ਝੀਲ ਦੇ ਹੇਠਲੇ ਤਲ ਅੰਦਰ ਪੈਦਾ ਹੋਏ ਹਵਾ ਦੇ ਬੁਲਬੁਲੇ ਨੂੰ ਝੀਲ ਦਾ ਪਾਣੀ ਉੱਪਰ ਆਉਣ ਤੋਂ ਰੋਕ ਨਹੀਂ ਸਕਦਾ। ਜਦੋਂ ਹਵਾ ਦਾ ਬੁਲਬੁਲਾ ਝੀਲ ਦੀ ਉੱਪਰਲੀ ਸੱਤਾ 'ਤੇ ਪਹੁੰਚ ਜਾਵੇਗਾ ਤਾਂ ਇਸ ਨੇ ਝੀਲ ਦੇ ਸ਼ਾਂਤ ਪਾਣੀ ਉੱਪਰ ਕਈ ਹੋਰ ਤਰੰਗਾਂ ਨੂੰ ਜਨਮ ਦੇ ਜਾਣਾ ਹੈ। ਬਿਲਕੁਲ ਇਸੇ ਹੀ ਤਰ੍ਹਾਂ ਸਾਡੇ ਅਚੇਤ ਮਨ ਦੇ ਅੰਦਰੋਂ ਜਦੋਂ ਕੋਈ ਵਿਚਾਰ ਪੈਦਾ ਹੋ ਕੇ ਚੇਤਨ ਮਨ ਰੂਪੀ ਝੀਲ ਦੇ ਸ਼ਾਂਤ ਪਾਣੀ ਉੱਪਰ ਪ੍ਰਗਟ ਹੁੰਦਾ ਹੈ ਤਾਂ ਇਸ ਵਿਚਾਰ ਨੇ ਕਈ ਹੋਰ ਨਵੇਂ ਵਿਚਾਰ ਰੂਪੀ ਤਰੰਗਾਂ ਨੂੰ ਜਨਮ ਦੇ ਜਾਣਾ ਹੈ। ਇਸੇ ਤਰ੍ਹਾਂ ਸਾਡੇ ਮਨ ਦੇ ਅੰਦਰ ਵਿਚਾਰਾਂ ਦਾ ਜਗਤ

ਆਪਣਾ ਕਾਰਜ ਕਰਦਾ ਹੈ। ਹਰ ਇੱਕ ਵਿਚਾਰ ਕਈ ਹੋਰ ਨਵੇਂ ਵਿਚਾਰਾਂ ਨੂੰ ਜਨਮ ਦੇ ਜਾਂਦਾ ਹੈ। ਕਈ ਵਿਚਾਰ ਏਦਾਂ ਦੇ ਵੀ ਹੁੰਦੇ ਹਨ, ਜਿਨ੍ਹਾਂ ਦੇ ਆਉਣ ਨਾਲ ਮਨ ਅਤੇ ਆਤਮਾ ਬਹੁਤ ਪਰੇਸ਼ਾਨ ਹੋ ਜਾਂਦੇ ਹਨ। ਚੇਤਨ ਮਨ ਨੂੰ ਇਹ ਸਮਝ ਹੀ ਨਹੀਂ ਆਉਂਦੀ ਕਿ ਕੀ ਹੋਈ ਜਾ ਰਿਹਾ ਹੈ।

ਇਸ ਤਰ੍ਹਾਂ ਲੱਗਦਾ ਹੈ ਜਿਵੇਂ ਜੀਵਨ ਆਸਾਰ ਹੈ ਅਤੇ ਦੁੱਖਾਂ ਅਤੇ ਤਕਲੀਫ਼ਾਂ ਦੇ ਨਾਲ ਭਰਿਆ ਹੋਇਆ ਹੈ। ਮਨੁੱਖ ਦਾ ਅਚੇਤ ਮਨ ਇਸੇ ਹੀ ਤਰ੍ਹਾਂ ਵਿਚਾਰਾਂ ਨੂੰ ਚੇਤਨ ਮਨ ਦੇ ਅੰਦਰ ਲਗਾਤਾਰ ਭੇਜੀ ਜਾਂਦਾ ਹੈ। ਜਿਸ ਗੱਲ ਨੂੰ ਚੇਤਨ ਮਨ ਸਮਝ ਨਹੀਂ ਪਾਉਂਦਾ, ਚੇਤਨ ਮਨ ਦੇ ਅੰਦਰ ਜਦੋਂ ਕੋਈ ਨਵਾਂ ਵਿਚਾਰ ਪਰਵੇਸ਼ ਕਰਦਾ ਹੈ ਤਾਂ ਚੇਤਨ ਮਨ ਉਸ ਨਵੇਂ ਵਿਚਾਰ ਦੇ ਆਲੇ-ਦੁਆਲੇ ਕਈ ਹੋਰ ਨਵੇਂ ਵਿਚਾਰਾਂ ਨੂੰ ਜੋੜਨ ਲੱਗ ਜਾਂਦਾ ਹੈ। ਜਿਸ ਤਰ੍ਹਾਂ ਲੱਸੀ ਨੂੰ ਰੜਕਣ ਦੇ ਨਾਲ ਕੁੱਝ ਵੀ ਪ੍ਰਾਪਤ ਨਹੀਂ ਹੁੰਦਾ, ਲੱਸੀ ਦਾ ਰੰਗ ਸਫ਼ੇਦ ਹੋਣ ਕਾਰਨ ਭਰਮ ਪੈ ਜਾਂਦਾ ਹੈ, ਸ਼ਾਇਦ ਇਸ ਦੇ ਵਿੱਚੋਂ ਕੁੱਝ ਨਿਕਲ ਆਵੇਗਾ, ਉਸੇ ਹੀ ਤਰ੍ਹਾਂ ਬੀਤ ਚੁੱਕੇ ਜੀਵਨ ਦੇ ਅੰਦਰ ਵਾਪਰੀਆਂ ਘਟਨਾਵਾਂ ਦੀਆਂ ਗੱਲਾਂ ਨੂੰ ਬਾਰ ਬਾਰ ਯਾਦ ਕਰਨ ਦੇ ਨਾਲ ਕੁੱਝ ਪ੍ਰਾਪਤ ਨਹੀਂ ਹੋਣਾ। ਹੁਣ ਉਸ ਦੀ ਕੀਮਤ ਲੱਸੀ ਤੋਂ ਜ਼ਿਆਦਾ ਨਹੀਂ ਹੈ।

ਅੰਦਰੋਂ ਜਾਗ ਚੁੱਕੇ ਮਨੁੱਖ ਦਾ ਜੀਵਨ ਉਸ ਬੇਸਮਝ ਮਛਲੀ ਦੇ ਵਾਂਗੂੰ ਨਹੀਂ ਹੁੰਦਾ ਜੋ ਇਹ ਨਹੀਂ ਸਮਝਦੀ ਕਿ ਚਾਰੇ ਦੇ ਅੰਦਰ ਕਰਮ ਰੂਪੀ ਕੁੰਡੀ ਨੂੰ ਛੁਪਾਇਆ ਹੋਇਆ ਹੈ, ਬਾਅਦ ਵਿਚ ਜਿਸ ਦੇ ਫਲ ਨੂੰ ਜ਼ਰੂਰ ਭੋਗਣਾ ਪਵੇਗਾ। ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਮੇਰੇ ਅੰਦਰ ਮਨ ਤੋਂ ਅੱਗੇ ਇੱਕ ਆਤਮਾ ਹੈ ਜੋ ਮਨ ਦੀਆਂ ਸਾਰੀਆਂ ਹਰਕਤਾਂ ਨੂੰ ਦੇਖ ਰਹੀ ਹੈ। ਇਹ ਉਹੀ ਸ਼ਕਤੀ ਹੈ ਜੋ ਦਿਨੇ ਦੱਸਦੀ ਹੈ ਕਿ ਰਾਤ ਨੂੰ ਮਨ ਨੇ ਸੁੱਤੀ ਅਵਸਥਾ 'ਚ ਕੀ ਸੁਫ਼ਨਾ ਦੇਖਿਆ ਸੀ, ਸੁਪਨੇ ਦੇ ਵਿਚ ਕੀ ਹੋਇਆ ਸੀ ਜਾਂ ਰਾਤ ਨੂੰ ਨੀਂਦ ਕਿੱਦਾਂ ਦੀ ਆਈ ਸੀ।

ਵਿਚਾਰਾਂ ਮੁਕਤ ਮਨ ਦੀ ਪ੍ਰਾਪਤੀ ਕਰਨ ਦੇ ਲਈ ਸਾਧਨਾ ਦੇ ਰਾਹੀਂ ਆਪਣੇ ਆਪ ਵਿਚ ਪਰਵੇਸ਼ ਕਰਨਾ ਪੈਂਦਾ ਹੈ। ਮਨ ਦੇ ਅੰਦਰ ਚੱਲਣ ਵਾਲੇ ਵਿਚਾਰ ਕਿਸੇ ਮਨੁੱਖ ਨੂੰ ਗੁਰੂ ਧਾਰਨ ਦੇ ਨਾਲ ਨਹੀਂ ਰੁਕ ਸਕਦੇ, ਨਾ ਹੀ ਕਿਸੇ ਸੰਤ ਜਾਂ ਬਾਬੇ ਨੂੰ ਮਿਲਣ ਦੇ ਨਾਲ ਇਹ ਵਿਚਾਰ ਰੁਕ ਸਕਦੇ ਹਨ, ਬਲਕਿ ਹਰ ਇੱਕ ਮਨੁੱਖ ਨੇ ਆਪਣੇ ਮਨ ਨੂੰ ਆਪ ਵਾਸ਼ਨਾ ਵਾਲੇ ਵਿਚਾਰਾਂ ਤੋਂ ਮੁਕਤ ਕਰਕੇ ਆਤਮਾ ਰੂਪੀ ਦਰੱਖ਼ਤ ਦੀ ਛਾਂ ਹੇਠਾਂ ਲਿਆਉਣਾ ਹੁੰਦਾ ਹੈ। ਸਰੀਰ ਦੇ ਅੰਦਰ ਪ੍ਰਾਣਾਂ ਦੇ ਅੰਦਰ ਕੰਬਣ ਵਧਣ ਜਾਂ ਘਟਣ ਦੇ ਨਾਲ ਮਨ ਦੇ ਅੰਦਰ ਦੀ ਚੰਚਲਤਾ ਵਧਦੀ ਅਤੇ ਘਟਦੀ ਹੈ ਜਿਸ ਨੇ ਆਤਮਾ ਨੂੰ ਬੇਚੈਨ ਕਰ ਦੇਣਾ ਹੈ। ਬੇਚੈਨ ਆਤਮਾ ਦੇ ਲਈ ਆਤਮ ਗਿਆਨ ਨੂੰ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੈ। ਮਨ ਦੇ ਚੁੱਪ ਹੋ ਜਾਣ ਤੋਂ ਬਾਅਦ ਹੀ ਮਨੁੱਖ ਨੂੰ ਅਗਿਆਨ ਤੋਂ ਮੁਕਤੀ ਮਿਲ ਸਕਦੀ ਹੈ। ਵਾਸਤਵ ਵਿਚ ਮਨ ਇੱਕ ਇੰਦਰੀ ਹੈ ਜਿਸ ਦੇ ਰਾਹੀਂ ਆਤਮਾ ਆਪਣੇ ਅਨੁਸਾਰ ਸਰੀਰ ਦੀ ਵਰਤੋਂ ਕਰਦੀ ਹੈ, ਪਰ ਹੌਲੀ ਹੌਲੀ ਕਰਕੇ ਅਚੇਤ ਮਨ ਜੀਵਨ ਦੇ ਬਹੁਤ ਸਾਰੇ ਕਾਰਜਾਂ ਨੂੰ ਆਪਣੀ ਮਰਜ਼ੀ ਦੇ ਨਾਲ ਕਰਨ ਲੱਗ ਜਾਂਦਾ ਹੈ। ਟੈਲੀਵੀਜ਼ਨ ਦੀ ਵਰਤੋਂ ਅਸੀਂ

ਆਪਣੀ ਜ਼ਰੂਰਤ ਦੇ ਅਨੁਸਾਰ ਕਰਦੇ ਹਾਂ, ਜਦੋਂ ਜ਼ਰੂਰਤ ਨਹੀਂ ਹੁੰਦੀ ਤਾਂ ਅਸੀਂ ਰਿਮੋਟ ਕੰਟਰੋਲ ਦੇ ਨਾਲ ਉਸ ਨੂੰ ਬੰਦ ਕਰ ਕੇ ਰੱਖ ਦੇਂਦੇ ਹਾਂ। ਅਚੇਤ ਮਨ ਦੇ ਕੋਲ ਜ਼ਿਆਦਾ ਸ਼ਕਤੀ ਆਉਣ ਕਾਰਨ ਮਨੁੱਖ ਦੀ ਜ਼ਿੰਦਗੀ ਦੇ ਵਿਚ ਬਹੁਤ ਸਾਰੀਆਂ ਸਮੱਸਿਆਾਵਾਂ ਅਤੇ ਉਲਝਣਾਂ ਪੈਦਾ ਹੋ ਜਾਂਦੀਆਂ ਹਨ, ਜਿਨ੍ਹਾਂ ਦੇ ਕਾਰਨ ਮਨੁੱਖ ਦੇ ਅਨੰਦਮਈ ਜੀਵਨ ਨੇ ਚਿੰਤਾ ਅਤੇ ਪਰੇਸ਼ਾਨੀਆਂ ਦੇ ਵਿਚ ਤਬਦੀਲ ਹੋ ਜਾਣਾ ਹੈ। ਮਨੁੱਖ ਨੂੰ ਇਸ ਗੱਲ ਦਾ ਤਾਂ ਪਤਾ ਹੀ ਨਹੀਂ ਲੱਗ ਰਿਹਾ ਕਿ ਉਸ ਦਾ ਮਨ ਆਪਣੀ ਮਰਜ਼ੀ ਨਾਲ ਉਸ ਦੀ ਜ਼ਿੰਦਗੀ ਨੂੰ ਚਲਾਉਣ ਲੱਗ ਪਿਆ ਹੈ। ਇਸ ਦੇ ਅੰਦਰ ਕੇਵਲ ਪੁਰਾਣੀ ਜਾਣਕਾਰੀ ਹੈ ਜਦਕਿ ਜੀਵਨ ਹਰ ਪਲ ਨਵਾਂ ਅਤੇ ਤਾਜ਼ਾ ਹੈ। ਮਨ ਅਸ਼ਾਂਤ ਹੈ ਇਸ ਦੇ ਲਈ ਇੰਦਰੀਆਂ ਵੀ ਅਸ਼ਾਂਤ ਹੋ ਜਾਂਦੀਆਂ ਹਨ। ਜਦੋਂ ਮਨ ਸ਼ਾਂਤ ਹੋ ਜਾਵੇਗਾ ਤਾਂ ਇੰਦਰੀਆਂ ਨੇ ਵੀ ਸ਼ਾਂਤ ਹੋ ਜਾਣਾ ਹੈ।

ਬ੍ਰਹਮ ਦੇ ਰੂਪ

ਬ੍ਰਹਮ ਦੇ ਦੋ ਰੂਪ ਹਨ। ਬ੍ਰਹਮ ਤੋਂ ਭਾਵ ਇੱਕ-ਸਮਾਨ, ਨਾ ਵੱਧ ਨਾ ਘੱਟ ਨਾ ਜ਼ਿਆਦਾ ਨਾ ਥੋੜ੍ਹਾ ਕੇਵਲ ਇਕਸਾਰਤਾ। ਬ੍ਰਹਮ ਦੇ ਦੋ ਰੂਪ ਹਨ—ਇੱਕ ਸ਼ਬਦ ਬ੍ਰਹਮ ਹੈ ਅਤੇ ਦੂਜਾ ਪਾਰਬ੍ਰਹਮ।

ਸ਼ਬਦ ਬ੍ਰਹਮ ਇੱਕ ਸੂਤਰ ਹੈ ਜਿਸ ਦੀ ਮਨੁੱਖ ਨੇ ਵਰਤੋਂ ਕਰਨੀ ਹੈ ਤਾਂ ਜੋ ਪਾਰਬ੍ਰਹਮ ਤੱਕ ਪਹੁੰਚਿਆ ਜਾ ਸਕੇ। ਜੋ ਮਨੁੱਖ ਆਪ ਪਰਮਾਤਮਾ ਨੂੰ ਮਿਲਣਾ ਚਾਹੁੰਦਾ ਹੈ, ਉਸ ਨੂੰ ਆਪਣੀ ਖੋਜ ਦੀ ਸ਼ੁਰੂਆਤ ਸ਼ਬਦ ਬ੍ਰਹਮ ਤੋਂ ਹੀ ਕਰਨੀ ਪੈਂਦੀ ਹੈ। ਬਿਨਾਂ ਸ਼ਬਦ ਬ੍ਰਹਮ ਦੇ ਪਰਮ ਜੀਵਨ ਦੇ ਬਾਰੇ ਕਿਸ ਤਰ੍ਹਾਂ ਪਤਾ ਲੱਗ ਸਕਦਾ ਹੈ। ਬਹੁਤ ਸਾਰੇ ਮਨੁੱਖ ਆਪਣੇ ਆਪ ਨੂੰ ਸ਼ਬਦ ਬ੍ਰਹਮ ਦੇ ਵਿਚ ਹੀ ਰੋਕ ਕੇ ਰੱਖ ਲੈਂਦੇ ਹਨ ਅਤੇ ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਕੋਈ ਸਾਧਨਾ ਨਹੀਂ ਕਰਦੇ। ਜਦਕਿ ਮਨ ਦੀ ਤ੍ਰਿਪਤੀ ਗ੍ਰੰਥਾਂ ਦੇ ਵਿਚ ਲਿਖੇ ਗਿਆਨ ਨੂੰ ਪੜ੍ਹਨ ਦੇ ਨਾਲ ਜਾਂ ਉਨ੍ਹਾਂ ਦੇ ਵਿਖਿਆਨ ਕਰਨ ਦੇ ਨਾਲ ਨਹੀਂ ਹੋ ਸਕਦੀ। ਧਾਰਮਿਕ ਗ੍ਰੰਥਾਂ ਦੇ ਅੰਦਰ ਨਕਸ਼ੇ ਹਨ, ਮੰਜ਼ਲ ਅੱਗੇ ਹੈ।

ਮਦਦ ਲਈ ਜਾ ਸਕਦੀ ਹੈ ਪਰਮ ਜੀਵਨ ਨੂੰ ਪ੍ਰਾਪਤ ਕਰਨ ਦੇ ਲਈ, ਮੰਜ਼ਲ ਪਾਰਬ੍ਰਹਮ ਹੈ। ਧਿਆਨ ਸਿਮਰਨ ਦੇ ਵਿਚ ਬੈਠੇ ਸਾਧਕ ਦੀ ਚੇਤਨਾ ਦਾ ਮੇਲ, ਜਦੋਂ ਪਾਰਬ੍ਰਹਮ ਦੇ ਨਾਲ ਹੁੰਦਾ ਹੈ ਤਾਂ ਮਨ ਨੇ ਆਤਮਾ ਨੂੰ ਅੱਗੇ ਕਰਕੇ ਆਪ ਪਿੱਛੇ ਹੋ ਜਾਣਾ ਹੈ। ਸ਼ਬਦ ਬ੍ਰਹਮ ਦਾ ਗਿਆਨ ਮਨੁੱਖ ਦੇ ਮਸਤਕ ਅੰਦਰ ਸਿਮਰਤੀਆਂ ਦੇ ਰੂਪ ਵਿਚ ਜਮ੍ਹਾਂ ਹੈ। ਇਸ ਦੇ ਨਾਲ ਆਤਮਾ ਨੂੰ ਅਗਿਆਨ ਤੋਂ ਮੁਕਤੀ ਨਹੀਂ ਮਿਲ ਸਕਦੀ। ਨਿਰ-ਵਿਚਾਰ ਸਮਾਧੀ ਅਵਸਥਾ ਅੰਦਰ ਵਿਚਾਰ ਰੁਕ ਜਾਂਦੇ ਹਨ, ਉਸ ਪਲ ਚੇਤਨਾ ਸ਼ਕਤੀ ਸਿਮਰਤੀਆਂ ਤੋਂ ਮੁਕਤ ਹੋ ਜਾਵੇਗੀ। ਇਸ ਅਵਸਥਾ ਵਿਚ ਜਾਂ ਤਾਂ ਸੰਸਾਰ ਹੋਵੇਗਾ ਜਾਂ ਪਰਮਾਤਮਾ। ਸਮਾਧੀ ਦੇ ਵਿਚ ਇਹ ਦੋਨੋਂ ਤੱਤ ਇੱਕ ਦੂਜੇ ਦੇ ਵਿਚ ਲੀਨ ਹੋ ਜਾਂਦੇ ਹਨ। ਇੱਕ ਆਵੇਗਾ, ਦੂਜੇ ਨੇ ਚਲੇ ਜਾਣਾ ਹੈ, ਮਨ ਦੀ ਅਕਿਰਿਆ ਅਵਸਥਾ ਵਿਚ ਦੋਨੋਂ ਇੱਕੋ ਸਮੇਂ ਮੌਜੂਦ ਨਹੀਂ ਰਹਿ ਸਕਦੇ। ਜਦੋਂ ਦੋ ਹੋ ਜਾਂਦੇ ਹਨ ਤਾਂ ਮਨੁੱਖ ਦੀ ਸੁਰਤੀ ਨਿਰ-ਵਿਚਾਰ ਅਵਸਥਾ ਦੇ ਵਿੱਚੋਂ ਬਾਹਰ ਆ ਜਾਂਦੀ ਹੈ।

ਧਿਆਨ ਸਿਮਰਨ ਵਿਚ ਦੂਜੇ ਦੇ ਗਿਆਨ ਨੂੰ ਆਪਣੇ ਆਪ ਤੋਂ ਅਲੱਗ ਕਰਨਾ ਪੈਂਦਾ ਹੈ। ਅੱਗੇ ਦੀ ਗਤੀ ਕਰਨ ਦੇ ਲਈ ਆਪਣਾ ਗਿਆਨ ਹੀ ਕੰਮ ਆਵੇਗਾ, ਆਪਣਾ ਗਿਆਨ ਆਤਮਾ ਤੋਂ ਆਉਂਦਾ ਹੈ ਜਦਕਿ ਸ਼ਬਦ ਬ੍ਰਹਮ ਸਾਡੇ ਮਨ ਦੀ ਇੱਕ ਕਿਰਿਆ ਹੈ। ਸਦੀਆਂ ਤੋਂ ਧਾਰਮਿਕ ਮਨੁੱਖ ਆਪਣੇ ਮਸਤਕ ਦੀ ਸਿਮਰਤੀ

ਨੂੰ ਕਿਸੇ ਹੋਰ ਦੇ ਸ਼ਬਦ ਬ੍ਰਹਮ ਨਾਲ ਭਰਨੇ ਨੂੰ ਹੀ ਧਾਰਮਿਕ ਹੋਣਾ ਸਮਝੀ ਜਾ ਰਿਹਾ ਹੈ। ਮਨੁੱਖ ਨੇ ਪਾਰਬ੍ਰਹਮ ਨੂੰ ਅਨੁਭਵ ਕਰਨ ਲਈ ਸ਼ਬਦ ਬ੍ਰਹਮ ਨੂੰ ਇੱਕ ਪੌੜੀ ਦੀ ਤੌਰ 'ਤੇ ਇਸਤੇਮਾਲ ਕਰਨਾ ਹੈ। ਸ਼ਬਦ ਬ੍ਰਹਮ ਕਿਸੇ ਹੋਰ ਮਨੁੱਖ ਦਾ ਅਨੁਭਵ ਹੈ। ਇਹ ਸਾਡਾ ਆਪਣਾ ਅਨੁਭਵ ਨਹੀਂ ਹੈ, ਇਸ ਦੀ ਵਰਤੋਂ ਕਰਕੇ ਮਨੁੱਖ ਨੇ ਪਾਰਬ੍ਰਹਮ ਦੇ ਅੰਦਰ ਪਰਵੇਸ਼ ਕਰਨਾ ਹੈ, ਉਸੇ ਹੀ ਤਰ੍ਹਾਂ ਜਿਵੇਂ ਨਦੀ ਨੂੰ ਪਾਰ ਕਰਨ ਦੇ ਲਈ ਕਿਸ਼ਤੀ ਦੀ ਵਰਤੋਂ ਕੀਤੀ ਜਾਂਦੀ ਹੈ, ਬਾਅਦ ਵਿਚ ਕਿਸ਼ਤੀ ਤੋਂ ਉਤਰ ਕੇ ਆਪਣੀ ਮੰਜ਼ਲ ਵੱਲ ਗਤੀ ਕਰਨੀ ਪੈਂਦੀ ਹੈ, ਨਾ ਕਿ ਕਿਸ਼ਤੀ ਦੇ ਵਿਚ ਬੈਠ ਕੇ ਹੀ ਆਪਣੇ ਆਪ ਨੂੰ ਮੰਜ਼ਲ 'ਤੇ ਪਹੁੰਚੇ ਹੋਣ ਦੇ ਭਰਮ ਵਿਚ ਪੈ ਜਾਣਾ ਚਾਹੀਦਾ ਹੈ। ਇਹ ਇੱਕ ਭੁੱਲ ਹੈ, ਇਸ ਤਰ੍ਹਾਂ ਗਤੀ ਕਰਨ ਦੇ ਨਾਲ ਜੀਵਨ ਵਿਚ ਅਨੰਦ ਅਤੇ ਸੰਗੀਤ ਪੈਦਾ ਨਹੀਂ ਹੋ ਸਕਦਾ।

ਜਦੋਂ ਮਨੁੱਖ ਦੀ ਸੁਰਤੀ ਸ਼ਬਦ ਬ੍ਰਹਮ ਤੋਂ ਵੀ ਅੱਗੇ ਨਿਕਲ ਜਾਂਦੀ ਹੈ, ਉਸ ਤੋਂ ਬਾਅਦ ਹੀ ਇਸ ਦਾ ਮੇਲ ਪਾਰਬ੍ਰਹਮ ਦੇ ਨਾਲ ਹੁੰਦਾ ਹੈ। ਉਸ ਅਵਸਥਾ ਅੰਦਰ ਪਰਵੇਸ਼ ਕਰਨ ਤੋਂ ਬਾਅਦ ਮਨੁੱਖ ਦੇ ਆਪਣੇ ਅੰਦਰੋਂ ਆਪਣਾ ਗਿਆਨ ਆਉਂਦਾ ਹੈ। ਬਾਅਦ ਵਿਚ ਇਹ ਮਨੁੱਖ ਪਾਰਬ੍ਰਹਮ ਦੀ ਮਹਿਕ ਨੂੰ ਆਪਣੇ ਸ਼ਬਦ ਬ੍ਰਹਮ ਦੇ ਰਾਹੀਂ ਦੂਜੇ ਮਨੁੱਖ ਨੂੰ ਵੰਡ ਸਕਦਾ ਹੈ ਤਾਂ ਜੋ ਦੂਜੇ ਮਨੁੱਖ ਇਸ ਦੇ ਬੋਲਾਂ ਤੋਂ ਪ੍ਰੇਰਿਤ ਹੋ ਕੇ ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਆਪ ਸਾਧਨਾ ਕਰ ਸਕਣ। ਇਸ ਅਵਸਥਾ ਵਿਚ ਪਹੁੰਚ ਚੁੱਕੇ ਮਨੁੱਖ ਨੂੰ ਕਿਸੇ ਹੋਰਾਂ ਦੇ ਸ਼ਬਦ-ਬ੍ਰਹਮ ਦਾ ਸਹਾਰਾ ਲੈਣ ਦੀ ਲੋੜ ਨਹੀਂ ਪੈਂਦੀ। ਉਸ ਮਨੁੱਖ ਦੇ ਮੂੰਹ ਵਿੱਚੋਂ ਨਿਕਲਣ ਵਾਲੇ ਲਫ਼ਜ਼ ਨੇ ਸ਼ਬਦ ਬ੍ਰਹਮ ਬਣ ਜਾਣਾ ਹੈ। ਇਹ ਮਨੁੱਖ ਹੁਣ ਪਾਣੀ ਦੀ ਇੱਕ ਬੂੰਦ ਨਹੀਂ ਹੈ। ਇਸ ਦੀ ਚੇਤਨਾ ਸ਼ਕਤੀ ਦਾ ਮੇਲ ਵਿਸ਼ਾਲ ਚੇਤਨਾ ਦੇ ਸਾਗਰ ਨਾਲ ਹੋਣ ਤੋਂ ਬਾਅਦ ਉਸੇ ਦਾ ਹੀ ਰੂਪ ਹੋ ਗਈ ਹੈ।

ਮਨੁੱਖ ਨੂੰ ਧਾਰਮਿਕ ਕਿਰਿਆ ਕਰਦੇ ਨੂੰ ਕਿੰਨੇ ਸਾਲ ਬੀਤ ਚੁੱਕੇ ਹਨ। ਇਸ ਦੇ ਬਾਵਜੂਦ ਵੀ ਮਨੁੱਖ ਨੂੰ ਪਾਰਬ੍ਰਹਮ ਦੇ ਦਰਸ਼ਨ ਕਿਉਂ ਨਹੀਂ ਹੋ ਰਹੇ ? ਇਸੇ ਤਰ੍ਹਾਂ ਦੀ ਕਿਰਿਆ ਨੂੰ ਕਰਨ ਦੇ ਨਾਲ ਅੱਗੇ ਚੱਲ ਕੇ ਕੀ ਕੁੱਝ ਪ੍ਰਾਪਤ ਹੋ ਸਕਦਾ ਹੈ ? ਇਸ ਗੱਲ ਦੇ ਉੱਪਰ ਵਿਚਾਰ ਕਰਨ ਦੀ ਜ਼ਰੂਰਤ ਹੈ। ਕਰਮ-ਕਾਂਡ ਨੂੰ ਕਰਨ ਦੇ ਨਾਲ ਮਨੁੱਖ ਨੂੰ ਪਰਮ ਅਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕਰਮ-ਕਾਂਡ ਕਰਨ ਵਾਸਤੇ ਮਨੁੱਖ ਨੂੰ ਆਪਣੀ ਸੁਰਤੀ ਨੂੰ ਆਪਣੇ ਅੰਦਰੋਂ ਬਾਹਰ ਲੈ ਕੇ ਜਾਣਾ ਪੈਂਦਾ ਹੈ ਅਤੇ ਦੂਜੀ ਤਰਫ਼ ਪਾਰਬ੍ਰਹਮ ਨੂੰ ਮਿਲਣ ਦੇ ਲਈ ਮਨੁੱਖ ਨੇ ਆਪਣੀ ਸੁਰਤੀ ਨੂੰ ਆਪਣੇ ਅੰਦਰ ਲੈ ਕੇ ਜਾਣਾ ਹੁੰਦਾ ਹੈ। ਧਾਰਮਿਕ ਗ੍ਰੰਥਾਂ ਦੇ ਰਾਹੀਂ ਉਨ੍ਹਾਂ ਮਹਾਂਪੁਰਸ਼ਾਂ ਨੇ ਪਾਰਬ੍ਰਹਮ ਦੇ ਘਰ ਵੱਲ ਨੂੰ ਜਾਣ ਵਾਲੇ ਰਸਤੇ ਦੇ ਵੱਲ ਕੇਵਲ ਇਸ਼ਾਰਾ ਕੀਤਾ ਸੀ ਤਾਂ ਜੋ ਮਨੁੱਖ ਨੂੰ ਪਤਾ ਲੱਗ ਜਾਵੇ ਕਿ ਮੰਜ਼ਲ ਕਿਸ ਦਿਸ਼ਾ ਵੱਲ ਹੈ। ਇਹ ਉਨ੍ਹਾਂ ਦਾ ਮੇਨ ਮਕਸਦ ਸੀ ਤਾਂ ਕਿ ਕਿਸੇ ਤਰੀਕੇ ਦੇ ਨਾਲ ਇਸ ਕਠਨ ਯਾਤਰਾ ਵਿਚ ਮਨੁੱਖ ਦੀ ਕੁੱਝ ਕੁ ਮਦਦ ਕੀਤੀ ਜਾ ਸਕੇ।

ਸੱਚ ਨੂੰ ਆਪ ਅਨੁਭਵ ਕਰਨਾ ਪੈਂਦਾ ਹੈ , ਉਸ ਸ਼ਕਤੀ ਨੂੰ ਆਪ ਖ਼ੁਦ ਦੇਖਣਾ

ਪੈਂਦਾ ਹੈ, ਫਿਰ ਜਾ ਕੇ ਕਿਤੇ ਗੱਲ ਬਣਦੀ ਹੈ। ਮਨ ਕੇਵਲ ਗੱਲਾਂ ਨੂੰ ਸੁਣ ਕੇ ਜਾਂ ਕਿਸੇ ਹੋਰ ਦੇ ਸ਼ਬਦ ਬ੍ਰਹਮ ਨੂੰ ਪੜ੍ਹ ਕੇ ਸ਼ਾਂਤ ਨਹੀਂ ਹੋ ਸਕਦਾ। ਜਦੋਂ ਸੁਰਤੀ ਆਪਣੇ ਆਖ਼ਰੀ ਬਿੰਦੂ ’ਤੇ ਪਹੁੰਚ ਜਾਂਦੀ ਹੈ ਤਾਂ ਇਸ ਬਿੰਦੂ ’ਤੇ ਪਹੁੰਚਣ ਤੋਂ ਬਾਅਦ ਸੁਰਤੀ ਨੇ ਗਤੀਹੀਣ ਹੋ ਜਾਣਾ ਹੈ। ਇਸ ਅਵਸਥਾ ਵਿਚ ਤੁਸੀਂ ਖ਼ੁਦ ਆਪ ਦੇਖ ਲੈਣਾ ਕਿ ਉਸ ਅੰਦਰ ਵਾਲੇ ਆਕਾਸ਼ ਨੂੰ ਜੋ ਬਦਲਾਉ ਤੋਂ ਰਹਿਤ ਹੈ ਜੋ ਅਚੱਲ ਹੈ, ਜਿਸ ਉੱਪਰ ਕਦੇ ਵੀ ਕੁੱਝ ਨਹੀਂ ਲਿਖਿਆ ਗਿਆ, ਜੋ ਇਕਦਮ ਕੋਰਾ ਹੈ, ਨਿਰਲੇਪ ਹੈ, ਪਾਰਬ੍ਰਹਮ ਸਹਿਜ ਮੰਡਲ ਵੀ ਨਹੀਂ ਹੈ, ਉਸ ਅਵਸਥਾ ਨੂੰ ਅਨੁਭਵ ਕਰਨਾ ਹੀ ਮਨੁੱਖਾ ਜੀਵਨ ਦਾ ਇੱਕ ਮਾਤਰ ਮਕਸਦ ਹੈ। ਜੇਕਰ ਮਨੁੱਖ ਨੂੰ ਪਰਮਾਤਮਾ ਦੇ ਦਰਸ਼ਨ ਨਹੀਂ ਹੋ ਰਹੇ ਹਨ ਤਾਂ ਇਸ ਦਾ ਕਾਰਨ ਇਹ ਨਹੀਂ ਕਿ ਪਰਮਾਤਮਾ ਮਨੁੱਖ ਨੂੰ ਮਿਲਣਾ ਨਹੀਂ ਚਾਹੁੰਦਾ, ਬਲਕਿ ਮਨੁੱਖ ਦੇ ਵੱਲੋਂ ਸਹੀ ਕੋਸ਼ਿਸ਼ ਨਹੀਂ ਕੀਤੀ ਜਾ ਰਹੀ। ਪਰਮਾਤਮਾ ਦੇ ਘਰ ਤੱਕ ਪਹੁੰਚਣ ਲਈ ਮਨੁੱਖ ਨੂੰ ਸਮਝਾਉਣ ਲਈ ਦੀਵਾਰ ਉੱਪਰ ਰੰਗਾਂ ਦੀ ਮਦਦ ਨਾਲ ਦਰਵਾਜ਼ਾ ਬਣਾਇਆ ਗਿਆ ਹੈ। ਇਹ ਦਰਵਾਜ਼ਾ ਸਮਝਾਉਣ ਵਾਸਤੇ ਬਣਾਇਆ ਗਿਆ ਸੀ ਨਾ ਕਿ ਇਸ ਦਰਵਾਜ਼ੇ ਦੇ ਵਿੱਚੋਂ ਦੀ ਲੰਘ ਕੇ ਜਾਣਾ ਹੈ। ਇਹ ਤਾਂ ਕੇਵਲ ਦਰਵਾਜ਼ੇ ਦੀ ਤਸਵੀਰ ਹੈ। ਜੇਕਰ ਮਨੁੱਖ ਇਸ ਦਰਵਾਜ਼ੇ ਦੇ ਵਿੱਚੋਂ ਦੀ ਲੰਘ ਕੇ ਪਾਰਬ੍ਰਹਮ ਨੂੰ ਮਿਲਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਇਸ ਦਰਵਾਜ਼ੇ ਨੇ ਮਨੁੱਖ ਦੀ ਮਦਦ ਨਹੀਂ ਕਰਨੀ।

ਵਿਵੇਕ ਬੁੱਧੀ

ਜਿਸ ਮਨੁੱਖ ਦੀ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਕੇ ਵਰਤਮਾਨ ਕਾਲ ਦੇ ਵਿਚ ਸਥਿਰ ਹੋ ਜਾਂਦੀ ਹੈ, ਉਸ ਮਨੁੱਖ ਦੇ ਅੰਦਰੋਂ ਵਿਵੇਕ ਬੁੱਧੀ ਰੂਪੀ ਝਰਨੇ ਨੇ ਆਪਣੇ ਆਪ ਪ੍ਰਗਟ ਹੋ ਜਾਣਾ ਹੈ। ਮਨੁੱਖ ਅੰਦਰ ਵਿਵੇਕ ਬੁੱਧੀ ਦਾ ਪ੍ਰਕਾਸ਼ ਹੋਣ ਤੋਂ ਬਾਅਦ ਹੀ ਗਿਆਨ ਹੁੰਦਾ ਹੈ, ਕੀ ਸਹੀ ਹੈ ਅਤੇ ਕੀ ਗ਼ਲਤ ਹੈ। ਉਹ ਨਿਰਪੱਖ ਹੋ ਕੇ ਨਿਰਨਾ ਕਰ ਸਕਦਾ ਹੈ। ਇਸੇ ਅਵਸਥਾ ਵਿਚ ਜਦੋਂ ਕੋਈ ਮਨੁੱਖ ਪਰਵੇਸ਼ ਕਰ ਜਾਂਦਾ ਹੈ ਤਾਂ ਉਹ ਆਪ ਖ਼ੁਦ ਧਾਰਮਿਕ ਗ੍ਰੰਥਾਂ ਦੀ ਰਚਨਾ ਵੀ ਕਰ ਸਕਦਾ ਹੈ ਅਤੇ ਪਹਿਲਾਂ ਲਿਖੇ ਧਾਰਮਿਕ ਗ੍ਰੰਥਾਂ ਦੀ ਸਹੀ ਵਿਆਖਿਆ ਵੀ ਕਰ ਸਕਦਾ ਹੈ।

ਸਹੀ ਗ਼ਲਤ ਦਾ ਨਿਰਨਾ ਕਿਸੇ ਕਿਤਾਬ ਨੂੰ ਪੜ੍ਹ ਕੇ ਨਹੀਂ ਕੀਤਾ ਜਾ ਸਕਦਾ। ਜਿੱਥੇ ਕਈ ਵਾਰ ਤਲਵਾਰ ਚੁੱਕਣਾ ਪਾਪ ਹੈ, ਉੱਥੇ ਕਈ ਵਾਰ ਤਲਵਾਰ ਚੁੱਕਣਾ ਧਰਮ ਵੀ ਹੈ। ਵਿਵੇਕ ਬੁੱਧੀ ਨੂੰ ਪ੍ਰਾਪਤ ਕਰ ਚੁੱਕੇ ਮਨੁੱਖ ਦੇ ਕਰਮ ਬਿਲਕੁਲ ਸਾਧਾਰਨ ਮਨੁੱਖ ਦੇ ਵਾਂਗੂੰ ਹੀ ਰਹਿੰਦੇ ਹਨ, ਕੇਵਲ ਭਾਵਨਾ ਦੇ ਵਿਚ ਫ਼ਰਕ ਹੁੰਦਾ ਹੈ। ਸਾਧਨਾ ਕਰਨ ਨਾਲ ਮਨੁੱਖ ਦੇ ਅੰਦਰ ਵਿਵੇਕ ਬੁੱਧੀ ਦਾ ਵਿਕਾਸ ਹੋਈ ਜਾਂਦਾ ਹੈ। ਜਿਸ ਮਨੁੱਖ ਦੇ ਅੰਦਰ ਵਿਵੇਕ ਬੁੱਧੀ ਦਾ ਦੀਪਕ ਪ੍ਰਕਾਸ਼ਮਾਨ ਹੋ ਚੁੱਕਾ ਹੈ, ਉਸ ਮਨੁੱਖ ਦੇ ਲਈ ਨਾ ਤਾਂ ਕੋਈ ਆਪਣਾ ਹੈ ਅਤੇ ਨਾ ਹੀ ਕੋਈ ਪਰਾਇਆ। ਇਸ ਅਵਸਥਾ ਨੂੰ ਪ੍ਰਾਪਤ ਕਰਨ ਵਾਲੇ ਮਨੁੱਖ ਦੇ ਅੰਦਰੋਂ ਭੇਦ-ਭਾਵ ਦੀ ਦੀਵਾਰ ਡਿੱਗ ਜਾਂਦੀ ਹੈ। ਉਸ ਮਨੁੱਖ ਨੂੰ ਸੰਸਾਰ ਦੇ ਅੰਦਰ ਮਾਇਆ ਦਾ ਛੁਪਿਆ ਰੂਪ ਸਾਫ਼ ਤੌਰ ’ਤੇ ਦਿਖਾਈ ਦੇਣ ਲੱਗ ਜਾਂਦਾ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰਨ ਵਾਲੇ ਮਨੁੱਖ ਦੇ ਮਨ ਅਤੇ ਆਤਮਾ ਦੀ ਦੁਰਮਤ ਦੂਰ ਹੋ ਚੁੱਕੀ ਹੈ। ਇਸ ਦੇ ਕਾਰਨ ਇਸ ਅੰਦਰ ਚੰਗੇ ਸੰਸਕਾਰ ਆਪਣੇ ਆਪ ਪਰਵੇਸ਼ ਕਰ ਜਾਂਦੇ ਹਨ। ਇਸ ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਮਨੁੱਖ ਦੇ ਦੁਆਰਾ ਕੀਤੇ ਜਾ ਰਹੇ ਕਾਰਜ ਕਰਤਾ-ਭਾਵ ਤੋਂ ਮੁਕਤ ਹੁੰਦੇ ਹਨ। ਇਹ ਮਨੁੱਖ ਬੇਸ਼ੱਕ ਕਾਰਜ ਨੂੰ ਕਰਨ ਦੇ ਵਿਚ ਮੌਜੂਦ ਹੈ ਪਰ ਕਰਤਾ ਕੋਈ ਹੋਰ ਹੁੰਦਾ ਹੈ। ਜਿੰਨਾ ਚਿਰ ਤੱਕ ਸੁਰਤੀ ਪੂਰਨ ਤੌਰ ’ਤੇ ਭੂਤ ਕਾਲ ਅਤੇ ਭਵਿੱਖਤ ਕਾਲ ਦੇ ਵਿਚਾਰਾਂ ਤੋਂ ਮੁਕਤ ਹੋ ਕੇ ਵਰਤਮਾਨ ਕਾਲ ਦੇ ਵਿਚ ਆ ਕੇ ਸਥਿਰ ਨਹੀਂ ਹੋ ਜਾਂਦੀ, ਓਨਾ ਚਿਰ ਤੱਕ ਮਨੁੱਖ ਦੇ ਅੰਦਰ ਵਿਵੇਕ ਬੁੱਧੀ ਦਾ ਝਰਨਾ ਪ੍ਰਗਟ ਨਹੀਂ ਹੋ ਸਕਦਾ। ਵਿਵੇਕ ਬੁੱਧੀ ਰੂਪੀ ਤੱਤ ਮਨ ਅਤੇ ਆਤਮਾ ਦੇ ਨਿਰਮਲ ਹੋਣ ਤੋਂ ਬਾਅਦ ਹੀ ਮਨੁੱਖ ਦੇ ਅੰਦਰ ਪਰਵੇਸ਼ ਕਰਦਾ ਹੈ। ਵਿਵੇਕ ਬੁੱਧੀ ਦਾ ਸਿਧਾਂਤ ਹੈ ਕਿ ਆਪ ਖੋਜ ਕਰੋ, ਖ਼ੁਦ ਜਾਣੋ ਅਤੇ ਆਖ਼ਿਰ ਦੇ ਵਿਚ ਜਾਣੇ ਗਏ ਤੱਤ ਉੱਪਰ ਵਿਸ਼ਵਾਸ ਕਰੋ। ਦੂਜੀ ਤਰਫ਼ ਵਿਸ਼ਵਾਸ ਕਹਿੰਦਾ ਹੈ ਕਿ ਰੁਕਣ ਦੀ ਕੋਈ ਲੋੜ ਨਹੀਂ ਹੈ, ਜੋ ਵੀ ਹੈ ਉਹ ਸਹੀ

ਹੈ। ਐਨੇ ਸਾਰੇ ਲੋਕ ਗ਼ਲਤ ਥੋੜ੍ਹੀ ਹੋ ਸਕਦੇ ਹਨ। ਵਿਚਾਰ ਕਹਿੰਦਾ ਹੈ ਜਲਦੀ ਨਾ ਕਰੋ, ਥੋੜ੍ਹਾ ਰੁਕੋ, ਸੋਚੋ, ਵਿਚਾਰ ਕਰੋ, ਜਾਣੋ ਅਤੇ ਖੋਜ ਕਰੋ, ਉਸ ਤੋਂ ਬਾਅਦ ਹੀ ਵਿਸ਼ਵਾਸ ਕਰਨਾ ਹੈ। ਇਹ ਵੀ ਹੋ ਸਕਦਾ ਹੈ ਕਿ ਦਿਖਾਈ ਦੇਣ ਵਾਲੀ ਲੋਕਾਂ ਦੀ ਭੀੜ ਮੂਰਖਾਂ ਦੇ ਨਾਲ ਭਰੀ ਹੋਵੇ। ਪੁਰਾਣੀ ਕਹਾਵਤ ਹੈ ਸਿਆਣਿਆਂ ਮਨੁੱਖਾਂ ਦੀ ਕਦੇ ਭੀੜ ਨਹੀਂ ਹੁੰਦੀ ਅਤੇ ਭੀੜ ਦੇ ਵਿਚ ਅਕਸਰ ਜ਼ਿਆਦਾ ਸਿਆਣੇ ਮਨੁੱਖ ਨਹੀਂ ਹੁੰਦੇ। ਧਾਰਮਿਕ ਜਗਿਆਸੂ ਮਨੁੱਖ ਭੀੜ ਨੂੰ ਦੇਖ ਕੇ ਉਸ ਤੋਂ ਪ੍ਰਭਾਵਿਤ ਹੋ ਜਾਂਦਾ ਹੈ। ਇਹ ਕਿਸੇ ਗੱਲ ਦੀ ਗਹਿਰਾਈ ਵਿਚ ਆਪ ਉਤਰੇ ਬਿਨਾਂ ਦਿਖਾਈ ਦੇਣ ਵਾਲੀ ਭੀੜ ਦੇ ਮਗਰ ਲੱਗ ਜਾਂਦਾ ਹੈ। ਇਨ੍ਹਾਂ ਧਾਰਮਿਕ ਆਗੂਆਂ ਨੇ ਮਨੁੱਖ ਨੂੰ ਸਦੀਆਂ ਤੋਂ ਨਰਕਾਂ ਦੀਆਂ ਸਜ਼ਾਵਾਂ ਸੁਣਾ ਸੁਣਾ ਕੇ ਬਹੁਤ ਬੁਰੀ ਤਰ੍ਹਾਂ ਡਰਾਇਆ ਹੋਇਆ ਹੈ। ਇਸ ਕਾਰਨ ਧਾਰਮਿਕ ਮਨੁੱਖ ਭੀੜ ਦੇ ਨਾਲ ਰਹਿਣ ਵਿਚ ਆਰਾਮ ਮਹਿਸੂਸ ਕਰਦਾ ਹੈ। ਇਕੱਲੇ ਹੋਣ ’ਤੇ ਇਸ ਨੂੰ ਡਰ ਲੱਗਣ ਲੱਗ ਜਾਂਦਾ ਹੈ। ਇਸੇ ਤਰਕੀਬ ਦੀ ਵਰਤੋਂ ਖ਼ਾਸ ਕਰਕੇ ਰਾਜਨੀਤਕ ਲੋਕ ਵੀ ਕਰਦੇ ਹਨ। ਚੋਣਾਂ ’ਤੇ ਪ੍ਰਚਾਰ ਕਰਨ ਸਮੇਂ ਉਹ ਅਕਸਰ ਰੈਲੀ ਦੀਆਂ ਕੁਰਸੀਆਂ ਨੂੰ ਆਪ ਖ਼ੁਦ ਪੈਸੇ ਦੇ ਕੇ ਕਿਰਾਏ ਦੇ ਲੋਕਾਂ ਨਾਲ ਭਰ ਲੈਂਦੇ ਹਨ ਤਾਂ ਜੋ ਹੋਰ ਭੀੜ ਨੂੰ ਆਕਰਸ਼ਿਤ ਕੀਤਾ ਜਾ ਸਕੇ। ਜੋ ਲੋਕ ਘਰਾਂ ਦੇ ਵਿਚ ਬੈਠੇ ਟੈਲੀਵੀਜ਼ਨ ਦੇਖ ਰਹੇ ਹਨ ਜਾਂ ਅਖ਼ਬਾਰਾਂ ਪੜ੍ਹ ਰਹੇ ਹਨ, ਇਹ ਸਾਰੀ ਖੇਡ ਉਨ੍ਹਾਂ ਨੂੰ ਭਰਮਾਉਣ ਵਾਸਤੇ ਕੀਤੀ ਜਾਂਦੀ ਹੈ। ਚੋਣਾਂ ਸਮੇਂ ਰਾਜਨੀਤਕ ਨੇਤਾ ਲੋਕ ਪੈਸੇ ਦਾ ਜਾਂ ਸ਼ਰਾਬ ਦਾ ਲਾਲਚ ਦੇ ਕੇ ਕਿਰਾਏ ਦੀ ਭੀੜ ਨੂੰ ਆਪਣੇ ਨਾਲ ਲੈ ਕੇ ਚੱਲਦੇ ਹਨ ਤਾਂ ਜੋ ਦੂਜੇ ਵੋਟਰਾਂ ਨੂੰ ਬੇਵਕੂਫ਼ ਬਣਾ ਕੇ ਅਗਲੇ ਪੰਜਾਂ ਸਾਲਾਂ ਦੇ ਲਈ ਚੰਗੀ ਤਰ੍ਹਾਂ ਲੁੱਟਿਆ ਜਾ ਸਕੇ। ਜਨਤਾ ਵਿਚਾਰੀ ਨੂੰ ਇਸ ਅੰਦਰਲੀ ਜਾਲਸਾਜ਼ੀ ਵਾਲੀ ਗੱਲ ਦਾ ਪਤਾ ਹੀ ਨਹੀਂ ਲੱਗਦਾ। ਪੁਰਾਣੀ ਕਹਾਣੀ ਹੈ, ਸਰਦੀਆਂ ਦਾ ਸਮਾਂ ਸੀ, ਭੇਡਾਂ ਦਾ ਮਾਲਕ ਭੇਡਾਂ ਨੂੰ ਕੰਬਲ ਵੰਡਣ ਦੇ ਲਈ ਵਾਅਦਾ ਕਰ ਰਿਹਾ ਸੀ। ਇੱਕ ਭੇਡ ਦੇ ਬੱਚੇ ਨੇ ਆਪਣੀ ਮਾਂ ਦੇ ਕੋਲੋਂ ਇਹ ਸਵਾਲ ਕੀਤਾ— ਮਾਂ ਕੰਬਲਾਂ ਨੂੰ ਬਣਾਉਣ ਦੇ ਲਈ ਉੱਨ ਕਿਥੋਂ ਆਵੇਗੀ ? ਇਹ ਬਹੁਤ ਪੁਰਾਣੀ ਤਰਕੀਬ ਹੈ। ਇਸੇ ਤਰਕੀਬ ਦੀ ਵਰਤੋਂ ਕਰਕੇ ਹਰ ਵਾਰ ਚੋਣਾਂ ਸਮੇਂ ਭ੍ਰਿਸ਼ਟ ਨੇਤਾ ਵੋਟਾਂ ਇਕੱਠੀਆਂ ਕਰਦੇ ਹਨ। ਇਹ ਲੋਕ ਕਿੰਨੇ ਸਮੇਂ ਤੋਂ ਇਸ ਦੇਸ਼ ਨੂੰ ਲੁੱਟੀ ਜਾ ਰਹੇ ਹਨ। ਤੁਸੀਂ ਦੇਖਿਆ ਹੋਣਾ ਕਿ ਲੀਡਰ ਜਿੰਨੀਆਂ ਮਰਜ਼ੀ ਗੱਪਾਂ ਦੇ ਮਹਿਲ ਬਣਾਈ ਜਾਵੇ, ਕਿਰਾਏ ’ਤੇ ਲਿਆਂਦੇ ਲੋਕ ਕਿੱਦਾਂ ਤਾਲੀਆਂ ਦਾ ਮੀਂਹ ਵਰਸਾਈ ਜਾਂਦੇ ਹਨ। ਆਮ ਨਾਗਰਿਕ ਵੀ ਦੂਜਿਆਂ ਨੂੰ ਤਾਲੀਆਂ ਮਾਰਦਿਆਂ ਨੂੰ ਦੇਖ ਕੇ ਖ਼ੁਦ ਤਾਲੀ ਮਾਰਨ ਲੱਗਦੇ ਹਨ। ਹਿਟਲਰ ਭੀੜ ਦੇ ਅੰਦਰ ਅਕਸਰ ਆਪਣੇ ਖ਼ਾਸ ਬੰਦੇ ਬਿਠਾ ਦੇਂਦਾ ਸੀ ਜੋ ਉਸ ਦੀ ਹਰ ਇੱਕ ਗੱਲ ਉੱਪਰ ਤਾਲੀ ਮਾਰਦੇ ਸਨ। ਉਨ੍ਹਾਂ ਦੇ ਵੱਲ ਦੇਖ ਕੇ ਦੂਜੇ ਲੋਕ ਵੀ ਤਾਲੀ ਮਾਰਨੀ ਸ਼ੁਰੂ ਕਰ ਦੇਂਦੇ ਸਨ। ਸਾਰਾ ਕੁੱਝ ਵੈੱਲ ਪਲੈਨ ਕੀਤਾ ਜਾਂਦਾ ਹੈ। ਸਾਧਾਰਨ ਮਨੁੱਖ ਨੂੰ ਇਸ ਅੰਦਰਲੀ ਜਾਹਲਸਾਜ਼ੀ ਦੀ ਭਿਣਕ ਵੀ ਨਹੀਂ ਲੱਗਦੀ।

ਜਦੋਂ ਮਨੁੱਖ ਨੇ ਕਿਸੇ ਚੀਜ਼ ਦੀ ਖ਼ਰੀਦੋ-ਫ਼ਰੋਖ਼ਤ ਕਰਨੀ ਹੋਵੇ ਤਾਂ ਇਹ ਉਸ

ਚੀਜ਼ ਨੂੰ ਖ਼ਰੀਦਣ ਤੋਂ ਪਹਿਲਾਂ ਬਹੁਤ ਖੋਜ ਪੜਤਾਲ ਕਰਦਾ ਹੈ, ਪਰ ਆਤਮ ਗਿਆਨ ਵਰਗੇ ਜੀਵਨ ਦੇ ਅਹਿਮ ਵਿਸ਼ੇ ਦੇ ਵਿਚ ਗਤੀ ਕਰਨ ਤੋਂ ਪਹਿਲਾਂ ਕੋਈ ਜਾਂਚ ਪੜਤਾਲ ਨਹੀਂ ਕੀਤੀ ਜਾਂਦੀ। ਮਨੁੱਖ ਇੱਕ ਦੂਜੇ ਦੇ ਮਗਰ ਤੁਰਦਾ ਹੋਇਆ ਉਨ੍ਹਾਂ ਸਥਾਨਾਂ ’ਤੇ ਚਲਾ ਜਾਂਦਾ ਹੈ, ਜਿਨ੍ਹਾਂ ਦਾ ਧਰਮ ਦੇ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਹੁੰਦਾ। ਜੋ ਵੀ ਮਨੁੱਖ ਇਨ੍ਹਾਂ ਦੇ ਕੋਲ ਇੱਕ ਵਾਰ ਚਲਾ ਜਾਵੇਗਾ, ਤਾਂ ਇਨ੍ਹਾਂ ਲੋਕਾਂ ਨੇ ਉਸ ਜਗਿਆਸੂ ਨੂੰ ਕਈ ਝੂਠੀਆਂ ਕਹਾਣੀਆਂ ਸੁਣਾਉਣੀਆਂ ਹਨ ਕਿ ਦੇਹਧਾਰੀ ਗੁਰੂ ਦੇ ਬਿਨਾਂ ਮਨੁੱਖ ਨੂੰ ਨਰਕਾਂ ਦੇ ਵਿਚ ਜਾਣਾ ਪੈਂਦਾ ਹੈ। ਗੁਰੂ ਦੇ ਬਿਨਾਂ ਮਨੁੱਖ ਦੀ ਗਤੀ ਨਹੀਂ ਹੋ ਸਕਦੀ। ਤੁਸੀਂ ਇਹਨਾਂ ਲੋਕਾਂ ਦੀ ਕਿਸੇ ਵੀ ਕਿਤਾਬ ਨੂੰ ਪੜ੍ਹ ਕੇ ਦੇਖ ਲੈਣਾ—ਇੱਕੋ ਹੀ ਗੱਲ ਨੂੰ ਹਰ ਦੂਜੇ ਤੀਜੇ ਸਫ਼ੇ ’ਤੇ ਬਾਰ ਬਾਰ ਦੁਹਰਾਇਆ ਜਾਂਦਾ ਹੈ, ਗੁਰੂ ਨੂੰ ਧਾਰਨਾ ਬਹੁਤ ਜ਼ਰੂਰੀ ਹੈ। ਟੈਲੀਵੀਜ਼ਨ ’ਤੇ ਵੀ ਇੱਕੋ ਹੀ ਮਸ਼ਹੂਰੀ ਨੂੰ ਵਿਗਿਆਪਨ ਕੰਪਨੀਆਂ ਬਾਰ ਬਾਰ ਦੁਹਰਾਈ ਜਾਂਦੀਆਂ ਹਨ ਤਾਂ ਜੋ ਮਨੁੱਖ ਨੂੰ ਆਪਣਾ ਸਾਮਾਨ ਖ਼ਰੀਦਣ ਵਾਸਤੇ ਪ੍ਰੇਰਿਤ ਕੀਤਾ ਜਾ ਸਕੇ। ਤੁਸੀਂ ਆਪਣੇ ਆਲੇ-ਦੁਆਲੇ ਦੇਖੋ ਤਾਂ ਤੁਹਾਨੂੰ ਆਪਣੇ ਆਪ ਪਤਾ ਲੱਗ ਜਾਵੇਗਾ।

ਇਸ ਤਰ੍ਹਾਂ ਇਹ ਲੋਕ ਆਪਣੇ ਸਵਾਰਥ ਨੂੰ ਪੂਰਾ ਕਰਨ ਦੇ ਲਈ ਮਨੁੱਖ ਦੀ ਵਿਵੇਕ ਬੁੱਧੀ ਦੇ ਦੀਪਕ ਨੂੰ ਅੰਧ-ਵਿਸ਼ਵਾਸ ਦਾ ਪਾਣੀ ਪਾ ਕੇ ਪੂਰੀ ਤਰ੍ਹਾਂ ਬੁਝਾ ਦੇਣਾ ਚਾਹੁੰਦੇ ਹਨ। ਫਿਰ ਇਸ ਮਨੁੱਖ ਦਾ ਜੀਵਨ ਪਿੰਜਰੇ ਦੇ ਅੰਦਰ ਕੈਦ ਪੰਛੀ ਦੇ ਵਾਂਗੂੰ ਬਤੀਤ ਹੋਵੇਗਾ। ਹੁਣ ਇਹ ਉਨ੍ਹਾਂ ਦੇ ਲਈ ਲੜੇਗਾ, ਉਨ੍ਹਾਂ ਦੇ ਲਈ ਝਗੜਾ ਕਰੇਗਾ, ਉਨ੍ਹਾਂ ਦੇ ਲਈ ਝੂਠ ਬੋਲ ਕੇ ਪ੍ਰਚਾਰ ਵੀ ਕਰੇਗਾ। ਡੇਰਾ ਪ੍ਰੇਮੀ ਨੂੰ ਦੱਸਿਆ ਜਾਂਦਾ ਹੈ ਕਿ ਦੂਜਿਆਂ ਲੋਕਾਂ ਨੂੰ ਡੇਰੇ ਉੱਪਰ ਲਿਆਉਣ ਦੇ ਲਈ ਬੋਲਿਆ ਗਿਆ ਝੂਠ ਵੀ ਮੁਕਤੀ ਪ੍ਰਦਾਨ ਕਰਵਾਉਂਦਾ ਹੈ। ਆਤਮ ਗਿਆਨ ਦੀ ਪ੍ਰਾਪਤੀ ਹੋ ਰਹੀ ਹੈ ਜਾਂ ਨਹੀਂ, ਇਨ੍ਹਾਂ ਲੋਕਾਂ ਨੂੰ ਇਸ ਗੱਲ ਦੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਗੁਰੂ ਨੂੰ ਧਾਰਨ ਵਾਲੇ ਮਨੁੱਖ ਇਹ ਸੋਚਦੇ ਹਨ ਕਿ ਅਸੀਂ ਗੁਰੂ ਨੂੰ ਧਾਰ ਲਿਆ ਹੈ, ਹੁਣ ਅਸੀਂ ਮੁਕਤ ਹੋ ਜਾਣਾ ਹੈ। ਜਦਕਿ ਮਨੁੱਖ ਨੇ ਆਪਣੀ ਵਿਵੇਕ ਬੁੱਧੀ ਦੀ ਵਰਤੋਂ ਕਰਦੇ ਹੋਏ ਆਪ ਖ਼ੁਦ ਪਾਰਬ੍ਰਹਮ ਨੂੰ ਅਨੁਭਵ ਕਰਨ ਲਈ ਕੋਸ਼ਿਸ਼ ਕਰਨੀ ਹੈ। ਇੱਕ ਸਿਆਣਾ ਮਾਲੀ ਪੌਦੇ ਦੀਆਂ ਜੜ੍ਹਾਂ ਨਾਲੋਂ ਉੱਗੇ ਨਦੀਨ ਘਾਹ ਅਤੇ ਪੱਥਰ ਰੂਪੀ ਰੁਕਾਵਟਾਂ ਨੂੰ ਦੂਰ ਕਰੀ ਜਾਂਦਾ ਹੈ ਤਾਂ ਜੋ ਪੌਦਿਆਂ ਦਾ ਵਿਕਾਸ ਸਹੀ ਤਰੀਕੇ ਨਾਲ ਹੋ ਸਕੇ। ਮਾਲੀ ਪੌਦਿਆਂ ਨੂੰ ਵੱਡਾ ਤਾਂ ਨਹੀਂ ਕਰ ਸਕਦਾ, ਪਰ ਉਹ ਪੌਦਿਆਂ ਦੇ ਵਿਕਾਸ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਜ਼ਰੂਰ ਕਰ ਸਕਦਾ ਹੈ। ਮਨੁੱਖ ਨੇ ਵਿਵੇਕ ਬੁੱਧੀ ਦੀ ਵਰਤੋਂ ਇੱਕ ਸਿਆਣੇ ਮਾਲੀ ਦੇ ਵਾਂਗੂੰ ਕਰਨੀ ਹੁੰਦੀ ਹੈ ਤਾਂ ਜੋ ਇਸ ਦਿਸ਼ਾ ਵੱਲ ਗਤੀ ਕਰਨ ’ਤੇ ਪੈਦਾ ਹੋਣ ਵਾਲੀਆਂ ਰੁਕਾਵਟਾਂ ਦਾ ਨਾਲੋ-ਨਾਲ ਨਿਪਟਾਰਾ ਕੀਤਾ ਜਾ ਸਕੇ। ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਲੇ ਰਸਤੇ ਦੇ ਉੱਪਰ ਜੋ ਸਭ ਤੋਂ ਵੱਡੀ ਰੁਕਾਵਟ ਆਉਂਦੀ ਹੈ, ਉਹ ਹੈ ਮਨੁੱਖ ਦਾ ਆਪਣਾ ਅਗਿਆਨ। ਜੋ ਵੀ ਮਨੁੱਖ ਦਾ ਆਪਣਾ ਅਨੁਭਵ ਨਹੀਂ ਹੈ ਕਿਸੇ ਹੋਰ ਤੋਂ ਸੁਣ ਲਿਆ ਗਿਆ ਹੈ, ਉਸ ਨੂੰ ਛੱਡਣ ਤੋਂ ਬਾਅਦ ਹੀ ਆਤਮਾ ਦੇ ਅੰਦਰੋਂ ਨਿਰਮਲ ਗਿਆਨ ਰੂਪੀ ਵਿਵੇਕ ਬੁੱਧੀ ਦਾ ਝਰਨਾ ਪ੍ਰਗਟ ਹੋ ਸਕਦਾ ਹੈ।

ਧਿਆਨ ਸਿਮਰਨ ਕਿਸ ਤਰ੍ਹਾਂ ਕਰਨਾ ਹੈ

ਧਿਆਨ ਸਿਮਰਨ ਕਿਸ ਤਰ੍ਹਾਂ ਕਰਨਾ ਹੈ, ਇਸ ਬਾਰੇ ਇਸ ਅਧਿਆਇ ਵਿਚ ਤੁਹਾਨੂੰ ਦੱਸਿਆ ਜਾਵੇਗਾ। ਤੁਸੀਂ ਕੰਨਾਂ ਦੇ ਵਿਚ ਪਲੱਗ ਪਾ ਕੇ ਹੀ ਸਾਧਨਾ ਕਰਨੀ ਹੈ। ਕਿਸੇ ਵੀ ਆਸਣ ਦੇ ਵਿਚ ਬੈਠਿਆ ਜਾ ਸਕਦਾ ਹੈ। ਆਸਣ ਇਸ ਤਰ੍ਹਾਂ ਦਾ ਹੋਵੇ ਜਿਸ ਦੇ ਵਿਚ ਆਰਾਮ ਦੇ ਨਾਲ ਜ਼ਿਆਦਾ ਤੋਂ ਜ਼ਿਆਦਾ ਸਮੇਂ ਲਈ ਬੈਠਿਆ ਜਾ ਸਕੇ।

ਪਹਿਲੇ ਚਰਨ ਵਿਚ

ਸਾਧਨਾ ਸ਼ੁਰੂ ਕਰਨ ਤੋਂ ਪਹਿਲਾਂ ਕਿਸੇ ਵੀ ਕੀਰਤਨ ਦਾ ਇਕ ਸ਼ਬਦ ਸਰਵਣ ਕਰਨਾ ਹੈ। ਜੇਕਰ ਹੋ ਸਕੇ, ਉਸ ਤੋਂ ਬਾਅਦ ਮੂਲ ਮੰਤਰ ਦਾ ਇੱਕ ਪਾਠ ਕਰਨਾ ਹੈ। ਜਿੱਥੋਂ ਤੱਕ ਤੁਹਾਡਾ ਦਿਲ ਕਰਦਾ ਹੈ, ਉੱਥੋਂ ਤੱਕ ਤੁਸੀਂ ਕਰ ਸਕਦੇ ਹੋ, ਕੋਈ ਵਿਚਾਰ ਨਹੀਂ ਕਰਨੀ।

ਦੂਜੇ ਚਰਨ ਵਿਚ

5 ਮਿੰਟ ਅੰਦਾਜ਼ੇ ਨਾਲ ਅੱਖਾਂ ਬੰਦ ਕਰ ਕੇ ਦੋਨਾਂ ਭਰਵੱਟਿਆਂ ਦੇ ਵਿਚਕਾਰ ਆਪਣੇ ਪੂਰੇ ਧਿਆਨ ਨੂੰ ਇਕਾਗਰ ਕਰਦੇ ਹੋਏ ਮੂੰਹ ਦੇ ਰਾਹੀਂ ਸਵਾਸ ਨੂੰ ਬਾਹਰ ਕੱਢਣ ਲੱਗਿਆਂ ਓਅੰਕਾਰ ਧੁਨੀ ਦਾ ਲੰਬਾ ਉਚਾਰਨ ਕਰਦੇ ਜਾਣਾ ਹੈ। ਧੁਨੀ ਦਾ ਉਚਾਰਨ ਐਨਾ ਜ਼ਿਆਦਾ ਲੰਬਾ ਕਰਨਾ ਹੈ ਤਾਂ ਜੋ ਸਵਾਸ ਨੂੰ ਪੂਰੀ ਤਰ੍ਹਾਂ ਬਾਹਰ ਕੱਢਣ ਦੇ ਲਈ ਘੱਟੋ ਘੱਟ 5 ਸੈਕਿੰਡ ਦਾ ਸਮਾਂ ਲੱਗ ਜਾਵੇ। ਜੇਕਰ ਓਅੰਕਾਰ ਧੁਨੀ ਦਾ ਉਚਾਰਨ ਕਰਨ ਦੇ ਲਈ 5 ਸੈਕਿੰਡ ਤੋਂ ਵੱਧ ਸਮਾਂ ਵੀ ਲੱਗ ਜਾਂਦਾ ਹੈ, ਓਨਾ ਜ਼ਿਆਦਾ ਚੰਗਾ ਹੈ। ਧੁਨੀ ਦੇ ਅਖ਼ੀਰ ਵਿਚ ਆਰਾਮ ਦੇ ਨਾਲ ਸਵਾਸ ਆਪਣੇ ਨੱਕ ਦੇ ਰਾਹੀਂ ਅੰਦਰ ਖਿੱਚਣੇ ਹਨ। ਓਅੰਕਾਰ ਧੁਨੀ ਦਾ ਉਚਾਰਨ ਤਦ ਤੱਕ ਕਰਨਾ ਹੈ, ਜਿੰਨਾ ਚਿਰ ਤੱਕ ਸਵਾਸ ਪੂਰੀ ਤਰ੍ਹਾਂ ਪੇਟ ਦੇ ਅੰਦਰੋਂ ਬਾਹਰ ਨਹੀਂ ਨਿਕਲ ਜਾਂਦਾ। ਇਸੇ ਹੀ ਤਰ੍ਹਾਂ ਤੁਸੀਂ ਧੁਨੀ ਦਾ ਜਾਪ ਕਰਦੇ ਹੀ ਜਾਣਾ ਹੈ। ਓਅੰਕਾਰ ਧੁਨੀ ਦਾ ਜਾਪ ਕੇਵਲ ਸਵਾਸ ਨੂੰ ਬਾਹਰ ਕੱਢਣ ਲੱਗਿਆਂ ਹੀ ਕਰਨਾ ਹੈ। ਜਾਪ ਬਹੁਤ ਧੀਮੀ ਆਵਾਜ਼ ਵਿਚ ਕਰਨਾ ਹੈ। ਓਅੰਕਾਰ ਧੁਨੀ ਤੋਂ ਇਲਾਵਾ ਕਿਸੇ ਹੋਰ ਸ਼ਬਦ ਦੀ ਵਰਤੋਂ ਨਹੀਂ ਕਰਨੀ ਹੈ।

ਤੀਜੇ ਚਰਨ ਵਿਚ

5 ਮਿੰਟ ਅੰਦਾਜ਼ੇ ਨਾਲ ਅੱਖਾਂ ਬੰਦ ਕਰ ਕੇ ਦੋਨਾਂ ਭਰਵੱਟਿਆਂ ਦੇ ਵਿਚਕਾਰ ਆਪਣੇ ਪੂਰੇ ਧਿਆਨ ਨੂੰ ਇਕਾਗਰ ਕਰਦੇ ਹੋਏ ਬਿਨਾਂ ਆਵਾਜ਼ ਕੀਤੇ ਮੂੰਹ ਦੇ ਰਾਹੀਂ ਓਅੰਕਾਰ ਧੁਨੀ ਦਾ ਉਚਾਰਨ ਕਰਨਾ ਹੈ। ਸਵਾਸ ਨੂੰ ਬਾਹਰ ਕੱਢਣ ਲੱਗਿਆਂ ਓਅੰਕਾਰ ਧੁਨੀ ਦਾ ਉਚਾਰਨ ਕਰਦੇ ਜਾਣਾ ਹੈ। ਘੱਟੋ-ਘੱਟ ਇੱਕ ਵਾਰ ਧੁਨੀ ਦਾ ਉਚਾਰਨ ਕਰਨ ਲਈ 5 ਸੈਕਿੰਡ ਦਾ ਸਮਾਂ ਲੱਗਣਾ ਜ਼ਰੂਰੀ ਹੈ। ਜਿੰਨਾ ਚਿਰ ਤੱਕ ਸਵਾਸ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਜਾਂਦਾ, ਓਨਾ ਚਿਰ ਤੱਕ ਤੁਸੀਂ ਓਅੰਕਾਰ ਧੁਨੀ ਦਾ ਜਾਪ ਕਰਦੇ ਹੀ ਜਾਣਾ ਹੈ। ਧੁਨੀ ਦਾ ਜਾਪ ਕੇਵਲ ਸਵਾਸ ਨੂੰ ਬਾਹਰ ਕੱਢਣ ਲੱਗਿਆਂ ਹੀ ਕਰਨਾ ਹੈ, ਬਿਨਾਂ ਆਵਾਜ਼ ਕੀਤਿਆਂ।

ਚੌਥੇ ਚਰਨ ਵਿਚ

ਇਸ ਚਰਨ ਵਿਚ ਤੁਸੀਂ ਆਪਣੀਆਂ ਅੱਖਾਂ ਬੰਦ ਹੀ ਰੱਖਣੀਆਂ ਹਨ। ਭਰਵੱਟਿਆਂ ਦੇ ਵਿਚਕਾਰ ਆਪਣੇ ਪੂਰੇ ਧਿਆਨ ਨੂੰ ਇਕਾਗਰ ਕਰ ਕੇ ਬੈਠ ਜਾਣਾ ਹੈ। ਆਪਣੇ ਮੂੰਹ ਨੂੰ ਬੰਦ ਕਰ ਕੇ ਆਪਣੇ ਸਵਾਸਾਂ ਨੂੰ ਨੱਕ ਦੇ ਰਾਹੀਂ ਬਾਹਰ ਕੱਢਣ ਲੱਗਿਆਂ ਓਅੰਕਾਰ ਧੁਨੀ ਦਾ ਜਾਪ ਕਰਨਾ ਹੈ, ਜਿੰਨਾ ਮਰਜ਼ੀ ਵੱਧ ਤੋਂ ਵੱਧ ਸਮਾਂ ਲੱਗ ਜਾਵੇ। ਇਸੇ ਤਰ੍ਹਾਂ ਤੁਸੀਂ ਆਪਣੀ ਸੁਰਤੀ ਨੂੰ ਗਗਨ ਮੰਡਲ ਦੇ ਹਨੇਰੇ ਵਿਚ ਇਕਾਗਰ ਕਰ ਕੇ ਬੈਠੇ ਰਹਿਣਾ ਹੈ ਅਤੇ ਬਿਨਾਂ ਆਵਾਜ਼ ਕੀਤੇ ਓਅੰਕਾਰ ਧੁਨੀ ਦਾ ਜਾਪ ਕਰਦੇ ਜਾਣਾ ਹੈ। ਇਸ ਚਰਨ ਵਿਚ ਤੁਸੀਂ 10 ਮਿੰਟ ਲਗਾਉਣੇ ਹਨ।

ਪੰਜਵੇਂ ਚਰਨ ਵਿਚ

ਇਸ ਚਰਨ ਵਿਚ ਤੁਸੀਂ ਆਪਣੀਆਂ ਅੱਖਾਂ ਬੰਦ ਹੀ ਰੱਖਣੀਆਂ ਹਨ ਅਤੇ ਆਪਣੇ ਪੂਰੇ ਧਿਆਨ ਨੂੰ ਨੱਕ ਦੇ ਮੁੱਢ ਤੋਂ ਥੋੜ੍ਹਾ ਜਿਹਾ ਉੱਪਰ ਅਤੇ ਇੱਕ ਇੰਚ ਅੰਦਰ ਇਕਾਗਰ ਕਰਕੇ ਅੰਤਰ ਧਿਆਨ ਹੋ ਕੇ ਬੈਠ ਜਾਣਾ ਹੈ। ਸਾਧਨਾ ਦਾ ਇਹ ਚਰਨ ਬਹੁਤ ਮਹੱਤਵਪੂਰਨ ਚਰਨ ਹੈ। ਤੁਸੀਂ ਜ਼ਿਆਦਾ ਤੋਂ ਜ਼ਿਆਦਾ ਸਮੇਂ ਦੇ ਲਈ ਇਸ ਚਰਨ ਦੇ ਵਿਚ ਬੈਠਣ ਦੀ ਕੋਸ਼ਿਸ਼ ਕਰਨੀ ਹੈ। ਇਸ ਅਵਸਥਾ ਵਿਚ ਸਮੇਂ ਦਾ ਬੋਧ ਖ਼ਤਮ ਹੋ ਜਾਵੇਗਾ। ਜਦੋਂ ਤੁਹਾਡੀ ਅੱਖ ਖੁੱਲ੍ਹੇਗੀ ਤਾਂ ਤੁਸੀਂ ਬਹੁਤ ਹੈਰਾਨ ਹੋ ਜਾਵੋਗੇ, ਬੀਤੇ ਸਮੇਂ ਦਾ ਪਤਾ ਨਹੀਂ ਚੱਲਣਾ। ਇਸ ਦੇ ਲਈ ਸਾਧਨਾ ’ਤੇ ਬੈਠਣ ਤੋਂ ਪਹਿਲਾਂ ਅਲਾਰਮ ਜ਼ਰੂਰ ਲਗਾ ਲੈਣਾ ਹੈ ਤਾਂ ਜੋ ਆਰਾਮ ਦੇ ਨਾਲ ਸਾਧਨਾ ਵਿਚ ਬੈਠਿਆ ਜਾ ਸਕੇ। ਜੇਕਰ ਜ਼ਿਆਦਾ ਵਿਚਾਰ ਆਉਣ ਤਾਂ ਵਿੱਚੇ ਵਿਚ ਆਵਾਜ਼ ਕਰਕੇ ਮੂੰਹ ਦੇ ਨਾਲ ਇੱਕ ਦੋ ਵਾਰ ਓਅੰਕਾਰ ਧੁਨੀ ਦਾ ਜਾਪ ਕਰ ਸਕਦੇ ਹੋ।

ਸਾਧਕ ਨੂੰ ਸ਼ੁਰੂ ਸ਼ੁਰੂ ਦੇ ਵਿਚ ਓਅੰਕਾਰ ਦਾ ਜਾਪ ਰਸਨਾ ਦੁਆਰਾ ਕਰਨਾ ਪੈਂਦਾ ਹੈ। ਬਾਅਦ ਵਿਚ ਇੰਦਰੀਆਂ ਦੇ ਰਾਹੀਂ ਜਾਪ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਸਾਧਕ ਦੇ ਸਰੀਰ ਅੰਦਰ ਅਜੱਪਾ ਜਾਪ ਆਪਣੇ ਆਪ ਚੱਲ ਪਵੇਗਾ ਅਤੇ ਮੂੰਹ ਦੇ

ਨਾਲ ਜਾਪ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਅਜੱਪਾ ਜਾਪ ਅਨਾਹਤ ਨਾਦ ਦੇ ਰਾਹੀਂ ਹੁੰਦਾ ਹੈ। ਜਦੋਂ ਸੁਖਮਨਾ ਨਾੜੀ ਦਾ ਸਵਰਨ ਪ੍ਰਕਾਸ਼ ਦਸਮ ਦੁਆਰ ਦੇ ਰਾਹੀਂ ਮਸਤਕ ਦੇ ਅੰਦਰ ਪਰਵੇਸ਼ ਕਰਨ ਲੱਗ ਜਾਂਦਾ ਹੈ ਤਾਂ ਬ੍ਰਹਮ ਨਾਦ ਦੀ ਗੂੰਜ ਤੁਹਾਡੇ ਕੰਨਾਂ ਦੇ ਅੰਦਰ ਸੁਣਾਈ ਦੇਵੇਗੀ। ਸੁਖਮਨਾ ਨਾੜੀ ਜਦੋਂ ਚੱਲਦੀ ਹੈ ਤਾਂ ਪਹਿਲਾਂ ਨਾਦੀ ਸੰਖ ਦੀ ਆਵਾਜ਼ ਸੁਣਾਈ ਦੇਂਦੀ ਹੈ। ਜਦੋਂ ਨਾਭੀ ਦੇ ਮਗਰਲੇ ਪਾਸੇ ਤੋਂ ਇੜਾ ਅਤੇ ਪਿੰਗਲਾ ਨਾੜੀ ਦਾ ਪ੍ਰਕਾਸ਼ ਉੱਪਰ ਵੱਲ ਨੂੰ ਗਤੀ ਕਰਨ ਲੱਗ ਜਾਂਦਾ ਹੈ ਤਾਂ ਤੁਹਾਨੂੰ ਬ੍ਰਹਮ ਨਾਦ ਦੀ ਆਵਾਜ਼ ਇੱਕ ਸੰਖ ਦੇ ਰੂਪ ਵਿਚ ਸੁਣਾਈ ਦੇਵੇਗੀ। ਬ੍ਰਹਮ ਨਾਦ ਦੀ ਆਵਾਜ਼ ਇੜਾ, ਪਿੰਗਲਾ ਅਤੇ ਸੁਖਮਨਾ ਦੇ ਪ੍ਰਕਾਸ਼ ਦੀ ਗਤੀ ਤੇਜ਼ ਹੋਣ ਦੇ ਨਾਲ ਹੋਰ ਜ਼ਿਆਦਾ ਉੱਚੀ ਹੋ ਜਾਂਦੀ ਹੈ। ਇਸ ਤੋਂ ਬਾਅਦ ਮਨੁੱਖ ਨੂੰ ਆਪਣੀ ਜ਼ੁਬਾਨ ਦੇ ਰਾਹੀਂ ਲਗਾਤਾਰ ਜਾਪ ਕਰਨ ਦੀ ਲੋੜ ਨਹੀਂ ਪੈਂਦੀ। ਇਸ ਅਵਸਥਾ ਵਿਚ ਮਨੁੱਖ ਦੇ ਸਰੀਰ ਦਾ ਇੱਕ ਇੱਕ ਰੋਮ ਅਨਾਹਤ ਨਾਦ ਦੀ ਧੁਨੀ ਦੇ ਰਾਹੀਂ ਪਰਮਾਤਮਾ ਦੇ ਨਾਮ ਦਾ ਜਾਪ ਕਰਨ ਲੱਗ ਜਾਂਦਾ ਹੈ। ਜਦੋਂ ਕੋਈ ਸਾਧਕ ਇਸ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ ਤਾਂ ਉਸ ਮਨੁੱਖ ਦੇ ਮਨ ਅੰਦਰ ਕੋਈ ਇੱਛਾ ਨਹੀਂ ਰਹਿ ਜਾਂਦੀ, ਨਾ ਹੀ ਕੁੱਝ ਕਰਨ ਦੀ ਅਤੇ ਨਾ ਹੀ ਕੁੱਝ ਪ੍ਰਾਪਤ ਕਰਨ ਦੀ। ਇਸ ਅਵਸਥਾ ਵਿਚ ਪਰਵੇਸ਼ ਕਰਨ ਤੋਂ ਬਾਅਦ ਮਨੁੱਖ ਗਿਆਨ ਅਗਿਆਨ ਅਤੇ ਮੋਹ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ। ਜੋ ਕਰਨਾ ਸੀ, ਉਹ ਕਰ ਲਿਆ ਹੈ। ਜਿਸ ਸ਼ਕਤੀ ਨੂੰ ਜਾਣਨਾ ਸੀ, ਉਸ ਨੂੰ ਜਾਣ ਲਿਆ ਹੈ। ਚੇਤਨਾ ਦਾ ਆਕਾਸ਼ ਵਿਚਾਰਾਂ ਤੋਂ ਮੁਕਤ ਹੋਣ ਨਾਲ ਸੁਰਤੀ ਨੇ ਸਹਿਜ ਮੰਡਲ ਦੇ ਅੰਦਰ ਸਦਾ ਦੇ ਲਈ ਪਰਵੇਸ਼ ਕਰ ਜਾਣਾ ਹੈ। ਸੁਰਤੀ ਦੁਨਿਆਵੀ ਛਿਣ-ਭਰ ਸੁੱਖਾਂ ਨੂੰ ਮਾਣਨ ਲਈ ਮਹਾਂ ਅਨੰਦ ਦੇ ਰਸ ਦਾ ਤਿਆਗ ਨਹੀਂ ਕਰੇਗੀ। ਇਸ ਅਵਸਥਾ ਵਿਚ ਸੁਰਤੀ ਪਹੁੰਚਣ ਦੇ ਨਾਲ ਮਨੁੱਖ ਸਾਰੇ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਇਸ ਅਵਸਥਾ ਵਿਚ ਸੁਰਤੀ ਦੇ ਲਈ ਥੱਲੇ ਵੱਲ ਨੂੰ ਗਤੀ ਕਰਨੀ ਬਹੁਤ ਮੁਸ਼ਕਲ ਹੈ।

ਸੰਸਾਰ ਵਿਚ ਜਿੰਨੇ ਵੀ ਧਾਰਮਿਕ ਗ੍ਰੰਥ ਲਿਖੇ ਗਏ ਹਨ, ਉਨ੍ਹਾਂ ਦੇ ਅੰਦਰ ਜੋ ਵੀ ਕੁੱਝ ਲਿਖਿਆ ਹੈ, ਜੋ ਕੁੱਝ ਉਨ੍ਹਾਂ ਮਨੁੱਖ ਦੇ ਸਰੀਰ ਅੰਦਰ ਵਾਪਰਿਆ ਸੀ, ਜੋ ਕੁੱਝ ਉਨ੍ਹਾਂ ਨੇ ਆਪਣੇ ਜੀਵਨ ਵਿਚ ਅਨੁਭਵ ਕੀਤਾ ਸੀ, ਬਿਲਕੁਲ ਉਸੇ ਹੀ ਤਰ੍ਹਾਂ ਦਾ ਅਨੁਭਵ ਤੁਹਾਡੇ ਸਰੀਰ ਅੰਦਰ ਵਾਪਰਨ ਲੱਗ ਜਾਵੇਗਾ। ਇਹ ਨਹੀਂ ਕਿ ਉਨ੍ਹਾਂ ਦੇ ਸਰੀਰ ਅੰਦਰ ਕੁੱਝ ਹੋਰ ਅਨੁਭਵ ਹੋਇਆ ਸੀ ਅਤੇ ਤੁਹਾਨੂੰ ਕੁੱਝ ਹੋਰ ਅਨੁਭਵ ਹੋਵੇਗਾ। ਹਰ ਇੱਕ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਕਰਨ ਲਈ ਇਸੇ ਹੀ ਸਾਧਨਾ ਦੇ ਵਿੱਚੋਂ ਦੀ ਲੰਘਣਾ ਪੈਂਦਾ ਹੈ। ਸਾਰਾ ਸਰੀਰ ਆਪਣੇ ਆਪ ਪਾਰਬ੍ਰਹਮ ਦਾ ਜਾਪ ਕਰਨ ਲੱਗ ਜਾਂਦਾ ਹੈ। ਇਹ ਇੱਕ ਐਸੀ ਅਨੰਦਮਈ ਅਵਸਥਾ ਹੈ ਜਿਸ ਦੇ ਅੱਗੇ ਸਾਰੇ ਭੋਗਾਂ ਦੇ ਰਸ ਫਿੱਕੇ ਪੈ ਜਾਂਦੇ ਹਨ। ਸੁਰਤੀ ਬ੍ਰਹਮ ਦੇ ਅਨਾਹਤ ਨਾਦ ਨੂੰ ਸੁਣਦੀ ਹੋਈ ਕੰਬਣ ਤੋਂ ਰਹਿਤ ਹੋਈ ਜਾਂਦੀ ਹੈ। ਮਨ ਨੇ ਆਤਮਾ ਰੂਪੀ ਸਮੁੰਦਰ ਦੇ ਅੰਦਰ ਇੱਕ ਲਹਿਰ ਦੇ ਵਾਂਗੂੰ ਸਮਾ ਜਾਣਾ ਹੈ। ਆਤਮਾ ਦੇ ਅੰਦਰ ਕੰਬਣ ਕਾਰਨ ਹੀ ਭੇਦ ਪੈਦਾ ਹੋ ਰਹੇ ਸਨ। ਜਦੋਂ ਮਨ ਕੰਬਣ ਰਹਿਤ ਅਵਸਥਾ ਵਿਚ ਪਰਵੇਸ਼ ਕਰ

ਜਾਂਦਾ ਹੈ ਤਾਂ ਇਸ ਨੇ ਆਤਮਾ ਨੂੰ ਵੀ ਕੰਬਣ ਰਹਿਤ ਅਵਸਥਾ ਵਿਚ ਲੈ ਜਾਣਾ ਹੈ। ਇਸ ਅਵਸਥਾ ਵਿਚ ਪਹੁੰਚ ਕੇ ਜੀਵ ਆਤਮਾ ਆਪਣੇ ਆਪ ਇੰਦਰੀਆਂ ਭੋਗਾਂ ਤੋਂ ਮੁਕਤ ਹੋ ਕੇ ਆਪਣੇ ਆਪ ਦੇ ਵਿਚ ਸਥਿਰ ਹੋ ਜਾਂਦੀ ਹੈ। ਸਰੀਰ ਅੰਦਰ ਪ੍ਰਕਾਸ਼ ਉਤਪੰਨ ਹੋਣ ਦੇ ਨਾਲ ਸਰੀਰ ਦਾ ਇੱਕ ਇੱਕ ਰੋਮ ਉਸ ਪਰਮ ਸ਼ਕਤੀ ਦਾ ਜਾਪ ਕਰਨ ਲੱਗ ਜਾਂਦਾ ਹੈ। ਧਿਆਨ ਸਿਮਰਨ ਕਰਨ ਲੱਗਿਆਂ ਸਾਡੀ ਸੁਰਤੀ ਜਦੋਂ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਸਾਡੀ ਆਤਮਾ ਨੇ ਸਹਿਜ ਮੰਡਲ ਦੇ ਵਿੱਚੋਂ ਅਨੰਦ ਦੇ ਕੌਲੇ ਭਰ ਭਰ ਕੇ ਪੀਣੇ ਹਨ। ਇੱਕ ਦਿਨ ਮਨ ਆਪਣੇ ਅਸਲੀ ਰੂਪ ਦੇ ਵਿਚ ਵਾਪਸ ਪਰਤਦਾ ਆਵੇਗਾ। ਹਰ ਦਿਨ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰਨ ਦੇ ਨਾਲ ਸੁੱਕੇ ਜੀਵਨ ਦੇ ਅੰਦਰ ਤਾਜ਼ਗੀ ਅਤੇ ਸੰਗੀਤ ਦਾ ਪਰਵੇਸ਼ ਹੋਈ ਜਾਣਾ ਹੈ। ਮਨ ਦੇ ਅੰਦਰ ਸੁਰਤੀ ਨੂੰ ਭਟਕਾਉਣ ਵਾਲੀਆਂ ਕਿਰਿਆਵਾਂ ਜੋ ਚੱਲ ਰਹੀਆਂ ਸਨ, ਉਹ ਆਪਣੇ ਆਪ ਅਲੋਪ ਹੋਈ ਜਾਣੀਆਂ ਹਨ। ਧਿਆਨ ਸਿਮਰਨ ਕਰਦਿਆਂ ਕਰਦਿਆਂ ਸਾਧਕ ਕੇਵਲ ਪਰਮਾਤਮਾ ਨੂੰ ਜਾਣਦਾ ਹੀ ਨਹੀਂ, ਬਲਕਿ ਉਸ ਦੇ ਵਿਚ ਲੀਨ ਹੋ ਕੇ ਉਸੇ ਦਾ ਰੂਪ ਹੋ ਜਾਂਦਾ ਹੈ।

ਸਾਧਨਾ ਦੇ ਵਿਚ ਬਾਰ ਬਾਰ ਪਰਵੇਸ਼ ਕਰਨ ਨਾਲ ਦੇਹ-ਭਾਵ ਖ਼ਤਮ ਹੁੰਦਾ ਜਾਵੇਗਾ। ਆਖ਼ਰ ਵਿਚ ਕੇਵਲ ਹੋਣਾ-ਭਾਵ ਬਾਕੀ ਰਹਿ ਜਾਣਾ ਹੈ। ਉਸ ਤੋਂ ਬਾਅਦ ਹੋਣਾ-ਭਾਵ ਵੀ ਖ਼ਤਮ ਹੋ ਜਾਵੇਗਾ। ਆਖ਼ਰ ਵਿਚ ਕੇਵਲ ਚੇਤਨ-ਭਾਵ ਬਾਕੀ ਰਹਿ ਜਾਣਾ ਹੈ। ਇਸ ਅਵਸਥਾ ਵਿਚ ਜੋ ਅਗਿਆਨਤਾ ਦੀ ਪਰਤ ਜੀਵ ਆਤਮਾ ਨਾਲ ਚਿਪਕ ਗਈ ਸੀ, ਉਸ ਨੇ ਨਸ਼ਟ ਹੋ ਜਾਣਾ ਹੈ। ਮਨੁੱਖ ਦੇ ਅੰਦਰ ਜੋ ਆਤਮਾ ਹੈ, ਜੋ ਦੇਖਣ ਵਾਲੀ ਚੇਤਨਾ ਸ਼ਕਤੀ ਹੈ ਜੋ ਜਾਣਨ ਵਾਲੀ ਹੈ, ਜਦੋਂ ਕਿਸੇ ਆਤਮਾ ਨੂੰ ਭਰਮ ਪੈ ਜਾਂਦਾ ਹੈ ਕਿ ਮੈਂ ਇੱਕ ਸਰੀਰ ਹਾਂ ਤਾਂ ਇਹ ਜੀਵ ਆਤਮਾ ਬਣ ਜਾਂਦੀ ਹੈ।

ਧਿਆਨ ਸਿਮਰਨ ਦੀ ਵਿਧੀ ਰਾਹੀਂ ਤੁਸੀਂ ਵਿਚਾਰਾਂ ਦੀ ਦੀਵਾਰ ਤੋਂ ਪਾਰ ਬਾਰ ਬਾਰ ਝਾਕਣ ਦੀ ਕੋਸ਼ਿਸ਼ ਕਰਨੀ ਹੈ। ਇੱਕ ਸਮਾਂ ਐਸਾ ਆ ਜਾਵੇਗਾ ਜਦੋਂ ਤੁਹਾਡੀ ਸੁਰਤੀ ਨੇ ਵਿਚਾਰਾਂ ਦੀ ਦੀਵਾਰ ਦੇ ਅਗਲੇ ਪਾਰ ਚਲੇ ਜਾਣਾ ਹੈ। ਜੋ ਵੀ ਮਨੁੱਖ ਇਸ ਦੀਵਾਰ ਦੇ ਪਾਰ ਲੰਘ ਜਾਂਦਾ ਹੈ, ਉਸ ਮਨੁੱਖ ਨੇ ਜਿਉਂਦੇ-ਜੀ ਪ੍ਰਕਿਰਤੀ ਦੀ ਅਧੀਨਤਾ ਤੋਂ ਮੁਕਤ ਹੋ ਜਾਣਾ ਹੈ। ਇਸ ਦੀਵਾਰ ਦੇ ਪਾਰ ਤੁਹਾਨੂੰ ਤੁਹਾਡੇ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਲੈ ਕੇ ਜਾ ਸਕਦਾ ਹੈ। ਇਸ ਦੀਵਾਰ ਦੇ ਪਾਰ ਜਾਣਾ ਹੈ ਜਾਂ ਨਹੀਂ ਜਾਣਾ ਹੈ, ਇਹ ਤੁਹਾਡੇ ਆਪਣੇ ਹੱਥ ਵਿਚ ਹੈ।

ਸਾਡੀ ਚੇਤਨਾ ਦਾ ਜੋ ਆਕਾਸ਼ ਹੈ, ਉਸ ਦੇ ਉੱਪਰ ਵਿਚਾਰਾਂ ਰੂਪੀ ਬੱਦਲ ਗਤੀਮਾਨ ਹਨ। ਸੁਰਤੀ ਇਨ੍ਹਾਂ ਬੱਦਲਾਂ ਨੂੰ ਪਾੜ ਕੇ ਚੇਤਨਾ ਦੇ ਆਕਾਸ਼ ਵਿਚ ਪਰਵੇਸ਼ ਕਰਨ ਵਿਚ ਅਸਮਰੱਥ ਹੈ। ਜਿੰਨਾ ਚਿਰ ਤੱਕ ਸੁਰਤੀ ਇਨ੍ਹਾਂ ਵਿਚਾਰਾਂ ਰੂਪੀ ਬੱਦਲਾਂ ਤੋਂ ਅੱਗੇ ਨਹੀਂ ਲੰਘ ਜਾਂਦੀ, ਓਨਾ ਚਿਰ ਤੱਕ ਵਿਚਾਰਾਂ ਦੀ ਦੀਵਾਰ ਨਸ਼ਟ ਨਹੀਂ ਹੋ ਸਕਦੀ। ਇਸ ਵਿਚਾਰਾਂ ਵਾਲੀ ਦੀਵਾਰ ਦੇ ਪਾਰ ਝਾਕਣ ਵਾਲੇ ਮਨੁੱਖ ਨੂੰ ਬ੍ਰਹਮ ਗਿਆਨੀ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਧਿਆਨ ਸਿਮਰਨ ਦੀ ਸਾਰੀ ਸਾਧਨਾ ਕੋਈ ਹਨੇਰੇ ਵਿਚ ਤੀਰ ਮਾਰਨ ਦੇ ਵਾਂਗੂੰ ਨਹੀਂ ਹੈ। ਸਾਧਕ ਦੀ ਮਿਹਨਤ ਦਾ ਫਲ ਉਸ ਨੂੰ ਨਾਲੋ-ਨਾਲ ਮਿਲੀ ਜਾਂਦਾ ਹੈ। ਜਿੰਨਾ ਚਿਰ ਤੱਕ ਕਾਰਨ ਸਰੀਰ ਰੂਪੀ ਪਰਤ ਪੂਰੀ ਤਰ੍ਹਾਂ ਨਸ਼ਟ ਨਹੀਂ ਹੋ ਜਾਂਦੀ, ਤਦ ਤੱਕ ਸਾਧਨਾ ਕਰਦੇ ਹੀ ਜਾਣਾ ਹੈ; ਜਿਸ ਤਰ੍ਹਾਂ ਮਰੀਜ਼ ਬਿਮਾਰੀ ਠੀਕ ਹੋਣ ਤੋਂ ਬਾਅਦ ਦਵਾਈ ਖਾਣੀ ਬੰਦ ਕਰ ਦੇਂਦਾ ਹੈ। ਸਾਧਨਾ ਦੀ ਸ਼ੁਰੂਆਤ ਕਿਰਿਆ ਦੇ ਦੁਆਰਾ ਕੀਤੀ ਜਾਂਦੀ ਹੈ ਤੇ ਬਾਅਦ ਵਿਚ ਸਾਧਨਾ ਅਕਿਰਿਆ ਦੇ ਵਿਚ ਤਬਦੀਲ ਹੋ ਜਾਂਦੀ ਹੈ। ਅਖ਼ੀਰ ਵਿਚ ਅੰਦਰ ਬਾਹਰ ਇੱਕ ਮੋਨ ਵਾਲੀ ਅਵਸਥਾ ਬਣ ਜਾਂਦੀ ਹੈ। ਵੈਸੇ ਤੁਸੀਂ ਕਿਸੇ ਵੀ ਸਮੇਂ ਸਾਧਨਾ ਕਰ ਸਕਦੇ ਹੋ, ਪਰ ਅੰਮ੍ਰਿਤ ਵੇਲੇ ਸਾਧਨਾ ਕਰਨ ਦੇ ਨਾਲ ਮਨ ਜਲਦੀ ਇਕਾਗਰ ਹੋ ਜਾਂਦਾ ਹੈ।

ਅਨੰਦ ਅਤੇ ਸ਼ਾਂਤੀ

ਮਨੁੱਖ ਭਾਵੇਂ ਕਿਸੇ ਵੀ ਪਦਾਰਥ ਨੂੰ ਪ੍ਰਾਪਤ ਕਰਕੇ ਦੇਖ ਲਵੇ ਜਾਂ ਭੋਗਾਂ ਨੂੰ ਭੋਗ ਲਵੇ, ਇਸ ਨੂੰ ਅਨੰਦ ਅਤੇ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਦੋਂ ਕੋਈ ਮਨੁੱਖ ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਗਤੀ ਕਰਦਾ ਹੈ, ਤਾਂ ਉਸ ਮਨੁੱਖ ਦੇ ਜੀਵਨ ਵਿਚ ਅਨੰਦ ਅਤੇ ਸ਼ਾਂਤੀ ਅਕਾਰਨ ਪੈਦਾ ਹੋ ਜਾਣੇ ਹਨ। ਇੱਕ ਮਨੁੱਖ ਦੂਜੇ ਮਨੁੱਖ ਨੂੰ ਅਨੰਦ ਅਤੇ ਸ਼ਾਂਤੀ ਨਹੀਂ ਦੇ ਸਕਦਾ, ਬਲਕਿ ਇਸ ਅਵਸਥਾ ਨੂੰ ਪ੍ਰਾਪਤ ਕਰਨ ਦੇ ਲਈ ਹਰ ਇੱਕ ਮਨੁੱਖ ਨੂੰ ਆਪ ਸਾਧਨਾ ਕਰਨੀ ਪੈਂਦੀ ਹੈ। ਮਨੁੱਖ ਦੇ ਸਰੀਰ ਅੰਦਰ ਅਨੰਦ ਅਤੇ ਸ਼ਾਂਤ-ਮਈ ਆਤਮਾ ਰੂਪੀ ਦਰੱਖ਼ਤ ਹੈ, ਜਿਸ ਵੀ ਮਨੁੱਖ ਨੇ ਇਸ ਦਰਖ਼ਤ ਦੀ ਭਾਲ ਕਰ ਲਈ ਹੈ, ਉਸ ਦੇ ਜੀਵਨ ਅੰਦਰ ਇਨ੍ਹਾਂ ਦੋਨੋਂ ਦਾ ਪਰਵੇਸ਼ ਹੋ ਜਾਵੇਗਾ। ਜੋ ਵੀ ਮਨੁੱਖ ਹਿੰਮਤ ਕਰਕੇ ਇਸ ਦਰੱਖ਼ਤ ਦੀ ਭਾਲ ਕਰ ਲਵੇਗਾ, ਉਸ ਮਨੁੱਖ ਦੇ ਮਨ ਨੂੰ ਦੁੱਖਾਂ ਅਤੇ ਪਰੇਸ਼ਾਨੀਆਂ ਦੀਆਂ ਧੁੱਪਾਂ ਪਰੇਸ਼ਾਨ ਨਹੀਂ ਕਰ ਸਕਦੀਆਂ। ਮਨ ਆਤਮਾ ਰੂਪੀ ਦਰੱਖ਼ਤ ਦੀ ਛਾਂ ਹੇਠਾਂ ਪਹੁੰਚਣ ਤੋਂ ਬਾਅਦ ਹੀ ਚਿੰਤਾ ਅਤੇ ਪਰੇਸ਼ਾਨੀਆਂ ਤੋਂ ਮੁਕਤ ਹੋ ਸਕਦਾ ਹੈ। ਇਸ ਦਰੱਖ਼ਤ ਦੀ ਛਾਂ ਥੱਲੇ ਨਾ ਤਾਂ ਪਾਠ ਪੂਜਾ ਲੈ ਕੇ ਜਾ ਸਕਦਾ ਹੈ ਅਤੇ ਨਾ ਹੀ ਕੀਤਾ ਗਿਆ ਦਾਨ ਪੁੰਨ। ਆਤਮਾ ਰੂਪੀ ਦਰੱਖ਼ਤ ਦੀ ਛਾਂ ਥੱਲੇ ਉਹ ਮਨੁੱਖ ਪਹੁੰਚ ਸਕਦਾ ਹੈ ਜੋ ਆਪਣੇ ਸਰੀਰ ਦੇ ਰਾਹੀਂ ਆਪਣੀ ਆਤਮਾ ਦੇ ਅੰਦਰ ਪਰਵੇਸ਼ ਕਰਨ ਦੇ ਲਈ ਹਿੰਮਤ ਰੱਖਦਾ ਹੈ। ਜੋ ਵੀ ਮਨੁੱਖ ਅਟੁੱਟ ਸਾਧਨਾ ਕਰਦਾ ਹੀ ਜਾਵੇਗਾ, ਉਸ ਨੇ ਇੱਕ ਨਾ ਇੱਕ ਦਿਨ ਆਪਣੇ ਅੰਦਰੋਂ ਆਤਮਾ ਰੂਪੀ ਦਰੱਖ਼ਤ ਨੂੰ ਜ਼ਰੂਰ ਖੋਜ ਲੈਣਾ ਹੈ।

ਲਗਾਤਾਰ ਸਾਧਨਾ ਕਰਨ ਦੇ ਨਾਲ ਪ੍ਰਾਣ ਪ੍ਰਕਾਸ਼ ਦਿਮਾਗ਼ ਦੇ ਉਨ੍ਹਾਂ ਹਿੱਸਿਆਂ ਦੇ ਵਿਚ ਪਰਵੇਸ਼ ਕਰਨ ਲੱਗ ਜਾਂਦਾ ਹੈ, ਜਿਨ੍ਹਾਂ ਦੇ ਰਾਹੀਂ ਜੀਵ ਆਤਮਾ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਨੂੰ ਅਨੁਭਵ ਕਰਦੀ ਹੈ। ਅਨੰਦ ਮਨੁੱਖ ਦੇ ਪ੍ਰਾਣਾਂ ਅੰਦਰ ਦੱਬਿਆ ਹੋਇਆ ਹੈ। ਬ੍ਰਹਿਮੰਡ ਦਾ ਸਾਰ ਹਰ ਇੱਕ ਮਨੁੱਖ ਦੇ ਸਰੀਰ ਅੰਦਰ ਹੈ। ਜਦੋਂ ਮਨੁੱਖ ਧਿਆਨ ਸਿਮਰਨ ਦੇ ਰਾਹੀਂ ਆਪਣੇ ਮਨ ਦੀਆਂ ਪਰਤਾਂ ਨੂੰ ਇੱਕ ਇੱਕ ਕਰਕੇ ਉਤਾਰੀ ਜਾਵੇਗਾ ਤਾਂ ਆਖ਼ਰ ਦੇ ਵਿਚ ਕੁੱਝ ਨਹੀਂ ਬਚੇਗਾ। ਮਨੁੱਖ ਦੀ ਸੁਰਤੀ ਜਦੋਂ ਉਸ ਬਿੰਦੂ ’ਤੇ ਪਹੁੰਚ ਜਾਂਦੀ ਹੈ, ਤਾਂ ਸੁਰਤੀ ਦਾ ਮਿਲਣ ਬ੍ਰਹਮ ਦੇ ਪਰਮ ਅਚੱਲ ਤੱਤ ਦੇ ਨਾਲ ਹੋ ਜਾਂਦਾ ਹੈ। ਜੋ ਵੀ ਮਨੁੱਖ ਇਸ ਅਵਸਥਾ ਵਿਚ ਪਰਵੇਸ਼ ਕਰ ਜਾਵੇਗਾ, ਉਸ ਮਨੁੱਖ ਦੇ ਮਨ ਅਤੇ ਆਤਮਾ ਨੂੰ ਅਗਿਆਨ ਰੂਪੀ ਹਨੇਰੇ ਤੋਂ ਸਦਾ ਦੇ ਲਈ ਮੁਕਤੀ ਮਿਲ ਜਾਣੀ ਹੈ। ਇਹ ਅਵਸਥਾ ਉਸ ਸਮੇਂ ਬਣ ਜਾਂਦੀ ਹੈ ਜਦੋਂ ਮਨ ਰੂਪੀ ਝੀਲ ਦੇ ਵਿਚ ਵਿਚਾਰਾਂ ਦੀਆਂ ਲਹਿਰਾਂ ਪੂਰਨ ਤੌਰ ’ਤੇ ਸ਼ਾਂਤ ਹੋ ਜਾਂਦੀਆਂ

ਹਨ। ਅਨੰਦ ਦੇ ਘਰ ਵੱਲ ਨੂੰ ਜਾਣ ਵਾਲਾ ਰਸਤਾ ਮਨੁੱਖ ਦੇ ਮਸਤਕ ਅੰਦਰ ਬੰਦ ਅਵਸਥਾ ਵਿਚ ਮੌਜੂਦ ਹੈ। ਕੇਵਲ ਇੱਕ ਚੀਜ਼ ਮਨੁੱਖ ਨੂੰ ਜਿਉਂਦੇ-ਜੀ ਪਾਰਬ੍ਰਹਮ ਦੇ ਵਿਚ ਪੂਰਨ ਤੌਰ 'ਤੇ ਲੀਨ ਕਰ ਸਕਦੀ ਹੈ, ਉਹ ਹੈ ਮਨੁੱਖ ਦੇ ਖ਼ੁਦ ਵੱਲੋਂ ਕੀਤੀ ਗਈ ਅਰਦਾਸ। ਤੁਸੀਂ ਉਸ ਪਰਮ ਸ਼ਕਤੀ ਦੇ ਕੋਲੋਂ ਇਹ ਮੰਗ ਕਰਨੀ ਹੈ ਕਿ ਕਿਰਪਾ ਕਰਕੇ ਮੈਨੂੰ ਆਪਣੇ ਘਰ ਦਾ ਰਸਤਾ ਦਿਖਾ ਦੇਵੋ, ਬੱਸ ਗੱਲ ਖ਼ਤਮ, ਕੇਵਲ ਇੱਕੋ ਵਾਰ ਇਹ ਅਰਦਾਸ ਕਰਨ ਦੀ ਲੋੜ ਹੈ। ਅਰਦਾਸ ਸੁਣ ਲਈ ਜਾਵੇਗੀ। ਇਹ ਸਾਰਾ ਬ੍ਰਹਿਮੰਡ ਜੋ ਸਾਨੂੰ ਦਿਖਾਈ ਦੇ ਰਿਹਾ ਹੈ, ਇਹ ਪਰਮਾਤਮਾ ਹੀ ਹੈ ਪਰ ਅਗਿਆਨੀ ਮਨੁੱਖਾਂ ਨੇ ਉਸ ਸਰਬ-ਵਿਆਪਕ ਸ਼ਕਤੀ ਨੂੰ ਮਨੁੱਖ ਦੇ ਵੱਲੋਂ ਬਣਾਈਆਂ ਇਮਾਰਤਾਂ, ਮੂਰਤੀ ਅਤੇ ਤਸਵੀਰਾਂ ਦੇ ਵਿਚ ਕੈਦ ਕਰ ਦਿੱਤਾ ਹੈ। ਦੇਹਧਾਰੀ ਸੰਤ ਵੀ ਆਪਣੇ ਆਪ ਨੂੰ ਪਰਮਾਤਮਾ ਦਾ ਸੈਕਟਰੀ ਹੋਣ ਵਾਸਤੇ ਸਾਰਾ ਪ੍ਰਚਾਰ ਕਰਦੇ ਹਨ। ਇਹ ਇੱਕ ਹੋਰ ਨਵੀਂ ਲੀਲ੍ਹਾ ਪੈਦਾ ਹੋ ਗਈ ਹੈ। ਅਨੰਦ ਅਤੇ ਸ਼ਾਂਤੀ ਇਹ ਦੋਨੋਂ ਸੁੱਖ ਤੋਂ ਉੱਪਰ ਵਾਲੀਆਂ ਅਵਸਥਾਵਾਂ ਹਨ। ਸਾਧਾਰਨ ਮਨੁੱਖ ਸੁੱਖ ਅਤੇ ਦੁੱਖ ਦੇ ਅਨੁਭਵ ਵਿਚ ਆਪਣਾ ਸਾਰਾ ਜੀਵਨ ਬਤੀਤ ਕਰਦਾ ਹੈ। ਸੁੱਖ ਕੀ ਹੈ ? ਜਦੋਂ ਮਨੁੱਖ ਕਿਸੇ ਪਦਾਰਥ ਨੂੰ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰਦਾ ਹੈ ਤਾਂ ਉਸੇ ਗੱਲ ਨੂੰ ਲੈ ਕੇ ਮਸਤਕ ਅੰਦਰ ਬਹੁਤ ਸਾਰੇ ਵਿਚਾਰ ਗਤੀਮਾਨ ਹੋ ਜਾਂਦੇ ਹਨ। ਹਰ ਪਲ ਉਸੇ ਚੀਜ਼ ਨੂੰ ਲੈ ਕੇ ਮਨ ਆਪਣੇ ਅੰਦਰ ਮੱਕੜੀ ਦੇ ਵਾਂਗੂੰ ਵਿਚਾਰਾਂ ਦੇ ਜਾਲ ਨੂੰ ਵੱਡਾ ਕਰੀ ਜਾਂਦਾ ਹੈ ਜਦੋਂ ਉਸ ਪਦਾਰਥ ਦੀ ਪ੍ਰਾਪਤੀ ਹੋ ਜਾਵੇਗੀ, ਸੁਰਤੀ ਨੇ ਉਸ ਗੱਲ ਨੂੰ ਲੈ ਕੇ ਅੰਦਰ ਚੱਲਣ ਵਾਲੇ ਵਿਚਾਰਾਂ ਤੋਂ ਮੁਕਤ ਹੋ ਕੇ ਆਪਣੇ ਸਰੋਤ 'ਤੇ ਵਾਪਸ ਆ ਜਾਣਾ ਹੈ। ਜਦੋਂ ਸੁਰਤੀ ਆਪਣੇ ਸਰੋਤ 'ਤੇ ਵਾਪਸ ਪਰਤ ਆਉਂਦੀ ਹੈ ਤਾਂ ਮਨੁੱਖ ਨੂੰ ਸੁੱਖ ਦਾ ਅਨੁਭਵ ਹੁੰਦਾ ਹੈ। ਮਨ ਅੰਦਰ ਵਿਚਾਰ ਰੁਕਣ ਦੇ ਕਾਰਨ ਹੀ ਮਨੁੱਖ ਨੂੰ ਸੁੱਖ ਦਾ ਅਨੁਭਵ ਹੁੰਦਾ ਹੈ। ਹੋਰ ਕੋਈ ਦੂਜਾ ਕਾਰਨ ਨਹੀਂ ਸੁਖੀ ਹੋਣ ਦਾ। ਚੇਤਨ ਮਨ ਦੇ ਉੱਪਰ ਉਸ ਚੀਜ਼ ਨੂੰ ਲੈ ਕੇ ਵਿਚਾਰਾਂ ਦਾ ਬੋਝ ਵਧਣ ਕਾਰਨ ਮਨੁੱਖ ਦੁਖੀ ਅਤੇ ਪਰੇਸ਼ਾਨ ਹੈ। ਤੁਸੀਂ ਦੇਖਿਆ ਹੋਣਾ ਕਿ ਕੋਰਟ ਦੇ ਵਿਚ ਜੋ ਕੋਈ ਮਨੁੱਖ ਕੇਸ ਜਿੱਤ ਲੈਂਦਾ ਹੈ ਤਾਂ ਉਹ ਮਨੁੱਖ ਉਸੇ ਪਲ ਹਲਕਾ ਹੋ ਜਾਂਦਾ ਹੈ। ਦੂਜੀ ਤਰਫ਼ ਜੋ ਮਨੁੱਖ ਕੇਸ ਹਾਰ ਜਾਂਦਾ ਹੈ, ਉਸ ਮਨੁੱਖ ਦੇ ਮਨ ਉੱਪਰ ਹਾਰੇ ਕੇਸ ਦਾ ਇੱਕ ਬੋਝ ਜੀਵਨ ਭਰ ਦੇ ਲਈ ਬੈਠ ਜਾਂਦਾ ਹੈ। ਜੋ ਜਿੱਤ ਗਿਆ ਹੈ, ਉਸ ਦੇ ਹੰਕਾਰ ਦੀ ਪੂਰਤੀ ਹੋ ਗਈ ਹੈ। ਜੋ ਹਾਰ ਗਿਆ ਹੈ, ਉਸ ਦੇ ਹੰਕਾਰ ਨੂੰ ਠੇਸ ਪਹੁੰਚ ਗਈ ਹੈ।

ਮਨੁੱਖ ਆਪਣੇ ਅਗਿਆਨ ਦੇ ਕਾਰਨ ਦੁਖੀ ਅਤੇ ਪਰੇਸ਼ਾਨ ਹੈ ਕਿਉਂਕਿ ਇਹ ਹਰ ਇੱਕ ਗੱਲ ਨੂੰ ਆਪਣੇ ਹੰਕਾਰ ਦੇ ਨਾਲ ਜੋੜੀ ਜਾਂਦਾ ਹੈ। ਜਦੋਂ ਵੀ ਇਸ ਦੇ ਹੰਕਾਰ ਦੀ ਪੂਰਤੀ ਨਹੀਂ ਹੁੰਦੀ, ਇਸ ਨੇ ਦੁਖੀ ਹੋ ਜਾਣਾ ਹੈ। ਇਹ ਸਿਲਸਿਲਾ ਜੀਵਨ ਭਰ ਇਸੇ ਤਰ੍ਹਾਂ ਚੱਲਦਾ ਹੀ ਜਾਵੇਗਾ। ਮਨੁੱਖ ਦੇ ਜਨਮ ਹੋਣ ਤੋਂ ਬਾਅਦ ਇਹ ਬਿਮਾਰੀ ਮਨੁੱਖ ਨੂੰ ਆਪਣੇ ਪੰਜੇ ਵਿਚ ਜਕੜਨ ਲੱਗ ਜਾਂਦੀ ਹੈ। ਇਸ ਬਿਮਾਰੀ ਦੀ ਪਕੜ ਉਮਰ ਦੇ ਵਧਣ ਨਾਲ ਹੋਰ ਜ਼ਿਆਦਾ ਮਜ਼ਬੂਤ ਹੋਈ ਜਾਵੇਗੀ। ਇਸ ਨੇ ਮਨੁੱਖ ਦੇ ਅੰਦਰਲੇ ਤਰਲ ਪਨ ਨੂੰ ਠੋਸ ਤੱਤ ਵਿਚ ਤਬਦੀਲ ਕਰ ਦੇਣਾ ਹੈ। ਇੱਕ ਸਮਾਂ ਐਸਾ

ਆ ਜਾਵੇਗਾ, ਇਹ ਮਨੁੱਖ ਬਹੁਤ ਕਠੋਰ ਹੋ ਜਾਵੇਗਾ। ਹਰ ਇੱਕ ਗੱਲ ਦੀ ਪੂਰਤੀ ਨਾ ਹੋਣ 'ਤੇ ਦੁਖੀ ਅਤੇ ਪਰੇਸ਼ਾਨ ਹੋਵੇਗਾ। ਹੰਕਾਰ ਦੇ ਕਾਰਨ ਇਸ ਦਾ ਜੀਵਨ ਕਦੇ ਨਾ ਮੁੱਕਣ ਵਾਲੀ ਇੱਕ ਐਸੀ ਪੀੜਾ ਦੇ ਵਿਚ ਗ੍ਰਸਤ ਹੋ ਜਾਂਦਾ ਹੈ ਜਿਸ ਦਾ ਕੋਈ ਅੰਤ ਨਹੀਂ। ਸ਼ਾਂਤ ਮਨੁੱਖ ਆਪਣੇ ਹੰਕਾਰ ਨੂੰ ਪੱਠੇ ਨਹੀਂ ਪਾਉਂਦਾ। ਉਸ ਨੂੰ ਪਤਾ ਹੈ ਬਾਅਦ ਵਿਚ ਹੰਕਾਰ ਨੇ ਇਸ ਦਾ ਜੀਣਾ ਹਰਾਮ ਕਰ ਦੇਣਾ ਹੈ।

ਮਨੁੱਖ ਦੀ ਜ਼ਿੰਦਗੀ ਵਿਚ ਜਦੋਂ ਕੋਈ ਸੁੱਖ ਆਉਂਦਾ ਹੈ ਤਾਂ ਉਸ ਸੁੱਖ ਦਾ ਕੋਈ ਕਾਰਨ ਜ਼ਰੂਰ ਹੋਵੇਗਾ। ਜਦੋਂ ਕਾਰਨ ਚਲਾ ਜਾਵੇਗਾ ਤਾਂ ਸੁੱਖ ਨੇ ਵੀ ਉਸ ਦੇ ਨਾਲ ਚਲੇ ਜਾਣਾ ਹੈ। ਹਰ ਦਿਨ ਸਾਧਨਾ ਕਰਨ ਦੇ ਨਾਲ ਇੱਕ ਦਿਨ ਐਸਾ ਆਵੇਗਾ, ਜਦੋਂ ਜਾਗ੍ਰਿਤ ਅਵਸਥਾ ਵਿਚ ਮਨੁੱਖ ਦੀ ਸੁਰਤੀ ਇੰਦਰੀਆਂ ਦੇ ਵਿਚ ਗਤੀ ਨਹੀਂ ਕਰੇਗੀ, ਉਸ ਛਿਣ ਮਨ ਦੇ ਅੰਦਰ ਚਿੰਤਨ ਰੁਕ ਜਾਣ ਨਾਲ ਸੁਰਤੀ ਨੇ ਜਾਗ੍ਰਿਤ ਅਵਸਥਾ ਵਿਚ ਗਗਨ ਗੁਫ਼ਾ ਦੇ ਅੰਦਰ ਸਥਿਰ ਹੋ ਜਾਣਾ ਹੈ। ਉਸ ਪਲ ਮਨ ਆਤਮਾ ਰੂਪੀ ਅਨੰਦ ਦੇ ਸਾਗਰ ਵਿਚ ਲੀਨ ਹੋ ਜਾਵੇਗਾ। ਪਰਮ ਅਨੰਦ ਵਿਚਾਰਾਂ ਦੇ ਰੁਕਣ ਕਾਰਨ ਪੈਦਾ ਨਹੀਂ ਹੁੰਦਾ, ਬਲਕਿ ਪਰਮ ਅਨੰਦ ਅਤੇ ਸ਼ਾਂਤੀ ਬ੍ਰਹਮ ਦੇ ਅੰਦਰ ਹਮੇਸ਼ਾ ਹੀ ਮੌਜੂਦ ਹਨ। ਮਨੁੱਖ ਦੇ ਮਨ ਅੰਦਰ ਵਿਚਾਰਾਂ ਦੀ ਗਤੀ ਹੋਣ ਕਾਰਨ ਇਹ ਉਸ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਨੂੰ ਅਨੁਭਵ ਕਰਨ ਤੋਂ ਅਸਮਰੱਥ ਹੈ। ਸੁੱਖ ਨੂੰ ਅਨੁਭਵ ਕਰਨ ਦੇ ਲਈ ਮਨ ਨੂੰ ਕਿਸੇ ਚੀਜ਼ ਦਾ ਸਹਾਰਾ ਲੈਣ ਦੀ ਜ਼ਰੂਰਤ ਨਹੀਂ ਪੈਂਦੀ, ਬਲਕਿ ਅਨੰਦ ਅਤੇ ਸ਼ਾਂਤੀ ਆਤਮਾ ਦਾ ਆਪਣਾ ਸੁਭਾਉ ਹੈ। ਇਹ ਦੋਨੋਂ ਮਨੁੱਖ ਦੇ ਜੀਵਨ ਵਿਚ ਅਕਾਰਨ ਪਰਵੇਸ਼ ਕਰਦੇ ਹਨ। ਇਸ ਅਵਸਥਾ ਨੂੰ ਅਨੁਭਵ ਕਰਨ ਦੇ ਲਈ ਮਨੁੱਖ ਨੂੰ ਕੁੱਝ ਕਰਨਾ ਨਹੀਂ ਪੈਂਦਾ।

ਬ੍ਰਹਿਮੰਡ ਦੇ ਅੰਦਰ ਆਵਾਜ਼ ਰਹਿਤ ਸਹਿਜ ਦਾ ਨਾਦ ਲਗਾਤਾਰ ਵੱਜੀ ਜਾ ਰਿਹਾ ਹੈ, ਜਿਸ ਨੂੰ ਸੁਣਨ ਦੇ ਨਾਲ ਮਨੁੱਖ ਦੀ ਸੁਰਤੀ ਨੇ ਸ਼ਾਂਤੀ ਨੁਮਾ ਸਾਗਰ ਦੇ ਗਹਿਰੇ ਤੋਂ ਗਹਿਰੇ ਤਲਾਂ ਦੇ ਵਿਚ ਡੁੱਬਦੀ ਹੀ ਚਲੀ ਜਾਣਾ ਹੈ। ਉਸ ਸ਼ਾਂਤੀ ਅਤੇ ਅਨੰਦ ਦੇ ਅੰਮ੍ਰਿਤ ਨੂੰ ਜਦੋਂ ਜੀਵ ਆਤਮਾ ਪੀਂਦੀ ਹੈ ਤਾਂ ਇਸ ਦੀ ਜਨਮਾਂ ਜਨਮਾਂ ਦੀ ਪਿਆਸ ਨੇ ਤ੍ਰਿਪਤ ਹੋ ਜਾਣਾ ਹੈ।

ਤੁਸੀਂ ਕਿਸੇ ਵੀ ਕੰਮ ਨੂੰ ਇਮਾਨਦਾਰੀ ਦੇ ਨਾਲ ਕਰਨਾ ਹੈ, ਭਾਵੇਂ ਕੰਮ ਆਪਣਾ ਹੋਵੇ ਜਾਂ ਬੇਗਾਨਾ, ਭਾਵੇਂ ਇਹ ਕੰਮ ਮੁਫ਼ਤ ਕੀਤਾ ਜਾ ਰਿਹਾ ਹੈ ਜਾਂ ਪੈਸਿਆਂ ਦੇ ਲਈ ਕੀਤਾ ਜਾ ਰਿਹਾ ਹੈ। ਜੇਕਰ ਬੇਈਮਾਨ ਬਿਰਤੀ ਦੇ ਨਾਲ ਕਰਮ ਕੀਤਾ ਜਾ ਰਿਹਾ ਹੈ ਤਾਂ ਨੁਕਸਾਨ ਤੁਹਾਡਾ ਆਪਣਾ ਹੀ ਹੋਵੇਗਾ। ਜਦੋਂ ਕਿਸੇ ਕੰਮ ਨੂੰ ਲਗਨ ਦੇ ਨਾਲ ਕੀਤਾ ਜਾਂਦਾ ਹੈ ਤਾਂ ਕੰਮ ਹੀ ਪੂਜਾ ਬਣ ਜਾਂਦੀ ਹੈ।

ਆਮ ਤੌਰ 'ਤੇ ਦੇਖਣ ਵਿਚ ਆਉਂਦਾ ਹੈ ਕਿ ਘਰਾਂ ਵਿਚ ਔਰਤਾਂ ਇੱਕ ਦੂਜੀ ਦੇ ਨਾਲ ਜਾਣ-ਬੁੱਝ ਕੇ ਈਰਖਾ ਬਾਜ਼ੀ ਕਰਦੀਆਂ ਹਨ। ਉਹ ਇੱਕੋ ਘਰ ਵਿਚ ਰਹਿਣ ਦੇ ਬਾਵਜੂਦ ਇੱਕ ਦੂਜੇ ਦੇ ਨਾਲ ਘਿਰਣਾ ਭਰੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਦਾ ਵਿਵਹਾਰ ਜੋ ਵੀ ਔਰਤ ਕਰ ਰਹੀ ਹੈ, ਇਸ ਵਿਚ ਨੁਕਸਾਨ ਉਸ ਦਾ ਆਪਣਾ ਹੀ ਹੈ, ਕਿਸੇ ਹੋਰ ਦਾ ਨਹੀਂ। ਇਸ ਤਰ੍ਹਾਂ ਦਾ ਵਿਵਹਾਰ ਕਰਨ ਵਾਲਾ ਮਨੁੱਖ ਹੀਣ-

ਗ੍ਰੰਥੀ ਤੋਂ ਪੀੜਤ ਹੁੰਦਾ ਹੈ। ਜਦੋਂ ਕੋਈ ਮਨੁੱਖ ਈਰਖਾ ਭਰਿਆ ਵਿਵਹਾਰ ਦੂਜੇ ਮਨੁੱਖ ਦੇ ਨਾਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਸ ਦੇ ਮਨ ਅੰਦਰ ਇਸੇ ਗੱਲ ਨੂੰ ਲੈ ਕੇ ਕਈ ਈਰਖਾ ਭਰੇ ਵਿਚਾਰ ਚੱਲਣ ਕਾਰਨ ਆਤਮਾ ਦੇ ਅੰਦਰ ਬਹੁਤ ਕੰਪਨ ਪੈਦਾ ਹੋ ਜਾਵੇਗੀ। ਇਹ ਮਨੁੱਖ ਦੂਜੇ ਨੂੰ ਪਰੇਸ਼ਾਨ ਕਰਨ ਵਿਚ ਆਪਣੇ ਆਪ ਨੂੰ ਪਰੇਸ਼ਾਨ ਕਰਨ ਲੱਗ ਜਾਂਦਾ ਹੈ। ਆਤਮਾ ਦੇ ਆਲੇ-ਦੁਆਲੇ ਸਕਾਰਾਤਮਿਕ ਅਤੇ ਨਕਾਰਾਤਮਿਕ ਊਰਜਾ ਰੂਪੀ ਦੋ ਚੱਕਰ ਹਨ। ਇੱਕ ਚੱਕਰ ਦੂਜੇ ਚੱਕਰ ਦੇ ਉੱਪਰ ਨਿਰਭਰ ਕਰਦਾ ਹੈ। ਸਕਾਰਾਤਮਿਕ ਚੱਕਰ ਦਾ ਗੁਣ ਹੈ—ਸ਼ਾਂਤੀ ਅਤੇ ਅਨੰਦ। ਨਕਾਰਾਤਮਿਕ ਚੱਕਰ ਦਾ ਗੁਣ ਹੈ—ਈਰਖਾ ਅਤੇ ਕ੍ਰੋਧ। ਮਨੁੱਖ ਦੇ ਵਿਵਹਾਰ ਦੁਆਰਾ ਹੀ ਸਕਾਰਾਤਮਿਕ ਅਤੇ ਨਕਾਰਾਤਮਿਕ ਚੱਕਰਾਂ ਦੇ ਆਕਾਰ ਵਧਦੇ ਜਾਂ ਘਟਦੇ ਹਨ। ਇਸ ਕਿਰਿਆ ਦੇ ਵਿਚ ਕੁਦਰਤ ਨਿਰਪੱਖ ਬੈਠੀ ਹੈ, ਉਹ ਮਨੁੱਖ ਨੂੰ ਨਾ ਤਾਂ ਕੁੱਝ ਕਰਨ ਵਾਸਤੇ ਬੋਲਦੀ ਹੈ ਅਤੇ ਨਾ ਹੀ ਕੁੱਝ ਨਾ ਕਰਨ ਵਾਸਤੇ ਪ੍ਰੇਰਿਤ ਕਰਦੀ ਹੈ। ਹਰ ਇੱਕ ਮਨੁੱਖ ਨੂੰ ਪੂਰੀ ਸਵਤੰਤਰਤਾ ਹੈ, ਕਰਮ ਨੂੰ ਕਰਨ ਦੇ ਲਈ। ਜਦੋਂ ਪਾਣੀ ਨੂੰ ਗਰਮ ਕੀਤਾ ਜਾਂਦਾ ਹੈ ਤਾਂ ਪਾਣੀ ਨੇ ਭਾਫ਼ ਦੇ ਵਿਚ ਤਬਦੀਲ ਹੋ ਜਾਣਾ ਹੈ। ਜਦੋਂ ਭਾਫ਼ ਠੰਢੀ ਹੋ ਜਾਵੇਗੀ ਤਾਂ ਭਾਫ਼ ਨੇ ਦੁਬਾਰਾ ਪਾਣੀ ਦੇ ਵਿਚ ਤਬਦੀਲ ਹੋ ਜਾਣਾ ਹੈ, ਇਸੇ ਹੀ ਤਰ੍ਹਾਂ ਸਕਾਰਾਤਮਿਕ ਅਤੇ ਨਕਾਰਾਤਮਿਕ ਚੱਕਰ ਦੇ ਵਿਚ ਊਰਜਾ ਘੁੰਮਦੀ ਰਹਿੰਦੀ ਹੈ।

ਮਨੁੱਖ ਜਿਸ ਟਾਹਣ ਦੇ ਉੱਪਰ ਬੈਠਿਆ ਹੋਵੇ, ਜੇਕਰ ਇਹ ਉਸੇ ਟਾਹਣ ਨੂੰ ਆਰੀ ਦੇ ਨਾਲ ਵੱਢਣਾ ਸ਼ੁਰੂ ਕਰ ਦੇਵੇਗਾ ਤਾਂ ਇੱਕ ਸਮਾਂ ਆ ਜਾਵੇਗਾ ਜਦੋਂ ਟਾਹਣ ਦੇ ਵੱਢੇ ਜਾਣ ਤੋਂ ਬਾਅਦ ਇਸ ਮਨੁੱਖ ਨੇ ਵੀ ਟਾਹਣ ਦੇ ਨਾਲ ਹੇਠਾਂ ਡਿੱਗ ਜਾਣਾ ਹੈ। ਸੋ ਹਰ ਇੱਕ ਮਨੁੱਖ ਨੂੰ ਆਪਣੇ ਦੁਆਰਾ ਕੀਤੇ ਜਾ ਰਹੇ ਕਰਮਾਂ ਦੇ ਵੱਲ ਧਿਆਨ ਦੇਣਾ ਪਵੇਗਾ ਤਾਂ ਜੋ ਪਤਾ ਲੱਗ ਸਕੇ ਕਿ ਉਸ ਦੀ ਗਤੀ ਕਿਸ ਚੱਕਰ ਦੇ ਵੱਲ ਨੂੰ ਹੈ।

ਜਿੰਨਾ ਚਿਰ ਤੱਕ ਮਨੁੱਖ ਦੀ ਸੁਰਤੀ ਸਹਿਜ ਅਵਸਥਾ ਵਿਚ ਪਰਵੇਸ਼ ਨਹੀਂ ਕਰ ਜਾਂਦੀ, ਓਨਾ ਚਿਰ ਤੱਕ ਮਨੁੱਖ ਦੇ ਜੀਵਨ ਅੰਦਰ ਕੋਈ ਸੰਗੀਤ ਪੈਦਾ ਨਹੀਂ ਹੋ ਸਕਦਾ। ਜਦੋਂ ਮਨੁੱਖ ਦੀ ਸੁਰਤੀ ਸਹਿਜ ਅਵਸਥਾ ਵਿਚ ਪਰਵੇਸ਼ ਕਰਨ ਲੱਗ ਜਾਂਦੀ ਹੈ ਤਾਂ ਉਸ ਮਨੁੱਖ ਦਾ ਆਤਮ-ਭਾਵ ਆਪਣੇ ਆਪ ਨਾਲ ਬਣਿਆ ਰਹਿੰਦਾ ਹੈ। ਇਹ ਮਨੁੱਖ ਦੂਜਿਆਂ ਦੇ ਵੱਲ ਦੇਖ ਕੇ ਉਨ੍ਹਾਂ ਦੇ ਵਾਂਗੂੰ ਬਣਨ ਦੀ ਕੋਸ਼ਿਸ਼ ਨਹੀਂ ਕਰੇਗਾ।

ਜੋ ਵੀ ਮਨੁੱਖ ਆਪਣੇ ਸਰੀਰ ਨੂੰ ਪ੍ਰਕਿਰਤੀ ਦੇ ਨਿਯਮ ਦੇ ਅਨੁਸਾਰ ਚਲਾਉਂਦਾ ਹੈ, ਉਸ ਮਨੁੱਖ ਦੇ ਸਰੀਰ ਨੇ ਕਈ ਬਿਮਾਰੀਆਂ ਤੋਂ ਬਚ ਜਾਣਾ ਹੈ। ਪ੍ਰਕਿਰਤੀ ਦੇ ਨਿਯਮ ਅਨੁਸਾਰ ਚੱਲਣ ਨਾਲ ਸਰੀਰ ਦੇ ਅੰਦਰ ਪੈਦਾ ਹੋਈ ਬਿਮਾਰੀ ਨੂੰ ਠੀਕ ਵੀ ਕੀਤਾ ਜਾ ਸਕਦਾ ਹੈ, ਜੇਕਰ ਆਪਣੇ ਖਾਣ-ਪੀਣ ਉੱਪਰ ਧਿਆਨ ਦਿੱਤਾ ਜਾਵੇ। ਇਸ ਗੱਲ ਉੱਪਰ ਵੀ ਨਿਰਭਰ ਕਰਦਾ ਹੈ ਕਿ ਮਨੁੱਖ ਪਦਾਰਥ ਦੀ ਵਰਤੋਂ ਕਿਸ ਤਰ੍ਹਾਂ ਕਰ ਰਿਹਾ ਹੈ। ਇੱਕ ਮਨੁੱਖ ਪਦਾਰਥ ਦੀ ਸਹੀ ਵਰਤੋਂ ਕਰਕੇ ਜ਼ਹਿਰ ਨੂੰ ਅੰਮ੍ਰਿਤ

ਬਣਾ ਲੈਂਦਾ ਹੈ ਅਤੇ ਦੂਜਾ ਮਨੁੱਖ ਸਹੀ ਪਦਾਰਥ ਦੀ ਗ਼ਲਤ ਵਰਤੋਂ ਕਰਕੇ ਅੰਮ੍ਰਿਤ ਨੂੰ ਜ਼ਹਿਰ ਬਣਾ ਲੈਂਦਾ ਹੈ। ਜੋ ਮਨੁੱਖ ਸਹੀ ਪਦਾਰਥ ਦੀ ਗ਼ਲਤ ਵਰਤੋਂ ਕਰਦਾ ਹੈ, ਭਵਿੱਖ ਦੇ ਵਿਚ ਉਸ ਦੇ ਜੋ ਵੀ ਪ੍ਰਣਾਮ ਨਿਕਲਣੇ ਹਨ ਉਨ੍ਹਾਂ ਦੇ ਫਲਾਂ ਨੂੰ ਜ਼ਰੂਰ ਭੋਗਣੇ ਪਵੇਗਾ। ਜਿਸ ਤਰ੍ਹਾਂ ਛੁਰੀ ਦੀ ਵਰਤੋਂ ਸਬਜ਼ੀਆਂ ਅਤੇ ਫਲਾਂ ਨੂੰ ਕੱਟਣ ਵਾਸਤੇ ਕੀਤੀ ਜਾਂਦੀ ਹੈ, ਉਸੇ ਛੁਰੀ ਦੇ ਨਾਲ ਕਿਸੇ ਮਨੁੱਖ ਦਾ ਨੁਕਸਾਨ ਵੀ ਕੀਤਾ ਜਾ ਸਕਦਾ ਹੈ। ਕਿਸੇ ਵੀ ਪਦਾਰਥ ਦੇ ਸਹੀ ਜਾਂ ਗ਼ਲਤ ਵਰਤੋਂ ਦੇ ਪ੍ਰਣਾਮ ਮਨੁੱਖ ਨੂੰ ਭੋਗਣੇ ਪੈਂਦੇ ਹਨ। ਜਿਸ ਤਰ੍ਹਾਂ ਚੰਗੀ ਖ਼ੁਰਾਕ ਖਾਣ ਦੇ ਨਾਲ ਮਨੁੱਖ ਦੇ ਸਰੀਰ ਨੂੰ ਸ਼ਕਤੀ ਪ੍ਰਾਪਤ ਹੁੰਦੀ ਹੈ, ਦੂਜੀ ਤਰਫ਼ ਜ਼ਰੂਰਤ ਤੋਂ ਜ਼ਿਆਦਾ ਖ਼ੁਰਾਕ ਖਾਣ ਦੇ ਨਾਲ ਮਨੁੱਖ ਦੇ ਸਰੀਰ ਅੰਦਰ ਕਈ ਰੋਗ ਪੈਦਾ ਹੋ ਜਾਂਦੇ ਹਨ। ਜਦੋਂ ਮਨੁੱਖ ਇਕੱਲਾ ਖਾਣਾ ਖਾਂਦਾ ਹੈ ਤਾਂ ਬਹੁਤ ਹੀ ਸਹਿਜਤਾ ਦੇ ਨਾਲ ਖਾਣਾ ਖਾਧਾ ਜਾਂਦਾ ਹੈ। ਜਦੋਂ ਮਨੁੱਖ ਬਾਹਰ ਜਾ ਕੇ ਕਿਸੇ ਹੋਰ ਦੇ ਸਾਹਮਣੇ ਖਾਣਾ ਖਾਂਦਾ ਹੈ ਤਾਂ ਇਸ ਦਾ ਖਾਣੇ ਨੂੰ ਖਾਣ ਦਾ ਤਰੀਕਾ ਇਕਦਮ ਬਦਲ ਜਾਂਦਾ ਹੈ ਕਿਉਂਕਿ ਇਹ ਆਪਣੇ ਵੱਲੋਂ ਚੰਗੇ ਤਰੀਕੇ ਨਾਲ ਖਾਣਾ ਖਾਣ ਦੀ ਕੋਸ਼ਿਸ਼ ਕਰਦਾ ਹੈ। ਇਸ ਕਾਰਨ ਸਾਰੀ ਗੜਬੜੀ ਹੋ ਜਾਂਦੀ ਹੈ। ਇਸੇ ਹੀ ਤਰ੍ਹਾਂ ਜੋ ਮਨੁੱਖ ਸਹਿਜਤਾ ਦੇ ਨਾਲ ਚੱਲਦਾ ਹੈ ਭਾਵੇਂ ਉਹ ਜਿੰਨਾ ਚਿਰ ਮਰਜ਼ੀ ਚੱਲੀ ਜਾਵੇ, ਉਹ ਥੱਕੇਗਾ ਨਹੀਂ। ਜੇਕਰ ਕੋਈ ਮਨੁੱਖ ਆਕੜ ਆਕੜ ਕੇ ਚੱਲਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਇਸ ਮਨੁੱਖ ਨੇ ਬਹੁਤ ਜਲਦੀ ਥੱਕ ਜਾਣਾ ਹੈ। ਇਸ ਤਰ੍ਹਾਂ ਦੀ ਕੋਈ ਵੀ ਕਿਰਿਆ ਜੋ ਸਾਡਾ ਸੁਭਾਉ ਨਹੀਂ ਹੈ, ਉਸ ਨੂੰ ਕਰਨ ਦੇ ਵਿਚ ਮਨੁੱਖ ਖ਼ੁਦ ਦੇ ਨਾਲ ਲੜਨ ਲੱਗ ਜਾਂਦਾ ਹੈ। ਇਸੇ ਹੀ ਤਰ੍ਹਾਂ ਤੁਹਾਨੂੰ ਆਪਣੇ ਜੀਵਨ ਨੂੰ ਬਹੁਤ ਹੀ ਧਿਆਨ ਦੇ ਨਾਲ ਦੇਖਣਾ ਪਵੇਗਾ। ਜਦੋਂ ਕੋਈ ਮਨੁੱਖ ਆਪਣੇ ਸਹਿਜ ਤਰੀਕੇ ਦਾ ਤਿਆਗ ਕਰਕੇ ਕੁੱਝ ਹੋਰ ਬਣਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੇ ਵਿਚ ਸਾਰੀ ਗੜਬੜ ਹੋ ਜਾਣੀ ਹੈ। ਇਸ ਕਿਰਿਆ ਨੂੰ ਕਰਨ ਦੇ ਵਿਚ ਮਨੁੱਖ ਆਪਣੇ ਆਪ ਤੋਂ ਟੁੱਟ ਕੇ ਦੂਰ ਚਲਾ ਜਾਂਦਾ ਹੈ। ਦੂਜੇ ਮਨੁੱਖ ਦੀ ਨਕਲ ਕਰਨਾ ਸਹਿਜਤਾ ਨਹੀਂ ਹੈ। ਇਹ ਕਿਰਿਆ ਆਪਣੇ ਆਪ ਨਹੀਂ ਹੋ ਰਹੀ, ਬਲਕਿ ਕੀਤੀ ਜਾ ਰਹੀ ਹੈ। ਜੋ ਵੀ ਕੁੱਝ ਦੂਜੇ ਮਨੁੱਖ ਨੂੰ ਦੇਖ ਕੇ ਕੀਤਾ ਜਾਵੇਗਾ, ਇਸ ਤਰ੍ਹਾਂ ਦੇ ਕਰਮ ਨੂੰ ਕਰਨ ਦੇ ਨਾਲ ਮਨੁੱਖ ਆਪਣੇ ਕੇਂਦਰ (ਸੈਂਟਰ) ਨਾਲੋਂ ਟੁੱਟ ਜਾਂਦਾ ਹੈ। ਕਈ ਲੋਕ ਫ਼ਿਲਮੀ ਸਿਤਾਰਿਆਂ ਦੇ ਕੱਪੜਿਆਂ ਦੀ ਨਕਲ ਕਰਦੇ ਹਨ। ਉਨ੍ਹਾਂ ਦੇ ਵਾਂਗੂੰ ਬਣਨਾ ਚਾਹੁੰਦੇ ਹਨ। ਇਸ ਨਕਲ ਦੀ ਦੌੜ ਨੇ ਇਸ ਮਨੁੱਖ ਨੂੰ ਆਪਣੇ ਆਪ ਤੋਂ ਬਹੁਤ ਦੂਰ ਲੈ ਜਾਣਾ ਹੈ। ਇਹ ਇੱਕ ਨਕਲੀ ਜੀਵਨ ਹੈ, ਪਰਮਾਤਮਾ ਨੇ ਹਰ ਇੱਕ ਮਨੁੱਖ ਨੂੰ ਅਲੱਗ ਬਣਾਇਆ ਹੈ। ਦੁਨੀਆਂ ਵਿਚ ਇਹ ਸਭ ਤੋਂ ਮੰਦ ਭਾਗੀ ਘਟਨਾ ਹੋਵੇਗੀ, ਜੇਕਰ ਕਿਸੇ ਮਨੁੱਖ ਨੂੰ ਆਪਣਾ ਰੂਪ ਰੰਗ ਅਤੇ ਆਕਾਰ ਪਸੰਦ ਨਹੀਂ ਹੈ। ਪਰਮਾਤਮਾ ਨੇ ਇੱਕ ਰੇਤਾ ਦੇ ਕਣ ਵਰਗਾ ਦੂਜਾ ਰੇਤਾ ਦਾ ਕਣ ਨਹੀਂ ਬਣਾਇਆ। ਹਰ ਇੱਕ ਮਨੁੱਖ ਵਿਲੱਖਣ ਹੈ। ਇਸ ਸੰਸਾਰ ਦੇ ਅੰਦਰ ਉਸ ਦੇ ਵਰਗਾ ਦੂਜਾ ਮਨੁੱਖ ਨਹੀਂ ਹੈ। ਕਿਸੇ ਹੋਰ ਵਰਗਾ ਬਣਨ ਦੇ ਲਈ ਮਨੁੱਖ ਨੂੰ ਆਪਣੇ ਆਪ ਦਾ ਤਿਆਗ ਕਰਨਾ ਪਵੇਗਾ, ਇਹ ਇੱਕ ਨਕਲੀ ਪਨ ਹੈ। ਇਸ ਤਰ੍ਹਾਂ ਦੀ ਕਿਰਿਆ

ਨੂੰ ਕਰਨ ਦੇ ਨਾਲ ਜੀਵਨ ਦੇ ਵਿਚ ਸੰਗੀਤ ਪੈਦਾ ਨਹੀਂ ਹੋ ਸਕਦਾ। ਇਸ ਤਰ੍ਹਾਂ ਦੀ ਕਿਰਿਆ ਕਰਨ ਦੇ ਨਾਲ ਤੁਸੀਂ ਅਨੰਦ ਅਤੇ ਸ਼ਾਂਤੀ ਤੋਂ ਬਹੁਤ ਦੂਰ ਚਲੇ ਜਾਣਾ ਹੈ।

ਆਪ ਮਿਹਨਤ ਕਰਨੀ ਹੈ, ਆਪਣੇ ਹੱਕ ਦੀ ਕਮਾਈ ਦੇ ਨਾਲ ਜੀਵਨ ਬਤੀਤ ਕਰਨਾ ਹੈ। ਇਸ ਹੱਕ ਦੀ ਕਮਾਈ ਨੇ ਜੋ ਸਕੂਨ ਤੁਹਾਨੂੰ ਦੇਣਾ ਹੈ, ਉਸ ਦੇ ਵਰਗਾ ਅਨੰਦ ਸਾਰੀ ਦੁਨੀਆਂ ਦੇ ਵਿਚ ਲੱਭਣ 'ਤੇ ਵੀ ਤੁਹਾਨੂੰ ਨਹੀਂ ਮਿਲੇਗਾ। ਜੇਕਰ ਕੁੱਝ ਕਰਨ ਦੇ ਨਾਲ ਹੀ ਅਨੰਦ ਦੀ ਪ੍ਰਾਪਤੀ ਹੋ ਰਹੀ ਹੈ ਤਾਂ ਅਜੇ ਉਹ ਮੰਜ਼ਲ ਨਹੀਂ ਆਈ। ਪਾਰਬ੍ਰਹਮ ਰੂਪੀ ਅਨੰਦ ਨੂੰ ਅਨੁਭਵ ਕਰਨ ਦੇ ਲਈ ਸੁਰਤੀ ਨੂੰ ਆਪ ਅਚੱਲ ਮੰਡਲ ਦੇ ਵਿਚ ਲੈ ਕੇ ਜਾਣਾ ਪੈਂਦਾ ਹੈ। ਜਦੋਂ ਸੁਰਤੀ ਅਚੱਲ ਮੰਡਲ ਦੇ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਅਕਾਰਨ ਮਸਤੀ ਪੈਦਾ ਹੋ ਜਾਵੇਗੀ। ਕੁੱਝ ਕਰਨਾ ਬਹੁਤ ਆਸਾਨ ਹੈ। ਕੁੱਝ ਨਾ ਕਰਨ ਦੇ ਲਈ ਮਨੁੱਖ ਨੂੰ ਸਾਧਨਾ ਕਰਨੀ ਪੈਂਦੀ ਹੈ। ਸਹਿਜ ਦੀ ਸ਼ਰਾਬ ਨੂੰ ਪੀ ਕੇ ਜ਼ਿੰਦਗੀ ਨੂੰ ਜਿਊਣ ਦਾ ਅਨੰਦ ਹੀ ਵੱਖਰਾ ਹੈ। ਪਰਮਾਤਮਾ ਇੱਕ ਨਸ਼ਾ ਹੈ ਜਿਸ ਦੀ ਮੰਗ ਆਤਮਾ ਮਨੁੱਖ ਦੇ ਕੋਲੋਂ ਜੀਵਨ ਭਰ ਕਰਦੀ ਰਹਿੰਦੀ ਹੈ। ਪਰ ਮਨੁੱਖ ਆਤਮਾ ਦੀ ਇਸ ਆਵਾਜ਼ ਨੂੰ ਨਕਲੀ ਨਸ਼ੇ ਦੇ ਰਾਹੀਂ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ, ਜੇਕਰ ਕਿਸੇ ਰਾਜੇ ਨੇ ਇਸ ਅਵਸਥਾ ਨੂੰ ਅਨੁਭਵ ਕਰਨ ਦੇ ਲਈ ਆਪਣੇ ਰਾਜ ਭਾਗ ਦਾ ਤਿਆਗ ਕਰ ਦਿੱਤਾ ਸੀ। ਜਦੋਂ ਮਨੁੱਖ ਦੇ ਕੋਲ ਬਹੁਤ ਸਾਰੀ ਧਨ ਦੌਲਤ ਇਕੱਠੀ ਹੋ ਜਾਂਦੀ ਹੈ ਤਾਂ ਉਸ ਨੂੰ ਆਪਣੇ ਅੰਦਰ ਦੀ ਗ਼ਰੀਬੀ ਦਾ ਪਤਾ ਲੱਗਣ ਲੱਗ ਜਾਂਦਾ ਹੈ। ਇਸ ਹੋਸ਼ ਦੀ ਸ਼ਰਾਬ ਨੂੰ ਪੀਤੇ ਬਿਨਾਂ ਮਨੁੱਖ ਦਾ ਜੀਵਨ ਇੱਕ ਮਾਰੂਥਲ ਦੀ ਤਪਦੀ ਰੇਤਾ ਤੋਂ ਘੱਟ ਨਹੀਂ ਹੈ। ਸੰਸਾਰੀ ਮਨੁੱਖ ਸੁੱਖ ਦੇਣ ਵਾਲੇ ਪਦਾਰਥਾਂ ਨੂੰ ਇਕੱਠਾ ਕਰਨ ਵਿਚ ਲੱਗਾ ਰਹਿੰਦਾ ਹੈ। ਦੂਜੀ ਤਰਫ਼ ਅਨੰਦ ਨੂੰ ਪ੍ਰਾਪਤ ਕਰ ਕੇ ਮਨੁੱਖ ਆਪਣੇ ਦੁਆਰਾ ਪ੍ਰਾਪਤ ਕੀਤੇ ਅਨੁਭਵ ਨੂੰ ਦੂਜਿਆਂ ਦੇ ਵਿਚ ਵੰਡਣਾ ਚਾਹੁੰਦਾ ਹੈ। ਜੇਕਰ ਬਾਹਰੀ ਯਾਤਰਾ ਕਰਨੀ ਹੋਵੇ ਤਾਂ ਅਸੀਂ ਕਿਸੇ ਦੂਜੇ ਮਨੁੱਖ ਨੂੰ ਆਪਣੇ ਨਾਲ ਲੈ ਕੇ ਜਾ ਸਕਦੇ ਹਾਂ। ਪਰ ਇਹ ਯਾਤਰਾ ਤਾਂ ਸਾਨੂੰ ਆਪਣੇ ਅੰਦਰ ਕਰਨੀ ਪੈਣੀ ਹੈ, ਕੋਈ ਕਿਸੇ ਦੇ ਅੰਦਰ ਕਿਸ ਤਰ੍ਹਾਂ ਜਾ ਸਕਦਾ ਹੈ। ਕਿਸੇ ਹੋਰ ਮਨੁੱਖ ਦੇ ਆਤਮ ਗਿਆਨ ਨੂੰ ਪ੍ਰਾਪਤ ਕਰਨ ਵਿਚ ਕੋਈ ਲੈਣਾ ਦੇਣਾ ਨਹੀਂ ਹੈ। ਗੱਲ ਸਾਡੇ ਅਤੇ ਪਰਮਾਤਮਾ ਦੇ ਵਿਚਕਾਰ ਹੈ। ਕਿਸੇ ਹੋਰ ਮਨੁੱਖ ਦੀ ਵਿਚੋਲਗੀ ਦੀ ਜ਼ਰੂਰਤ ਨਹੀਂ ਹੈ। ਪਰਮਾਤਮਾ ਸਾਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ। ਜੀਵ ਆਤਮਾ ਨੂੰ ਕੋਈ ਵੀ ਬਾਹਰੋਂ ਮੁਕਤ ਨਹੀਂ ਕਰ ਸਕਦਾ। ਕੇਵਲ ਇਹ ਖ਼ੁਦ ਆਪਣੇ ਆਪ ਨੂੰ ਆਪਣੇ ਅੰਦਰੋਂ ਮੁਕਤ ਕਰ ਸਕਦੀ ਹੈ। ਕਿਸੇ ਦੇ ਵਿਚ ਐਨੀ ਪਹੁੰਚ ਜਾਂ ਸ਼ਕਤੀ ਨਹੀਂ, ਜੋ ਤੁਹਾਡੇ ਕਾਰਨ ਸਰੀਰ ਦੇ ਅੰਦਰ ਜਾ ਕੇ ਇਸ ਕਿਰਿਆ ਨੂੰ ਸ਼ੁਰੂ ਕਰ ਸਕੇ। ਇਹ ਕੁਦਰਤ ਦਾ ਅਟੱਲ ਨਿਯਮ ਹੈ।

ਮਨੁੱਖ ਦੇ ਜੋ ਹਾਲਾਤ ਵਰਤਮਾਨ ਕਾਲ ਵਿਚ ਹਨ, ਉਨ੍ਹਾਂ ਦੇ ਲਈ ਮਨੁੱਖ ਦੇ ਦੁਆਰਾ ਭੂਤ ਕਾਲ ਦੇ ਵਿਚ ਕੀਤੇ ਗਏ ਕਰਮ ਜ਼ੁੰਮੇਵਾਰ ਹੁੰਦੇ ਹਨ। ਮਨੁੱਖ ਨੇ ਜੋ ਕਰਮ ਭੂਤਕਾਲ ਦੇ ਵਿਚ ਕੀਤੇ ਸਨ, ਉਨ੍ਹਾਂ ਕਰਮਾਂ ਦਾ ਪ੍ਰਣਾਮ ਮਨੁੱਖ ਨੂੰ

ਵਰਤਮਾਨ ਕਾਲ ਦੇ ਵਿਚ ਮਿਲਦਾ ਹੈ। ਮਨੁੱਖ ਦੇ ਭਵਿੱਖ ਵਿਚ ਕੀ ਹੋਵੇਗਾ, ਇਹ ਇਸ ਗੱਲ ਦੇ ਉੱਪਰ ਨਿਰਭਰ ਕਰਦਾ ਹੈ ਕਿ ਮਨੁੱਖ ਵਰਤਮਾਨ ਦੇ ਵਿਚ ਕੀ ਕਰ ਰਿਹਾ ਹੈ। ਕੇਵਲ ਆਲਸੀ ਲੋਕ ਹੀ ਕਿਸਮਤ ਵਰਗੇ ਸ਼ਬਦਾਂ ਦੀ ਵਰਤੋਂ ਕਰਦੇ ਹਨ। ਮਿਹਨਤ ਅਤੇ ਮੁਸ਼ੱਕਤ ਦੇ ਨਾਲ ਜ਼ਿੰਦਗੀ ਵਿਚ ਬਹੁਤ ਕੁੱਝ ਪ੍ਰਾਪਤ ਕੀਤਾ ਜਾ ਸਕਦਾ ਹੈ। ਜੋ ਲੋਕ ਮਿਹਨਤ ਨਹੀਂ ਕਰਨਾ ਚਾਹੁੰਦੇ, ਉਹ ਆਪਣੇ ਭਾਗਾਂ ਦੇ ਨਾਲ ਕਿਸੇ ਗ੍ਰਹਿ ਨੂੰ ਜੋੜ ਦੇਣਗੇ ਜਦਕਿ ਉਸ ਵਿਚਾਰੇ ਗ੍ਰਹਿ ਨੂੰ ਇਸ ਗੱਲ ਦਾ ਪਤਾ ਵੀ ਨਹੀਂ ਹੋਣਾ। ਮਨੁੱਖ ਆਪਣੇ ਕਰਮਾਂ ਦੀ ਜ਼ੁੰਮੇਵਾਰੀ ਕਿਸੇ ਦੂਜੇ ਦੇ ਸਿਰ ਮੜ੍ਹ ਕੇ ਅਸਫਲਤਾ ਦੇ ਦੋਸ਼ ਤੋਂ ਆਪਣੇ ਆਪ ਨੂੰ ਮੁਕਤ ਕਰਨਾ ਚਾਹੁੰਦਾ ਹੈ। ਅਗਰ ਕੋਈ ਕੰਮ ਨਹੀਂ ਬਣ ਰਿਹਾ ਤਾਂ ਇਸ ਦੇ ਲਈ ਇਹ ਕਿਸੇ ਗ੍ਰਹਿ ਨੂੰ ਜ਼ੁੰਮੇਵਾਰ ਠਹਿਰਾ ਦੇਂਦਾ ਹੈ। ਜੀਵਨ ਵਿਚ ਜੋ ਕੁੱਝ ਵੀ ਹੋ ਚੁੱਕਿਆ ਹੈ, ਉਸ ਨੂੰ ਪਰਮਾਤਮਾ ਦਾ ਹੁਕਮ ਸਮਝ ਕੇ ਮਨਜ਼ੂਰ ਕਰਨ ਨਾਲ ਕਿਸੇ ਵੀ ਮਨੁੱਖ ਨੂੰ ਸਾਰੇ ਦੁੱਖਾਂ ਅਤੇ ਪਰੇਸ਼ਾਨੀਆਂ ਤੋਂ ਮੁਕਤੀ ਮਿਲ ਸਕਦੀ ਹੈ। ਪਤੀ-ਪਤਨੀ, ਸੱਸ-ਸਹੁਰੇ, ਭੈਣ-ਭਰਾ ਜਿਸ ਵੀ ਤਰ੍ਹਾਂ ਦੇ ਹਨ, ਉਨ੍ਹਾਂ ਦਾ ਜੋ ਵੀ ਸੁਭਾਉ ਹੈ, ਉਸ ਨੂੰ ਕਬੂਲ ਕਰ ਲਵੋ। ਉਨ੍ਹਾਂ ਨੂੰ ਉਨ੍ਹਾਂ ਦੇ ਰੂਪ ਵਿਚ ਸਵੀਕਾਰ ਕਰਨ ਦੇ ਨਾਲ ਜੀਵਨ ਵਿਚ ਅਨੰਦ ਅਤੇ ਸ਼ਾਂਤੀ ਆਪਣੇ ਆਪ ਆ ਜਾਵੇਗੀ। ਕਿਸੇ ਵੀ ਮਨੁੱਖ ਦੇ ਦੁਖੀ ਹੋਣ ਦਾ ਕਾਰਨ ਹੈ ਕਿ ਇਸ ਨੂੰ ਕੁਦਰਤ ਦਾ ਫ਼ੈਸਲਾ ਮਨਜ਼ੂਰ ਨਹੀਂ ਹੈ। ਸੁਖੀ ਮਨੁੱਖ ਉਹ ਹੈ ਜੋ ਤਕਲੀਫ਼ਾਂ ਜਾਂ ਸਮੱਸਿਆਵਾਂ ਨੂੰ ਦੇਖ ਕੇ ਆਪਣੇ ਮੱਥੇ ਨੂੰ ਫੜ ਕੇ ਨਹੀਂ ਬੈਠ ਜਾਂਦਾ, ਬਲਕਿ ਉਹ ਬਹੁਤ ਹੀ ਧੀਰਜ ਦੇ ਨਾਲ ਆਈ ਸਮੱਸਿਆ ਦਾ ਹੱਲ ਲੱਭਣ ਦੇ ਲਈ ਕੋਸ਼ਿਸ਼ ਕਰਦਾ ਹੈ। ਇਸ ਦੇ ਉਲਟ ਹੋਛਾ ਮਨੁੱਖ ਹਰ ਇੱਕ ਦੇ ਕੋਲ ਆਪਣੇ ਜੀਵਨ ਦੀਆਂ ਨਿੱਕੀਆਂ ਮੋਟੀਆਂ ਸਮੱਸਿਆਵਾਂ ਦਾ ਢੰਡੋਰਾ ਪਿੱਟੀ ਜਾਂਦਾ ਹੈ। ਕੋਈ ਵੀ ਸਮੱਸਿਆ ਐਡੀ ਵੱਡੀ ਨਹੀਂ ਹੁੰਦੀ, ਜਿੱਡੀ ਵੱਡੀ ਸ਼ੁਰੂ ਦੇ ਵਿਚ ਦਿਖਾਈ ਦੇਂਦੀ ਹੈ। ਇਸ ਗੱਲ ਉੱਪਰ ਨਿਰਭਰ ਕਰਦਾ ਹੈ ਕਿ ਮਨੁੱਖ ਦੀ ਆਪਣੀ ਮਾਨਸਿਕ ਸਥਿਤੀ ਕਿਸ ਤਰ੍ਹਾਂ ਦੀ ਹੈ। ਆਰਥਿਕ ਸੁੱਖਾਂ ਦੇ ਆਉਣ ਨਾਲ ਮਨੁੱਖ ਸੁਖੀ ਨਹੀਂ ਹੋ ਜਾਂਦਾ ਅਤੇ ਦੁੱਖਾਂ ਦੇ ਆਉਣ ਨਾਲ ਮਨੁੱਖ ਦੁਖੀ ਨਹੀਂ ਹੋ ਜਾਂਦਾ ਹੈ। ਸੜਕਾਂ ਦੇ ਉੱਪਰ ਬਹੁਤ ਟਰੈਫ਼ਿਕ ਹੈ, ਬਾਰ ਬਾਰ ਉਸੇ ਹੀ ਗੱਲ ਨੂੰ ਦੁਹਰਾਉਣ ਦੇ ਨਾਲ ਟਰੈਫ਼ਿਕ ਘੱਟ ਤਾਂ ਨਹੀਂ ਜਾਵੇਗੀ। ਇਸੇ ਹੀ ਤਰ੍ਹਾਂ ਦੀਆਂ ਕਈ ਗੱਲਾਂ ਹਨ, ਜੇਕਰ ਅਸੀਂ ਉਨ੍ਹਾਂ ਦਾ ਬਾਰ ਬਾਰ ਜ਼ਿਕਰ ਕਰਦੇ ਹਾਂ ਤਾਂ ਇਸ ਦੇ ਨਾਲ ਪ੍ਰਾਣ ਅੰਦਰ ਕੰਪਨ ਪੈਦਾ ਹੋ ਜਾਂਦੀ ਹੈ। ਹਰ ਇੱਕ ਮਨੁੱਖ ਦੇ ਸਰੀਰ ਅੰਦਰ ਪਰਮ ਅਨੰਦ ਮੌਜੂਦ ਹੈ। ਉਸ ਅਨੰਦ ਨੂੰ ਅਨੁਭਵ ਕਰਨ ਲਈ ਮਨੁੱਖ ਨੂੰ ਆਪਣੇ ਪ੍ਰਾਣਾਂ ਦੀ ਗਹਿਰਾਈ ਵਿਚ ਆਪ ਉਤਰਨਾ ਪਵੇਗਾ, ਤਾਂ ਹੀ ਕਿਸੇ ਮਨੁੱਖ ਨੂੰ ਸਹਿਜ ਅਵਸਥਾ ਦੀ ਛੋਹ ਪ੍ਰਾਪਤ ਹੋ ਸਕਦੀ ਹੈ। ਆਪਣੇ ਪ੍ਰਾਣਾਂ ਦੀਆਂ ਜੜ੍ਹਾਂ ਤੱਕ ਪਹੁੰਚਣ ਦਾ ਤਰੀਕਾ ਇਹ ਹੈ ਕਿ ਧਿਆਨ ਸਿਮਰਨ ਦੇ ਰਾਹੀਂ ਆਪਣੇ ਆਪ ਦੇ ਨਾਲ ਜੁੜਨਾ। ਮਨੁੱਖ ਕੇਵਲ ਖ਼ਾਨਾ ਪੂਰਤੀ ਦੇ ਲਈ ਕੰਮ-ਕਾਜ ਤਾਂ ਕਰਦਾ ਹੈ ਪਰ ਇਹ ਆਪਣੇ ਕੰਮ ਨੂੰ ਇੱਕ ਬੋਝ ਸਮਝਦਾ ਹੈ। ਇਸ ਦੇ ਅੰਦਰੋਂ ਅਸਚਰਜਤਾ ਖ਼ਤਮ ਹੁੰਦੀ ਜਾ ਰਹੀ ਹੈ। ਕੁੱਝ ਵੀ ਦੇਖ ਕੇ ਇਹ ਖ਼ੁਸ਼ ਨਹੀਂ ਹੁੰਦਾ।

ਹਮੇਸ਼ਾ ਲਮਕਿਆ ਮੂੰਹ ਲੈ ਕੇ ਜੀਵਨ ਬਤੀਤ ਕਰੀ ਜਾਂਦਾ ਹੈ। ਜੋ ਇਸ ਦੇ ਕੋਲ, ਹੈ, ਉਹ ਇਸ ਨੂੰ ਦਿਖਾਈ ਨਹੀਂ ਦੇਂਦਾ। ਜੋ ਇਸ ਦੇ ਕੋਲ ਨਹੀਂ ਹੈ, ਉਸ ਦੇ ਬਾਰੇ ਸੋਚ ਸੋਚ ਕੇ ਪਰੇਸ਼ਾਨ ਹੋਈ ਜਾਂਦਾ ਹੈ। ਕੋਈ ਵੀ ਕੰਮ ਕਰੋ, ਉਸ ਨੂੰ ਖ਼ੁਸ਼ ਹੋ ਕੇ ਕਰਨਾ ਹੈ, ਇਹੋ ਜ਼ਿੰਦਗੀ ਦੇ ਵਿਚ ਖ਼ੁਸ਼ ਹੋਣ ਦਾ ਤਰੀਕਾ ਹੈ। ਕੰਮ ਭਾਵੇਂ ਖ਼ੁਸ਼ੀ ਨਾਲ ਕਰੋ ਜਾਂ ਦੁਖੀ ਹੋ ਕੇ ਕਰੋ, ਕੰਮ ਤਾਂ ਕਰਨਾ ਹੀ ਪਵੇਗਾ। ਜੇਕਰ ਕੰਮ ਕਰਨਾ ਹੀ ਪੈਣਾ ਹੈ ਤਾਂ ਕਿਉਂ ਨਾ ਆਪਣੇ ਕੰਮ ਨੂੰ ਖ਼ੁਸ਼ ਹੋ ਕੇ ਕੀਤਾ ਜਾਵੇ। ਜੋ ਔਰਤਾਂ ਖ਼ੁਸ਼ ਹੋ ਕੇ ਆਪਣੇ ਪਰਿਵਾਰ ਦੇ ਲਈ ਖਾਣਾ ਪਕਾਉਂਦੀਆਂ ਹਨ, ਇਸ ਦੇ ਨਾਲ ਇੱਕ ਤਾਂ ਖਾਣਾ ਸਵਾਦੀ ਬਣੇਗਾ, ਦੂਜਾ ਖਾਣਾ ਬਣਾਉਣ ਦੇ ਵਿਚ ਅਨੰਦ ਵੀ ਆਵੇਗਾ। ਜੋ ਔਰਤਾਂ ਕੇਵਲ ਖ਼ਾਨਾ ਪੂਰਤੀ ਕਰਦੀਆਂ ਹਨ, ਉਨ੍ਹਾਂ ਦੇ ਵੱਲੋਂ ਬਣਾਇਆ ਗਿਆ ਖਾਣਾ ਜ਼ਹਿਰ ਬਣ ਜਾਂਦਾ ਹੈ। ਕਿਉਂਕਿ ਇਸ ਔਰਤ ਨੇ ਖਾਣੇ ਦੇ ਅੰਦਰ ਨਕਾਰਾਤਮਿਕ ਊਰਜਾ ਨੂੰ ਭਰ ਦਿੱਤਾ ਹੈ। ਜੋ ਥਾਲੀ ਦੇ ਵਿਚ ਹੈ, ਉਹੀ ਸਾਰ ਹੈ। ਮੈਂ ਇਹ ਨਹੀਂ ਕਹਿੰਦਾ ਕਿ ਅੱਗੇ ਨਾ ਵਧੋ, ਪਰ ਜੋ ਥਾਲੀ ਦੇ ਵਿਚ ਹੈ, ਉਸ ਦੇ ਲਈ ਪਰਮਾਤਮਾ ਦਾ ਧੰਨਵਾਦ ਵੀ ਕਰੋ। ਜੋ ਕੁੱਝ ਤੁਹਾਡੇ ਕੋਲ ਹੈ, ਕਰੋੜਾਂ ਲੋਕਾਂ ਦੇ ਕੋਲ ਵੀ ਨਹੀਂ ਹੈ।

ਸੰਸਾਰੀ ਸੁੱਖਾਂ ਨੂੰ ਪ੍ਰਾਪਤ ਕਰਨ ਦੇ ਲਈ ਮਨੁੱਖ ਨੂੰ ਦੌੜਨਾ ਪੈਂਦਾ ਹੈ। ਇਸ ਦੇ ਉਲਟ ਅਨੰਦ ਨੂੰ ਪ੍ਰਾਪਤ ਕਰਨ ਦੇ ਲਈ ਆਪਣੇ ਮਨ ਦੀ ਗਤੀ ਨੂੰ ਰੋਕਣਾ ਪੈਂਦਾ ਹੈ। ਮਨ ਅੰਦਰ ਚੱਲਣ ਵਾਲੇ ਵਿਚਾਰਾਂ ਦੇ ਰੁਕਣ ਦੀ ਦੇਰੀ ਹੈ। ਪਰਮ ਅਨੰਦ ਅਤੇ ਸ਼ਾਂਤੀ ਨੇ ਆਪਣੇ ਆਪ ਤੁਹਾਡੇ ਜੀਵਨ ਦੇ ਵਿਚ ਆ ਜਾਣਾ ਹੈ। ਵਿਚਾਰਾਂ ਨੂੰ ਪੂਰੀ ਤਰ੍ਹਾਂ ਰੋਕਣ ਦੇ ਲਈ ਮਨੁੱਖ ਨੂੰ ਹਰ ਦਿਨ ਅੰਤਰ ਧਿਆਨ ਹੋ ਕੇ ਆਪਣੇ ਆਪ ਦੇ ਨਾਲ ਆਸਣ ਲਗਾ ਕੇ ਬੈਠਣਾ ਪਵੇਗਾ। ਸਾਰੇ ਦਿਨ ਦੇ ਵਿੱਚੋਂ ਕੁੱਝ ਸਮਾਂ ਆਪਣੇ ਆਪ ਨੂੰ ਜ਼ਰੂਰ ਦੇਵੋ। ਸਾਡੇ ਇਕੱਲਾ ਹੋਣ ਦੇ ਨਾਲ ਸਾਰਾ ਬ੍ਰਹਮ ਵੀ ਸਾਡੇ ਨਾਲ ਹੋ ਜਾਂਦਾ ਹੈ, ਸ਼ੁਰੂ ਦੇ ਵਿਚ ਲੱਗੇਗਾ ਕਿ ਮੈਂ ਕੀ ਕਰ ਰਿਹਾ ਹਾਂ ? ਮਨ ਨੂੰ ਕੁੱਝ ਕਰਨ ਦੇ ਵਿਚ ਹੀ ਰਸ ਆਉਂਦਾ ਹੈ, ਕਰਨਾ ਮਨ ਦਾ ਸੁਭਾਉ ਹੈ। ਮਨ ਸੇਵਾ ਕਰ ਸਕਦਾ ਹੈ, ਪਾਠ ਪੂਜਾ ਕਰ ਸਕਦਾ ਹੈ। ਇਹ ਸਾਰੇ ਕਰਮ ਮਨ ਬਹੁਤ ਆਰਾਮ ਦੇ ਨਾਲ ਕਰ ਸਕਦਾ ਹੈ। ਕੁੱਝ ਦਿਨਾਂ ਦੇ ਵਿਚ ਇਸ ਸਮੱਸਿਆ ਦਾ ਹੱਲ ਹੋ ਜਾਵੇਗਾ। ਜਦੋਂ ਤੁਸੀਂ ਕੁੱਝ ਦਿਨ ਅਭਿਆਸ ਕਰਦੇ ਰਹੇ ਤਾਂ ਤੁਹਾਨੂੰ ਆਪਣੇ ਆਪ ਨਾਲ ਇਕੱਲੇ ਬੈਠਣ ’ਤੇ ਅਨੰਦ ਦੀ ਪ੍ਰਾਪਤੀ ਹੋਣ ਲੱਗ ਜਾਣੀ ਹੈ। ਆਪਣੇ ਨਾਲ ਬੈਠਣ ’ਤੇ ਮਨੁੱਖ ਦੇ ਅੰਦਰ ਵਾਲੀ ਖ਼ਾਲੀ ਜਗ੍ਹਾ ਨੂੰ ਅਸਤਿਤਵ ਭਰ ਦੇਂਦਾ ਹੈ। ਜਦੋਂ ਅੰਦਰ ਵਾਲੀ ਖ਼ਾਲੀ ਜਗ੍ਹਾ ਭਰ ਜਾਵੇਗੀ ਤਾਂ ਮਨ ਚਿੰਤਾ ਅਤੇ ਪਰੇਸ਼ਾਨੀਆਂ ਤੋਂ ਮੁਕਤ ਹੋ ਜਾਵੇਗਾ। ਇਸ ਅਵਸਥਾ ਵਿਚ ਪਹੁੰਚੇ ਮਨੁੱਖ ਦੇ ਜੀਵਨ ਅੰਦਰ ਕੇਵਲ ਪਰਮ ਅਨੰਦ ਅਤੇ ਸ਼ਾਂਤੀ ਹੀ ਬਾਕੀ ਰਹਿ ਜਾਂਦੀ ਹੈ। ਜਿਸ ਦਿਨ ਮਨੁੱਖ ਦੀ ਸੁਰਤੀ ਦਾ ਮੇਲ ਪਰਮਾਤਮਾ ਦੇ ਸਹਿਜ ਸਰੂਪ ਨਾਲ ਹੋ ਜਾਵੇਗਾ, ਉਸ ਤੋਂ ਬਾਅਦ ਤੁਹਾਡੇ ਅਨੁਭਵ ਦੇ ਵਿਚ ਇੱਕ ਐਸਾ ਜੀਵਨ ਆ ਜਾਣਾ ਹੈ ਜਿਸ ਦੀ ਪ੍ਰਾਪਤੀ ਤੋਂ ਬਾਅਦ ਭਾਵੇਂ ਮਨੁੱਖ ਦੇ ਕੋਲ ਪਦਾਰਥ ਹੋਣ ਜਾਂ ਨਾ ਹੋਣ, ਇਸ ਦੇ ਨਾਲ ਪਰਮ ਅਨੰਦ

ਦੇ ਵਿਚ ਕੋਈ ਫ਼ਰਕ ਨਹੀਂ ਪਵੇਗਾ। ਜਿਉਂਦੇ-ਜੀ ਮਨੁੱਖ ਦੀ ਸੁਰਤੀ ਭੋਗਾਂ ਤੋਂ ਮੁਕਤ ਹੋ ਜਾਂਦੀ ਹੈ। ਇਸ ਅਵਸਥਾ ਵਿਚ ਮਨੁੱਖ ਦਾ ਮਨ, ਤਨ ਅਤੇ ਆਤਮਾ ਇੜਾ, ਪਿੰਗਲਾ ਅਤੇ ਸੁਖਮਨਾ ਦੇ ਪ੍ਰਕਾਸ਼ ਦਾ ਅਨੰਦ ਮਾਣਦੇ ਹੋਏ ਪਰਮ ਅਨੰਦ ਦੇ ਵਿਚ ਲੀਨ ਰਹਿੰਦੇ ਹਨ। ਪਾਰਬ੍ਰਹਮ ਵਿਚ ਲੀਨ ਮਨੁੱਖ ਦੀਆਂ ਇੱਛਾਵਾਂ ਪੂਰੀਆਂ ਹੋਣ ਜਾਂ ਨਾ ਹੋਣ, ਇੱਕੋ ਹੀ ਭਾਵਨਾ ਬਣੀ ਰਹਿੰਦੀ ਹੈ। ਮਨੁੱਖ ਦਾ ਜੀਵਨ ਦਰੱਖ਼ਤ ਦੇ ਨਾਲੋਂ ਟੁੱਟੇ ਪੱਤੇ ਵਾਂਗੂੰ ਹੋ ਜਾਂਦਾ ਹੈ, ਜਿਸ ਦੀ ਆਪਣੀ ਕੋਈ ਇੱਛਾ ਜਾਂ ਮਰਜ਼ੀ ਨਹੀਂ ਹੁੰਦੀ, ਹਵਾ ਦਾ ਝੋਕਾ ਉਸ ਨੂੰ ਆਪਣੀ ਮਰਜ਼ੀ ਦੇ ਨਾਲ ਜਿੱਥੇ ਚਾਹੇ ਲੈ ਜਾਂਦਾ ਹੈ।

ਵਿਅਕਤੀ ਦੇ ਬੀਤੇ ਜੀਵਨ ਵਿਚ ਜੋ ਘਟਨਾਵਾਂ ਵਾਪਰ ਜਾਂਦੀਆਂ ਹਨ, ਉਨ੍ਹਾਂ ਘਟਨਾਵਾਂ ਦੀਆਂ ਯਾਦਾਂ ਨੂੰ ਮਸਤਕ ਸਿਮਰਤੀਆਂ ਦੇ ਰੂਪ ਵਿਚ ਆਪਣੇ ਕੋਲ ਸਾਂਭ ਕੇ ਰੱਖੀ ਜਾਂਦਾ ਹੈ, ਜਿਨ੍ਹਾਂ ਨੇ ਬਾਅਦ ਦੇ ਵਿਚ ਮਨੁੱਖ ਦਾ ਜ਼ਿੰਦਗੀ ਭਰ ਸ਼ਿਕਾਰ ਕਰਨਾ ਹੈ। ਸਾਨੂੰ ਕਿਸੇ ਮਨੁੱਖ ਨੇ ਕਈ ਸਾਲ ਪਹਿਲਾਂ ਜੋ ਬੋਲ-ਕਬੋਲ ਬੋਲੇ ਸਨ, ਸਾਡਾ ਮਨ ਉਨ੍ਹਾਂ ਗੱਲਾਂ ਨੂੰ ਆਖ਼ਰੀ ਦਮ ਤੱਕ ਸਾਨੂੰ ਭੁੱਲਣ ਨਹੀਂ ਦੇਵੇਗਾ। ਬੀਤ ਚੁੱਕੀਆਂ ਗੱਲਾਂ ਨੂੰ ਬਾਰ ਬਾਰ ਯਾਦ ਕਰਕੇ ਕੁੱਝ ਹਾਸਿਲ ਨਹੀਂ ਹੋਣਾ। ਜਿਸ ਤਰ੍ਹਾਂ ਜਾਨਵਰ ਚਾਰਾ ਖਾਣ ਤੋਂ ਬਾਅਦ ਚਾਰੇ ਨੂੰ ਦੁਬਾਰਾ ਆਪਣੇ ਮੂੰਹ ਦੇ ਵਿਚ ਲਿਆ ਕੇ ਉਸ ਦੀ ਜਗਾਲੀ ਕਰਦਾ ਹੈ ਭਾਵ ਕਿ ਚਿੱਥਦਾ ਰਹਿੰਦਾ ਹੈ; ਇਸੇ ਹੀ ਤਰ੍ਹਾਂ ਦੀ ਹਾਲਤ ਸਾਡੇ ਮਨ ਦੀ ਵੀ ਹੈ, ਭਾਵੇਂ ਉਨ੍ਹਾਂ ਸਾਰੀਆਂ ਗੱਲਾਂ ਨੂੰ ਬੀਤਿਆਂ ਨੂੰ ਕਈ ਸਾਲ ਹੋ ਚੁੱਕੇ ਹਨ, ਇਸ ਦੇ ਬਾਵਜੂਦ ਵੀ ਸਾਡਾ ਮਨ ਉਨ੍ਹਾਂ ਗੱਲਾਂ ਦੀਆਂ ਯਾਦਾਂ ਨੂੰ ਛੱਡਣ ਨੂੰ ਤਿਆਰ ਨਹੀਂ। ਜਦੋਂ ਮਨੁੱਖ ਬੀਤ ਚੁੱਕੀਆਂ ਘਟਨਾਵਾਂ ਨੂੰ ਮਨ ਅੰਦਰ ਨਹੀਂ ਵਿਚਾਰੇਗਾ ਤਾਂ ਸਾਰੀਆਂ ਘਟਨਾਵਾਂ ਦੇ ਵਿੱਚੋਂ ਚੇਤਨਾ ਸ਼ਕਤੀ ਨੇ ਮੁਕਤ ਹੋ ਜਾਣਾ ਹੈ। ਮੁਕਤ ਚੇਤਨਾ ਹੀ ਪਰਮ ਅਨੰਦ ਹੈ। ਬਹੁਤ ਸਾਰੀਆਂ ਦੁਖੀ ਕਰਨ ਵਾਲੀਆਂ ਯਾਦਾਂ ਨੂੰ ਅਸੀਂ ਬਾਰ ਬਾਰ ਯਾਦ ਕਰ ਕਰਕੇ ਉਨ੍ਹਾਂ ਨੂੰ ਆਪਣੇ ਹੱਥੀਂ ਬਹੁਤ ਮਜ਼ਬੂਤ ਕਰ ਦਿੱਤਾ ਹੈ, ਜਿਸ ਕਾਰਨ ਉਨ੍ਹਾਂ ਦੇ ਵਿਚਾਰ ਸਾਡੀ ਚੇਤਨਾ ਦੇ ਆਕਾਸ਼ ਨੂੰ ਘੇਰਾ ਪਾਈ ਰੱਖਦੇ ਹਨ। ਮਨੁੱਖ ਦਾ ਭੂਤਕਾਲ ਹੀ ਇਸ ਦੇ ਵਰਤਮਾਨ ਕਾਲ ਨੂੰ ਪ੍ਰਭਾਵਿਤ ਕਰੀ ਜਾ ਰਿਹਾ ਹੈ। ਮਾਫ਼ ਕਰ ਦੇਵੋ ਉਨ੍ਹਾਂ ਸਾਰਿਆਂ ਮਨੁੱਖਾਂ ਨੂੰ ਜਿਨ੍ਹਾਂ ਦੀਆਂ ਗੱਲਾਂ ਨੂੰ ਤੁਸੀਂ ਅੱਜ ਵੀ ਯਾਦ ਕਰ ਕਰਕੇ ਪਰੇਸ਼ਾਨ ਹੋ ਜਾਂਦੇ ਹੋ। ਮਨ ਦਾ ਕੁੱਝ ਕੁ ਹਿੱਸਾ ਵਰਤਮਾਨ ਕਾਲ ਦੇ ਅੰਦਰ ਬੀਤ ਚੁੱਕੇ ਭੂਤਕਾਲ ਦੀਆਂ ਯਾਦਾਂ ਦੇ ਜ਼ਹਿਰ ਨੂੰ ਘੋਲਣਾ ਚਾਹੁੰਦਾ ਹੈ। ਪੁਰਾਣੀਆਂ ਬੀਤ ਚੁੱਕੀਆਂ ਗੱਲਾਂ ਨੂੰ ਬਾਰ ਬਾਰ ਯਾਦ ਕਰਨ ਦੇ ਨਾਲ ਮਨੁੱਖ ਨੂੰ ਕਈ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਵੀ ਲੱਗ ਜਾਂਦੀਆਂ ਹਨ। ਆਪਣੇ ਆਲੇ-ਦੁਆਲੇ ਫਲਾਂ ਅਤੇ ਫੁੱਲਾਂ ਦੇ ਪੌਦਿਆਂ ਨੂੰ ਦੇਖੋ, ਉਨ੍ਹਾਂ ਨੂੰ ਜੋ ਫੁੱਲ ਜਾਂ ਫਲ ਕੱਲ੍ਹ ਲੱਗੇ ਸਨ, ਉਨ੍ਹਾਂ ਦੇ ਟੁੱਟ ਜਾਣ ਨਾਲ ਕੁਦਰਤ ਨੇ ਉਨ੍ਹਾਂ ਨੂੰ ਕਈ ਹੋਰ ਨਵੇਂ ਫੁੱਲਾਂ ਅਤੇ ਫਲਾਂ ਦੇ ਨਾਲ ਭਰ ਦਿੱਤਾ ਹੈ। ਦਰੱਖ਼ਤਾਂ ਦੇ ਨਾਲੋਂ ਪੁਰਾਣੇ ਪੱਤੇ ਟੁੱਟਣ ਤੋਂ ਬਾਅਦ ਆਪਣੇ ਆਪ ਉਨ੍ਹਾਂ ਨੂੰ ਨਵੇਂ ਪੱਤੇ ਨਿਕਲ ਆਉਂਦੇ ਹਨ। ਕੋਈ ਵੀ ਪੌਦਾ ਜਾਂ ਦਰੱਖ਼ਤ ਆਪਣੇ ਨਾਲੋਂ ਟੁੱਟ ਚੁੱਕੇ

ਫਲ ਜਾਂ ਫੁੱਲ ਨੂੰ ਯਾਦ ਕਰ ਕੇ ਦੁਖੀ ਜਾਂ ਪਰੇਸ਼ਾਨ ਨਹੀਂ ਹੁੰਦਾ, ਉਹ ਸਾਰੇ ਵਰਤਮਾਨ ਕਾਲ ਵਿਚ ਖ਼ੁਸ਼ ਹਨ। ਪੱਤਝੜ ਦੇ ਵਿਚ ਪ੍ਰਕਿਰਤੀ ਦਰੱਖ਼ਤਾਂ ਅਤੇ ਪੌਦਿਆਂ ਤੋਂ ਫੁੱਲ ਅਤੇ ਪੱਤਿਆਂ ਨੂੰ ਝਾੜ ਦੇਂਦੀ ਹੈ ਤਾਂ ਜੋ ਦਰੱਖ਼ਤਾਂ ਦੇ ਅੰਦਰ ਤਾਜ਼ਗੀ ਬਰਕਰਾਰ ਰਹੇ। ਰਾਤ ਨੂੰ ਕੁਦਰਤੀ ਤੌਰ ’ਤੇ ਸਾਡੀ ਸਿਮਰਤੀ ਦੇ ਉੱਪਰ ਇੱਕ ਪਰਤ ਚੜ੍ਹ ਜਾਂਦੀ ਹੈ, ਤਾਂ ਜੋ ਅਸੀਂ ਪੁਰਾਣੀਆਂ ਗੱਲਾਂ ਨੂੰ ਭੁੱਲ ਜਾਈਏ। ਚੇਤਨਾ ਦਾ ਆਕਾਸ਼ ਉਨ੍ਹਾਂ ਦੇ ਪ੍ਰਭਾਵ ਤੋਂ ਮੁਕਤ ਹੋ ਜਾਵੇ। ਜੇ ਦੁਖੀ ਕਰਨ ਵਾਲੀਆਂ ਗੱਲਾਂ ਦੀਆਂ ਯਾਦਾਂ ਅੱਜ ਵੀ ਸਾਡੇ ਮਨ ਅੰਦਰ ਜ਼ਿੰਦਾ ਹਨ ਤਾਂ ਉਸ ਦੇ ਲਈ ਅਸੀਂ ਖ਼ੁਦ ਜ਼ੁੰਮੇਵਾਰ ਹਾਂ। ਜਿਸ ਦਿਨ ਅਸੀਂ ਉਨ੍ਹਾਂ ਗੱਲਾਂ ਦੇ ਵੱਲ ਧਿਆਨ ਦੇਣਾ ਬੰਦ ਕਰ ਦਿੱਤਾ, ਉਸ ਤੋਂ ਬਾਅਦ ਦੁੱਖ ਦੇਣ ਵਾਲੀਆਂ ਸਾਰੀਆਂ ਗੱਲਾਂ ਆਪਣੇ ਆਪ ਸਾਡੀ ਸਿਮਰਤੀ ਦੀਆਂ ਪਰਤਾਂ ਦੇ ਹੇਠਾਂ ਲੁੱਕ ਜਾਣੀਆਂ ਹਨ। ਜਦੋਂ ਅਸੀਂ ਇੱਕ ਵਾਰ ਚੇਤਨਾ ਦੇ ਆਕਾਸ਼ ਨੂੰ ਉਨ੍ਹਾਂ ਗੱਲਾਂ ਦੇ ਪ੍ਰਭਾਵ ਤੋਂ ਮੁਕਤ ਕਰ ਲਿਆ, ਬਾਅਦ ਵਿਚ ਬੇਸ਼ੱਕ ਇਹ ਗੱਲਾਂ ਸਾਨੂੰ ਦੁਬਾਰਾ ਭਵਿੱਖ ਦੇ ਵਿਚ ਚੇਤੇ ਆ ਜਾਣ ਤਾਂ ਵੀ ਇਹ ਗੱਲਾਂ ਸਾਨੂੰ ਦੁਖੀ ਜਾਂ ਪਰੇਸ਼ਾਨ ਨਹੀਂ ਕਰ ਸਕਦੀਆਂ।

ਜੇਕਰ ਪੁਰਾਣੀਆਂ ਗੱਲਾਂ ਦੇ ਵਿੱਚੋਂ ਇੱਕ ਦੋ ਘਟਨਾ ਦੀ ਯਾਦ ਦੁਬਾਰਾ ਕਦੇ ਕਦਾਈਂ ਚੇਤੇ ਆ ਵੀ ਜਾਂਦੀ ਹੈ ਤਾਂ ਤੁਸੀਂ ਆਪਣੀ ਸੁਰਤੀ ਨੂੰ ਉਨ੍ਹਾਂ ਘਟਨਾਵਾਂ ਦੇ ਵਿਚਾਰਾਂ ਤੋਂ ਮੁਕਤ ਕਰ ਲੈਣਾ ਹੈ। ਇਸ ਤਰ੍ਹਾਂ ਕਰਨ ਦੇ ਨਾਲ ਬੀਤ ਚੁੱਕੀਆਂ ਘਟਨਾਵਾਂ ਦੇ ਵਿਚਾਰ ਮਨ ਦੇ ਅੰਦਰ ਆਪਣੀਆਂ ਜੜ੍ਹਾਂ ਦੁਬਾਰਾ ਨਹੀਂ ਫੈਲਾ ਸਕਣਗੇ।

ਇਸ ਤਰ੍ਹਾਂ ਹੌਲੀ ਹੌਲੀ ਕਰਕੇ ਮਨੁੱਖ ਨੂੰ ਆਪਣੇ ਭੂਤ ਕਾਲ ਤੋਂ ਮੁਕਤੀ ਮਿਲਦੀ ਜਾਂਦੀ ਹੈ। ਹਰ ਇੱਕ ਮਨੁੱਖ ਨੂੰ ਆਪਣੇ ਜੀਵਨ ਦੇ ਵਿਚ ਕਈ ਖੱਟੇ ਮਿੱਠੇ ਅਨੁਭਵਾਂ ਦੇ ਵਿੱਚੋਂ ਦੀ ਲੰਘਣਾ ਪੈਂਦਾ ਹੈ। ਇਨ੍ਹਾਂ ਦੋਨਾਂ ਦੇ ਪ੍ਰਭਾਵਾਂ ਹੇਠਾਂ ਮਨੁੱਖ ਦਾ ਜੀਵਨ ਆਪਣੀ ਰਫ਼ਤਾਰ ਨਾਲ ਚੱਲਦਾ ਰਹਿੰਦਾ ਹੈ। ਮਸਤਕ ਅੰਦਰ ਉਮਰ ਦੇ ਵਧਣੇ ਨਾਲ ਦੁੱਖਾਂ ਦੀਆਂ ਯਾਦਾਂ ਦੇ ਭੰਡਾਰ ਵੱਧਦੇ ਜਾਂਦੇ ਹਨ। ਹਰ ਇੱਕ ਮਨੁੱਖ ਆਪਣੇ ਮਨ ਦੇ ਅੰਦਰ ਜਮ੍ਹਾਂ ਹੋਏ ਵਿਚਾਰਾਂ ਰੂਪੀ ਕਚਰੇ ਨੂੰ ਆਪ ਹੀ ਸਾਫ਼ ਕਰ ਸਕਦਾ ਹੈ। ਜਿਸ ਤਰ੍ਹਾਂ ਸਰੀਰ ਦੀ ਸਫ਼ਾਈ ਕਰਨੀ ਜ਼ਰੂਰੀ ਹੈ, ਉਸੇ ਹੀ ਤਰ੍ਹਾਂ ਮਨ ਦੀ ਸਫ਼ਾਈ ਕਰਨੀ ਉਸ ਤੋਂ ਵੀ ਜ਼ਿਆਦਾ ਜ਼ਰੂਰੀ ਹੈ। ਬੀਤੇ ਜੀਵਨ ਦੇ ਵਿਚ ਵਾਪਰੀ ਘਟਨਾ ਤੋਂ ਕੁੱਝ ਸਿੱਖਿਆ ਜਾ ਸਕਦਾ ਹੈ ਤਾਂ ਜੋ ਅੱਗੇ ਚੱਲ ਕੇ ਜੀਵਨ ਦੇ ਵਿਚ ਦੁਬਾਰਾ ਇੱਦਾਂ ਦੇ ਹਾਲਾਤ ਪੈਦਾ ਹੋਣ ’ਤੇ ਉਸ ਸਮੱਸਿਆ ਨੂੰ ਹੋਰ ਜ਼ਿਆਦਾ ਚੰਗੇ ਤਰੀਕੇ ਨਾਲ ਹੈਂਡਲ ਕੀਤਾ ਜਾ ਸਕੇ। ਮਨੁੱਖ ਦੀਆਂ ਜ਼ਰੂਰਤਾਂ ਪੂਰੀਆਂ ਹੋ ਸਕਦੀਆਂ ਹਨ, ਪਰ ਇੱਛਾਵਾਂ ਤਾਂ ਰਾਜਿਆਂ ਮਹਾਰਾਜਿਆਂ ਦੀਆਂ ਵੀ ਅਧੂਰੀਆਂ ਰਹਿ ਗਈਆਂ ਸਨ। ਰਾਜਾ ਉਹ ਮਨੁੱਖ ਨਹੀਂ ਹੁੰਦਾ ਜੋ ਕਿਸੇ ਦੇਸ਼ ਦਾ ਰਾਜਾ ਹੈ, ਰਾਜਾ ਉਹ ਹੈ ਜਿਸ ਦਾ ਮਨ ਪੂਰੀ ਤਰ੍ਹਾਂ ਰੱਜ ਚੁੱਕਿਆ ਹੈ। ਅਤ੍ਰਿਪਤ ਇੱਛਾਵਾਂ ਦੇ ਭੰਡਾਰ ਮਨ ਅੰਦਰ ਵਧਣ ਦੇ ਕਾਰਨ ਮਨੁੱਖ ਨੂੰ ਪਤਾ ਹੀ ਨਹੀਂ ਲੱਗਦਾ ਕਿ ਮਨੁੱਖ ਨੂੰ ਅਨੰਦ ਅਤੇ ਸ਼ਾਂਤੀ ਪ੍ਰਦਾਨ ਕਰਨ ਵਾਲੀ ਉਸ ਦੀ ਸੁਰਤੀ ਇਨ੍ਹਾਂ ਖੱਟੇ ਮਿੱਠੇ ਅਨੁਭਵਾਂ ਦੇ ਵਿਚ

ਕਦੋਂ ਗਵਾਚ ਗਈ ਹੈ। ਇਨ੍ਹਾਂ ਦੁਖੀ ਕਰਨ ਵਾਲੀਆਂ ਯਾਦਾਂ ਦੇ ਜੰਗਲ ਉਮਰ ਦੇ ਵਧਣ ਨਾਲ ਮਨ ਅੰਦਰ ਵਧਦੇ ਹੀ ਜਾਣੇ ਹਨ। ਹੌਲੀ ਹੌਲੀ ਕਰਕੇ ਮਨੁੱਖ ਦਾ ਜੀਵਨ ਇੱਕ ਦੁੱਖਾਂ ਦੀ ਕਹਾਣੀ ਵਿਚ ਤਬਦੀਲ ਹੋ ਜਾਂਦਾ ਹੈ। ਬੀਤੇ ਸਮੇਂ ਨੇ ਸਾਡੇ ਵਰਤਮਾਨ ਨੂੰ ਵੀ ਅੱਗ ਲਗਾ ਦੇਣੀ ਹੈ। ਮਨੁੱਖ ਨੇ ਭੂਤਕਾਲ ਦੇ ਵਿਚ ਜਿਸ ਔਰਤ ਜਾਂ ਮਰਦ ਦੀ ਇੱਛਾ ਕੀਤੀ ਸੀ, ਜੇਕਰ ਕਿਸੇ ਕਾਰਨ ਉਸ ਦੀ ਇੱਛਾ ਪੂਰਤੀ ਨਹੀਂ ਹੋਈ; ਉਸੇ ਗੱਲ ਨੂੰ ਬਾਰ ਬਾਰ ਯਾਦ ਕਰਕੇ ਆਪਣੇ ਆਪ ਨੂੰ ਦੁਖੀ ਜਾਂ ਪਰੇਸ਼ਾਨ ਕਰਨ ਦੇ ਨਾਲ ਕੁੱਝ ਵੀ ਪ੍ਰਾਪਤ ਨਹੀਂ ਹੋਣਾ। ਜੋ ਸਾਡਾ ਜੀਵਨ ਸਾਥੀ ਹੈ, ਉਹੀ ਸਾਰ ਹੈ। ਜੋ ਪਰਮਾਤਮਾ ਨੇ ਸਾਡੀ ਝੋਲੀ ਦੇ ਵਿਚ ਜੋ ਪਾਇਆ ਹੈ, ਉਸ ਨੂੰ ਕਬੂਲ ਕਰਕੇ ਹੀ ਮਨ ਦੀਆਂ ਅਤ੍ਰਿਪਤ ਇੱਛਾਵਾਂ ਨੂੰ ਸ਼ਾਂਤ ਕੀਤਾ ਜਾ ਸਕਦਾ ਹੈ। ਉਸ ਪਰਮਾਤਮਾ ਦਾ ਭਾਣਾ ਸਮਝ ਕੇ ਇਨ੍ਹਾਂ ਖੱਟੇ ਮਿੱਠੇ ਅਨੁਭਵਾਂ ਦੀਆਂ ਯਾਦਾਂ ਤੋਂ ਆਪਣੀ ਸੁਰਤੀ ਨੂੰ ਮੁਕਤ ਕਰ ਲਵੋ। ਜੇਕਰ ਇਸ ਬਿਮਾਰੀ ਨੂੰ ਸਮੇਂ ਸਿਰ ਠੀਕ ਨਾ ਕੀਤਾ ਗਿਆ ਤਾਂ ਇਸ ਬਿਮਾਰੀ ਨੇ ਤੁਹਾਡੀ ਉਮਰ ਦੇ ਨਾਲ ਹੋਰ ਜ਼ਿਆਦਾ ਵੱਧਦੀ ਜਾਣਾ ਹੈ। ਜੋ ਮਨੁੱਖ ਆਪਣੀ ਸੁਰਤੀ ਨੂੰ ਬੀਤੇ ਜੀਵਨ ਅੰਦਰ ਵਾਪਰੀਆਂ ਘਟਨਾਵਾਂ ਤੋਂ ਅਲੱਗ ਨਹੀਂ ਕਰ ਪਾ ਰਿਹਾ, ਉਸ ਮਨੁੱਖ ਦੇ ਕੋਲ ਭਾਵੇਂ ਦੁਨੀਆਂ ਦਾ ਹਰ ਇੱਕ ਪਦਾਰਥ ਕਿਉਂ ਨਾ ਹੋਵੇ, ਇਸ ਦੇ ਬਾਵਜੂਦ ਵੀ ਉਨ੍ਹਾਂ ਤੋਂ ਮਿਲਣ ਵਾਲੇ ਸੁੱਖ ਨੂੰ ਇਹ ਮਨੁੱਖ ਅਨੁਭਵ ਨਹੀਂ ਕਰ ਸਕੇਗਾ। ਜੋ ਮਨੁੱਖ ਭੂਤ ਕਾਲ ਦੇ ਵਿਚ ਜਿਉਂਦਾ ਹੈ, ਉਸ ਦੇ ਜੀਵਨ ਅੰਦਰ ਸੰਗੀਤ ਪੈਦਾ ਨਹੀਂ ਹੋ ਸਕਦਾ। ਜਦੋਂ ਮਨੁੱਖ ਆਪਣੇ ਤੋਂ ਥੱਲੇ ਦੇਖਦਾ ਹੈ ਤਾਂ ਉਸ ਨੂੰ ਪਤਾ ਲੱਗੇਗਾ ਕਿ ਉਸ ਦਾ ਸਰੀਰ ਬਹੁਤ ਸਾਰੇ ਮਨੁੱਖਾਂ ਦੇ ਸਰੀਰਾਂ ਨਾਲੋਂ ਚੰਗਾ ਹੈ। ਉਸ ਦੇ ਕੋਲ ਬਹੁਤ ਸਾਰੇ ਮਨੁੱਖਾਂ ਤੋਂ ਵਧੀਆ ਕੰਮ-ਕਾਜ ਹੈ, ਕਈ ਲੋਕਾਂ ਦੇ ਨਾਲੋਂ ਚੰਗਾ ਘਰ ਹੈ। ਮਨੁੱਖ ਦੀ ਜ਼ਿੰਦਗੀ ਵਿਚ ਦੁੱਖਾਂ ਦਾ ਕਾਰਨ ਹੈ ਕਿ ਇਹ ਉਸ ਨੂੰ ਦੇਖਦਾ ਹੈ ਜੋ ਇਸ ਤੋਂ ਉੱਪਰ ਹੈ। ਇਹ ਉਸ ਨੂੰ ਨਹੀਂ ਦੇਖਦਾ ਜੋ ਇਸ ਤੋਂ ਥੱਲੇ ਹੈ। ਇਸੇ ਸੋਚ ਦੇ ਕਾਰਨ ਹਰ ਇੱਕ ਮਨੁੱਖ ਬਿਨਾਂ ਵਜ੍ਹਾ ਦੇ ਦੁਖੀ ਅਤੇ ਪਰੇਸ਼ਾਨ ਹੈ। ਗੁਲਾਬ ਦੇ ਪੌਦੇ ਨੂੰ ਭਾਵੇਂ ਇੱਕ ਹੀ ਫੁੱਲ ਕਿਉਂ ਨਾ ਲੱਗਿਆ ਹੋਵੇ, ਉਸ ਦੇ ਵਿਚ ਹੀ ਸਾਰ ਹੈ। ਜਿਸ ਮਨੁੱਖ ਨੂੰ ਉਸ ਫੁੱਲ ਦੀ ਬਜਾਏ ਕੇਵਲ ਕੰਡੇ ਹੀ ਦਿਖਾਈ ਦੇ ਰਹੇ ਹਨ ਤਾਂ ਇਹ ਮਨੁੱਖ ਭੂਤ ਕਾਲ ਦੀਆਂ ਯਾਦਾਂ ਵਿਚ ਜਿਉਣ ਵਾਲਾ ਹੈ। ਇਹ ਮਨੁੱਖ ਜੀਵਨ ਵਰਗੇ ਤੋਹਫ਼ੇ ਦਾ ਅਨੰਦ ਨਹੀਂ ਮਾਣ ਸਕਦਾ। ਜੋ ਨਹੀਂ ਹੈ, ਉਸ ਨੂੰ ਯਾਦ ਕਰਨ ਨਾਲ ਜੀਵਨ ਦੇ ਵਿਚ ਦੁੱਖਾਂ ਤੋਂ ਇਲਾਵਾ ਹੋਰ ਕੁੱਝ ਵੀ ਪ੍ਰਾਪਤ ਨਹੀਂ ਹੋਵੇਗਾ। ਮਨੁੱਖ ਦੇ ਕੋਲ ਜੋ ਹੈ, ਉਸ ਦੇ ਲਈ ਇਸ ਨੇ ਕਦੇ ਵੀ ਪਰਮਾਤਮਾ ਦਾ ਧੰਨਵਾਦ ਨਹੀਂ ਕੀਤਾ, ਬਲਕਿ ਜੋ ਇਸ ਦੇ ਕੋਲ ਨਹੀਂ ਹੈ, ਉਸ ਦੇ ਲਈ ਹਰ ਦਿਨ ਪਰਮਾਤਮਾ ਦੇ ਨਾਲ ਸ਼ਿਕਵੇ ਅਤੇ ਸ਼ਿਕਾਇਤਾਂ ਕਰਦਾ ਹੋਇਆ ਅੰਦਰੋ-ਅੰਦਰੀ ਸਦਾ ਸੜਦਾ ਰਹਿੰਦਾ ਹੈ। ਮਨੁੱਖ ਨੇ ਮਿਹਨਤ ਹੀ ਕਰਨੀ ਹੈ, ਉਸ ਦਾ ਜੋ ਵੀ ਫਲ ਮਿਲਦਾ ਹੈ ਉਸ ਦੇ ਵਿਚ ਖ਼ੁਸ਼ ਰਹਿਣਾ ਚਾਹੀਦਾ ਹੈ। ਜੋ ਵੀ ਕਾਰਜ ਸਾਡੀਆਂ ਕਈ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਨਹੀਂ ਹੋ ਰਿਹਾ, ਉਸ ਨੂੰ ਪਰਮਾਤਮਾ ਦਾ ਭਾਣਾ ਸਮਝ ਕੇ ਮਨਜ਼ੂਰ ਕਰਨ ਵਿਚ ਹੀ ਸਾਰੇ ਸੁੱਖ ਹਨ। ਉਸ

ਦੀ ਰਜ਼ਾ ਦੇ ਵਿਚ ਚੱਲਣਾ ਹੈ ਭਾਵੇਂ ਸਾਰੇ ਸੰਸਾਰ ਦਾ ਰਾਜ ਮਿਲ ਜਾਵੇ ਤਾਂ ਵੀ ਮਨੁੱਖ ਸੁਖੀ ਨਹੀਂ ਹੋ ਸਕਦਾ। ਸਬਰ ਅਤੇ ਸੰਤੋਖ ਐਸੇ ਗੁਣ ਹਨ ਜੋ ਮਨੁੱਖ ਦੇ ਜੀਵਨ ਨੂੰ ਪਰਮ ਅਨੰਦ ਦੇ ਨਾਲ ਭਰ ਦੇਂਦੇ ਹਨ। ਮਾਇਆ ਦੇ ਪ੍ਰਭਾਵ ਹੇਠਾਂ ਜਿਉਣ ਵਾਲਾ ਮਨੁੱਖ ਦੁੱਖ ਦੀ ਚੋਟ ਬਿਨਾਂ ਜਾਗ ਨਹੀਂ ਸਕਦਾ। ਦੁੱਖ ਦੀ ਚੋਟ ਬਿਨਾਂ ਨਾ ਹੀ ਇਸ ਦੇ ਅੰਦਰ ਉਸ ਪਰਮ ਜੀਵਨ ਨੂੰ ਪ੍ਰਾਪਤ ਕਰਨ ਦੀ ਕੋਈ ਇੱਛਾ ਪੈਦਾ ਹੋ ਸਕਦੀ ਹੈ। ਉਦਾਸੀ ਦੇ ਬਿਨਾਂ ਮਨੁੱਖ ਖ਼ੁਸ਼ੀ ਦੇ ਅਨੰਦ ਨੂੰ ਨਹੀਂ ਮਾਣ ਸਕਦਾ। ਜਿਸ ਤਰ੍ਹਾਂ ਬਿਮਾਰੀ ਦੇ ਆਉਣ ਤੋਂ ਬਾਅਦ ਹੀ ਪਤਾ ਚੱਲਦਾ ਹੈ ਕਿ ਤੰਦਰੁਸਤੀ ਨਾਮ ਦੀ ਵੀ ਕੋਈ ਚੀਜ਼ ਹੈ। ਸੰਸਾਰ ਵਿਚ ਜਿੰਨੇ ਵੀ ਪਦਾਰਥ ਹਨ ਉਨ੍ਹਾਂ ਤੋਂ ਸੁੱਖ ਜਾਂ ਦੁੱਖ ਪੈਦਾ ਨਹੀਂ ਹੁੰਦਾ। ਇਹ ਤਾਂ ਮਨੁੱਖ ਦੁਆਰਾ ਉਨ੍ਹਾਂ ਪਦਾਰਥਾਂ ਦੀ ਕੀਤੀ ਜਾ ਰਹੀ ਵਰਤੋਂ 'ਤੇ ਨਿਰਭਰ ਕਰਦਾ ਹੈ। ਅਸੀਂ ਉਨ੍ਹਾਂ ਦੀ ਵਰਤੋਂ ਕਿੱਦਾਂ ਕਰਦੇ ਹਾਂ ? ਪਦਾਰਥਾਂ ਦੀ ਵਰਤੋਂ ਕਰਨ ਤੋਂ ਬਾਅਦ ਮਨੁੱਖ ਨੂੰ ਆਪਣੇ ਜੀਵਨ ਦੇ ਅੰਦਰ ਉਨ੍ਹਾਂ ਦੇ ਪ੍ਰਮਾਣ ਦੇਖਣ ਨੂੰ ਮਿਲਦੇ ਹਨ। ਪਦਾਰਥ ਦੀ ਗ਼ਲਤ ਵਰਤੋਂ ਕਰਨ ਨਾਲ ਜੀਵਨ ਦੇ ਵਿਚ ਦੁੱਖ ਆ ਜਾਂਦੇ ਹਨ। ਉਸੇ ਹੀ ਪਦਾਰਥ ਦੀ ਸਹੀ ਵਰਤੋਂ ਕਰਨ ਦੇ ਨਾਲ ਮਨੁੱਖ ਦੇ ਜੀਵਨ ਵਿਚ ਸੁੱਖ ਆ ਜਾਂਦੇ ਹਨ। ਇਸ ਗੱਲ ਦਾ ਫ਼ੈਸਲਾ ਸਾਡਾ ਆਪਣਾ ਹੈ ਅਸੀਂ ਕੁਝ ਕਰਨਾ ਚਾਹੁੰਦੇ ਹਾਂ ਜਾਂ ਨਹੀਂ। ਕੁਦਰਤ ਦੇ ਵੱਲੋਂ ਮਨੁੱਖ ਦੇ ਉੱਪਰ ਕੋਈ ਜ਼ੋਰ ਜ਼ਬਰਦਸਤੀ ਨਹੀਂ ਕੀਤੀ ਜਾਂਦੀ। ਸੁੱਖ ਇਕੱਲਾ ਨਹੀਂ ਆਉਂਦਾ, ਸੁੱਖ ਦੇ ਨਾਲ ਦੁੱਖ ਜ਼ਰੂਰ ਆਵੇਗਾ। ਸੁੱਖ ਦੁੱਖ ਇੱਕ ਦੂਜੇ ਦੇ ਨਾਲ ਜੁੜੇ ਹੋਏ ਹਨ। ਮਨੁੱਖ ਦੇ ਪੈਦਾ ਹੋਣ ਨਾਲ ਖ਼ੁਸ਼ੀ ਆਈ ਸੀ, ਇੱਕ ਦਿਨ ਮੌਤ ਜ਼ਰੂਰ ਹੋਵੇਗੀ ਤਾਂ ਦੁੱਖ ਆਵੇਗਾ। ਇਹ ਕੁਦਰਤ ਦਾ ਨਿਯਮ ਹੈ।

ਮਨੁੱਖ ਦਾ ਜੀਵਨ ਕੇਵਲ ਅਨੰਦ ਨੂੰ ਪ੍ਰਾਪਤ ਕਰਨ ਵਾਸਤੇ ਹੋਇਆ ਹੈ। ਅਸੀਂ ਕਦੇ ਵੀ ਅਨੰਦ ਦੇ ਪਿੱਛੇ ਦੌੜ ਕੇ ਉਸ ਨੂੰ ਪ੍ਰਾਪਤ ਨਹੀਂ ਕਰ ਸਕਦੇ। ਜਦੋਂ ਅਸੀਂ ਪਰਮਾਤਮਾ ਦੇ ਹੁਕਮ ਅਨੁਸਾਰ ਚੱਲਾਂਗੇ ਤਾਂ ਅਨੰਦ ਸਾਡੇ ਜੀਵਨ ਵਿਚ ਆਪਣੇ ਆਪ ਪਰਵੇਸ਼ ਕਰ ਜਾਵੇਗਾ। ਬੱਸ ਸਾਨੂੰ ਅੰਤਰ ਧਿਆਨ ਹੋ ਕੇ ਆਪਣੇ ਮਨ ਦੇ ਅੰਦਰ ਚੱਲਣ ਵਾਲੀ ਕਿਰਿਆ ਨੂੰ ਦੇਖਣ ਦੀ ਲੋੜ ਹੈ। ਹਰ ਦਿਨ ਆਪਣੇ ਨਾਲ ਆਸਣ ਲਗਾ ਕੇ ਬੈਠੋ, ਆਪਣੇ ਆਪ ਨੂੰ ਕੁੱਝ ਸਮਾਂ ਜ਼ਰੂਰ ਦੇਵੋ ਤਾਂ ਹੀ ਇਸ ਜੀਵਨ ਵਿਚ ਪਰਮ ਜੀਵਨ ਨੂੰ ਪ੍ਰਾਪਤ ਕਰ ਲਿਆ ਜਾਵੇਗਾ। ਦੁਨੀਆਂ ਤੋਂ ਆਪਣੇ ਆਪ ਨੂੰ ਕੁੱਝ ਮਿੰਟਾਂ ਦੇ ਲਈ ਅਲੱਗ ਕਰ ਲਵੋ। ਜਿਸ ਦਿਨ ਅਸੀਂ ਆਪਣੇ ਆਪ ਨਾਲ ਆਸਣ ਲਗਾ ਕੇ ਬੈਠਣਾ ਸ਼ੁਰੂ ਕਰ ਦਿੱਤਾ ਤਾਂ ਸਾਡੇ ਜੀਵਨ ਦੀਆਂ ਸਾਰੀਆਂ ਚਿੰਤਾਵਾਂ ਅਤੇ ਪਰੇਸ਼ਾਨੀਆਂ ਦੀਆਂ ਜੜ੍ਹਾਂ ਆਪਣੇ ਆਪ ਪੁੱਟੀਆਂ ਜਾਣੀਆਂ ਹਨ। ਕੇਵਲ ਨਿਰ-ਵਿਚਾਰ ਸਮਾਧੀ ਦੇ ਰਾਹੀਂ ਪਰਮਾਤਮਾ ਦੇ ਅੰਦਰ ਪਰਵੇਸ਼ ਕੀਤਾ ਜਾ ਸਕਦਾ ਹੈ। ਪਦਾਰਥਾਂ ਦੇ ਵਿਚ ਰਹਿਣ ਦੇ ਬਾਵਜੂਦ ਵੀ ਮਨੁੱਖ ਇਨ੍ਹਾਂ ਦੇ ਪ੍ਰਭਾਵ ਤੋਂ ਮੁਕਤ ਹੋ ਸਕਦਾ ਹੈ। ਅਨੰਦ ਨੂੰ ਅਨੁਭਵ ਕਰਨ ਦੇ ਨਾਲ ਮਨੁੱਖ ਸੁੱਖ ਅਤੇ ਦੁੱਖ ਵਾਲੀ ਅਵਸਥਾ ਤੋਂ ਵੀ ਅੱਗੇ ਲੰਘ ਜਾਂਦਾ ਹੈ। ਦੁੱਖ ਅਤੇ ਸੁੱਖ ਮਨ ਦੇ ਅਨੁਭਵ ਹਨ, ਅਨੰਦ ਦੇ ਵਿਚ ਮਨ ਮੌਜੂਦ ਨਹੀਂ ਹੈ। ਸਰੀਰ ਦੇ ਅੰਦਰ ਪ੍ਰਕਾਸ਼ ਪੈਦਾ ਹੋਣ

ਤੋਂ ਬਾਅਦ ਜਦੋਂ ਸੁਰਤੀ ਸਹਿਜ ਮੰਡਲ ਦੇ ਵਿਚ ਲੀਨ ਹੋ ਜਾਂਦੀ ਹੈ ਤਾਂ ਮਨੁੱਖ ਦੇ ਅੰਦਰ ਅੰਤਰ ਦ੍ਰਿਸ਼ਟੀ ਦਾ ਜਨਮ ਹੋ ਜਾਂਦਾ ਹੈ ਜਿਸ ਦੀ ਮਦਦ ਨਾਲ ਮਨੁੱਖ ਆਪਣੀ ਸੁਰਤੀ ਨੂੰ ਪਦਾਰਥਾਂ ਦੇ ਵਿਚ ਜਾਣ ਤੋਂ ਰੋਕ ਸਕਦਾ ਹੈ। ਮਨੁੱਖ ਆਪਣੇ ਜੀਵਨ ਵਿਚ ਦੁੱਖ ਦੇ ਚਿਰਾਗ਼ਾਂ ਨੂੰ ਆਪ ਹੀ ਬਾਲੀ ਬੈਠਾ ਹੈ। ਵਿਚਾਰਾਂ ਦੇ ਘਟਣ ਨਾਲ ਦੁੱਖ ਦਾ ਦਰਦ ਵੀ ਘੱਟਦਾ ਜਾਂਦਾ ਹੈ। ਜੇਕਰ ਮਨੁੱਖ ਦੇ ਜੀਵਨ ਵਿਚ ਦੁੱਖਾਂ ਦੇ ਚਿਰਾਗ਼ ਅਜੇ ਵੀ ਬਲ ਰਹੇ ਹਨ ਤਾਂ ਇਸ ਦਾ ਕਾਰਨ ਹੈ ਮਨੁੱਖ ਦੁੱਖ ਦੇਣ ਵਾਲੇ ਵਿਚਾਰਾਂ ਰੂਪੀ ਚਿਰਾਗ਼ਾਂ ਦੇ ਵਿਚ ਹਰ ਦਿਨ ਆਪਣੇ ਹੱਥੀਂ ਤੇਲ ਪਾਉਂਦਾ ਹੈ। ਇਨ੍ਹਾਂ ਵਿਚਾਰਾਂ ਦੇ ਚਿਰਾਗ਼ ਤਾਂ ਬਹੁਤ ਸਾਲ ਪਹਿਲਾਂ ਬਲ ਕੇ ਬੁਝ ਜਾਣਾ ਚਾਹੁੰਦੇ ਸਨ, ਪਰ ਮਨੁੱਖ ਆਪਣੇ ਹੰਕਾਰ ਦੀ ਪੂਰਤੀ ਕਰਨ ਵਾਸਤੇ ਜੀਵਨ ਭਰ ਉਨ੍ਹਾਂ ਨੂੰ ਬਾਲ ਕੇ ਰੱਖਣਾ ਚਾਹੁੰਦਾ ਹੈ। ਜਦੋਂ ਅਸੀਂ ਬੀਤ ਚੁੱਕੀਆਂ ਗੱਲਾਂ ਨੂੰ ਧਿਆਨ ਦਾ ਤੇਲ ਪਾਉਣਾ ਬੰਦ ਕਰ ਦੇਂਦੇ ਹਾਂ ਤਾਂ ਇਨ੍ਹਾਂ ਦੁੱਖਾਂ ਨੇ ਵੀ ਸਾਨੂੰ ਪਰੇਸ਼ਾਨ ਕਰਨੋਂ ਬੰਦ ਕਰ ਦੇਣਾ ਹੈ। ਮਨੁੱਖ ਦੇ ਮਨ ਅੰਦਰ ਕਿਸ ਕਿਸ ਦੁੱਖ ਦਾ ਚਿਰਾਗ਼ ਅੱਜ ਵੀ ਬਲ ਰਿਹਾ ਹੈ। ਇਸ ਗੱਲ ਦੀ ਖੋਜ ਹਰ ਇੱਕ ਮਨੁੱਖ ਨੂੰ ਆਪ ਕਰਨੀ ਪੈਣੀ ਹੈ। ਇਹ ਕਾਰਜ ਸਾਨੂੰ ਖ਼ੁਦ ਕਰਨਾ ਪਵੇਗਾ। ਕੋਈ ਹੋਰ ਮਨੁੱਖ ਇਨ੍ਹਾਂ ਦੁੱਖਾਂ ਦੇ ਚਿਰਾਗ਼ਾਂ ਨੂੰ ਕਿਸ ਤਰ੍ਹਾਂ ਬੁਝਾ ਸਕਦਾ ਹੈ। ਇਨ੍ਹਾਂ ਸਾਰੇ ਦੁੱਖਾਂ ਦਾ ਅੱਜ ਅੰਤ ਹੋ ਸਕਦਾ ਹੈ ਜੇਕਰ ਅਸੀਂ ਆਪ ਕਰਨਾ ਚਾਹੀਏ। ਇਸ ਗੱਲ ਦਾ ਫ਼ੈਸਲਾ ਵੀ ਮਨੁੱਖ ਨੂੰ ਆਪ ਹੀ ਕਰਨਾ ਪੈਣਾ ਹੈ। ਆਪਣੇ ਜੀਵਨ ਨੂੰ ਦੁੱਖਾਂ ਦੀਆਂ ਯਾਦਾਂ ਤੋਂ ਪੀੜਤ ਹੋ ਕੇ ਬਤੀਤ ਕਰਨਾ ਹੈ ਜਾਂ ਆਪਣੇ ਆਪ ਨੂੰ ਭੂਤਕਾਲ ਦੇ ਪੰਜੇ ਤੋਂ ਮੁਕਤ ਕਰ ਕੇ ਵਰਤਮਾਨ ਕਾਲ ਵਿਚ ਲੈ ਆਉਣਾ ਹੈ। ਜਿਸ ਦੇ ਵਿਚ ਜੀਵਨ ਹੈ, ਪਰਮਾਤਮਾ ਹੈ। ਜਿਵੇਂ ਮਿੱਠਾ ਖਾਣ ਤੋਂ ਬਾਅਦ ਨਮਕੀਨ ਖਾਣ ਨੂੰ ਦਿਲ ਕਰਦਾ ਹੈ, ਇਸੇ ਹੀ ਤਰ੍ਹਾਂ ਦੁੱਖ ਅਤੇ ਸੁੱਖ ਕੁਦਰਤ ਦੇ ਨਿਯਮ ਹਨ। ਜਦੋਂ ਤੁਸੀਂ ਆਪਣੀ ਜ਼ਿੰਦਗੀ ਦੇ ਵਿਚ ਕੁੱਝ ਕੁ ਗੱਲਾਂ ਦਾ ਬਦਲਾਉ ਕੀਤਾ ਤਾਂ ਜੀਵਨ ਦੀ ਦਿਸ਼ਾ ਆਪਣੇ ਆਪ ਬਦਲ ਜਾਵੇਗੀ। ਕੁੱਝ ਗੱਲਾਂ ਦਾ ਬਦਲਾਉ ਤੁਹਾਨੂੰ ਖ਼ੁਦ ਕਰਨਾ ਪਵੇਗਾ, ਜਿੰਨਾ ਚਿਰ ਤੱਕ ਸਰੀਰ ਦੇ ਅੰਦਰ ਪ੍ਰਕਾਸ਼ ਗਤੀਮਾਨ ਨਹੀਂ ਹੋ ਜਾਂਦਾ।

ਜਦੋਂ ਸਰੀਰ ਦੇ ਅੰਦਰ ਬਿਮਾਰੀ ਪੈਦਾ ਹੋ ਜਾਂਦੀ ਹੈ ਤਾਂ ਦਵਾਈ ਖਾਣ ਦੇ ਨਾਲ ਬਿਮਾਰੀ ਠੀਕ ਹੋ ਜਾਂਦੀ ਹੈ। ਪਰ ਡਾਕਟਰ ਮਰੀਜ਼ ਨੂੰ ਦਵਾਈ ਦੇ ਨਾਲ-ਨਾਲ ਪਰਹੇਜ਼ ਕਰਨ ਦੀ ਸਲਾਹ ਵੀ ਜ਼ਰੂਰ ਦੇਂਦਾ ਹੈ ਤਾਂ ਜੋ ਮਰੀਜ਼ ਦਾ ਸਰੀਰ ਬਿਮਾਰੀ ਦੇ ਨਾਲ ਲੜਨ ਵਾਸਤੇ ਆਪਣੀ ਸ਼ਕਤੀ ਨੂੰ ਦੁਬਾਰਾ ਵਾਪਸ ਹਾਸਲ ਕਰ ਲਵੇ। ਜਿੰਨਾ ਚਿਰ ਤੱਕ ਮਰੀਜ਼ ਦਾ ਸਰੀਰ ਪੂਰੀ ਤਰ੍ਹਾਂ ਠੀਕ ਨਹੀਂ ਹੋ ਜਾਂਦਾ, ਓਨਾ ਚਿਰ ਤੱਕ ਡਾਕਟਰ ਮਰੀਜ਼ ਨੂੰ ਪਰਹੇਜ਼ ਕਰਨ ਵਾਸਤੇ ਸਲਾਹ ਦੇਂਦਾ ਹੈ। ਇੱਕ ਵਾਰ ਮਨੁੱਖ ਦਾ ਸਰੀਰ ਠੀਕ ਹੋ ਗਿਆ ਤਾਂ ਉਸ ਤੋਂ ਬਾਅਦ ਮਨੁੱਖ ਆਪਣੀ ਮਰਜ਼ੀ ਦਾ ਖਾਣਾ ਖਾ ਸਕਦਾ ਹੈ। ਇਸੇ ਹੀ ਤਰ੍ਹਾਂ ਜਦੋਂ ਤੱਕ ਆਤਮਾ ਅਤੇ ਮਨ ਪੂਰੀ ਤਰ੍ਹਾਂ ਨਿਰਮਲ ਨਹੀਂ ਹੋ ਜਾਂਦੇ, ਓਨਾ ਚਿਰ ਤੱਕ ਕੁੱਝ ਗੱਲਾਂ ਦੇ ਉੱਪਰ ਪਰਹੇਜ਼ ਕਰਨਾ ਹੈ। ਪਰਮ ਅਨੰਦ ਨੂੰ ਮਨੁੱਖ ਤਦ ਤੱਕ ਨਹੀਂ ਅਨੁਭਵ ਕਰ ਸਕਦਾ, ਜਿੰਨਾ ਚਿਰ ਤੱਕ ਇਹ

ਆਪਣੇ ਅਤੇ ਪਰਮਾਤਮਾ ਦੇ ਵਿਚਕਾਰ ਵਿਚਾਰਾਂ ਰੂਪੀ ਪਰਦੇ ਨੂੰ ਪੂਰੀ ਤਰ੍ਹਾਂ ਖ਼ਤਮ ਨਹੀਂ ਕਰ ਲੈਂਦਾ।

ਜਦੋਂ ਤੁਸੀਂ ਦੱਸੀ ਗਈ ਵਿਧੀ ਅਨੁਸਾਰ ਧਿਆਨ ਸਿਮਰਨ ਕਰਦੇ ਗਏ ਤਾਂ ਥੋੜ੍ਹੇ ਦਿਨਾਂ ਦੇ ਅੰਦਰ ਸੁਰਤੀ ਨੇ ਕੁੱਝ ਪਲਾਂ ਦੇ ਲਈ ਵਿਚਾਰਾਂ ਤੋਂ ਮੁਕਤ ਹੋ ਜਾਣਾ ਹੈ। ਉਸ ਅਵਸਥਾ ਵਿਚ ਮਨ ਅਤੇ ਆਤਮਾ ਨੇ ਨਿਰ-ਵਿਚਾਰ ਅਵਸਥਾ ਵਿਚ ਮੌਜੂਦ ਪਰਮ ਅਨੰਦ ਅਤੇ ਸ਼ਾਂਤੀ ਨੂੰ ਅਨੁਭਵ ਕਰ ਲੈਣਾ ਹੈ। ਆਤਮਾ ਸੁਰਤੀ ਦੇ ਨਾਲ ਯਾਤਰਾ ਕਰਦੀ ਹੋਈ ਇੱਕ ਦਿਨ ਉਸ ਸਹਿਜ ਮੰਡਲ ਦੇ ਵਿਚ ਪਹੁੰਚ ਜਾਵੇਗੀ, ਜਿਸ ਦੇ ਅੰਦਰ ਸਾਰੇ ਰਾਜ਼ ਛੁਪਾਏ ਹਨ। ਉਸ ਅਨੰਦ ਨੂੰ ਅਨੁਭਵ ਕਰਨ ਤੋਂ ਬਾਅਦ ਹੀ ਮਨੁੱਖ ਦੇ ਜੀਵਨ ਅੰਦਰ ਪਹਾੜਾਂ ਦੇ ਝਰਨਿਆਂ ਵਾਂਗੂੰ ਤਾਜ਼ਗੀ ਵਹਿਣ ਲੱਗਣੀ ਹੈ। ਇਸ ਅਵਸਥਾ ਵਿਚ ਸਾਧਾਰਨ ਜੀਵਨ ਨੂੰ ਪਰਮ ਅਨੰਦ ਆਪਣੇ ਰੰਗ ਦੇ ਵਿਚ ਰੰਗ ਲੈਂਦਾ ਹੈ। ਮਨੁੱਖ ਦੇ ਜੀਵਨ ਅੰਦਰ ਪਰਿਵਰਤਨ ਤਾਂ ਹੀ ਹੋ ਸਕਦਾ ਹੈ, ਜਦੋਂ ਉਸ ਦੀ ਸੁਰਤੀ ਸਹਿਜ ਮੰਡਲ ਦੇ ਅੰਦਰ ਪਰਵੇਸ਼ ਕਰਨ ਲੱਗ ਜਾਂਦੀ ਹੈ। ਤੁਸੀਂ ਸਮਾਧੀ ਦੀ ਮਦਦ ਨਾਲ ਬਾਰ ਬਾਰ ਉਸ ਮੰਡਲ ਦੇ ਅੰਦਰ ਪਰਵੇਸ਼ ਕਰਨ ਦੇ ਲਈ ਕੋਸ਼ਿਸ਼ ਕਰਨੀ ਹੈ, ਭਾਵੇਂ ਇਹ ਅਨੁਭਵ ਕੁੱਝ ਹੀ ਪਲਾਂ ਦੇ ਲਈ ਕਿਉਂ ਨਾ ਪ੍ਰਾਪਤ ਹੋਵੇ। ਇੱਕ ਦਿਨ ਜੀਵ ਆਤਮਾ ਸੁਰਤੀ ਦੀ ਮਦਦ ਨਾਲ ਕਾਲ ਦੇ ਵਿੱਚੋਂ ਨਿਕਲ ਕੇ ਅਕਾਲ ਦੇ ਵਿਚ ਪਰਵੇਸ਼ ਕਰ ਜਾਵੇਗੀ। ਉਸ ਤੋਂ ਬਾਅਦ ਹੀ ਜੀਵਨ ਬਦਲੇਗਾ ਅਤੇ ਰੁੱਖੇ ਜੀਵਨ ਦੇ ਵਿਚ ਤਾਜ਼ਗੀ ਆਉਣ ਲੱਗ ਜਾਵੇਗੀ। ਇੱਕ ਸਮਾਂ ਆਵੇਗਾ, ਜਦੋਂ ਜ਼ਿੰਦਗੀ ਦੇ ਵਿਚ ਪਰਮ ਅਨੰਦ ਦੇ ਝਰਨੇ ਪ੍ਰਗਟ ਹੋ ਜਾਣੇ ਹਨ ਅਤੇ 24 ਘੰਟੇ ਹੀ ਅਨੰਦ ਵਾਲੀ ਅਵਸਥਾ ਬਣੀ ਰਹੇਗੀ। ਜਦੋਂ ਵੀ ਦਿਲ ਕਰੇ, ਤੁਸੀਂ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਉਸ ਅਸੀਮ ਸਹਿਜ ਮੰਡਲ ਦੇ ਵਿਚ ਡੁਬਕੀ ਮਾਰ ਸਕਦੇ ਹੋ।

ਮਨੁੱਖ ਦਾ ਮਨ ਭੂਤ ਕਾਲ ਦੇ ਭਟਕਣ ਕਾਰਨ ਦੁਖੀ ਹੈ। ਮਨ ਦੇ ਅੰਦਰ ਜੋ ਵਿਚਾਰ ਬਾਰ ਬਾਰ ਆ ਰਹੇ ਹਨ, ਇਹ ਸਾਰੇ ਬਹੁਤ ਸਾਲ ਪਹਿਲਾਂ ਹੀ ਮੁਰਦੇ ਹੋ ਚੁੱਕੇ ਹਨ। ਇਨ੍ਹਾਂ ਦੇ ਕਾਰਨ ਹੀ ਜੀਵਨ ਦੇ ਵਿਚ ਤਾਜ਼ਗੀ ਦਾ ਅਨੁਭਵ ਨਹੀਂ ਹੋ ਰਿਹਾ। ਅਨੰਦ ਅਤੇ ਸ਼ਾਂਤੀ ਕਿਸੇ ਕਾਰਨ ਪੈਦਾ ਨਹੀਂ ਹੁੰਦੇ। ਮੇਰੀ ਜ਼ਿੰਦਗੀ ਦੇ ਵਿਚ ਕੋਈ ਦੁੱਖ ਤਕਲੀਫ਼ਾਂ ਨਹੀਂ ਹਨ, ਨਾ ਹੀ ਕੋਈ ਪਰੇਸ਼ਾਨੀ ਹੈ। ਕੀ ਇਸ ਨੂੰ ਸ਼ਾਂਤੀ ਕਿਹਾ ਜਾ ਸਕਦਾ ਹੈ ? ਮੇਰੇ ਘਰ ਦੇ ਆਂਢ-ਗੁਆਂਢ 'ਚ ਕੋਈ ਰੌਲਾ ਰੱਪਾ ਨਹੀਂ ਹੈ। ਆਂਢ-ਗੁਆਂਢ ਦੇ ਲੋਕ ਵੀ ਬਹੁਤ ਚੰਗੇ ਹਨ, ਆਲੇ-ਦੁਆਲੇ ਬਹੁਤ ਸ਼ਾਂਤ ਵਾਤਾਵਰਨ ਹੈ। ਕੀ ਇਸ ਨੂੰ ਸ਼ਾਂਤੀ ਸਮਝਿਆ ਜਾ ਸਕਦਾ ਹੈ ? ਮੇਰੇ ਬੱਚੇ ਆਪੋ-ਆਪਣੀ ਜਗ੍ਹਾ ਬਹੁਤ ਚੰਗੇ ਸੈੱਟ ਹਨ। ਉਨ੍ਹਾਂ ਦੇ ਕੋਲ ਚੰਗੀਆਂ ਨੌਕਰੀਆਂ ਹਨ। ਮੈਨੂੰ ਕੋਈ ਫ਼ਿਕਰ ਨਹੀਂ ਹੈ, ਕੀ ਇਸ ਨੂੰ ਸ਼ਾਂਤੀ ਕਿਹਾ ਜਾ ਸਕਦਾ ਹੈ? ਪਰਮ ਅਨੰਦ ਅਤੇ ਸ਼ਾਂਤੀ ਦਾ ਜੀਵਨ ਦੇ ਹਾਲਾਤ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਇਹ ਅਵਸਥਾ ਮਨੁੱਖ ਨੂੰ ਉਦੋਂ ਪ੍ਰਾਪਤ ਹੋ ਜਾਂਦੀ ਹੈ, ਜਦੋਂ ਮਨੁੱਖ ਦੀ ਸੁਰਤੀ ਅਚੱਲ ਮੰਡਲ ਦੇ ਵਿਚ ਪਰਵੇਸ਼ ਕਰ ਜਾਂਦੀ ਹੈ। ਲੋੜ ਹੈ ਪਹਿਲਾਂ ਇਸ ਗੱਲ ਨੂੰ ਸਮਝਣ

ਦੀ, ਦੂਜੀ ਗੱਲ ਇਨਸਾਨ ਦੀ ਜ਼ਿੰਦਗੀ ਵਿਚ ਹਾਲਾਤ ਬਦਲਦੇ ਰਹਿੰਦੇ ਹਨ। ਕੀ ਹਾਲਾਤ ਦੇ ਬਦਲਣ ਨਾਲ ਸ਼ਾਂਤੀ ਆਉਂਦੀ ਜਾਂਦੀ ਰਹੇਗੀ। ਧਰਮ ਦੇ ਵਿਚ ਸ਼ਾਂਤੀ ਦੀ ਪ੍ਰਾਪਤੀ ਤਾਂ ਉਸ ਅਵਸਥਾ ਨੂੰ ਕਿਹਾ ਜਾਂਦਾ ਹੈ ਜੋ ਅਕਾਰਨ ਹੈ, ਕਾਰਨ ਤੋਂ ਰਹਿਤ ਅਵਸਥਾ ਹੈ। ਜੇਕਰ ਘਰ ਦੇ ਲਾਗੇ ਬੰਨੇ ਰੌਲਾ-ਰੱਪਾ ਪੈਣ ਲੱਗ ਪਿਆ ਹੈ ਜਾਂ ਆਂਢ-ਗੁਆਂਢ ਦੇ ਨਾਲ ਕਿਸੇ ਗੱਲ ਨੂੰ ਲੈ ਕੇ ਲੜਾਈ ਝਗੜਾ ਹੋ ਜਾਂਦਾ ਹੈ ਤਾਂ ਇਸ ਨਕਲੀ ਸ਼ਾਂਤੀ ਨੇ ਚਲੀ ਜਾਣਾ ਹੈ। ਜੇਕਰ ਜੀਵਨ ਦੇ ਵਿਚ ਸੁੱਖ ਹਨ ਤਾਂ ਸ਼ਾਂਤੀ ਆਈ, ਪਰ ਜਦੋਂ ਦੁੱਖ ਆਏ ਤਾਂ ਸ਼ਾਂਤੀ ਗਈ। ਧਿਆਨ ਸਿਮਰਨ ਕਰਨ ਨਾਲ ਜਦੋਂ ਕਾਰਨ ਸਰੀਰ ਦੇ ਅੰਦਰੋਂ ਵਾਸ਼ਨਾ ਦੇ ਸੰਸਕਾਰਾਂ ਦੀ ਗਿਣਤੀ ਘੱਟਦੀ ਜਾਂਦੀ ਹੈ, ਉਸ ਤੋਂ ਬਾਅਦ ਜੀਵਨ ਦੇ ਵਿਚ ਅਨੰਦ ਅਤੇ ਸ਼ਾਂਤੀ ਆਪਣੇ ਆਪ ਆਉਂਦੇ ਹਨ। ਹਰ ਇੱਕ ਮਨੁੱਖ ਅਕਾਰਨ ਸ਼ਾਂਤੀ ਵਾਲੀ ਅਵਸਥਾ ਤੋਂ ਵਾਂਝਿਤ ਰਹਿ ਕੇ ਹੀ ਆਪਣਾ ਸਾਰਾ ਜੀਵਨ ਬਤੀਤ ਕਰ ਦੇਂਦਾ ਹੈ।

ਜੋ ਮਨੁੱਖ ਦੂਜੇ ਮਨੁੱਖਾਂ ਨੂੰ ਸ਼ਾਂਤੀ ਦੇ ਨਾਲ ਨਹੀਂ ਰਹਿਣ ਦੇਂਦਾ, ਇਹ ਮਨੁੱਖ ਆਪ ਵੀ ਸ਼ਾਂਤੀ ਦੇ ਨਾਲ ਨਹੀਂ ਰਹਿ ਸਕੇਗਾ। ਮਨੁੱਖ ਤੋਂ ਭਾਵ ਮਨ ਦੇ ਤਲ ਤੱਕ ਅਸ਼ਾਂਤ ਹੋ ਜਾਣਾ, ਦੇਵਤੇ ਤੋਂ ਭਾਵ ਮਨ ਦੇ ਆਖ਼ਰੀ ਤਲ ਤੱਕ ਸ਼ਾਂਤ ਹੋ ਜਾਣਾ। ਸ਼ਾਂਤੀ ਅਤੇ ਅਨੰਦ ਦਾ ਸਰੋਤ ਮਨੁੱਖ ਦੇ ਸਰੀਰ ਅੰਦਰ ਹੀ ਮੌਜੂਦ ਹੈ। ਉਸ ਦੀ ਭਾਲ ਕਰਨੀ ਪੈਂਦੀ ਹੈ, ਗੱਲ ਗੱਲ ਦੇ ਉੱਪਰ ਤਰਕ ਕਰਨ ਨਾਲ ਮਨੁੱਖ ਦੇ ਸਰੀਰ ਅੰਦਰ ਕੰਪਨ ਪੈਦਾ ਹੋ ਜਾਂਦੀ ਹੈ ਜਿਸ ਕਾਰਨ ਅਸ਼ਾਂਤੀ ਵਾਲੀ ਅਵਸਥਾ ਪੈਦਾ ਹੋ ਜਾਵੇਗੀ, ਅਸ਼ਾਂਤੀ ਹੀ ਅਸ਼ਾਂਤ ਮਨ ਦੀ ਖ਼ੁਰਾਕ ਹੈ। ਜਦੋਂ ਤੱਕ ਮਨ ਪੂਰਨ ਤੌਰ 'ਤੇ ਸ਼ੁੱਧ ਨਹੀਂ ਹੋ ਜਾਂਦਾ, ਤਦ ਤੱਕ ਮਨੁੱਖ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਹਰ ਇੱਕ ਮਨੁੱਖ ਇਹ ਚਾਹੁੰਦਾ ਹੈ ਕਿ ਉਸ ਦਾ ਮਨ ਸ਼ਾਂਤ ਹੋ ਜਾਵੇ। ਇਹ ਉਸ ਦੀ ਦਿਲੀ ਕਾਮਨਾ ਹੁੰਦੀ ਹੈ ਉਸ ਨੂੰ ਸ਼ਾਂਤੀ ਮਿਲੇ। ਪਰ ਇਸ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਨੂੰ ਪ੍ਰਾਪਤ ਕਰਨ ਵਾਸਤੇ ਘਾਲਣਾ ਘਾਲਣੀ ਪੈਂਦੀ ਹੈ। ਬਿਨਾਂ ਮਿਹਨਤ ਦੇ ਕੁੱਝ ਵੀ ਪ੍ਰਾਪਤ ਨਹੀਂ ਹੋ ਸਕਦਾ। ਮਨੁੱਖ ਦੇ ਆਪਣੇ ਪੱਲੇ ਤਾਂ ਕੁੱਝ ਹੈ ਨਹੀਂ, ਨਾ ਹੀ ਇਸ ਦਾ ਸਰੀਰ, ਨਾ ਹੀ ਇਸ ਦਾ ਮਨ ਅਤੇ ਨਾ ਹੀ ਇਸ ਦੀ ਆਤਮਾ। ਇਹ ਤਿੰਨੇ ਇਸ ਤੋਂ ਜੋ ਚਾਹੁੰਦੇ ਹਨ ਆਪੋ-ਆਪਣੀ ਮਰਜ਼ੀ ਦੇ ਨਾਲ ਇਸ ਤੋਂ ਕਰਵਾਈ ਜਾਂਦੇ ਹਨ। ਇਹਨਾਂ ਤਿੰਨਾਂ ਦੇ ਮੇਲ ਨਾਲ ਹੀ ਮਨੁੱਖ ਦੀ ਹੋਂਦ ਹੈ। ਇਹਨਾਂ ਤਿੰਨਾਂ ਦਾ ਮਾਲਕ ਮਨੁੱਖ ਹੈ। ਪਰ ਮਨੁੱਖ ਬੱਸ ਕਰਮ ਹੋਣ ਤੋਂ ਬਾਅਦ ਪਛਤਾਉਣੇ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਕਰ ਪਾਉਂਦਾ। ਧਰਮ ਦੀ ਸਾਰੀ ਖੇਡ ਮਨ ਦੀ ਹੈ। ਮਨੁੱਖ ਨੇ ਧਰਮ ਦੇ ਮਾਰਗ ਉੱਪਰ ਚੱਲਣਾ ਬੱਚਿਆਂ ਦੀ ਖੇਡ ਸਮਝ ਲਿਆ ਹੈ। ਧਾਰਮਿਕ ਅਸਥਾਨਾਂ 'ਤੇ ਹਾਜ਼ਰੀ ਲਗਾ ਆਉਣੀ ਜਾਂ ਪੂਜਾ ਪਾਠ ਕਰ ਲੈਣਾ, ਕੁੱਝ ਦਿਖਾਵੇ ਮਾਤਰ ਕਿਰਿਆਵਾਂ ਕਰਨ ਦੇ ਨਾਲ ਕੁੱਝ ਵੀ ਪ੍ਰਾਪਤ ਨਹੀਂ ਹੋ ਸਕਦਾ।

ਜਿਸ ਤਰ੍ਹਾਂ ਮੋਤੀਆਂ ਨੂੰ ਪ੍ਰਾਪਤ ਕਰਨ ਲਈ ਗ਼ੋਤੇਖ਼ੋਰ ਨੂੰ ਸਮੁੰਦਰ ਦੇ ਗਹਿਰੇ ਤਲਾਂ ਦੇ ਵਿਚ ਪਰਵੇਸ਼ ਕਰਨਾ ਪੈਂਦਾ ਹੈ, ਉਸੇ ਹੀ ਤਰ੍ਹਾਂ ਪਰਮਾਤਮਾ ਨੂੰ ਅਨੁਭਵ ਕਰਨ ਦੇ ਲਈ ਅੰਤਰ ਧਿਆਨ ਹੋ ਕੇ ਬਹੁਤ ਗਹਿਰੇ ਤਲ ਤੱਕ ਜਾਣਾ ਪਵੇਗਾ।

ਜੋ ਮਨੁੱਖ ਲਗਾਤਾਰ ਧਿਆਨ ਸਿਮਰਨ ਕਰਦਾ ਹੈ, ਉਸ ਮਨੁੱਖ ਦੀ ਸੁਰਤੀ ਨੇ ਪਰਮਾਤਮਾ ਦੇ ਕਰੀਬ ਆਉਂਦੀ ਜਾਣਾ ਹੈ, ਜਿਸ ਦੇ ਨਾਲ ਮਨ ਅੰਦਰ ਜੋ ਅਸ਼ਾਂਤੀ ਪੈਦਾ ਹੋ ਚੁੱਕੀ ਸੀ, ਉਸ ਨੇ ਸ਼ਾਂਤੀ ਦੇ ਵਿਚ ਪਰਿਵਰਤਨ ਹੁੰਦੇ ਜਾਣਾ ਹੈ। ਜੋ ਮਨੁੱਖ ਦੂਜੇ ਮਨੁੱਖਾਂ ਨੂੰ ਅਸ਼ਾਂਤੀ ਵੰਡਦਾ ਹੈ, ਇਸੇ ਅਸ਼ਾਂਤੀ ਨੇ ਕਈ ਗੁਣਾ ਹੋਰ ਵੱਧ ਕੇ ਉਸ ਦੇ ਕੋਲ ਵਾਪਸ ਆ ਜਾਣਾ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਸ਼ਾਂਤੀ ਮਿਲੇ ਤਾਂ ਸਾਨੂੰ ਆਪ ਖ਼ੁਦ ਦੂਜਿਆਂ ਨੂੰ ਅਸ਼ਾਂਤੀ ਵੰਡਣ ਤੋਂ ਗੁਰੇਜ਼ ਕਰਨ ਦੀ ਲੋੜ ਹੈ।

ਤੁਸੀਂ ਸਾਰੇ ਇਤਿਹਾਸ ਉੱਪਰ ਨਜ਼ਰ ਮਾਰ ਕੇ ਦੇਖ ਲਵੋ ਤਾਂ ਤੁਹਾਨੂੰ ਇਸ ਗੱਲ ਦਾ ਪਤਾ ਲੱਗ ਜਾਵੇਗਾ, ਜਿਸ ਵੀ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋਈ ਸੀ, ਉਨ੍ਹਾਂ ਸਾਰੇ ਮਨੁੱਖਾਂ ਦੇ ਕੋਲ ਜ਼ਿਆਦਾ ਦੁਨਿਆਵੀ ਪਦਾਰਥ ਨਹੀਂ ਸਨ। ਇਸ ਦੇ ਬਾਵਜੂਦ ਵੀ ਉਨ੍ਹਾਂ ਵਰਗਾ ਸੁਖੀ ਮਨੁੱਖ ਸਾਰੀ ਦੁਨੀਆਂ ਵਿੱਚੋਂ ਲੱਭਣਾ ਮੁਸ਼ਕਲ ਹੈ। ਕੀ ਮਿਲ ਗਿਆ ਸੀ ਉਨ੍ਹਾਂ ਸਾਰਿਆਂ ਨੂੰ? ਦਰਅਸਲ ਉਨ੍ਹਾਂ ਦਾ ਸਬੰਧ ਪਰਮ ਅਨੰਦ ਨਾਲ ਸਥਾਪਿਤ ਹੋ ਗਿਆ ਸੀ। ਜਿਸ ਦੇ ਅੱਗੇ ਸੰਸਾਰ ਦਾ ਕੋਈ ਵੀ ਦੁਨਿਆਵੀ ਸੁੱਖ ਤੁੱਛ ਹੈ। ਜੇਕਰ ਅਸੀਂ ਸਭ ਕੁੱਝ ਹੁੰਦਿਆਂ ਹੋਇਆਂ ਵੀ ਦੁਖੀ ਜਾਂ ਪਰੇਸ਼ਾਨ ਰਹਿੰਦੇ ਹਾਂ ਤਾਂ ਸਾਨੂੰ ਇਸ ਪਰੇਸ਼ਾਨੀ ਦੇ ਕਾਰਨ ਦੀ ਖੋਜ ਕਰਨੀ ਚਾਹੀਦੀ ਹੈ। ਇਹ ਅਨੰਦ ਦੇ ਵੱਲ ਨੂੰ ਜਾਣ ਵਾਲੀ ਦਿਸ਼ਾ ਹੈ।

ਜੋ ਮਨੁੱਖ ਆਪਣੇ ਘਰ ਪਰਿਵਾਰ ਨੂੰ ਛੱਡ ਕੇ ਪਹਾੜਾਂ ਜਾਂ ਜੰਗਲਾਂ ਦੇ ਵਿਚ ਚਲਾ ਜਾਂਦਾ ਹੈ, ਉਸ ਮਨੁੱਖ ਨੂੰ ਕੁੱਝ ਦਿਨਾਂ ਦੇ ਵਿਚ ਇਸ ਤਰ੍ਹਾਂ ਲੱਗੇਗਾ ਜਿਵੇਂ ਉਹ ਅੰਦਰੋਂ ਬਹੁਤ ਸ਼ਾਂਤ ਹੋ ਚੁੱਕਿਆ ਹੈ। ਇਹ ਮਨੁੱਖ ਜਿਸ ਸ਼ਾਂਤੀ ਨੂੰ ਅਨੁਭਵ ਕਰ ਰਿਹਾ ਹੈ ਇਹ ਪਹਾੜਾਂ ਦੀ ਹੈ ਜਾਂ ਜੰਗਲਾਂ ਦੀ ਸ਼ਾਂਤੀ ਹੈ। ਇਸ ਤਰ੍ਹਾਂ ਦੀ ਸ਼ਾਂਤੀ ਜੰਗਲ ਦੇ ਵਿਚ ਉੱਗੇ ਉਸ ਘਾਹ ਦੇ ਵਾਂਗੂੰ ਹੈ ਜੋ ਪਾਣੀ ਨਾ ਮਿਲਣ ਕਰਕੇ ਸੁੱਕ ਗਿਆ ਸੀ। ਜਦੋਂ ਵੀ ਬਰਸਾਤ ਹੋਵੇਗੀ, ਇਸ ਘਾਹ ਨੇ ਦੁਬਾਰਾ ਉਸੇ ਹੀ ਤਰ੍ਹਾਂ ਉੱਗ ਖਲੋਣਾ ਹੈ। ਇਹ ਸ਼ਾਂਤੀ ਉਹ ਨਹੀਂ ਹੈ ਜੋ ਮਨੁੱਖ ਦੇ ਪ੍ਰਾਣਾਂ ਦੇ ਅੰਦਰੋਂ ਪੈਦਾ ਹੁੰਦੀ ਹੈ। ਨਕਲੀ ਸ਼ਾਂਤੀ ਵਾਲਾ ਮਨੁੱਖ ਜਦੋਂ ਸੰਸਾਰ ਦੇ ਵਿਚ ਵਾਪਸ ਆਵੇਗਾ ਤਾਂ ਇਸ ਮਨੁੱਖ ਦੇ ਅੰਦਰ ਕੀ ਨੱਪਿਆ ਹੈ, ਉਹ ਸਭ ਕੁੱਝ ਆਪਣੇ ਆਪ ਬਾਹਰ ਆ ਜਾਣਾ ਹੈ। ਸੰਸਾਰ ਦੇ ਵਿਚ ਰਹਿ ਕੇ ਹੀ ਸਾਧਨਾ ਕਰਨੀ ਅਤੇ ਆਪਣੇ ਆਪ ਨੂੰ ਦੇਖਣਾ ਹੈ ਤਾਂ ਜੋ ਸਾਨੂੰ ਆਪਣੇ ਅੰਦਰ ਪੈਦਾ ਹੋ ਰਹੀ ਸਥਿਤੀ ਦੇ ਬਾਰੇ ਨਾਲੋ-ਨਾਲ ਪਤਾ ਲੱਗੀ ਜਾਵੇ। ਸਾਧਾਰਨ ਮਨੁੱਖਾਂ ਦਾ ਸੁਭਾਉ ਹੈ ਕਿ ਇਹ ਦੂਜਿਆਂ ਮਨੁੱਖਾਂ ਦੀਆਂ ਕਮੀਆਂ ਨੂੰ ਦੇਖਦਾ ਹੈ। ਇਸ ਦੇ ਉਲਟ ਸਾਧਕ ਦਾ ਧਿਆਨ ਆਪਣੇ ਆਪ ਉੱਪਰ ਆਈ ਜਾਂਦਾ ਹੈ। ਉਹ ਆਪਣੇ ਆਪ ਨੂੰ ਦੇਖਦਾ ਹੈ, ਉਹ ਆਪ ਕੀ ਕਰ ਰਿਹਾ ਹੈ। ਜਿਸ ਦਾ ਧਿਆਨ ਆਪਣੇ ਆਪ ਉੱਪਰ ਹੈ, ਉਸ ਮਨੁੱਖ ਦੀ ਸੁਰਤੀ ਸੰਸਾਰ ਦੇ ਨਾਲੋਂ ਟੁੱਟ ਕੇ ਉਸ ਦੇ ਅੰਦਰ ਸਮਾ ਜਾਵੇਗੀ। ਜਿਸ ਤੋਂ ਬਾਅਦ ਉਹ ਅਕਾਰਨ ਸ਼ਾਂਤੀ ਨੂੰ ਅਨੁਭਵ ਕਰੇਗਾ, ਜੋ ਉਸ ਦੇ ਅੰਦਰ ਸਦਾ ਸੀ।

ਆਤਮ ਗਿਆਨ

ਆਤਮ ਗਿਆਨ ਮਨੁੱਖ ਨੂੰ ਕੇਵਲ ਉਦੋਂ ਹੀ ਪ੍ਰਾਪਤ ਹੁੰਦਾ ਹੈ, ਜਦੋਂ ਸੁਰਤੀ ਆਤਮਾ ਤੱਤ ਦੇ ਵਿਚ ਲੀਨ ਹੋ ਕੇ ਅਕਿਰਿਆ ਹੋ ਜਾਂਦੀ ਹੈ। ਉਸ ਅਵਸਥਾ ਵਿਚ ਆਤਮਾ ਤੋਂ ਇਲਾਵਾ ਹੋਰ ਕੁੱਝ ਵੀ ਬਾਕੀ ਨਹੀਂ ਰਹਿ ਜਾਂਦਾ, ਭਾਵ ਕਿ ਸਾਰਾ ਬ੍ਰਹਮ ਇੱਕ ਬਿੰਦੂ ਦੇ ਵਿਚ ਪਰਵੇਸ਼ ਕਰ ਜਾਂਦਾ ਹੈ। ਇਸ ਅਵਸਥਾ ਵਿਚ ਜਦੋਂ ਜੀਵ ਆਤਮਾ ਪਰਵੇਸ਼ ਕਰ ਜਾਂਦੀ ਹੈ ਤਾਂ ਇਸ ਨੇ ਸਤੋਗੁਣ, ਰਜੋਗੁਣ ਅਤੇ ਤਮੋਗੁਣ ਤੋਂ ਮੁਕਤ ਹੋ ਜਾਣਾ ਹੈ। ਇਸ ਅਵਸਥਾ ਵਿਚ ਮਨੁੱਖ ਨੂੰ ਗਿਆਨ ਹੁੰਦਾ ਹੈ ਕਿ ਮੈਂ ਸ਼ਬਦਾਂ ਤੋਂ ਰਹਿਤ ਹਾਂ, ਰੂਪ ਤੋਂ ਰਹਿਤ ਹਾਂ, ਸਪਰਸ਼ ਤੋਂ ਰਹਿਤ ਹਾਂ, ਮੈਂ ਨਾ ਦਿਖਾਈ ਦੇਣ ਵਾਲਾ ਅਦ੍ਰਿਸ਼ ਤੱਤ ਹਾਂ।

ਅਵਿੱਦਿਆ ਗਿਆਨ (ਆਤਮ ਗਿਆਨ ਪ੍ਰਾਪਤ ਹੋਣ ਦਾ ਭਰਮ ਪੈ ਜਾਣਾ) ਇਹ ਭਰਮ ਗਿਆਨ ਦੇ ਬਿਨਾਂ ਖ਼ਤਮ ਨਹੀਂ ਹੋ ਸਕਦਾ। ਜਦੋਂ ਸੁਰਤੀ ਆਤਮ ਤੱਤ ਦੇ ਵਿਚ ਠਹਿਰ ਜਾਂਦੀ ਹੈ, ਉਸ ਦਾ ਅਨੁਭਵ ਹੁੰਦਾ ਹੈ ਕਿ ਨਾ ਤਾਂ ਮੈਂ ਕੁੱਝ ਦੇਖ ਰਿਹਾ ਹਾਂ, ਨਾ ਮੈਂ ਕੁੱਝ ਜਾਣਦਾ ਹਾਂ, ਨਾ ਮੈਂ ਕੁੱਝ ਬੋਲਦਾ ਹਾਂ, ਨਾ ਹੀ ਮੈਂ ਕੁੱਝ ਅਨੁਭਵ ਕਰ ਰਿਹਾ ਹਾਂ, ਮੈਂ ਕੇਵਲ ਮੌਜੂਦ ਹਾਂ, ਕੇਵਲ ਉਪਸਥਿਤ ਹਾਂ। ਆਤਮ ਗਿਆਨ ਤੋਂ ਭਾਵ ਗਤੀਹੀਣ ਹੋ ਜਾਣਾ। ਨਿਸ-ਕਿਰਿਆ ਹੋ ਜਾਣਾ ਜਿਉਂਦੇ-ਜੀ ਮਨੁੱਖ ਦਾ ਅੰਦਰੋਂ ਕਿਰਿਆ ਰਹਿਤ ਹੋ ਜਾਣਾ ਹੈ, ਭਾਵ ਸੁਰਤੀ ਦਾ ਪਹੁੰਚ ਜਾਣਾ ਕਿਸੇ ਅੰਤਰ ਦੀਪ ਉੱਪਰ ਜਿਸ ਤੋਂ ਅੱਗੇ ਸੁਰਤੀ ਗਤੀ ਨਾ ਕਰ ਸਕੇ, ਜਿਸ ਤੋਂ ਅੱਗੇ ਨਾ ਜਾਇਆ ਜਾ ਸਕੇ। ਜਦੋਂ ਮਨੁੱਖ ਇਸ ਵਿਚਾਰ ਰਹਿਤ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ ਤਾਂ ਉਸ ਦੀ ਸੁਰਤੀ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰ ਜਾਂਦੀ ਹੈ। ਇਹ ਮਨੁੱਖ ਹੰਕਾਰ ਤੋਂ ਸਦਾ ਦੇ ਲਈ ਮੁਕਤ ਹੋ ਜਾਵੇਗਾ। ਇਸ ਅਵਸਥਾ ਵਿਚ ਮਨੁੱਖ ਨੂੰ ਈਰਖਾ ਅਤੇ ਪਰਾਈ ਨਿੰਦਾ ਤੋਂ ਮੁਕਤੀ ਮਿਲ ਜਾਵੇਗੀ। ਆਤਮ ਗਿਆਨ ਤੋਂ ਭਾਵ ਜਿਸ ਮਨੁੱਖ ਦੇ ਮਨ ਦੀਆਂ ਸਾਰੀਆਂ ਉਲਝਣਾਂ ਖ਼ਤਮ ਹੋ ਗਈਆਂ ਹਨ, ਇਸ ਅਵਸਥਾ ਵਿਚ ਮਨੁੱਖ ਨੂੰ ਕੇਵਲ ਬ੍ਰਹਮ ਦਾ ਅਨੁਭਵ ਹੀ ਬਾਕੀ ਰਹਿ ਜਾਂਦਾ ਹੈ। ਇਸ ਅਵਸਥਾ ਵਿਚ ਪਹੁੰਚ ਚੁੱਕੇ ਮਨੁੱਖ ਨੂੰ ਹੁਣ ਸਮਾਧੀ ਵਿਚ ਬੈਠਣੇ ਦੀ ਜ਼ਰੂਰਤ ਨਹੀਂ ਹੈ ਜਿਸ ਤਰ੍ਹਾਂ ਤੰਦਰੁਸਤ ਸਰੀਰ ਵਾਲੇ ਮਨੁੱਖ ਨੂੰ ਦਵਾਈ ਖਾਣ ਦੀ ਜ਼ਰੂਰਤ ਨਹੀਂ ਪੈਂਦੀ। ਜਦੋਂ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਦੀ ਆਤਮਾ ਅੰਦਰ ਸੰਨਿਆਸ ਪ੍ਰਗਟ ਹੋ ਜਾਂਦਾ ਹੈ ਜਿਸ ਦੇ ਨਾਲ ਜਿਉਂਦੇ-ਜੀ ਮਨੁੱਖ ਸੰਸਾਰ ਦੇ ਨਾਲੋਂ ਟੁੱਟ ਜਾਂਦਾ ਹੈ। ਬਾਹਰੋਂ ਤਿਆਗ ਕਰਨ ਦੇ ਵਿਚ ਕੋਈ ਸਾਰ ਨਹੀਂ ਹੈ, ਨਾ ਹੀ ਕਿਸੇ ਨੂੰ ਅਜੇ ਤੱਕ ਬਾਹਰੋਂ ਤਿਆਗ ਕਰਨ

ਦੇ ਨਾਲ ਕੁੱਝ ਪ੍ਰਾਪਤ ਹੋਇਆ ਹੈ। ਕੋਈ ਵੀ ਮਨੁੱਖ ਆਤਮ ਗਿਆਨ ਨੂੰ ਆਪਣੇ ਗਿਆਨ ਦੇ ਨਾਲ ਹੀ ਪ੍ਰਾਪਤ ਕਰ ਸਕਦਾ ਹੈ। ਉਧਾਰੇ ਕਿਤਾਬੀ ਗਿਆਨ ਦੇ ਨਾਲ ਆਤਮ ਗਿਆਨ ਵਾਲੀ ਅਵਸਥਾ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਆਤਮ ਗਿਆਨ ਦੀ ਪ੍ਰਾਪਤੀ ਤੋਂ ਭਾਵ ਹੈ ਮਨ ਦਾ ਸਥਿਰ ਹੋ ਜਾਣਾ। ਜਿਸ ਮਨੁੱਖ ਦਾ ਮਨ ਵਿਚਾਰਾਂ ਤੋਂ ਮੁਕਤ ਹੋਣ ਤੋਂ ਬਾਅਦ ਆਤਮ ਤੱਤ ਵਿਚ ਲੀਨ ਹੋ ਗਿਆ ਹੈ, ਸਮਝ ਲੈਣਾ ਉਸ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਚੁੱਕੀ ਹੈ। ਇਸ ਅਵਸਥਾ ਨੂੰ ਪ੍ਰਾਪਤ ਮਨੁੱਖ ਦਾ ਪਰਵੇਸ਼ ਪਰਮ ਅਨੰਦ ਦੇ ਸਾਗਰ ਵਿਚ ਹੋ ਜਾਂਦਾ ਹੈ। ਇਸ ਅਵਸਥਾ ਵਿਚ ਮਨ ਭੂਤ ਕਾਲ ਅਤੇ ਭਵਿੱਖ ਕਾਲ ਦੇ ਵਿਚਾਰਾਂ ਤੋਂ ਮੁਕਤ ਹੋਣ ਤੋਂ ਬਾਅਦ, ਵਰਤਮਾਨ ਕਾਲ ਨਿਰ-ਵਿਚਾਰ ਅਵਸਥਾ ਵਿਚ ਆ ਕੇ ਇਕਾਗਰ ਹੋ ਜਾਵੇਗਾ। ਮਨ ਦੇ ਨਿਰ-ਵਿਚਾਰ ਅਵਸਥਾ ਵਿਚ ਪਰਵੇਸ਼ ਕਰਨ ਤੋਂ ਬਾਅਦ ਸੁਰਤੀ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਦੇ ਅੰਦਰੋਂ ਮੁਕਤ ਹੋ ਕੇ ਗਗਨ ਗੁਫ਼ਾ ਦੇ ਵਿਚ ਆ ਕੇ ਸਥਿਰ ਹੋ ਜਾਂਦੀ ਹੈ। ਜਦੋਂ ਸੁਰਤੀ ਇੰਦਰੀਆਂ ਦੇ ਵਿੱਚੋਂ ਮੁਕਤ ਹੋ ਕੇ ਆਪਣੇ ਕੇਂਦਰ 'ਤੇ ਵਾਪਸ ਪਰਤ ਆਵੇਗੀ, ਉਸ ਤੋਂ ਬਾਅਦ ਮਨ ਨੇ ਆਤਮਾ ਤੱਤ ਦੇ ਵਿਚ ਵਿਲੀਨ ਹੁੰਦੇ ਜਾਣਾ ਹੈ। ਮਨ ਸਥਿਰ ਹੋਣ ਦੇ ਨਾਲ ਤੁਹਾਡਾ ਪਰਵੇਸ਼ ਆਤਮਾ ਦੇ ਵਿਚ ਹੋ ਜਾਵੇਗਾ ਅਤੇ ਆਤਮਾ ਦਾ ਪਰਵੇਸ਼ ਸਹਿਜ ਮੰਡਲ ਦੇ ਅੰਦਰ ਹੋ ਜਾਣਾ ਹੈ। ਆਤਮ ਗਿਆਨ ਕੋਈ ਕਿਤਾਬੀ ਵਿੱਦਿਆ ਨਹੀਂ ਹੈ ਜਿਸ ਨੂੰ ਕਿਤਾਬਾਂ ਦੇ ਵਿੱਚੋਂ ਪੜ੍ਹ ਕੇ ਪ੍ਰਾਪਤ ਕਰ ਲਿਆ ਜਾਵੇ। ਆਤਮਾ ਨੂੰ ਮਨੁੱਖਾ ਜਨਮ ਆਤਮ ਗਿਆਨ ਦੀ ਅਵਸਥਾ ਨੂੰ ਪ੍ਰਾਪਤ ਕਰਨ ਵਾਸਤੇ ਮਿਲਦਾ ਹੈ। ਸਹਿਜ ਅਵਸਥਾ ਵਿਚ ਪੂਰੀ ਤਰ੍ਹਾਂ ਲੀਨ ਹੋਣ ਦੇ ਲਈ ਮਨੁੱਖ ਦੇ ਤਨ ਨੂੰ ਮਨ ਨੂੰ ਅਤੇ ਆਤਮਾ ਨੂੰ ਸਾਧਨਾ ਦੇ ਵਿੱਚੋਂ ਦੀ ਕਈ ਵਾਰ ਗੁਜ਼ਰਨਾ ਪੈਂਦਾ ਹੈ ਜਿਸ ਦੇ ਵਿਚ ਸਮਾਂ ਅਤੇ ਸ਼ਕਤੀ ਦੋਨੋਂ ਲੱਗਦੇ ਹਨ। ਜੋ ਵੀ ਮਨੁੱਖ ਆਤਮ ਗਿਆਨ ਨੂੰ ਪ੍ਰਾਪਤ ਕੀਤੇ ਬਿਨਾਂ ਇਸ ਸੰਸਾਰ ਤੋਂ ਚਲਾ ਜਾਂਦਾ ਹੈ, ਇਹ ਉਸ ਦੇ ਲਈ ਇੱਕ ਬਹੁਤ ਵੱਡੀ ਹਾਰ ਹੈ। ਉਸ ਨੇ ਇੱਕ ਬਹੁਤ ਵੱਡੀ ਬੇਹੋਸ਼ੀ ਦੇ ਵਿਚ ਆਪਣਾ ਸਾਰਾ ਜੀਵਨ ਬਤੀਤ ਕਰ ਦਿੱਤਾ ਹੈ। ਪਰਮ ਜੀਵਨ ਨੂੰ ਜਾਣਨ ਦੇ ਲਈ ਇਸ ਮਨੁੱਖ ਨੂੰ ਇੱਕ ਮੌਕਾ ਤੇ ਮਿਲਿਆ ਸੀ ਪਰ ਹੱਥਾਂ ਦੇ ਵਿੱਚੋਂ ਨਿਕਲ ਗਿਆ। ਤੁਸੀਂ ਇਸ ਅਵਸਥਾ ਨੂੰ ਪ੍ਰਾਪਤ ਕਰਨ ਦੇ ਲਈ ਹਰ ਦਿਨ ਆਪਣੇ ਸਵਾਸਾਂ ਦੀ ਪੂੰਜੀ ਨੂੰ ਲਗਾਉਂਦੇ ਹੀ ਜਾਣਾ ਹੈ। ਜਦੋਂ ਦੀ ਸ੍ਰਿਸ਼ਟੀ ਬਣੀ ਹੈ ਅੱਜ ਤੱਕ ਕੇਵਲ ਉਂਗਲਾਂ 'ਤੇ ਗਿਣੇ ਜਾਣ ਜੋਗੇ ਮਨੁੱਖਾਂ ਨੂੰ ਕਾਮਯਾਬੀ ਮਿਲੀ ਹੈ ਇਸ ਨੀਂਦਰ ਨੂੰ ਤੋੜਨ ਦੇ ਵਿਚ। ਬਾਕੀ ਦੀ ਸਾਰੀ ਮਨੁੱਖਤਾ ਆਪਣਾ ਸਾਰਾ ਜੀਵਨ ਇੱਕ ਬਹੁਤ ਗਹਿਰੀ ਨੀਂਦਰ ਦੇ ਵਿਚ ਬਤੀਤ ਕਰਦੀ ਜਾ ਰਹੀ ਹੈ।

ਸਾਡੀਆਂ ਇੰਦਰੀਆਂ ਸਪਰਸ਼ ਕਰਕੇ ਜਾਂ ਦੇਖ ਕੇ ਜਾਂ ਸੁਣ ਕੇ ਜਾਣਕਾਰੀ ਹਾਸਲ ਕਰ ਸਕਦੀਆਂ ਹਨ। ਜਿਸ ਤਰ੍ਹਾਂ ਅੱਖਾਂ ਦੇ ਰਾਹੀਂ ਕਿਸੇ ਚੀਜ਼ ਨੂੰ ਦੇਖਣ ਦੇ ਲਈ ਥੋੜ੍ਹੀ ਦੂਰੀ ਹੋਣੀ ਜ਼ਰੂਰੀ ਹੈ, ਇਸੇ ਹੀ ਤਰ੍ਹਾਂ ਸਾਨੂੰ ਜੋ ਕੁੱਝ ਵੀ ਦਿਖਾਈ ਦੇ ਰਿਹਾ ਹੈ, ਇਹ ਸਭ ਕੁੱਝ ਬ੍ਰਹਮ ਦੇ ਅੰਦਰ ਹੀ ਹੈ। ਪਦਾਰਥ ਅਤੇ ਬ੍ਰਹਮ ਤੱਤ

ਇੱਕ ਹੀ ਹੈ। ਇਹ ਦੋਨੋਂ ਇੱਕ ਦੂਜੇ ਦੇ ਵਿਚ ਸਮਾਏ ਹੋਏ ਹਨ। ਸਾਡੇ ਅੰਦਰ ਵੀ ਬ੍ਰਹਮ ਹੈ ਅਤੇ ਸਾਡੇ ਬਾਹਰ ਵੀ ਬ੍ਰਹਮ ਹੈ। ਬਿਨਾਂ ਆਤਮ ਗਿਆਨ ਨੂੰ ਪ੍ਰਾਪਤ ਕੀਤਿਆਂ ਜੇਕਰ ਇਨ੍ਹਾਂ ਅੱਖਾਂ ਦੇ ਨਾਲ ਉਸ ਸ਼ਕਤੀ ਨੂੰ ਦੇਖਣਾ ਚਾਹੀਏ ਤਾਂ ਬਹੁਤ ਮੁਸ਼ਕਲ ਹੋ ਜਾਵੇਗੀ। ਮਨੁੱਖ ਦਾ ਹਾਲ ਉਸ ਮਛਲੀ ਵਾਂਗੂੰ ਹੀ ਹੈ ਜਿਸ ਦਾ ਜਨਮ ਪਾਣੀ ਦੇ ਅੰਦਰ ਹੁੰਦਾ ਹੈ। ਪਾਣੀ ਦੇ ਅੰਦਰ ਉਸ ਦਾ ਸਾਰਾ ਜੀਵਨ ਬੀਤ ਜਾਂਦਾ ਹੈ ਅਤੇ ਫਿਰ ਇੱਕ ਦਿਨ ਪਾਣੀ ਦੇ ਅੰਦਰ ਉਸ ਮਛਲੀ ਦਾ ਅੰਤ ਹੋ ਜਾਂਦਾ ਹੈ। ਬੇਸ਼ੱਕ ਮਛਲੀ ਦਾ ਜਨਮ ਤੇ ਅੰਤ ਪਾਣੀ ਦੇ ਅੰਦਰ ਹੋਇਆ ਸੀ, ਇਸ ਦੇ ਬਾਵਜੂਦ ਵੀ ਮਛਲੀ ਨੇ ਪਾਣੀ ਨਾਮ ਦੇ ਤੱਤ ਜਾਣੇ ਬਿਨਾਂ ਆਪਣਾ ਸਾਰਾ ਜੀਵਨ ਬਤੀਤ ਕੀਤਾ। ਪਤਾ ਤਾਂ ਲੱਗ ਸਕਦਾ ਸੀ ਜੇਕਰ ਇਸ ਮਛਲੀ ਨੂੰ ਕੁੱਝ ਛਿਣਾਂ ਦੇ ਲਈ ਪਾਣੀ ਦੇ ਨਾਲੋਂ ਅਲੱਗ ਕਰ ਦਿੱਤਾ ਜਾਂਦਾ। ਆਤਮਾ ਜਗਤ ਨੂੰ ਦੇਖਣ ਵਾਲਾ ਕੇਂਦਰ ਬਿਲਕੁਲ ਸਾਡੀਆਂ ਅੱਖਾਂ ਦੇ ਮਗਰਲੇ ਪਾਸੇ ਹੈ। ਜਿਸ ਤੱਕ ਮਨੁੱਖ ਦੀਆਂ ਇੰਦਰੀਆਂ ਦੀ ਕੋਈ ਪਹੁੰਚ ਨਹੀਂ ਹੈ, ਆਤਮਾ ਵੀ ਉਸ ਤੱਤ ਨੂੰ ਮਨ ਅਤੇ ਇੰਦਰੀਆਂ ਦੀ ਅਕਿਰਿਆ ਅਵਸਥਾ ਵਿਚ ਅਨੁਭਵ ਕਰ ਪਾਉਂਦੀ ਹੈ। ਜਿਸ ਦੇ ਵਿਚ ਆਤਮਾ ਨੂੰ ਵੀ ਉਸੇ ਤੱਤ ਵਾਲਾ ਰੂਪ ਧਾਰਨ ਕਰਨਾ ਪੈਂਦਾ ਹੈ। ਵੈਸੇ ਤਾਂ ਇਸ ਅਵਸਥਾ ਬਾਰੇ ਸ਼ਬਦਾਂ ਦੇ ਰਾਹੀਂ ਬਿਆਨ ਕਰ ਪਾਉਣਾ ਬਹੁਤ ਹੀ ਮੁਸ਼ਕਲ ਹੈ, ਕੇਵਲ ਅਨੁਭਵ ਕੀਤਾ ਜਾ ਸਕਦਾ ਹੈ। ਪਰ ਫਿਰ ਵੀ ਤੁਹਾਡੇ ਨਾਲ ਕੁੱਝ ਕੁ ਗੱਲਾਂ ਦਾ ਜ਼ਿਕਰ ਕੀਤਾ ਹੈ ਤਾਂ ਜੋ ਭਵਿੱਖ ਦੇ ਵਿਚ ਕੋਈ ਫ਼ਾਲਤੂ ਦੀ ਵਿਡੰਬਣਾ ਨਾ ਪੈਦਾ ਹੋਵੇ। ਇਸ ਅਵਸਥਾ ਵਿਚ ਸਾਧਕ ਨੂੰ ਕੀ ਅਨੁਭਵ ਹੋਵੇਗਾ, ਜੇਕਰ ਉਸ ਨੂੰ ਇਨ੍ਹਾਂ ਅਨੁਭਵਾਂ ਦੇ ਬਾਰੇ ਪਹਿਲਾਂ ਤੋਂ ਪਤਾ ਹੋਵੇ ਤਾਂ ਸਾਧਨਾ ਕਰਨ ਦੇ ਵਿਚ ਬਹੁਤ ਮਦਦ ਮਿਲ ਸਕਦੀ ਹੈ। ਵੈਸੇ ਤਾਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸਰੀਰ ਦੇ ਅੰਦਰ ਪ੍ਰਕਾਸ਼ ਪੈਦਾ ਹੋਣ ਵਾਲੀ ਅਵਸਥਾ ਬਾਰੇ ਜ਼ਿਕਰ ਕੀਤਾ ਗਿਆ ਹੈ। ਬਾਬਾ ਫ਼ਰੀਦ ਜੀ ਨੇ ਅੰਗ 1162 'ਤੇ ਇਸ ਅਵਸਥਾ ਨੂੰ ਸਮਝਾਉਣ ਲਈ ਬਾਣੀ ਦੇ ਰਾਹੀਂ ਕਾਫ਼ੀ ਖੋਲ੍ਹਿਆ ਹੈ। ਉਸ ਤੋਂ ਬਾਅਦ ਭਗਤ ਬੇਣੀ ਜੀ ਨੇ ਅੰਗ 974 'ਤੇ ਇਸ ਅਵਸਥਾ ਬਾਰੇ ਕਾਫ਼ੀ ਕੁਝ ਖੋਲ੍ਹ ਕੇ ਦੱਸਿਆ ਹੈ।

ਸਾਧਾਰਨ ਤੌਰ 'ਤੇ ਜਦੋਂ ਸਾਡੀਆਂ ਅੱਖਾਂ ਦਰਪਣ ਦੇ ਅੰਦਰ ਬਣ ਰਹੀ ਤਸਵੀਰ ਨੂੰ ਦੇਖਦੀਆਂ ਹਨ ਤਾਂ ਉਸ ਸਮੇਂ ਇਹ ਆਪਣੇ ਆਪ ਨੂੰ ਨਹੀਂ ਦੇਖ ਪਾਉਂਦੀਆਂ। ਜਦੋਂ ਅੱਖਾਂ ਆਪਣੇ ਆਪ ਨੂੰ ਦੇਖਦੀਆਂ ਹਨ ਤਾਂ ਉਸ ਸਮੇਂ ਤਸਵੀਰ ਨੇ ਦਿਖਾਈ ਨਹੀਂ ਦੇਣਾ। ਇਸੇ ਹੀ ਤਰ੍ਹਾਂ ਮਨੁੱਖ ਬ੍ਰਹਮ ਦੇ ਬਾਹਰੀ ਰੂਪ ਨੂੰ ਦੇਖਦਾ ਹੈ, ਉਸ ਦੇ ਅੰਦਰ ਆਪਣਾ ਸਾਰਾ ਜੀਵਨ ਬਤੀਤ ਕਰਦਾ ਹੈ। ਇਸ ਬ੍ਰਹਮ ਦਾ ਜੋ ਅੰਦਰੂਨੀ ਹਿੱਸਾ ਹੈ, ਉਸ ਤੋਂ ਅਣਜਾਣ ਰਹਿੰਦਾ ਹੈ। ਅੱਜ ਤੱਕ ਬਹੁਤ ਥੋੜ੍ਹੇ ਜਿਹੇ ਮਨੁੱਖਾਂ ਨੂੰ ਵਿਚਾਰਾਂ ਦੀ ਦੀਵਾਰ ਵਿੱਚੋਂ ਦੀ ਪਾਰ ਲੰਘ ਕੇ ਬ੍ਰਹਮ ਦੇ ਅੰਦਰਲੇ ਤੱਤ ਵਿਚ ਪਰਵੇਸ਼ ਕਰਨ ਵਿਚ ਕਾਮਯਾਬੀ ਮਿਲੀ ਹੈ। ਉਸ ਪਰਮ ਅਨੰਦ ਅਤੇ ਸ਼ਾਂਤੀ ਦੇ ਅਨੰਦ ਨੂੰ ਮਾਣਦੇ ਹੋਏ ਉਨ੍ਹਾਂ ਨੇ ਆਪਣਾ ਬਾਕੀ ਦਾ ਜੀਵਨ ਬਤੀਤ ਕੀਤਾ ਸੀ। ਸਰੀਰ ਰੂਪੀ ਚੋਲੇ ਦਾ ਤਿਆਗ ਕਰਨ ਤੋਂ ਬਾਅਦ ਬ੍ਰਹਮ ਦੇ ਸਹਿਜ ਤੱਤ ਅੰਦਰ ਉਹ ਸਦਾ ਲਈ

ਲੀਨ ਹੋ ਗਏ ਸਨ। ਜਿਸ ਤਰ੍ਹਾਂ ਪਾਣੀ ਦੇ ਅੰਦਰ ਪਾਣੀ ਲੀਨ ਹੋ ਜਾਂਦਾ ਹੈ, ਸਾਡੇ ਅੰਦਰ ਵੀ ਉਹ ਬਿੰਦੂ ਹੈ ਜਿਸ ਦੇ ਅੰਦਰ ਪਰਵੇਸ਼ ਕਰਨ ਵਾਸਤੇ ਤੁਹਾਨੂੰ ਇਸ ਕਿਤਾਬ ਦੇ ਰਾਹੀਂ ਪ੍ਰੇਰਿਤ ਕੀਤਾ ਜਾ ਰਿਹਾ ਹੈ। ਜਦੋਂ ਤੁਸੀਂ ਉਸ ਅਵਸਥਾ ਵਿਚ ਪਰਵੇਸ਼ ਕਰ ਗਏ ਤਾਂ ਤੁਸੀਂ ਖ਼ੁਦ ਉਸ ਆਕਾਸ਼ ਨੂੰ ਦੇਖ ਲੈਣਾ ਹੈ ਜਿਸ ਦੇ ਅੰਦਰ ਮਨੁੱਖ ਆਪਣਾ ਸਾਰਾ ਜੀਵਨ ਬਤੀਤ ਕਰਦਾ ਹੈ, ਇਸ ਦੇ ਬਾਵਜੂਦ ਵੀ ਉਸ ਨੂੰ ਮਨੁੱਖ ਦੇਖ ਨਹੀਂ ਪਾਉਂਦਾ। ਇਸ ਆਕਾਸ਼ ਦਾ ਰੰਗ ਕਾਲਾ ਹੈ ਪਰ ਰਾਤ ਦੇ ਹਨੇਰੇ ਵਾਂਗੂੰ ਨਹੀਂ ਹੈ। ਜਦੋਂ ਜੀਵ ਆਤਮਾ ਸੁਰਤੀ ਦੀ ਮਦਦ ਨਾਲ ਇਸ ਸਥਿਰ ਆਕਾਸ਼ ਦੇ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਇਹ ਅਵਸਥਾ ਬਿਲਕੁਲ ਚਕੋਰ ਅਤੇ ਚੰਦਰਮਾ ਦੇ ਵਾਂਗੂੰ ਬਣ ਜਾਂਦੀ ਹੈ। ਉਸ ਅਨੰਦਮਈ ਅਵਸਥਾ ਦਾ ਅਨੰਦ ਚੇਤਨ ਆਤਮਾ ਮਾਣਦੀ ਹੈ। ਬਾਅਦ ਵਿਚ ਆਤਮਾ ਇਸ ਅਨੰਦ ਨੂੰ ਮਾਣਨ ਦੇ ਲਈ ਮਨੁੱਖ ਦੇ ਕੋਲੋਂ ਦੁਬਾਰਾ ਮੰਗ ਕਰਦੀ ਰਹੇਗੀ। ਸਾਧਾਰਨ ਮਨੁੱਖ ਧਾਰਮਿਕ ਗ੍ਰੰਥਾਂ ਦੇ ਵਿੱਚੋਂ ਸ਼ਬਦ ਬ੍ਰਹਮ ਨੂੰ ਪੜ੍ਹ ਕੇ ਇਹ ਸੋਚ ਲੈਂਦਾ ਹੈ ਕਿ ਉਸ ਨੂੰ ਆਤਮਾ ਅਤੇ ਪਰਮਾਤਮਾ ਦੋਨਾਂ ਦੇ ਬਾਰੇ ਗਿਆਨ ਹੋ ਚੁੱਕਾ ਹੈ। ਪਰ ਇਨ੍ਹਾਂ ਦੋਨਾਂ ਤੱਤਾਂ ਨੂੰ ਮਨੁੱਖ ਆਪ ਖ਼ੁਦ ਅਨੁਭਵ ਕਰਨ ਤੋਂ ਬਿਨਾਂ ਨਹੀਂ ਜਾਣ ਸਕਦਾ। ਇਸ ਗੱਲ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਆਮ ਤੌਰ ’ਤੇ ਪ੍ਰਚਾਰ ਇਸੇ ਹੀ ਗੱਲ ਦਾ ਕੀਤਾ ਜਾ ਰਿਹਾ ਹੈ। ਇਸ ਗ਼ਲਤ ਪ੍ਰਚਾਰ ਦੇ ਕਾਰਨ ਅੱਜ ਤੱਕ ਮਨੁੱਖ ਉਸ ਜਗ੍ਹਾ ਤੋਂ ਸੂਈ ਨੂੰ ਲੱਭੀ ਜਾ ਰਿਹਾ ਹੈ, ਜਿੱਥੇ ਸੂਈ ਕਦੇ ਗਵਾਚੀ ਹੀ ਨਹੀਂ ਸੀ। ਜਿਸ ਜਗ੍ਹਾ ਤੋਂ ਮਨੁੱਖ ਸਦੀਆਂ ਤੋਂ ਪਰਮਾਤਮਾ ਨੂੰ ਲੱਭ ਰਿਹਾ ਹੈ, ਉਸ ਜਗ੍ਹਾ ਉੱਪਰ ਚਾਨਣ ਬਹੁਤ ਹੈ, ਇਸ ਕਾਰਨ ਭਰਮ ਪੈ ਸਕਦਾ ਹੈ। ਕੁੱਝ ਕੁ ਸਵਾਰਥੀ ਲੋਕਾਂ ਨੇ ਇਸ ਗੱਲ ਦਾ ਪ੍ਰਚਾਰ ਕਰ ਦਿੱਤਾ ਹੈ ਕਿ ਦੇਹਧਾਰੀ ਗੁਰੂ ਨੂੰ ਗੁਰੂ ਧਾਰੇ ਬਿਨਾਂ ਮਨੁੱਖ ਨੂੰ ਪਰਮ ਜੀਵਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਉਲਟਾ ਕਿਸੇ ਮਨੁੱਖ ਨੂੰ ਗੁਰੂ ਧਾਰਨ ਦੇ ਨਾਲ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਹਰ ਇੱਕ ਮਨੁੱਖ ਆਪ ਖ਼ੁਦ ਪਰਮਾਤਮਾ ਨੂੰ ਮਿਲ ਸਕਦਾ ਹੈ, ਪਰ ਉਹ ਕਿਸੇ ਦੂਜੇ ਮਨੁੱਖ ਨੂੰ ਪਰਮਾਤਮਾ ਦੇ ਨਾਲ ਨਹੀਂ ਮਿਲਾ ਸਕਦਾ। ਮਨੁੱਖ ਦਾ ਜੀਵਨ ਭਾਵੇਂ ਕਿਸੇ ਵੀ ਤਰ੍ਹਾਂ ਦਾ ਕਿਉਂ ਨਾ ਹੋਵੇ, ਉਹ ਪਰਮਾਤਮਾ ਨੂੰ ਮਿਲ ਸਕਦਾ ਹੈ। ਬੇਸ਼ੱਕ ਹੀਰਾ ਚਿੱਕੜ ਦੇ ਵਿਚ ਪਿਆ ਹੋਵੇ ਜਾਂ ਸ਼ੋ-ਰੂਮ ਦੇ ਅੰਦਰ ਰੱਖਿਆ ਹੋਵੇ, ਦੋਨਾਂ ਅਵਸਥਾਵਾਂ ਦੇ ਵਿਚ ਹੀਰੇ ਦੀ ਕੀਮਤ ਨਹੀਂ ਘੱਟਦੀ। ਜਦੋਂ ਚਿੱਕੜ ਵਾਲੇ ਹੀਰੇ ਨੂੰ ਸ਼ੋ-ਰੂਮ ਦੇ ਵਿਚ ਰੱਖ ਦਿੱਤਾ ਜਾਵੇਗਾ ਤਾਂ ਇਸ ਦੀ ਕੀਮਤ ਵੀ ਆਪਣੇ ਆਪ ਉੱਚੀ ਹੋ ਜਾਣੀ ਹੈ। ਪਾਰਬ੍ਰਹਮ ਤੱਕ ਪਹੁੰਚਣ ਵਾਲਾ ਰਸਤਾ ਅਤੇ ਮੰਜ਼ਲ ਮਨੁੱਖ ਦੇ ਸਰੀਰ ਅੰਦਰ ਹੀ ਹਨ। ਜੋ ਵੀ ਮਨੁੱਖ ਪਰਮਾਤਮਾ ਨੂੰ ਮਿਲਣਾ ਚਾਹੁੰਦਾ ਹੈ, ਉਸ ਨੂੰ ਆਪ ਇਸ ਦਿਸ਼ਾ ਵੱਲ ਗਤੀ ਕਰਨੀ ਪੈਣੀ ਹੈ।

ਸਾਧਨਾ ਦੀ ਸਾਰੀ ਕਿਰਿਆ ਸਰੀਰ, ਮਨ, ਆਤਮਾ ਅਤੇ ਸਹਿਜ ਮੰਡਲ ਇਨ੍ਹਾਂ ਚਾਰਾਂ ਦੇ ਵਿਚਕਾਰ ਹੈ। ਪੰਜਵੇਂ ਵਾਸਤੇ ਕੋਈ ਜਗ੍ਹਾ ਨਹੀਂ ਹੈ। ਜਦੋਂ ਤੁਸੀਂ ਸਾਧਨਾ ਦੇ ਰਾਹੀਂ ਇਸ ਅਵਸਥਾ ਨੂੰ ਆਪ ਅਨੁਭਵ ਕਰ ਲਵੋਗੇ ਤਾਂ ਤੁਹਾਨੂੰ ਆਪਣੇ ਆਪ ਪਤਾ ਲੱਗ ਜਾਵੇਗਾ, ਅਸਲੀ ਰਾਜ਼ ਕੀ ਹੈ। ਸਾਧਨਾ ਦੇ ਦੌਰਾਨ ਤੁਹਾਡੀ ਸੁਰਤੀ

ਵਿਚਾਰਾਂ ਤੋਂ ਮੁਕਤ ਹੋਣ ਤੋਂ ਬਾਅਦ ਆਪਣੇ ਆਪ ਦੇ ਵਿਚ ਸਥਿਰ ਹੋ ਜਾਵੇਗੀ। ਉਸ ਤੋਂ ਬਾਅਦ ਤੁਹਾਡਾ ਪਰਵੇਸ਼ ਸਹਿਜ ਮੰਡਲ ਦੇ ਅੰਦਰ ਹੋ ਜਾਣਾ ਹੈ। ਜਿਸ ਤਰ੍ਹਾਂ ਧਰਤੀ ਦੇ ਗੁਰੂਤਾ ਆਕਰਸ਼ਨ ਤੋਂ ਅੱਗੇ ਕੋਈ ਵਸਤੂ ਲੰਘ ਜਾਂਦੀ ਹੈ, ਬਿਲਕੁਲ ਉਸੇ ਹੀ ਤਰ੍ਹਾਂ ਦਾ ਅਨੁਭਵ ਤੁਹਾਨੂੰ ਇਸ ਅਵਸਥਾ ਵਿਚ ਹੋਵੇਗਾ। ਜਦੋਂ ਆਤਮਾ ਸੁੰਨ ਮੰਡਲ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਚੇਤਨਾ ਰੂਪੀ ਦੀਪਕ ਦਾ ਪ੍ਰਕਾਸ਼ ਚਾਰੇ ਦਿਸ਼ਾਵਾਂ ਦੇ ਵਿਚ ਫੈਲਣ ਲੱਗ ਜਾਵੇਗਾ। ਇਸ ਅਵਸਥਾ ਵਿਚ ਬਾਰ ਬਾਰ ਪਰਵੇਸ਼ ਕਰਨ ਦੇ ਨਾਲ ਜੀਵਨ ਆਤਮਾ ਨੂੰ ਅਗਿਆਨਤਾ ਤੋਂ ਮੁਕਤੀ ਮਿਲਦੀ ਜਾਂਦੀ ਹੈ। ਧਿਆਨ ਸਿਮਰਨ ਦੀ ਸਾਧਨਾ ਕਰਨ ਦੇ ਨਾਲ ਪਹਿਲਾਂ ਮਨੁੱਖ ਦਾ ਮਨ ਨਿਰਮਲ ਹੁੰਦਾ ਹੈ। ਉਸ ਤੋਂ ਬਾਅਦ ਮਨ ਨੇ ਆਤਮਾ ਨੂੰ ਅਗਿਆਨਤਾ ਤੋਂ ਮੁਕਤ ਕਰ ਦੇਣਾ ਹੈ। ਜਦੋਂ ਆਤਮਾ ਨਿਰਮਲ ਹੋ ਜਾਵੇਗੀ ਤਾਂ ਮਨ ਅਤੇ ਆਤਮਾ ਇੱਕ ਦੂਜੇ ਦੇ ਵਿਚ ਲੀਨ ਹੋ ਜਾਣੇ ਹਨ। ਇਸ ਤੋਂ ਬਾਅਦ ਮਨੁੱਖ ਦੇ ਅੰਦਰੋਂ ਦੋਹਰੇ ਭਾਵ ਵਾਲੀ ਅਵਸਥਾ ਪੂਰਨ ਤੌਰ ’ਤੇ ਸਮਾਪਤ ਹੋ ਜਾਵੇਗੀ। ਆਤਮਾ ਦੇ ਅਧੀਨ ਮਨ ਹੈ ਅਤੇ ਮਨ ਦੇ ਅਧੀਨ ਤਨ ਹੈ। ਆਤਮਾ ਨੂੰ ਮਨ ਦਿੱਤਾ ਹੈ ਇੱਕ ਮਸ਼ੀਨ ਦੇ ਵਾਂਗੂੰ ਕਾਰਜ ਕਰਨ ਵਾਸਤੇ। ਮਨ ਦੇ ਅੰਦਰ ਅਸੀਮ ਸ਼ਕਤੀ ਆ ਸਕਦੀ ਹੈ, ਜੇਕਰ ਇਸ ਦਾ ਸੰਪਰਕ ਸਰੀਰ ਅੰਦਰ ਸੁੱਤੀ ਅਸੀਮ ਪ੍ਰਾਣ ਸ਼ਕਤੀ ਦੇ ਨਾਲ ਜੋੜ ਦਿੱਤਾ ਜਾਵੇ। ਸਾਧਨਾ ਦੇ ਰਾਹੀਂ ਮਨ ਪਹਿਲਾਂ ਸਰੀਰ ਦਾ ਸਾਰਾ ਕੰਟਰੋਲ ਆਪਣੇ ਹੱਥਾਂ ਦੇ ਵਿਚ ਲੈ ਲਵੇਗਾ। ਸੁੱਤੇ ਮਨ ਨੂੰ ਜਗਾਉਣ ਦੇ ਲਈ ਪ੍ਰਾਣ ਸ਼ਕਤੀ ਦੀ ਲੋੜ ਪੈਂਦੀ ਹੈ। ਮਨੁੱਖ ਦੇ ਮਸਤਕ ਅੰਦਰ ਆਤਮਾ ਰੂਪੀ ਮਣੀ ਹੈ। ਜੋ ਵੀ ਮਨੁੱਖ ਆਪਣੇ ਸਰੀਰ ਦੇ ਅੰਦਰ ਸੁੱਤੀ ਪ੍ਰਾਣ ਸ਼ਕਤੀ ਨੂੰ ਆਤਮ ਰੂਪੀ ਮਣੀ ਤੱਕ ਲੈ ਕੇ ਜਾਵੇਗਾ। ਉਸ ਮਨੁੱਖ ਨੂੰ ਪਰਮਾਤਮਾ ਦੇ ਦਰਸ਼ਨ ਹੋ ਜਾਣੇ ਹਨ। ਆਤਮਾ ਪਦਾਰਥਾਂ ਅਤੇ ਭੋਗਾਂ ਦੇ ਰਾਹੀਂ ਆਪਣੀਆਂ ਵਾਸ਼ਨਾਵਾਂ ਦੀ ਤ੍ਰਿਪਤੀ ਕਰਨਾ ਚਾਹੁੰਦੀ ਹੈ।

ਇਸੇ ਕਾਰਨ ਮਨੁੱਖ ਨੂੰ ਭਾਵੇਂ ਜੋ ਕੁੱਝ ਮਰਜ਼ੀ ਪ੍ਰਾਪਤ ਹੋ ਜਾਵੇ, ਇਸ ਦੀਆਂ ਇੱਛਾਵਾਂ ਅਤੇ ਵਾਸ਼ਨਾਵਾਂ ਦੀ ਤ੍ਰਿਪਤੀ ਨਹੀਂ ਹੋ ਸਕਦੀ। ਇਹ ਪਿਆਸ ਆਤਮਾ ਦੀ ਹੈ, ਨਾ ਕਿ ਸਰੀਰ ਦੀ। ਇਸ ਗੱਲ ਉਪਰ ਵਿਚਾਰ ਕਰਨ ਦੀ ਲੋੜ ਹੈ, ਜਿੰਨਾ ਚਿਰ ਤੱਕ ਆਤਮਾ ਦਾ ਮੇਲ ਸੁਰਤੀ ਦੇ ਰਾਹੀਂ ਸਹਿਜ ਮੰਡਲ ਦੇ ਨਾਲ ਨਹੀਂ ਹੋ ਜਾਂਦਾ। ਇਸ ਨੇ ਤਦ ਤੱਕ ਤ੍ਰਿਪਤ ਨਹੀਂ ਹੋਣਾ, ਜਿੰਨਾ ਚਿਰ ਤੱਕ ਆਤਮਾ ਤ੍ਰਿਪਤ ਨਹੀਂ ਹੋ ਜਾਂਦੀ, ਓਨਾ ਚਿਰ ਤਕ ਆਤਮਾ ਨੂੰ ਪ੍ਰਕਿਰਤੀ ਦੀ ਅਧੀਨਤਾ ਤੋਂ ਮੁਕਤੀ ਨਹੀਂ ਮਿਲ ਸਕਦੀ। ਤ੍ਰਿਸ਼ਨਾ ਮੁਕਤ ਆਤਮਾ ਹੀ ਜੀਵਨ ਦੇ ਵਿਚ ਅਨੰਦ ਨੂੰ ਅਨੁਭਵ ਕਰਨ ਦੇ ਵਿਚ ਸਮਰੱਥ ਹੈ। ਜਦੋਂ ਸਰੀਰ ਦੇ ਅੰਦਰ ਪ੍ਰਕਾਸ਼ ਗਤੀ ਕਰਦਾ ਹੈ ਤਾਂ ਇਸੇ ਪ੍ਰਕਾਸ਼ ਨੇ ਆਤਮਾ ਨੂੰ ਸੁਰਤੀ ਦੀ ਮਦਦ ਨਾਲ ਅਰੂਪ ਤੱਤ ਦੇ ਦਰਸ਼ਨ ਕਰਵਾਉਣੇ ਹਨ। ਸਹਿਜ ਮੰਡਲ ਦੇ ਅੰਦਰ ਬਿਨਾਂ ਆਵਾਜ਼ ਦੇ ਜੋ ਨਾਦ ਵੱਜ ਰਿਹਾ ਹੈ, ਜਦੋਂ ਕੋਈ ਮਨੁੱਖ ਬ੍ਰਹਮ ਦੇ ਅੰਦਰ ਵਾਲੇ ਤੱਤ ਅੰਦਰ ਪਰਵੇਸ਼ ਕਰ ਜਾਂਦਾ ਹੈ, ਉਸ ਤੋਂ ਬਾਅਦ ਹੀ ਇਸ ਨਾਦ ਦੀ ਆਵਾਜ਼ ਉਸ ਮਨੁੱਖ ਨੂੰ ਸੁਣਾਈ ਦੇਂਦੀ ਹੈ। ਉਹ ਮਨੁੱਖ ਇਸ ਅਵਸਥਾ ਵਿਚ ਬਹੁਤ ਹੀ ਆਸਾਨੀ ਦੇ ਨਾਲ ਪਰਵੇਸ਼ ਕਰ ਸਕਦਾ

ਹੈ, ਜਿਸ ਨੇ ਆਪਣੇ ਜੀਵਨ ਦੇ ਵਿਚ ਚੰਗੇ ਅਤੇ ਬੁਰੇ ਅਨੁਭਵਾਂ ਨੂੰ ਪਰਮਾਤਮਾ ਦਾ ਹੁਕਮ ਸਮਝ ਕੇ ਸਵੀਕਾਰ ਕਰ ਲਿਆ ਹੈ, ਕੇਵਲ ਇਹ ਕਾਰਜ ਮਨੁੱਖ ਨੇ ਆਪ ਕਰਨਾ ਹੈ, ਬਾਕੀ ਸਾਰਾ ਕੁੱਝ ਆਪਣੇ ਆਪ ਹੋਣ ਲੱਗ ਜਾਵੇਗਾ। ਕੁਦਰਤ ਦੇ ਹੁਕਮ ਨੂੰ ਮਨਜ਼ੂਰ ਕੀਤੇ ਬਿਨਾਂ ਮਨੁੱਖ ਦੀ ਸੁਰਤੀ ਭੂਤ ਕਾਲ ਦੇ ਵਿਚਾਰਾਂ ਤੋਂ ਮੁਕਤ ਨਹੀਂ ਹੋ ਸਕਦੀ। ਕੁੱਝ ਕਰਨਾ ਤਾਂ ਬਹੁਤ ਆਸਾਨ ਹੈ। ਸਾਧਨਾ ਦੇ ਵਿਚ ਬੈਠਿਆਂ ਕੁੱਝ ਵੀ ਨਾ ਕਰਨਾ ਸਭ ਤੋਂ ਜ਼ਿਆਦਾ ਮੁਸ਼ਕਲ ਕਾਰਜ ਹੈ। ਸਾਧਨਾ ਇਸ ਲਈ ਕਰਨੀ ਹੈ ਤਾਂ ਜੋ ਸਮਾਧੀ ਦੀ ਅਵਸਥਾ ਵਿਚ ਮਨ ਅਤੇ ਇੰਦਰੀਆਂ ਦੇ ਰਾਹੀਂ ਕੁੱਝ ਵੀ ਨਾ ਕੀਤਾ ਜਾਵੇ। ਸਾਧਨਾ ਦੇ ਰਾਹੀਂ ਤੁਸੀਂ ਆਪਣੀਆਂ ਇੰਦਰੀਆਂ ਦੇ ਵਿੱਚੋਂ ਸੁਰਤੀ ਨੂੰ ਸਮੇਟਦੇ ਹੋਏ ਅਚੱਲ ਅਵਸਥਾ ਵਿਚ ਪਰਵੇਸ਼ ਕਰਨ ਦੇ ਲਈ ਬਾਰ ਬਾਰ ਕੋਸ਼ਿਸ਼ ਕਰਨੀ ਹੈ। ਜਦੋਂ ਮਨੁੱਖ ਦੀ ਸੁਰਤੀ ਅਚੱਲ ਮੰਡਲ ਦੇ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਉਸ ਤੋਂ ਬਾਅਦ ਹੀ ਗੀੜ੍ਹ ਦੀ ਹੱਡੀ ਦੇ ਮੁੱਢ ਲਾਗੇ ਸੁੱਤੀ ਸੁਖਮਨਾ ਨਾੜੀ ਨੇ ਜਾਗ ਜਾਣਾ ਹੈ। ਬਾਅਦ ਵਿਚ ਸੁਖਮਨਾ ਨਾੜੀ ਦੇ ਪ੍ਰਕਾਸ਼ ਨੇ ਚੰਗਿਆੜੀਆਂ ਦੇ ਰੂਪ ਵਿਚ ਗੀੜ੍ਹ ਦੀ ਹੱਡੀ ਦੇ ਨਾਲ ਦੀ ਹੁੰਦੇ ਹੋਏ ਉੱਪਰ ਮਸਤਕ ਦੇ ਵੱਲ ਨੂੰ ਦੌੜਨ ਲੱਗ ਜਾਣਾ ਹੈ। ਸੁਖਮਨਾ ਨਾੜੀ ਦਾ ਪ੍ਰਕਾਸ਼ ਹੌਲੀ ਹੌਲੀ ਕਰਕੇ ਅਰਧ ਚੇਤਨ ਮਨ ਦੇ ਰਾਹੀਂ ਆਉਣ ਵਾਲੇ ਵਿਚਾਰਾਂ ਦੇ ਛੇਕਾਂ ਨੂੰ ਬੰਦ ਕਰਦਾ ਜਾਵੇਗਾ। ਆਤਮਾ ਆਪਣੀਆਂ ਇੱਛਾਵਾਂ ਅਤੇ ਵਾਸ਼ਨਾਵਾਂ ਦੇ ਕਾਰਨ ਹੀ ਜਨਮ ਮਰਨ ਦੇ ਗੇੜਿਆਂ ਵਿਚ ਘੁੰਮੀ ਜਾ ਰਹੀ ਹੈ। ਮਨੁੱਖ ਕਿਸੇ ਪਦਾਰਥਾਂ ਨੂੰ ਪ੍ਰਾਪਤ ਕਰਨ ਦੇ ਲਈ ਕਿਸੇ ਗ਼ਲਤ ਤਰੀਕੇ ਦੀ ਵਰਤੋਂ ਕਰਦਾ ਹੈ ਤਾਂ ਇਸ ਤਰ੍ਹਾਂ ਦੇ ਕਰਮ ਨੂੰ ਕਰਨ ਦੇ ਨਾਲ ਮਨੁੱਖ ਨੇ ਆਪਣੇ ਆਤਮ ਤੱਤ ਤੋਂ ਹੋਰ ਜ਼ਿਆਦਾ ਦੂਰ ਹੁੰਦੇ ਜਾਣਾ ਹੈ। ਜਿਸ ਤਰ੍ਹਾਂ ਇਸ ਬ੍ਰਹਮ ਦਾ ਕੋਈ ਅੰਤ ਨਹੀਂ ਹੈ, ਇਸੇ ਹੀ ਤਰ੍ਹਾਂ ਮਨੁੱਖ ਦੀਆਂ ਇੱਛਾਵਾਂ ਦਾ ਵੀ ਕੋਈ ਅੰਤ ਨਹੀਂ ਹੈ। ਜਿੰਨੀਆਂ ਜ਼ਿਆਦਾ ਇੱਛਾਵਾਂ ਵੱਧਦੀਆਂ ਜਾਣਗੀਆਂ, ਓਨਾ ਆਤਮ ਗਿਆਨ ਨੂੰ ਪ੍ਰਾਪਤ ਕਰਨਾ ਮੁਸ਼ਕਲ ਹੁੰਦਾ ਜਾਵੇਗਾ। ਬੇਲੋੜੀਆਂ ਇੱਛਾਵਾਂ ਨੂੰ ਪੂਰਾ ਕਰਨ ਦੇ ਲਈ ਸੁਰਤੀ ਵਿਚਾਰਾਂ ਦੇ ਵਿਚ ਭਟਕਦੀ ਰਹੇਗੀ ਹੈ, ਜਦਕਿ ਮਨੁੱਖ ਦੀ ਸੁਰਤੀ ਜਿੰਨਾ ਚਿਰ ਤੱਕ ਇੱਛਾਵਾਂ ਤੋਂ ਮੁਕਤ ਨਹੀਂ ਹੋ ਜਾਂਦੀ ਤਾਂ ਓਨਾ ਚਿਰ ਤੱਕ ਇਸ ਨੇ ਸਹਿਜ ਮੰਡਲ ਦੇ ਵੱਲ ਨੂੰ ਗਤੀ ਨਹੀਂ ਕਰਨੀ ਹੈ। ਇਹ ਮਨੁੱਖ ਦਾ ਆਪਣਾ ਫ਼ੈਸਲਾ ਹੈ ਕਿ ਉਸ ਨੇ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਰਨੀ ਹੈ ਜਾਂ ਇੱਛਾਵਾਂ ਦੀ ? ਮਨੁੱਖ ਆਪਣੀਆਂ ਇੱਛਾਵਾਂ ਨੂੰ ਪੂਰਾ ਕਰਨ ਦੇ ਲਈ ਕਿਸੇ ਵੀ ਤਰ੍ਹਾਂ ਦੇ ਕਰਮਾਂ ਨੂੰ ਕਰਨ ਤੋਂ ਪਿੱਛੇ ਨਹੀਂ ਹਟੇਗਾ। ਜਿਸ ਤਰ੍ਹਾਂ ਦੇ ਮਨੁੱਖ ਕਰਮ ਕਰਦਾ ਹੈ, ਉਸ ਦੇ ਅਨੁਸਾਰ ਕਾਰਨ ਸਰੀਰ ਦੇ ਅੰਦਰ ਕਰਮਾਂ ਦੇ ਸੰਸਕਾਰ ਬਣ ਜਾਂਦੇ ਹਨ। ਕਾਰਨ ਸਰੀਰ ਦੇ ਅੰਦਰ ਕੀਤੇ ਕਰਮਾਂ ਦੇ ਸੰਸਕਾਰਾਂ ਦੀ ਗਿਣਤੀ ਉਮਰ ਦੇ ਨਾਲ ਵੱਧਦੀ ਜਾਂਦੀ ਹੈ। ਜੋ ਮਨੁੱਖ ਗ਼ਲਤ ਦਿਸ਼ਾ ਵੱਲ ਗਤੀ ਕਰਦਾ ਹੈ, ਉਸ ਨੇ ਆਪਣੀ ਮੰਜ਼ਲ ਤੋਂ ਹੋਰ ਜ਼ਿਆਦਾ ਦੂਰ ਚਲੇ ਜਾਣਾ ਹੈ। ਪਰਮ ਜੀਵਨ ਵਾਲੀ ਮੰਜ਼ਲ ਮਨੁੱਖ ਦੇ ਨੇੜੇ ਹੀ ਨਹੀਂ, ਬਲਕਿ ਇਸ ਦੇ ਸਰੀਰ ਅੰਦਰ ਹੀ ਹੈ, ਇਸ ਦੀਆਂ ਅੱਖਾਂ ਦੇ ਪਿਛਲੇ ਪਾਸੇ ਹੈ। ਜੋ ਵੀ ਮਨੁੱਖ ਬਾਹਰ ਲੱਭਣ ਚਲਾ ਜਾਂਦਾ ਹੈ,

ਉਸ ਦੇ ਲਈ ਬਹੁਤ ਮੁਸ਼ਕਲ ਹੋ ਜਾਵੇਗੀ। ਮਨੁੱਖ ਨੇ ਇੱਕੋ ਕੰਮ ਕਰਨਾ ਹੈ, ਕੇਵਲ ਆਪਣੀ ਸੁਰਤੀ ਦੀ ਦਿਸ਼ਾ ਨੂੰ ਬਦਲਣਾ ਹੈ। ਬਾਕੀ ਸਾਰੀ ਖੇਡ ਕੁੱਝ ਦਿਨਾਂ ਦੇ ਅੰਦਰ ਆਪਣੇ ਆਪ ਬਣ ਜਾਵੇਗੀ। ਆਪਣੀ ਸੁਰਤੀ ਦੀ ਦਿਸ਼ਾ ਨੂੰ ਬਦਲਣ ਦਾ ਫ਼ੈਸਲਾ ਮਨੁੱਖ ਦਾ ਆਪਣਾ ਹੈ। ਜੇਕਰ ਪਰਮ ਅਨੰਦ ਨੂੰ ਅਨੁਭਵ ਕਰਨਾ ਚਾਹੁੰਦਾ ਹੈ ਤਾਂ ਉਸ ਦੀ ਕੀਮਤ ਤਾਂ ਦੇਣੀ ਹੀ ਪਵੇਗੀ। ਪਰਮ ਅਨੰਦ ਅਤੇ ਸ਼ਾਂਤੀ ਮੁਫ਼ਤ ਨਹੀਂ ਮਿਲ ਸਕਦੇ। ਆਪਣੀ ਜ਼ਿੰਦਗੀ ਦੇ ਵਿੱਚੋਂ ਕੁੱਝ ਦੇਣਾ ਪਵੇਗਾ, ਉਹ ਹੈ ਆਪਣੇ ਸਵਾਸ। ਮਨੁੱਖ ਨੂੰ ਬਾਹਰ ਲੱਭਣ ਦਾ ਭਰਮ ਪੈ ਸਕਦਾ ਹੈ ਕਿਉਂਕਿ ਸਰੀਰ ਦੀਆਂ ਸਾਰੀਆਂ ਇੰਦਰੀਆਂ ਦੇ ਦੁਆਰ ਬਾਹਰ ਦੀ ਤਰਫ਼ ਨੂੰ ਖੁੱਲ੍ਹਦੇ ਹਨ। ਪਰਮਾਤਮਾ ਨੂੰ ਬਾਹਰ ਲੱਭਣਾ ਬਹੁਤ ਆਸਾਨ ਹੈ ਪਰ ਬਾਹਰ ਖੋਜਣ 'ਤੇ ਅੱਜ ਤੱਕ ਕਿਸੇ ਵੀ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋਈ।

ਪੁਰਾਤਨ ਕਾਲ ਵਿਚ ਦੋ ਸੂਫ਼ੀ ਫ਼ਕੀਰ ਹੋਏ ਹਨ—ਰਾਬੀਆ ਅਤੇ ਹਸਨ। ਇੱਕ ਦਿਨ ਦੀ ਗੱਲ ਹੈ ਸ਼ਾਮ ਦਾ ਸਮਾਂ ਸੀ ਰਾਬੀਆ ਰਸਤੇ ਦੇ ਕਿਨਾਰੇ ਉੱਪਰੋਂ ਜਲ ਰਹੀ ਮਸ਼ਾਲ ਦੇ ਚਾਨਣ ਹੇਠਾਂ ਕੁੱਝ ਲੱਭੀ ਜਾ ਰਹੀ ਸੀ। ਉਧਰੋਂ ਹਸਨ ਇਸ਼ਾਅ ਦੀ ਨਮਾਜ਼ ਅਦਾ ਕਰ ਕੇ ਮਸਜਿਦ ਤੋਂ ਵਾਪਸ ਆ ਰਿਹਾ ਸੀ। ਉਸ ਨੇ ਰਾਬੀਆ ਨੂੰ ਚਾਨਣ ਹੇਠਾਂ ਕੁੱਝ ਲੱਭਦੀ ਨੂੰ ਦੇਖ ਕੇ ਪੁੱਛਿਆ—ਰਾਬੀਆ ਕੀ ਗਵਾਚ ਗਿਆ ਹੈ ਜਿਸ ਨੂੰ ਤੁਸੀਂ ਲੱਭ ਰਹੇ ਹੋ ? ਰਾਬੀਆ ਨੇ ਜਵਾਬ ਦਿੱਤਾ—ਮੇਰੀ ਸੂਈ ਗਵਾਚ ਗਈ ਹੈ ਉਸ ਨੂੰ ਮੈਂ ਲੱਭ ਰਹੀ ਹਾਂ। ਇਸ ਗੱਲ ਨੂੰ ਜਾਣ ਕੇ ਹਸਨ ਗੁਆਚੀ ਸੂਈ ਨੂੰ ਰਾਬੀਆ ਦੇ ਨਾਲ ਲੱਭਣ ਲੱਗ ਜਾਂਦਾ ਹੈ। ਕਾਫ਼ੀ ਸਮਾਂ ਸੂਈ ਨੂੰ ਲੱਭਣ ਤੋਂ ਬਾਅਦ ਹਸਨ ਰਾਬੀਆ ਦੇ ਕੋਲੋਂ ਪੁੱਛਦਾ ਹੈ ਕਿ ਰਾਬੀਆ ਸੂਈ ਗਵਾਚੀ ਕਿਸ ਜਗ੍ਹਾ 'ਤੇ ਸੀ? ਰਾਬੀਆ ਨੇ ਜਵਾਬ ਦਿੱਤਾ—ਮੇਰੀ ਸੂਈ ਤਾਂ ਘਰੇ ਗਵਾਚੀ ਸੀ। ਤਾਂ ਅੱਗੋਂ ਹਸਨ ਬੋਲਿਆ—ਜੇਕਰ ਸੂਈ ਘਰੇ ਗਵਾਚੀ ਹੈ ਤਾਂ ਆਪਾਂ ਘਰੇ ਜਾ ਕੇ ਲੱਭਦੇ ਹਾਂ। ਇੱਥੇ ਲੱਭਣ ਦੇ ਵਿਚ ਕੋਈ ਸਾਰ ਨਹੀਂ ਹੈ। ਰਾਬੀਆ ਉਸ ਨੂੰ ਕਹਿਣ ਲੱਗੀ ਕਿ ਘਰੇ ਤਾਂ ਬਹੁਤ ਹਨੇਰਾ ਹੈ (ਪੁਰਾਣੇ ਸਮਿਆਂ ਵਿਚ ਰਾਹਗੀਰਾਂ ਦੀ ਸਹੂਲਤ ਦੇ ਲਈ ਸਮੇਂ ਦਿਆਂ ਰਾਜਿਆਂ ਵੱਲੋਂ ਰਸਤਿਆਂ ਦੇ ਉੱਪਰ ਚਾਨਣ ਦੇ ਲਈ ਮਸ਼ਾਲਾਂ ਜਲਾਈਆਂ ਜਾਂਦੀਆਂ ਸਨ) ਹਸਨ ਬੋਲਿਆ—ਬੇਸ਼ੱਕ ਘਰੇ ਹਨੇਰਾ ਹੈ ਜਿਸ ਜਗ੍ਹਾ ਚੀਜ਼ ਗਵਾਚੀ ਹੈ ਉਸੇ ਜਗ੍ਹਾ ਤੋਂ ਲੱਭਣ 'ਤੇ ਮਿਲ ਸਕਦੀ ਹੈ। ਰਾਬੀਆ ਬੋਲੀ—ਮੈਂ ਵੀ ਤੈਨੂੰ ਕਿੰਨੇ ਸਮੇਂ ਤੋਂ ਸਮਝਾ ਰਹੀ ਹਾਂ ਜਿਸ ਜਗ੍ਹਾ ਤੋਂ ਤੂੰ ਲੱਭ ਰਿਹਾ ਹੈਂ, ਉਸ ਜਗ੍ਹਾ 'ਤੇ ਉਹ ਨਹੀਂ ਹੈ। ਜਿੱਥੇ ਉਹ ਹੈ ਉਸ ਜਗ੍ਹਾ ਤੋਂ ਤੂੰ ਲੱਭਣ ਦੀ ਕੋਸ਼ਿਸ਼ ਨਹੀਂ ਕਰਦਾ। ਜਿਸ ਜਗ੍ਹਾ ਤੋਂ ਤੂੰ ਲੱਭ ਰਿਹਾ ਹੈਂ ਬੇਸ਼ੱਕ ਉਸ ਜਗ੍ਹਾ 'ਤੇ ਬਹੁਤ ਚਾਨਣ ਹੈ ਪਰ ਉਸ ਜਗ੍ਹਾ ਤੋਂ ਲੱਭਣ ਦੇ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋਵੇਗੀ।

ਇਸ ਕਹਾਣੀ ਦਾ ਪ੍ਰਤੱਖ ਦਿਖਾਵਾ ਸਾਨੂੰ ਹਰ ਥਾਂ 'ਤੇ ਦੇਖਣ ਨੂੰ ਮਿਲ ਰਿਹਾ ਹੈ। ਸਦੀਆਂ ਤੋਂ ਧਾਰਮਿਕ ਮਨੁੱਖ ਪਰਮਾਤਮਾ ਨੂੰ ਉਸ ਜਗ੍ਹਾ ਤੋਂ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿੱਥੇ ਪਰਮਾਤਮਾ ਹੈ ਨਹੀਂ। ਪਰਮਾਤਮਾ ਮਨੁੱਖ ਦੇ ਅੰਦਰ ਹੈ, ਪਰ ਮਨੁੱਖ ਆਪਣੇ ਅੰਦਰੋਂ ਲੱਭਣ ਦੀ ਕੋਸ਼ਿਸ਼ ਨਹੀਂ ਕਰਦਾ। ਜਿਸ ਬੋਤਲ ਦੇ ਅੰਦਰ

ਸ਼ਰਾਬ ਹੈ, ਉਸ ਬੋਤਲ ਦੀ ਕੀਮਤ ਵੀ ਹੈ। ਭਾਵੇਂ ਬੋਤਲ ਖ਼ੂਬਸੂਰਤ ਹੋਵੇ ਜੇਕਰ ਉਸ ਦੇ ਅੰਦਰ ਸ਼ਰਾਬ ਨਹੀਂ, ਉਸ ਬੋਤਲ ਦੀ ਕੀ ਕੀਮਤ ਹੈ ? ਖ਼ੂਬਸੂਰਤ ਖ਼ਾਲੀ ਬੋਤਲ ਨੂੰ ਮੂੰਹ ਦੇ ਨਾਲ ਲਗਾਉਣ ਦੇ ਨਾਲ ਨਸ਼ਾ ਤਾਂ ਨਹੀਂ ਚੜ੍ਹ ਸਕਦਾ। ਅੱਜ ਬਹੁਤ ਸਾਰੇ ਲੋਕ ਤੁਹਾਨੂੰ ਮਿਲ ਜਾਣਗੇ ਜੋ ਖ਼ੂਬਸੂਰਤ ਅਤੇ ਖ਼ਾਲੀ ਬੋਤਲਾਂ ਨੂੰ ਆਪਣੇ ਮੂੰਹ ਦੇ ਨਾਲ ਲਗਾਈ ਝੂਮਦੇ ਹੋਏ ਮਿਲਣਗੇ। ਇਨ੍ਹਾਂ ਦਾ ਝੂਮਣਾ ਨਕਲੀ ਅਤੇ ਝੂਠਾ ਹੈ। ਤੁਹਾਨੂੰ ਖ਼ੂਬਸੂਰਤ ਬੋਤਲਾਂ ਵਾਲੇ ਬਹੁਤ ਸਾਰੇ ਲੋਕ ਮਿਲ ਜਾਣੇ ਹਨ, ਜਿੰਨਾ ਚਿਰ ਮਰਜ਼ੀ ਉਨ੍ਹਾਂ ਦੇ ਕੋਲ ਬੈਠ ਕੇ ਉਨ੍ਹਾਂ ਦੇ ਸਤਿਸੰਗ ਸੁਣ ਕੇ ਦੇਖ ਲੈਣਾ। ਇਸ ਦੇ ਨਾਲ ਤੁਹਾਡੀ ਆਤਮਾ ਦੀ ਪਿਆਸ ਨਹੀਂ ਬੁਝੇਗੀ। ਦੇਖਣ ਨੂੰ ਭਾਵੇਂ ਉਨ੍ਹਾਂ ਦੀਆਂ ਬੋਤਲਾਂ ਬਹੁਤ ਖ਼ੂਬਸੂਰਤ ਦਿਖਾਈ ਦੇ ਰਹੀਆਂ ਹਨ, ਹੀਰੇ ਜੜੇ ਹਨ। ਪਰ ਉਨ੍ਹਾਂ ਦੇ ਅੰਦਰ ਉਹ ਸ਼ਰਾਬ ਨਹੀਂ ਹੈ ਜਿਸ ਨੂੰ ਇੱਕ ਵਾਰ ਪੀਣ ਦੇ ਨਾਲ ਜੀਵਨ ਭਰ ਨਸ਼ਾ ਨਹੀਂ ਉਤਰਦਾ। ਬਾਹਰ ਦੀ ਖੋਜ ਮੰਜ਼ਲ ਤੋਂ ਉਲਟੀ ਦਿਸ਼ਾ ਵੱਲ ਨੂੰ ਗਤੀ ਕਰਨਾ ਹੈ। ਫ਼ੈਸਲਾ ਮਨੁੱਖ ਨੇ ਆਪ ਕਰਨਾ ਹੈ, ਇਸ ਨੇ ਪਾਰਬ੍ਰਹਮ ਨੂੰ ਜਾਣਨਾ ਹੈ ਜਾਂ ਆਪਣੀ ਆਤਮਾ ਦੀ ਆਵਾਜ਼ ਨੂੰ ਚੁੱਪ ਕਰਵਾਉਣ ਦੇ ਲਈ ਕੇਵਲ ਖ਼ਾਨਾ ਪੂਰਤੀ ਕਰਨੀ ਹੈ। ਮਨੁੱਖ ਦੇ ਕਰਮ ਤਦ ਤੱਕ ਠੀਕ ਨਹੀਂ ਹੋ ਸਕਦੇ, ਜਿੰਨਾ ਚਿਰ ਤੱਕ ਸੁਰਤੀ ਸਹਿਜ ਅਵਸਥਾ ਦੇ ਅਨੰਦ ਨੂੰ ਆਪ ਅਨੁਭਵ ਨਹੀਂ ਕਰ ਲੈਂਦੀ। ਸੁਰਤੀ ਨੂੰ ਵਿਚਾਰਾਂ ਤੋਂ ਮੁਕਤ ਕਰਨ ਤੋਂ ਬਾਅਦ ਹੀ ਕੀਤੇ ਗਏ ਕਾਰਜ ਆਪਣੇ ਆਪ ਠੀਕ ਹੋ ਜਾਂਦੇ ਹਨ। ਆਪਣੇ ਵੱਲੋਂ ਸਹੀ ਜਾਂ ਗ਼ਲਤ ਜਾਣ ਕੇ ਕਰਮਾਂ ਨੂੰ ਕਰਨ ਦੀ ਲੋੜ ਨਹੀਂ ਪੈਂਦੀ। ਜੇਕਰ ਅਜੇ ਵੀ ਦੋਨਾਂ ਦੇ ਵਿੱਚੋਂ ਚੋਣ ਕਰਨੀ ਪੈ ਰਹੀ ਹੈ ਤਾਂ ਇਹ ਮਨ ਦੀ ਕਿਰਿਆ ਹੈ, ਅਜੇ ਆਤਮਾ ਸ਼ਕਤੀਹੀਣ ਹੈ।

ਉਸ ਨੂੰ ਜਾਨਣਾ ਹੈ ਜੋ ਸਾਡੇ ਅੰਦਰ ਦੇਖ ਰਿਹਾ ਹੈ, ਜੋ ਸੁਣ ਰਿਹਾ ਹੈ, ਜੋ ਮਹਿਸੂਸ ਕਰਦਾ ਹੈ, ਜੋ ਇਹਨਾਂ ਇੰਦਰੀਆਂ ਦੇ ਸੌਣ ਤੋਂ ਬਾਅਦ ਵੀ ਅੰਦਰ ਜਾਗਦਾ ਰਹਿੰਦਾ ਹੈ। ਜੋ ਸਾਨੂੰ ਸਵੇਰੇ ਦੱਸਦਾ ਹੈ ਅੱਜ ਰਾਤ ਨੂੰ ਨੀਂਦ ਬਹੁਤ ਚੰਗੀ ਆਈ ਸੀ। ਰਾਤ ਨੂੰ ਸੁੱਤਿਆਂ ਸੁਫ਼ਨਿਆਂ ਦੇ ਵਿਚ ਕੀ ਕੀ ਹੋਇਆ ਸੀ। ਉਹ ਕੌਣ ਹੈ ਉਸ ਨੂੰ ਲੱਭਣਾ ਹੈ। ਜਦੋਂ ਤੁਸੀਂ ਉਸ ਨੂੰ ਖੋਜਿਆ ਤਾਂ ਤੁਹਾਨੂੰ ਇੱਕ ਨਾ ਇੱਕ ਦਿਨ ਉਹ ਜ਼ਰੂਰ ਮਿਲ ਜਾਵੇਗਾ। ਤੁਸੀਂ ਉਸ ਨੂੰ ਆਪਣੇ ਅੰਦਰੋਂ ਖ਼ਤਮ ਕਰਦੇ ਜਾਣਾ ਹੈ ਜਿਸ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਜਿਸ ਨੂੰ ਤੁਸੀਂ ਚਾਹ ਕੇ ਵੀ ਆਪਣੇ ਅੰਦਰੋਂ ਖ਼ਤਮ ਨਹੀਂ ਕਰ ਸਕਦੇ, ਉਸ ਨੂੰ ਜਾਣ ਲੈਣਾ ਹੀ ਆਤਮ ਗਿਆਨ ਹੈ। ਸਾਧਕ ਨੇ ਆਪਣੇ ਅੰਦਰੋਂ ਸਾਧਨਾ ਦੇ ਰਾਹੀਂ ਉਸ ਨੂੰ ਖ਼ਤਮ ਕਰਦੇ ਜਾਣਾ ਹੈ ਜਿਸ ਦੇ ਪੈਦਾ ਹੋਣ ਦੇ ਨਾਲ ਹੀ ਮਨ ਦੇ ਅੰਦਰ ਵਿਚਾਰ ਪੈਦਾ ਹੋਈ ਜਾ ਰਹੇ ਹਨ। ਸੰਸਾਰ ਸਾਨੂੰ ਬਾਹਰ ਵੱਲ ਨੂੰ ਖਿੱਚਦਾ ਹੈ ਜਦਕਿ ਗਤੀ ਅਸੀਂ ਆਪਣੇ ਅੰਦਰ ਵੱਲ ਨੂੰ ਕਰਨੀ ਹੈ। ਜੋ ਮਨੁੱਖ ਆਪਣੇ ਆਪ ਨੂੰ ਜਾਣ ਲੈਂਦਾ ਹੈ, ਉਹ ਮਨੁੱਖ ਸਾਰੇ ਬ੍ਰਹਮ ਨੂੰ ਵੀ ਜਾਣ ਲਵੇਗਾ। ਬੇਸ਼ੱਕ ਮਨੁੱਖ ਨੇ ਸਾਰੇ ਸੰਸਾਰ ਨੂੰ ਜਾਣ ਲਿਆ ਹੈ ਤਾਂ ਵੀ ਇਸ ਦੇ ਵਿਚ ਕੋਈ ਸਾਰ ਨਹੀਂ ਹੈ। ਜੇਕਰ ਮਨੁੱਖ ਨੇ ਆਪਣੇ ਆਪ ਨੂੰ ਨਹੀਂ ਜਾਣਿਆ, ਜੋ ਮਨੁੱਖ ਇਹ ਸੋਚ ਰਿਹਾ ਹੈ ਜ਼ਿਆਦਾ ਨਾਮ ਜਪ ਕੇ ਉਸ ਸ਼ਕਤੀ ਦੇ ਕੋਲ ਪਹੁੰਚਿਆ

ਜਾ ਸਕਦਾ ਹੈ ਤਾਂ ਇਹ ਇੱਕ ਭੁੱਲ ਹੈ। ਸਾਡੇ ਦੁਆਰਾ ਕੀਤੇ ਜਾ ਰਹੇ ਮਾਮੂਲੀ ਜਿਹੇ ਕਰਮਾਂ ਦੇ ਬਦਲੇ ਬ੍ਰਹਮ ਨੂੰ ਨਹੀਂ ਜਾਣਿਆ ਜਾ ਸਕਦਾ। ਕੇਵਲ ਸਾਡਾ ਪਿਆਰ ਅਤੇ ਸਾਧਨਾ ਹੀ ਉਸ ਨੂੰ ਸਾਡੇ ਕੋਲ ਖਿੱਚ ਕੇ ਲਿਆ ਸਕਦੀ ਹੈ। ਸੰਸਾਰੀ ਪਦਾਰਥਾਂ ਦੀ ਖਿੱਚ ਮਨੁੱਖ ਨੂੰ ਆਪਣੇ ਆਪ ਤੋਂ ਦੂਰ ਲੈ ਜਾਂਦੀ ਹੈ। ਜੋ ਮਨੁੱਖ ਗ਼ਲਤ ਤਰੀਕੇ ਦੇ ਨਾਲ ਬਾਹਰੀ ਸ਼ਕਤੀ ਨੂੰ ਇਕੱਤਰ ਕਰ ਲੈਂਦਾ ਹੈ, ਉਸ ਮਨੁੱਖ ਦੀ ਆਤਮਾ ਦੀ ਗੁਣਵੱਤਾ ਭਾਵ ਕੁਆਲਿਟੀ ਘੱਟਦੀ ਜਾਣੀ ਹੈ।

ਇਸ ਬ੍ਰਹਮ ਦੇ ਅੰਦਰ ਜਿੰਨੀਆਂ ਵੀ ਆਤਮਾਵਾਂ ਹਨ ਤੇ ਉਹ ਸਾਰੀਆਂ ਇਕ ਦੂਜੇ ਵਰਗੀਆਂ ਹੀ ਹਨ, ਕੇਵਲ ਕੁਆਲਿਟੀ ਦਾ ਅੰਤਰ ਹੈ। ਮਨੁੱਖ ਦੇ ਅੰਦਰ ਜੋ ਜੀਵ ਆਤਮਾ ਹੈ ਉਹ ਕਰਤਾ ਹੈ, ਮਨ ਇੱਕ ਮਸ਼ੀਨ ਤੋਂ ਜ਼ਿਆਦਾ ਨਹੀਂ ਹੈ। ਚੱਲਦੀ ਤਾਂ ਸਾਰੀ ਆਤਮਾ ਦੀ ਹੀ ਹੈ, ਮਨ ਤਾਂ ਬੱਸ ਹੁਕਮ ਦੀ ਪਾਲਨਾ ਕਰਨ ਵਾਲਾ ਇੱਕ ਪਹਿਰੇਦਾਰ ਹੈ। ਬ੍ਰਹਮ ਅਗਨ ਦਾ ਪ੍ਰਕਾਸ਼ ਨਾਭੀ ਕੇਂਦਰ ਤੋਂ ਗਤੀ ਕਰਦਾ ਹੋਇਆ ਜਦੋਂ ਮਸਤਕ ਦੇ ਅੰਦਰ ਪਰਵੇਸ਼ ਕਰਨ ਲੱਗ ਜਾਵੇਗਾ ਤਾਂ ਮਨ ਦੇ ਕੋਲ ਇੱਕ ਅਸੀਮ ਸ਼ਕਤੀ ਆ ਜਾਣੀ ਹੈ। ਉਸ ਤੋਂ ਬਾਅਦ ਮਨ ਆਤਮਾ ਨੂੰ ਆਪਣੇ ਕਹੇ ਅਨੁਸਾਰ ਕਾਰਜ ਕਰਨ ਦੇ ਲਈ ਮਜਬੂਰ ਕਰ ਸਕਦਾ ਹੈ। ਇੱਕ ਵਾਰ ਮਨ ਨੂੰ ਪ੍ਰਾਣ ਊਰਜਾ ਦੀ ਸ਼ਕਤੀ ਨਾਲ ਸ਼ਕਤੀਸ਼ਾਲੀ ਕਰਨਾ ਪਵੇਗਾ। ਮਨੁੱਖ ਆਪਣੇ ਮਨ ਨੂੰ ਪ੍ਰਾਣ ਪ੍ਰਕਾਸ਼ ਦੇ ਨਾਲ ਨਿਰਮਲ ਕਰ ਸਕਦਾ ਹੈ। ਜਿਸ ਤਰ੍ਹਾਂ ਮੈਲੇ ਕੱਪੜੇ ’ਤੇ ਲੱਗੇ ਦਾਗ਼ ਨੂੰ ਉਤਾਰਨ ਲਈ ਸਾਬਣ ਦੀ ਮਦਦ ਲੈਣੀ ਪੈਂਦੀ ਹੈ, ਇਸੇ ਹੀ ਤਰ੍ਹਾਂ ਮਲੀਨ ਆਤਮਾ ਨੂੰ ਸਾਧਨਾ ਰੂਪੀ ਸਾਬਣ ਨਾਲ ਸਾਫ਼ ਕਰਨਾ ਪੈਣਾ ਹੈ। ਆਤਮਾ ਦੀ ਰੁਚੀ ਇੰਦਰੀਆਂ ਦੇ ਰਾਹੀਂ ਭੋਗਾਂ ਨੂੰ ਭੋਗਣ ਦੇ ਵਿਚ ਹੈ, ਭਾਵ ਬੁਰੀ ਸੰਗਤ ਵਿਚ ਜਾਣ ਦੇ ਨਾਲੋਂ ਧਾਰਮਿਕ ਅਸਥਾਨਾਂ ’ਤੇ ਜਾ ਕੇ ਤੁਸੀਂ ਸੇਵਾ ਕਰ ਸਕਦੇ ਹੋ। ਮਨ ਅਤੇ ਆਤਮਾ ਕੇਵਲ ਵਿਚਾਰਾਂ ਦੇ ਰਾਹੀਂ ਹੀ ਕਾਰਜ ਕਰਦੇ ਹਨ। ਇਸੇ ਹੀ ਤਰ੍ਹਾਂ ਜਦੋਂ ਵੀ ਆਤਮਾ ਵਿਸ਼ੇ-ਵਿਕਾਰਾਂ ਦੇ ਭੋਗਾਂ ਨੂੰ ਭੋਗਣ ਲਈ ਵਿਚਾਰਾਂ ਦੇ ਰਾਹੀਂ ਗਤੀ ਕਰਦੀ ਹੈ ਤਾਂ ਇਸ ਨੂੰ ਪਿਆਰ ਦੇ ਨਾਲ ਸਮਝਾਇਆ ਜਾ ਸਕਦਾ ਹੈ। ਜੇ ਆਤਮਾ ਮਨ ਨੂੰ ਆਪਣੀ ਮਰਜ਼ੀ ਦੇ ਨਾਲ ਚਲਾਈ ਜਾ ਰਹੀ ਹੈ ਤਾਂ ਮਨ ਅਜੇ ਐਨਾ ਸ਼ਕਤੀਸ਼ਾਲੀ ਨਹੀਂ ਹੈ, ਜੋ ਆਤਮਾ ਨੂੰ ਉਸ ਦੀ ਮਨਮਾਨੀ ਕਰਨ ਤੋਂ ਰੋਕ ਸਕੇ। ਵੈਸੇ ਦੇਖਣ ਦੇ ਵਿਚ ਇਹ ਭਰਮ ਪੈ ਸਕਦਾ ਹੈ ਕਿ ਆਤਮਾ ਅਤੇ ਮਨ ਇੱਕ ਹੀ ਹਨ ਪਰ ਇਹ ਸੱਚ ਨਹੀਂ ਹੈ। ਮਨੁੱਖ ਨੂੰ ਪਤਾ ਵੀ ਹੈ ਕਿ ਮਿੱਠੀਆਂ ਚੀਜ਼ਾਂ ਨੂੰ ਖਾਣ ਦੇ ਨਾਲ ਉਸ ਦੇ ਸਰੀਰ ਅੰਦਰ ਸ਼ੂਗਰ ਦਾ ਪੱਧਰ ਵੱਧ ਜਾਣਾ ਹੈ, ਜਿਸ ਕਾਰਨ ਸਰੀਰ ਨੂੰ ਕਈ ਬਿਮਾਰੀਆਂ ਦੇ ਰਾਹੀਂ ਦੁੱਖਾਂ ਨੂੰ ਭੋਗਣਾ ਪੈ ਸਕਦਾ ਹੈ। ਪਰ ਫਿਰ ਵੀ ਆਤਮਾ ਜੀਭ ਦੇ ਰਾਹੀਂ ਰਸਾਂ ਨੂੰ ਭੋਗਣਾ ਚਾਹੁੰਦੀ ਹੈ। ਮਨੁੱਖ ਦਾ ਮਨ ਜਿੰਨੀ ਮਰਜ਼ੀ ਕੋਸ਼ਿਸ਼ ਕਰ ਕੇ ਦੇਖ ਲਵੇ, ਉਸ ਨੇ ਹਾਰ ਜਾਣਾ ਹੈ। ਇਸੇ ਹੀ ਤਰ੍ਹਾਂ ਨਸ਼ਾ ਕਰਨ ਵਾਲੇ ਮਨੁੱਖ ਨੂੰ ਇਸ ਗੱਲ ਦਾ ਪਤਾ ਹੈ ਕਿ ਨਸ਼ਾ ਕਰਨ ਦੇ ਨਾਲ ਉਸ ਦੇ ਸਰੀਰ ਨੇ ਹੌਲੀ ਹੌਲੀ ਕਰਕੇ ਖ਼ਤਮ ਹੁੰਦੇ ਜਾਣਾ ਹੈ, ਪਰ ਉਹ ਆਪਣੇ ਆਪ ਨੂੰ ਰੋਕ ਨਹੀਂ ਪਾਉਂਦਾ। ਸ਼ਾਂਤ ਮਨ ਦੇ ਨਾਲ ਵਾਅਦਾ ਕੀਤਾ ਸੀ ਕਿਸੇ ਦੇ ਨਾਲ ਲੜਾਈ ਝਗੜਾ ਨਹੀਂ ਕਰਨਾ ਹੈ।

ਪਰ ਹੋਇਆ ਸਾਰਾ ਕੁੱਝ ਦੁਬਾਰਾ ਉਸੇ ਹੀ ਤਰ੍ਹਾਂ ਹਰ ਵਾਰ ਦੁਹਰਾਇਆ ਜਾਂਦਾ ਹੈ। ਜੀਵਨ ਭਰ ਇਹ ਸਮੱਸਿਆ ਬਣੀ ਰਹਿੰਦੀ ਹੈ ਕਿ ਇਸ ਦੇ ਕੀ ਕਾਰਨ ਹਨ ? ਮਨ ਨੂੰ ਆਤਮਾ ਚਲਾਉਂਦੀ ਹੈ, ਨਾ ਕਿ ਮਨ ਆਤਮਾ ਨੂੰ ਚਲਾ ਰਿਹਾ ਹੈ। ਕੁੱਝ ਨਾ ਕਰਨ ਦਾ ਫ਼ੈਸਲਾ ਸ਼ਾਂਤ ਮਨ ਨੇ ਕੀਤਾ ਸੀ ਪਰ ਕਰਤਾ ਕੋਈ ਹੋਰ ਹੈ। ਆਤਮਾ ਦੁਆਰਾ ਕੀਤੇ ਕਰਮਾਂ ਦੇ ਸੰਸਕਾਰ ਕਾਰਨ ਸਰੀਰ ਦੇ ਅੰਦਰ ਜਮ੍ਹਾਂ ਹੋਈ ਜਾਂਦੇ ਹਨ। ਜਦੋਂ ਵੀ ਸਰੀਰ ਖ਼ਤਮ ਹੋ ਜਾਵੇਗਾ ਤਾਂ ਜੀਵ ਆਤਮਾ ਨੂੰ ਕੀਤੇ ਗਏ ਕਰਮਾਂ ਦੇ ਫਲਾਂ ਨੂੰ ਭੋਗਣ ਲਈ ਅਗਲੀ ਜੂਨੀ ਵਿਚ ਜਨਮ ਲੈਣਾ ਪਵੇਗਾ। ਮਨ ਨਵੀਂ ਜੂਨੀ ਦੇ ਹਿਸਾਬ ਨਾਲ ਜੀਵ ਆਤਮਾ ਨੂੰ ਨਵਾਂ ਮਿਲ ਜਾਂਦਾ ਹੈ। ਇਸ ਮਨ ਨੇ ਤਾਂ ਸਰੀਰ ਦੇ ਨਾਲ ਹੀ ਖ਼ਤਮ ਹੋ ਜਾਣਾ ਹੈ। ਆਤਮਾ ਮਨ ਦੇ ਅੰਦਰ ਵਾਲੇ ਵਿਚਾਰਾਂ ਦੇ ਰਾਹੀਂ ਗਤੀ ਕਰਦੀ ਹੈ। ਜੇਕਰ ਅਸੀਂ ਆਪਣੇ ਅੰਦਰ ਕੁੱਝ ਸਮੇਂ ਲਈ ਚੰਗੇ ਵਿਚਾਰਾਂ ਦੀ ਸੰਗਤ ਕਰਦੇ ਹਾਂ ਤਾਂ ਇਸ ਨਾਲ ਬਹੁਤ ਮਦਦ ਮਿਲ ਸਕਦੀ ਹੈ। ਜਿੰਨਾ ਚਿਰ ਪਾਰਬ੍ਰਹਮ ਦੇ ਨਾਲ ਮੇਲ ਨਹੀਂ ਹੋ ਜਾਂਦਾ, ਤਦ ਤੱਕ ਅੰਦਰ ਪੈਦਾ ਹੋਏ ਬੁਰੇ ਵਿਚਾਰਾਂ ਨੂੰ ਕੇਵਲ ਦੇਖਣਾ ਹੈ, ਨਾ ਤਾਂ ਕੁੱਝ ਕਰਨ ਦਾ ਫ਼ੈਸਲਾ ਕਰਨਾ ਹੈ ਅਤੇ ਨਾ ਹੀ ਕੁੱਝ ਨਾ ਕਰਨ ਦਾ ਫ਼ੈਸਲਾ ਕਰਨਾ ਹੈ। ਜੇਕਰ ਫ਼ੈਸਲਾ ਕਰ ਵੀ ਲਿਆ ਤਾਂ ਤੁਸੀਂ ਹਾਰ ਜਾਣਾ ਹੈ। ਮਨ ਦੇ ਅੰਦਰ ਆਏ ਵਿਚਾਰ ਨੇ ਕੁੱਝ ਛਿਣਾਂ ਦੇ ਵਿਚ ਆ ਕੇ ਚਲੇ ਜਾਣਾ ਹੈ। ਕਿਸੇ ਵੀ ਵਿਚਾਰ ਵਿਚ ਐਨੀ ਸ਼ਕਤੀ ਨਹੀਂ ਹੁੰਦੀ ਕਿ ਉਹ ਚੇਤਨਾ ਦੇ ਆਕਾਸ਼ ਉੱਪਰ ਜ਼ਿਆਦਾ ਚਿਰ ਠਹਿਰ ਸਕੇ। ਬੱਸ ਕੁੱਝ ਪਲਾਂ ਦੇ ਲਈ ਆਪਣੇ ਆਪ ਨੂੰ ਰੋਕ ਲੈਣਾ ਹੈ। ਆਪਣੇ ਅੰਤਰ ਧਿਆਨ ਹੋ ਕੇ ਇਸ ਕਿਰਿਆ ਨੂੰ ਕੇਵਲ ਦੇਖਣਾ ਹੈ। ਇਸ ਮਹਾਂ ਮੰਤਰ ਦਾ ਵਾਰ ਵਾਰ ਪ੍ਰਯੋਗ ਕਰਨਾ ਹੈ। ਫਿਰ ਦੇਖਣਾ ਜ਼ਿੰਦਗੀ ਦੇ ਵਿਚ ਕਿੱਡੇ ਵੱਡੇ ਪਰਿਵਰਤਨ ਹੋਣ ਲੱਗ ਜਾਣੇ ਹਨ। ਕੇਵਲ ਓਨਾ ਚਿਰ ਇਸ ਤਰ੍ਹਾਂ ਹੀ ਕਰਨ ਦੀ ਲੋੜ ਹੈ, ਜਿੰਨਾ ਚਿਰ ਤੱਕ ਸੁਰਤੀ ਆਤਮਾ ਤੱਤ ਦੇ ਵਿਚ ਵਾਪਸ ਪਰਤ ਨਹੀਂ ਆਉਂਦੀ। ਸਾਧਨਾ ਕਰਨ ਦੇ ਨਾਲ ਸੰਸਕਾਰਾਂ ਦੀ ਮੈਲ ਖ਼ਤਮ ਹੋ ਜਾਣੀ ਹੈ ਤਾਂ ਮਨ ਨੇ ਆਤਮਾ ਦੇ ਵਿਚ ਅਤੇ ਆਤਮਾ ਨੇ ਸਹਿਜ ਤੱਤ ਦੇ ਵਿਚ ਠਹਿਰ ਜਾਣਾ ਹੈ। ਮਨੁੱਖ ਦਾ ਸਰੀਰ ਸਥੂਲ ਹੈ ਅਤੇ ਆਤਮਾ ਸੂਖਮ ਹੈ। ਇਨ੍ਹਾਂ ਦੋਨਾਂ ਦੇ ਵਿਚਕਾਰ ਮਨ ਹੈ। ਮਨੁੱਖ ਦਾ ਮਨ ਆਤਮਾ ਨੂੰ ਪਰਮ ਅਨੰਦ ਅਤੇ ਮੁਕਤੀ ਨੂੰ ਪ੍ਰਾਪਤ ਕਰਨ ਦੇ ਵਿਚ ਇਸ ਦੀ ਮਦਦ ਕਰ ਸਕਦਾ ਹੈ। ਜਿਸ ਮਨੁੱਖ ਦਾ ਮਨ ਵਿਚਾਰਾਂ ਤੋਂ ਮੁਕਤ ਹੋ ਜਾਂਦਾ ਹੈ, ਉਸ ਮਨੁੱਖ ਦੀ ਆਤਮਾ ਸਰੀਰ ਨੂੰ ਤਿਆਗਣ ਤੋਂ ਬਾਅਦ ਪਾਰਬ੍ਰਹਮ ਦੇ ਅਮਰ ਤੱਤ ਦੇ ਵਿਚ ਸਦਾ ਦੇ ਲਈ ਲੀਨ ਹੋ ਜਾਂਦੀ ਹੈ। ਇਹ ਅਵਸਥਾ ਕੇਵਲ ਉਨ੍ਹਾਂ ਮਨੁੱਖ ਦੇ ਜੀਵਨ ਵਿਚ ਬਣਦੀ ਹੈ ਜੋ ਆਪਣੀਆਂ ਖ਼ੁਦ ਦੀਆਂ ਅੱਖਾਂ ਦੇ ਰਾਹੀਂ ਦੇਖਣਾ ਸ਼ੁਰੂ ਕਰ ਦੇਂਦੇ ਹਨ। ਕਿਸੇ ਹੋਰ ਦੇ ਗਿਆਨ ਨੂੰ ਪੜ੍ਹ ਲੈਣ ਦੇ ਨਾਲ ਜਾਂ ਕਿਸੇ ਹੋਰ ਦੀ ਉਂਗਲੀ ਫੜੀ ਕੰਮ ਨਹੀਂ ਆਵੇਗੀ। ਹਰ ਇੱਕ ਮਨੁੱਖ ਨੂੰ ਆਪਣੀ ਮੌਤ ਦੇ ਵਿਚ ਆਪ ਪਰਵੇਸ਼ ਕਰਨਾ ਪੈਂਦਾ ਹੈ। ਜੇਕਰ ਆਤਮ ਗਿਆਨ ਦੀ ਪ੍ਰਾਪਤੀ ਕਿਸੇ ਮਨੁੱਖ ਨੂੰ ਗੁਰੂ ਧਾਰਨ ਦੇ ਨਾਲ ਹੋ ਜਾਂਦੀ ਤਾਂ ਸਾਰੀ ਦੁਨੀਆਂ ਨੇ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਣਾ ਸੀ। ਆਤਮ

ਗਿਆਨ ਅਤੇ ਅਨੁਭਵ ਆਪਣਾ ਹੀ ਕੰਮ ਆਉਂਦਾ ਹੈ। ਮਨੁੱਖ ਨੂੰ ਅੱਖਾਂ ਖੋਲ੍ਹ ਕੇ ਸਥੂਲ ਜਗਤ ਦਿਖਾਈ ਦੇਂਦਾ ਹੈ। ਮਨੁੱਖ ਸਾਧਨਾ ਦੇ ਵਿਚ ਆਪਣੀਆਂ ਅੱਖਾਂ ਨੂੰ ਬੰਦ ਕਰ ਕੇ ਸੂਖਮ ਜਗਤ ਤੋਂ ਵੀ ਅਗਲੇ ਜਗਤ ਨੂੰ ਦੇਖ ਸਕਦਾ ਹੈ। ਜੋ ਮਨੁੱਖ ਸਾਧਨਾ ਦੇ ਰਾਹੀਂ ਆਪਣੇ ਅੰਦਰ ਲਗਾਤਾਰ ਚੱਲਣ ਵਾਲੇ ਵਿਚਾਰਾਂ ਦੀ ਲੜੀ ਨੂੰ ਤੋੜਨ ਦੇ ਵਿਚ ਸਫਲ ਹੋ ਜਾਵੇਗਾ, ਉਸੇ ਮਨੁੱਖ ਦਾ ਪਰਵੇਸ਼ ਇਸ ਸੂਖਮ ਜਗਤ ਦੇ ਵਿਚ ਹੋ ਜਾਣਾ ਹੈ। ਆਤਮਾ ਅਤੇ ਪਰਮਾਤਮਾ ਦੇ ਵਿਚਕਾਰ ਵਿਚਾਰਾਂ ਦੀ ਜੋ ਦੀਵਾਰ ਹੈ, ਉਸ ਦੇ ਪਾਰ ਝਾਕਣ ਵਾਲੇ ਮਨੁੱਖ ਦੇ ਲਈ ਸਾਰੇ ਰਾਜ਼ ਆਪਣੇ ਆਪ ਖੁੱਲ੍ਹ ਜਾਂਦੇ ਹਨ। ਮਨੁੱਖ ਪਰਮਾਤਮਾ ਦੇ ਅੰਦਰ ਹੋਣ ਦੇ ਬਾਵਜੂਦ ਵੀ ਉਸ ਅਨੰਦ ਨੂੰ ਮਾਣੇ ਬਿਨਾਂ ਆਪਣਾ ਸਾਰਾ ਜੀਵਨ ਬਤੀਤ ਕਰਦਾ ਹੈ। ਮਨ ਸੁਰਤੀ ਅਤੇ ਆਤਮਾ ਜਦੋਂ ਇਹ ਤਿੰਨੇ ਇਕੱਠੇ ਨਿਰ-ਵਿਚਾਰ ਸਮਾਧੀ ਅੰਦਰ ਪਰਵੇਸ਼ ਕਰਦੇ ਹਨ ਤਾਂ ਮਨੁੱਖ ਦਾ ਪਰਵੇਸ਼ ਪਾਰਬ੍ਰਹਮ ਦੇ ਅੰਦਰ ਹੋ ਜਾਂਦਾ ਹੈ। ਇਸ ਅਵਸਥਾ ਵਿਚ ਸਰੀਰ ਮਨ ਅਤੇ ਆਤਮਾ ਇੱਕ ਦੂਜੇ ਦੇ ਵਿਚ ਸਮਾ ਜਾਂਦੇ ਹਨ। ਉਸ ਤੋਂ ਬਾਅਦ ਸੁਰਤੀ ਗਗਨ ਗੁਫ਼ਾ ਦੇ ਅੰਦਰ ਵਾਪਸ ਆ ਜਾਂਦੀ ਹੈ ਅਤੇ ਆਤਮਾ ਬ੍ਰਹਮ ਤੱਤ ਦੇ ਵਿਚ ਲੀਨ ਹੋ ਜਾਂਦੀ ਹੈ। ਮਨੁੱਖ ਅਤੇ ਪਾਰਬ੍ਰਹਮ ਦੇ ਵਿਚ ਕੋਈ ਭੇਦ ਨਹੀਂ ਰਹਿ ਗਿਆ, ਬੂੰਦ ਸਾਗਰ ਦੇ ਵਿਚ ਸਮਾ ਕੇ ਉਸੇ ਦਾ ਹੀ ਰੂਪ ਹੋ ਗਈ ਹੈ। ਜਿਸ ਤਰ੍ਹਾਂ ਬਲਬ ਬਿਜਲੀ ਦੀ ਮਦਦ ਨਾਲ ਪ੍ਰਕਾਸ਼ਮਾਨ ਹੋ ਜਾਂਦਾ ਹੈ, ਇਸੇ ਹੀ ਤਰ੍ਹਾਂ ਇਨ੍ਹਾਂ ਤਿੰਨਾਂ ਸ਼ਕਤੀਆਂ ਦੀ ਮਦਦ ਨਾਲ ਆਤਮਾ ਨੇ ਇੱਕ ਦੀਪਕ ਦੇ ਪ੍ਰਕਾਸ਼ ਵਾਂਗੂੰ ਪਾਰਬ੍ਰਹਮ ਰੂਪੀ ਮਹਾਂ ਆਕਾਸ਼ ਦੇ ਵਿਚ ਲੀਨ ਹੋ ਜਾਣਾ ਹੈ। ਜੋ ਮਨੁੱਖ ਇਸ ਤੱਤ ਨੂੰ ਅਨੁਭਵ ਕਰਨ ਲੱਗ ਜਾਂਦਾ ਹੈ, ਉਹੀ ਮੁਕਤ ਹੈ। ਇਸ ਅਵਸਥਾ ਨੂੰ ਅਨੁਭਵ ਕਰਨ ਵਾਲੇ ਮਨੁੱਖ ਦੇ ਸਾਰੇ ਸੰਸੇ ਆਪਣੇ ਆਪ ਖ਼ਤਮ ਹੋ ਜਾਂਦੇ ਹਨ। ਇਸ ਅਵਸਥਾ ਅੰਦਰ ਪਰਵੇਸ਼ ਕਰਨ ਵਾਲੇ ਮਨੁੱਖ ਨੇ ਇੱਕ ਐਸਾ ਅੰਮ੍ਰਿਤ ਨੂੰ ਪੀ ਲਿਆ ਹੈ ਜਿਸ ਨੇ ਆਤਮਾ ਦੇ ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰ ਦੇਣਾ ਹੈ। ਜਿਵੇਂ ਦੋ ਮੋਮਬੱਤੀਆਂ ਨੂੰ ਜਲਾ ਕੇ ਉਨ੍ਹਾਂ ਦੇ ਪ੍ਰਕਾਸ਼ ਨੂੰ ਇੱਕ ਦੂਜੇ ਦੇ ਕਰੀਬ ਲੈ ਆਈਏ ਤਾਂ ਉਨ੍ਹਾਂ ਦੋਨਾਂ ਦੇ ਪ੍ਰਕਾਸ਼ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ। ਜਿੰਨਾ ਚਿਰ ਤੱਕ ਉਨ੍ਹਾਂ ਦਾ ਪ੍ਰਕਾਸ਼ ਇੱਕ ਦੂਜੇ ਦੇ ਕਰੀਬ ਰਹਿੰਦਾ ਹੈ, ਇਸੇ ਹੀ ਤਰ੍ਹਾਂ ਮਨੁੱਖ ਦੀ ਚੇਤਨਾ ਸ਼ਕਤੀ ਜਦੋਂ ਮਹਾਂ ਚੇਤਨਾ ਦੇ ਵਿਚ ਸਮਾ ਜਾਂਦੀ ਹੈ ਤਾਂ ਇਸ ਨੇ ਵੀ ਉਸੇ ਦਾ ਹੀ ਰੂਪ ਹੋ ਜਾਣਾ ਹੈ। ਇਸ ਅਵਸਥਾ ਵਿਚ ਹੁਣ ਦੋ ਨਹੀਂ ਹਨ। ਮਨੁੱਖ ਪਾਰਬ੍ਰਹਮ ਦੇ ਉਸ ਤੱਤ ਦੇ ਵਿਚ ਪਰਵੇਸ਼ ਕਰ ਚੁੱਕਾ ਹੈ ਜੋ ਪਰਿਵਰਤਨ ਰਹਿਤ ਤੇ ਅਚੱਲ ਹੈ। ਜਦੋਂ ਵਿਚਾਰ ਆ ਜਾਵੇਗਾ, ਫਿਰ ਦੋ ਹੋ ਜਾਣਗੇ। ਜਦੋਂ ਵਿਚਾਰ ਚਲਾ ਗਿਆ, ਫਿਰ ਇਸੇ ਹੀ ਤਰ੍ਹਾਂ ਇਹ ਕਿਰਿਆ ਚੱਲਦੀ ਰਹੇਗੀ। ਇੱਕ ਸਮਾਂ ਐਸਾ ਆ ਜਾਵੇਗਾ. ਜਦੋਂ ਵਿਚਾਰ ਪੂਰੀ ਤਰ੍ਹਾਂ ਆਉਣੇ ਬੰਦ ਹੋ ਜਾਣੇ ਹਨ। ਉਸ ਤੋਂ ਬਾਅਦ ਇੱਕ ਹੀ ਵਿਚਾਰ ਬਾਕੀ ਰਹਿ ਜਾਵੇਗਾ। ਇਸ ਅਵਸਥਾ ਵਿਚ ਪਰਵੇਸ਼ ਕਰਨ ਤੋਂ ਬਾਅਦ ਮਨੁੱਖ ਕਹਿੰਦਾ ਹੈ ਕਿ ਮੈਂ ਹੀ ਪਰਮਾਤਮਾ ਹਾਂ, ਪਰਮਾਤਮਾ ਹੀ ਮੈਂ ਹਾਂ। ਇਹ ਗੱਲ ਸੱਚ ਹੈ, ਪਰਮਾਤਮਾ ਦੇ ਇਲਾਵਾ ਹੋਰ ਕੁੱਝ ਵੀ ਨਹੀਂ ਹੈ। ਉਸ ਦਾ ਹੋਣਾ ਸੱਚ ਹੈ ਬਾਕੀ ਸਭ ਕੁੱਝ ਮਿਥਿਆ

ਹੈ, ਝੂਠ ਹੈ। ਆਤਮਾ ਗਿਆਨ ਨੂੰ ਪ੍ਰਾਪਤ ਕਰਨ ਤੋਂ ਬਾਅਦ ਆਤਮਾ ਦੇ ਕੋਲ ਬਹੁਤ ਜ਼ਿਆਦਾ ਪ੍ਰਕਾਸ਼ ਆ ਜਾਂਦਾ ਹੈ। ਜਦੋਂ ਆਤਮਾ ਸਰੀਰ ਦਾ ਤਿਆਗ ਕਰੇਗੀ ਤਾਂ ਸਾਰੇ ਬ੍ਰਹਿਮੰਡ ਦੇ ਅੰਦਰ ਕੋਈ ਐਸਾ ਗਰਭ ਨਹੀਂ ਹੈ ਜੋ ਐਨੀ ਸ਼ਕਤੀਸ਼ਾਲੀ ਆਤਮਾ ਨੂੰ ਆਪਣੇ ਰਾਹੀਂ ਜਨਮ ਦੇ ਸਕੇ। ਇਸ ਆਤਮਾ ਨੇ ਇੱਕ ਪ੍ਰਕਾਸ਼ ਦੇ ਵਾਂਗੂੰ ਸਾਰੇ ਬ੍ਰਹਿਮੰਡ ਦੇ ਅੰਦਰ ਸਦਾ ਲਈ ਲੀਨ ਹੋ ਜਾਣਾ ਹੈ। ਇਸ ਤਰ੍ਹਾਂ ਇੱਕ ਆਤਮਾ ਪ੍ਰਕਿਰਤੀ ਦੀ ਅਧੀਨਤਾ ਤੋਂ ਮੁਕਤ ਹੋ ਜਾਂਦੀ ਹੈ। ਮੁਕਤੀ ਹੋਣ ਤੋਂ ਪਹਿਲਾਂ ਆਤਮਾ ਇੱਕ ਪਰਮ ਅਨੰਦਮਈ ਜੀਵਨ ਨੂੰ ਅਨੁਭਵ ਕਰਦੀ ਹੈ। ਉਸ ਅਨੰਦ ਨੂੰ ਇਹ ਮਨੁੱਖ ਦੇ ਸਰੀਰ ਰਾਹੀਂ ਭੋਗਦੀ ਹੈ। ਇਸ ਅਵਸਥਾ ਨੂੰ ਅਨੁਭਵ ਕਰਨ ਵਾਲੇ ਮਨੁੱਖ ਦੇ ਮਸਤਕ ਅੰਦਰ ਪ੍ਰਾਣਾਂ ਦਾ ਦੀਪਕ ਪ੍ਰਕਾਸ਼ਮਾਨ ਹੋ ਜਾਵੇਗਾ, ਭਾਵ ਆਤਮਾ ਦਾ ਪ੍ਰਕਾਸ਼ ਲਗਾਤਾਰ ਮਸਤਕ ਦੇ ਚਾਰਾਂ ਕੋਨਿਆਂ ਵਿਚ ਪਰਵੇਸ਼ ਕਰਨ ਲੱਗ ਜਾਵੇਗਾ। ਇਸ ਅਵਸਥਾ ਵਿਚ ਪਹੁੰਚ ਕੇ ਮਨੁੱਖ ਇਸ ਸ਼ਕਤੀ ਨੂੰ ਦੁਨਿਆਵੀ ਪਦਾਰਥਾਂ ਦੇ ਬਦਲੇ ਬਰਬਾਦ ਕਰਨ ਦੀ ਇੱਛਾ ਨਹੀਂ ਰਹਿ ਜਾਂਦੀ। ਇਸ ਅਵਸਥਾ ਵਿਚ ਪਹੁੰਚੇ ਮਨੁੱਖ ਦੇ ਮਾਤਾ ਪਿਤਾ ਧੰਨਤਾ ਦੇ ਜੋਗ ਹਨ, ਜਿਨ੍ਹਾਂ ਦੇ ਰਾਹੀਂ ਇੱਕ ਐਸੀ ਰੂਹ ਨੇ ਜਨਮ ਲਿਆ ਜਿਸ ਖੋਜੇ ਰਸਤੇ ਦੇ ਦੁਆਰਾ ਪਤਾ ਹੀ ਨਹੀਂ ਕਿੰਨੀਆਂ ਕੁ ਰੂਹਾਂ ਨੇ ਆਪਣੇ ਆਪ ਨੂੰ ਜੰਮਣ ਮਰਨ ਵਾਲੀ ਲੜੀ ਤੋਂ ਮੁਕਤ ਕਰ ਲੈਣਾ ਹੈ। ਇਸ ਅਵਸਥਾ ਵਿਚ ਪਹੁੰਚਿਆ ਮਨੁੱਖ ਆਪਣੀਆਂ ਪੰਜੇ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਨੂੰ ਜਿੱਤ ਲੈਂਦਾ ਹੈ। ਆਪਣੇ ਦੁਆਰਾ ਕੀਤੇ ਜਾ ਰਹੇ ਕਾਰਜਾਂ ਨੂੰ ਕੇਵਲ ਸਾਖਸ਼ੀ ਭਾਵ ਦੇ ਨਾਲ ਦੇਖਦਾ ਹੈ। ਜਦੋਂ ਕਿਸੇ ਦੁਆਰਾ ਬੁਰਾ ਵਿਵਹਾਰ ਕਰਨ ਦੇ ਬਾਵਜੂਦ ਵੀ ਤੁਹਾਡੇ ਅੰਦਰ ਕੋਈ ਹਲਚਲ ਪੈਦਾ ਨਾ ਹੋਵੇ, ਤਾਂ ਸਮਝ ਲੈਣਾ ਤੁਹਾਡੇ ਅੰਦਰ ਇਹ ਅਵਸਥਾ ਬਣ ਚੁੱਕੀ ਹੈ। ਜਦੋਂ ਧਨ ਨੂੰ ਲੈ ਕੇ ਜਾਂ ਕਿਸੇ ਵੀ ਕਿਸਮ ਦੇ ਨੁਕਸਾਨ ਨੂੰ ਲੈ ਕੇ ਅੰਦਰ ਕੋਈ ਹਲਚਲ ਪੈਦਾ ਨਾ ਹੋਵੇ, ਕਿਸੇ ਵੀ ਕਿਸਮ ਦੇ ਸੰਜੋਗ ਜਾਂ ਵਿਜੋਗ ਨੂੰ ਲੈ ਕੇ ਜਦੋਂ ਤੁਹਾਡਾ ਮਨ ਅੰਦਰੋਂ ਸਥਿਰ ਰਹਿੰਦਾ ਹੈ ਤਾਂ ਸਮਝ ਲੈਣਾ ਕਿ ਤੁਹਾਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਚੁੱਕੀ ਹੈ।

ਆਪਣੇ ਆਪ ਨੂੰ ਅਤੇ ਜ਼ਿੰਦਗੀ ਨੂੰ ਜਾਨਣਾ

ਕੇਵਲ ਉਹੀ ਲੋਕ ਮਨੁੱਖ ਅਖਵਾਉਣ ਯੋਗ ਹੁੰਦੇ ਹਨ, ਜਿਹੜੇ ਆਪਣੇ ਮਨ ਨੂੰ ਆਜ਼ਾਦ ਕਰਨ ਦੇ ਲਈ ਗਤੀ ਕਰਦੇ ਹਨ। ਬਾਕੀਆਂ ਦਾ ਹਾਲ ਤਾਂ ਜਾਨਵਰਾਂ ਦੇ ਸਮਾਨ ਹੈ। ਖਾਣਾ, ਪੀਣਾ ਅਤੇ ਸੌਣਾ ਇਸ ਵਿਚ ਹੀ ਇਨ੍ਹਾਂ ਮਨੁੱਖਾਂ ਦਾ ਜੀਵਨ ਬਤੀਤ ਹੋ ਜਾਵੇਗਾ। ਅਸੀਂ ਓਨਾ ਚਿਰ ਤੱਕ ਪਰਮ ਜੀਵਨ ਨੂੰ ਪ੍ਰਾਪਤ ਨਹੀਂ ਕਰ ਸਕਦੇ, ਜਿੰਨਾ ਚਿਰ ਤੱਕ ਸਾਡਾ ਮਨ ਵਹਿਮਾਂ ਅਤੇ ਭਰਮਾਂ ਤੋਂ ਆਪਣੇ ਆਪ ਨੂੰ ਮੁਕਤ ਨਹੀਂ ਕਰ ਲੈਂਦਾ।

ਕੀ ਤੁਸੀਂ ਆਪਣੇ ਆਪ ਨੂੰ ਜਾਣਦੇ ਹੋ? ਤੁਹਾਡਾ ਜੋ ਨਾਮ ਹੈ, ਕੀ ਤੁਸੀਂ ਉਹ ਹੋ? ਜਾਂ ਕੁੱਝ ਹੋਰ। ਤੁਸੀਂ ਕਿਧਰੇ ਉਹ ਚੇਤਨਾ ਸ਼ਕਤੀ ਤਾਂ ਨਹੀਂ ਹੋ, ਜੋ ਅੱਖਾਂ ਦੇ ਰਾਹੀਂ ਦੇਖਦੀ ਹੈ, ਜੋ ਕੰਨਾਂ ਦੇ ਰਾਹੀਂ ਸੁਣਦੀ ਹੈ, ਜੋ ਹੱਥਾਂ ਦੇ ਰਾਹੀਂ ਸਪਰਸ਼ ਕਰਦੀ ਹੈ, ਜੋ ਸੁੱਖ ਵੇਲੇ ਖ਼ੁਸ਼ ਹੋ ਜਾਂਦੀ ਹੈ ਅਤੇ ਗ਼ਮ ਵੇਲੇ ਉਦਾਸ ਹੋ ਜਾਂਦੀ ਹੈ, ਜੋ ਹਰ ਇੱਕ ਕਾਰਜ ਨੂੰ ਹੁੰਦਿਆਂ ਦੇਖਦੀ ਹੈ, ਦਿਨੇ ਸਰੀਰ ਦੇ ਜਾਗਣ ਨਾਲ ਜਾਗ ਜਾਂਦੀ ਹੈ। ਜਦੋਂ ਦਿਮਾਗ਼ ਗਹਿਰੀ ਨੀਂਦ ਦੇ ਵਿਚ ਆਰਾਮ ਕਰਦਾ ਹੈ ਤਾਂ ਬ੍ਰਹਮ ਦੇ ਅੰਦਰ ਲੀਨ ਹੋ ਜਾਂਦੀ ਹੈ। ਹਰ ਇੱਕ ਮਨੁੱਖ ਦੀ ਇੱਕ ਸਮੱਸਿਆ ਹੈ ਕਿ ਇਹ ਆਪਣੇ ਆਪੇ ਦੇ ਨਾਲ ਹੋਣ ਨੂੰ ਤਿਆਰ ਨਹੀਂ ਹੈ। ਇਹ ਕਿਸੇ ਵੀ ਤਰੀਕੇ ਨਾਲ ਆਪਣੇ ਆਪੇ ਨੂੰ ਮਸਰੂਫ਼ ਕਰਨ ਦੇ ਲਈ ਹਰ ਪਲ ਕੋਸ਼ਿਸ਼ ਕਰੀ ਜਾਂਦਾ ਹੈ। ਮਨ ਹਰ ਪਲ ਵਿਚਾਰਾਂ ਦੇ ਰਾਹੀਂ ਭਵਿੱਖ ਦੇ ਲਈ ਮਹਿਲਾਂ ਦੀ ਉਸਾਰੀ ਕਰੀ ਜਾਂਦਾ ਹੈ, ਜਿਨ੍ਹਾਂ ਨੂੰ ਇਹ ਕੇਵਲ ਆਪਣੇ ਖ਼ਿਆਲਾਂ ਦੇ ਅੰਦਰ ਹੀ ਉਸਾਰਦਾ ਹੈ, ਅਸਲ ਦੇ ਵਿਚ ਉਨ੍ਹਾਂ ਨੂੰ ਕਦੇ ਬਣਾਉਂਦਾ ਨਹੀਂ? ਆਪਣੇ ਮਨ ਨੂੰ ਵਿਚਾਰ ਦੇ ਖ਼ਿਆਲੀ ਮਹਿਲ ਉਸਾਰਨ ਤੋਂ ਰੋਕ ਆਪ ਹੀ ਲਗਾਉਣੀ ਪੈਂਦੀ ਹੈ। ਮਨੁੱਖ ਆਪਣੇ ਜੀਵਨ ਦੇ ਅੰਦਰ ਜੋ ਵੀ ਕੁੱਝ ਕਰਦਾ ਹੈ, ਉਸ ਦੇ ਵਿਚ ਚੇਤਨ ਮਨ ਮੌਜੂਦ ਨਹੀਂ ਹੈ। ਸਾਰੀ ਮਨੁੱਖਤਾ ਆਪਣਾ ਸਾਰਾ ਜੀਵਨ ਇੱਕ ਬਹੁਤ ਗਹਿਰੀ ਨੀਂਦਰ ਦੇ ਵਿਚ ਬਤੀਤ ਕਰੀ ਜਾ ਰਹੀ ਹੈ। ਮਨੁੱਖ ਨੂੰ ਜ਼ਿਆਦਾਤਰ ਆਪਣੇ ਪਰਿਵਾਰਕ ਮੈਂਬਰਾਂ ਦੇ ਸੁਫ਼ਨੇ ਕਿਉਂ ਨਹੀਂ ਆਉਂਦੇ ਹਨ, ਕਿਉਂਕਿ ਇਹ ਉਨ੍ਹਾਂ ਦੇ ਨਾਲ ਹੁੰਦਾ ਹੋਇਆ ਵੀ ਉਨ੍ਹਾਂ ਦੇ ਨਾਲ ਨਹੀਂ ਹੈ। ਇੱਕ ਪਤਨੀ ਜਾਂ ਪਤੀ ਇਕੱਠੇ ਸਾਰਾ ਜੀਵਨ ਬਤੀਤ ਕਰਦੇ ਹਨ, ਇਸ ਦੇ ਬਾਵਜੂਦ ਵੀ ਇੱਕ ਦੂਜੇ ਤੋਂ ਅਣਜਾਣ ਹੀ ਰਹਿੰਦੇ ਹਨ। ਜੋ ਮਨੁੱਖ ਆਪਣੇ ਆਪ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ, ਕੇਵਲ ਉਹੀ ਮਨੁੱਖ ਇਸ ਨੀਂਦਰ ਨੂੰ ਤੋੜ ਕੇ ਪਰਮ ਜੀਵਨ ਨੂੰ ਅਨੁਭਵ ਕਰ ਸਕਦਾ ਹੈ। ਮਨੁੱਖ ਆਪਣੇ ਆਪ ਨੂੰ ਤਾਂ ਹੀ ਜਾਣ ਸਕਦਾ ਹੈ, ਜਦੋਂ ਉਹ ਧਿਆਨ ਸਿਮਰਨ ਦੇ ਰਾਹੀਂ ਹਰ ਦਿਨ ਆਪਣੇ

ਆਪੇ ਦੇ ਨਾਲ ਆਸਣ ਲਗਾਉਣ ਲੱਗਦਾ ਹੈ। ਅੱਜ ਦੇ ਜੁੱਗ ਵਿਚ ਮਨੁੱਖ ਦੇ ਕੋਲ ਸਾਰੀ ਦੁਨੀਆਂ ਦੇ ਬਾਰੇ ਜਾਣਕਾਰੀ ਹੈ ਕਿ ਕਿਥੇ ਕੀ ਹੋ ਰਿਹਾ ਹੈ। ਪਰ ਬੜੇ ਅਫ਼ਸੋਸ ਦੇ ਨਾਲ ਮੈਨੂੰ ਇਹ ਕਹਿਣਾ ਪੈ ਰਿਹਾ ਹੈ ਕਿ ਮਨੁੱਖ ਆਪਣੇ ਆਪੇ ਤੋਂ ਇਕਦਮ ਅਣਜਾਣ ਹੈ। ਆਪਣੇ ਆਪੇ ਨੂੰ ਜਾਣ ਲੈਣਾ ਅਤੇ ਸੰਸਾਰ ਦੇ ਬਾਰੇ ਜਾਣਨ ਵਿਚ ਬਹੁਤ ਅੰਤਰ ਹੈ। ਆਪਣੇ ਆਪੇ ਨੂੰ ਜਾਣਨ ਦੇ ਲਈ ਆਪਣੀ ਸੁਰਤੀ ਨੂੰ ਆਪਣੇ ਪ੍ਰਾਣਾਂ ਦੇ ਗਹਿਰੇ ਤਲਾਂ ਦੇ ਵਿਚ ਲੈ ਕੇ ਜਾਣਾ ਪੈਂਦਾ ਹੈ। ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਚ ਸਿੱਖਿਆ ਦਿੱਤੀ ਜਾਂਦੀ ਹੈ ਕਿ ਦੂਜਿਆਂ ਮਨੁੱਖਾਂ ਨੂੰ ਕਿਸ ਤਰ੍ਹਾਂ ਜਾਨਣਾ ਹੈ। ਉਨ੍ਹਾਂ ਦੇ ਕਰੀਬ ਕਿਸ ਤਰ੍ਹਾਂ ਜਾਇਆ ਜਾ ਸਕਦਾ ਹੈ। ਕਿਸੇ ਪਦਾਰਥ ਦੀ ਖੋਜ ਕਿੱਦਾਂ ਕਰਨੀ ਹੈ ਪਰ ਦੁਨੀਆਂ ਦੇ ਕਿਸੇ ਵੀ ਵਿਦਿਆਲੇ ਦੇ ਵਿਚ ਇਹ ਨਹੀਂ ਸਿਖਾਇਆ ਜਾਂਦਾ ਕਿ ਕਿਸ ਤਰ੍ਹਾਂ ਆਪਣੇ ਆਪੇ ਨੂੰ ਜਾਣਿਆ ਜਾ ਸਕਦਾ ਹੈ। ਆਪਣੇ ਆਪੇ ਦੇ ਨਾਲ ਕਿਸ ਤਰ੍ਹਾਂ ਰਿਸ਼ਤਾ ਕਾਇਮ ਕੀਤਾ ਜਾ ਸਕਦਾ ਹੈ। ਮਨੁੱਖ ਦਾ ਸਬੰਧ ਹਰ ਦਿਨ ਆਪਣੇ ਆਪੇ ਦੀਆਂ ਜੜ੍ਹਾਂ ਨਾਲੋਂ ਟੁੱਟਦਾ ਜਾ ਰਿਹਾ ਹੈ। ਕਦੇ ਇਸ ਗੱਲ ਦੇ ਉੱਪਰ ਧਿਆਨ ਦਿੱਤਾ ਹੈ ਕਿ ਮਨੁੱਖ ਇਕੱਲਾ ਹੋਣ ’ਤੇ ਕਿਉਂ ਉਦਾਸ ਹੋ ਜਾਂਦਾ ਹੈ। ਉਸ ਉਦਾਸੀ ਨੂੰ ਦੂਰ ਕਰਨ ਦੇ ਲਈ ਇਹ ਕਿਸੇ ਵੀ ਤਰੀਕੇ ਦੇ ਨਾਲ ਆਪਣੇ ਆਪ ਨੂੰ ਉਲਝਾਉਣ ਦੀ ਕੋਸ਼ਿਸ਼ ਕਰਨ ਲੱਗ ਜਾਂਦਾ ਹੈ। ਇਸ ਬੋਰੀਅਤ ਦੀ ਸਮੱਸਿਆ ਨਾਲ ਸਾਰੀ ਦੁਨੀਆਂ ਜੂਝ ਰਹੀ ਹੈ; ਕੀ ਬੱਚੇ, ਕੀ ਜਵਾਨ, ਕੀ ਬੁੱਢੇ। ਮਨੁੱਖ ਹਰ ਪਲ ਆਪਣੇ ਆਪ ਦੇ ਨਾਲ ਲੜ ਰਿਹਾ ਹੈ। ਕੋਈ ਵੀ ਮਨੁੱਖ ਆਪਣੇ ਆਪ ਦੇ ਨਾਲ ਬੈਠਣ ਨੂੰ ਤਿਆਰ ਨਹੀਂ ਹੈ। ਇਹ ਆਪਣੇ ਆਪ ਨੂੰ ਭੁੱਲਣਾ ਚਾਹੁੰਦਾ ਹੈ, ਕਈ ਵਾਰ ਤਾਂ ਇਹ ਨਸ਼ੇ ਦਾ ਸਹਾਰਾ ਲੈਂਦਾ ਹੈ ਜਾਂ ਇਹ ਕਿਸੇ ਨਾਲ ਗੱਲਾਂ ਕਰਨ ਲੱਗ ਜਾਂਦਾ ਹੈ। ਜਦੋਂ ਇਸ ਨੂੰ ਕੋਈ ਨਹੀਂ ਮਿਲਦਾ ਤਾਂ ਇਹ ਆਪਣੇ ਆਪ ਦੇ ਨਾਲ ਗੱਲਾਂ ਕਰਨ ਲੱਗ ਜਾਂਦਾ ਹੈ ਜਾਂ ਮੋਬਾਈਲ ’ਤੇ ਉਂਗਲਾਂ ਮਾਰਨ ਲੱਗ ਜਾਂਦਾ ਹੈ ਜਾਂ ਟੈਲੀਵੀਜ਼ਨ ਚਾਲੂ ਕਰ ਲੈਂਦਾ ਹੈ ਜਾਂ ਅਖ਼ਬਾਰ ਵਿੱਚੋਂ ਇੱਕੋ ਖ਼ਬਰ ਨੂੰ ਬਾਰ ਬਾਰ ਪੜ੍ਹੀ ਜਾਂਦਾ ਹੈ ਜਾਂ ਹੱਥਾਂ ਪੈਰਾਂ ਨੂੰ ਬਿਨਾਂ ਮਤਲਬ ਦੇ ਹਿਲਾਈ ਜਾਂਦਾ ਹੈ। ਜਦੋਂ ਤੁਸੀਂ ਇਕੱਲੇ ਹੋ ਜਾਂਦੇ ਹੋ ਤਾਂ ਤੁਸੀਂ ਆਪਣੇ ਆਪ ਦੇ ਵਿਵਹਾਰ ਉੱਪਰ ਧਿਆਨ ਦੇਣਾ, ਤੁਹਾਨੂੰ ਆਪਣੇ ਆਪੇ ਬਾਰੇ ਬਹੁਤ ਕੁੱਝ ਪਤਾ ਲੱਗ ਜਾਵੇਗਾ। ਜਦੋਂ ਤੁਸੀਂ ਇਕੱਲੇ ਹੋ ਜਾਂਦੇ ਹੋ ਤਾਂ ਤੁਸੀਂ ਆਪਣੇ ਆਪ ਕੀ ਕੀ ਕਰਨ ਲੱਗ ਜਾਂਦੇ ਹੋ। ਆਪਣੇ ਆਲੇ-ਦੁਆਲੇ ਲੋਕਾਂ ਦੇ ਵਿਵਹਾਰ ਨੂੰ ਨੋਟ ਕਰਨ ਦੀ ਕੋਸ਼ਿਸ਼ ਕਰਨਾ, ਮਨੁੱਖ ਆਪਣੇ ਅੰਦਰ ਵਾਲੀ ਵਾਧੂ ਊਰਜਾ ਨੂੰ ਨਿਰੰਤਰ ਨਹੀਂ ਕਰ ਪਾ ਰਿਹਾ। ਸਰੀਰ ਵਾਧੂ ਦੀ ਊਰਜਾ ਨੂੰ ਇਨ੍ਹਾਂ ਫ਼ਾਲਤੂ ਦੀਆਂ ਕਿਰਿਆਵਾਂ ਦੇ ਰਾਹੀਂ ਨਸ਼ਟ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਬੇਮਤਲਬ ਦੀਆਂ ਕਿਰਿਆਵਾਂ ਨੂੰ ਕਰਨ ਦੇ ਨਾਲ ਮਨੁੱਖ ਆਪਣੇ ਮੂਲ ਦੇ ਨਾਲੋਂ ਟੁੱਟੀ ਜਾਂਦਾ ਹੈ। ਮਨ ਆਤਮ ਤੱਤ ਦੀ ਛਾਂ ਨੂੰ ਛੱਡ ਕੇ ਬਾਹਰ ਵਿਚਾਰਾਂ ਰੂਪੀ ਧੁੱਪ ਵਿਚ ਉੱਡਦਾ ਰਹਿੰਦਾ ਹੈ। ਜਦੋਂ ਅਸੀਂ ਆਪਣੇ ਆਪ ਨੂੰ ਫ਼ਾਲਤੂ ਦੀਆਂ ਕਿਰਿਆਵਾਂ ਕਰਨ ਤੋਂ ਰੋਕ ਲੈਂਦੇ

ਹਾਂ, ਉਸ ਤੋਂ ਬਾਅਦ ਹੀ ਅਸੀਂ ਆਪਣੇ ਜੀਵਨ ਦੇ ਅੰਦਰ ਮੌਜੂਦ ਪਰਮ ਅਨੰਦ ਨੂੰ ਅਨੁਭਵ ਕਰ ਸਕਦੇ ਹਾਂ। ਮਨੁੱਖ ਨੂੰ ਇਸ ਸਮੱਸਿਆ ਦੇ ਬਾਰੇ ਕਈ ਹਜ਼ਾਰ ਸਾਲ ਪਹਿਲਾਂ ਪਤਾ ਲੱਗ ਗਿਆ ਸੀ। ਇਸ ਬਾਰੇ ਉਨ੍ਹਾਂ ਨੇ ਆਪਣੇ ਅਨੁਭਵਾਂ ਨੂੰ ਗ੍ਰੰਥਾਂ ਵਿਚ ਲਿਖ ਦਿੱਤਾ ਸੀ। ਜਦੋਂ ਅਸੀਂ ਸਾਧਨਾ ਦੀ ਮਦਦ ਨਾਲ ਇਸ ਊਰਜਾ ਨੂੰ ਇੰਦਰੀਆਂ ਦੀ ਰਾਹੀਂ ਬਰਬਾਦ ਕਰਨ ਤੋਂ ਰੋਕ ਲਿਆ ਤਾਂ ਜੀਵਨ ਦੇ ਵਿਚ ਇਨਕਲਾਬ ਆ ਜਾਵੇਗਾ।

ਅਸੀਂ ਆਪ ਕੀ ਹਾਂ, ਸਾਡੇ ਮਨ ਦੇ ਅੰਦਰ ਕੀ ਚੱਲ ਰਿਹਾ ਹੈ, ਇਸ ਗੱਲ ਦਾ ਪਤਾ ਲਗਾਉਣ ਦੇ ਲਈ ਸਾਨੂੰ ਆਪ ਗਤੀ ਕਰਨੀ ਪੈਣੀ ਹੈ। ਇਸ ਕਾਰਜ ਨੂੰ ਕਰਨ ਦੇ ਵਿਚ ਦੂਜਾ ਮਨੁੱਖ ਸਾਡੀ ਕੋਈ ਮਦਦ ਨਹੀਂ ਕਰ ਸਕਦਾ। ਆਪਣੇ ਅੰਦਰ ਚੱਲਣ ਵਾਲੇ ਵਿਚਾਰਾਂ ਦੇ ਸੰਸਾਰ ਨੂੰ ਸਾਨੂੰ ਖ਼ੁਦ ਹੀ ਦੇਖਣਾ ਪਵੇਗਾ। ਜਦੋਂ ਅਸੀਂ ਆਪਣੀ ਸੁਰਤੀ ਨੂੰ ਗਗਨ ਮੰਡਲ ਦੇ ਹਨੇਰੇ ਵਿਚ ਇਕਾਗਰ ਕੀਤਾ ਤਾਂ ਸਾਨੂੰ ਉਸ ਇਨਸਾਨ ਦੇ ਬਾਰੇ ਪਤਾ ਲੱਗਣ ਲੱਗ ਜਾਵੇਗਾ ਜੋ ਸਾਡੇ ਅੰਦਰ ਰਹਿੰਦਾ ਹੈ, ਜਿਸ ਤੋਂ ਤੁਸੀਂ ਇਕਦਮ ਅਣਜਾਣ ਜੀਵਨ ਬਤੀਤ ਕਰੀ ਜਾ ਰਹੇ ਹੋ।

ਤੁਹਾਡਾ ਜਿਸ ਵੀ ਤਰ੍ਹਾਂ ਦਾ ਰੂਪ ਹੈ, ਰੰਗ ਹੈ, ਉਸ ਨੂੰ ਕਬੂਲ ਕਰ ਲਵੋ, ਆਪਣੇ ਆਪ ਤੋਂ ਨਾ ਭੱਜੋ, ਨਾ ਹੀ ਤੁਸੀਂ ਆਪਣੇ ਆਪ ਦੀ ਕਦੇ ਨਿੰਦਾ ਕਰਨੀ ਹੈ। ਜੋ ਮਨੁੱਖ ਆਪਣੇ ਰੂਪ ਰੰਗ ਜਾਂ ਆਕਾਰ ਦੇ ਪ੍ਰਤੀ ਹੀਣ ਭਾਵਨਾ ਰੱਖਦਾ ਹੈ, ਇਹ ਮਨੁੱਖ ਐਸੀ ਦਿਸ਼ਾ ਵੱਲ ਗਤੀ ਕਰ ਰਿਹਾ ਹੈ ਜਿਸ ਦੇ ਵਿਚ ਇਸ ਨੂੰ ਹਨੇਰੇ ਤੋਂ ਸਿਵਾਏ ਹੋਰ ਕੁੱਝ ਵੀ ਪ੍ਰਾਪਤ ਨਹੀਂ ਹੋਵੇਗਾ। ਆਪਣੇ ਆਪ ਨੂੰ ਕਬੂਲ ਕਰਨ ਦੇ ਨਾਲ ਇੱਕ ਸਮਾਂ ਆ ਜਾਵੇਗਾ, ਜਦੋਂ ਤੁਹਾਨੂੰ ਆਪਣੀ ਗੁਆਚੀ ਸ਼ਕਤੀ ਦੁਬਾਰਾ ਵਾਪਸ ਮਿਲ ਜਾਵੇਗੀ, ਜਿਸ ਨੂੰ ਤੁਸੀਂ ਖੋਹ ਚੁੱਕੇ ਸੀ। ਮਨ ਅਤੇ ਆਤਮਾ ਜਦੋਂ ਨਿਰਮਲ ਹੋ ਜਾਂਦੇ ਹਨ ਤਾਂ ਜੀਵਨ ਦੇ ਵਿਚ ਜੋ ਖਿੱਚੋ-ਤਾਣ ਚੱਲ ਰਹੀ ਸੀ, ਉਹ ਸਾਰੀ ਬੰਦ ਹੋ ਜਾਵੇਗੀ ਅਤੇ ਜੀਵਨ ਇੱਕ ਸ਼ਾਂਤ ਨਦੀ ਦੀ ਤਰ੍ਹਾਂ ਗਤੀ ਕਰਨ ਲੱਗ ਜਾਵੇਗਾ। ਮਨੁੱਖ ਦੀ ਇੱਕ ਸਮੱਸਿਆ ਹੈ ਇਸ ਨੂੰ ਜੋ ਕੁਝ ਦੂਜੇ ਮਨੁੱਖ ਕਹਿੰਦੇ ਹਨ ਇਸ ਨੂੰ ਉਨ੍ਹਾਂ ਦੀ ਗੱਲ ਦੇ ਉੱਪਰ ਜ਼ਿਆਦਾ ਵਿਸ਼ਵਾਸ ਹੈ। ਦੂਜਾ ਕੁੱਝ ਬੋਲੇ ਤਾਂ ਹੀ ਗੱਲ ਬਣਦੀ ਹੈ। ਦੂਜੇ ਲੋਕ ਇਹ ਬੋਲਣ ਕਿ ਇਹ ਮਨੁੱਖ ਬਹੁਤ ਵੱਡਾ ਸੇਵਾਦਾਰ ਹੈ, ਇਹ ਬਹੁਤ ਵੱਡਾ ਦਾਨੀ ਹੈ। ਦੂਜੇ ਲੋਕਾਂ ਦੇ ਦੁਆਰਾ ਚੰਗੇ ਬੋਲ ਬੋਲਣ ਦੇ ਨਾਲ ਤੁਹਾਡੇ ਅੰਦਰ ਵਾਲੇ ਮਨੁੱਖ ਨੇ ਬਦਲ ਨਹੀਂ ਜਾਣਾ ਹੈ। ਸੰਸਾਰੀ ਲੋਕ ਤੁਹਾਡੇ ਬਾਹਰਲੇ ਮਨੁੱਖ ਨੂੰ ਦੇਖ ਕੇ ਆਪਣੀ ਰਾਇ ਕਾਇਮ ਕਰਦੇ ਹਨ ਜਦਕਿ ਹਰ ਇੱਕ ਚੰਗੇ ਮਨੁੱਖ ਦੇ ਅੰਦਰ ਬੁਰੇ ਵਿਚਾਰ ਵੀ ਹੁੰਦੇ ਹਨ ਅਤੇ ਹਰ ਇੱਕ ਬੁਰੇ ਮਨੁੱਖ ਦੇ ਅੰਦਰ ਚੰਗੇ ਵਿਚਾਰ ਵੀ ਹੁੰਦੇ ਹਨ। ਇਸ ਵਿਗੜੀ ਅਵਸਥਾ ਦਾ ਸੰਤੁਲਨ ਸਾਧਨਾ ਦੇ ਰਾਹੀਂ ਹੀ ਠੀਕ ਕੀਤਾ ਜਾ ਸਕਦਾ ਹੈ। ਕਿਸੇ ਵੀ ਕਿਸਮ ਦੇ ਅਗਿਆਨ ਤੋਂ ਜਿੰਨਾ ਜਲਦੀ ਹੋ ਸਕੇ, ਆਪਣੇ ਆਪ ਨੂੰ ਮੁਕਤ ਕਰ ਲੈਣਾ ਚਾਹੀਦਾ ਹੈ। ਗਿਆਨ ਜਿੱਥੋਂ ਵੀ ਮਿਲੇ, ਉਸ ਨੂੰ ਪ੍ਰਾਪਤ ਕਰ ਲਵੋ। ਇਹ ਸਾਰੀਆਂ ਗੱਲਾਂ ਤੁਹਾਨੂੰ ਇਸ ਲਈ ਦੱਸੀਆਂ ਜਾ ਰਹੀਆਂ ਹਨ ਤਾਂ ਜੋ ਸਾਧਨਾ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ

ਆਪਣੇ ਆਪ ਦੇ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਪ੍ਰਾਪਤ ਹੋ ਜਾਵੇ। ਇਸੇ ਹੀ ਤਰ੍ਹਾਂ ਸਨਮਾਨ ਅਤੇ ਅਪਮਾਨ ਵੀ ਥਰਮਾਮੀਟਰ ਦਾ ਕੰਮ ਕਰਦੇ ਹਨ। ਇਨ੍ਹਾਂ ਦੇ ਸੰਪਰਕ ਵਿਚ ਜਦੋਂ ਮਨੁੱਖ ਆਉਂਦਾ ਹੈ ਤਾਂ ਉਸ ਨੂੰ ਆਪਣੇ ਅੰਦਰ ਵਾਲੀ ਅਵਸਥਾ ਬਾਰੇ ਨਾਲੋ-ਨਾਲ ਪਤਾ ਲੱਗੀ ਜਾਂਦਾ ਹੈ। ਜਦੋਂ ਵੀ ਤੁਸੀਂ ਇਨ੍ਹਾਂ ਦੋਨਾਂ ਦੇ ਵਿੱਚੋਂ ਕਿਸੇ ਇੱਕ ਦਾ ਸਾਹਮਣਾ ਕੀਤਾ ਤਾਂ ਉਸ ਸਮੇਂ ਆਪਣੇ ਅੰਦਰ ਪੈਦਾ ਹੋਣ ਵਾਲੀ ਹਲਚਲ ਨੂੰ ਬਹੁਤ ਹੀ ਧਿਆਨ ਦੇ ਨਾਲ ਦੇਖਣਾ ਹੈ। ਧਿਆਨ ਸਿਮਰਨ ਕਰਨ ਦੇ ਨਾਲ ਤੁਹਾਡੇ ਅਚੇਤ ਮਨ ਦੇ ਅੰਦਰ ਜੋ ਕੁੱਝ ਛੁਪਿਆ ਹੈ, ਉਸ ਨੇ ਤੁਹਾਡੇ ਸਾਹਮਣੇ ਪ੍ਰਗਟ ਹੁੰਦੇ ਜਾਣਾ ਹੈ। ਆਪ ਪਾਰਬ੍ਰਹਮ ਨੂੰ ਮਿਲਣ ਵਾਸਤੇ ਮਿਹਨਤ ਕਰਨੀ ਪੈਂਦੀ ਹੈ। ਇਹ ਸਾਰੀ ਕਿਰਿਆ ਸਰੀਰਕ ਅਤੇ ਮਾਨਸਿਕ ਅਨੁਭਵ ਦੇ ਨਾਲ ਜੁੜੀ ਹੋਈ ਹੈ। ਕਿਸੇ ਦੂਜੇ ਦੇ ਪਿੱਛੇ ਲੱਗ ਜਾਣਾ ਬਹੁਤ ਆਸਾਨ ਹੈ, ਕੋਈ ਮਿਹਨਤ ਕਰਨ ਦੀ ਲੋੜ ਨਹੀਂ ਪੈਂਦੀ। ਕਿਸੇ ਦੂਜੇ ਦੇ ਉੱਪਰ ਅੰਨ੍ਹਾ ਵਿਸ਼ਵਾਸ ਕਰਨਾ ਇਸ ਤਰ੍ਹਾਂ ਹੈ ਜਿਵੇਂ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਕਿਸੇ ਦੂਜੇ ਦੀਆਂ ਅੱਖਾਂ ਰਾਹੀਂ ਦੇਖਣ ਦੀ ਕੋਸ਼ਿਸ਼ ਕਰਨਾ। ਜੇਕਰ ਪਰਮਾਤਮਾ ਨੇ ਹਰ ਇੱਕ ਮਨੁੱਖ ਨੂੰ ਆਪਣੀਆਂ ਅੱਖਾਂ ਅਤੇ ਆਪਣੀ ਅਕਲ ਦਿੱਤੀ ਹੈ ਤਾਂ ਕਿਉਂ ਨਾ ਉਸ ਦਾ ਇਸਤੇਮਾਲ ਕੀਤਾ ਜਾਵੇ। ਪਰਮ ਜੀਵਨ ਮਨੁੱਖ ਦੇ ਸਰੀਰ ਅੰਦਰ ਹੀ ਛੁਪਾ ਕੇ ਰੱਖਿਆ ਹੈ। ਉਸ ਦੇ ਉੱਪਰ ਵਿਚਾਰਾਂ ਦਾ ਤਾਲਾ ਲੱਗਿਆ ਹੈ, ਜਿੰਨਾ ਚਿਰ ਤੱਕ ਮਨੁੱਖ ਆਪਣੇ ਅਸਲੀ ਰੂਪ ਨੂੰ ਸਹਿਜ ਮੰਡਲ ਦੇ ਵਿਚ ਜਾ ਕੇ ਦੇਖ ਨਹੀਂ ਲੈਂਦਾ, ਓਨਾ ਚਿਰ ਤੱਕ ਜੀਵ ਆਤਮਾ ਨੂੰ ਜਨਮ ਮਰਨ ਦੇ ਗੇੜਿਆਂ ਵਿੱਚੋਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਧਰਮ ਦੀ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਸਾਧਕ ਨੂੰ ਸਹੀ ਦਿਸ਼ਾ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਗ਼ਲਤ ਦਿਸ਼ਾ ਵੱਲ ਗਤੀ ਕਰਨ ਦੇ ਨਾਲ ਮੰਜ਼ਲ ਕਰੀਬ ਆਉਣ ਦੀ ਬਜਾਏ ਦੂਰ ਚਲੀ ਜਾਂਦੀ ਹੈ। ਜੋ ਸਾਧਕ ਸਹੀ ਦਿਸ਼ਾ ਵੱਲ ਨੂੰ ਗਤੀ ਕਰਦਾ ਹੈ, ਉਹਨੇ ਦੇਰ ਸਵੇਰ ਇੱਕ ਨਾ ਇੱਕ ਦਿਨ ਆਪਣੀ ਮੰਜ਼ਲ 'ਤੇ ਜ਼ਰੂਰ ਪਹੁੰਚ ਜਾਣਾ ਹੈ। ਕੇਵਲ ਸਹਿਜ ਮੰਡਲ ਦੇ ਵਿਚ ਪ੍ਰਾਪਤ ਕੀਤਾ ਗਿਆ ਅਨੁਭਵ ਜੋ ਆਤਮਾ ਖ਼ੁਦ ਮਹਿਸੂਸ ਕਰਦੀ ਹੈ, ਉਹੀ ਮਨੁੱਖ ਦੇ ਨਾਲ ਜਾਂਦਾ ਹੈ। ਵਿਚਾਰਾਂ ਦੇ ਰੁਕਣ ਨਾਲ ਮਨੁੱਖ ਦਾ ਪਰਵੇਸ਼ ਸ਼ੁੱਧ ਚੇਤਨਾ ਦੇ ਆਕਾਸ਼ ਅੰਦਰ ਹੋ ਜਾਂਦਾ ਹੈ। ਉਸ ਅਵਸਥਾ ਵਿਚ ਮਨੁੱਖ ਨੂੰ ਜਿਸ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਉਹ ਕਦੇ ਬਾਸੀ ਨਹੀਂ ਹੁੰਦਾ। ਜਿੰਨਾ ਚਿਰ ਤੱਕ ਮਨ ਜਾਗ੍ਰਿਤ ਅਵਸਥਾ ਵਿਚ ਵਿਚਾਰਾਂ ਮੁਕਤ ਹੋ ਕੇ ਆਪਣੇ ਆਪ ਦੇ ਵਿਚ ਸਥਿਰ ਨਹੀਂ ਹੋ ਜਾਂਦਾ, ਤਦ ਤੱਕ ਅਗਿਆਨਤਾ ਦਾ ਪਰਦਾ ਨਹੀਂ ਟੁੱਟੇਗਾ।

ਆਪਣਾ ਗਿਆਨ ਪਾਣੀ ਦੇ ਝਰਨੇ ਵਾਂਗੂੰ ਹਮੇਸ਼ਾ ਤਾਜ਼ਾ ਤੇ ਨਿਰਮਲ ਰਹਿੰਦਾ ਹੈ। ਇਹੀ ਕਾਰਨ ਹੈ ਕਿ ਧਾਰਮਿਕ ਗ੍ਰੰਥਾਂ ਦੇ ਅੰਦਰ ਲਿਖੀ ਬਾਣੀ ਕਦੇ ਬਾਸੀ ਨਹੀਂ ਹੁੰਦੀ। ਜੋ ਮਨੁੱਖ ਉਸ ਪਰਮ ਸ਼ਕਤੀ ਨੂੰ ਅਨੁਭਵ ਕਰ ਲੈਂਦਾ ਹੈ, ਉਸ ਮਨੁੱਖ ਦੇ ਰਾਹੀਂ ਬੋਲੇ ਜਾ ਰਹੇ ਲਫ਼ਜ਼ਾਂ ਤੋਂ ਪਤਾ ਲੱਗ ਜਾਵੇਗਾ ਕਿ ਇਸ ਮਨੁੱਖ ਦਾ ਸਬੰਧ

ਕਿਸੇ ਗਿਆਨ ਦੇ ਤਾਜ਼ੇ ਸਰੋਤ ਨਾਲ ਜੁੜਿਆ ਹੈ ਜਾਂ ਇਹ ਕੇਵਲ ਧਾਰਮਿਕ ਗ੍ਰੰਥਾਂ ਦੇ ਵਿੱਚੋਂ ਪੜ੍ਹ ਕੇ ਬੋਲੀ ਜਾ ਰਿਹਾ ਹੈ। ਉਸ ਦੇ ਬੋਲਾਂ ਵਿੱਚੋਂ ਪਰਮਾਤਮਾ ਰੂਪੀ ਫੁੱਲਾਂ ਦੇ ਬਾਗ਼ ਦੀ ਮਹਿਕ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਗੁਲਾਬ ਦੇ ਬਾਗ਼ ਵਿਚ ਮਾਲੀ ਸਾਰਾ ਦਿਨ ਕੰਮ ਕਰਨ ਤੋਂ ਬਾਅਦ ਜਦੋਂ ਆਪਣੇ ਘਰ ਨੂੰ ਵਾਪਸ ਆਉਂਦਾ ਹੈ ਤਾਂ ਉਸ ਦੇ ਕੱਪੜਿਆਂ ਵਿੱਚੋਂ ਗੁਲਾਬ ਦੇ ਫੁੱਲਾਂ ਦੀ ਮਹਿਕ ਆਉਂਦੀ ਹੈ। ਜਿਸ ਮਨੁੱਖ ਦੀ ਸੁਰਤੀ ਸਹਿਜ ਮੰਡਲ ਨੂੰ ਅਨੁਭਵ ਕਰ ਲੈਂਦੀ ਹੈ ਤਾਂ ਉਸ ਮਨੁੱਖ ਦੇ ਬੋਲਾਂ ਦੀ ਬਣਤਰ ਅਣਘੜੇ ਹੀਰਿਆਂ ਦੇ ਵਾਂਗੂੰ ਬਣ ਜਾਂਦੀ ਹੈ। ਇਕਦਮ ਤਾਜ਼ਾ ਕੋਈ ਬਦਲਾਉ ਨਹੀਂ, ਉਸ ਮਨੁੱਖ ਦੇ ਬੋਲ ਚੇਤਨ ਸੱਤਾ ਤੋਂ ਆਉਂਦੇ ਹਨ। ਜਿੰਨੇ ਗਹਿਰੇ ਤਲ ਦੇ ਅੰਦਰੋਂ ਲਫ਼ਜ਼ ਆਉਂਦੇ ਹਨ, ਉਨ੍ਹਾਂ ਦਾ ਅਸਰ ਦੂਜਿਆਂ ਮਨੁੱਖਾਂ ਦੇ ਮਨਾਂ ਉੱਪਰ ਓਨਾ ਗਹਿਰਾ ਹੋਵੇਗਾ।

ਆਪ ਸਾਰਿਆਂ ਨੇ ਵਿਸ਼ਵ ਜੇਤੂ ਰਾਜੇ ਮਹਾਨ ਸਿਕੰਦਰ ਦੀ ਕਹਾਣੀ ਪੜ੍ਹੀ ਹੋਵੇਗੀ, ਜਦੋਂ ਉਹ ਵਿਸ਼ਵ ਨੂੰ ਜਿੱਤਦਾ ਹੋਇਆ ਆਪਣੇ ਘਰ ਨੂੰ ਵਾਪਸ ਜਾ ਰਿਹਾ ਸੀ ਤਾਂ ਰਸਤੇ ਦੇ ਵਿਚ ਉਹ ਬਹੁਤ ਬਿਮਾਰ ਹੋ ਗਿਆ। ਉਸ ਦੇ ਕੋਲ ਦੁਨੀਆਂ ਦੇ ਬਿਹਤਰੀਨ ਹਕੀਮ ਸਨ ਪਰ ਕਿਸੇ ਵੀ ਦਵਾਈ ਦਾ ਅਸਰ ਉਸ ਦੇ ਸਰੀਰ ਉੱਪਰ ਨਾ ਹੋਇਆ। ਉਹਨੇ ਹਕੀਮਾਂ ਨੂੰ ਆਪਣੇ ਕੋਲ ਸੱਦਿਆ ਅਤੇ ਕਹਿਣ ਲੱਗਾ ਕਿ ਮੇਰੀ ਇੱਕ ਕਾਮਨਾ ਸੀ, ਜਦੋਂ ਮੈਂ ਇਸ ਸਫ਼ਰ ’ਤੇ ਨਿਕਲਣ ਲੱਗਿਆ ਸਾਂ ਤਾਂ ਮੈਂ ਆਪਣੀ ਮਾਂ ਦੇ ਨਾਲ ਇੱਕ ਵਾਅਦਾ ਕੀਤਾ ਸੀ ਕਿ ਦੁਨੀਆਂ ਨੂੰ ਜਿੱਤਣ ਤੋਂ ਬਾਅਦ ਘਰੇ ਵਾਪਸ ਪਰਤਾਂਗਾ ਅਤੇ ਆਪਣੀ ਮਾਂ ਨੂੰ ਮਿਲਾਂਗਾ। ਤੁਸੀਂ ਕਿਸੇ ਤਰੀਕੇ ਨਾਲ ਮੈਨੂੰ ਕੁੱਝ ਦਿਨ ਹੋਰ ਜ਼ਿੰਦਾ ਰੱਖ ਲਵੋ, ਜੋ ਚਾਹੋ ਮੇਰੇ ਕੋਲੋਂ ਲੈ ਲਵੋ। ਹਕੀਮ ਬੋਲੇ—ਬਾਦਸ਼ਾਹ ਹੁਣ ਕੁੱਝ ਨਹੀਂ ਹੋ ਸਕਦਾ, ਅਸੀਂ ਸਾਰੀਆਂ ਕੋਸ਼ਿਸ਼ਾਂ ਕਰ ਚੁੱਕੇ ਹਾਂ। ਤੁਹਾਡੀ ਮੌਤ ਐਨੇ ਸਮੇਂ ਬਾਅਦ ਹੋ ਜਾਣੀ ਹੈ, ਕੋਈ ਅੰਤਿਮ ਇੱਛਾ ਹੋਵੇ ਤਾਂ ਜ਼ਰੂਰ ਦੱਸੋ। ਤਾਂ ਬਾਦਸ਼ਾਹ ਸਿਕੰਦਰ ਨੇ ਫਿਰ ਅਜੀਬੋ-ਗ਼ਰੀਬ ਕਿਸਮ ਦੀਆਂ ਤਿੰਨ ਇੱਛਾਵਾਂ ਦੱਸੀਆਂ, ਜਿਨ੍ਹਾਂ ਨੂੰ ਉਸ ਨੇ ਆਪਣੀ ਮੌਤ ਤੋਂ ਬਾਅਦ ਪੂਰਾ ਕਰਨ ਦੇ ਲਈ ਆਪਣੇ ਮੰਤਰੀਆਂ ਨੂੰ ਹੁਕਮ ਦੇ ਦਿੱਤਾ। ਉਸ ਦੀ ਪਹਿਲੀ ਇੱਛਾ—ਮੇਰੇ ਸਰੀਰ ਨੂੰ ਮੇਰੇ ਹਕੀਮ ਹੀ ਆਪਣੇ ਮੋਢਿਆਂ ’ਤੇ ਲੈ ਕੇ ਜਾਣਗੇ। ਦੂਜੀ ਇੱਛਾ—ਮੇਰੇ ਸਰੀਰ ਨੂੰ ਜਿਸ ਰਸਤੇ ਦੇ ਰਾਹੀਂ ਲੈ ਕੇ ਜਾਇਆ ਜਾਵੇ, ਮੇਰੇ ਦੁਆਰਾ ਲੁੱਟੀ ਗਈ ਧਨ ਦੌਲਤ ਨੂੰ ਰਸਤੇ ਉੱਪਰ ਸੁੱਟਦੇ ਜਾਣਾ ਹੈ। ਤੀਜੀ ਅਤੇ ਆਖ਼ਰੀ ਇੱਛਾ—ਮੇਰੇ ਜਨਾਜ਼ੇ ਦੇ ਵਿੱਚੋਂ ਮੇਰੇ ਹੱਥਾਂ ਨੂੰ ਬਾਹਰ ਕੱਢ ਕੇ ਰੱਖਣਾ ਹੈ। ਬਾਦਸ਼ਾਹ ਸਿਕੰਦਰ ਦੇ ਇੱਕ ਖ਼ਾਸ ਮੰਤਰੀ ਨੇ ਸਿਕੰਦਰ ਬਾਦਸ਼ਾਹ ਦੇ ਕੋਲੋਂ ਇਨ੍ਹਾਂ ਅਜੀਬੋ-ਗ਼ਰੀਬ ਇੱਛਾਵਾਂ ਦਾ ਕਾਰਨ ਪੁੱਛਿਆ ਤਾਂ ਸਿਕੰਦਰ ਬੋਲਿਆ ਕਿ ਮੇਰੇ ਹਕੀਮ ਹੀ ਮੇਰੇ ਜਨਾਜ਼ੇ ਨੂੰ ਲੈ ਕੇ ਜਾਣ, ਇਸ ਦਾ ਕਾਰਨ ਹੈ ਕਿ ਮੈਂ ਦੁਨੀਆਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਭਾਵੇਂ ਤੁਹਾਡੇ ਕੋਲ ਦੁਨੀਆਂ ਦੇ ਵਧੀਆ ਤੋਂ ਵਧੀਆ ਹਕੀਮ ਹੋਣ, ਫਿਰ ਵੀ ਉਹ ਤੁਹਾਨੂੰ ਮੌਤ ਦੇ ਕੋਲੋਂ ਬਚਾ ਨਹੀਂ ਸਕਦੇ। ਦੂਜੀ ਇੱਛਾ ਬਾਰੇ ਮੈਂ ਦੁਨੀਆਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜੋ ਪੈਸਾ ਮੈਂ ਲੁੱਟਿਆ ਸੀ, ਉਹ ਮੇਰੇ ਨਾਲ ਨਹੀਂ ਗਿਆ।

ਤੀਜੀ ਇੱਛਾ, ਮੈਂ ਖ਼ਾਲੀ ਹੱਥ ਆਇਆ ਸੀ, ਖ਼ਾਲੀ ਹੱਥ ਜਾ ਰਿਹਾ ਹਾਂ। ਮੈਂ ਐਵੇਂ ਹੀ ਆਪਣਾ ਸਾਰਾ ਜੀਵਨ ਦੂਜਿਆਂ ਮਨੁੱਖਾਂ ਦੇ ਨਾਲ ਲੜਨ ਝਗੜਨ ਦੇ ਵਿਚ ਬਰਬਾਦ ਕਰ ਦਿੱਤਾ। ਸਭ ਕੁੱਝ ਹੋਣ ਦੇ ਬਾਵਜੂਦ ਵੀ ਮੈਨੂੰ ਕਿਸੇ ਅਨੰਦ ਜਾਂ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੋਈ। ਮੇਰਾ ਸਾਰਾ ਜੀਵਨ ਚਿੰਤਾ ਅਤੇ ਪਰੇਸ਼ਾਨੀਆਂ ਦੇ ਵਿਚ ਬਤੀਤ ਹੋ ਗਿਆ ਹੈ। ਇਸ ਕਹਾਣੀ ਦਾ ਸਾਰ ਹੈ ਕਿ ਹਰ ਇੱਕ ਮਨੁੱਖ ਦਾ ਹਾਲ ਉਸ ਮਹਾਨ ਸਿਕੰਦਰ ਦੇ ਵਾਂਗੂੰ ਹੀ ਹੈ। ਮਨੁੱਖ ਕਈ ਇਸ ਤਰ੍ਹਾਂ ਦੇ ਕਰਮ ਕਰਦਾ ਰਹਿੰਦਾ ਹੈ ਜਿਨ੍ਹਾਂ ਦਾ ਸਬੰਧ ਇਸ ਦੇ ਹੰਕਾਰ ਨਾਲ ਹੁੰਦਾ ਹੈ। ਅੰਤ ਵੇਲੇ ਹੱਥਾਂ ਦੇ ਵਿਚ ਕੁੱਝ ਨਹੀਂ ਆਉਂਦਾ। ਆਪਣੇ ਆਪ ਨੂੰ ਜਾਣ ਲੈਣ ਦੇ ਵਿਚ ਹੀ ਸਾਰ ਹੈ। ਜੋ ਕੋਸ਼ਿਸ਼ ਕਰੇਗਾ, ਉਸ ਦੀ ਨੀਂਦ ਇੱਕ ਨਾ ਇੱਕ ਦਿਨ ਜ਼ਰੂਰ ਟੁੱਟ ਜਾਵੇਗੀ। ਜੋ ਮਨੁੱਖ ਆਪਣੇ ਅੰਦਰ ਵਾਲੀ ਨੀਂਦ ਨੂੰ ਤੋੜ ਲਵੇਗਾ, ਉਸ ਮਨੁੱਖ ਨੇ ਆਪਣੇ ਆਪ ਨੂੰ ਜਾਣ ਵੀ ਲੈਣਾ ਹੈ। ਜੋ ਆਪਣੇ ਆਪ ਨੂੰ ਜਾਣ ਲੈਂਦਾ ਹੈ, ਉਹ ਮਨੁੱਖ ਪਰਮਾਤਮਾ ਨੂੰ ਵੀ ਜਾਣ ਲਵੇਗਾ। ਮਨੁੱਖ ਅਤੇ ਬ੍ਰਹਮ ਦੋ ਨਹੀਂ ਹਨ। ਇੱਕ ਦਿਨ ਸਾਰੇ ਧਾਰਮਿਕ ਗ੍ਰੰਥ ਵੀ ਤੁਹਾਡੇ ਦੁਆਰਾ ਜਾਣੇ ਗਏ ਸੱਚ ਦੀ ਗਵਾਹੀ ਭਰ ਦੇਣਗੇ। ਇਕੱਲੇ ਧਾਰਮਿਕ ਗ੍ਰੰਥਾਂ ਨੂੰ ਪੜ੍ਹਨ ਦੇ ਨਾਲ ਸੱਚ ਨੂੰ ਨਹੀਂ ਜਾਣਿਆ ਜਾ ਸਕਦਾ। ਇਹ ਇੱਕ ਸਰੀਰਕ ਅਤੇ ਮਾਨਸਿਕ ਸਾਧਨਾ ਹੈ, ਜਿਸ ਦੇ ਵਿੱਚੋਂ ਦੀ ਹਰ ਇੱਕ ਮਨੁੱਖ ਨੂੰ ਆਪ ਲੰਘਣਾ ਪੈਣਾ ਹੈ।

ਤੁਸੀਂ ਪ੍ਰਕਿਰਤੀ ਨੂੰ ਕੰਮ ਕਰਦੀ ਨੂੰ ਦੇਖੋ, ਉਹ ਬਹੁਤ ਹੀ ਹੌਲੀ ਹੌਲੀ ਕਿਸੇ ਵੀ ਕਾਰਜ ਨੂੰ ਪੂਰਾ ਕਰਦੀ ਹੈ। ਇੱਕ ਦਰੱਖ਼ਤ ਨੂੰ ਵੱਡਾ ਕਰਨ ਦੇ ਲਈ ਉਹ ਕਿੰਨਾ ਲੰਬਾ ਸਮਾਂ ਲਗਾ ਦੇਂਦੀ ਹੈ। ਕਿਸੇ ਵੀ ਵੱਡੇ ਕਾਰਜ ਨੂੰ ਕਰਨ ਦੇ ਲਈ ਸਮਾਂ ਅਤੇ ਸ਼ਕਤੀ ਦੋਨਾਂ ਦੀ ਜ਼ਰੂਰਤ ਪੈਂਦੀ ਹੈ। ਐਵੇਂ ਹੋਛੇਪਨ ਨਾਲ ਵਿਗੜ ਚੁੱਕੀ ਗੱਲ ਨੂੰ ਵਧਾਉਣ ਤੋਂ ਗੁਰੇਜ਼ ਕਰਨ ਦੇ ਵਿਚ ਹੀ ਅਕਲਮੰਦੀ ਹੈ। ਹੋਛੇਪਨ ਦੇ ਨਾਲ ਕੀਤਾ ਗਿਆ ਕੋਈ ਵੀ ਕਾਰਜ ਸਿਰੇ ਨਹੀਂ ਚੜ੍ਹਦਾ। ਜੋ ਤੁਹਾਡਾ ਜੀਵਨ ਸਾਥੀ ਹੈ, ਉਸ ਦਾ ਮਾਣ ਕਰੋ। ਵੱਧ ਤੋਂ ਵੱਧ ਉਸ ਨੂੰ ਪਿਆਰ ਕਰੋ। ਉਸ ਨੂੰ ਜਾਣੋ, ਉਸ ਨੂੰ ਸਮਝੋ। ਜੇਕਰ ਉਹ ਗ਼ਲਤ ਵੀ ਹੈ ਤਾਂ ਵੀ ਉਸ ਨੂੰ ਪਿਆਰ ਦੇ ਨਾਲ ਸਮਝਾਉ ਅਤੇ ਮਾਫ਼ ਕਰ ਦੇਵੋ। ਹਮੇਸ਼ਾ ਪਿਆਰ ਦੇ ਨਾਲ ਸਮਝਾਉਣ ਦੀ ਕੋਸ਼ਿਸ਼ ਕਰਨੀ ਹੈ। ਜੀਵਨ ਸਾਥੀ ਬਹੁਤ ਮਹੱਤਵਪੂਰਨ ਹੈ। ਜੇਕਰ ਹੋ ਸਕੇ ਤਾਂ ਹਫ਼ਤੇ ਵਿਚ ਇੱਕ ਦੋ ਵਾਰ ਘਰੋਂ ਬਾਹਰ ਘੁੰਮਣ ਵੀ ਜਾਵੋ ਤਾਂ ਜੋ ਰਿਸ਼ਤੇ ਦੇ ਵਿਚ ਤਾਜ਼ਗੀ ਬਣੀ ਰਹੇ। ਆਪਣੇ ਜੀਵਨ ਸਾਥੀ ਦੀ ਕਿਸੇ ਦੂਜੇ ਮਨੁੱਖ ਪਾਸੋਂ ਕਿਸੇ ਵੀ ਤਰ੍ਹਾਂ ਦੀ ਹੇਠੀ ਨਾ ਹੋਣ ਦੇਵੋ। ਜਦੋਂ ਵੀ ਕੋਈ ਪਰਸਨਲ ਗੱਲ ਕਰਨੀ ਹੋਵੇ, ਉਸ ਨੂੰ ਰਾਤ ਵੇਲੇ ਕਰਨਾ ਹੀ ਉੱਚਿਤ ਸਮਾਂ ਹੈ। ਮਹਿਮਾਨਾਂ ਦੇ ਸਾਹਮਣੇ ਸੀਨ ਖੜ੍ਹਾ ਕਰਨਾ ਕੋਈ ਅਕਲਮੰਦੀ ਵਾਲੀ ਗੱਲ ਨਹੀਂ ਹੈ। ਕਿਸੇ ਨਾਲ ਵੀ ਗੱਲ ਕਰਨ ਲੱਗਿਆਂ 'ਤੁਸੀਂ' ਜਾਂ 'ਆਪ' ਸ਼ਬਦ ਦੀ ਵਰਤੋਂ ਕਰਨੀ ਹੈ। ਭਾਵੇਂ ਸਾਹਮਣੇ ਵਾਲਾ ਵੱਡਾ ਹੈ ਜਾਂ ਛੋਟਾ ਹੈ, ਗ਼ਰੀਬ ਹੈ ਜਾਂ ਅਮੀਰ, ਹਰ ਇੱਕ ਮਨੁੱਖ ਦੇ ਨਾਲ ਇੱਕੋ ਹੀ ਤਰ੍ਹਾਂ ਦਾ ਵਿਵਹਾਰ ਕਰਨਾ ਹੈ।

ਮਨੁੱਖ ਆਪਣੇ ਆਪ ਨੂੰ ਇਕੱਲਾ ਕਿਉਂ ਸਮਝਦਾ ਹੈ? ਅਸਲ ਦੇ ਵਿਚ ਆਤਮਾ ਬ੍ਰਹਮ ਦੇ ਅੰਦਰ ਹੀ ਹੈ, ਇਸ ਦੇ ਬਾਵਜੂਦ ਵੀ ਬ੍ਰਹਮ ਦੇ ਨਾਲੋਂ ਇਸ ਦਾ ਸਬੰਧ ਟੁੱਟਿਆ ਹੋਣ ਕਾਰਨ ਇਹ ਆਪਣੇ ਆਪ ਨੂੰ ਇਕੱਲਾ ਸਮਝਦੀ ਹੈ। ਇਸ ਇਕੱਲੇਪਨ ਨੂੰ ਦੂਰ ਕਰਨ ਦੇ ਲਈ ਇਹ ਭਟਕ ਰਹੀ ਹੈ। ਜਦੋਂ ਵੀ ਨਿਰ-ਵਿਚਾਰ ਅਵਸਥਾ ਰਾਹੀਂ ਪਾਰਬ੍ਰਹਮ ਦੇ ਨਾਲ ਇਸ ਦਾ ਮਿਲਣ ਹੋ ਜਾਵੇਗਾ, ਉਸ ਤੋਂ ਬਾਅਦ ਹੀ ਮਨੁੱਖ ਦੇ ਅੰਦਰ ਦਾ ਇਕੱਲਾ ਪਨ ਦੂਰ ਹੋਣਾ ਹੈ।

ਸਮਾਧੀ ਤੋਂ ਸਹਿਜ ਤਕ ਅਤੇ ਕਾਰਨ ਸਰੀਰ

ਸਮਾਧੀ

ਨਿਰ-ਵਿਚਾਰ ਸਮਾਧੀ ਦੇ ਰਾਹੀਂ ਜੀਵ ਆਤਮਾ ਪਰਮਾਤਮਾ ਦੇ ਸਨਮੁਖ ਹੋ ਸਕਦੀ ਹੈ। ਸਮਾਧੀ ਦੀ ਜ਼ਰੂਰਤ ਉਸ ਮਨੁੱਖ ਨੂੰ ਹੈ ਜਿਸ ਦਾ ਮਨ ਵਿਚਾਰਾਂ ਦੇ ਵਿਚ ਗ੍ਰਸਤ ਹੈ ਜਾਂ ਅਸਥਿਰ ਹੈ। ਜਦੋਂ ਮਨ ਇਕਾਗਰ ਹੋ ਜਾਵੇਗਾ ਤਾਂ ਇਸ ਦਿਖਾਈ ਦੇਣ ਵਾਲੇ ਜਗਤ ਨੇ ਅਦ੍ਰਿਸ਼ ਹੋ ਜਾਣਾ ਹੈ। ਤੁਹਾਡਾ ਨਿਰ-ਵਿਚਾਰ ਸਮਾਧੀ ਵਾਲੀ ਅਵਸਥਾ ਵਿਚ ਪਰਵੇਸ਼ ਹੋ ਜਾਵੇਗਾ, ਇਹ ਸਾਧਨਾ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਸਮਾਧੀ ਦੇ ਰਾਹੀਂ ਮਨੁੱਖ ਆਪਣੀ ਸੁਰਤੀ ਨੂੰ ਵਿਚਾਰਾਂ ਤੋਂ ਮੁਕਤ ਕਰ ਕੇ ਬ੍ਰਹਮ ਦੇ ਵਿਚ ਸਥਿਰ ਕਰ ਸਕਦਾ ਹੈ। ਸਹਿਜ ਅਵਸਥਾ ਨੂੰ ਉਹ ਮਨੁੱਖ ਪ੍ਰਾਪਤ ਕਰ ਲੈਂਦਾ ਹੈ ਜਿਸ ਨੂੰ ਪਤਾ ਲੱਗ ਚੁੱਕਾ ਹੈ ਕਿ ਜੀਵਨ ਨੂੰ ਕਿਵੇਂ ਜੀਣਾ ਹੈ। ਜਦੋਂ ਸਾਧਕ ਧਿਆਨ ਸਿਮਰਨ ਕਰਦਾ ਹੋਇਆ ਸਮਾਧੀ ਦੀ ਭੱਠੀ ਅੰਦਰ ਆਪਣੀ ਸੁਰਤੀ ਨੂੰ ਇਕਾਗਰ ਕਰ ਕੇ ਰੱਖਦਾ ਹੈ, ਉਸ ਅਵਸਥਾ ਵਿਚ ਪ੍ਰਕਾਸ਼ ਕਾਰਨ ਸਰੀਰ ਦੇ ਅੰਦਰ ਇਕੱਤਰ ਹੋਈ ਸੰਸਕਾਰਾਂ ਦੀ ਮੈਲ ਨੂੰ ਖ਼ਤਮ ਕਰ ਦੇਂਦਾ ਹੈ। ਤੁਸੀਂ ਆਪਣੀ ਸੁਰਤੀ ਨੂੰ ਬਾਰ ਬਾਰ ਨਿਰ-ਵਿਚਾਰ ਸਮਾਧੀ ਦੇ ਵਿਚ ਇਕਾਗਰ ਕਰਨ ਦੀ ਕੋਸ਼ਿਸ਼ ਕਰਨੀ ਹੈ, ਭਾਵੇਂ ਇਹ ਅਨੁਭਵ ਕੁੱਝ ਛਿਣਾਂ ਦੇ ਲਈ ਹੀ ਕਿਉਂ ਨਾ ਪ੍ਰਾਪਤ ਹੋਵੇ। ਆਤਮਾ ਅਤੇ ਮਨ ਨੂੰ ਪੂਰਨ ਤੌਰ ’ਤੇ ਨਿਰਮਲ ਹੋਣ ਦੇ ਲਈ ਕੁੱਝ ਸਾਲਾਂ ਦਾ ਸਮਾਂ ਲੱਗ ਜਾਂਦਾ ਹੈ। ਧਿਆਨ ਸਿਮਰਨ ਦੇ ਵਿਚ ਕੀਤੀ ਗਈ ਮਿਹਨਤ ਉਸ ਪਰਮ ਅਨੰਦ ਦੀ ਕੀਮਤ ਨਹੀਂ ਹੈ, ਜੋ ਮਿਲਦਾ ਹੈ ਉਹ ਅਨੰਤ ਗੁਣਾਂ ਜ਼ਿਆਦਾ ਮਿਲੇਗਾ। ਸਾਧਨਾ ਦੀ ਸਾਰੀ ਕਿਰਿਆ ਬਿਲਕੁਲ ਉਸੇ ਹੀ ਤਰ੍ਹਾਂ ਕੰਮ ਕਰਦੀ ਹੈ, ਜਿਸ ਤਰ੍ਹਾਂ ਪਾਰਸ ਦੇ ਸੰਪਰਕ ਵਿਚ ਲੋਹੇ ਦੇ ਆਉਣ ਨਾਲ ਆਪਣੇ ਰੂਪ ਦਾ ਤਿਆਗ ਕਰ ਕੇ ਸੋਨਾ ਦੇ ਰੂਪ ਨੂੰ ਗ੍ਰਹਿਣ ਕਰ ਲੈਂਦਾ ਹੈ। ਜਦੋਂ ਸਮਾਧੀ ਅੰਦਰ ਚੇਤਨਾ ਨਿਰ-ਵਿਚਾਰ ਅਵਸਥਾ ਨੂੰ ਅਨੁਭਵ ਕਰਨ ਲੱਗ ਜਾਂਦੀ ਹੈ ਤਾਂ ਮਨੁੱਖ ਨੇ ਪਰਮਾਤਮਾ ਦੇ ਅੰਦਰ ਪਰਵੇਸ਼ ਕਰ ਜਾਣਾ ਹੈ। ਜੋ ਘਟਨਾ ਵਰਤਮਾਨ ਕਾਲ ਦੇ ਅੰਦਰ ਵਾਪਰ ਰਹੀ ਹੈ, ਮਨੁੱਖ ਦੀ ਚੇਤਨਾ ਉਸ ਨੂੰ ਪਕੜਨ ਦੇ ਵਿਚ ਅਸਮਰੱਥ ਹੈ। ਜਦੋਂ ਮਨੁੱਖ ਧਿਆਨ ਸਿਮਰਨ ਕਰਨਾ ਸ਼ੁਰੂ ਕਰਦਾ ਹੈ ਤਾਂ ਉਸ ਦੀ ਸੁਰਤੀ ਇਕਦਮ ਪੂਰਨ ਚੇਤਨ ਸਮਾਧੀ ਦੇ ਵਿਚ ਪਰਵੇਸ਼ ਨਹੀਂ ਕਰ ਸਕਦੀ। ਇਸ ਦਾ ਇੱਕ ਬਹੁਤ ਵੱਡਾ ਕਾਰਨ ਵੀ ਹੈ। ਸਾਡਾ ਮਸਤਕ ਇਕਦਮ ਨਿਰ-ਵਿਚਾਰ ਬ੍ਰਹਮ ਚੇਤਨ ਤੱਤ ਨੂੰ ਆਪਣੇ ਉੱਪਰ

ਬਰਦਾਸ਼ਤ ਨਹੀਂ ਕਰ ਸਕਦਾ। ਇਸੇ ਕਾਰਨ ਸਮਾਧੀ ਦੇ ਰਾਹੀਂ ਹੌਲੀ ਹੌਲੀ ਕਰਕੇ ਮਹਾਂ ਚੇਤਨ ਤੱਤ ਦੇ ਵਿਚ ਪਰਵੇਸ਼ ਕਰਨਾ ਪੈਂਦਾ ਹੈ। ਜਿਵੇਂ ਜਿਵੇਂ ਮਨ ਅਤੇ ਆਤਮਾ ਦੀ ਸਮਰੱਥਾ ਵੱਧਦੀ ਜਾਵੇਗੀ, ਸੁਰਤੀ ਨੇ ਬ੍ਰਹਮ ਦੇ ਹੋਰ ਜ਼ਿਆਦਾ ਗਹਿਰੇ ਤਲਾਂ ਦੇ ਵਿਚ ਪਰਵੇਸ਼ ਕਰਦੀ ਜਾਣਾ ਹੈ। ਸਰੀਰ ਦੇ ਇੱਕ ਇੱਕ ਰੋਮ ਨੂੰ ਸਾਧਨਾ ਦੇ ਵਿੱਚੋਂ ਦੀ ਕਈ ਵਾਰ ਲੰਘਣਾ ਪੈਂਦਾ ਹੈ। ਕਈ ਵਾਰ ਮਨ ਦੀਆਂ ਪਰਤਾਂ ਉੱਖੜਨ ਦੇ ਨਾਲ ਸੁਰਤੀ ਕੁਝ ਮਿੰਟਾਂ ਦੇ ਲਈ ਚੇਤਨਾ ਦੇ ਬਹੁਤ ਗਹਿਰੇ ਤਲਾਂ ਦੇ ਵਿਚ ਪਰਵੇਸ਼ ਕਰ ਜਾਂਦੀ ਹੈ। ਉਸ ਅਵਸਥਾ ਵਿਚ ਤੁਹਾਡੇ ਨਾਲ ਕੀ ਹੋਇਆ, ਤੁਹਾਨੂੰ ਕੁਝ ਵੀ ਯਾਦ ਨਹੀਂ ਰਹੇਗਾ। ਤੁਹਾਨੂੰ ਇੱਕ ਦੋ ਘੰਟੇ ਬਾਅਦ ਹੋਸ਼ ਆਵੇਗੀ। ਇਸ ਵਿਚ ਘਬਰਾਉਣ ਵਾਲੀ ਕੋਈ ਗੱਲ ਨਹੀਂ, ਇਹ ਵੀ ਇਸ ਕਿਰਿਆ ਦਾ ਇੱਕ ਹਿੱਸਾ ਹੈ। ਜੇ ਤੁਹਾਨੂੰ ਕੁੱਝ ਡਰ ਲੱਗੇ ਤਾਂ ਤੁਸੀਂ ਡਰਨਾ ਨਹੀਂ ਹੈ, ਤੁਹਾਨੂੰ ਕੁਝ ਨਹੀਂ ਹੋਵੇਗਾ। ਇਨ੍ਹਾਂ ਅਨੁਭਵਾਂ ਦੇ ਵਿੱਚੋਂ ਦੀ ਲੰਘਣਾ ਪੈਣਾ ਹੈ। ਮਨ ਦੋ ਦਿਸ਼ਾ ਦੇ ਵੱਲ ਨੂੰ ਖੁੱਲ੍ਹ ਸਕਦਾ ਹੈ, ਇੱਕ ਦਿਸ਼ਾ ਬਾਹਰ ਵੱਲ ਨੂੰ ਜਿਸ ਦੇ ਵਿਚ ਮਨੁੱਖ ਨੂੰ ਬ੍ਰਹਮ ਦੇ ਬਾਹਰੀ ਰੂਪ ਦਾ ਪਤਾ ਲੱਗਦਾ ਹੈ ਅਤੇ ਦੂਜੀ ਦਿਸ਼ਾ ਮਨ ਦੇ ਅੰਦਰ ਵੱਲ ਨੂੰ ਜਿਸ ਦੇ ਵਿਚ ਮਨੁੱਖ ਨੂੰ ਬ੍ਰਹਮ ਦੇ ਅੰਦਰਲੇ ਰੂਪ ਦੇ ਦਰਸ਼ਨ ਹੋਣੇ ਹਨ। ਸਾਰੀ ਮਨੁੱਖਤਾ ਦਾ ਮਨ ਬਾਹਰ ਵੱਲ ਨੂੰ ਖੁੱਲ੍ਹਿਆ ਹੋਇਆ ਹੈ। ਸਮਾਧੀ ਵਿਚ ਪਰਵੇਸ਼ ਕੀਤੇ ਬਿਨਾਂ ਮਨ ਅੰਦਰ ਵੱਲ ਨੂੰ ਨਹੀਂ ਖੁੱਲ੍ਹ ਸਕਦਾ। ਜੋ ਮਨੁੱਖ ਆਪਣੀ ਸੁਰਤੀ ਨੂੰ ਸਾਧਨਾ ਦੇ ਰਾਹੀਂ ਆਪਣੇ ਅੰਦਰ ਵੱਲ ਨੂੰ ਮੋੜ ਦੇਵੇਗਾ, ਉਸ ਮਨੁੱਖ ਦੇ ਮਨ ਨੇ ਅੰਦਰ ਵੱਲ ਨੂੰ ਖੁੱਲ੍ਹਣਾ ਸ਼ੁਰੂ ਹੋ ਜਾਣਾ ਹੈ। ਇਸ ਅਵਸਥਾ ਵਿਚ ਪਹੁੰਚੇ ਮਨੁੱਖ ਦਾ ਜੀਵਨ ਜੜ੍ਹਾਂ ਤੋਂ ਬਦਲਣਾ ਸ਼ੁਰੂ ਹੋ ਜਾਵੇਗਾ। ਇਸ ਮਨੁੱਖ ਦੇ ਰਾਹੀਂ ਜੋ ਵੀ ਕਾਰਜ ਕੀਤੇ ਜਾਂਦੇ ਹਨ, ਉਨ੍ਹਾਂ ਦਾ ਆਦੇਸ਼ ਬ੍ਰਹਮ ਤੋਂ ਆਉਂਦਾ ਹੈ। ਸਮਾਧੀ ਦੀ ਆਖ਼ਰੀ ਅਵਸਥਾ ਵਿਚ ਹੋਣਾ-ਭਾਵ ਵੀ ਮਿਟ ਜਾਵੇਗਾ, ਕੇਵਲ ਚੇਤਨ-ਭਾਵ ਬੱਚ ਜਾਣਾ ਹੈ। ਇਸ ਅਵਸਥਾ ਵਿਚ ਪਰਵੇਸ਼ ਕਰਨ ਵਾਲੇ ਮਨੁੱਖ ਦੇ ਸਾਰੇ ਮਸਤਕ ਨੇ ਇੱਕ ਨੇਤਰ ਦੇ ਵਿਚ ਤਬਦੀਲ ਹੋ ਜਾਣਾ ਹੈ ਜਿਸ ਦੇ ਰਾਹੀਂ ਸਾਧਕ ਪਾਰਬ੍ਰਹਮ ਦੇ ਦਰਸ਼ਨ ਕਰਦਾ ਹੈ। ਇਸ ਅਵਸਥਾ ਨੂੰ ਉਹ ਮਨੁੱਖ ਅਨੁਭਵ ਕਰਦਾ ਹੈ ਜੋ ਆਪਣੇ ਆਪ ਨੂੰ ਉਸ ਪਰਮ ਸ਼ਕਤੀ ਦੇ ਚਰਨਾਂ ਦੇ ਵਿਚ ਪੂਰਨ ਤੌਰ ’ਤੇ ਸਮਰਪਣ ਕਰਨ ਦੇਂਦਾ ਹੈ। ਬਾਅਦ ਵਿਚ ਇਸ ਮਨੁੱਖ ਦਾ ਮੇਲ ਪਵਿੱਤਰ ਸੱਤਾ ਦੇ ਨਾਲ ਹੋ ਜਾਣਾ ਹੈ। ਜਿਸ ਦਾ ਅਨੁਭਵ ਇਸ ਮਨੁੱਖ ਦੇ ਪ੍ਰਾਣਾਂ ਦੇ ਅੰਦਰ ਸਦਾ ਲਈ ਸਮਾ ਜਾਵੇਗਾ, ਉਸ ਅਵਸਥਾ ਵਿਚ ਮਨੁੱਖ ਐਸੇ ਅੰਮ੍ਰਿਤ ਨੂੰ ਪੀ ਲੈਂਦਾ ਹੈ ਜਿਸ ਨੂੰ ਪੀਣ ਦੇ ਨਾਲ ਅਗਿਆਨਤਾ ਦਾ ਸਾਰਾ ਹਨੇਰਾ ਦੂਰ ਹੋ ਜਾਵੇਗਾ। ਉਸ ਪਰਮ ਅਵਸਥਾ ਨੂੰ ਬਿਆਨ ਤਾਂ ਨਹੀਂ ਕੀਤਾ ਜਾ ਸਕਦਾ, ਪਰ ਉਸ ਤੱਤ ਨੂੰ ਅਨੁਭਵ ਜ਼ਰੂਰ ਕੀਤਾ ਜਾ ਸਕਦਾ ਹੈ। ਇੱਕ ਗ਼ੋਤੇਖ਼ੋਰ ਦੇ ਵਾਂਗੂੰ ਸਮਾਧੀ ਦੇ ਰਾਹੀਂ ਆਪਣੇ ਅੰਦਰਲੇ ਅੰਦਰ ਬਾਰ ਬਾਰ ਟੁੱਭੀ ਮਾਰੀ ਜਾਣੀ ਹੈ। ਜਦੋਂ ਅਸੀਂ ਪਹਿਲੀ ਵਾਰ ਪਾਣੀ ਦੇ ਅੰਦਰ ਆਪਣੇ ਸਾਹ ਨੂੰ ਰੋਕਦੇ ਹਾਂ ਤਾਂ ਕੁੱਝ ਹੀ ਪਲਾਂ ਦੇ ਵਿਚ ਘਬਰਾਹਟ ਮਹਿਸੂਸ ਕਰਨ ਤੋਂ ਬਾਅਦ ਅਸੀਂ ਆਪਣੇ ਸਿਰ ਨੂੰ ਪਾਣੀ ਦੇ ਅੰਦਰੋਂ ਬਾਹਰ ਕੱਢ ਲੈਂਦੇ ਹਾਂ। ਜਿਵੇਂ ਜਿਵੇਂ ਸਵਾਸਾਂ ਨੂੰ ਰੋਕਣ ਦਾ ਅਭਿਆਸ

ਵੱਧਦਾ ਜਾਂਦਾ ਹੈ, ਅਸੀਂ ਪਾਣੀ ਦੇ ਅੰਦਰ ਆਪਣਾ ਸਾਹ ਜ਼ਿਆਦਾ ਚਿਰ ਰੋਕ ਕੇ ਰੱਖ ਸਕਦੇ ਹਾਂ। ਬਿਲਕੁਲ ਇਸੇ ਹੀ ਤਰ੍ਹਾਂ ਸਮਾਧੀ ਦੇ ਵਿਚ ਤੁਸੀਂ ਬਾਰ ਬਾਰ ਪਰਵੇਸ਼ ਕਰਦੇ ਹੀ ਜਾਣਾ ਹੈ। ਇੱਕ ਸਮਾਂ ਆ ਜਾਣਾ ਹੈ ਜਦੋਂ ਤੁਹਾਡੀ ਸੁਰਤੀ ਕਾਰਨ ਸਰੀਰ ਦੀਆਂ ਪਰਤਾਂ ਨੂੰ ਚੀਰਦੀ ਹੋਈ ਨੇ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰ ਜਾਣਾ ਹੈ। ਇਹ ਸਹਿਜ ਦੀ ਆਖ਼ਰੀ ਅਵਸਥਾ ਹੈ ਜੋ ਨਿਰ-ਵਿਚਾਰ ਸਮਾਧੀ ਤੋਂ ਬਾਅਦ ਆਉਂਦੀ ਹੈ। ਇਸ ਅਵਸਥਾ ਵਿਚ ਮਨ ਦੇ ਅੰਦਰ ਕੋਈ ਰਾਗ ਨਹੀਂ ਹੈ। ਇਹ ਕੰਪਨ ਰਹਿਤ ਜੋਤ ਦੇ ਵਾਂਗੂੰ ਆਪਣੇ ਆਪ ਵਿਚ ਸਥਿਰ ਹੋ ਜਾਵੇਗਾ, ਜਦੋਂ ਸਰੀਰ ਅੰਦਰ ਪ੍ਰਾਣ ਕੰਪਨ ਰਹਿਤ ਹੋ ਜਾਂਦੇ ਹਨ। ਮਨੁੱਖ ਪਹਿਲਾਂ ਧਿਆਨ ਸਿਮਰਨ ਦੇ ਰਾਹੀਂ ਨਿਰ-ਵਿਚਾਰ ਸਮਾਧੀ ਨੂੰ ਅਨੁਭਵ ਕਰਦਾ ਹੈ। ਧਿਆਨ ਸਿਮਰਨ ਕਰਨ ਦੇ ਸਮੇਂ ਜਦੋਂ ਸੁਰਤੀ ਨੇ ਵਿਚਾਰਾਂ ਦੀਆਂ ਪਰਤਾਂ ਨੂੰ ਤੋੜ ਦਿੱਤਾ ਤਾਂ ਤੁਹਾਡਾ ਪਰਵੇਸ਼ ਨਿਰ-ਵਿਚਾਰ ਸਮਾਧੀ ਦੇ ਅੰਦਰ ਹੋ ਜਾਵੇਗਾ। ਸਾਧਕ ਨੂੰ ਸਾਧਨਾ ਦੇ ਰਾਹੀਂ ਨਿਰ-ਵਿਚਾਰ ਸਮਾਧੀ ਦੇ ਅੰਦਰ ਪਰਵੇਸ਼ ਕਰਨ ਦੇ ਲਈ ਬਾਰ ਬਾਰ ਕੋਸ਼ਿਸ਼ ਕਰਨੀ ਪੈਂਦੀ ਹੈ। ਜਦੋਂ ਧਿਆਨ ਸਿਮਰਨ ਦੌਰਾਨ ਸੁਰਤੀ ਆਤਮਾ ਤੱਤ ਵਿਚ ਸਮਾਉਣ ਲੱਗ ਜਾਵੇਗੀ, ਉਸ ਤੋਂ ਬਾਅਦ ਨਿਰ-ਵਿਚਾਰ ਸਮਾਧੀ ਦਾ ਸਮਾਂ ਆਪਣੇ ਆਪ ਵੱਧਦੇ ਜਾਣਾ ਹੈ। ਇੱਕ ਸਮਾਂ ਐਸਾ ਆ ਜਾਣਾ ਹੈ ਜਦੋਂ ਇਸ ਅਵਸਥਾ ਦਾ ਅਨੁਭਵ ਤੁਹਾਨੂੰ ਦਿਨ ਵੇਲੇ ਵੀ ਹੋਣਾ ਸ਼ੁਰੂ ਹੋ ਜਾਵੇਗਾ। ਨਿਰ-ਵਿਚਾਰ ਅਵਸਥਾ ਵਿਚ ਸੁਰਤੀ ਸਥਿਰ ਹੋਣ ਤੋਂ ਬਾਅਦ ਇਸ ਨੇ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰਦੀ ਜਾਣਾ ਹੈ। ਸਹਿਜ ਅਵਸਥਾ ਕੀ ਹੈ, ਜਦੋਂ ਜਾਗ੍ਰਿਤ ਅਵਸਥਾ ਮਨੁੱਖ ਦਾ ਮਨ ਵਿਚਾਰਾਂ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਹ ਮਨੁੱਖ ਦੀ ਸੁਰਤੀ ਸਹਿਜ ਅਵਸਥਾ ਵਿਚ ਲੀਨ ਹੋ ਜਾਂਦੀ ਹੈ। ਇਸ ਅਵਸਥਾ ਵਿਚ ਪਹੁੰਚਿਆ ਮਨੁੱਖ ਬਿਨਾਂ ਭੇਦ-ਭਾਵ ਦੇ ਵਿਵਹਾਰ ਕਰਦਾ ਹੈ। ਇਹ ਮਨੁੱਖ ਬੰਧਨਾਂ ਤੋਂ ਮੁਕਤ ਹੋ ਚੁੱਕਾ ਹੈ। ਇਹ ਮਨੁੱਖ ਚੇਤਨ ਮਨ ਦੇ ਰਾਹੀਂ ਆਪਣਾ ਜੀਵਨ ਬਤੀਤ ਕਰੇਗਾ। ਜਿਸ ਤਰ੍ਹਾਂ ਦੋ ਫਾੜ ਬੀਜ ਦੇ ਵਿੱਚੋਂ ਪੌਦਾ ਪੈਦਾ ਨਹੀਂ ਹੋ ਸਕਦਾ, ਉਸੇ ਹੀ ਤਰ੍ਹਾਂ ਜਿੰਨਾ ਚਿਰ ਤੱਕ ਮਨੁੱਖ ਦੋਹਰੇ ਭਾਵ ਤੋਂ ਮੁਕਤ ਹੋ ਕੇ ਇੱਕ ਦੇ ਵਿਚ ਤਬਦੀਲ ਨਹੀਂ ਹੋ ਜਾਂਦਾ, ਓਨਾ ਚਿਰ ਤੱਕ ਮਨੁੱਖ ਦੇ ਜੀਵਨ ਵਿਚ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਨਹੀਂ ਬਣੇਗੀ। ਬਿਨਾਂ ਸਾਧਨਾ ਕੀਤੇ ਨਿਰ-ਵਿਚਾਰ ਸਮਾਧੀ ਪ੍ਰਾਪਤ ਨਹੀਂ ਹੋ ਸਕਦੀ। ਜਿਸ ਤਰ੍ਹਾਂ ਨਵੇਂ ਨਲਕੇ ਦੇ ਕੀਤੇ ਬੋਰ ਵਿਚ ਪਹਿਲਾਂ ਪਾਣੀ ਉੱਪਰੋਂ ਪਾਉਣਾ ਪੈਂਦਾ ਹੈ ਤਾਂ ਜੋ ਬੋਕੀ ਦਾ ਸੰਪਰਕ ਅਸੀਮ ਪਾਣੀ ਦੇ ਸਰੋਤ ਨਾਲ ਜੁੜ ਜਾਵੇ। ਜਦੋਂ ਬੋਕੀ ਦਾ ਸੰਪਰਕ ਪਾਣੀ ਦੇ ਅਸੀਮ ਸਰੋਤ ਨਾਲ ਹੋ ਜਾਂਦਾ ਹੈ ਤਾਂ ਉਸ ਨਲਕੇ ਦੇ ਵਿਚ ਉੱਪਰੋਂ ਪਾਣੀ ਪਾਉਣ ਦੀ ਜ਼ਰੂਰਤ ਨਹੀਂ ਪੈਂਦੀ। ਅਸੀਮ ਦੇ ਨਾਲੋਂ ਮਨੁੱਖ ਦੇ ਟੁੱਟੇ ਸੰਪਰਕ ਨੂੰ ਧਿਆਨ ਸਿਮਰਨ ਦੇ ਰਾਹੀਂ ਦੁਬਾਰਾ ਜੋੜਨਾ ਹੈ। ਪਰਮ ਜੀਵਨ ਦੇ ਬੰਦ ਦਰਵਾਜ਼ੇ ਨੂੰ ਖੋਲ੍ਹਣ ਦੇ ਲਈ ਸਮਾਧੀ ਚਾਬੀ ਹੈ। ਸਮਾਧੀ ਇੱਕ ਐਸੀ ਚਾਬੀ ਹੈ ਜਿਸ ਦੀ ਮਦਦ ਨਾਲ ਆਤਮ ਗਿਆਨ ਦੇ ਹਰ ਇੱਕ ਤਾਲੇ ਨੂੰ ਖੋਲ੍ਹਿਆ ਜਾ ਸਕਦਾ ਹੈ। ਨਿਰ-ਵਿਚਾਰ ਸਮਾਧੀ ਦੇ ਵਿਚ ਬਾਰ ਬਾਰ ਪਰਵੇਸ਼ ਕਰਨ ਦੇ ਨਾਲ ਆਤਮਾ ਨੇ ਆਪਣੇ ਸਰੂਪ ਨੂੰ ਦੁਬਾਰਾ

ਹਾਸਿਲ ਕਰ ਲੈਣਾ ਹੈ। ਅਸਲੀ ਸੋਨੇ ਦੇ ਵਿਚ ਜਦੋਂ ਨਕਲੀ ਸੋਨੇ ਦੀ ਖੋਟ ਮਿਲ ਜਾਂਦੀ ਹੈ ਤਾਂ ਸੋਨੇ ਦੇ ਅੰਦਰ ਮਿਲੀ ਖੋਟ ਨੂੰ ਦੂਰ ਕਰਨ ਲਈ ਸੁਹਾਗੇ ਦੀ ਵਰਤੋਂ ਕਰਨੀ ਪੈਂਦੀ ਹੈ। ਇਸੇ ਹੀ ਤਰ੍ਹਾਂ ਆਤਮਾ ਅਤੇ ਮਨ ਦੇ ਉੱਪਰ ਸੰਸਕਾਰਾਂ ਦੀ ਮੈਲ ਨੂੰ ਦੂਰ ਕਰਨ ਦੇ ਲਈ ਸਮਾਧੀ ਦੀ ਵਰਤੋਂ ਕਰਨੀ ਪੈਂਦੀ ਹੈ। ਸੁਰਤੀ ਸਹਿਜ ਅਵਸਥਾ ਵਿਚ ਪਰਵੇਸ਼ ਕਰਨ ਨਾਲ, ਆਤਮਾ ਸਹਿਜ ਮੰਡਲ ਦੇ ਵਿਚ ਦਾਖ਼ਲ ਹੋ ਜਾਵੇਗੀ। ਪਹਿਲਾਂ ਮਨੁੱਖ ਸਹਿਜ ਅਵਸਥਾ ਨੂੰ ਸਮਾਧੀ ਦੇ ਰਾਹੀਂ ਹੀ ਅਨੁਭਵ ਕਰਦਾ ਹੈ ਅਤੇ ਬਾਅਦ ਦੇ ਵਿਚ ਪੂਰਾ ਜੀਵਨ ਹੀ ਸਹਿਜ ਦੇ ਵਿਚ ਪਰਿਵਰਤਨ ਹੋ ਜਾਵੇਗਾ। ਸਮਾਧੀ ਵਿਚ ਬੈਠੇ ਮਨੁੱਖ ਦੀ ਸੁਰਤੀ ਜਦੋਂ ਆਤਮਾ ਅਤੇ ਪਾਰਬ੍ਰਹਮ ਦੇ ਵਿਚਕਾਰ ਮੌਜੂਦ ਕਾਰਨ ਸਰੀਰ ਦੀ ਪਰਤ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਅਵਸਥਾ ਵਿਚ ਮਨੁੱਖ ਨੂੰ ਕਈ ਭਿਅੰਕਰ ਆਵਾਜ਼ਾਂ ਸੁਣਾਈ ਦੇਣੀਆਂ ਹਨ, ਜਿਨ੍ਹਾਂ ਨੂੰ ਸੁਣ ਕੇ ਤੁਸੀਂ ਡਰਨਾ ਨਹੀਂ ਹੈ। ਇਹ ਆਵਾਜ਼ਾਂ ਤੁਹਾਡੀ ਸੁਰਤੀ ਨੂੰ ਵਾਪਸ ਤਾਂ ਮੋੜ ਸਕਦੀਆਂ ਹਨ ਪਰ ਤੁਹਾਡੀ ਸੁਰਤੀ ਨੂੰ ਕਾਰਨ ਸਰੀਰ ਦੇ ਮੰਡਲ ਨੂੰ ਪਾਰ ਕਰਨ ਤੋਂ ਰੋਕ ਨਹੀਂ ਸਕਦੀਆਂ। ਇੱਕ ਦਿਨ ਤੁਹਾਡੀ ਸੁਰਤੀ ਨੇ ਇਨ੍ਹਾਂ ਆਵਾਜ਼ਾਂ ਦੀਆਂ ਪਰਤਾਂ ਨੂੰ ਪਾੜ ਕੇ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰ ਜਾਣਾ ਹੈ। ਉਸ ਤੋਂ ਬਾਅਦ ਦੁਬਾਰਾ ਜਦੋਂ ਵੀ ਤੁਹਾਡੀ ਸੁਰਤੀ ਕਾਰਨ ਸਰੀਰ ਦੇ ਮੰਡਲ ਤੋਂ ਅੱਗੇ ਲੰਘੇਗੀ ਤਾਂ ਇਨ੍ਹਾਂ ਆਵਾਜ਼ਾਂ ਦਾ ਪ੍ਰਭਾਵ ਤੁਹਾਡੀ ਸੁਰਤੀ ਦੇ ਉੱਪਰ ਜ਼ਿਆਦਾ ਨਹੀਂ ਰਹਿ ਜਾਵੇਗਾ। ਇਹ ਸੱਤਾ ਆਤਮਾ ਅਤੇ ਪਾਰਬ੍ਰਹਮ ਦੇ ਮੇਲ ਦੀ ਆਖ਼ਰੀ ਲਛਮਣ ਰੇਖਾ ਹੈ, ਇਸ ਤੋਂ ਅੱਗੇ ਹੋਰ ਕੋਈ ਵੀ ਰੁਕਾਵਟ ਨਹੀਂ ਆਉਂਦੀ। ਸਮਾਧੀ ਦੇ ਵਿਚ ਬੈਠੇ ਬੈਠੇ ਤੁਹਾਡੇ ਪੇਟ ਅੰਦਰ ਆਪਣੇ ਆਪ ਹਵਾ ਪੈਦਾ ਹੋ ਜਾਵੇਗੀ। ਤੁਸੀਂ ਉਸ ਹਵਾ ਨੂੰ ਆਪਣੀ ਗੁਦਾ ਨੂੰ ਸੰਗੋੜ ਕੇ ਬਾਹਰ ਨਿਕਲਣ ਤੋਂ ਰੋਕ ਲੈਣਾ ਹੈ। ਇਸ ਤਰ੍ਹਾਂ ਕਰਨ ਨਾਲ ਤੁਹਾਡੇ ਸਰੀਰ ਦੇ ਅੰਦਰ ਪ੍ਰਾਣ ਪ੍ਰਕਾਸ਼ ਦੀ ਗਤੀ ਹੋਰ ਜ਼ਿਆਦਾ ਤੇਜ਼ ਹੋ ਜਾਣੀ ਹੈ। ਤੁਸੀਂ ਧਿਆਨ ਸਿਮਰਨ ਦੇ ਵਿਚ ਬੈਠਿਆਂ ਆਪਣੀ ਨਾਭੀ ਨੂੰ ਅੰਦਰ ਵੱਲ ਨੂੰ ਖਿੱਚਣ ਦੀ ਕੋਸ਼ਿਸ਼ ਕਰਨੀ ਹੈ। ਸਾਧਨਾ ਦੇ ਵਿਚ ਕਦੇ ਕਦੇ ਆਪਣੀ ਧੁਨੀ ਨੂੰ ਖਿੱਚ ਕੇ ਛੱਡਣਾ ਹੈ।

ਇੜਾ ਨਾੜੀ ਦੇ ਠੰਢੇ ਪ੍ਰਕਾਸ਼ ਦੀ ਗਤੀ ਵਧਣ ਨਾਲ ਪੇਟ ਬਹੁਤ ਠੰਢਾ ਹੋ ਜਾਵੇਗਾ। ਇਸ ਠੰਢੇ ਪ੍ਰਕਾਸ਼ ਦੀ ਗਤੀ ਸਰੀਰ ਅੰਦਰ ਦਿਨ ਰਾਤ ਤੁਹਾਨੂੰ ਅਨੁਭਵ ਹੋਵੇਗੀ ਜਿਸ ਦੇ ਨਾਲ ਮਨ ਅਤੇ ਤਨ ਦੋਨੋਂ ਹੀ ਸੀਤਲ ਹੋ ਜਾਣੇ ਹਨ। ਤੁਹਾਡਾ ਪੇਟ ਘੱਟੋ-ਘੱਟ 3 ਸਾਲ ਠੰਢਾ ਠਾਰ ਰਹੇਗਾ ਸਰੀਰ ਦੇ ਤਾਪਮਾਨ ਨਾਲੋਂ। ਜੇਕਰ ਤੁਹਾਡੇ ਧੁੰਨੀ ਵਾਲਾ ਭਾਗ ਸਰੀਰ ਦੇ ਦੂਜੇ ਭਾਗ ਨਾਲੋਂ ਠੰਢਾ ਹੈ ਤਾਂ ਤੁਹਾਡਾ ਸਿਮਰਨ ਸਹੀ ਚੱਲ ਰਿਹਾ ਹੈ।

ਜੇਕਰ ਕਮਰੇ ਦੇ ਅੰਦਰ ਹਨੇਰਾ ਹੈ ਤਾਂ ਧਿਆਨ ਸਿਮਰਨ ਵਿਚ ਬੈਠਿਆਂ ਬੈਠਿਆਂ ਕਈ ਵਾਰ ਅੱਖਾਂ ਖੁੱਲ੍ਹੀਆਂ ਹੋਣ ਦੇ ਬਾਵਜੂਦ ਵੀ ਤੁਸੀਂ ਆਪਣੀ ਨੀਂਦ ਦੇ ਅੰਦਰ ਪਰਵੇਸ਼ ਕਰ ਜਾਣਾ ਹੈ। ਜਦੋਂ ਸੁਰਤੀ ਉੱਪਰ ਵੱਲ ਨੂੰ ਚੜ੍ਹਨਾ ਸ਼ੁਰੂ ਕਰੇਗੀ ਤਾਂ ਕੰਨਾਂ ਦੇ ਵਿਚ ਜਹਾਜ਼ ਚੜ੍ਹਨ ਦੇ ਵਾਂਗੂੰ ਬਹੁਤ ਸਾਰੀਆਂ ਆਵਾਜ਼ਾਂ ਆਉਣਗੀਆਂ

ਜਿਸ ਦੇ ਵਿਚ ਮਨ ਦੇ ਕੁੱਝ ਹਿੱਸੇ ਨੇ ਸੌਂ ਜਾਣਾ ਹੈ ਅਤੇ ਸੁਰਤੀ ਦਾ ਪਰਵੇਸ਼ ਸਹਿਜ ਮੰਡਲ ਦੇ ਵਿਚ ਹੋ ਜਾਵੇਗਾ। ਜਿਸ ਤਰ੍ਹਾਂ ਜ਼ਿਆਦਾ ਮੈਲੇ ਕੱਪੜੇ ਨੂੰ ਸਾਬਣ ਦੀ ਮਦਦ ਦੇ ਨਾਲ ਬਾਰ ਬਾਰ ਧੋਣਾ ਪੈਂਦਾ ਹੈ, ਉਸੇ ਹੀ ਤਰ੍ਹਾਂ ਆਤਮਾ ਅਤੇ ਮਨ ਦੇ ਉੱਪਰ ਲੱਗੀ ਸੰਸਕਾਰਾਂ ਦੀ ਮੈਲ ਨੂੰ ਸਮਾਧੀ ਰੂਪੀ ਸਾਬਣ ਦੇ ਨਾਲ ਬਾਰ ਬਾਰ ਧੋਈ ਜਾਣਾ ਹੈ। ਆਤਮਾ ਅਤੇ ਮਨ ਦੇ ਉੱਪਰ ਜੰਮੀ ਮੈਲ ਨੂੰ ਕਿਸੇ ਹੋਰ ਤਰੀਕੇ ਦੇ ਨਾਲ ਉਤਾਰਿਆ ਨਹੀਂ ਜਾ ਸਕਦਾ। ਸਮਾਧੀ ਨੇ ਮਨ ਅਤੇ ਆਤਮਾ ਦੇ ਔਗੁਣਾਂ ਨੂੰ ਆਪਣੇ ਆਪ ਅਲੱਗ ਕਰਨ ਤੋਂ ਬਾਅਦ ਬ੍ਰਹਮ ਦੇ ਨਾਲੋਂ ਆਤਮਾ ਦੇ ਭੇਦ ਨੂੰ ਖ਼ਤਮ ਕਰ ਦੇਣਾ ਹੈ ਜਿਸ ਨਾਲ ਮਨ ਅਤੇ ਆਤਮਾ ਦੇ ਅੰਦਰ ਚੰਗੇ ਗੁਣ ਪ੍ਰਗਟ ਹੋ ਜਾਣੇ ਹਨ। ਸਾਧਕ ਨੂੰ ਪਰਮ ਅਵਸਥਾ ਪ੍ਰਾਪਤ ਕਰਨ ਦੇ ਲਈ ਸਿਰਫ਼ ਸਮਾਧੀ ਰੂਪੀ ਪੌੜੀ ਦਾ ਹੀ ਇਸਤੇਮਾਲ ਕਰਨਾ ਪੈਂਦਾ ਹੈ।

ਮਨੁੱਖ ਦਾ ਮਨ ਇੱਕ ਵਜ਼ਨ ਤੋਲਣ ਵਾਲੀ ਤੱਕੜੀ ਦੇ ਵਾਂਗੂੰ ਕਾਰਜ ਕਰਦਾ ਹੈ ਜਿਸ ਦਾ ਇੱਕ ਛਾਬਾ ਭੂਤ ਕਾਲ ਦੇ ਨਾਲ ਜੁੜਿਆ ਹੋਇਆ ਹੈ ਅਤੇ ਦੂਜਾ ਛਾਬਾ ਭਵਿੱਖਤ ਕਾਲ ਦੇ ਨਾਲ ਜੁੜਿਆ ਹੋਇਆ ਹੈ। ਤੱਕੜੀ ਦਾ ਸੈਂਟਰ ਵਰਤਮਾਨ ਕਾਲ ਦੇ ਨਾਲ ਜੁੜਿਆ ਹੋਇਆ ਹੈ। ਤੱਕੜੀ ਦੇ ਦੋਨਾਂ ਛਾਬਿਆਂ ਨੂੰ ਜੋੜਨ ਵਾਲੀ ਪਾਈਪ (ਡੰਡੀ) ਦੇ ਅੰਦਰ ਸੁਰਤੀ ਪਾਰੇ ਵਾਂਗੂੰ ਗਤੀ ਕਰਦੀ ਹੈ। ਪਾਰੇ ਦੀ ਹਲਚਲ ਨਾਲ ਹੀ ਮਨ ਇਨ੍ਹਾਂ ਤਿੰਨਾਂ ਕਾਲਾਂ ਦੇ ਵਿਚ ਗਤੀ ਕਰਦਾ ਹੈ। ਮਨ ਦੇ ਅੰਦਰ ਭੂਤ ਕਾਲ ਅਤੇ ਭਵਿੱਖਤ ਕਾਲ ਦੇ ਵਿਚਾਰਾਂ ਦੀਆਂ ਹਵਾਵਾਂ ਹਮੇਸ਼ਾ ਗਤੀਮਾਨ ਰਹਿੰਦੀਆਂ ਹਨ। ਵਿਚਾਰਾਂ ਦੀ ਹਵਾ ਸੁਰਤੀ ਰੂਪੀ ਪਾਰੇ ਨੂੰ ਵਰਤਮਾਨ ਕਾਲ ਦੇ ਨਾਲੋਂ ਤੋੜ ਕੇ ਜਾਂ ਤਾਂ ਭੂਤ ਕਾਲ ਦੇ ਵਿਚ ਧੱਕ ਦੇਂਦੀ ਹੈ ਜਾਂ ਭਵਿੱਖਤ ਕਾਲ ਦੇ ਵਿਚ ਧੱਕ ਦੇਂਦੀ ਹੈ। ਸਮਾਧੀ ਇੱਕ ਐਸੀ ਵਿਧੀ ਹੈ ਜੋ ਵਿਚਾਰਾਂ ਰੂਪੀ ਹਵਾ ਨੂੰ ਸੁਰਤੀ ਤੱਕ ਪਹੁੰਚਣ ਤੋਂ ਪਹਿਲਾਂ ਹੀ ਖ਼ਤਮ ਕਰ ਦੇਂਦੀ ਹੈ। ਜਦੋਂ ਵਿਚਾਰਾਂ ਰੂਪੀ ਹਵਾ ਸੁਰਤੀ ਕੋਲ ਨਹੀਂ ਪਹੁੰਚੇਗੀ ਤਾਂ ਸੁਰਤੀ ਨੇ ਵਰਤਮਾਨ ਕਾਲ ਦੇ ਵਿਚ ਸਥਿਰ ਹੋ ਜਾਣਾ ਹੈ। ਸਮਾਧੀ ਦੇ ਵਿਚ ਜਦੋਂ ਸੁਰਤੀ ਵਰਤਮਾਨ ਕਾਲ ਦੇ ਅੰਦਰ ਸਥਿਰ ਹੋ ਜਾਂਦੀ ਹੈ ਤਾਂ ਮਨੁੱਖ ਪਾਰਬ੍ਰਹਮ ਦੇ ਵਿਚ ਲੀਨ ਹੋ ਜਾਂਦਾ ਹੈ ਤਾਂ ਸਾਧਕ ਨੂੰ ਇਸ ਅਵਸਥਾ ਵਿਚ ਪਾਰਬ੍ਰਹਮ ਦਾ ਅਨੁਭਵ ਪ੍ਰਾਪਤ ਹੋ ਜਾਂਦਾ ਹੈ। ਜਿੱਥੇ ਨਾ ਕੋਈ ਸੁੱਖ ਹੈ ਅਤੇ ਨਾ ਹੀ ਕੋਈ ਦੁੱਖ ਹੈ, ਕੇਵਲ ਪਰਮ ਅਨੰਦ ਅਤੇ ਸ਼ਾਂਤੀ ਹੈ।

ਜਿਵੇਂ ਜਿਵੇਂ ਕਾਰਨ ਸਰੀਰ ਦੇ ਅੰਦਰੋਂ ਸੰਸਕਾਰਾਂ ਦੀ ਗਿਣਤੀ ਘੱਟਦੀ ਜਾਵੇਗੀ, ਉਸ ਦੇ ਨਾਲ ਸੁਰਤੀ ਨੇ ਥੋੜ੍ਹੀ ਥੋੜ੍ਹੀ ਕਰਕੇ ਸਦਾ ਦੇ ਲਈ ਬ੍ਰਹਮ ਦੇ ਸਹਿਜ ਤੱਤ ਦੇ ਵਿਚ ਲੀਨ ਹੁੰਦੀ ਜਾਣਾ ਹੈ। ਨਿਰ-ਵਿਚਾਰ ਸਮਾਧੀ ਦੇ ਵਿਚ ਦੇਹ ਅਤੇ ਧਿਆਨ ਮਿਟ ਜਾਣ ਤੋਂ ਬਾਅਦ ਕੇਵਲ ਹੋਣਾ-ਭਾਵ ਬਾਕੀ ਰਹਿ ਜਾਵੇਗਾ। ਸਮਾਧੀ ਵਿਚ ਵਿਚਾਰਾਂ ਦੇ ਬੰਦ ਹੋਣ ਨਾਲ ਸੁਰਤੀ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰ ਜਾਵੇਗੀ ਅਤੇ ਜਦੋਂ ਵਿਚਾਰ ਆ ਜਾਵੇਗਾ ਤਾਂ ਉਸ ਨੇ ਸੁਰਤੀ ਨੂੰ ਵਾਪਸ ਸੰਸਾਰ ਦੇ ਵਿਚ ਲੈ ਆਉਣਾ ਹੈ। ਜਦੋਂ ਕਾਲੇ ਕੱਪੜੇ ਦੇ ਸੰਪਰਕ ਵਿਚ ਸਫ਼ੇਦ ਕੱਪੜਾ ਆ ਜਾਂਦਾ ਹੈ ਤਾਂ ਸਫ਼ੇਦ ਕੱਪੜੇ ਦੇ ਉੱਪਰ ਕਾਲੇ ਕੱਪੜੇ ਦੇ ਰੰਗ ਨੇ ਆਪਣੇ ਆਪ ਚੜ੍ਹਨ

ਲੱਗ ਜਾਣਾ ਹੈ। ਇਸੇ ਹੀ ਤਰ੍ਹਾਂ ਸਮਾਧੀ ਵੀ ਆਪਣਾ ਕਾਰਜ ਕਰਦੀ ਹੈ। ਜਿਸ ਮਨੁੱਖ ਨੇ ਪਾਰਬ੍ਰਹਮ ਰੂਪੀ ਅਨੰਦ ਦੇ ਸਾਗਰ ਨੂੰ ਅਨੁਭਵ ਕਰਨਾ ਹੈ, ਉਸ ਨੂੰ ਬਾਰ ਬਾਰ ਨਿਰ-ਵਿਚਾਰ ਸਮਾਧੀ ਦੇ ਵਿਚ ਪਰਵੇਸ਼ ਕਰਨਾ ਪਵੇਗਾ। ਆਪਣੀ ਸੁਰਤੀ ਰੂਪੀ ਕਿਸ਼ਤੀ ਨੂੰ ਗਗਨ ਮੰਡਲ ਦੇ ਹਨੇਰੇ ਵਿਚ ਠੇਲ੍ਹਣ ਤੋਂ ਬਾਅਦ ਵਿਚਾਰਾਂ ਦੇ ਚੱਪੂ ਮਾਰਨੇ ਬੰਦ ਕਰਨੇ ਪੈਂਦੇ ਹਨ। ਜਦੋਂ ਤੁਸੀਂ ਕੁੱਝ ਦਿਨ ਇਸ ਤਰ੍ਹਾਂ ਸਾਧਨਾ ਕਰਦੇ ਰਹੇ ਤਾਂ ਤੁਹਾਡੀ ਜੀਵਨ ਰੂਪੀ ਕਿਸ਼ਤੀ ਨੇ ਸਹਿਜ ਮੰਡਲ ਦੇ ਵੱਲ ਨੂੰ ਆਪਣੇ ਆਪ ਚੱਲਣ ਲੱਗ ਪੈਣਾ ਹੈ। ਹੁਣ ਤਾਂ ਪਾਰਬ੍ਰਹਮ ਦੀ ਮਰਜ਼ੀ ਹੈ ਜੋ ਉਹ ਕਰੇਗਾ ਉਹ ਮੈਨੂੰ ਮਨਜ਼ੂਰ ਹੈ। ਭਾਵੇਂ ਜੀਵਨ ਵਿਚ ਛੱਲਾਂ ਆਉਣ ਜਾਂ ਫਿਰ ਤੇਜ਼ ਹਵਾਵਾਂ ਚੱਲਣ, ਹੁਣ ਕੋਈ ਗਿਲਾ ਜਾਂ ਸ਼ਿਕਵਾ ਨਹੀਂ ਹੈ। ਜੋ ਵੀ ਹੋ ਗਿਆ ਹੈ ਅਤੇ ਜੋ ਵੀ ਭਵਿੱਖ ਵਿਚ ਹੋਵੇਗਾ, ਉਹ ਸਾਰਾ ਕੁੱਝ ਮੈਨੂੰ ਮਨਜ਼ੂਰ ਹੈ ਤਾਂ ਜਾ ਕੇ ਕਿਤੇ ਗੱਲ ਬਣਦੀ ਹੈ।

ਜਦੋਂ ਮਨੁੱਖ ਦੀ ਸੁਰਤੀ ਸਹਿਜ ਅਵਸਥਾ ਵਿਚ ਪਰਵੇਸ਼ ਕਰਨ ਲੱਗਦੀ ਹੈ ਤਾਂ ਮਨੁੱਖ ਨੂੰ ਪਾਪ, ਪੁੰਨ, ਰਾਗ ਅਤੇ ਵੈਰਾਗ ਤੋਂ ਮੁਕਤੀ ਮਿਲਦੀ ਜਾਣੀ ਹੈ। ਹੁਣ ਆਤਮਾ ਦਾ ਪਰਵੇਸ਼ ਕੰਪਨ ਰਹਿਤ ਮੰਡਲ ਦੇ ਵਿਚ ਹੋ ਚੁੱਕਾ ਹੈ। ਸੰਸਾਰ ਦੀ ਕੋਈ ਵੀ ਹਵਾ ਤੁਹਾਡੇ ਅੰਦਰ ਵਾਲੇ ਪਰਬਤ ਨੂੰ ਹਿਲਾ ਜੁਲਾ ਨਹੀਂ ਸਕਦੀ। ਇਸ ਅਵਸਥਾ ਵਿਚ ਪਹੁੰਚਣ ਤੋਂ ਬਾਅਦ ਜੀਵ ਆਤਮਾ ਉਸ ਮਹਾਂ ਚੇਤਨਾ ਦੇ ਵਿਚ ਪੂਰਨ ਤੌਰ ’ਤੇ ਸਮਾ ਕੇ ਬ੍ਰਹਮ ਦਾ ਹੀ ਰੂਪ ਬਣ ਜਾਵੇਗੀ। ਬ੍ਰਹਮ ਗਿਆਨੀ ਦੀ ਅਵਸਥਾ ਇੱਕ ਆਤਮਿਕ ਅਡੋਲਤਾ ਦੀ ਅਵਸਥਾ ਹੈ। ਇਹ ਅਵਸਥਾ ਪਹਾੜ ਦੀ ਚੋਟੀ ਉੱਪਰ ਪਹੁੰਚਣ ਦੇ ਵਾਂਗੂੰ ਹੈ। ਜਦੋਂ ਮਨੁੱਖ ਪਰਮ ਅਵਸਥਾ ਵਿਚ ਪਹੁੰਚ ਜਾਂਦਾ ਹੈ, ਉਸ ਮਨੁੱਖ ਦੇ ਜੀਵਨ ਵਿਚ ਦੁੱਖ ਸੁੱਖ ਮਾਨ ਅਪਮਾਨ ਵਾਲੀ ਅਵਸਥਾ ਪੈਦਾ ਹੋਣ ਦੇ ਬਾਵਜੂਦ ਵੀ ਅੰਦਰ ਕੋਈ ਹਲਚਲ ਪੈਦਾ ਨਹੀਂ ਹੁੰਦੀ। ਉਸ ਮਨੁੱਖ ਦੀ ਆਤਮਾ ਦਾ ਸਬੰਧ ਅਚੱਲ ਬ੍ਰਹਮ ਦੇ ਨਾਲ ਸਥਾਪਿਤ ਹੋ ਚੁੱਕਾ ਹੈ। ਸਾਧਨਾ ਦੇ ਰਾਹੀਂ ਬਾਰ ਬਾਰ ਨਿਰ-ਵਿਚਾਰ ਸਮਾਧੀ ਦੇ ਵਿਚ ਪਰਵੇਸ਼ ਕਰਨ ਦੇ ਨਾਲ ਕਾਰਨ ਸਰੀਰ ਦੇ ਅੰਦਰ ਇਕੱਤਰ ਹੋਏ ਕਰਮਾਂ ਦੇ ਬੀਜ ਪੂਰੀ ਤਰ੍ਹਾਂ ਨਸ਼ਟ ਹੋ ਜਾਣੇ ਹਨ। ਨਾਲ ਦੀ ਨਾਲ ਆਤਮਾ ਤੱਤ ਨੇ ਪਾਰਬ੍ਰਹਮ ਰੂਪੀ ਸਮੁੰਦਰ ਦੇ ਵਿਚ ਤਬਦੀਲ ਹੁੰਦੇ ਜਾਣਾ ਹੈ। ਤੁਸੀਂ ਜਦੋਂ ਚਾਹੋ, ਮਸਤਕ ਰੂਪੀ ਨੇਤਰ ਦੇ ਰਾਹੀਂ ਨਿਰਾਕਾਰ ਦੇ ਦਰਸ਼ਨ ਕਰ ਸਕਦੇ ਹੋ। ਜਦੋਂ ਸੁਰਤੀ ਨਿਰ-ਵਿਚਾਰ ਹੋ ਕੇ ਚੇਤਨ ਪਾਰਬ੍ਰਹਮ ਦੇ ਅੰਦਰ ਲੀਨ ਹੋ ਜਾਂਦੀ ਹੈ ਤਾਂ ਸਾਰਾ ਬ੍ਰਹਿਮੰਡ ਇੱਕ ਬਿੰਦੂ ਦੇ ਵਿਚ ਤਬਦੀਲ ਹੋ ਜਾਵੇਗਾ। ਇਹ ਅਨੁਭਵ ਸੂਖਮ ਤੱਤ ਤੋਂ ਵੀ ਅਗਲਾ ਹੈ, ਇਹ ਅਕਾਲ ਹੈ ਜਿਸ ਦੇ ਅੰਦਰ ਸਾਰਾ ਬ੍ਰਹਿਮੰਡ ਹੈ। ਇਹ ਤੱਤ ਹਰ ਚੀਜ਼ ਦੇ ਅੰਦਰ ਹੈ ਅਤੇ ਹਰ ਚੀਜ਼ ਇਸ ਤੱਤ ਦੇ ਅੰਦਰ ਹੈ ਜਿਸ ਦੇ ਉੱਪਰ ਸਮੇਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਇਹ ਉਹ ਤੱਤ ਹੈ ਜੋ ਸਾਡੇ ਚੱਲਣ ਦੇ ਨਾਲ ਚੱਲਦਾ ਰਹਿੰਦਾ ਹੈ ਅਤੇ ਸਾਡੇ ਖਲੋਣ ਦੇ ਨਾਲ ਖਲੋ ਜਾਂਦਾ ਹੈ। ਜੋ ਸਾਡੀਆਂ ਇੰਦਰੀਆਂ ਦੇ ਰਾਹੀਂ ਹੋ ਰਹੇ ਕਰਮਾਂ ਨੂੰ ਦੇਖਦਾ ਹੈ, ਇਹ ਉਹੀ ਤੱਤ ਹੈ ਜੋ ਨਾ ਤਾਂ ਕੁੱਝ ਕਰਨ ਦੇ ਵਿਚ ਮੌਜੂਦ ਹੈ ਅਤੇ ਨਾ ਹੀ ਕੁੱਝ ਨਾ ਕਰਨ ਦੇ ਵਿਚ ਮੌਜੂਦ ਹੈ। ਇਹ ਤੱਤ ਨਿਰਲੇਪ ਹੈ। ਪਰਮ ਸਮਾਧੀ ਦੇ ਵਿਚ ਜਿਸ ਆਕਾਸ਼ ਨੂੰ ਆਪ

ਸਾਰੇ ਦੇਖ ਰਹੇ ਹੋ। ਇਸ ਆਕਾਸ਼ ਨੂੰ ਦੇਖਣ ਵਾਸਤੇ ਹੀ ਤੁਹਾਨੂੰ ਮਨੁੱਖਾ ਜਨਮ ਮਿਲਿਆ ਹੈ। ਹੁਣ ਤੁਸੀਂ ਜਿਉਂਦੇ-ਜੀ ਪਾਰਬ੍ਰਹਮ ਦੇ ਸਾਰ ਵਿਚ ਪਰਵੇਸ਼ ਕਰ ਗਏ ਹੋ।

ਜਦੋਂ ਸੁਰਤੀ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਮਨੁੱਖ ਦੁੱਖ ਅਤੇ ਸੁੱਖ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ। ਮਨ ਨੇ ਨਿਰ-ਵਿਚਾਰ ਸਮਾਧੀ ਅੰਦਰ ਬਾਰ ਬਾਰ ਪਰਵੇਸ਼ ਕਰਨ ਦੇ ਨਾਲ ਮਿਟਦੇ ਜਾਣਾ ਹੈ। ਜਿਉਂ ਜਿਉਂ ਮਨ ਵਿਲੀਨ ਹੁੰਦਾ ਗਿਆ, ਮਨੁੱਖ ਨੂੰ ਅਗਿਆਨ ਤੋਂ ਆਪਣੇ ਆਪ ਮੁਕਤੀ ਮਿਲਦੀ ਜਾਣੀ ਹੈ। ਅਗਿਆਨ ਦੇ ਕਾਰਨ ਹੀ ਮਨ ਦੇ ਅੰਦਰ ਵਾਸ਼ਨਾ ਦੀਆਂ ਲਹਿਰਾਂ ਪੈਦਾ ਹੋ ਰਹੀਆਂ ਹਨ। ਅਗਿਆਨ ਖ਼ਤਮ ਹੋਣ ਦੇ ਨਾਲ ਮਨੁੱਖ ਦਾ ਮਨ ਵਾਸ਼ਨਾ ਤੋਂ ਮੁਕਤ ਹੋ ਜਾਂਦਾ ਹੈ। ਮਨ ਦਾ ਅਗਿਆਨ ਤਦ ਤੱਕ ਖ਼ਤਮ ਨਹੀਂ ਹੋਵੇਗਾ, ਜਿੰਨਾ ਚਿਰ ਤੱਕ ਇਸ ਦੇ ਅੰਦਰੋਂ ਪੂਰਨ ਤੌਰ ’ਤੇ ਚੰਚਲਤਾ ਖ਼ਤਮ ਨਹੀਂ ਹੋ ਜਾਂਦੀ। ਮਨ ਦੀ ਚੰਚਲਤਾ ਤਦ ਤੱਕ ਖ਼ਤਮ ਨਹੀਂ ਹੋ ਸਕਦੀ, ਜਿੰਨਾ ਚਿਰ ਤੱਕ ਇਸ ਦੇ ਅੰਦਰ ਆਪਣੇ ਆਪ ਚੱਲਣ ਵਾਲੇ ਵਿਚਾਰ ਕੁੱਝ ਛਿਣਾਂ ਦੇ ਲਈ ਰੁਕ ਨਹੀਂ ਜਾਂਦੇ। ਵਿਚਾਰ ਮੁਕਤ ਮਨ ਤਦ ਤੱਕ ਨਹੀਂ ਹੋ ਸਕਦਾ, ਜਿੰਨਾ ਚਿਰ ਤੱਕ ਸੁਰਤੀ ਗਗਨ ਗੁਫ਼ਾ ਦੇ ਅੰਦਰ ਜਾਗ੍ਰਿਤ ਅਵਸਥਾ ਵਿਚ ਸਥਿਰ ਨਹੀਂ ਹੋ ਜਾਂਦੀ।

ਜੀਵ ਆਤਮਾ ਦੇ ਅਗਿਆਨ ਕਾਰਨ ਇਸ ਦੇ ਅਤੇ ਬ੍ਰਹਮ ਦੇ ਵਿਚ ਭੇਦ ਪੈਦਾ ਹੋ ਗਿਆ ਹੈ। ਅਗਿਆਨ ਕਾਰਨ ਆਤਮਾ ਦੇ ਅੰਦਰ ਗਤੀ ਪੈਦਾ ਹੋ ਜਾਂਦੀ ਹੈ। ਕਾਰਨ ਸਰੀਰ ਦੇ ਅੰਦਰੋਂ ਸੰਸਕਾਰਾਂ ਦੇ ਖ਼ਤਮ ਹੋਣ ਨਾਲ ਸੁਰਤੀ ਗਤੀਹੀਣ ਹੋ ਜਾਂਦੀ ਹੈ। ਸੁਰਤੀ ਦੀ ਗਤੀ ਨੂੰ ਰੋਕਣ ਦੇ ਲਈ ਮਨੁੱਖ ਨੂੰ ਜਪ-ਤਪ ਦੀ ਸਾਧਨਾ ਦੇ ਵਿੱਚੋਂ ਦੀ ਲੰਘਣਾ ਪੈਂਦਾ ਹੈ ਅਤੇ ਜਿਸ ਦੇ ਬਦਲੇ ਮਨੁੱਖ ਨੂੰ ਅਮਰ ਤੱਤ ਦੀ ਪ੍ਰਾਪਤੀ ਹੋ ਜਾਂਦੀ ਹੈ। ਕਾਰਨ ਸਰੀਰ ਦੇ ਖ਼ਤਮ ਹੋਣ ਤੋਂ ਬਾਅਦ ਹੀ ਮਨੁੱਖ ਸਹਿਜ ਅਵਸਥਾ ਨੂੰ ਅਨੁਭਵ ਕਰ ਸਕਦਾ ਹੈ। ਸਹਿਜ ਅਵਸਥਾ ਤੋਂ ਭਾਵ ਆਤਮਾ ਅਤੇ ਬ੍ਰਹਮ ਦੇ ਵਿਚਕਾਰ ਮੌਜੂਦ ਕਾਰਨ ਸਰੀਰ ਦੀ ਦੀਵਾਰ ਦਾ ਖ਼ਾਤਮਾ ਹੋ ਜਾਣਾ ਹੈ। ਅੰਦਰ ਅਤੇ ਬਾਹਰ ਦੀ ਚੇਤਨਾ ਸ਼ਕਤੀ ਦਾ ਆਪਸ ਦੇ ਵਿਚ ਮੇਲ ਹੋ ਜਾਂਦਾ ਹੈ। ਜਦੋਂ ਸੁਰਤੀ ਸਹਿਜ ਅਵਸਥਾ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਇਸ ਮਨੁੱਖ ਨੂੰ ਕੁਦਰਤ ਜੋ ਕੁੱਝ ਵੀ ਪ੍ਰਦਾਨ ਕਰਦੀ ਹੈ, ਇਹ ਉਸ ਦੀ ਰਜ਼ਾ ਵਿਚ ਸੰਤੁਸ਼ਟ ਰਹਿੰਦਾ ਹੈ। ਇਸ ਦੇ ਨਾਲ ਹੀ ਆਤਮਾ ਨੂੰ ਵਾਸ਼ਨਾਵਾਂ ਅਤੇ ਤ੍ਰਿਸ਼ਨਾ ਤੋਂ ਮੁਕਤੀ ਮਿਲ ਜਾਂਦੀ ਹੈ।

ਜਾਗ੍ਰਿਤ, ਸੁਪਨ, ਸੁਖੋਪਤਿ ਅਤੇ ਤੁਰੀਆ ਅਵਸਥਾ

ਜਾਗ੍ਰਿਤ ਅਵਸਥਾ, ਸੁਪਨ ਅਵਸਥਾ, ਸੁਖੋਪਤਿ ਅਵਸਥਾ ਜੋ ਵੀ ਮਨੁੱਖ ਇਨ੍ਹਾਂ ਤਿੰਨਾਂ ਅਵਸਥਾਵਾਂ ਦੇ ਵਿੱਚੋਂ ਦੀ ਲੰਘ ਕੇ ਚੌਥੀ ਤੁਰੀਆ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ, ਉਸ ਮਨੁੱਖ ਨੇ ਬ੍ਰਹਮ ਦੇ ਪਰਮ ਤੱਤ ਨੂੰ ਜਾਣ ਲੈਣਾ ਹੈ ਜੋ ਸਾਰੇ ਬ੍ਰਹਿਮੰਡ ਦੇ ਕਣ ਕਣ ਦੇ ਵਿਚ ਰਚਿਆ ਹੋਇਆ ਹੈ। ਇਸ ਅਵਸਥਾ ਵਿਚ ਪਰਵੇਸ਼ ਕਰਨ ਵਾਲੇ ਮਨੁੱਖ ਨੇ ਜੀਵਨ ਮੁਕਤ ਹੋ ਜਾਣਾ ਹੈ। ਇਸ ਤੋਂ ਬਾਅਦ ਉਸ ਦਾ ਦੁਬਾਰਾ ਜਨਮ ਨਹੀਂ ਹੋਵੇਗਾ।

ਜਾਗ੍ਰਿਤ ਅਵਸਥਾ

ਇਸ ਅਵਸਥਾ ਵਿਚ ਆਉਂਦਾ ਹੈ ਗੱਲ ਬਾਤ ਕਰਨਾ, ਕਿਤਾਬ ਪੜ੍ਹਨਾ, ਫ਼ਿਲਮ ਦੇਖਣਾ, ਖਾਣਾ ਖਾਣਾ ਜਾਂ ਕੋਈ ਵੀ ਐਸਾ ਕੰਮ, ਜਿਸ ਨੂੰ ਮਨੁੱਖ ਜਾਗ੍ਰਿਤ ਅਵਸਥਾ ਵਿਚ ਕਰਦਾ ਹੈ। ਇਸ ਅਵਸਥਾ ਵਿਚ ਮਨੁੱਖ ਬਾਹਰੋਂ ਜਾਗ ਤਾਂ ਰਿਹਾ ਹੈ ਪਰ ਚੇਤਨ ਮਨ ਦੇ ਅੰਦਰ ਵਿਚਾਰ ਆਪਣੇ ਆਪ ਕਿਸੇ ਹੋਰ ਗੱਲ ਨੂੰ ਲੈ ਕੇ ਚੱਲੀ ਜਾ ਰਹੇ ਹਨ। ਇਸ ਅਵਸਥਾ ਵਿਚ ਮਨੁੱਖ ਕਰ ਕੁੱਝ ਹੋਰ ਰਿਹਾ ਹੈ ਅਤੇ ਮਨ ਦੇ ਅੰਦਰ ਵਿਚਾਰ ਕਿਸੇ ਹੋਰ ਗੱਲ ਨੂੰ ਲੈ ਕੇ ਚੱਲੀ ਜਾ ਰਹੇ ਹਨ। ਚੇਤਨ ਮਨ ਦਾ ਜ਼ਿਆਦਾਤਰ ਹਿੱਸਾ ਵਿਚਾਰਾਂ ਦੇ ਸੰਸਾਰ ਵਿਚ ਉਲਝਿਆ ਹੋਇਆ ਹੈ। ਮਨੁੱਖ ਸਰੀਰਕ ਤੌਰ ’ਤੇ ਬਾਹਰੋਂ ਜਾਗ ਰਿਹਾ ਹੈ ਪਰ ਮਾਨਸਿਕ ਤੌਰ ’ਤੇ ਅੰਦਰੋਂ ਪੂਰੀ ਤਰ੍ਹਾਂ ਸੁੱਤਾ ਹੋਇਆ ਹੈ। ਇੱਕ ਹਿਸਾਬ ਦੀ ਜਾਗ੍ਰਿਤ ਅਤੇ ਬੇਹੋਸ਼ੀ ਵਾਲੀ ਅਵਸਥਾ ਹੈ। ਇਸ ਅਵਸਥਾ ਵਿਚ ਜ਼ਿਆਦਾਤਰ ਕਾਰਜ ਅਚੇਤ ਮਨ ਦੇ ਅੰਦਰ ਪਹਿਲਾਂ ਸਟੋਰ ਕੀਤੀ ਹੋਈ ਜਾਣਕਾਰੀਆਂ ਦੇ ਹਿਸਾਬ ਨਾਲ ਨਿਰੰਤਰ ਕੀਤੇ ਜਾਂਦੇ ਹਨ।

ਸੁਪਨ ਅਵਸਥਾ

ਜਦੋਂ ਮਨੁੱਖ ਸੌਂ ਜਾਂਦਾ ਹੈ ਤਾਂ ਮਨ ਦਾ ਕੁੱਝ ਕੁ ਹਿੱਸਾ ਆਪਣੇ ਆਪ ਸੁਫ਼ਨਿਆਂ ਦੇ ਸੰਸਾਰ ਦੀ ਰਚਨਾ ਕਰ ਲੈਂਦਾ ਹੈ। ਇਸ ਅਵਸਥਾ ਵਿਚ ਸਰੀਰ ਪੂਰੀ ਤਰ੍ਹਾਂ ਸੁੱਤਾ ਹੈ ਪਰ ਮਨ ਦਾ ਕੁੱਝ ਹਿੱਸਾ ਅਜੇ ਵੀ ਸੁਫ਼ਨਿਆਂ ਦੇ ਰਾਹੀਂ ਗਤੀ ਕਰ ਰਿਹਾ ਹੈ। ਇਸ ਅਵਸਥਾ ਵਿਚ ਮਨ ਦਾ ਕੁੱਝ ਭਾਗ ਸੁੱਤਾ ਹੈ ਅਤੇ ਕੁੱਝ ਭਾਗ ਜਾਗ ਰਿਹਾ ਹੈ। ਜੋ ਸੁਫ਼ਨਾ ਚੇਤਨਾ ਦੇ ਪਰਦੇ ’ਤੇ ਚੱਲ ਰਿਹਾ ਹੈ, ਮਨ ਦਾ ਕੁੱਝ ਹਿੱਸਾ ਉਸ ਨੂੰ ਵੀ ਦੇਖ ਰਿਹਾ ਹੈ। ਇਸ ਅਵਸਥਾ ਵਿਚ ਮਨੁੱਖ ਦਾ ਅਨੁਭਵ ਕਾਫ਼ੀ ਹੱਦ ਤੱਕ

ਜਾਗ੍ਰਿਤ ਅਵਸਥਾ ਵਾਂਗੂੰ ਹੀ ਹੁੰਦਾ ਹੈ। ਜਿਵੇਂ ਹੱਸਣਾ ਰੋਣਾ ਆਦਿ ਜਦੋਂ ਸੁੱਤੇ ਮਨੁੱਖ ਨੂੰ ਕਾਮ ਕ੍ਰੀੜਾ ਵਾਲਾ ਸੁਪਨਾ ਆਉਂਦਾ ਹੈ ਤਾਂ ਉਸ ਦੇ ਸਰੀਰ ਨੇ ਅਨੁਭਵ ਬਿਲਕੁਲ ਅਸਲ ਕਾਮ ਕ੍ਰੀੜਾ ਵਾਂਗੂੰ ਹੀ ਕਰਨਾ ਹੈ। ਜੇਕਰ ਕੋਈ ਡਰਾਉਣਾ ਸੁਫ਼ਨਾ ਆਉਂਦਾ ਹੈ ਤਾਂ ਮਨੁੱਖ ਬਿਲਕੁਲ ਅਸਲੀ ਖ਼ਤਰੇ ਵਾਂਗੂੰ ਡਰਦਾ ਹੈ।

ਜਦੋਂ ਮਨੁੱਖ ਸੌਂ ਜਾਂਦਾ ਹੈ ਤਾਂ ਦਿਮਾਗ਼ ਇੱਕ ਰਸਾਇਣਿਕ ਦ੍ਰਵ ਨੂੰ ਸਰੀਰ ਦੇ ਅੰਦਰ ਛੱਡੀ ਜਾਂਦਾ ਹੈ ਜਿਸ ਦੇ ਨਾਲ ਸਰੀਰ ਦੇ ਅੰਦਰ ਟੈਂਪਰੇਰੀ ਅਧਰੰਗ ਵਾਲੀ ਅਵਸਥਾ ਬਣ ਜਾਂਦੀ ਹੈ। ਇਹੀ ਕਾਰਨ ਹੈ ਸੁਫ਼ਨੇ ਦੇ ਵਿਚ ਮਨੁੱਖ ਦਾ ਸਰੀਰ ਜ਼ਿਆਦਾ ਹਿਲਜੁਲ ਨਹੀਂ ਕਰ ਪਾਉਂਦਾ। ਜਦੋਂ ਆਪਾਂ ਕਿਸੇ ਮਨੁੱਖ ਨੂੰ ਗਹਿਰੀ ਨੀਂਦਰ ਤੋਂ ਇਕਦਮ ਉਠਾ ਦੇਂਦੇ ਹਾਂ ਤੇ ਉਸ ਨੂੰ ਸੋਮਨ ਹੋਣ ਲਈ ਕੁੱਝ ਮਿੰਟਾਂ ਦਾ ਸਮਾਂ ਲੱਗ ਜਾਂਦਾ ਹੈ। ਜਿੰਨਾ ਚਿਰ ਤੱਕ ਰਸਾਇਣਿਕ ਦ੍ਰਵ ਦਾ ਅਸਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਜਾਂਦਾ, ਤਦ ਤੱਕ ਮਨੁੱਖ ਨੇ ਪੂਰੀ ਤਰ੍ਹਾਂ ਸੋਮਨ ਨਹੀਂ ਹੋਣਾ। ਜਦੋਂ ਸਰੀਰ ਗਹਿਰੀ ਨੀਂਦਰ ਵਿਚ ਪਰਵੇਸ਼ ਕਰ ਜਾਂਦਾ ਹੈ ਤਾਂ ਮਸਤਕ ਆਪਣੇ ਹਿਸਾਬ ਦੇ ਨਾਲ ਰਸਾਇਣਿਕ ਦ੍ਰਵ ਦੀ ਮਾਤਰਾ ਨੂੰ ਜ਼ਿਆਦਾ ਜਾਂ ਘੱਟ ਕਰੀ ਜਾਂਦਾ ਹੈ। ਕਈ ਮਨੁੱਖਾਂ ਨੂੰ ਇਸ ਗੱਲ ਦਾ ਭਰਮ ਪੈ ਜਾਂਦਾ ਹੈ ਕਿ ਰਾਤ ਨੂੰ ਸੁੱਤਿਆਂ ਜਿਵੇਂ ਕੋਈ ਭੂਤ ਉਨ੍ਹਾਂ ਦੀ ਛਾਤੀ ਉੱਪਰ ਆ ਕੇ ਬੈਠ ਗਿਆ ਹੋਵੇ, ਇਸ ਕਾਰਨ ਉਨ੍ਹਾਂ ਦੇ ਕੋਲੋਂ ਹਿੱਲਿਆ ਜੁੱਲਿਆ ਨਹੀਂ ਸੀ ਜਾ ਰਿਹਾ, ਕਹਿਣ ਤੋਂ ਭਾਵ ਜਿਸ ਨੂੰ 'ਦਾਬਾ ਪੈਣਾ' ਕਿਹਾ ਜਾਂਦਾ ਹੈ। ਸੁੱਤੀ ਅਵਸਥਾ ਵਿਚ ਸਾਡਾ ਮਸਤਕ ਇਸ ਰਸਾਇਣਕੀ ਦ੍ਰਵ ਨੂੰ ਸਰੀਰ ਦੇ ਅੰਦਰ ਇਸ ਸੁਰੱਖਿਆ ਦੇ ਲਈ ਛੱਡੀ ਜਾਂਦਾ ਹੈ ਤਾਂ ਜੋ ਮਨੁੱਖ ਸੁਪਨੇ ਦੀ ਅਵਸਥਾ ਵਿਚ ਇਕਦਮ ਉੱਠ ਕੇ ਉਚਾਈ ਤੋਂ ਹੇਠਾਂ ਨਾ ਡਿੱਗ ਜਾਵੇ। ਇਸ ਦਾ ਇੱਕ ਹੋਰ ਵੀ ਕਾਰਨ ਹੈ ਕਿ ਮਨੁੱਖ ਭੈੜੇ ਸੁਪਨਿਆਂ ਨੂੰ ਦੇਖ ਕੇ ਨੀਂਦਰ ਦੇ ਵਿੱਚੋਂ ਬਾਰ ਬਾਰ ਨਾ ਉੱਠੇ।

ਜਦੋਂ ਕਦੇ ਕੋਈ ਬਹੁਤ ਵੱਡਾ ਖ਼ਤਰਾ ਪੈਦਾ ਹੋ ਜਾਂਦਾ ਹੈ ਜਿਸ ਦਾ ਸਾਹਮਣਾ ਕਰਕੇ ਸਾਡਾ ਦਿਮਾਗ਼ ਆਪਣੇ ਹੱਥ ਖੜੇ ਕਰ ਦੇਂਦਾ ਹੈ ਤਾਂ ਉਸ ਪਲ ਸਾਡੇ ਸਰੀਰ ਨੂੰ ਖ਼ਤਰੇ ਤੋਂ ਬਚਾਉਣ ਦੇ ਲਈ ਸਾਰਾ ਕੰਟਰੋਲ ਆਤਮਾ ਆਪਣੇ ਹੱਥਾਂ ਦੇ ਵਿਚ ਲੈ ਲੈਂਦੀ ਹੈ। ਜਦੋਂ ਖ਼ਤਰਾ ਲੰਘ ਜਾਵੇਗਾ ਤਾਂ ਮਨੁੱਖ ਸੋਚ ਕੇ ਬਹੁਤ ਹੈਰਾਨ ਹੋ ਜਾਂਦਾ ਹੈ ਕਿ ਇਸ ਖ਼ਤਰੇ ਤੋਂ ਮੈਂ ਕਿਸ ਤਰ੍ਹਾਂ ਬਚ ਗਿਆ। ਮਨੁੱਖ ਦੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਕਈ ਐਕਸ਼ਨ ਮਨ ਦੇ ਦੁਆਰਾ ਕੀਤੇ ਜਾਂਦੇ ਹਨ, ਕਈ ਐਕਸ਼ਨ ਤਨ ਦੇ ਦੁਆਰਾ ਕੀਤੇ ਜਾਂਦੇ ਹਨ, ਅਤੇ ਕਈ ਐਕਸ਼ਨ ਆਤਮਾ ਦੇ ਦੁਆਰਾ ਕੀਤੇ ਜਾਂਦੇ ਹਨ। ਵੱਖੋ-ਵੱਖ ਸਥਿਤੀ ਦੇ ਹਿਸਾਬ ਨਾਲ ਇਹ ਤਿੰਨੇ ਆਪੋ-ਆਪਣਾ ਕਰਮ ਕਰੀ ਜਾਂਦੇ ਹਨ।

ਸੁਖੋਪਤਿ ਅਵਸਥਾ

ਸੁਫ਼ਨਿਆਂ ਅਤੇ ਵਿਚਾਰਾਂ ਤੋਂ ਰਹਿਤ ਨੀਂਦਰ ਨੂੰ ਸੁਖੋਪਤਿ ਅਵਸਥਾ ਦਾ ਨਾਮ ਦਿੱਤਾ ਗਿਆ ਹੈ। ਜਦੋਂ ਸੁਰਤੀ ਆਪਣੇ ਸਰੋਤ ਵਿਚ ਵਾਪਸ ਪਰਤ ਆਉਂਦੀ ਹੈ

ਤਾਂ ਮਨੁੱਖ ਨੀਂਦਰ ਦੀ ਆਖ਼ਰੀ ਅਵਸਥਾ ਸੁਖੋਪਤਿ ਦੇ ਵਿਚ ਪਰਵੇਸ਼ ਕਰ ਜਾਂਦਾ ਹੈ। ਇਸ ਅਵਸਥਾ ਵਿਚ ਮਨ ਦਾ ਕੇਵਲ ਉਹੀ ਹਿੱਸਾ ਹੀ ਕੰਮ ਕਰਦਾ ਰਹਿੰਦਾ ਹੈ ਜਿਸ ਨੇ ਸਰੀਰ ਦੇ ਅੰਦਰ ਚੱਲਣ ਵਾਲੀਆਂ ਕਿਰਿਆਵਾਂ ਨੂੰ ਅੰਜਾਮ ਦੇਣਾ ਹੈ। ਮਸਤਕ ਦਾ ਇਹ ਹਿੱਸਾ ਮਨੁੱਖ ਦੇ ਸਰੀਰ ਨੂੰ ਜ਼ਿੰਦਾ ਰੱਖਣ ਦਾ ਕੰਮ ਕਰਦਾ ਹੈ। ਭਾਵੇਂ ਮਨੁੱਖ ਸੁੱਤਾ ਹੈ ਜਾਂ ਜਾਗ ਰਿਹਾ ਹੈ, ਮਸਤਕ ਦੇ ਇਸ ਹਿੱਸੇ 'ਤੇ ਮਨੁੱਖ ਦਾ ਕੋਈ ਕੰਟਰੋਲ ਨਹੀਂ ਹੁੰਦਾ। ਜਦੋਂ ਮਨੁੱਖ ਸੁਖੋਪਤਿ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ ਤਾਂ ਸਵਾਸ ਲੈਣ ਦੀ ਕਿਰਿਆ ਆਪਣੇ ਆਪ ਧੀਮੀ ਹੋਈ ਜਾਂਦੀ ਹੈ। ਨੀਂਦਰ ਦੀ ਅਵਸਥਾ ਵਿਚ ਬਲੱਡ ਪ੍ਰੈਸ਼ਰ ਘੱਟ ਕੇ ਅੱਧਾ ਰਹਿ ਜਾਂਦਾ ਹੈ। ਮਸਤਕ ਦਾ ਇਹ ਹਿੱਸਾ ਆਪਣੇ ਹਿਸਾਬ ਨਾਲ ਸਰੀਰ ਦੇ ਅੰਗਾਂ ਨੂੰ ਖ਼ੂਨ ਦੀ ਸਪਲਾਈ ਕਰਦਾ ਹੈ। ਸੌਣ ਤੋਂ ਬਾਅਦ ਸਰੀਰ ਅੰਦਰ ਇਹ ਕਿਰਿਆ ਆਪਣੇ ਆਪ ਸ਼ੁਰੂ ਹੋ ਜਾਂਦੀ ਹੈ। ਇਸ ਅਵਸਥਾ ਵਿਚ ਸਰੀਰ ਆਪਣੀ ਮੁਰੰਮਤ ਕਰਦਾ ਹੈ ਤਾਂ ਜੋ ਅਗਲੇ ਦਿਨ ਦੇ ਲਈ ਦੁਬਾਰਾ ਤਿਆਰ ਹੋ ਜਾਵੇ। ਸੁਖੋਪਤਿ ਅਵਸਥਾ ਵਿਚ ਪਰਵੇਸ਼ ਕਰਨ ਤੋਂ ਪਹਿਲਾਂ ਮਨ ਸੁਰਤੀ ਦੇ ਰਾਹੀਂ ਗਤੀ ਕਰਨ ਵਾਲੀਆਂ ਪੰਜੇ ਗਿਆਨ ਇੰਦਰੀਆਂ (ਨੱਕ, ਕੰਨ, ਜੀਭ, ਅੱਖ ਤੇ ਚਮੜੀ) ਅਤੇ ਪੰਜੇ ਕਰਮ ਇੰਦਰੀਆਂ (ਮੁਖ, ਹੱਥ, ਪੈਰ, ਮਲ-ਦੁਆਰ ਤੇ ਜਣਨ ਇੰਦਰੀ) ਦੇ ਕਰਤਾ-ਭਾਵ ਨੂੰ ਬਿਲਕੁਲ ਕੱਛੂਕੁੰਮੇ ਦੀ ਸਿਰੀ ਵਾਂਗੂੰ ਆਪਣੇ ਅੰਦਰ ਖਿੱਚ ਲੈਂਦਾ ਹੈ। ਗਿਆਨ ਅਤੇ ਕਰਮ ਇੰਦਰੀਆਂ ਤੋਂ ਮੁਕਤ ਸੁਰਤੀ ਗਗਨ ਗੁਫ਼ਾ ਦੇ ਵਿਚ ਆਉਣ ਤੋਂ ਬਾਅਦ ਆਤਮਾ ਨੇ ਬ੍ਰਹਮ ਦੇ ਸਭ ਤੋਂ ਅੰਦਰਲੇ ਤੱਤ ਦੇ ਵਿਚ ਲੀਨ ਹੋ ਜਾਣਾ ਹੈ। ਮਨੁੱਖ ਦਾ ਮਸਤਕ ਦਿਨ ਵੇਲੇ ਕੀਤੀ ਗਈ ਭੱਜ ਦੌੜ, ਵਿਚਾਰ, ਚਿੰਤਾ, ਪਰੇਸ਼ਾਨੀਆਂ ਅਤੇ ਸੁਫ਼ਨਿਆਂ ਤੋਂ ਮੁਕਤ ਹੋ ਕੇ ਸੁਖੋਪਤਿ ਦੀ ਨੀਂਦਰ ਵਿਚ ਪਰਵੇਸ਼ ਕਰਨ ਤੋਂ ਬਾਅਦ ਹੀ ਸਵੇਰੇ ਉੱਠਣ ਵੇਲੇ ਤਾਜ਼ਗੀ ਦਾ ਅਨੁਭਵ ਕਰਦਾ ਹੈ। ਸੁਖੋਪਤਿ ਨੀਂਦਰ ਦੇ ਵਿਚ ਸੁੱਤੇ ਮਨੁੱਖ ਨੂੰ ਜਦੋਂ ਜ਼ਬਰਦਸਤੀ ਉਠਾ ਦਿੱਤਾ ਜਾਵੇ ਤਾਂ ਉਸ ਮਨੁੱਖ ਦਾ ਸਿਰ ਸਾਰਾ ਦਿਨ ਭਾਰਾ ਭਾਰਾ ਰਹੇਗਾ ਜਾਂ ਦਰਦ ਕਰਦਾ ਰਹੇਗਾ। ਇਸ ਦਾ ਕਾਰਨ ਹੈ ਕਿ ਸੁਖੋਪਤਿ ਅਵਸਥਾ ਦਾ ਸਰਕਲ ਪੂਰਾ ਨਹੀਂ ਹੋਇਆ। ਬੀਤੇ ਦਿਨ ਦਾ ਜੋ ਭਾਰ ਸੀ, ਉਹ ਅਜੇ ਵੀ ਮਨ ਦੇ ਉੱਪਰੋਂ ਪੂਰੀ ਤਰ੍ਹਾਂ ਉਤਰਿਆ ਨਹੀਂ ਹੈ। ਹਰ ਇੱਕ ਮਨੁੱਖ ਦੇ ਲਈ ਵਧੀਆ ਨੀਂਦਰ ਲੈਣੀ ਬਹੁਤ ਜ਼ਰੂਰੀ ਹੈ।

ਮੈਂ ਸਮੁੰਦਰੀ ਜਹਾਜ਼ ਦੇ ਉੱਪਰ ਕਈ ਸਾਲਾਂ ਤੋਂ ਵਿਦੇਸ਼ੀ ਲੋਕਾਂ ਦੇ ਨਾਲ ਕੰਮ ਕਰਦਾ ਆ ਰਿਹਾ ਹਾਂ। ਉਨ੍ਹਾਂ ਦੇ ਵਿਚ ਜ਼ਿਆਦਾਤਰ ਗਿਣਤੀ ਉਨ੍ਹਾਂ ਲੋਕਾਂ ਦੀ ਹੈ, ਜਿਨ੍ਹਾਂ ਨੂੰ ਰਾਤ ਨੂੰ ਸੌਣ ਦੇ ਲਈ ਨੀਂਦਰ ਵਾਲੀਆਂ ਗੋਲੀਆਂ ਖਾਣੀਆਂ ਪੈਂਦੀਆਂ ਹਨ। ਅੱਜ ਵਿਦੇਸ਼ਾਂ ਦੇ ਵਿਚ ਬਹੁਤ ਸਾਰੇ ਲੋਕ ਨੀਂਦਰ ਨਾ ਆਉਣ ਵਾਲੀ ਬਿਮਾਰੀ ਦੇ ਨਾਲ ਲੜ ਰਹੇ ਹਨ। ਮਨੁੱਖ ਨੂੰ ਕੁਦਰਤੀ ਨੀਂਦਰ ਨਾ ਆਉਣ ਦੇ ਕਾਰਨ ਬਹੁਤ ਸਾਰੀਆਂ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਦੇ ਵਿਚ ਆਉਂਦਾ ਹੈ ਸਹਿਣਸ਼ੀਲਤਾ ਦਾ ਘੱਟ ਜਾਣਾ, ਨਿੱਕੀ ਨਿੱਕੀ ਗੱਲ 'ਤੇ ਕ੍ਰੋਧ ਆਉਣਾ, ਸੁਭਾਉ ਵਿਚ ਚਿੜਚਿੜਾਪਣ ਆ ਜਾਣਾ। ਇਸੇ ਹੀ ਤਰ੍ਹਾਂ ਦੀਆਂ

ਕਈ ਮਾਨਸਿਕ ਬਿਮਾਰੀਆਂ ਮਨੁੱਖ ਦੇ ਸੁਭਾਉ ਅੰਦਰ ਆਪਣੇ ਆਪ ਪੈਦਾ ਹੋਣ ਲੱਗ ਜਾਂਦੀਆਂ ਹਨ। ਮਨੁੱਖ ਨੂੰ ਹਰ ਦਿਨ ਘੱਟੋ-ਘੱਟ 7 ਘੰਟੇ ਸੌਣਾ ਲਾਜ਼ਮੀ ਹੈ ਤਾਂ ਹੀ ਮਸਤਕ ਕੁਸ਼ਲਤਾ-ਪੂਰਵਕ ਆਪਣੇ ਕਾਰਜਾਂ ਨੂੰ ਕਰ ਸਕਦਾ ਹੈ। ਸੁਖੋਪਤਿ ਅਵਸਥਾ ਵਿਚ ਪਰਵੇਸ਼ ਕਰਨ ਦੇ ਨਾਲ ਦਿਮਾਗ਼ ਦਾ ਬੋਝ ਹਲਕਾ ਹੋ ਜਾਂਦਾ ਹੈ। ਜਿਸ ਦੇ ਨਾਲ ਮਨੁੱਖ ਆਪਣੇ ਰੋਜ਼ਮੱਰਾ ਦੇ ਕਾਰਜਾਂ ਨੂੰ ਆਰਾਮ ਦੇ ਨਾਲ ਹੈਂਡਲ ਕਰ ਸਕਦਾ ਹੈ।

ਜ਼ਿਆਦਾ ਪਰੇਸ਼ਾਨ ਕਰਨ ਵਾਲੇ ਵਿਚਾਰਾਂ ਤੋਂ ਆਪਣੀ ਸੁਰਤੀ ਨੂੰ ਮੁਕਤ ਕਰਨ ਦੇ ਲਈ ਮਨੁੱਖ ਸਦੀਆਂ ਤੋਂ ਨਸ਼ੇ ਦਾ ਸਹਾਰਾ ਲੈਂਦਾ ਆਇਆ ਹੈ। ਨਸ਼ੇ ਦੀ ਵਰਤੋਂ ਕਰਨ ਨਾਲ ਮਨ ਦੇ ਅੰਦਰ ਵਿਚਾਰਾਂ ਦਾ ਵੇਗ ਕੁੱਝ ਸਮੇਂ ਲਈ ਘੱਟ ਜਾਂਦਾ ਹੈ ਜਿਸ ਨਾਲ ਸੁਰਤੀ ਪਰੇਸ਼ਾਨ ਕਰਨ ਵਾਲੇ ਵਿਚਾਰਾਂ ਤੋਂ ਮੁਕਤ ਹੋ ਜਾਂਦੀ ਹੈ। ਕਿਸੇ ਵੀ ਨਸ਼ੇ ਦੀ ਬਾਰ ਬਾਰ ਵਰਤੋਂ ਕਰਨ ਨਾਲ ਮਨੁੱਖ ਨੇ ਉਸ ਨਸ਼ੇ ਦਾ ਆਦੀ ਹੋ ਜਾਣਾ ਹੈ। ਨਸ਼ੇ ਦੀ ਵਰਤੋਂ ਕਰਨ ਦੇ ਨਾਲ ਸਰੀਰ ਦੇ ਅੰਦਰ ਕਈ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ। ਜੋ ਵੀ ਮਨੁੱਖ ਆਪਣੇ ਸਰੀਰ ਦੀ ਦੁਰਵਰਤੋਂ ਕਰਦਾ ਹੈ, ਉਸ ਨੂੰ ਭਵਿੱਖ ਵਿਚ ਕਈ ਬਿਮਾਰੀਆਂ ਦੇ ਰੂਪ ਵਿਚ ਕਸ਼ਟ ਜ਼ਰੂਰ ਭੋਗਣੇ ਪੈਣੇ ਹਨ। ਇਨ੍ਹਾਂ ਤਿੰਨਾਂ ਅਵਸਥਾਵਾਂ ਵਿਚ ਸਾਧਾਰਨ ਮਨੁੱਖ ਆਪਣਾ ਸਾਰਾ ਜੀਵਨ ਬਤੀਤ ਕਰ ਦੇਂਦਾ ਹੈ।

ਤੁਰੀਆ ਅਵਸਥਾ

ਇਨ੍ਹਾਂ ਤਿੰਨਾਂ ਅਵਸਥਾਵਾਂ ਤੋਂ ਇਲਾਵਾ ਇੱਕ ਹੋਰ ਅਵਸਥਾ ਹੈ, ਜਿਸ ਨੂੰ ਤੁਰੀਆ ਅਵਸਥਾ ਨਾਮ ਨਾਲ ਜਾਣਿਆ ਜਾਂਦਾ ਹੈ।

ਇਸ ਅਵਸਥਾ ਵਿਚ ਜਾਗ੍ਰਿਤ, ਸੁਪਨ ਅਤੇ ਸੁਖੋਪਤਿ ਇਨ੍ਹਾਂ ਤਿੰਨਾਂ ਅਵਸਥਾਵਾਂ ਦਾ ਆਪਸ ਦੇ ਵਿਚ ਮਿਲਣ ਹੋ ਜਾਂਦਾ ਹੈ। ਇਹ ਅਵਸਥਾ ਬਿਲਕੁਲ ਸੁਖੋਪਤਿ ਅਵਸਥਾ ਦੇ ਵਾਂਗੂੰ ਹੀ ਹੈ, ਦੋਨਾਂ ਦੇ ਵਿਚ ਕੇਵਲ ਐਨਾ ਅੰਤਰ ਹੈ ਕਿ ਸੁਖੋਪਤਿ ਅਵਸਥਾ ਵਿਚ ਮਨੁੱਖ ਸੁੱਤਾ ਪਰਵੇਸ਼ ਕਰਦਾ ਹੈ ਜਦਕਿ ਤੁਰੀਆ ਅਵਸਥਾ ਵਿਚ ਮਨੁੱਖ ਨੇ ਜਾਗਦੇ ਹੋਏ ਨੇ ਬ੍ਰਹਮ ਦੇ ਵਿਚ ਪਰਵੇਸ਼ ਕਰਨਾ ਹੈ, ਬਾਕੀ ਸਭ ਕੁੱਝ ਸੁਖੋਪਤਿ ਅਵਸਥਾ ਵਾਂਗੂੰ ਹੀ ਹੁੰਦਾ ਹੈ। ਤੁਰੀਆ ਅਵਸਥਾ ਵਿਚ ਪਰਵੇਸ਼ ਕਰਨ ਤੋਂ ਪਹਿਲਾਂ ਮਨ ਪੰਜੇ ਗਿਆਨ ਇੰਦਰੀਆਂ (ਨੱਕ, ਕੰਨ, ਜੀਭ, ਅੱਖਾਂ, ਚਮੜੀ) ਅਤੇ ਪੰਜੇ ਕਰਮ ਇੰਦਰੀਆਂ (ਮੂੰਹ, ਹੱਥ, ਪੈਰ, ਮਲ-ਦੁਆਰ ਅਤੇ ਜਣਨ ਇੰਦਰੀ) ਦੇ ਵਿੱਚੋਂ ਕਰਤਾ-ਭਾਵ ਨੂੰ ਆਪਣੇ ਅੰਦਰ ਖਿੱਚ ਲੈਂਦਾ ਹੈ। ਇਸ ਤੋਂ ਬਾਅਦ ਸੁਰਤੀ ਇੰਦਰੀਆਂ ਤੋਂ ਮੁਕਤ ਹੋ ਕੇ ਗਗਨ ਗੁਫ਼ਾ ਦੇ ਅੰਦਰ ਸਥਿਰ ਹੋ ਜਾਂਦੀ ਹੈ ਅਤੇ ਮਨ ਜਾਗ੍ਰਿਤ ਅਵਸਥਾ ਵਿਚ ਆਤਮਾ ਤੱਤ ਦੇ ਅੰਦਰ ਲੀਨ ਹੋ ਜਾਂਦਾ ਹੈ। ਇਸ ਅਵਸਥਾ ਵਿਚ ਆਤਮਾ ਪਾਰਬ੍ਰਹਮ ਰੂਪੀ ਸਾਗਰ ਦੇ ਉਸ ਪਰਮ ਅਨੰਦ ਦੇ ਅੰਦਰ ਪਰਵੇਸ਼ ਕਰ ਜਾਂਦੀ ਹੈ ਤੇ ਇਹ ਬ੍ਰਹਮ ਦਾ ਉਹ ਤੱਤ ਹੈ ਜੋ ਸਾਰੇ ਬ੍ਰਹਮ ਦੇ ਅੰਦਰ ਫੈਲਿਆ ਹੋਇਆ ਹੈ, ਇਸ ਦੇ ਅੰਦਰ ਸਾਰਾ ਕੁੱਝ ਆ ਜਾਂਦਾ ਹੈ ਜੋ ਵੀ ਕੁੱਝ ਦਿਖਾਈ ਦੇਂਦਾ ਹੈ ਜਾਂ ਨਹੀਂ ਦਿਖਾਈ ਦੇਂਦਾ ਹੈ ਇਹ ਤੱਤ ਨਾ ਤਾਂ ਸ਼ੁਰੂ ਹੁੰਦਾ ਹੈ ਅਤੇ ਨਾ ਹੀ ਖ਼ਤਮ ਹੁੰਦਾ

ਹੈ। ਇਹ ਉਹੀ ਤੱਤ ਹੈ ਜਿਸ ਨੂੰ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਅਕਿਰਿਆ ਅਵਸਥਾ ਵਿਚ ਅਨੁਭਵ ਕਰਦੀਆਂ ਹਨ। ਇੱਥੇ ਮੈਂ ਇਸ ਗੱਲ ਨੂੰ ਸਾਫ਼ ਕਰਨਾ ਚਾਹੁੰਦਾ ਹਾਂ ਕਿ ਮਨੁੱਖ ਦੀਆਂ ਇੰਦਰੀਆਂ ਅਕਿਰਿਆ ਅਵਸਥਾ ਵਿਚ ਇਸ ਤੱਤ ਨੂੰ ਅਨੁਭਵ ਕਰ ਸਕਦੀਆਂ ਹਨ। ਜੀਵ ਆਤਮਾ ਨੂੰ ਕਰਮਾਂ ਦੇ ਫਲਾਂ ਨੂੰ ਭੋਗਣ ਦੇ ਲਈ ਦੁਬਾਰਾ ਸਰੀਰ ਧਾਰਨ ਕਰਨਾ ਪੈਂਦਾ ਹੈ। ਜਦੋਂ ਆਤਮਾ ਸਰੀਰ ਦੇ ਅੰਦਰੋਂ ਬਾਹਰ ਨਿਕਲ ਜਾਂਦੀ ਹੈ ਤਾਂ ਇਸ ਨੂੰ ਕਿਸੇ ਵੀ ਤਰੀਕੇ ਨਾਲ ਕਸ਼ਟ ਨਹੀਂ ਦਿੱਤਾ ਜਾ ਸਕਦਾ। ਕੀਤੇ ਗਏ ਚੰਗੇ ਜਾਂ ਬੁਰੇ ਕਰਮਾਂ ਦੇ ਫਲਾਂ ਨੂੰ ਭੋਗਣ ਦੇ ਲਈ ਜੀਵ ਆਤਮਾ ਨੂੰ ਸਰੀਰ ਦੇ ਵਿਚ ਪਰਵੇਸ਼ ਕਰਨਾ ਪੈਂਦਾ ਹੈ। ਇਹ ਗੱਲ ਹੋ ਸਕਦੀ ਹੈ ਕਿ ਆਤਮਾ ਨੂੰ ਦੁਬਾਰਾ ਜਨਮ ਲੈਣ ਦੇ ਲਈ ਗਰਭ ਮੰਡਲ ਵਿਚ ਜ਼ਿਆਦਾ ਸਮਾਂ ਲੱਗ ਸਕਦਾ ਹੈ।

ਇਸ ਅਵਸਥਾ ਵਿਚ ਪਰਵੇਸ਼ ਕਰਨ ਤੋਂ ਬਾਅਦ ਸਾਧਕ ਵੀ ਪਾਰਬ੍ਰਹਮ ਦਾ ਰੂਪ ਹੋ ਜਾਂਦਾ ਹੈ। ਜਿਸ ਵੀ ਮਨੁੱਖ ਨੇ ਪਾਰਬ੍ਰਹਮ ਦੇ ਦਰਸ਼ਨ ਕਰਨੇ ਹਨ, ਉਸ ਨੂੰ ਪਾਰਬ੍ਰਹਮ ਦੇ ਵਰਗਾ ਹੀ ਹੋਣਾ ਪਵੇਗਾ। ਪੂਰੇ ਦੇ ਪੂਰੇ ਮਸਤਕ ਨੇ ਇੱਕ ਨੇਤਰ ਦੇ ਵਿਚ ਤਬਦੀਲ ਹੋ ਜਾਣਾ ਹੈ। ਉਸ ਤੋਂ ਬਾਅਦ ਹੀ ਮਨੁੱਖ ਪਾਰਬ੍ਰਹਮ ਰੂਪੀ ਉਸ ਆਕਾਸ਼ ਦੇ ਦਰਸ਼ਨ ਕਰ ਸਕਦਾ ਹੈ, ਜਿੱਥੇ ਨਾ ਤਾਂ ਚਾਨਣ ਹੈ ਅਤੇ ਨਾ ਹੀ ਹਨੇਰਾ ਹੈ। ਇਹ ਅਵਸਥਾ ਬਿਲਕੁਲ ਉਸ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਪਾਣੀ ਦੀ ਬੂੰਦ ਪਾਣੀ ਦੇ ਵਿਚ ਸਮਾ ਜਾਵੇ। ਜਿਸ ਤਰ੍ਹਾਂ ਦੀਪਕ ਦੀ ਜੋਤ ਦੂਜੇ ਦੀਪਕ ਦੀ ਜੋਤ ਦੇ ਵਿਚ ਸਮਾ ਜਾਵੇ, ਵਿਚਾਰ ਦੇ ਰੁਕਣ ਤੋਂ ਬਾਅਦ ਹੀ ਸੁਰਤੀ ਗਗਨ ਗੁਫ਼ਾ ਦੇ ਅੰਦਰ ਪਰਵੇਸ਼ ਕਰ ਸਕਦੀ ਹੈ। ਉਸ ਕੰਪਨ ਰਹਿਤ ਅਵਸਥਾ ਵਿਚ ਜਦੋਂ ਸੁਰਤੀ ਪਰਵੇਸ਼ ਕਰ ਜਾਵੇਗੀ ਤਾਂ ਸਾਧਕ ਨੇ ਵੀ ਪਾਰਬ੍ਰਹਮ ਦਾ ਰੂਪ ਹੋ ਕੇ ਉਸ ਦੇ ਅੰਦਰ ਸਮਾ ਜਾਣਾ ਹੈ। ਸਾਧਨਾ ਦੀ ਕਿਰਿਆ ਉਸੇ ਹੀ ਤਰ੍ਹਾਂ ਚੱਲਦੀ ਹੈ ਜਿਸ ਤਰ੍ਹਾਂ ਇੱਕ ਮੱਕੜੀ ਜਾਲੇ ਨੂੰ ਬਣਾਉਣ ਦੇ ਲਈ ਆਪਣੇ ਅੰਦਰੋਂ ਰੇਸ਼ੇ ਨੂੰ ਬਾਹਰ ਕੱਢੀ ਜਾਂਦੀ ਹੈ। ਜਦੋਂ ਵੀ ਮੱਕੜੀ ਚਾਹੇ ਉਸ ਆਪਣੇ ਅੰਦਰੋਂ ਕੱਢੇ ਰੇਸ਼ੇ ਨੂੰ ਆਪਣੇ ਅੰਦਰ ਵਾਪਸ ਖਿੱਚ ਕੇ ਜਾਲੇ ਨੂੰ ਖ਼ਤਮ ਵੀ ਕਰ ਸਕਦੀ ਹੈ। ਇਸ ਅਵਸਥਾ ਵਿਚ ਮਨੁੱਖ ਦਾ ਸਰੀਰ ਹਰ ਦਿਨ ਸੁੱਤਿਆਂ ਪਰਵੇਸ਼ ਕਰਦਾ ਹੈ। ਇਸੇ ਹੀ ਅਵਸਥਾ ਵਿਚ ਜਦੋਂ ਮਨੁੱਖ ਜਾਗ੍ਰਿਤ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ ਤਾਂ ਤੁਰੀਆ ਅਵਸਥਾ ਬਣ ਜਾਂਦੀ ਹੈ। ਧਿਆਨ ਸਿਮਰਨ ਦੀ ਸਾਰੀ ਸਾਧਨਾ ਇਸ ਦੇ ਲਈ ਹੈ ਤਾਂ ਜੋ ਜਾਗਦੇ ਹੋਇਆਂ ਇਸ ਅਵਸਥਾ ਵਿਚ ਪਰਵੇਸ਼ ਕੀਤਾ ਜਾਵੇ। ਜੋ ਵੀ ਮਨੁੱਖ ਤੁਰੀਆ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ, ਉਸੇ ਮਨੁੱਖ ਨੇ ਆਪਣੇ ਮਨ ਤੋਂ ਮੁਕਤ ਹੋ ਜਾਣਾ ਹੈ। ਇਸ ਅਵਸਥਾ ਵਿਚ ਪੰਜੇ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਜਾਗ੍ਰਿਤ ਅਵਸਥਾ ਵਿਚ ਮੌਜੂਦ ਹਨ। ਇਸ ਦੇ ਬਾਵਜੂਦ ਵੀ ਸੁਰਤੀ ਗਤੀਹੀਣ ਹੈ। ਇਹ ਉਹੀ ਪਰਮ ਅਵਸਥਾ ਹੈ ਜਿਸ ਦੇ ਵਿਚ ਪਰਵੇਸ਼ ਕਰਨ ਤੋਂ ਬਾਅਦ ਮਨੁੱਖ ਨੂੰ ਬ੍ਰਹਮ ਗਿਆਨੀ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਅਤੇ ਮਨੁੱਖ ਜਿਉਂਦੇ-ਜੀ ਆਪਣੇ ਆਪ ਨੂੰ ਪ੍ਰਕਿਰਤੀ ਦੇ ਬੰਧਨਾਂ ਤੋਂ ਮੁਕਤ ਕਰ ਲੈਂਦਾ ਹੈ।

ਇਸ ਅਵਸਥਾ ਨੂੰ ਤੁਸੀਂ ਵੀ ਅਨੁਭਵ ਕਰ ਸਕਦੇ ਹੋ। ਜਦੋਂ ਤੁਸੀਂ ਹਰ ਦਿਨ ਪਰਮਾਤਮਾ ਦੀ ਯਾਦ ਵਿਚ ਆਪਣੇ ਆਪ ਦੇ ਨਾਲ ਆਸਣ ਲਗਾਉਣਾ ਸ਼ੁਰੂ ਕਰ ਦਿੱਤਾ, ਜਾਗ੍ਰਿਤ ਅਵਸਥਾ ਵਿਚ ਜਦੋਂ ਸੁਰਤੀ ਗਗਨ ਗੁਫ਼ਾ ਦੇ ਅੰਦਰ ਵਿਸ਼ਰਾਮ ਕਰਨ ਲੱਗ ਜਾਂਦੀ ਹੈ ਤਾਂ ਸਾਧਕ ਦੀ ਸੁਰਤੀ ਨੇ ਬ੍ਰਹਮ ਚੇਤਨ ਦੇ ਵਿਚ ਲੀਨ ਹੋ ਜਾਣਾ ਹੈ। ਮਨੁੱਖ ਨੂੰ ਤੁਰੀਆ ਅਵਸਥਾ ਵਿਚ ਹੀ ਆਤਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਤੁਰੀਆ ਅਵਸਥਾ ਵਿਚ ਮਨੁੱਖ ਨੂੰ ਆਪਣਾ ਅਤੇ ਪਰਮਾਤਮਾ ਦਾ ਅਨੁਭਵ ਹੋ ਜਾਂਦਾ ਹੈ। ਉਹ ਆਪ ਕੀ ਹੈ ਅਤੇ ਪਾਰਬ੍ਰਹਮ ਕੀ ਹੈ। ਉਸ ਤੋਂ ਬਾਅਦ ਆਤਮਾ ਮਨ ਅਤੇ ਸਰੀਰ ਸਹਿਜ ਅਵਸਥਾ ਵਿਚ ਲੀਨ ਹੋ ਜਾਂਦੇ ਹਨ। ਸਾਰੀ ਸਾਧਨਾ ਦਾ ਕੇਵਲ ਐਨਾ ਹੀ ਪ੍ਰਯੋਜਨ ਹੈ ਕਿ ਜਾਗ੍ਰਿਤ, ਸੁਪਨ ਅਤੇ ਸੁਖੋਪਤਿ ਅਵਸਥਾ ਨੂੰ ਤੋੜ ਕੇ ਤੁਰੀਆ ਅਵਸਥਾ ਵਿਚ ਪਰਵੇਸ਼ ਕਰ ਲਿਆ ਜਾਵੇ। ਲਗਾਤਾਰ ਸਾਧਨਾ ਕਰਨ ਦੇ ਨਾਲ ਜਦੋਂ ਕੋਈ ਮਨੁੱਖ ਇਸ ਚੱਕਰ ਨੂੰ ਤੋੜ ਲੈਂਦਾ ਹੈ ਤਾਂ ਉਸ ਮਨੁੱਖ ਨੂੰ ਗਿਆਨ ਹੋ ਜਾਂਦਾ ਹੈ ਕਿ ਮੈਂ ਇੱਕ ਚੇਤਨਾ ਸ਼ਕਤੀ ਹਾਂ ਜੋ ਇਸ ਸਰੀਰ ਦਾ ਕੇਵਲ ਇਸਤੇਮਾਲ ਕਰ ਰਹੀ ਹੈ। ਜੋ ਨਾ ਤਾਂ ਕਦੇ ਥੱਕਦੀ ਹੈ ਅਤੇ ਨਾ ਹੀ ਉਸ ਦੀ ਉਮਰ ਵੱਧਦੀ ਹੈ। ਜੋ ਨਾ ਤਾਂ ਮਰਦੀ ਹੈ ਅਤੇ ਜਿਸ ਦਾ ਨਾ ਹੀ ਕਦੇ ਜਨਮ ਹੁੰਦਾ ਹੈ। ਤੁਰੀਆ ਅਵਸਥਾ ਵਿਚ ਆਤਮਾ ਤੱਤ ਅਤੇ ਬ੍ਰਹਮ ਤੱਤ ਆਪਸ ਦੇ ਵਿਚ ਲੀਨ ਹੋ ਜਾਂਦੇ ਹਨ। ਕੇਵਲ ਇੱਕੋ ਹੀ ਬਚਦਾ ਹੈ ਜੋ ਬਾਕੀ ਬੱਚ ਜਾਂਦਾ ਹੈ ਉਹੀ ਸਾਖਸ਼ੀ ਚੇਤਨ ਤੱਤ ਹੈ। ਪ੍ਰਕਿਰਤੀ ਦ੍ਰਿਸ਼ ਹੈ, ਨਜ਼ਰ ਦ੍ਰਿਸ਼ਟੀ ਹੈ ਅਤੇ ਆਤਮਾ ਦ੍ਰਿਸ਼ਟਤਾ; ਜਦੋਂ ਇਨ੍ਹਾਂ ਤਿੰਨਾਂ ਤੱਤਾਂ ਦਾ ਤੁਹਾਡੇ ਅੰਦਰ ਮਿਲਣ ਹੋਵੇਗਾ ਤਾਂ ਤੁਹਾਡੇ ਅੰਦਰ ਕੇਵਲ ਸਾਖਸ਼ੀ ਬਚੇਗਾ। ਤੁਰੀਆ ਅਵਸਥਾ ਵਿਚ ਤੁਹਾਨੂੰ ਦੋ ਚੀਜ਼ਾਂ ਦਾ ਗਿਆਨ ਪ੍ਰਾਪਤ ਹੋਵੇਗਾ। ਪਹਿਲਾ ਗਿਆਨ ਤੁਸੀਂ ਆਪ ਕੀ ਹੋ, ਤੁਹਾਡਾ ਅਸਲੀ ਰੂਪ ਕੀ ਹੈ। ਦੂਜਾ ਗਿਆਨ ਤੁਸੀਂ ਉਸ ਨੂੰ ਵੀ ਜਾਣ ਲੈਣਾ ਹੈ ਜਿਸ ਦਾ ਕੋਈ ਰੂਪ ਜਾਂ ਰੰਗ ਜਾਂ ਰੇਖ ਨਹੀਂ ਹੈ। ਇਸ ਅਵਸਥਾ ਵਿਚ ਪਰਵੇਸ਼ ਕਰਨ ਵਾਲੇ ਮਨੁੱਖ ਦੀ ਆਤਮਾ ਦੇ ਉੱਪਰ ਕਾਰਨ ਸਰੀਰ ਰੂਪੀ ਲਿੰਕ ਟੁੱਟ ਜਾਂਦਾ ਹੈ ਅਤੇ ਆਤਮਾ ਨੂੰ ਕੈਵੱਲਿਆ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਮਨੁੱਖ ਨੂੰ ਅਨਮਨੀ ਭਾਵ ਮਨ ਤੋਂ ਮੁਕਤ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇਸ ਅਵਸਥਾ ਵਿਚ ਮਨ ਸੰਕਲਪ ਅਤੇ ਵਿਕਲਪ ਤੋਂ ਮੁਕਤ ਹੋ ਚੁੱਕਾ ਹੈ।

ਗਿਆਨ

ਗਿਆਨ ਤੋਂ ਭਾਵ ਉਸ ਵਿਧੀ ਦਾ ਪਤਾ ਲੱਗ ਜਾਣਾ, ਜਿਸ ਦੇ ਰਾਹੀਂ ਮਨ ਨੂੰ ਵਿਲੀਨ ਕਰ ਕੇ ਆਤਮ ਗਿਆਨ ਨੂੰ ਪ੍ਰਾਪਤ ਕਰ ਲਿਆ ਜਾਂਦਾ ਹੈ। ਜਦੋਂ ਮਨੁੱਖ ਨੂੰ ਇਹ ਪਤਾ ਲੱਗ ਜਾਵੇਗਾ ਕਿ ਸਾਹਮਣੇ ਵਾਲਾ ਮਨੁੱਖ ਗ਼ਲਤ ਹੈ, ਇਸ ਦੇ ਬਾਵਜੂਦ ਵੀ ਮਨ ਦੇ ਅੰਦਰ ਕੋਈ ਗ਼ੁੱਸੇ ਵਾਲੀ ਤਰੰਗ ਪੈਦਾ ਨਾ ਹੋਵੇ, ਇਹ ਗਿਆਨ ਹੈ। ਗਿਆਨ ਦਾ ਅਸਰ ਕੇਵਲ ਉਸ ਮਨੁੱਖ ਦੇ ਉੱਪਰ ਹੁੰਦਾ ਹੈ ਜੋ ਆਪਣੇ ਆਪ ਨੂੰ ਆਪਣੇ ਗਿਆਨ ਰੂਪੀ ਪ੍ਰਕਾਸ਼ ਦੇ ਨਾਲ ਭਰਨ ਦੇ ਲਈ ਤਿਆਰ ਹੋ ਜਾਂਦਾ ਹੈ। ਕਿਸੇ ਵੀ ਚੰਗੀ ਚੀਜ਼ ਦਾ ਨਿਰਮਾਣ ਕਰਨ ਦੇ ਲਈ ਸਮਾਂ ਅਤੇ ਲਗਨ ਦੀ ਜ਼ਰੂਰਤ ਪੈਂਦੀ ਹੈ। ਜਦੋਂ ਆਤਮਾ ਦੀ ਪਵਿੱਤਰਤਾ ਵੱਧਦੀ ਜਾਂਦੀ ਹੈ ਤਾਂ ਉਸ ਦੇ ਨਾਲ ਮਨੁੱਖ ਦੀ ਅਧਿਆਤਮਿਕ ਅਵਸਥਾ ਵੀ ਉੱਚੀ ਹੋਈ ਜਾਂਦੀ ਹੈ।

ਸੰਸਾਰ 'ਤੇ ਦੋ ਕਿਸਮ ਦੇ ਲੋਕ ਹਨ

ਪਹਿਲੀ ਕਿਸਮ ਦੇ ਲੋਕ ਉਹ ਹਨ ਜਿਨ੍ਹਾਂ ਨੂੰ ਇਸ ਗੱਲ ਦਾ ਗਿਆਨ ਹੈ ਕਿ ਉਨ੍ਹਾਂ ਦੇ ਅੰਦਰ ਕਿਸ ਚੀਜ਼ ਦੀ ਕਮੀ ਜਾਂ ਘਾਟ ਹੈ। ਇੱਕ ਤਾਂ ਇਸ ਕਿਸਮ ਦੇ ਮਨੁੱਖ ਧਰਤੀ 'ਤੇ ਰਹਿੰਦੇ ਹਨ। ਇੱਕ ਦੂਜੀ ਕਿਸਮ ਦੇ ਮਨੁੱਖ ਹੋਰ ਵੀ ਹਨ ਜਿਨ੍ਹਾਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੈ ਕਿ ਉਨ੍ਹਾਂ ਦੇ ਅੰਦਰ ਕਿਸ ਚੀਜ਼ ਦੀ ਕਮੀ ਜਾਂ ਘਾਟ ਹੈ। ਗਿਆਨ ਦੇ ਬਿਨਾਂ ਅਗਿਆਨ ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਅਗਿਆਨ ਆਪਣੇ ਆਪ ਦੂਰ ਹੋ ਜਾਂਦਾ ਹੈ ਜਦੋਂ ਕਿਸੇ ਮਨੁੱਖ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਸੰਸਾਰ ਦੇ ਅੰਦਰ ਦੁੱਖ ਨਾਮ ਦੀ ਕੋਈ ਚੀਜ਼ ਨਹੀਂ ਹੈ ਪਰ ਅਗਿਆਨ ਦੇ ਕਾਰਨ ਮਨੁੱਖ ਅੰਦਰ ਦੁੱਖ ਦਾ ਭਰਮ ਪੈਦਾ ਹੋ ਜਾਂਦਾ ਹੈ। ਇਸ ਭਰਮ ਰੂਪੀ ਹਨੇਰੇ ਨੂੰ ਦੂਰ ਕਰਨ ਦੇ ਲਈ ਗਿਆਨ ਰੂਪੀ ਦੀਪਕ ਦੀ ਜ਼ਰੂਰਤ ਪੈਂਦੀ ਹੈ। ਮਨੁੱਖਾ ਜੀਵਨ ਨੂੰ ਸਹੀ ਤਰੀਕੇ ਨਾਲ ਬਤੀਤ ਕਰਨ ਦੇ ਲਈ ਗਿਆਨ ਨੂੰ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ। ਆਤਮ ਗਿਆਨ ਦੀ ਪ੍ਰਾਪਤੀ ਮਨੁੱਖ ਤਾਂ ਹੀ ਕਰ ਸਕਦਾ ਹੈ, ਜਦੋਂ ਕੋਈ ਮਨੁੱਖ ਗਿਆਨ ਰੂਪੀ ਕਿਸ਼ਤੀ ਦੇ ਉੱਪਰ ਬੈਠ ਕੇ ਇਸ ਦਿਸ਼ਾ ਵੱਲ ਗਤੀ ਕਰਦਾ ਹੈ। ਆਪਣੇ ਗਿਆਨ ਤੋਂ ਬਿਨਾਂ ਮਨੁੱਖ ਅਧੂਰਾ ਹੈ। ਜਿਸ ਮਨੁੱਖ ਨੇ ਸਾਧਨਾ ਦੇ ਰਾਹੀਂ ਆਪਣੇ ਮਨ ਨੂੰ ਵਾਸ਼ਨਾ ਅਤੇ ਕਰੋਧ ਤੋਂ ਮੁਕਤ ਕਰ ਕੇ ਅਚੱਲ ਅਵਸਥਾ ਵਿਚ ਸਥਿਰ ਕਰ ਲਿਆ ਹੈ, ਉਸ ਮਨੁੱਖ ਨੂੰ ਜਿਉਂਦੇ-ਜੀ ਮੁਕਤੀ ਵਾਲੀ ਅਵਸਥਾ ਪ੍ਰਾਪਤ ਹੋ ਜਾਵੇਗੀ। ਜੋ ਮਨੁੱਖ ਆਪ ਕੋਸ਼ਿਸ਼ ਨਹੀਂ ਕਰਦਾ, ਕੇਵਲ

ਆਪਣੇ ਭਾਗਾਂ ਅਤੇ ਕਿਸਮਤ ਨੂੰ ਕੋਸਦਾ ਰਹਿੰਦਾ ਹੈ, ਇਸ ਕਿਸਮ ਦੀ ਸੋਚ ਵਾਲਾ ਮਨੁੱਖ ਆਪਣੀ ਤਰੱਕੀ ਦੇ ਰਸਤੇ ਉੱਪਰ ਸਭ ਤੋਂ ਵੱਡੀ ਰੁਕਾਵਟ ਆਪ ਪੈਦਾ ਕਰ ਰਿਹਾ ਹੈ।

ਮਨੁੱਖ ਨੇ ਜੋ ਆਪਣੇ ਅਨੁਭਵ ਦੁਆਰਾ ਨਹੀਂ ਜਾਣਿਆ ਪਰ ਮਨ ਅੰਦਰ ਜਾਣੇ ਦਾ ਭਰਮ ਪੈਦਾ ਹੋ ਗਿਆ ਹੈ, ਇਸ ਅਗਿਆਨ ਰੂਪੀ ਪੰਡ ਨੂੰ ਆਪਣੇ ਹੱਥੀਂ ਨਦੀ ਦੇ ਵਿਚ ਵਹਾ ਦੇਣਾ ਚਾਹੀਦਾ ਹੈ ਤਾਂ ਜੋ ਪਾਰਬ੍ਰਹਮ ਆਪਣੇ ਨਿਰਮਲ ਗਿਆਨ ਦੇ ਨਾਲ ਸਾਡੀ ਆਤਮਾ ਨੂੰ ਭਰ ਸਕੇ। ਮੂਰਖਾਂ ਨੂੰ ਸਮਝਾਉਣ ਦੇ ਵਿਚ ਕੋਈ ਸਾਰ ਨਹੀਂ ਹੈ, ਇਨ੍ਹਾਂ ਦੇ ਸਾਹਮਣੇ ਜਾਣ-ਬੁੱਝ ਕੇ ਵੀ ਅਗਿਆਨੀ ਬਣ ਜਾਣਾ ਚਾਹੀਦਾ ਹੈ। ਆਪਣੇ ਜੀਵਨ ਦੀ ਦਿਸ਼ਾ ਨੂੰ ਜ਼ਰੂਰ ਦੇਖੋ ਤਾਂ ਜੋ ਗ਼ਲਤ ਦਿਸ਼ਾ ਵੱਲ ਗਤੀ ਕਰਨ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਰੋਕ ਲਿਆ ਜਾਵੇ। ਮਨੁੱਖ ਪਰਮਾਤਮਾ ਦੇ ਐਨਾ ਕਰੀਬ ਹੈ ਕਿ ਸਾਡੇ ਅਤੇ ਪਰਮਾਤਮਾ ਦੇ ਵਿਚਕਾਰ ਕੋਈ ਜਗ੍ਹਾ ਨਹੀਂ ਹੈ। ਜੇਕਰ ਇਸ ਦਿਸ਼ਾ ਵੱਲ ਗਤੀ ਕਰਨੀ ਹੈ ਤਾਂ ਇਸ ਕਿਤਾਬ ਨੂੰ ਆਪਣੇ ਕੋਲ ਤਦ ਤੱਕ ਸਾਂਭ ਕੇ ਰੱਖਣਾ, ਜਦੋਂ ਤੱਕ ਤੁਸੀਂ ਸਹਿਜ ਅਵਸਥਾ ਨੂੰ ਪੂਰੀ ਤਰ੍ਹਾਂ ਪ੍ਰਾਪਤ ਨਹੀਂ ਕਰ ਲੈਂਦੇ। ਇਸ ਕਿਤਾਬ ਨੂੰ ਪੜ੍ਹ ਲੈਣ ਦੇ ਨਾਲ ਅੰਦਰ ਲਿਖੀਆਂ ਗੁਪਤ ਗੱਲਾਂ ਨੂੰ ਸਮਝਿਆ ਨਹੀਂ ਜਾ ਸਕਦਾ। ਇਸ ਕਿਤਾਬ ਦੇ ਵਿਚ ਦਿੱਤੀ ਗਈ ਜਾਣਕਾਰੀ ਦਾ ਸਾਧਨਾ ਦੇ ਨਾਲ ਬਹੁਤ ਗਹਿਰਾ ਸਬੰਧ ਹੈ। ਇਹ ਕਿਤਾਬ ਨਹੀਂ ਹੈ, ਬ੍ਰਹਮ ਵਿੱਦਿਆ ਦਾ ਇੱਕ ਨਕਸ਼ਾ ਹੈ। ਤੁਸੀਂ ਕੇਵਲ ਮੋਬਾਈਲ 'ਤੇ ਪੜ੍ਹ ਕੇ ਸਾਧਨਾ ਸ਼ੁਰੂ ਨਹੀਂ ਕਰ ਦੇਣੀ। ਕੋਸ਼ਿਸ਼ ਕਰੋ ਪਹਿਲਾਂ ਅਸਲੀ ਕਿਤਾਬ ਨੂੰ ਆਪਣੇ ਕੋਲ ਪਹਿਲਾਂ ਮੰਗਵਾ ਲਵੋ ਤਾਂ ਜੋ ਅੱਗੇ ਚੱਲ ਕੇ ਕੋਈ ਪਰੇਸ਼ਾਨੀ ਪੈਦਾ ਨਾ ਹੋਵੇ। ਜੇਕਰ ਮੈਨੂੰ ਉਮਰ ਤੋਂ ਪਹਿਲਾਂ ਸਰੀਰ ਦਾ ਤਿਆਗ ਕਰ ਕੇ ਜਾਣਾ ਪਵੇ, ਤੁਹਾਨੂੰ ਸਾਧਨਾ ਦੇ ਸਬੰਧ ਵਿਚ ਹਰ ਇੱਕ ਸਵਾਲ ਦਾ ਜਵਾਬ ਇਸ ਕਿਤਾਬ ਦੇ ਵਿੱਚੋਂ ਸਮੇਂ ਸਮੇਂ 'ਤੇ ਮਿਲਦਾ ਰਹੇਗਾ। ਜਦੋਂ ਸਾਧਨਾ ਦੇ ਦੌਰਾਨ ਤੁਹਾਨੂੰ ਸਰੀਰਕ ਜਾਂ ਮਾਨਸਿਕ ਅਨੁਭਵ ਹੋਣੇ ਹਨ ਤਾਂ ਉਨ੍ਹਾਂ ਅਨੁਭਵਾਂ ਦੇ ਜਵਾਬ ਕਿਸੇ ਮਨੁੱਖ ਦੇ ਕੋਲੋਂ ਜਾਂ ਕਿਸੇ ਕਿਤਾਬ ਦੇ ਵਿੱਚੋਂ ਮਿਲਣੇ ਥੋੜ੍ਹੇ ਮੁਸ਼ਕਲ ਹਨ। ਜਿਸ ਤਰ੍ਹਾਂ ਮੁਸਾਫ਼ਰ ਨਦੀ ਨੂੰ ਪਾਰ ਕਰਨ ਤੋਂ ਬਾਅਦ ਕਿਸ਼ਤੀ ਨੂੰ ਨਦੀ ਦੇ ਕਿਨਾਰੇ 'ਤੇ ਛੱਡ ਦੇਂਦਾ ਹੈ ਤਾਂ ਜੋ ਅੱਗੇ ਦੀ ਯਾਤਰਾ ਨੂੰ ਪੂਰਾ ਕੀਤਾ ਜਾ ਸਕੇ। ਤੁਸੀਂ ਇਸ ਕਿਤਾਬ ਦੀ ਵਰਤੋਂ ਇਸੇ ਹੀ ਤਰ੍ਹਾਂ ਕਰਨੀ ਹੈ।

ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ, ਮਨੁੱਖ ਆਪਣੀ ਮਿਹਨਤ ਨੂੰ ਵੇਚ ਸਕਦਾ ਹੈ। ਪਹਿਲੀ ਗੱਲ ਵਾਅਦਾ ਨਾ ਕਰੋ, ਜੇਕਰ ਵਾਅਦਾ ਕਰ ਲਿਆ ਹੈ ਤਾਂ ਉਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨੀ ਹੈ। ਹਰ ਇੱਕ ਮਨੁੱਖ ਦੂਜਿਆਂ ਮਨੁੱਖਾਂ ਦੇ ਕੋਲੋਂ ਪਿਆਰ ਚਾਹੁੰਦਾ ਹੈ। ਜੇਕਰ ਕਿਸੇ ਜਗ੍ਹਾ ਤੋਂ ਇਸ ਨੂੰ ਪਿਆਰ ਮਿਲ ਵੀ ਰਿਹਾ ਹੈ ਤਾਂ ਇਹ ਉਸ ਪਿਆਰ ਬਦਲੇ ਉਨ੍ਹਾਂ ਦੀਆਂ ਬਹੁਤ ਸਰੀਆਂ ਜ਼ਰੂਰਤਾਂ ਨੂੰ ਪੂਰਾ ਕਰ ਰਿਹਾ ਹੈ। ਇਸ ਪਿਆਰ ਨੇ ਉਸ ਦਿਨ ਖ਼ਤਮ ਹੋ ਜਾਣਾ ਹੈ ਜਦੋਂ ਇਸ ਨੇ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਬੰਦ ਕਰ ਦਿੱਤੀਆਂ। ਹੁਣ ਕੁੱਝ ਵੀ

ਨਹੀਂ ਹੋ ਸਕਦਾ, ਬਹੁਤ ਦੇਰ ਹੋ ਚੁੱਕੀ ਹੈ। ਇੱਕ ਮੌਕਾ ਸੀ ਜਿਸ ਨੂੰ ਇਸ ਨੇ ਮੋਹ ਦੇ ਵੱਸ ਪੈ ਕੇ ਐਵੇਂ ਫ਼ਜ਼ੂਲ ਦੇ ਕਾਰਜਾਂ ਨੂੰ ਕਰਨ ਬਦਲੇ ਬਰਬਾਦ ਕਰ ਦਿੱਤਾ ਹੈ। ਇਸ ਸਰੀਰ ਨੂੰ ਸੁਆਹ ਹੋਣ ਤੋਂ ਪਹਿਲਾਂ ਬਹੁਤ ਕੁੱਝ ਕੀਤਾ ਜਾ ਸਕਦਾ ਹੈ। ਰਿਸ਼ਤੇ ਨਾਤੇ ਇਹ ਸਭ ਲੋੜਾਂ ਦੇ ਹਨ। ਨਾ ਤਾਂ ਕੋਈ ਆਪਣਾ ਹੈ ਅਤੇ ਨਾ ਹੀ ਕੋਈ ਬੇਗਾਨਾ ਹੈ। ਓਨਾ ਕਰੋ ਜਿੰਨਾ ਕਰ ਸਕਦੇ ਹੋ, ਕੋਈ ਵੀ ਇਸ ਤਰ੍ਹਾਂ ਦਾ ਕਾਰਜ ਨਾ ਕਰੋ ਜਿਸ ਨੂੰ ਕਰਨ ਦੇ ਨਾਲ ਪਰਮਾਤਮਾ ਤੋਂ ਤੁਹਾਡੀ ਦੂਰੀ ਹੋਰ ਜ਼ਿਆਦਾ ਵੱਧ ਜਾਵੇ। ਜੋ ਮਨੁੱਖ ਸੱਚ ਨੂੰ ਅਨੁਭਵ ਕਰਨ ਦੀ ਇੱਛਾ ਰੱਖਦਾ ਹੈ, ਜੋ ਉਸ ਸ਼ਕਤੀ ਨੂੰ ਆਪ ਖ਼ੁਦ ਮਿਲਣਾ ਚਾਹੁੰਦਾ ਹੈ, ਤਾਂ ਉਸ ਨੂੰ ਅੰਧ-ਵਿਸ਼ਵਾਸ ਤੋਂ ਆਪਣੇ ਆਪ ਨੂੰ ਮੁਕਤ ਕਰ ਲੈਣਾ ਹੋਵੇਗਾ। ਕਿਸੇ ਵੀ ਗੱਲ ਉੱਪਰ ਤਦ ਤੱਕ ਵਿਸ਼ਵਾਸ ਨਹੀਂ ਕਰਨਾ, ਜਿੰਨਾ ਚਿਰ ਤੱਕ ਉਸ ਗੱਲ ਦੇ ਬਾਰੇ ਤੁਹਾਡੇ ਕੋਲ ਆਪਣਾ ਕੋਈ ਨਿੱਜੀ ਅਨੁਭਵ ਜਾਂ ਜਾਣਕਾਰੀ ਨਾ ਹੋਵੇ। ਝੂਠ ਹਮੇਸ਼ਾ ਮਖ਼ਮਲ ਦੇ ਕੱਪੜਿਆਂ ਅੰਦਰ ਲਪੇਟਿਆ ਹੁੰਦਾ ਹੈ। ਸੱਚ ਪੱਥਰ ਦੇ ਵਾਂਗੂੰ ਹੈ। ਜਦੋਂ ਵੀ ਤੁਸੀਂ ਇਸ ਦਾ ਸਾਹਮਣਾ ਕੀਤਾ ਤਾਂ ਇਸ ਨੇ ਚੋਟ ਜ਼ਰੂਰ ਕਰਨੀ ਹੈ। ਸੱਚ ਤੋਂ ਭਾਵ ਗੁਲਾਬ ਨੂੰ ਗੁਲਾਬ ਕਹਿਣਾ, ਝੂਠ ਤੋਂ ਭਾਵ ਕੰਡੇ ਨੂੰ ਗੁਲਾਬ ਕਹਿਣਾ। ਜੇ ਅਸਲੀ ਪਰਮਾਤਮਾ ਨੂੰ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਨਕਲੀ ਪਰਮਾਤਮਾ ਨੂੰ ਛੱਡਣਾ ਪਵੇਗਾ। ਇਨ੍ਹਾਂ ਦੋਨਾਂ ਨੂੰ ਇੱਕੋ ਸਮੇਂ ਪਕੜਿਆ ਨਹੀਂ ਜਾ ਸਕਦਾ। ਨਕਲੀ ਪਰਮਾਤਮਾ ਨੂੰ ਮਿਲਣਾ ਬਹੁਤ ਹੀ ਆਸਾਨ ਹੈ। ਬਾਜ਼ਾਰੋਂ ਤੁਸੀਂ ਉਸ ਦੀ ਮੂਰਤੀ ਜਾਂ ਕੋਈ ਫੋਟੋ ਖ਼ਰੀਦ ਕੇ ਉਸ ਨੂੰ ਮਿਲ ਸਕਦੇ ਹੋ। ਇੱਕ ਦੂਜਾ ਪਰਮਾਤਮਾ ਹੈ ਜਿਸ ਨੂੰ ਮਿਲਣ ਦੇ ਲਈ ਮਨੁੱਖ ਨੂੰ ਆਪਣੇ ਪ੍ਰਾਣਾਂ ਦੀ ਗਹਿਰਾਈ ਦੇ ਵਿਚ ਉਤਰਨਾ ਪੈਂਦਾ ਹੈ। ਨਕਲੀ ਪਰਮਾਤਮਾ ਨੂੰ ਮਿਲਣ ਦੇ ਨਾਲ ਜੀਵਨ ਵਿਚ ਕੋਈ ਸੰਗੀਤ ਪੈਦਾ ਨਹੀਂ ਹੋਵੇਗਾ ਅਤੇ ਨਾ ਹੀ ਆਤਮ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ।

ਪਾਣੀ ਦੀ ਬੂੰਦ ਸਮੁੰਦਰ ਨੂੰ ਉਦੋਂ ਹੀ ਜਾਣ ਸਕਦੀ ਹੈ, ਜਦੋਂ ਕੋਈ ਬੂੰਦ ਸਮੁੰਦਰ ਦੇ ਵਿਚ ਮਿਟਣ ਨੂੰ ਤਿਆਰ ਹੋ ਜਾਂਦੀ ਹੈ। ਜੀਵ ਆਤਮਾ ਦਾ ਪਰਮਾਤਮਾ ਦੇ ਨਾਲ ਮੇਲ ਨਾ ਹੋਣ ਦਾ ਕਾਰਨ ਜੀਵ ਆਤਮਾ ਦਾ ਆਪਣਾ ਅਗਿਆਨ ਹੈ। ਇਹ ਕਈ ਜਨਮਾਂ ਤੋਂ ਜਨਮ ਮਰਨ ਦੇ ਗੇੜਿਆਂ ਦੇ ਵਿਚ ਘੁੰਮਦੀ ਆ ਰਹੀ ਹੈ। ਜਦੋਂ ਤੱਕ ਕੋਈ ਆਤਮਾ ਸਰੀਰ ਸਮੇਤ ਪਾਰਬ੍ਰਹਮ ਦੇ ਅੰਦਰ ਸਮਾ ਨਹੀਂ ਜਾਂਦੀ, ਓਨਾ ਚਿਰ ਤੱਕ ਜੀਵਨ ਆਤਮਾ ਪਰਮਾਤਮਾ ਨੂੰ ਜਾਣ ਨਹੀਂ ਸਕਦੀ। ਮਨੁੱਖ ਸੁੱਤਾ ਪੈਦਾ ਹੁੰਦਾ ਹੈ ਅਤੇ ਸੁੱਤਿਆਂ ਹੀ ਆਪਣਾ ਸਾਰਾ ਜੀਵਨ ਬਤੀਤ ਕਰ ਦੇਂਦਾ ਹੈ। ਆਖ਼ਰ ਦੇ ਵਿਚ ਇਸ ਨੇ ਸੁੱਤਿਆਂ ਹੀ ਇਸ ਸੰਸਾਰ ਤੋਂ ਚਲੇ ਜਾਣਾ ਹੈ। ਮਨੁੱਖ ਨੂੰ ਆਪਣੀ ਬੇਹੋਸ਼ੀ ਵਾਲੀ ਨੀਂਦ ਬਹੁਤ ਪਿਆਰੀ ਹੈ। ਜੇਕਰ ਕੋਈ ਇਸ ਨੂੰ ਉਠਾਉਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਇਸ ਨੇ ਬਹੁਤ ਨਾਰਾਜ਼ ਹੋ ਜਾਣਾ ਹੈ। ਇਸ ਨੂੰ ਉਹ ਮਨੁੱਖ ਬਿਲਕੁਲ ਹੀ ਪਸੰਦ ਨਹੀਂ ਹਨ ਜੋ ਇਸ ਦੀ ਪਿਆਰੀ ਨੀਂਦ ਨੂੰ ਤੋੜਨ ਦੀ ਕੋਸ਼ਿਸ਼ ਵੀ ਕਰਦੇ ਹਨ। ਜੇਕਰ ਕਿਸੇ ਮਨੁੱਖ ਨੇ ਸੁੱਤੀ ਮਨੁੱਖਤਾ ਨੂੰ ਉਠਾਉਣ ਦੀ ਕੋਸ਼ਿਸ਼ ਵੀ ਕੀਤੀ ਸੀ ਤਾਂ ਇਨ੍ਹਾਂ ਮਨੁੱਖਾਂ ਨੇ ਜਾਂ ਤਾਂ ਉਨ੍ਹਾਂ ਨੂੰ ਸੂਲੀ 'ਤੇ ਚਾੜ੍ਹ

ਦਿੱਤਾ ਸੀ ਜਾਂ ਕਿਸੇ ਹੋਰ ਤਰੀਕੇ ਨਾਲ ਉਨ੍ਹਾਂ ਨੂੰ ਮਾਰ ਦਿੱਤਾ ਸੀ। ਮਨੁੱਖ ਕਈ ਜਨਮਾਂ ਤੋਂ ਇਸੇ ਹੀ ਤਰ੍ਹਾਂ ਦੇ ਕਰਮ ਕਰਦਾ ਆ ਰਿਹਾ ਹੈ। ਮਨੁੱਖ ਦਾ ਹਾਲ ਉਸ ਰੇਸ਼ਮ ਦੇ ਕੀੜੇ ਵਾਂਗੂੰ ਹੈ ਜੋ ਆਪਣੇ ਆਲੇ-ਦੁਆਲੇ ਆਪਣੇ ਹੱਥੀਂ ਇੱਕ ਖ਼ੂਬਸੂਰਤ ਰੇਸ਼ਮ ਦੇ ਜਾਲ ਨੂੰ ਉਣੀਂ ਜਾਂਦਾ ਹੈ। ਇੱਕ ਦਿਨ ਇਸ ਨੇ ਆਪਣੇ ਹੱਥੀਂ ਉਣੇ ਰੇਸ਼ਮ ਦੇ ਜਾਲ ਅੰਦਰ ਤੜਫ਼ ਤੜਫ਼ ਕੇ ਦਮ ਤੋੜ ਦੇਣਾ ਹੈ, ਜਿਨ੍ਹਾਂ ਦੇ ਲਈ ਇਹ ਪਤਾ ਹੀ ਨਹੀਂ ਕਿ ਕੀ ਕਰਮ ਕਰਦਾ ਆ ਰਿਹਾ ਹੈ। ਉਨ੍ਹਾਂ ਸਾਰਿਆਂ ਨੇ ਇਸ ਦੇ ਨਾਲੋਂ ਇਸ ਤਰ੍ਹਾਂ ਆਪਣੇ ਸਬੰਧ ਤੋੜ ਲੈਣੇ ਹਨ, ਜਿਸ ਤਰ੍ਹਾਂ ਖ਼ਰਾਬ ਬੱਸ ਦੇ ਵਿੱਚੋਂ ਸਵਾਰੀਆਂ ਉਤਰ ਕੇ ਭੱਜ ਜਾਂਦੀਆਂ ਹਨ। ਫਿਰ ਇਸ ਮਨੁੱਖ ਦੇ ਕੋਲ ਪਛਤਾਵੇ ਤੋਂ ਇਲਾਵਾ ਹੋਰ ਕੁਝ ਬਾਕੀ ਨਹੀਂ ਰਹਿ ਜਾਵੇਗਾ। ਜਦੋਂ ਕੁੱਝ ਕੀਤਾ ਜਾ ਸਕਦਾ ਸੀ, ਉਦੋਂ ਤਾਂ ਇਹ ਨਸ਼ੇ ਦੇ ਵਿਚ ਚੂਰ ਸੀ।

ਜਾਗ੍ਰਿਤ ਅਵਸਥਾ ਵਿਚ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਹੀ ਕਾਰਜ ਕਰਦੀਆਂ ਹਨ ਅਤੇ ਸਹਿਜ ਅਵਸਥਾ ਵਿਚ ਕੇਵਲ ਆਤਮ ਭਾਵ ਬਾਕੀ ਰਹਿ ਜਾਂਦਾ ਹੈ। ਜਪ ਤਪ ਕੀਤਿਆਂ ਹੀ ਆਤਮ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਗਿਆਨ ਨਾਲ ਹੀ ਮਨ ਵੱਸ ਵਿਚ ਆਉਂਦਾ ਹੈ। ਜਦੋਂ ਮਨ ਵੱਸ ਵਿਚ ਆ ਜਾਂਦਾ ਹੈ ਤਾਂ ਹੀ ਮਨ ਦੀ ਸ਼ੁੱਧੀ ਹੋ ਸਕਦੀ ਹੈ। ਨਿਰਮਲ ਮਨ ਨੇ ਹੀ ਆਤਮਾ ਦੇ ਅਗਿਆਨ ਨੂੰ ਦੂਰ ਕਰਨਾ ਹੈ। ਜਦੋਂ ਮਨੁੱਖ ਦਾ ਅਗਿਆਨ ਦੂਰ ਹੋ ਜਾਂਦਾ ਹੈ ਤਾਂ ਆਤਮਾ ਆਕੰਪ ਹੋ ਜਾਂਦੀ ਹੈ ਅਤੇ ਸੁਰਤੀ ਆਤਮਾ ਦੇ ਵਿਚ ਸਥਿਰ ਹੋ ਜਾਂਦੀ ਹੈ। ਇਸ ਕਿਤਾਬ ਦੇ ਵਿੱਚੋਂ ਪੜ੍ਹਿਆ ਗਿਆਨ ਇੱਕ ਦੀਪਕ ਤੋਂ ਜ਼ਿਆਦਾ ਨਹੀਂ ਹੈ, ਜਿਸ ਨੇ ਕੇਵਲ ਸਾਧਕ ਦਾ ਮਾਰਗ-ਦਰਸ਼ਨ ਕਰਨਾ ਹੈ। ਚੱਲਣਾ ਤਾਂ ਤੁਹਾਨੂੰ ਆਪ ਹੀ ਪੈਣਾ ਹੈ। ਧਿਆਨ ਸਿਮਰਨ ਕਰਨ ਦੇ ਨਾਲ ਇੱਕ ਦਿਨ ਸਾਧਕ ਦਾ ਸਾਰਾ ਸਰੀਰ ਅੰਦਰੋਂ ਪ੍ਰਕਾਸ਼ਮਾਨ ਹੋ ਜਾਂਦਾ ਹੈ। ਇਸ ਪ੍ਰਕਾਸ਼ ਨੇ ਲੱਖਾਂ ਕਰੋੜਾਂ ਸੂਰਜਾਂ ਅਤੇ ਚੰਦਰਮਾ ਦੇ ਰੂਪ ਵਿਚ ਨਾਭੀ ਕੇਂਦਰ ਤੋਂ ਦੌੜਦੇ ਹੋਏ ਨੇ ਤੀਜੇ ਨੇਤਰ ਦੇ ਅੰਦਰ ਪਰਵੇਸ਼ ਕਰਨ ਲੱਗ ਜਾਣਾ ਹੈ। ਜਦੋਂ ਇਸ ਨਿੱਕੀ ਜਿਹੀ ਚੇਤਨਾ ਦੀ ਬੂੰਦ ਨੇ ਵਿਸ਼ਾਲ ਚੇਤਨਾ ਦੇ ਸਾਗਰ ਵਿਚ ਪਰਵੇਸ਼ ਕੀਤਾ ਤਾਂ ਸਾਰੇ ਬ੍ਰਹਿਮੰਡ ਦੇ ਅੰਦਰ ਇੱਕ ਸੰਗੀਤ ਫੈਲ ਜਾਵੇਗਾ। ਇਸ ਤਰ੍ਹਾਂ ਇੱਕ ਜੀਵ ਆਤਮਾ ਮੁਕਤ ਹੋ ਕੇ ਚੇਤਨਾ ਦੇ ਸਾਗਰ ਵਿਚ ਵਾਪਸ ਲੀਨ ਹੋ ਜਾਂਦੀ ਹੈ। ਇਸ ਆਤਮਾ ਨੇ ਉਸ ਸੱਤਾ ਨੂੰ ਅਨੁਭਵ ਕਰ ਲਿਆ ਜਿਸ ਦੀ ਕੋਈ ਸੀਮਾ ਨਹੀਂ, ਜੋ ਸੀਮਾ ਤੋਂ ਰਹਿਤ ਹੈ। ਸਹਿਜ ਦਾ ਅਨੁਭਵ ਮਨੁੱਖ ਨੂੰ ਮੁਕਤੀ ਪ੍ਰਦਾਨ ਕਰਵਾਉਂਦਾ ਹੈ। ਹੁਣ ਇਸ ਆਤਮਾ ਦਾ ਵਾਪਸ ਆਉਣਾ ਸੰਭਵ ਨਹੀਂ ਹੈ। ਕਿਸੇ ਤੋਂ ਸੁਣ ਕੇ ਜਾਂ ਕਿਤਾਬਾਂ ਦੇ ਵਿੱਚੋਂ ਲਿਖੇ ਨੂੰ ਪੜ੍ਹ ਲੈਣ ਦੇ ਨਾਲ ਆਤਮਾ ਦਾ ਅਗਿਆਨ ਦੂਰ ਨਹੀਂ ਹੋ ਸਕਦਾ। ਆਤਮਾ ਦਾ ਅਗਿਆਨ ਦੂਰ ਕਰਨ ਦੇ ਲਈ ਸਾਧਨਾ ਕਰਨੀ ਪੈਂਦੀ ਹੈ। ਜਿਸ ਮਨੁੱਖ ਦਾ ਮਨ ਟਿਕਾਓ ਵਿਚ ਆ ਜਾਂਦਾ ਹੈ, ਉਸ ਦੇ ਅੰਦਰ ਧੀਰਜ ਨਾਮੀ ਸ਼ਕਤੀ ਦਾ ਜਨਮ ਹੋ ਜਾਵੇਗਾ। ਜਿਸ ਮਨੁੱਖ ਦਾ ਮਨ ਕਲੇਸ਼ ਤੋਂ ਮੁਕਤ ਹੋ ਚੁੱਕਿਆ ਹੈ, ਉਸ ਦੇ ਜੀਵਨ ਵਿਚ ਸਬਰ ਅਤੇ ਸੰਤੋਖ ਨੇ ਆ ਜਾਣਾ ਹੈ। ਆਪਣੇ ਆਪ ਦੁਆਰਾ ਪ੍ਰਾਪਤ

ਕੀਤਾ ਗਿਆ ਗਿਆਨ ਪਹਾੜਾਂ ਦੇ ਝਰਨਿਆਂ ਵਾਂਗੂੰ ਤਾਜ਼ਾ ਅਤੇ ਨਿਰਮਲ ਹੁੰਦਾ ਹੈ। ਉਸ ਗਿਆਨ ਦੀ ਤਾਜ਼ਗੀ ਨੇ ਜੀਵਨ ਦੇ ਵਿਚ ਸੁਗੰਧ ਅਤੇ ਸੰਗੀਤ ਪੈਦਾ ਕਰ ਦੇਣਾ ਹੈ। ਆਪਣੇ ਗਿਆਨ ਦੀਆਂ ਜੜ੍ਹਾਂ ਆਤਮਾ ਰੂਪੀ ਜ਼ਮੀਨ ਦੇ ਅੰਦਰ ਹੁੰਦੀਆਂ ਹਨ।

ਜਿਨ੍ਹਾਂ ਮਨੁੱਖਾਂ ਨੇ ਆਪ ਗਿਆਨ ਦੀ ਪ੍ਰਾਪਤੀ ਨਹੀਂ ਕੀਤੀ, ਬਲਕਿ ਕਿਸੇ ਹੋਰ ਦੇ ਲਿਖੇ ਗਿਆਨ ਨੂੰ ਪੜ੍ਹਿਆ ਹੈ, ਇਹਨਾਂ ਮਨੁੱਖਾਂ ਦੇ ਕੋਲ ਜਦੋਂ ਤੁਸੀਂ ਬੈਠੋਗੇ ਤਾਂ ਤੁਹਾਨੂੰ ਉਨ੍ਹਾਂ ਦੇ ਲਫ਼ਜ਼ਾਂ ਵਿੱਚੋਂ ਹੰਕਾਰ ਦੀ ਦੁਰਗੰਧ ਆਵੇਗੀ। ਕਿਸੇ ਹੋਰ ਦੇ ਗਿਆਨ ਨੂੰ ਪੜ੍ਹ ਕੇ ਉਸ ਨੂੰ ਆਪਣਾ ਗਿਆਨ ਸਮਝ ਲੈਣ ਵਿਚ ਕੋਈ ਸਾਰ ਨਹੀਂ ਹੈ। ਕਿਸੇ ਵੀ ਮਨੁੱਖ ਨੂੰ ਆਪਣਾ ਗਿਆਨ ਉਦੋਂ ਹੀ ਪ੍ਰਾਪਤ ਹੋ ਸਕਦਾ ਹੈ, ਜਦੋਂ ਉਹ ਆਪਣੇ ਪ੍ਰਾਣਾਂ ਦੇ ਅੰਦਰ ਆਪ ਪਰਵੇਸ਼ ਕਰਨ ਦੀ ਹਿੰਮਤ ਕਰਦਾ ਹੈ। ਜੋ ਮਨੁੱਖ ਉਸ ਅਸੀਮ ਦੇ ਨਾਲ ਜੁੜ ਜਾਂਦਾ ਹੈ, ਉਸ ਦੇ ਪ੍ਰਾਣਾਂ ਅੰਦਰ ਪਰਮ ਗਿਆਨ ਦਾ ਝਰਨਾ ਆਪਣੇ ਆਪ ਪ੍ਰਗਟ ਹੋ ਜਾਵੇਗਾ। ਜੇਕਰ ਪੜ੍ਹਨ, ਬੋਲਣ ਜਾਂ ਸੁਣਨ ਦੇ ਨਾਲ ਕੁੱਝ ਹੋਣਾ ਹੁੰਦਾ ਤਾਂ ਸਾਰੀ ਦੁਨੀਆਂ ਨੇ ਆਤਮ ਗਿਆਨ ਵਾਲੀ ਅਵਸਥਾ ਨੂੰ ਪ੍ਰਾਪਤ ਕਰ ਲੈਣਾ ਸੀ। ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰਨ ਦੇ ਲਈ ਕਈ ਉਦਾਹਰਣਾਂ ਦੇਣੀਆਂ ਪੈਂਦੀਆਂ ਹਨ, ਕਿਉਂਕਿ ਅਗਿਆਨ ਰੂਪੀ ਗੰਢ ਨੂੰ ਮਨੁੱਖ ਨੇ ਆਪਣੇ ਹੱਥੀਂ ਬੰਨ੍ਹ ਕੇ ਆਪ ਪੀਚਿਆ ਹੁੰਦਾ ਹੈ। ਆਪਣੇ ਅਤੇ ਉਧਾਰੇ ਗਿਆਨ ਵਿਚ ਐਨਾ ਅੰਤਰ ਹੈ, ਜਿੰਨਾ ਖੂਹ ਅਤੇ ਛੱਪੜ ਦੇ ਪਾਣੀ ਵਿਚ ਅੰਤਰ ਹੁੰਦਾ ਹੈ। ਕਿਸੇ ਵੀ ਛੱਪੜ ਦਾ ਪਾਣੀ ਆਪਣੇ ਆਪ ਤੋਂ ਨਹੀਂ ਆਉਂਦਾ। ਛੱਪੜ ਨੇ ਆਪਣੇ ਆਪ ਨੂੰ ਉਧਾਰੇ ਪਾਣੀ ਨਾਲ ਭਰਿਆ ਹੁੰਦਾ ਹੈ। ਖੂਹ ਦਾ ਪਾਣੀ ਆਪਣਾ ਖ਼ੁਦ ਦਾ ਹੈ, ਉਸ ਦਾ ਸਬੰਧ ਅਸੀਮ ਦੇ ਨਾਲ ਜੁੜੇ ਹੋਣ ਕਾਰਨ ਤਾਜ਼ਾ ਅਤੇ ਨਿਰਮਲ ਹੈ। ਇਸ ਤੋਂ ਉਲਟ ਛੱਪੜ ਦੇਖਣ ਨੂੰ ਬਹੁਤ ਵਿਸ਼ਾਲ ਦਿਖਾਈ ਦੇਂਦਾ ਹੈ ਪਰ ਉਸ ਦੇ ਪਾਣੀ ਅੰਦਰੋਂ ਬਦਬੂ ਆਉਂਦੀ ਹੈ। ਇਸੇ ਹੀ ਤਰ੍ਹਾਂ ਜੋ ਮਨੁੱਖ ਦੂਜਿਆਂ ਦੇ ਉਧਾਰੇ ਗਿਆਨ ਨਾਲ ਆਪਣੇ ਆਪ ਨੂੰ ਭਰ ਲੈਂਦਾ ਹੈ, ਉਸ ਦੇ ਗਿਆਨ ਵਿੱਚੋਂ ਛੱਪੜ ਦੇ ਪਾਣੀ ਵਾਂਗੂੰ ਬਦਬੂ ਆਉਣ ਲੱਗ ਜਾਂਦੀ ਹੈ। ਇਕ ਦੂਜੇ ਦੇ ਦੁਆਰਾ ਜਾਣੇ ਗਏ ਸੱਚ ਨੂੰ ਆਪਣਾ ਖ਼ੁਦ ਦਾ ਸੱਚ ਸਮਝ ਲੈਣ ਦੇ ਨਾਲ ਦੂਜੇ ਦਾ ਸੱਚ ਸਾਡਾ ਆਪਣਾ ਨਹੀਂ ਬਣ ਸਕਦਾ। ਛੱਪੜ ਦੇ ਪਾਣੀ ਨੂੰ ਆਪਣਾ ਤਾਪਮਾਨ ਮੌਸਮ ਦੇ ਹਿਸਾਬ ਨਾਲ ਬਦਲਣਾ ਪੈਂਦਾ ਹੈ। ਜੇਕਰ ਬਾਹਰ ਗਰਮੀ ਹੈ ਤਾਂ ਛੱਪੜ ਦਾ ਪਾਣੀ ਵੀ ਗਰਮ ਹੋ ਜਾਵੇਗਾ, ਜੇਕਰ ਬਾਹਰ ਠੰਢ ਹੈ ਤਾਂ ਛੱਪੜ ਦੇ ਪਾਣੀ ਨੇ ਵੀ ਠੰਢਾ ਹੋ ਜਾਣਾ ਹੈ। ਖੂਹ ਦੇ ਪਾਣੀ ਦਾ ਹਿਸਾਬ ਬਿਲਕੁਲ ਉਲਟ ਹੈ। ਜੇਕਰ ਮੌਸਮ ਗਰਮ ਹੈ ਤਾਂ ਇਸ ਦਾ ਪਾਣੀ ਠੰਢਾ ਹੋ ਜਾਵੇਗਾ। ਜੇਕਰ ਬਾਹਰ ਠੰਢ ਹੈ ਤਾਂ ਇਸ ਦਾ ਪਾਣੀ ਗਰਮ ਹੋ ਜਾਵੇਗਾ। ਜਦੋਂ ਮਨੁੱਖ ਆਪਣੇ ਪ੍ਰਾਣਾਂ ਦੇ ਅੰਦਰ ਪਰਵੇਸ਼ ਕਰ ਕੇ ਆਪਣੇ ਗਿਆਨ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਗਿਆਨ ਨੂੰ ਸਮਾਜ ਦੀ ਹਵਾ ਬਦਲ ਨਹੀਂ ਸਕਦੀ। ਕਿਸੇ ਦੂਜੇ ਦੇ ਗਿਆਨ ਨੂੰ ਪੜ੍ਹ ਕੇ ਆਪਣੇ ਮਸਤਕ ਦੇ ਵਿਚ ਇਕੱਠਾ ਕਰਨ ਦੇ ਨਾਲ ਜੀਵਨ ਦੇ ਵਿਚ ਕੋਈ ਤਾਜ਼ਗੀ ਜਾਂ ਸੁਗੰਧ

ਪੈਦਾ ਨਹੀਂ ਹੋ ਸਕਦੀ। ਉਧਾਰਾ ਗਿਆਨ ਉਸ ਛੱਪੜ ਦੇ ਪਾਣੀ ਵਾਂਗੂੰ ਹੈ ਜਿਸ ਦੀ ਆਪਣੀ ਹੋਂਦ ਨਹੀਂ ਹੈ। ਸਮਾਜ ਦੀ ਹਵਾ ਨੇ ਇਸ ਦੇ ਤਾਪਮਾਨ ਨੂੰ ਆਪਣੇ ਅਨੁਸਾਰ ਬਦਲ ਦੇਣਾ ਹੈ। ਆਪਣਾ ਗਿਆਨ ਸੱਚ ਦੇ ਉੱਪਰ ਖੜ੍ਹਾ ਹੈ, ਉਸ ਨੂੰ ਕਿਸੇ ਧਾਰਮਿਕ ਗ੍ਰੰਥ ਜਾਂ ਕਿਸੇ ਮਨੁੱਖ ਦੀ ਗਵਾਹੀ ਲੈਣ ਦੀ ਕੋਈ ਲੋੜ ਨਹੀਂ ਪੈਂਦੀ। ਮਨੁੱਖ ਦਾ ਆਪਣਾ ਗਿਆਨ ਪੂਰਨ ਹੁੰਦਾ ਹੈ। ਜ਼ਿਆਦਾਤਰ ਤਰਕ ਕਰਨ ਵਾਲੇ ਮਨੁੱਖ ਦੂਜਿਆਂ ਦੇ ਲਿਖੇ ਗ੍ਰੰਥਾਂ ਨੂੰ ਪੜ੍ਹ ਕੇ ਆਪਣੇ ਮਨ ਅੰਦਰ ਬਹੁਤ ਵੱਡੇ ਗਿਆਨੀ ਹੋਣ ਦਾ ਭਰਮ ਪੈਦਾ ਕਰ ਲੈਂਦੇ ਹਨ। ਦਿਮਾਗ਼ ਦੇ ਵਿਚ ਇਕੱਠੇ ਕੀਤੇ ਗਿਆਨ ਦੇ ਰਾਹੀਂ ਦੂਜਿਆਂ ਦੇ ਨਾਲ ਬਹਿਸਾਂ ਵੀ ਕਰਦੇ ਹਨ। ਇੱਥੇ ਇਹ ਗੱਲ ਲਿਖੀ ਹੈ, ਉੱਥੇ ਇਹ ਗੱਲ ਲਿਖੀ ਹੈ, ਇਹ ਠੀਕ ਹੈ, ਉਹ ਗ਼ਲਤ ਹੈ ਵਗ਼ੈਰਾ ਵਗ਼ੈਰਾ। ਉਧਾਰਾ ਗਿਆਨ ਉਹ ਕਿਸ਼ਤੀ ਹੈ ਜਿਸ ਨੂੰ ਰੱਸੀ ਦੇ ਨਾਲ ਕਿਨਾਰੇ ’ਤੇ ਬੰਨ੍ਹਿਆ ਹੋਇਆ ਹੈ। ਇਸ ਕਿਸ਼ਤੀ ਦੇ ਵਿਚ ਬੈਠਾ ਮਨੁੱਖ ਜਿੰਨੇ ਮਰਜ਼ੀ ਚੱਪੂ ਮਾਰੀ ਜਾਵੇ, ਉਸ ਨੇ ਆਪਣੀ ਮੰਜ਼ਲ ’ਤੇ ਨਹੀਂ ਪਹੁੰਚਣਾ। ਉਧਾਰੇ ਗਿਆਨ ਵਾਲੀ ਜੋ ਰੱਸੀ ਹੈ ਉਸ ਨੂੰ ਖੋਲ੍ਹਣਾ ਪੈਣਾ ਹੈ। ਜਿਸ ਵੀ ਮਨੁੱਖ ਨੇ ਆਪਣੇ ਪ੍ਰਾਣਾਂ ਦੇ ਅੰਦਰ ਯਾਤਰਾ ’ਤੇ ਨਿਕਲਣਾ ਹੈ, ਬਾਹਰ ਕਿਸੇ ਦੇ ਮਗਰ ਭਟਕਣ ਨਾਲ ਪਾਰਬ੍ਰਹਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਆਪਣੇ ਸਰੀਰ ਅਤੇ ਮਨ ਦੀ ਖੋਜ ਅਸੀਂ ਖ਼ੁਦ ਕਰਨੀ ਹੈ। ਕਿਸੇ ਹੋਰ ਨੂੰ ਸਾਡੇ ਮਨ ਅਤੇ ਸਾਡੇ ਸਰੀਰ ਦੇ ਬਾਰੇ ਕੀ ਪਤਾ ਹੈ। ਸਾਧਨਾ ਦਾ ਮਤਲਬ ਆਪਣੀ ਮਨ ਦੀ ਹਰ ਇੱਕ ਹਰਕਤ ਨੂੰ ਆਪ ਖ਼ੁਦ ਦੇਖਣਾ ਹੈ।

ਉਹ ਮਨੁੱਖ ਮਹਾਂ ਪਾਪ ਕਰ ਰਿਹਾ ਹੈ ਜੋ ਕਿਸੇ ਦੂਜੇ ਮਨੁੱਖ ਨੂੰ ਬ੍ਰਹਮ ਗਿਆਨੀ ਦੀ ਅਵਸਥਾ ਪ੍ਰਾਪਤ ਹੋਣ ਦੇ ਲਈ ਝੂਠਾ ਪ੍ਰਚਾਰ ਕਰ ਰਿਹਾ ਹੈ। ਇਹ ਇੱਕ ਪਾਪ ਹੈ, ਨਕਲੀ ਸੱਚ ਤਾਂ ਝੂਠ ਤੋਂ ਕਈ ਹਜ਼ਾਰ ਗੁਣਾ ਵੱਧ ਖ਼ਤਰਨਾਕ ਹੁੰਦਾ ਹੈ। ਮਨੁੱਖ ਨੂੰ ਕਿਸੇ ਧਾਰਮਿਕ ਸਥਾਨ ਉੱਪਰ ਰਹਿਣ ਨਾਲ ਆਤਮਾ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਾਰੀ ਸਾਧਨਾ ਸਰੀਰਕ ਕਿਰਿਆ ਜੋ ਮਨੁੱਖ ਨੇ ਖ਼ੁਦ ਕਰਨੀ ਹੈ, ਜੇਕਰ ਪਾਰਬ੍ਰਹਮ ਨੂੰ ਤੁਸੀਂ ਖ਼ੁਦ ਅਨੁਭਵ ਕਰਨਾ ਚਾਹੁੰਦੇ ਹੋ, ਭਾਵੇਂ ਸਾਧਨਾ ਦੇ ਵਿਚ ਸਾਰੀ ਉਮਰ ਹੀ ਕਿਉਂ ਨਾ ਲੱਗ ਜਾਵੇ ਤਾਂ ਵੀ ਖੇਡ ਸਸਤੀ ਹੈ, ਤੁਸੀਂ ਖੇਡ ਲੈਣਾ।

ਸਾਧਕ ਨੂੰ ਆਪਣਾ ਸੰਪੂਰਨ ਜੀਵਨ ਇੱਕ ਪਰਵਾਨੇ ਦੇ ਵਾਂਗੂੰ ਦਾਅ ’ਤੇ ਲਾਉਣਾ ਪੈਣਾ ਹੈ ਤਾਂ ਜਾ ਕੇ ਕਿਤੇ ਗੱਲ ਬਣਦੀ ਹੈ। ਗੁਆਚੇ ਪੈਸਿਆਂ ਨੂੰ ਮਨੁੱਖ ਦੁਬਾਰਾ ਪ੍ਰਾਪਤ ਕਰ ਸਕਦਾ ਹੈ ਪਰ ਜੀਵਨ ਦੇ ਕੀਮਤੀ ਸਵਾਸਾਂ ਨੂੰ ਦੁਬਾਰਾ ਕਿਸੇ ਵੀ ਤਰੀਕੇ ਨਾਲ ਹਾਸਿਲ ਨਹੀਂ ਕੀਤਾ ਜਾ ਸਕਦਾ। ਸੁੱਤੇ ਮਨੁੱਖ ਨੂੰ ਜਗਾਇਆ ਜਾ ਸਕਦਾ ਹੈ ਪਰ ਜੇ ਕੋਈ ਮਨੁੱਖ ਸੁੱਤੇ ਹੋਣ ਦੀ ਐਕਟਿੰਗ ਕਰ ਰਿਹਾ ਹੈ ਤਾਂ ਉਸ ਮਨੁੱਖ ਨੂੰ ਜਗਾਉਣਾ ਬਹੁਤ ਮੁਸ਼ਕਲ ਹੈ। ਤੁਸੀਂ ਪਿੰਜਰੇ ਦੇ ਅੰਦਰ ਰਹਿਣ ਵਾਲੇ ਤੋਤੇ ਨੂੰ ਆਜ਼ਾਦ ਕਰ ਕੇ ਦੇਖ ਲੈਣਾ, ਕੁੱਝ ਹੀ ਮਿੰਟਾਂ ਦੇ ਬਾਅਦ ਉਸ ਨੇ ਪਿੰਜਰੇ ਦੇ ਅੰਦਰ ਵਾਪਸ ਆ ਜਾਣਾ ਹੈ। ਉਸ ਨੂੰ ਖੁੱਲ੍ਹੇ ਆਸਮਾਨ ਦੀ ਆਜ਼ਾਦੀ ਨਾਲੋਂ ਨਿੱਕੇ ਜਿਹੇ ਪਿੰਜਰੇ ਅੰਦਰ ਰਹਿਣਾ ਜ਼ਿਆਦਾ ਚੰਗਾ ਲੱਗਦਾ ਹੈ। ਉਸ ਦਾ ਇਹ

ਡਰ ਕੁੱਝ ਹੱਦ ਤੱਕ ਠੀਕ ਵੀ ਹੈ। ਉਸ ਨੂੰ ਪਿੰਜਰੇ ਅੰਦਰ ਆਰਾਮ ਦੇ ਨਾਲ ਖਾਣਾ ਮਿਲ ਜਾਂਦਾ ਹੈ। ਪਿੰਜਰੇ ਦੇ ਅੰਦਰ ਕਿਸੇ ਦੂਜੇ ਜਾਨਵਰ ਤੋਂ ਕੋਈ ਖ਼ਤਰਾ ਵੀ ਨਹੀਂ ਹੈ। ਕੀ ਜੀਵਨ ਵਿਚ ਖਾਣਾ ਪੀਣਾ ਹੀ ਸਭ ਕੁੱਝ ਹੈ ? ਪਿੰਜਰੇ ਦੇ ਅੰਦਰ ਰਹਿਣ ਵਾਲਾ ਤੋਤਾ ਖੁੱਲ੍ਹੇ ਅਸਮਾਨ ਦੇ ਵਿਚ ਉੱਡਣ ਵਾਲੇ ਅਨੰਦ ਨੂੰ ਨਹੀਂ ਮਾਣ ਸਕਦਾ। ਪਿੰਜਰੇ ਦੇ ਤੋਤੇ ਵਾਲੀ ਬਿਰਤੀ ਵਾਲੇ ਮਨੁੱਖ ਨੂੰ ਇਸ ਕਿਤਾਬ ਦੇ ਵਿੱਚੋਂ ਜ਼ਿਆਦਾ ਕੁੱਝ ਪ੍ਰਾਪਤ ਨਹੀਂ ਹੋਣਾ। ਇਸ ਕਿਤਾਬ ਤੋਂ ਕੇਵਲ ਉਹੀ ਮਨੁੱਖ ਕੁੱਝ ਪ੍ਰਾਪਤ ਕਰ ਸਕਦੇ ਹਨ, ਜੋ ਪਿੰਜਰੇ ਦੇ ਵਿੱਚੋਂ ਬਾਹਰ ਨਿਕਲਣ ਦੀ ਹਿੰਮਤ ਅਤੇ ਸਾਹਸ ਰੱਖਦੇ ਹਨ। ਜਿਸ ਦੇ ਵਿਚ ਖ਼ਤਰਾ ਹੋ ਸਕਦਾ ਹੈ ਕਦੇ ਕਦੇ ਖਾਣੇ ਦੀ ਭਾਲ ਵਿਚ ਆਲ੍ਹਣੇ ਤੋਂ ਬਹੁਤ ਦੂਰ ਜਾਣਾ ਪਵੇਗਾ। ਰਾਤ ਨੂੰ ਦੂਜੇ ਜਾਨਵਰ ਹਮਲਾ ਵੀ ਕਰ ਸਕਦੇ ਹਨ ਪਰ ਚੁਨੌਤੀਆਂ ਤੋਂ ਬਗ਼ੈਰ ਜੀਵਨ ਦੇ ਬਾਰੇ ਕਿਸ ਤਰ੍ਹਾਂ ਪਤਾ ਲੱਗ ਸਕਦਾ ਹੈ। ਪਰਮਾਤਮਾ ਦੇ ਅੰਦਰ ਕੇਵਲ ਆਜ਼ਾਦ ਮਨ ਹੀ ਪਰਵੇਸ਼ ਕਰ ਸਕਦਾ ਹੈ। ਜਿਸ ਮਨੁੱਖ ਦਾ ਹਿਰਦਾ ਵਿਸ਼ਾਲ ਹੈ, ਉਸ ਦੇ ਅੰਦਰ ਵਿਸ਼ਾਲ ਨੇ ਪਰਵੇਸ਼ ਕਰਨਾ ਹੈ।

ਜਿਸ ਮਨੁੱਖ ਨੇ ਆਪਣੇ ਅੰਦਰ ਸੱਚ ਦੇ ਦਰਸ਼ਨ ਨਹੀਂ ਕੀਤੇ, ਬਾਹਰੋਂ ਬੇਸ਼ੱਕ ਦਿਖਾਵੇ ਦੇ ਲਈ ਸਾਰੀ ਜ਼ਿੰਦਗੀ ਧਾਰਮਿਕ ਕਰਮਾਂ ਨੂੰ ਕਰਦਾ ਰਹੇ, ਇਸ ਤਰ੍ਹਾਂ ਕਰਮ ਕਰਨ ਦੇ ਨਾਲ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇੱਕ ਗਿਆਨੀ ਅਤੇ ਅਗਿਆਨੀ ਮਨੁੱਖ ਦੇ ਵਿਚ ਕੇਵਲ ਐਨਾ ਫ਼ਰਕ ਹੁੰਦਾ ਹੈ। ਜਿੱਥੇ ਅਗਿਆਨੀ ਮਨੁੱਖ ਸੱਚ ਦੀ ਭਾਲ ਦੂਜੇ ਮਨੁੱਖਾਂ ਦੇ ਰਾਹੀਂ ਕਰਨ ਦੇ ਵਿਚ ਲੱਗਿਆ ਰਹਿੰਦਾ ਹੈ, ਉੱਥੇ ਗਿਆਨੀ ਮਨੁੱਖ ਸੱਚ ਦੀ ਭਾਲ ਕਰਨ ਦੇ ਲਈ ਆਪਣੀ ਕਿਸ਼ਤੀ ਨੂੰ ਗਗਨ ਮੰਡਲ ਦੇ ਹਨੇਰੇ ਰੂਪੀ ਮਹਾਂ ਸਾਗਰ ਵਿਚ ਹਰ ਦਿਨ ਠੇਲ੍ਹ ਦੇਂਦਾ ਹੈ, ਬਿਨਾਂ ਕਿਸੇ ਅੰਜਾਮ ਦੀ ਪਰਵਾਹ ਕੀਤੇ।

ਜਿਸ ਮਨੁੱਖ ਦੀ ਅੰਦਰੋਂ ਸੋਚ ਦੂਜੇ ਮਨੁੱਖਾਂ ਦੇ ਪ੍ਰਤੀ ਕੁੱਝ ਹੋਰ ਹੈ ਪਰ ਆਪਣੀ ਜ਼ੁਬਾਨ ਦੇ ਰਾਹੀਂ ਕੁੱਝ ਹੋਰ ਪ੍ਰਗਟ ਕਰ ਰਿਹਾ ਹੈ। ਇਸ ਤਰ੍ਹਾਂ ਦਾ ਵਿਵਹਾਰ ਕਰਨ ਵਾਲੇ ਮਨੁੱਖ ਦਾ ਨੁਕਸਾਨ ਆਪਣਾ ਹੀ ਹੈ। ਇਹ ਖੰਡਿਤ ਮਨ ਦੀ ਨਿਸ਼ਾਨੀ ਹੈ। ਅਸੀਂ ਚੇਤਨ ਮਨ ਨਾਲ ਜੋ ਕੁੱਝ ਵੀ ਬੋਲ ਰਹੇ ਹਾਂ, ਸਾਡਾ ਅੰਦਰ ਵੀ ਉਸੇ ਹੀ ਤਰ੍ਹਾਂ ਦਾ ਬਣ ਜਾਵੇਗਾ। ਜੋ ਵੀ ਵਿਚਾਰ ਸਾਡੇ ਅੰਦਰ ਚੱਲ ਰਹੇ ਹਨ, ਕੇਵਲ ਉਹੀ ਬੋਲਣੇ ਚਾਹੀਦੇ ਹਨ, ਨਹੀਂ ਤਾਂ ਚੁੱਪ ਰਹਿਣਾ ਚਾਹੀਦਾ ਹੈ। ਅੰਦਰ ਚੱਲਣ ਵਾਲੇ ਵਿਚਾਰਾਂ ਦੇ ਉਲਟ ਬੋਲਣ ਨਾਲ ਮਨ ਬੁਰੀ ਤਰ੍ਹਾਂ ਖੰਡਿਤ ਹੋ ਜਾਂਦਾ ਹੈ।

ਜੋ ਸਾਡਾ ਅਸਲੀ ਰੂਪ ਹੈ, ਭਲਾ ਦੂਜਾ ਮਨੁੱਖ ਸਾਨੂੰ ਉਸ ਦੇ ਨਾਲ ਕਿਸ ਤਰ੍ਹਾਂ ਮਿਲਾ ਸਕਦਾ ਹੈ। ਇਹ ਗੱਲ ਬਿਲਕੁਲ ਉਸੇ ਹੀ ਤਰ੍ਹਾਂ ਦੀ ਹੈ, ਜੇਕਰ ਕੋਈ ਮਛਲੀ ਨੂੰ ਇਹ ਕਹੇ ਕਿ ਮੈਂ ਤੁਹਾਨੂੰ ਪਾਣੀ ਦੇ ਨਾਲ ਮਿਲਾ ਸਕਦਾ ਹਾਂ। ਇਸ ਗੱਲ ਦੇ ਵਿਚ ਕੋਈ ਸਾਰ ਨਹੀਂ ਹੈ। ਮਨੁੱਖ ਨੂੰ ਪਾਰਬ੍ਰਹਮ ਦੇ ਨਾਲ ਨਹੀਂ ਮਿਲਾਇਆ ਜਾ ਸਕਦਾ। ਪਰ ਇੱਕ ਕੰਮ ਜ਼ਰੂਰ ਹੋ ਸਕਦਾ ਹੈ ਕਿ ਮਨੁੱਖ ਦੇ ਬੰਦ ਪਏ ਤੀਜੇ ਨੇਤਰ ਨੂੰ ਖੋਲ੍ਹਣ ਦੇ ਵਿਚ ਉਸ ਦੀ ਮਦਦ ਜ਼ਰੂਰ ਕੀਤੀ ਜਾ ਸਕਦੀ ਹੈ। ਇਸ ਤੋਂ ਜ਼ਿਆਦਾ ਹੋਰ ਕੁੱਝ ਵੀ ਨਹੀਂ ਕੀਤਾ ਜਾ ਸਕਦਾ। ਆਪਣੇ ਮਸਤਕ ਦੇ ਅੰਦਰ

ਮੌਜੂਦ ਤੀਜੇ ਨੇਤਰ ਨੂੰ ਹਰ ਇੱਕ ਮਨੁੱਖ ਆਪ ਹੀ ਖੋਲ੍ਹ ਸਕਦਾ ਹੈ। ਇਸ ਧਰਤੀ ਦੇ ਉੱਪਰ ਰਹਿਣ ਵਾਲੇ ਹਰ ਇੱਕ ਮਨੁੱਖ ਨੂੰ ਇਸ ਵਿਧੀ ਨੂੰ ਜਾਣਨ ਦਾ ਅਧਿਕਾਰ ਹੈ। ਭਾਵੇਂ ਉਹ ਕਿਸੇ ਵੀ ਜਾਤ-ਪਾਤ ਦੇ ਨਾਲ ਸਬੰਧ ਰੱਖਦਾ ਹੈ ਜਾਂ ਉਹ ਕਿਸੇ ਵੀ ਦੇਸ਼ ਨਾਲ ਸਬੰਧ ਰੱਖਦਾ ਹੈ। ਭਾਵੇਂ ਮਨੁੱਖ ਦਾ ਰੰਗ ਕਾਲਾ ਹੈ ਜਾਂ ਗੋਰਾ ਹੈ ਜਾਂ ਉਹ ਗ਼ਰੀਬ ਹੈ ਜਾਂ ਉਹ ਅਮੀਰ ਹੈ ਜਾਂ ਉਹ ਪੜ੍ਹਿਆ ਹੈ ਜਾਂ ਅਨਪੜ੍ਹ ਹੈ। ਭਾਵੇਂ ਉਹ ਨਾਸਤਿਕ ਹੈ ਜਾਂ ਆਸਤਿਕ ਹੈ। ਇਨ੍ਹਾਂ ਸਾਰੀਆਂ ਗੱਲਾਂ ਦਾ ਆਤਮ ਗਿਆਨ ਦੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਪਹਿਲਾਂ ਲੋਕਾਂ ਕੋਲ ਸਮਾਂ ਜ਼ਿਆਦਾ ਹੁੰਦਾ ਸੀ ਇਸ ਕਾਰਨ ਉਹ ਲੋਕ ਜੰਗਲਾਂ ਅਤੇ ਪਹਾੜਾਂ ਦੇ ਵਿਚ ਜਾ ਕੇ ਜਪ ਤਪ ਕਰਦੇ ਸਨ। ਇਸ ਦਾ ਇਕ ਲਾਭ ਸੀ ਕਿ ਮਨੁੱਖ ਦਾ ਆਪਣਾ ਅੰਦਰਲਾ-ਭਾਵ ਖੁੱਲ੍ਹ ਕੇ ਉਸ ਦੇ ਸਾਹਮਣੇ ਆ ਜਾਂਦਾ ਸੀ। ਮਨ ਦੇ ਖੁੱਲ੍ਹ ਕੇ ਸਾਹਮਣੇ ਆਉਣ ਨਾਲ ਮਨੁੱਖ ਨੂੰ ਆਪਣੇ ਬਾਰੇ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਧਾਰਮਿਕ ਮਨੁੱਖ ਉਹ ਹੈ ਜੋ ਆਪਣੇ ਜੀਵਨ ਦੇ ਮਕਸਦ ਨੂੰ ਸਮਝਣ ਦੇ ਲਈ ਸੰਸਾਰ ਵਿਚ ਰਹਿੰਦਾ ਹੋਇਆ ਆਪਣੀ ਪੂਰੀ ਸ਼ਕਤੀ ਨੂੰ ਇਸ ਦਿਸ਼ਾ ਵੱਲ ਲਗਾਉਣ ਨੂੰ ਤਿਆਰ ਹੋ ਜਾਂਦਾ ਹੈ।

ਜਿਸ ਵੀ ਮਨੁੱਖ ਦੀ ਸੁਰਤੀ ਵਰਤਮਾਨ ਕਾਲ ਵਿਚ ਸਥਿਰ ਹੋ ਜਾਵੇਗੀ, ਉਸ ਮਨੁੱਖ ਨੇ ਜਿਉਂਦੇ-ਜੀ ਮੁਕਤ ਹੋ ਜਾਣਾ ਹੈ। ਕਈਆਂ ਅਗਿਆਨੀਆਂ ਨੇ ਸਰਵ-ਵਿਆਪਕ ਪਾਰਬ੍ਰਹਮ ਨੂੰ ਸੱਤਵੇਂ ਅਸਮਾਨ ਵਿਚ ਦੱਸ ਕੇ ਦੁਨੀਆਂ ਦੇ ਅੰਦਰ ਐਵੇਂ ਫੋਕੇ ਭਰਮ ਪੈਦਾ ਕਰ ਦਿੱਤੇ ਹਨ। ਇਨ੍ਹਾਂ ਲੋਕਾਂ ਨੇ ਮਨੁੱਖਾ ਜੀਵਨ ਨੂੰ ਦੁੱਖ ਅਤੇ ਪਰੇਸ਼ਾਨੀਆਂ ਦੇ ਨਾਲ ਗ੍ਰਸਤ ਦੱਸ ਦਿੱਤਾ ਸੀ। ਇਹ ਸਾਰੇ ਲੋਕ ਉਹ ਹਨ ਜਿਨ੍ਹਾਂ ਨੂੰ ਅੰਗੂਰਾਂ ਦੀ ਪ੍ਰਾਪਤੀ ਤਾਂ ਨਹੀਂ ਹੋਈ ਅਤੇ ਉਨ੍ਹਾਂ ਨੇ ਇਹ ਕਹਿ ਦਿੱਤਾ ਕਿ ਅੰਗੂਰ ਖੱਟੇ ਹਨ। ਅੱਜ ਇਸ ਧਰਤੀ ਦੇ ਉੱਪਰ ਜੇਕਰ ਥੋੜ੍ਹਾ ਬਹੁਤ ਸੰਗੀਤ ਸੁਣਾਈ ਦੇ ਰਿਹਾ ਹੈ, ਇਹ ਕੇਵਲ ਉਨ੍ਹਾਂ ਕੁੱਝ ਕੁ ਮਨੁੱਖਾਂ ਦੇ ਕਾਰਨ ਹੀ ਹੈ ਜਿਨ੍ਹਾਂ ਨੇ ਉਸ ਨਿਰ-ਵਿਚਾਰ ਅਵਸਥਾ ਅਨੁਭਵਾਂ ਨੂੰ ਸਾਡੇ ਤੱਕ ਆਪਣੀਆਂ ਲਿਖਤਾਂ ਦੇ ਰਾਹੀਂ ਸੁਨੇਹਾ ਪਹੁੰਚਾ ਦਿੱਤਾ ਸੀ ਤਾਂ ਜੋ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਨੂੰ ਪਰਮ ਜੀਵਨ ਦੀ ਪ੍ਰਾਪਤੀ ਕਰਨ ਵਾਸਤੇ ਕੋਈ ਸੁਨੇਹਾ ਮਿਲ ਜਾਵੇ। ਜਿਸ ਦੇ ਬਾਰੇ ਸਾਨੂੰ ਉਹ ਆਪਣੀਆਂ ਲਿਖਤਾਂ ਦੇ ਰੂਪ ਵਿਚ ਗੁਪਤ ਨਕਸ਼ੇ ਦੇ ਗਏ ਸਨ ਤਾਂ ਜੋ ਮਨੁੱਖਾਂ ਨੂੰ ਪਤਾ ਲੱਗ ਜਾਵੇ ਕਿ ਇਸ ਜੀਵਨ ਤੋਂ ਇਲਾਵਾ ਵੀ ਕੋਈ ਜੀਵਨ ਹੈ ਜਿਸ ਨੂੰ ਜਾਣਿਆ ਜਾ ਸਕਦਾ ਹੈ। ਜੋ ਵੀ ਮਨੁੱਖ ਉਸ ਅਵਸਥਾ ਨੂੰ ਅਨੁਭਵ ਕਰਨ ਦੀ ਇੱਛਾ ਰੱਖਦਾ ਹੈ, ਉਸ ਮਨੁੱਖ ਨੂੰ ਅੰਤਰ-ਮੁਖੀ ਹੋਣਾ ਪਵੇਗਾ। ਜਦੋਂ ਦਾ ਸੰਸਾਰ ਬਣਿਆ ਹੈ ਪਰਮ ਜੀਵਨ ਨੂੰ ਪ੍ਰਾਪਤ ਕਰਨ ਦੇ ਲਈ ਕੋਸ਼ਿਸ਼ ਤਾਂ ਬਹੁਤ ਸਾਰੇ ਮਨੁੱਖਾਂ ਨੇ ਕੀਤੀਆਂ ਸਨ, ਪਰ ਇੱਕ ਗੱਲ ਸੋਚਣ ਵਾਲੀ ਹੈ ਥੋੜ੍ਹੇ ਜਿਹੇ ਮਨੁੱਖਾਂ ਨੂੰ ਛੱਡ ਕੇ ਬਾਕੀ ਸਾਰੇ ਮਨੁੱਖਾਂ ਨੂੰ ਉਸ ਪਰਮ ਜੀਵਨ ਦੀ ਪ੍ਰਾਪਤੀ ਕਿਉਂ ਨਹੀਂ ਹੋਈ। ਇਸ ਦੇ ਕੀ ਕਾਰਨ ਸਨ? ਪਖੰਡੀਆਂ ਦੇ ਦੁਆਰਾ ਕੀਤੇ ਗਏ ਗ਼ਲਤ ਪ੍ਰਚਾਰ ਦੇ ਕਾਰਨ ਮਨੁੱਖਤਾ ਦਾ ਬਹੁਤ ਵੱਡਾ ਹਿੱਸਾ ਆਤਮ ਗਿਆਨ ਦੇ ਰਸਤੇ ਤੋਂ ਭਟਕਦਾ

ਗਿਆ। ਗ਼ਲਤ ਪ੍ਰਚਾਰ ਦੇ ਕਾਰਨ ਮਨੁੱਖ ਸਦੀਆਂ ਤੋਂ ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਕਰਮ-ਕਾਂਡਾਂ ਦੇ ਵਿਚ ਭਟਕੀ ਜਾ ਰਿਹਾ ਹੈ।

ਜਿਸ ਸ਼ਕਤੀ ਦੀ ਭਾਲ ਮਨੁੱਖ ਨੇ ਆਪਣੇ ਸਰੀਰ ਅੰਦਰੋਂ ਕਰਨੀ ਸੀ, ਉਸ ਨੂੰ ਇਹ ਡੇਰਿਆਂ ਅਤੇ ਧਾਰਮਿਕ ਅਸਥਾਨਾਂ ਤੋਂ ਲੱਭਣ ਦੀ ਕੋਸ਼ਿਸ਼ ਵਿਚ ਲੱਗਿਆ ਹੋਇਆ ਹੈ।

ਜੇਕਰ ਮਨੁੱਖ ਨੂੰ ਸਭ ਕੁੱਝ ਆਸਾਨੀ ਦੇ ਨਾਲ ਪ੍ਰਾਪਤ ਹੋ ਜਾਂਦਾ ਤਾਂ ਇਸ ਜੀਵਨ ਨੇ ਕਈ ਸਦੀਆਂ ਪਹਿਲਾਂ ਹੀ ਬਾਸੀ ਹੋ ਜਾਣਾ ਸੀ। ਕਿੱਦਾਂ ਘਰ ਪਰਿਵਾਰ ਦੀਆਂ ਜ਼ੁੰਮੇਵਾਰੀਆਂ ਫਿਰ ਬੱਚਿਆਂ ਦੀ ਪੜ੍ਹਾਈ, ਧਰਤੀ ਦੇ ਅੰਦਰ ਕਿੱਦਾਂ ਪਦਾਰਥਾਂ ਨੂੰ ਕੁਦਰਤ ਨੇ ਲੁਕਾ ਕੇ ਰੱਖਿਆ ਹੈ। ਜੀਵਨ ਬਹੁਤ ਰਹੱਸਮਈ ਹੈ। ਉਸ ਨੂੰ ਲੱਭਣ ਦੇ ਵਿਚ ਹੀ ਮਜ਼ਾ ਹੈ।

ਕਿਸੇ ਵੀ ਮਨੁੱਖ ਦੀਆਂ ਹਰਕਤਾਂ ਤੋਂ ਉਸ ਦੇ ਸੰਸਕਾਰਾਂ ਦਾ ਪਤਾ ਲੱਗ ਜਾਂਦਾ ਹੈ। ਉੱਚੇ ਖ਼ਾਨਦਾਨ ਦੇ ਵਿਚ ਜਨਮ ਲੈਣ ਦੇ ਨਾਲ ਕੋਈ ਮਨੁੱਖ ਉੱਚੇ ਸੰਸਕਾਰਾਂ ਵਾਲਾ ਨਹੀਂ ਬਣ ਜਾਂਦਾ। ਗੱਲਬਾਤ ਕਰਨ ਤੋਂ, ਤੁਰਨੇ ਫਿਰਨੇ ਤੋਂ, ਉੱਠਣ ਬੈਠਣ ਤੋਂ, ਖਾਣ ਪੀਣ ਤੋਂ, ਕੱਪੜੇ ਪਹਿਨਣ ਤੋਂ ਹੀ ਸਾਡੀ ਸ਼ਖ਼ਸੀਅਤ ਦਾ ਪਤਾ ਲੱਗ ਜਾਂਦਾ ਹੈ। ਇਸ ਦੁਨੀਆਂ ਦੇ ਅੰਦਰ ਗਿਆਨ ਵਰਗੀ ਕੋਈ ਸ਼ਕਤੀ ਨਹੀਂ ਹੈ ਅਤੇ ਅਗਿਆਨ ਵਰਗੀ ਇਸ ਦੁਨੀਆਂ ਦੇ ਵਿਚ ਕੋਈ ਕਮਜ਼ੋਰੀ ਨਹੀਂ ਹੈ। ਜਿਸ ਮਨੁੱਖ ਨੂੰ ਅਸਲੀ ਗਿਆਨ ਪ੍ਰਾਪਤ ਨਹੀਂ ਹੋਇਆ, ਉਸ ਮਨੁੱਖ ਨੂੰ ਇੱਕ ਨਾ ਇੱਕ ਦਿਨ ਅਸਲੀ ਗਿਆਨ ਦੀ ਪ੍ਰਾਪਤੀ ਜ਼ਰੂਰ ਹੋ ਜਾਵੇਗੀ। ਇਸ ਗੱਲ ਦਾ ਫ਼ੈਸਲਾ ਮਨੁੱਖ ਨੇ ਆਪ ਕਰਨਾ ਹੈ ਕਿ ਉਸ ਨੇ ਆਪਣੀ ਆਤਮਿਕ ਪਿਆਸ ਨੂੰ ਆਪ ਖ਼ੁਦ ਬ੍ਰਹਮ ਰੂਪੀ ਅੰਮ੍ਰਿਤ ਨੂੰ ਪੀ ਕੇ ਬੁਝਾਉਣਾ ਹੈ ਜਾਂ ਅੰਮ੍ਰਿਤ ਤੋਂ ਖ਼ਾਲੀ ਬਰਤਨ ਨੂੰ ਆਪਣੇ ਮੂੰਹ ਦੇ ਨਾਲ ਲਗਾ ਕੇ ਕੇਵਲ ਆਪਣੇ ਆਪ ਨੂੰ ਧੋਖਾ ਦੇਣਾ ਹੈ। ਪਰਮ ਅਨੰਦ ਨੂੰ ਜਿਸ ਵੀ ਮਨੁੱਖ ਨੇ ਆਪ ਖ਼ੁਦ ਅਨੁਭਵ ਕਰਨਾ ਹੈ, ਉਸ ਨੂੰ ਆਪ ਖ਼ੁਦ ਇਸ ਦਿਸ਼ਾ ਵੱਲ ਗਤੀ ਕਰਨੀ ਪਵੇਗੀ। ਸਾਰੀ ਗਤੀ ਸਰੀਰਕ ਅਤੇ ਸੁਰਤੀ ਦੀ ਸਾਧਨਾ ਹੈ। ਕਿਸੇ ਹੋਰ ਦੇ ਨਾਲ ਜੁੜ ਜਾਣ ਤੋਂ ਭਾਵ ਹੈ, ਆਪਣੇ ਆਪ ਤੋਂ ਟੁੱਟ ਜਾਣਾ। ਸਾਰੀ ਖੇਡ ਆਪਣੇ ਆਪ ਦੇ ਨਾਲ ਜੁੜ ਜਾਣ ਤੋਂ ਬਾਅਦ ਹੀ ਸਾਫ਼ ਹੁੰਦੀ ਹੈ। ਆਪਣੀ ਧਾਰਮਿਕ ਗਤੀ ਨੂੰ ਜ਼ਰੂਰ ਦੇਖੋ, ਕਿੰਨੇ ਸਮੇਂ ਤੋਂ ਤੁਸੀਂ ਭਾਲ ਕਰਦੇ ਆ ਰਹੇ ਹੋ? ਜਿਸ ਖੂਹ ਦੇ ਲਾਗੇ ਤੁਸੀਂ ਬੈਠੇ ਹੋ, ਉਸ ਖੂਹ ਦੇ ਅੰਦਰ ਪਾਣੀ ਨਹੀਂ ਹੈ। ਜੇਕਰ ਉਸ ਖੂਹ ਦੇ ਅੰਦਰ ਪਾਣੀ ਹੁੰਦਾ ਤਾਂ ਤੁਹਾਨੂੰ ਉਸ ਦੀ ਪ੍ਰਾਪਤੀ ਜ਼ਰੂਰ ਹੋ ਜਾਣੀ ਸੀ। ਆਤਮ ਗਿਆਨ ਇੱਕ ਐਸਾ ਖੂਹ ਹੈ ਜਿਸ ਦਾ ਪਾਣੀ ਪੀਣ ਲਈ ਹਰ ਇੱਕ ਮਨੁੱਖ ਨੂੰ ਇਸ ਦੀ ਆਪ ਹੀ ਪੁਟਾਈ ਕਰਨੀ ਪੈਂਦੀ ਹੈ। ਇਸ ਤਰ੍ਹਾਂ ਇੰਤਜ਼ਾਰ ਕਰਨ ਦੇ ਨਾਲ ਤੁਹਾਡਾ ਸਮਾਂ ਬਰਬਾਦ ਹੁੰਦਾ ਜਾਵੇਗਾ।

ਇਸ ਸੰਸਾਰ ਦੇ ਅੰਦਰ ਜਿੰਨੀਆਂ ਵੀ ਆਤਮਾਵਾਂ ਹਨ, ਹੈ ਤੇ ਉਹ ਸਾਰੀਆਂ ਇੱਕ ਦੂਜੇ ਵਰਗੀਆਂ ਹੀ ਹਨ। ਇਸ ਦੇ ਬਾਵਜੂਦ ਵੀ ਇੱਕ ਬਹੁਤ ਵੱਡਾ ਫ਼ਰਕ ਹੈ। ਉਹ ਹੈ ਹਰ ਇੱਕ ਆਤਮਾ ਦੀ ਆਪਣੀ ਗੁਣਵੱਤਾ ਜੋ ਇੱਕ ਆਤਮਾ ਨੂੰ ਦੂਜੀ

ਦੇ ਨਾਲੋਂ ਅਲੱਗ ਕਰ ਦੇਂਦੀ ਹੈ। ਪਰਮ ਸੰਗੀਤ ਕੇਵਲ ਉਸ ਮਨੁੱਖ ਦੇ ਜੀਵਨ ਅੰਦਰ ਗੂੰਜਦਾ ਹੈ ਜੋ ਇਸ ਖੇਲ ਦੇ ਵਿਚ ਆਪ ਹਿੱਸਾ ਲੈਂਦਾ ਹੈ। ਇਸ ਸ੍ਰਿਸ਼ਟੀ ਦੇ ਅੰਦਰ ਇਸ ਤਰ੍ਹਾਂ ਦੀ ਅਵਸਥਾ ਹੈ ਭਾਵੇਂ ਮਨੁੱਖ ਚੰਗਾ ਕਰਮ ਕਰਨਾ ਚਾਹੇ ਭਾਵੇਂ ਮਨੁੱਖ ਬੁਰਾ ਕਰਮ ਕਰਨਾ ਚਾਹੇ, ਪ੍ਰਕਿਰਤੀ ਨੇ ਉਸ ਦੀ ਮਦਦ ਕਰਨੀ ਹੀ ਹੈ। ਤੁਸੀਂ ਜਿਸ ਵੀ ਕਾਰਜ ਨੂੰ ਸ਼ੁਰੂ ਕਰ ਦਿੱਤਾ, ਕੁਦਰਤ ਨੇ ਉਸ ਕਾਰਜ ਨੂੰ ਪੂਰਾ ਕਰਨ ਦੇ ਲਈ ਆਪਣਾ ਪੂਰਾ ਜ਼ੋਰ ਲਗਾ ਦੇਣਾ ਹੈ। ਕਰਮ ਦੀ ਚੋਣ ਕਰਨ ਵਾਸਤੇ ਮਨੁੱਖ ਨੂੰ ਪੂਰੀ ਆਜ਼ਾਦੀ ਹੈ।

ਜੀਵਨ ਮੁਕਤੀ

ਮੁਕਤੀ ਤੋਂ ਭਾਵ ਹੈ ਛੁਟਕਾਰਾ ਪਾ ਲੈਣਾ, ਆਜ਼ਾਦ ਹੋ ਜਾਣਾ। ਜਦੋਂ ਕੋਈ ਮਨੁੱਖ ਆਪਣੀ ਆਤਮਾ ਦੇ ਅੰਦਰ ਪਰਵੇਸ਼ ਕਰ ਜਾਂਦਾ ਹੈ, ਉਸ ਵਿਚਾਰ ਰਹਿਤ ਅਵਸਥਾ ਵਿਚ ਪਰਵੇਸ਼ ਕਰਨ ਵਾਲੇ ਮਨੁੱਖ ਨੇ ਸ਼ੁੱਭ ਅਤੇ ਅਸ਼ੁੱਭ ਕਰਮਾਂ ਦੇ ਬੰਧਨਾਂ ਤੋਂ ਮੁਕਤ ਹੋ ਜਾਣਾ ਹੈ। ਇਸ ਅਵਸਥਾ ਵਿਚ ਪਹੁੰਚੇ ਮਨੁੱਖ ਦੇ ਅੰਦਰ ਕੋਈ ਦੋਸ਼ ਪ੍ਰਗਟ ਨਹੀਂ ਹੁੰਦਾ। ਇਸ ਅਵਸਥਾ ਵਿਚ ਪਹੁੰਚਿਆ ਮਨੁੱਖ ਮੁਕਤ ਅਖਵਾਉਂਦਾ ਹੈ। ਕੈਵੱਲਿਆ ਪਦ ਦੀ ਪ੍ਰਾਪਤੀ ਮਨੁੱਖ ਨੂੰ ਸਰੀਰ ਦੇ ਅੰਦਰ ਰਹਿੰਦਿਆਂ ਹੀ ਕਰਨੀ ਪੈਂਦੀ ਹੈ।

ਜਦੋਂ ਆਪਣਿਆਂ ਦੇ ਵੱਲੋਂ ਉਸਤਤ ਕਰਨ ’ਤੇ ਅਤੇ ਵਿਰੋਧੀਆਂ ਦੇ ਵੱਲੋਂ ਨਿੰਦਾ ਕਰਨ ’ਤੇ ਮਨ ਦੇ ਅੰਦਰ ਕਿਸੇ ਵੀ ਤਰ੍ਹਾਂ ਦੀ ਤਰੰਗ ਪੈਦਾ ਨਾ ਹੋਵੇ ਤਾਂ ਸਮਝ ਲੈਣਾ ਇਹ ਮਨੁੱਖ ਜਿਉਂਦੇ-ਜੀ ਮੁਕਤ ਹੋ ਗਿਆ ਹੈ। ਇਸ ਮਨੁੱਖ ਦਾ ਜਿਉਂਦੇ-ਜੀ ਦੇਹੀ ਭਾਵ ਖ਼ਤਮ ਹੋ ਜਾਣਾ ਹੈ। ਅਗਿਆਨ ਦੇ ਕਾਰਨ ਹੀ ਜੀਵ ਆਤਮਾ ਮਰਨ ਜੰਮਣ ਦੇ ਗੇੜ ਵਿਚ ਭਟਕੀ ਜਾ ਰਹੀ ਹੈ। ਬ੍ਰਹਮ ਗਿਆਨੀ ਅਵਸਥਾ ਨੂੰ ਪ੍ਰਾਪਤ ਮਨੁੱਖ ਆਪਣੇ ਮਨ ਨੂੰ ਜਿਉਂਦੇ-ਜੀ ਨਿਸ-ਕਿਰਿਆ ਕਰ ਲੈਂਦਾ ਹੈ, ਭਾਵ ਵਿਚਾਰਾਂ ਤੋਂ ਮੁਕਤ ਅਵਸਥਾ ਨੂੰ ਉਸ ਨੇ ਆਪ ਖ਼ੁਦ ਦੇਖ ਲਿਆ ਹੈ। ਬਾਕੀ ਜੋ ਬੱਚ ਜਾਵੇਗਾ, ਉਹ ਕੇਵਲ ਸ਼ੁੱਧ ਚੇਤਨਾ ਹੈ। ਜੋ ਵੀ ਮਨੁੱਖ ਜਿਉਂਦੇ-ਜੀ ਆਪਣੇ ਮਨ ਨੂੰ ਨਿਸ-ਕਿਰਿਆ ਕਰ ਲਵੇਗਾ, ਉਸ ਮਨੁੱਖ ਨੂੰ ਪਰਮ ਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ।

ਆਤਮਾ ਨੂੰ ਦੂਜੀ ਜੂਨੀ ਦੇ ਵਿਚ ਜਾਣ ਦੇ ਲਈ ਇੱਕ ਲਿੰਕ ਚਾਹੀਦਾ ਹੈ, ਉਹ ਲਿੰਕ ਹੈ ਸਾਡਾ ਕਾਰਨ ਸਰੀਰ। ਜਿਸ ਤਰ੍ਹਾਂ ਚੇਨ ਦਾ ਹਰ ਇੱਕ ਲਿੰਕ ਇੱਕ ਦੂਜੇ ਦੇ ਨਾਲ ਜੁੜਿਆ ਹੁੰਦਾ ਹੈ, ਇਸੇ ਹੀ ਤਰ੍ਹਾਂ ਕਾਰਨ ਸਰੀਰ ਦੇ ਅੰਦਰ ਦੂਜੇ ਜਨਮ ਦਾ ਲਿੰਕ ਮੌਜੂਦ ਰਹਿੰਦਾ ਹੈ, ਜਿਸ ਦੇ ਰਾਹੀਂ ਪ੍ਰਕਿਰਤੀ ਆਤਮਾ ਨੂੰ ਦੂਸਰੇ ਗਰਭ ਦੇ ਵਿਚ ਭੇਜ ਸਕਦੀ ਹੈ। ਇਸੇ ਹੀ ਤਰ੍ਹਾਂ ਆਤਮਾ ਨੂੰ ਦੂਜੇ ਸਰੀਰ ਦੇ ਵਿਚ ਜਨਮ ਲੈਣ ਦੇ ਲਈ ਕਾਰਨ ਸਰੀਰ ਰੂਪੀ ਲਿੰਕ ਦੀ ਜ਼ਰੂਰਤ ਪੈਂਦੀ ਹੈ। ਜੇਕਰ ਕਾਰਨ ਸਰੀਰ ਨਸ਼ਟ ਨਹੀਂ ਹੋਇਆ ਤਾਂ ਇਸ ਦੇ ਅੰਦਰ ਅਗਲੀ ਜੂਨੀ ਵਿਚ ਆਤਮਾ ਨੂੰ ਲੈ ਕੇ ਜਾਣ ਵਾਲਾ ਲਿੰਕ ਮੌਜੂਦ ਰਹੇਗਾ, ਜਿਸ ਦੇ ਰਾਹੀਂ ਦੂਸਰਾ ਜਨਮ ਜ਼ਰੂਰ ਹੋਵੇਗਾ। ਮਨ ਦਾ ਅਸਤਿੱਤਵ ਖ਼ਤਮ ਹੋਣ ਤੋਂ ਬਾਅਦ ਕਾਰਨ ਸਰੀਰ ਦਾ ਘੇਰਾ ਵੀ ਅਲੋਪ ਹੋ ਜਾਂਦਾ ਹੈ ਜਿਸ ਦੇ ਨਾਲ ਦੂਜੇ ਜਨਮ ਦਾ ਲਿੰਕ ਵੀ ਖ਼ਤਮ ਹੋ ਜਾਣਾ ਹੈ। ਕੇਵਲ ਮਨੁੱਖ ਜੂਨੀ ਇੱਕ ਐਸੀ ਕੜੀ ਹੈ ਜਿਸ ਦੇ ਵਿਚ ਇਸ ਲਿੰਕ ਨੂੰ ਤੋੜਿਆ

ਜਾ ਸਕਦਾ ਹੈ। ਇਸ ਬ੍ਰਹਿਮੰਡ ਦੇ ਅੰਦਰ ਕੇਵਲ ਮਨੁੱਖ ਦੇ ਕੋਲ ਮਨ ਰੂਪੀ ਸ਼ਕਤੀ ਹੈ, ਜਿਸ ਦੀ ਮਦਦ ਨਾਲ ਇਸ ਲੜੀ ਦਾ ਅੰਤ ਕੀਤਾ ਜਾ ਸਕਦਾ ਹੈ। ਜੀਵ ਆਤਮਾ ਤਦ ਤੱਕ ਜੰਮਣ ਮਰਨ ਦੇ ਗੇੜੇ ਵਿਚ ਘੁੰਮਦੀ ਹੀ ਰਹੇਗੀ, ਜਿੰਨਾ ਚਿਰ ਤੱਕ ਆਤਮਾ ਦਾ ਅਗਿਆਨ ਪੂਰਨ ਤੌਰ 'ਤੇ ਨਸ਼ਟ ਨਹੀਂ ਹੋ ਜਾਂਦਾ। ਅਗਿਆਨ ਨੂੰ ਖ਼ਤਮ ਕੀਤੇ ਬਿਨਾਂ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬਿਨਾਂ ਆਤਮਾ ਗਿਆਨ ਨੂੰ ਪ੍ਰਾਪਤ ਕੀਤੇ ਮਨ ਨੇ ਨਸ਼ਟ ਨਹੀਂ ਹੋਣਾ। ਮਨੁੱਖ ਦੇ ਅੰਦਰ ਜੋ ਜੋਤਿ ਹੈ ਉਹ ਪਾਰਬ੍ਰਹਮ ਤੋਂ ਆਈ ਹੈ। ਇਹ ਤਦ ਤੱਕ ਜਨਮ ਮਰਨ ਦੇ ਗੇੜੇ ਵਿਚ ਭਟਕਦੀ ਰਹੇਗੀ, ਜਿੰਨਾ ਚਿਰ ਤੱਕ ਮਨੁੱਖ ਦੀ ਜਾਗ੍ਰਿਤ ਅਵਸਥਾ ਵਿਚ ਉਸ ਦੀ ਸੁਰਤੀ ਸੁੰਨ ਮੰਡਲ ਦੇ ਵਿਚ ਸਥਿਰ ਨਹੀਂ ਹੋ ਜਾਂਦੀ।

ਇਹ ਅਵਸਥਾ ਓਨਾ ਚਿਰ ਤੱਕ ਨਹੀਂ ਬਣੇਗੀ, ਜਿੰਨਾ ਚਿਰ ਤੱਕ ਕੋਈ ਮਨੁੱਖ ਵਿਚਾਰਾਂ ਦੀ ਨੀਂਦਰ ਤੋਂ ਜਾਗ ਨਹੀਂ ਜਾਂਦਾ। ਇਸ ਨੀਂਦਰ ਤੋਂ ਜਾਗੇ ਬਿਨਾਂ ਮਨੁੱਖ ਨੂੰ ਮੁਕਤੀ ਪ੍ਰਾਪਤੀ ਨਹੀਂ ਹੋ ਸਕਦੀ। ਮਨ ਵਾਸ਼ਨਾਵਾਂ ਅਤੇ ਉਨ੍ਹਾਂ ਦੇ ਭੋਗਾਂ ਤੋਂ ਮੁਕਤ ਹੋਣ ਤੋਂ ਬਾਅਦ ਹੀ ਆਤਮਾ ਦੀ ਮੁਕਤੀ ਕਰਵਾ ਸਕਦਾ ਹੈ। ਹਰ ਇੱਕ ਮਨੁੱਖ ਨੂੰ ਆਪਣੀ ਮੁਕਤੀ ਪ੍ਰਾਪਤ ਕਰਨ ਲਈ ਆਪ ਗਤੀ ਕਰਨੀ ਪੈਂਦੀ ਹੈ। ਕਿਸੇ ਵੀ ਮਨੁੱਖ ਨੂੰ ਦੂਜੇ ਮਨੁੱਖ ਦੇ ਦੁਆਰਾ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਇੱਕ ਮਨੁੱਖ ਦੂਜੇ ਮਨੁੱਖ ਦੇ ਸਰੀਰ ਨੂੰ ਤਾਂ ਖ਼ਤਮ ਕਰ ਸਕਦਾ ਹੈ ਪਰ ਜੰਮਣ ਮਰਨ ਦੀ ਕਿਰਿਆ ਤੋਂ ਮੁਕਤੀ ਨਹੀਂ ਦੁਆ ਸਕਦਾ। ਜਿਸ ਮਨੁੱਖ ਦਾ ਮਨ ਵਿਚਾਰਾਂ ਤੋਂ ਮੁਕਤ ਹੋ ਜਾਵੇਗਾ, ਉਸ ਦੀ ਆਤਮਾ ਉੱਪਰੋਂ ਕਾਰਨ ਸਰੀਰ ਦਾ ਚੱਕਰ ਵੀ ਨਸ਼ਟ ਹੋ ਜਾਣਾ ਹੈ। ਕਾਰਨ ਸਰੀਰ ਤੋਂ ਮੁਕਤ ਆਤਮਾ ਨੂੰ ਕੋਈ ਵੀ ਸਰੀਰ ਗ੍ਰਹਿਣ ਨਹੀਂ ਕਰ ਸਕਦਾ। ਆਤਮਾ ਬ੍ਰਹਮ ਦੇ ਸਹਿਜ ਤਲ ਦੇ ਅੰਦਰ ਪਰਵੇਸ਼ ਕਰ ਗਈ ਹੈ ਅਤੇ ਉਸ ਦੇ ਅੰਦਰ ਇਹ ਸਦਾ ਦੇ ਲਈ ਲੀਨ ਹੋ ਚੁੱਕੀ ਹੈ। ਇਸ ਸਰੀਰ ਦੇ ਖ਼ਤਮ ਹੋਣ ਤੋਂ ਪਹਿਲਾਂ ਬਹੁਤ ਕੁੱਝ ਕੀਤਾ ਜਾ ਸਕਦਾ ਹੈ। ਸੰਸਾਰ ਦੇ ਵਿਚ ਮਨੁੱਖ ਖ਼ਾਲੀ ਹੱਥ ਆਉਂਦਾ ਹੈ ਅਤੇ ਇੱਕ ਦਿਨ ਖ਼ਾਲੀ ਹੱਥੀਂ ਇਸ ਨੇ ਵਾਪਸ ਚਲੇ ਜਾਣਾ ਹੈ। ਪਰ ਮਰਨ ਲੱਗਿਆਂ ਆਪਣੇ ਨਾਲ ਇੱਕ ਪਛਤਾਵਾ ਜ਼ਰੂਰ ਲੈ ਜਾਂਦਾ ਹੈ ਕਿ ਇਹ ਉਸ ਪਰਮ ਜੀਵਨ ਦੇ ਅਨੁਭਵ ਨੂੰ ਆਪਣੇ ਨਾਲ ਲੈ ਕੇ ਜਾ ਸਕਦਾ ਸੀ ਪਰ ਅਗਿਆਨ ਦੇ ਕਾਰਨ ਇਸ ਨੇ ਉਸ ਦਿਸ਼ਾ ਵੱਲ ਗਤੀ ਕਰਨ ਦੇ ਲਈ ਕਦੇ ਕੋਸ਼ਿਸ਼ ਨਹੀਂ ਕੀਤੀ। ਸਦੀਆਂ ਤੋਂ ਅਣਗਿਣਤ ਮਨੁੱਖ ਪਰਮ ਜੀਵਨ ਨੂੰ ਪ੍ਰਾਪਤ ਕਰਨ ਦੇ ਲਈ ਚੱਲ ਤਾਂ ਬਹੁਤ ਰਹੇ ਹਨ ਪਰ ਸਹੀ ਦਿਸ਼ਾ ਦਾ ਪਤਾ ਨਾ ਹੋਣ ਕਾਰਨ ਅਸਫਲਤਾ ਹੀ ਹੱਥ ਲੱਗ ਰਹੀ ਹੈ।

ਜੋ ਮਨੁੱਖ ਚੰਗੇ ਜਾਂ ਬੁਰੇ ਕਰਮ ਨੂੰ ਕਰਨ ਦੇ ਲਈ ਚੋਣ ਨਹੀਂ ਕਰਦਾ, ਇਹ ਮਨੁੱਖ ਮੁਕਤ ਹੈ। ਜਦੋਂ ਸਰੀਰ ਦੇ ਵਿੱਚੋਂ ਪ੍ਰਾਣ ਨਿਕਲਣੇ ਹਨ, ਜਿਸ ਮਨੁੱਖ ਦੀ ਆਤਮਾ ਕਾਰਨ ਸਰੀਰ ਦੀ ਪਰਤ ਤੋਂ ਪਹਿਲਾਂ ਹੀ ਮੁਕਤ ਹੋ ਚੁੱਕੀ ਹੈ, ਜਦੋਂ ਇਸ ਮਨੁੱਖ ਦੀ ਆਤਮਾ ਰੂਪੀ ਜੋਤ ਸਰੀਰ ਦਾ ਤਿਆਗ ਕਰੇਗੀ ਤਾਂ ਉਸ ਨੇ ਪਰਮਾਤਮਾ ਦੇ ਅੰਦਰ ਸਦਾ ਦੇ ਲਈ ਲੀਨ ਹੋ ਜਾਣਾ ਹੈ। ਦੂਜੀਆਂ ਜੀਵ ਆਤਮਾਵਾਂ ਆਪਣੇ

ਕੀਤੇ ਕਰਮਾਂ ਦੇ ਸੰਸਕਾਰਾਂ ਨੂੰ ਭੋਗਣ ਵਾਸਤੇ ਜੰਮਣ ਮਰਨ ਦੇ ਗੇੜਿਆਂ ਵਿਚ ਘੁੰਮਦੀਆਂ ਰਹਿਣਗੀਆਂ। ਤੁਸੀਂ ਨਾ ਤਾਂ ਸਵਰਗ ਦੀ ਮੰਗ ਕਰਨੀ ਹੈ ਅਤੇ ਨਾ ਹੀ ਮੁਕਤੀ ਦੀ ਮੰਗ ਕਰਨੀ ਹੈ, ਇਹ ਦੋਨੋਂ ਰਾਗ ਹਨ। ਜਿਵੇਂ ਮਛਲੀ ਨੂੰ ਫੜਨ ਵਾਸਤੇ ਸ਼ਿਕਾਰੀ ਨੇ ਚਾਰੇ ਦੇ ਅੰਦਰ ਕਾਂਟੇ ਨੂੰ ਛੁਪਾ ਕੇ ਰੱਖਿਆ ਹੁੰਦਾ ਹੈ। ਜੇਕਰ ਮਛਲੀ ਆਪਣੀ ਜ਼ੁਬਾਨ ਦੇ ਰਸ ਨੂੰ ਪੂਰਾ ਕਰਨ ਦੇ ਲਈ ਉਸ ਕਾਂਟੇ ਵਾਲੇ ਚਾਰੇ ਨੂੰ ਨਿਗਲ ਜਾਂਦੀ ਹੈ ਤਾਂ ਮਛਲੀ ਨੇ ਫਸ ਜਾਣਾ ਹੈ। ਇਸੇ ਹੀ ਤਰ੍ਹਾਂ ਮਨੁੱਖ ਆਪਣੀ ਇੱਛਾ ਨੂੰ ਜ਼ਾਹਿਰ ਕਰ ਕੇ ਫਸ ਸਕਦਾ ਹੈ। ਜਿਸ ਦੀ ਕੋਈ ਇੱਛਾ ਨਹੀਂ ਹੈ, ਉਹੀ ਮੁਕਤ ਹੈ। ਧਿਆਨ ਸਿਮਰਨ ਦੀ ਸਾਰੀ ਕਿਰਿਆ ਹੀ ਇੱਛਾ ਰਹਿਤ ਅਵਸਥਾ ਵਿਚ ਪਰਵੇਸ਼ ਕਰਨ ਵਾਸਤੇ ਹੈ ਤਾਂ ਜੋ ਆਪਣੀ ਮੌਤ ਦੇ ਵਿਚ ਇੱਛਾ ਮੁਕਤ ਹੋ ਕੇ ਪਰਵੇਸ਼ ਕੀਤਾ ਜਾ ਸਕੇ। ਜੀਵਨ ਦਾ ਨਿਚੋੜ ਅਤੇ ਅਸਲੀ ਤੱਤ ਇਹ ਹੈ ਕਿ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਰਨੀ ਅਤੇ ਆਪਣੀ ਇੱਛਾਵਾਂ ਨੂੰ ਸੰਜਮ ਸ਼ਕਤੀ ਦੇ ਨਾਲ ਆਪ ਅਗਨੀ ਭੇਟਾ ਕਰਦੇ ਜਾਣਾ। ਦਇਆ ਇੱਕ ਐਸੀ ਸ਼ਕਤੀ ਹੈ ਜਿਸ ਦੀ ਵਰਤੋਂ ਦੇ ਨਾਲ ਦੂਜਿਆਂ ਦੇ ਗੁਨਾਹਾਂ ਨੂੰ ਮਾਫ਼ ਕੀਤਾ ਜਾ ਸਕਦਾ ਹੈ। ਜੀਵ ਆਤਮਾ ਅਨੰਤ ਜਨਮਾਂ ਤੋਂ ਇਸ ਭਰਮ ਦੇ ਵਿਚ ਭਟਕ ਰਹੀ ਹੈ, ਇਸ ਭਟਕਣਾ ਦਾ ਕਾਰਨ ਹੈ ਕਿ ਇਹ ਆਪਣੇ ਆਪ ਨੂੰ ਪਰਮਾਤਮਾ ਤੋਂ ਬਹੁਤ ਦੂਰ ਸਮਝਦੀ ਹੈ। ਇਸ ਨੂੰ ਇਹ ਭਰਮ ਹੈ ਕਿ ਪਰਮਾਤਮਾ ਕਿਸੇ ਹੋਰ ਜਗ੍ਹਾ ’ਤੇ ਹੈ ਅਤੇ ਮੈਂ ਕਿਸੇ ਹੋਰ ਜਗ੍ਹਾ ’ਤੇ ਹਾਂ। ਇਸ ਅਗਿਆਨ ਦੇ ਕਾਰਨ ਹੀ ਧਰਮ ਦੇ ਅੰਦਰ ਬਹੁਤ ਸਾਰੇ ਵਾਦ-ਵਿਵਾਦ ਪੈਦਾ ਹੋ ਜਾਂਦੇ ਹਨ। ਮੁਕਤੀ ਨੂੰ ਪ੍ਰਾਪਤ ਕਰਨ ਦੇ ਲਈ ਧਿਆਨ ਸਿਮਰਨ ਦਾ ਅਭਿਆਸ ਕਰਨਾ ਪੈਂਦਾ ਹੈ। ਇਸ ਸਾਧਨਾ ਦੇ ਰਾਹੀਂ ਇਸ ਕਿਰਿਆ ਨੂੰ ਕੇਵਲ ਸ਼ੁਰੂ ਕਰਨਾ ਹੈ। ਜਿਸ ਤਰ੍ਹਾਂ ਮਾਚਸ ਦੀ ਤੀਲੀ ਦੇ ਨਾਲ ਬਰੂਦ ਨੂੰ ਸਾੜਨ ਵਾਲੀ ਲੜੀ ਨੂੰ ਕੇਵਲ ਇੱਕੋ ਵਾਰ ਅੱਗ ਲਗਾਉਣ ਦੀ ਜ਼ਰੂਰਤ ਪੈਂਦੀ ਹੈ। ਉਸ ਤੋਂ ਬਾਅਦ ਲੜੀ ਨੇ ਆਪਣੇ ਆਪ ਸੜ ਕੇ ਸੁਆਹ ਹੋ ਜਾਣਾ ਹੈ। ਇਸ ਕਿਰਿਆ ਨੂੰ ਕੇਵਲ ਤੁਸੀਂ ਸ਼ੁਰੂ ਕਰਨਾ ਹੈ, ਬਾਕੀ ਦਾ ਸਾਰਾ ਕਾਰਜ ਆਪਣੇ ਆਪ ਪੂਰਾ ਹੋ ਜਾਵੇਗਾ।

ਕਾਰਨ ਸਰੀਰ ਅੰਦਰ ਸੰਸਕਾਰ

ਪਹਿਲਾਂ ਆਪਾ ਕਾਰਨ ਸਰੀਰ ਦੇ ਬਾਰੇ ਥੋੜ੍ਹੀ ਵਿਚਾਰ ਕਰਦੇ ਹਾਂ। ਜਿਸ ਵਖਤ ਪਰਮਾਤਮਾ ਸ੍ਰਿਸ਼ਟੀ ਦੀ ਰਚਨਾ ਕਰ ਰਿਹਾ ਸੀ, ਜਦੋਂ ਪਰਮਾਤਮਾ ਵੱਲੋਂ ਆਤਮਾ ਦਾ ਨਿਰਮਾਣ ਕੀਤਾ ਗਿਆ ਤਾਂ ਆਤਮਾ ਰੂਪੀ ਸੂਖਮ ਸਰੀਰ ਨੂੰ ਸਾਂਭਣ ਵਾਸਤੇ ਕਾਰਨ ਸਰੀਰ ਰੂਪੀ ਬਰਤਨ ਬਣਾਇਆ। ਜਿਸ ਵਿਚ ਆਤਮਾ ਦੁਆਰਾ ਕੀਤੇ ਕਰਮਾਂ ਦੇ ਹਿਸਾਬ ਨੂੰ ਨਾਲੋ-ਨਾਲ ਲਿਖਿਆ ਜਾਵੇ। ਅਸੀਂ ਜੋ ਵੀ ਕਰਮ ਕਰਦੇ ਹਾਂ, ਉਸ ਦਾ ਹਿਸਾਬ ਕਾਰਨ ਸਰੀਰ ਦੇ ਅੰਦਰ ਨਾਲੋ-ਨਾਲ ਇਕੱਤਰ ਹੋਈ ਜਾਂਦਾ ਹੈ। ਆਤਮਾ ਦੁਆਰਾ ਕੀਤੇ ਕਰਮਾਂ ਦਾ ਹਿਸਾਬ ਲਿਖਣ ਲਈ ਕੋਈ ਅਲੱਗ ਧਰਮਰਾਜ ਨਹੀਂ ਬੈਠਿਆ। ਜਿਸ ਦੇ ਕੋਲ ਇੱਕ ਆਤਮਾ ਲੈ ਕੇ ਜਾਣੀ ਪਵੇ ਅਤੇ ਉਸ ਦੇ ਹਿਸਾਬ ਨਾਲ ਆਤਮਾ ਨੂੰ ਅਗਲਾ ਜਨਮ ਦਿੱਤਾ ਜਾਵੇਗਾ। ਬੁਖ਼ਾਰ ਨੂੰ ਦੇਖਣ ਦੇ ਲਈ ਥਰਮਾਮੀਟਰ ਦੀ ਵਰਤੋਂ ਕੀਤੀ ਜਾਂਦੀ ਹੈ। ਜਿੰਨਾ ਜ਼ਿਆਦਾ ਬੁਖ਼ਾਰ ਹੋਵੇਗਾ ਪਾਰਾ ਓਨਾ ਜ਼ਿਆਦਾ ਉੱਪਰ ਚਲਾ ਜਾਂਦਾ ਹੈ। ਕਾਰਨ ਸਰੀਰ ਦੇ ਅੰਦਰ ਸਾਡੇ ਕਰਮਾਂ ਦੇ ਹਿਸਾਬ ਨਾਲ ਗਰੈਵੀਟੀ ਬਣ ਜਾਂਦੀ ਹੈ। ਜਿਸ ਤਰ੍ਹਾਂ ਦੁੱਧ ਦੀ ਗਰੈਵੀਟੀ ਦੇ ਹਿਸਾਬ ਉਸ ਦੀ ਕੀਮਤ ਨਿਰਧਾਰਿਤ ਕੀਤੀ ਜਾਂਦੀ ਹੈ, ਬਿਲਕੁਲ ਇਸੇ ਹੀ ਤਰ੍ਹਾਂ ਆਤਮਾ ਦੀ ਕੁਆਲਿਟੀ ਦੇ ਹਿਸਾਬ ਨਾਲ ਇਸ ਨੂੰ ਅਗਲਾ ਗਰਭ ਮਿਲ ਜਾਂਦਾ ਹੈ। ਜਿਸ ਤਰ੍ਹਾਂ ਬਲੱਡ ਪ੍ਰੈਸ਼ਰ ਦੀ ਰੀਡਿੰਗ ਲਿਖੀ ਹੈ, ਉਸੇ ਹੀ ਹਿਸਾਬ ਨਾਲ ਸਾਰੀਆਂ ਜੂਨੀਆਂ ਦੇ ਲਈ ਵੱਖ-ਵੱਖ ਗਰਭ ਮੰਡਲ ਬਣੇ ਹੋਏ ਹਨ। ਉਨ੍ਹਾਂ ਦੇ ਅੰਦਰ ਆਤਮਾ ਜਾ ਕੇ ਕੁੱਝ ਸਮੇਂ ਦੇ ਲਈ ਇੰਤਜ਼ਾਰ ਕਰਦੀ ਹੈ। ਜਦੋਂ ਸੰਸਕਾਰਾਂ ਦੇ ਹਿਸਾਬ ਨਾਲ ਗਰਭ ਉਪਲਬਧ ਹੋ ਜਾਵੇਗਾ ਤਾਂ ਆਤਮਾ ਦਾ ਨਵੇਂ ਸਰੀਰ ਅੰਦਰ ਪਰਵੇਸ਼ ਹੋ ਜਾਣਾ ਹੈ। ਵੱਖ-ਵੱਖ ਜੂਨੀਆਂ ਦੇ ਵਿਚ ਜੀਵ ਆਤਮਾ ਨੂੰ ਘੁੰਮਣਾ ਪਵੇਗਾ। ਜਿੰਨਾ ਚਿਰ ਤੱਕ ਕਾਰਨ ਸਰੀਰ ਦੇ ਅੰਦਰੋਂ ਕਰਮਾਂ ਦੇ ਸੰਸਕਾਰ ਪੂਰੀ ਤਰ੍ਹਾਂ ਨਸ਼ਟ ਨਹੀਂ ਹੋ ਜਾਂਦੇ, ਮਨ ਦੇ ਨਿਰਮਲ ਹੋਣ ਦੇ ਨਾਲ ਕਾਰਨ ਸਰੀਰ ਦੇ ਅੰਦਰੋਂ ਸੰਸਕਾਰ ਖ਼ਤਮ ਹੋ ਜਾਂਦੇ ਹਨ। ਕਾਰਨ ਸਰੀਰ ਦੇ ਕਾਰਨ ਜੀਵ ਆਤਮਾ ਪਾਰਬ੍ਰਹਮ ਦੇ ਵਿਚ ਹੁੰਦੀ ਹੋਈ ਵੀ ਉਸ ਨੂੰ ਅਨੁਭਵ ਨਹੀਂ ਕਰ ਪਾ ਰਹੀ। ਇਹ ਕਿਰਿਆ ਓਨਾ ਚਿਰ ਤੱਕ ਚੱਲਦੀ ਹੀ ਰਹੇਗੀ, ਜਿੰਨਾ ਚਿਰ ਤੱਕ ਅਸੀਂ ਕਾਰਨ ਸਰੀਰ ਦੇ ਅੰਦਰੋਂ ਇਕੱਤਰ ਹੋਏ ਕਰਮਾਂ ਦੇ ਸੰਸਕਾਰਾਂ ਨੂੰ ਪੂਰੀ ਤਰ੍ਹਾਂ ਨਸ਼ਟ ਨਹੀਂ ਕਰ ਲਵਾਂਗੇ। ਧਿਆਨ ਸਿਮਰਨ ਕਰਨ ਵਾਲੇ ਸਾਧਕ ਨੂੰ ਆਪਣੇ ਆਪ ਪਤਾ ਲੱਗ ਜਾਂਦਾ ਹੈ ਕਿ ਉਸ ਦੇ ਕਾਰਨ ਸਰੀਰ ਅੰਦਰੋਂ ਸੰਸਕਾਰ ਦੀ ਮੈਲ ਘੱਟਣੀ ਸ਼ੁਰੂ ਹੋ ਗਈ ਹੈ। ਜਿਵੇਂ ਜਿਵੇਂ ਕਾਰਨ ਸਰੀਰ ਦੀ ਪਰਤ ਪਤਲੀ ਹੁੰਦੀ ਜਾਵੇਗੀ, ਧਿਆਨ ਸਿਮਰਨ ਕਰਨ ਵੇਲੇ ਮਨੁੱਖ ਦੀ ਸੁਰਤੀ

ਓਨੇ ਹੀ ਆਰਾਮ ਨਾਲ ਕਾਰਨ ਸਰੀਰ ਦੇ ਵਿੱਚੋਂ ਦੀ ਲੰਘ ਕੇ ਸਹਿਜ ਮੰਡਲ ਵਿਚ ਪਰਵੇਸ਼ ਕਰਨ ਲੱਗ ਜਾਣਾ ਹੈ। ਕਾਰਨ ਸਰੀਰ ਦੇ ਅੰਦਰ ਸੰਸਕਾਰਾਂ ਦੇ ਘਟਣ ਨਾਲ ਸੁਰਤੀ ਨੇ ਬ੍ਰਹਮ ਦੇ ਹੋਰ ਜ਼ਿਆਦਾ ਗਹਿਰੇ ਤਲਾਂ ਦੇ ਵਿਚ ਪਰਵੇਸ਼ ਕਰਦੀ ਹੀ ਜਾਣਾ ਹੈ। ਆਤਮਾ ਦੇ ਉੱਪਰ ਜੋ ਕਾਰਨ ਸਰੀਰ ਹੈ, ਉਸ ਦੇ ਅੰਦਰ ਸੰਸਕਾਰ ਨਾ ਤਾਂ ਇਕਦਮ ਬਣਦੇ ਹਨ ਅਤੇ ਨਾ ਹੀ ਇਕਦਮ ਖ਼ਤਮ ਹੋ ਸਕਦੇ ਹਨ। ਕਾਰਨ ਸਰੀਰ ਦੀ ਬਣਤਰ ਪੰਜਾਂ ਚੱਕਰਾਂ ਦੇ ਨਾਲ ਬਣੀ ਹੈ। ਚੱਕਰਾਂ ਦੇ ਨਾਮ ਹਨ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਮਨੁੱਖ ਦੇ ਸਰੀਰ ਅੰਦਰ ਜੋ ਪ੍ਰਕਾਸ਼ ਹੈ ਕੇਵਲ ਉਹੀ ਇਨ੍ਹਾਂ ਚੱਕਰਾਂ ਤੋਂ ਆਤਮਾ ਨੂੰ ਮੁਕਤੀ ਦੁਆ ਸਕਦਾ ਹੈ। ਕਾਰਨ ਸਰੀਰ ਦੇ ਅੰਦਰੋਂ ਸੰਸਕਾਰਾਂ ਦੇ ਖ਼ਤਮ ਹੋਣ ਦੇ ਨਾਲ ਕਾਰਨ ਸਰੀਰ ਵੀ ਖ਼ਤਮ ਹੋ ਜਾਵੇਗਾ। ਜਿਸ ਆਤਮਾ ਦੇ ਉੱਪਰ ਕਾਰਨ ਸਰੀਰ ਨਹੀਂ ਹੈ, ਉਹ ਮੁਕਤ ਹੈ। ਧਿਆਨ ਸਿਮਰਨ ਕਰਨ ਦੇ ਨਾਲ ਕਾਰਨ ਸਰੀਰ ਦੇ ਆਕਾਰ ਨੇ ਘਟਦੇ ਜਾਣਾ ਹੈ। ਜਿਸ ਦੇ ਨਾਲ ਮਨੁੱਖ ਦੇ ਆਤਮ ਗਿਆਨ ਵਿਚ ਵਾਧਾ ਹੋਈ ਜਾਵੇਗਾ। ਅਖ਼ੀਰ ਦੇ ਵਿਚ ਕਾਰਨ ਸਰੀਰ ਦੀ ਕੰਧ ਪੂਰੀ ਤਰ੍ਹਾਂ ਡਿੱਗ ਜਾਣੀ ਹੈ। ਜੀਵ ਆਤਮਾ ਦਾ ਪਰਵੇਸ਼ ਸਦਾ ਦੇ ਲਈ ਸਹਿਜ ਮੰਡਲ ਦੇ ਵਿਚ ਹੋ ਜਾਵੇਗਾ। ਜਦੋਂ ਜੀਵ ਆਤਮਾ ਉਸ ਪਰਿਵਰਤਨ ਰਹਿਤ ਆਕਾਸ਼ ਦੇ ਦਰਸ਼ਨ ਕਰ ਲੈਂਦੀ ਹੈ ਤਾਂ ਜੀਵ ਆਤਮਾ ਨੂੰ ਉਸ ਅਵਸਥਾ ਵਿਚ ਗਿਆਨ ਹੋ ਜਾਵੇਗਾ ਮੈਂ ਨਹੀਂ ਹਾਂ, ਪਰਮਾਤਮਾ ਹੀ ਹੈ। ਕੇਵਲ ਇਸ ਅਵਸਥਾ ਨੂੰ ਅਨੁਭਵ ਕਰਨ ਦੇ ਨਾਲ ਜੀਵਨ ਵਿਚ ਅਨੰਦ ਅਤੇ ਸ਼ਾਂਤੀ ਨੇ ਪਰਵੇਸ਼ ਕਰ ਜਾਣਾ ਹੈ। ਇਸ ਅਵਸਥਾ ਨੂੰ ਅਨੁਭਵ ਕਰਨ ਦੇ ਨਾਲ ਮਨੁੱਖ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਜੋ ਕੁੱਝ ਵੀ ਪਰਮਾਤਮਾ ਕਰ ਰਿਹਾ ਹੈ ਉਹ ਸਭ ਕੁੱਝ ਠੀਕ ਹੈ। ਜੀਵ ਆਤਮਾ ਹੀ ਉਸ ਅਵਸਥਾ ਨੂੰ ਆਪ ਖ਼ੁਦ ਅਨੁਭਵ ਕਰ ਸਕਦੀ ਹੈ। ਉਹ ਵੀ ਆਪਣੇ ਆਪ ਦੇ ਰੂਪ ਨੂੰ ਤਿਆਗਣ ਤੋਂ ਬਾਅਦ। ਜੀਵ ਆਤਮਾ ਨੂੰ ਕਾਰਨ ਸਰੀਰ ਦੇ ਅੰਦਰ ਬਣੇ ਸੰਸਕਾਰਾਂ ਨੂੰ ਭੋਗਣ ਦੇ ਲਈ ਸਰੀਰ ਬਦਲ ਬਦਲ ਕੇ ਜਨਮ ਲੈਣੇ ਪੈਂਦੇ ਹਨ। ਇਸ ਸਿਲਸਿਲੇ ਨੇ ਅਨੰਤ ਜਨਮਾਂ ਤੱਕ ਏਦਾਂ ਚੱਲਦੇ ਹੀ ਰਹਿਣਾ ਹੈ। ਕਾਰਨ ਸਰੀਰ ਦੇ ਅੰਦਰੋਂ ਸੰਸਕਾਰਾਂ ਨੂੰ ਕੇਵਲ ਮਨੁੱਖਾ ਜਨਮ ਦੇ ਅੰਦਰ ਹੀ ਖ਼ਤਮ ਕੀਤਾ ਜਾ ਸਕਦਾ ਹੈ।

ਮਨੁੱਖ ਜਾਂ ਤਾਂ ਕਰਮ ਰੂਪੀ ਸੰਸਕਾਰਾਂ ਦੇ ਫਲਾਂ ਨੂੰ ਭੋਗ ਕੇ ਇਨ੍ਹਾਂ ਨੂੰ ਖ਼ਤਮ ਕਰ ਸਕਦਾ ਹੈ ਜਾਂ ਫਿਰ ਕਰਮਾਂ ਦੇ ਸੰਸਕਾਰਾਂ ਨੂੰ ਧਿਆਨ ਸਿਮਰਨ ਦੇ ਰਾਹੀਂ ਨਸ਼ਟ ਕਰ ਸਕਦਾ ਹੈ। ਮਨ ਅੰਦਰ ਵਿਚਾਰਾਂ ਦੇ ਰੁਕ ਜਾਣ ਨਾਲ ਜਦੋਂ ਸੁਰਤੀ ਅਕਰਮ ਅਵਸਥਾ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਕਾਰਨ ਸਰੀਰ ਦੇ ਅੰਦਰ ਇਕੱਤਰ ਹੋਏ ਕਰਮਾਂ ਦੇ ਸੰਸਕਾਰ ਆਪਣੇ ਆਪ ਨਸ਼ਟ ਹੁੰਦੇ ਜਾਣੇ ਹਨ।

ਬੁਰੇ ਕਰਮਾਂ ਦੇ ਸੰਸਕਾਰਾਂ ਨੂੰ ਚੰਗੇ ਕਰਮਾਂ ਦੇ ਸੰਸਕਾਰਾਂ ਨਾਲ ਬਦਲਿਆ ਨਹੀਂ ਜਾ ਸਕਦਾ। ਜੇਕਰ ਕੋਈ ਮਨੁੱਖ ਚੋਰੀ ਦੇ ਪੈਸਿਆਂ ਨਾਲ ਲੰਗਰ ਲਗਾ ਦੇਵੇ, ਇਸ ਤਰ੍ਹਾਂ ਕੀਤੀ ਚੋਰੀ ਦੇ ਸੰਸਕਾਰ ਖ਼ਤਮ ਨਹੀਂ ਹੋਣਗੇ। ਇਕੱਤਰ ਹੋਏ ਕਰਮਾਂ ਦੇ ਸੰਸਕਾਰ ਖ਼ਤਮ ਹੋਣ ਦੇ ਨਾਲ ਕਾਰਨ ਸਰੀਰ ਨੇ ਆਪਣੇ ਆਪ ਖ਼ਤਮ ਹੋ ਜਾਣਾ ਹੈ। ਕਾਰਨ ਸਰੀਰ ਰੂਪੀ ਬਰਤਨ ਦੀ ਜ਼ਰੂਰਤ ਤਾਂ ਪੈਂਦੀ ਹੈ, ਜਦੋਂ ਉਸ ਦੇ ਵਿਚ ਕਿਸੇ ਕਰਮ

ਰੂਪੀ ਸੰਸਕਾਰ ਨੂੰ ਸਾਂਭਣਾ ਹੋਵੇ। ਸੰਸਕਾਰਾਂ ਦੇ ਨਾਲ ਹੀ ਕਾਰਨ ਸਰੀਰ ਬਣਦਾ ਹੈ। ਜੇਕਰ ਸੰਸਕਾਰ ਨਹੀਂ ਹਨ ਤਾਂ ਕਾਰਨ ਸਰੀਰ ਵੀ ਨਹੀਂ ਹੋਵੇਗਾ। ਜਿਸ ਮਨੁੱਖ ਦੇ ਕਾਰਨ ਸਰੀਰ ਅੰਦਰੋਂ ਸੰਸਕਾਰ ਖ਼ਤਮ ਹੋ ਜਾਂਦੇ ਹਨ, ਉਸ ਦੀ ਆਤਮਾ ਨੇ ਕਾਲ ਤੋਂ ਮੁਕਤ ਹੋ ਜਾਣਾ ਹੈ। ਮਨੁੱਖ ਸਰੀਰ ਦੇ ਸਮੇਤ ਸੱਚ ਦੇ ਵਿਚ ਪਰਵੇਸ਼ ਕਰ ਜਾਂਦਾ ਹੈ। ਕਾਰਨ ਸਰੀਰ ਦੇ ਖ਼ਤਮ ਹੋਣ ਤੋਂ ਬਾਅਦ ਜੀਵ ਆਤਮਾ ਅਕਾਲ ਦੇ ਅੰਦਰ ਲੀਨ ਹੋ ਜਾਵੇਗੀ। ਕਾਰਨ ਸਰੀਰ ਦੀ ਹੋਂਦ ਕੀਤੇ ਕਰਮਾਂ ਦੇ ਸੰਸਕਾਰਾਂ ਕਾਰਨ ਹੀ ਹੈ, ਓਦਾਂ ਕਾਰਨ ਸਰੀਰ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ। ਕਾਰਨ ਸਰੀਰ ਦੇ ਖ਼ਤਮ ਹੋਣ ਨਾਲ ਸਥੂਲ ਅਤੇ ਅਸਥੂਲ ਦੋਨੋਂ ਇੱਕ ਦੂਜੇ ਦੇ ਵਿਚ ਸਮਾ ਜਾਂਦੇ ਹਨ। ਦੋਨਾਂ ਦੇ ਆਪਸ ਵਿਚ ਸਮਾਉਣ ਦੇ ਨਾਲ ਇੱਕ ਤੀਜਾ ਤੱਤ ਬਣ ਜਾਂਦਾ ਹੈ ਜੋ ਪਾਰਬ੍ਰਹਮ ਹੈ। ਸਮੁੰਦਰ ਅਤੇ ਲਹਿਰ ਦੇ ਵਿਚ ਕੋਈ ਅੰਤਰ ਨਹੀਂ ਹੈ, ਕੇਵਲ ਦੇਖਣ ਵਿਚ ਦੋਨੋਂ ਅਲੱਗ ਨਜ਼ਰ ਆਉਂਦੇ ਹਨ। ਆਪਣੇ ਆਪ ਨੂੰ ਲਹਿਰ ਸਮਝ ਲੈਣਾ ਹੀ ਅਗਿਆਨ ਹੈ। ਆਤਮਾ ਅਤੇ ਮਨ ਨੂੰ ਬਹੁਤ ਸ਼ਕਤੀ ਲਗਾਉਣੀ ਪੈਂਦੀ ਹੈ, ਕਾਰਨ ਸਰੀਰ ਦੇ ਅੰਦਰੋਂ ਕਰਮਾਂ ਦੇ ਸੰਸਕਾਰਾਂ ਨੂੰ ਨਸ਼ਟ ਕਰਨ ਦੇ ਲਈ। ਜੀਵ ਆਤਮਾ ਦੇ ਰਾਹੀਂ ਕੀਤੇ ਜਾ ਰਹੇ ਕਰਮਾਂ ਦੇ ਹਿਸਾਬ ਨਾਲ ਕਾਰਨ ਸਰੀਰ ਦੀ ਬਣਤਰ ਹਰ ਪਲ ਬਦਲਦੀ ਰਹਿੰਦੀ ਹੈ। ਸਰੀਰ ਦੇ ਖ਼ਤਮ ਹੋਣ ਨਾਲ ਕਾਰਨ ਸਰੀਰ ਅੰਦਰ ਇਕੱਤਰ ਹੋਏ ਸੰਸਕਾਰਾਂ ਦੇ ਹਿਸਾਬ ਨਾਲ ਜੀਵ ਆਤਮਾ ਦਾ ਆਪਣੇ ਆਪ ਨਵਾਂ ਜਨਮ ਹੋ ਜਾਂਦਾ ਹੈ। ਧਿਆਨ ਸਿਮਰਨ ਇਸ ਲਈ ਕਰਨਾ ਹੈ ਤਾਂ ਜੋ ਇਸ ਲੜੀ ਨੂੰ ਜਿਉਂਦੇ-ਜੀ ਖ਼ਤਮ ਕਰ ਕੇ ਉਸ ਪਰਮ ਅਨੰਦ ਮਈ ਜੀਵਨ ਨੂੰ ਜਿਉਂਦੇ-ਜੀ ਪ੍ਰਾਪਤ ਕਰ ਲਿਆ ਜਾਵੇ। ਜਦੋਂ ਤੱਕ ਕਾਰਨ ਸਰੀਰ ਦਾ ਲਿੰਕ ਟੁੱਟਦਾ ਨਹੀਂ, ਓਨਾ ਚਿਰ ਤੱਕ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬਿਨਾਂ ਆਤਮ ਗਿਆਨ ਦੇ ਜੀਵ ਆਤਮਾ ਨੂੰ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਔਰਤ ਅਤੇ ਮਰਦ ਦਾ ਸਰੀਰ

ਜਦੋਂ ਔਰਤ ਦੇ ਪੇਟ ਅੰਦਰ ਕਿਸੇ ਬੱਚੇ ਦਾ ਨਿਰਮਾਣ ਹੁੰਦਾ ਹੈ ਤਾਂ ਇੱਕ ਔਰਤ ਦੇ ਸਰੀਰ ਨੂੰ ਪੈਦਾ ਕਰਨ ਲਈ 51% ਸਰੀਰ ਦਾ ਹਿੱਸਾ ਔਰਤ ਤੋਂ ਆਉਂਦਾ ਹੈ ਅਤੇ 49% ਸਰੀਰ ਦਾ ਹਿੱਸਾ ਮਰਦ ਤੋਂ ਆਉਂਦਾ ਹੈ। ਇੱਕ ਮਰਦ ਦੇ ਸਰੀਰ ਦਾ ਨਿਰਮਾਣ ਕਰਨ ਲਈ 51% ਸਰੀਰ ਦਾ ਹਿੱਸਾ ਮਰਦ ਤੋਂ ਆਉਂਦਾ ਹੈ ਅਤੇ 49% ਸਰੀਰ ਦਾ ਹਿੱਸਾ ਔਰਤ ਤੋਂ ਆਉਂਦਾ ਹੈ। ਔਰਤ ਦੇ ਸਰੀਰ ਅੰਦਰ ਔਰਤ ਪੂਰੀ ਹੈ ਜਦਕਿ ਮਰਦ ਅਧੂਰਾ ਹੈ। ਇਸੇ ਹੀ ਤਰ੍ਹਾਂ ਇੱਕ ਮਰਦ ਦੇ ਸਰੀਰ ਅੰਦਰ ਮਰਦ ਪੂਰਾ ਹੈ ਜਦਕਿ ਔਰਤ ਅਧੂਰੀ ਹੈ। ਇਹ ਦੋਨੋਂ ਜੀਵਨ ਭਰ ਉਸ ਅਧੂਰੇ ਹਿੱਸੇ ਦੀ ਭਾਲ ਵਿਚ ਆਪਣਾ ਜੀਵਨ ਬਤੀਤ ਕਰਦੇ ਹਨ। ਜਦੋਂ ਇੱਕ ਮਰਦ ਕਿਸੇ ਔਰਤ ਨੂੰ ਦੇਖ ਕੇ ਉਸ ਵੱਲ ਆਕਰਸ਼ਿਤ ਹੁੰਦਾ ਹੈ ਤਾਂ ਇਸ ਨੂੰ ਲੱਗਦਾ ਹੈ ਕਿ ਇਹ ਉਸ ਦੇ ਅੰਦਰ ਵਾਲੀ ਅਧੂਰੀ ਔਰਤ ਹੈ ਜਿਸ ਦੀ ਉਸ ਨੂੰ ਭਾਲ ਸੀ। ਜਦੋਂ ਇਸ ਮਨੁੱਖ ਨੂੰ ਇਸ ਔਰਤ ਦੀ ਪ੍ਰਾਪਤੀ ਹੋ ਜਾਵੇਗੀ ਤਾਂ ਇਸ ਨੂੰ ਪਤਾ ਲੱਗੇਗਾ ਕਿ ਇਹ ਤਾਂ ਉਹ ਔਰਤ ਨਹੀਂ ਹੈ ਜਿਸ ਦੀ ਉਸ ਨੂੰ ਤਲਾਸ਼ ਸੀ। ਬਿਲਕੁਲ ਏਸੇ ਹੀ ਤਰ੍ਹਾਂ ਜਦੋਂ ਇੱਕ ਔਰਤ ਕਿਸੇ ਮਰਦ ਨੂੰ ਦੇਖ ਕੇ ਉਸ ਦੇ ਵੱਲ ਆਕਰਸ਼ਿਤ ਹੋ ਜਾਂਦੀ ਹੈ ਤਾਂ ਇਸ ਦੇ ਅੰਦਰ ਵੀ ਇਹ ਭਰਮ ਪੈਦਾ ਹੋ ਜਾਂਦਾ ਹੈ ਕਿ ਇਸ ਨੂੰ ਉਹ ਮਰਦ ਮਿਲ ਗਿਆ ਹੈ ਜਿਸ ਦੀ ਉਸ ਨੂੰ ਤਲਾਸ਼ ਸੀ ਪਰ ਇਸ ਦਾ ਭਰਮ ਵੀ ਕੁੱਝ ਹੀ ਦਿਨਾਂ ਦੇ ਅੰਦਰ ਟੁੱਟ ਜਾਵੇਗਾ। ਅੱਜ ਸਾਰੀ ਦੁਨੀਆਂ ਦੇ ਵਿਚ ਦੇਖਣ ਨੂੰ ਮਿਲਦਾ ਹੈ ਕਿ ਇੱਕ ਪਤਨੀ ਆਪਣੇ ਪਤੀ ਤੋਂ ਖ਼ੁਸ਼ ਨਹੀਂ ਹੈ ਅਤੇ ਇੱਕ ਪਤੀ ਆਪਣੀ ਪਤਨੀ ਤੋਂ ਖ਼ੁਸ਼ ਨਹੀਂ ਹੈ। ਇਹ ਦੋਨੋਂ ਇੱਕ ਕਾਲਪਨਿਕ ਜੀਵਨ ਸਾਥੀ ਦੀ ਤਲਾਸ਼ ਦੇ ਵਿਚ ਆਪਣਾ ਸਾਰਾ ਜੀਵਨ ਬਤੀਤ ਕਰਦੇ ਹਨ। ਇੱਕ ਦੂਜੇ ਦੇ ਨਾਲ ਜੀਵਨ ਭਰ ਰਹਿਣ ਦੇ ਬਾਵਜੂਦ ਵੀ ਇਹ ਦੋਨੋਂ ਇੱਕ ਦੂਜੇ ਤੋਂ ਅਣਜਾਣ ਰਹਿੰਦੇ ਹਨ। ਇਸ ਧਰਤੀ ਦੇ ਉੱਪਰ ਸ਼ਾਇਦ ਹੀ ਕਿਸੇ ਨੂੰ ਆਪਣੀ ਮਰਜ਼ੀ ਦਾ ਜੀਵਨ ਸਾਥੀ ਮਿਲਿਆ ਹੋਵੇ। ਔਰਤ ਅਤੇ ਮਰਦ ਦੇ ਵਿਚਕਾਰ ਦੂਰੀ ਹੋਣ ਕਾਰਨ ਆਕਰਸ਼ਨ ਪੈਦਾ ਹੋ ਜਾਂਦਾ ਹੈ ਜਿਸ ਦੇ ਕਾਰਨ ਇੱਕ ਦੂਜੇ ਦੇ ਵੱਲ ਖਿੱਚੇ ਚਲੇ ਆਉਂਦੇ ਹਨ। ਇੱਕ ਦਿਨ ਜਦੋਂ ਇਨ੍ਹਾਂ ਦਾ ਮਿਲਣ ਹੋਵੇਗਾ ਤਾਂ ਕੁੱਝ ਹੀ ਦਿਨਾਂ ਦੇ ਅੰਦਰ ਪੈਦਾ ਹੋਏ ਆਕਰਸ਼ਨ ਨੇ ਖ਼ਤਮ ਹੋ ਜਾਣਾ ਹੈ। ਕਈ ਜੋੜੇ ਪ੍ਰੇਮ ਵਿਆਹ ਕਰਵਾਉਂਦੇ ਹਨ। ਇਸ ਦੇ ਬਾਵਜੂਦ ਵੀ ਬਹੁਤ ਸਾਰੇ ਜੋੜਿਆਂ ਦੇ ਵਿਚ ਤਲਾਕ ਹੋ ਜਾਂਦਾ ਹੈ। ਜੇਕਰ ਪ੍ਰੇਮ ਵਿਆਹ ਕੀਤਾ ਸੀ ਤਾਂ ਫਿਰ ਤਲਾਕ ਲੈਣ ਦਾ ਕੀ ਕਾਰਨ ਹੈ ? ਨਕਲੀ ਆਕਰਸ਼ਨ ਜ਼ਿਆਦਾ ਚਿਰ ਨਹੀਂ ਬਣਿਆ ਰਹਿ ਸਕਦਾ। ਪਤੀ ਪਤਨੀ ਦਾ ਸਬੰਧ ਓਨਾ ਚਿਰ ਨਹੀਂ ਬਣੇਗਾ,

ਜਿੰਨਾ ਚਿਰ ਤੱਕ ਅੰਦਰ ਵਾਲੀ ਔਰਤ ਅਤੇ ਮਰਦ ਦਾ ਆਪਸ ਦੇ ਵਿਚ ਮਿਲਣ ਨਹੀਂ ਹੋ ਜਾਂਦਾ। ਧਿਆਨ ਸਿਮਰਨ ਕਰਦਿਆਂ ਕਰਦਿਆਂ ਇੱਕ ਦਿਨ ਔਰਤ ਦਾ ਮਿਲਣ ਆਪਣੇ ਅੰਦਰ ਵਾਲੇ ਮਰਦ ਦੇ ਨਾਲ ਹੋ ਜਾਣਾ ਹੈ ਅਤੇ ਇੱਕ ਮਰਦ ਦਾ ਮਿਲਣ ਆਪਣੇ ਅੰਦਰ ਵਾਲੀ ਔਰਤ ਦੇ ਨਾਲ ਹੋ ਜਾਣਾ ਹੈ। ਇਸ ਅੰਦਰ ਵਾਲੇ ਮਿਲਣ ਤੋਂ ਬਾਅਦ ਹੀ ਦੋਨਾਂ ਦਾ ਅਧੂਰਾਪਣ ਸਮਾਪਤ ਹੋ ਜਾਵੇਗਾ। ਬਾਅਦ ਵਿਚ ਜੀਵਨ ਸਾਥੀ ਭਾਵੇਂ ਜਿੱਦਾਂ ਦਾ ਮਰਜ਼ੀ ਹੋਵੇ, ਇਸ ਦੇ ਨਾਲ ਕੋਈ ਫ਼ਰਕ ਨਹੀਂ ਪੈਂਦਾ। ਸਰੀਰ ਦੇ ਅੰਦਰ ਵਾਲੇ ਅਧੂਰੇ ਹਿੱਸੇ ਦੇ ਮਿਲਨ ਤੋਂ ਬਾਅਦ ਹੀ ਮਨ ਅਤੇ ਆਤਮਾ ਦੀ ਤ੍ਰਿਪਤੀ ਹੋ ਸਕਦੀ ਹੈ। ਜਿਸ ਤੋਂ ਬਾਅਦ ਬਾਹਰ ਵਾਲੇ ਮਰਦ ਅਤੇ ਔਰਤ ਦਾ ਮਿਲਣ ਵੀ ਹੋ ਜਾਵੇਗਾ। ਉਸ ਤੋਂ ਬਾਅਦ ਇਹ ਦੋਨੋਂ ਆਪਣੇ ਮਨ ਅਤੇ ਤਨ ਤੋਂ ਇੱਕ ਦੂਜੇ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਜਾਣਗੇ।

ਵਾਸ਼ਨਾਵਾਂ, ਇੱਛਾਵਾਂ ਅਤੇ ਭਾਵਨਾਵਾਂ

ਜੇਕਰ ਮਨ ਜ਼ਿੰਦਾ ਹੈ ਤਾਂ ਇਸ ਦਾ ਕਾਰਨ ਹੈ ਮਨ ਦੇ ਅੰਦਰ ਵਾਸ਼ਨਾਵਾਂ ਅਤੇ ਇੱਛਾਵਾਂ ਹਨ, ਜੋ ਹਰ ਸਮੇਂ ਮਨ ਨੂੰ ਵਿਚਾਰਾਂ ਦੇ ਰਾਹੀਂ ਗਤੀ ਕਰਨ ਦੇ ਲਈ ਮਜਬੂਰ ਕਰੀ ਜਾ ਰਹੀਆਂ ਹਨ। ਜਦੋਂ ਤੱਕ ਇੱਛਾਵਾਂ ਰੂਪੀ ਨਦੀ ਦਾ ਪਾਣੀ ਪੂਰਨ ਤੌਰ ’ਤੇ ਸੁੱਕ ਨਹੀਂ ਜਾਂਦਾ, ਤਦ ਤੱਕ ਮਨ ਨੇ ਵਿਲੀਨ ਨਹੀਂ ਹੋਣਾ। ਆਤਮ ਗਿਆਨ ਹੋਣ ਤੋਂ ਬਾਅਦ ਮਨ ਵਾਸ਼ਨਾਵਾਂ ਤੋਂ ਮੁਕਤ ਹੋ ਜਾਂਦਾ ਹੈ। ਜਦੋਂ ਅਗਿਆਨ ਰੂਪੀ ਕੰਧ ਡਿੱਗ ਜਾਂਦੀ ਹੈ ਤਾਂ ਮਨੁੱਖ ਦੀ ਆਤਮਾ ਨੇ ਆਪ ਪਾਰਬ੍ਰਹਮ ਨੂੰ ਦੇਖ ਲੈਣਾ ਹੈ। ਲਗਾਤਾਰ ਧਿਆਨ ਸਿਮਰਨ ਕਰਨ ਦੇ ਨਾਲ ਮਨੁੱਖ ਦਾ ਮਨ ਵਾਸ਼ਨਾਵਾਂ ਅਤੇ ਇੱਛਾਵਾਂ ਤੋਂ ਮੁਕਤ ਹੁੰਦਾ ਜਾਵੇਗਾ। ਵਾਸ਼ਨਾਵਾਂ, ਇੱਛਾਵਾਂ ਦੇ ਖ਼ਤਮ ਹੋਣ ਨਾਲ ਜੋ ਸ਼ਕਤੀ ਮੁਕਤ ਹੋਵੇਗੀ, ਉਹ ਸ਼ਕਤੀ ਆਤਮਾ ਨੂੰ ਮਿਲਦੀ ਜਾਣੀ ਹੈ। ਜਦੋਂ ਮਨੁੱਖ ਆਪਣੀ ਸੁਰਤੀ ਨੂੰ ਇੱਕ ਇੱਕ ਕਰਕੇ ਸਾਰੀਆਂ ਵਾਸ਼ਨਾਵਾਂ ਅਤੇ ਇੱਛਾਵਾਂ ਦੇ ਵਿੱਚੋਂ ਮੁਕਤ ਕਰੀ ਜਾਂਦਾ ਹੈ ਤਾਂ ਇਸ ਦੇ ਨਾਲ ਮਨ ਅਤੇ ਆਤਮਾ ਦੋਨਾਂ ਨੇ ਗਤੀਹੀਣ ਹੋ ਜਾਣਾ ਹੈ। ਵਾਸ਼ਨਾਵਾਂ ਮੁਕਤ ਮਨ ਹੀ ਆਤਮਾ ਨੂੰ ਪਾਰਬ੍ਰਹਮ ਦੇ ਕਰੀਬ ਲੈ ਕੇ ਜਾ ਸਕਦਾ ਹੈ। ਮਨੁੱਖ ਦਾ ਦੁਬਾਰਾ ਜਨਮ ਵਾਸ਼ਨਾਵਾਂ ਹੀ ਕਰਵਾਉਂਦੀਆਂ ਹਨ। ਧਿਆਨ ਸਿਮਰਨ ਕਰਨ ਵਾਲਾ ਮਨੁੱਖ ਕਿਸੇ ਦੂਜੇ ਮਨੁੱਖ ਨੂੰ ਦੁੱਖ ਜਾਂ ਤਕਲੀਫ਼ਾਂ ਨਹੀਂ ਦੇ ਸਕਦਾ। ਜੇਕਰ ਮਨ ਦੇ ਅੰਦਰ ਇਸ ਤਰ੍ਹਾਂ ਦੇ ਕਰਮ ਨੂੰ ਕਰਨ ਦੀ ਭਾਵਨਾ ਪੈਦਾ ਹੋ ਜਾਵੇ ਤਾਂ ਇਸ ਦਾ ਕਾਰਨ ਹੈ ਅਚੇਤ ਮਨ ਦੇ ਅੰਦਰੋਂ ਵਿਚਾਰ ਗਤੀ ਕਰਦਾ ਹੋਇਆ ਚੇਤਨ ਮਨ ਦੇ ਅੰਦਰ ਪਰਵੇਸ਼ ਕਰ ਚੁੱਕਾ ਹੈ। ਸਾਧਕ ਨੇ ਉਸ ਵਿਚਾਰ ਨੂੰ ਆਉਂਦਿਆਂ ਨੂੰ ਦੇਖ ਕੇ ਜਾਗਰੂਕ ਹੋ ਜਾਣਾ ਹੈ, ਜਿਸ ਦੇ ਨਾਲ ਆਇਆ ਵਿਚਾਰ ਆਪਣੇ ਆਪ ਚੇਤਨ ਮਨ ਦੇ ਪਰਦੇ ਤੋਂ ਅਲੋਪ ਹੋ ਜਾਵੇਗਾ।

ਭਾਵਨਾਵਾਂ

ਜਦੋਂ ਮਨੁੱਖ ਪ੍ਰਸੰਨ ਜਾਂ ਗ਼ੁੱਸੇ ਦੇ ਵਿਚ ਹੋਵੇ ਤਾਂ ਇਨ੍ਹਾਂ ਦੋਨਾਂ ਅਵਸਥਾਵਾਂ ਵਿਚ ਕੋਈ ਵੀ ਫ਼ੈਸਲਾ ਜਾਂ ਵਾਧਾ ਨਹੀਂ ਕਰਨਾ ਚਾਹੀਦਾ। ਭਾਵਨਾਵਾਂ ਦੇ ਵੇਗ ਵਿਚ ਕੀਤੀ ਗਈ ਕੋਈ ਵੀ ਕਾਰਵਾਈ ਦੇ ਕਾਰਨ ਭਵਿੱਖ ਦੇ ਵਿਚ ਅਜੀਬੋ-ਗ਼ਰੀਬ ਕਿਸਮ ਦੀ ਸਥਿਤੀ ਪੈਦਾ ਹੋ ਸਕਦੀ ਹੈ। ਭਾਵਨਾ ਦੇ ਵਿਚ ਮਨ ਦੇ ਬਹਿਣ ਕਾਰਨ ਮਸਤਕ ਦੇ ਅੰਦਰ ਖ਼ੂਨ ਦੀ ਗਤੀ ਤੇਜ਼ ਹੋ ਜਾਂਦੀ ਹੈ। ਜਦੋਂ ਮਨੁੱਖ ਸਾਰੇ ਪਹਿਲੂਆਂ ਨੂੰ ਚੰਗੀ ਤਰ੍ਹਾਂ ਸੋਚ ਵਿਚਾਰ ਕਰਨ ਤੋਂ ਬਿਨਾਂ ਫ਼ੈਸਲਾ ਕਰੇਗਾ ਤਾਂ ਇਹ ਫ਼ੈਸਲਾ ਮਸਤਕ ਦੀ ਬਹੁਤ ਉੱਪਰਲੀ ਸੱਤਾ ਦੇ ਵਿੱਚੋਂ ਕੀਤਾ ਗਿਆ ਹੁੰਦਾ ਹੈ ਜਿਸ ਦੇ ਵਿਚ

ਬਹੁਤ ਜ਼ਿਆਦਾ ਗਹਿਰਾਈ ਨਹੀਂ ਹੁੰਦੀ। ਜਦੋਂ ਭਾਵਨਾ ਤੋਂ ਮੁਕਤ ਸ਼ਾਂਤ ਮਨ ਦੀ ਗਹਿਰਾਈ ਦੇ ਵਿੱਚੋਂ ਸਾਰੇ ਪਹਿਲੂਆਂ ਦਾ ਨਿਰੀਖਣ ਕਰਨ ਤੋਂ ਬਾਅਦ ਕੋਈ ਫ਼ੈਸਲਾ ਕੀਤਾ ਜਾਵੇ ਤਾਂ ਭਵਿੱਖ ਦੇ ਵਿਚ ਪੈਦਾ ਹੋਣ ਵਾਲੀਆਂ ਬਹੁਤ ਸਾਰੀਆਂ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ। ਭਾਵਨਾ ਦੇ ਵੇਗ ਵਿਚ ਕੀਤਾ ਗਏ ਵਾਧੇ ਜਾਂ ਫ਼ੈਸਲੇ ਦਾ ਅਕਸਰ ਮਨੁੱਖ ਨੂੰ ਬਾਅਦ ਵਿਚ ਪਛਤਾਵਾ ਰਹਿੰਦਾ ਹੈ। ਮਨੁੱਖ ਗ਼ੁੱਸੇ ਦੇ ਵਿਚ ਹੋਣ ਕਾਰਨ ਕਈ ਐਸੀਆਂ ਗੱਲਾਂ ਨੂੰ ਵੀ ਆਪਣੇ ਮੂੰਹੋਂ ਬੋਲ ਦੇਂਦਾ ਹੈ ਜਿਨ੍ਹਾਂ ਨੂੰ ਇਹ ਬੋਲਣਾ ਨਹੀਂ ਸੀ ਚਾਹੁੰਦਾ। ਇਸ ਤਰ੍ਹਾਂ ਦੇ ਵਿਵਹਾਰ ਕਰਨ ਦੇ ਨਾਲ ਕਈ ਚੰਗੇ ਰਿਸ਼ਤੇ ਵੀ ਖ਼ਤਮ ਹੋ ਜਾਂਦੇ ਹਨ। ਗ਼ੁੱਸੇ ਦੇ ਠੰਢੇ ਹੋਣ ਤੋਂ ਬਾਅਦ ਭਾਵੇਂ ਜਿੰਨੀਆਂ ਮਰਜ਼ੀ ਮਾਫ਼ੀਆਂ ਮੰਗੀਆਂ ਜਾਣ, ਦੁਬਾਰਾ ਤੋਂ ਪਹਿਲਾਂ ਵਰਗਾ ਰਿਸ਼ਤਾ ਕਾਇਮ ਨਹੀਂ ਕੀਤਾ ਜਾ ਸਕਦਾ। ਜੇਕਰ ਕੋਈ ਫ਼ਾਲਤੂ ਬੋਲ ਵੀ ਰਿਹਾ ਹੈ ਤਾਂ ਚੁੱਪ ਰਹੋ। ਜਿਸ ਮਨੁੱਖ ਨੂੰ ਕ੍ਰੋਧ ਆ ਗਿਆ ਹੈ ਕੋਸ਼ਿਸ਼ ਕਰੋ ਉਸ ਦੇ ਨਾਲ ਅਗਲੇ ਦਿਨ ਆਰਾਮ ਦੇ ਨਾਲ ਬੈਠ ਕੇ ਗੱਲਬਾਤ ਕੀਤੀ ਜਾਵੇ। ਕ੍ਰੋਧ ਵਿਚ ਮਨੁੱਖ ਪੂਰੀ ਤਰ੍ਹਾਂ ਸੌਂ ਜਾਂਦਾ ਹੈ। ਇਸ ਅਵਸਥਾ ਵਿਚ ਮਨੁੱਖ ਨੂੰ ਆਪਣੇ ਚੰਗੇ ਜਾਂ ਬੁਰੇ ਦਾ ਖ਼ਿਆਲ ਨਹੀਂ ਰਹਿੰਦਾ। ਅਸੀਂ ਗੱਲਬਾਤ ਦੇ ਨਾਲ ਪੈਦਾ ਹੋਏ ਮਸਲੇ ਨੂੰ ਹੋਰ ਚੰਗੇ ਤਰੀਕੇ ਨਾਲ ਸੁਲਝਾ ਸਕਦੇ ਹਾਂ। ਦੁਨੀਆਂ ਦੇ ਉੱਪਰ 99% ਫ਼ੈਸਲੇ ਟੇਬਲ ਉੱਪਰ ਬੈਠ ਕੇ ਕੀਤੇ ਜਾਂਦੇ ਹਨ। ਜੇਕਰ ਇੱਕ ਦੋ ਜਗ੍ਹਾ ਧੱਕਾ ਚੱਲ ਵੀ ਗਿਆ ਹੈ ਤਾਂ ਇਹ ਮਨ ਦੇ ਅੰਦਰੋਂ ਵਰਕਾ ਪਾੜ ਦੇਵੋ, ਹਮੇਸ਼ਾ ਇਸੇ ਹੀ ਤਰ੍ਹਾਂ ਹੋਵੇਗਾ। ਵਖਤ ਦਾ ਪਤਾ ਨਹੀਂ, ਕਦੋਂ ਤੁਹਾਡੇ ਉੱਪਰ ਕਿਸੇ ਨੇ ਪਲਟ ਕੇ ਵਾਰ ਕਰ ਦੇਣਾ ਹੈ। ਕਈ ਵਾਰ ਦਫ਼ਤਰਾਂ ਅੰਦਰ ਲੋਕ ਭਾਵਨਾ ਦੇ ਵੇਗ ਵਿਚ ਬਹਿਣ ਕਾਰਨ ਆਪਣੇ ਆਪ ਨੂੰ ਬਹੁਤ ਵੱਡੀ ਮੁਸੀਬਤ ਵਿਚ ਫਸਾ ਲੈਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਆਪਣੀ ਨੌਕਰੀ ਤੋਂ ਵੀ ਹੱਥ ਧੋਣਾ ਪੈ ਜਾਂਦਾ ਹੈ। ਬਾਅਦ ਵਿਚ ਇੱਕ ਆਦਮੀ ਦੀ ਨੌਕਰੀ ਗੁਆਚਣ ਦੇ ਨਾਲ ਉਸ ਦੇ ਸਾਰੇ ਪਰਿਵਾਰ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੀਆਂ ਭਾਵਨਾਵਾਂ ਨੂੰ ਸਮਝੋ, ਭਾਵਨਾ ਦਾ ਵੇਗ ਜ਼ਿਆਦਾ ਚਿਰ ਨਹੀਂ ਰਹਿੰਦਾ। ਕੁੱਝ ਸਮੇਂ ਬਾਅਦ ਮਨ ਨੇ ਸ਼ਾਂਤ ਹੋ ਜਾਣਾ ਹੈ। ਇੱਕ ਵਾਰ ਕੀਤੇ ਗਏ ਗ਼ਲਤ ਫ਼ੈਸਲੇ ਦਾ ਪਛਤਾਵਾ ਮਨੁੱਖ ਨੂੰ ਕੰਡੇ ਦੀ ਤਰ੍ਹਾਂ ਜੀਵਨ ਭਰ ਚੁੱਭਦਾ ਰਹਿੰਦਾ ਹੈ। ਆਪਣੀ ਜਗ੍ਹਾ ਬੇਸ਼ੱਕ ਮਨੁੱਖ ਸਹੀ ਹੋਵੇ, ਜੇਕਰ ਅਗਲਾ ਬੰਦਾ ਗ਼ੁੱਸੇ ਦੇ ਵਿਚ ਹੈ ਤਾਂ ਇਹ ਮਨੁੱਖ ਆਪਣੀ ਹੋਸ਼ ਹਵਾਸ ਖੋਹ ਚੁੱਕਾ ਹੈ। ਜੇਕਰ ਤੁਸੀਂ ਉਸ ਨੂੰ ਆਪਣੀ ਗੱਲ ਦੱਸਣਾ ਵੀ ਚਾਹੋ ਤਾਂ ਵੀ ਉਹ ਨਹੀਂ ਸੁਣੇਗਾ।

ਜਿਸ ਤਰ੍ਹਾਂ ਦੀ ਮਨੁੱਖ ਦੇ ਅੰਦਰ ਵਾਸ਼ਨਾ ਹੈ, ਉਸ ਨੇ ਉਸੇ ਹੀ ਤਰ੍ਹਾਂ ਦੇ ਕਰਮਾਂ ਨੂੰ ਕਰਨ ਦੀ ਕੋਸ਼ਿਸ਼ ਕਰਨੀ ਹੈ। ਇਸੇ ਸੰਖਲਾ ਨੂੰ ਤੋੜਨ ਦੇ ਲਈ ਸਾਧਕ ਨੂੰ ਆਪਣੇ ਆਪ ਨੂੰ ਬਾਰ ਬਾਰ ਸਾਧਨਾ ਦੀ ਭੱਠੀ ਦੇ ਵਿਚ ਝੋਕਣਾ ਪੈਂਦਾ ਹੈ। ਸਾਰੀਆਂ ਇੱਛਾਵਾਂ ਅਤੇ ਵਾਸ਼ਨਾਵਾਂ ਦੇ ਸ਼ਾਂਤ ਹੋਣ ਨਾਲ ਤੁਹਾਡੀ ਆਤਮਾ ਦੇ ਅੰਦਰ ਇੱਕ ਗਹਿਨ ਮੌਨ ਪ੍ਰਗਟ ਹੋ ਜਾਵੇਗਾ ਅਤੇ ਜਿਉਂਦੇ-ਜੀ ਜੀਵ ਆਤਮਾ ਸਹਿਜ ਵਿਚ ਪਰਵੇਸ਼ ਕਰ ਜਾਵੇਗੀ।

ਮਾਇਆ

ਮਾਇਆ ਕੀ ਹੈ ?

ਇਹ ਸੰਸਾਰ ਮਾਇਆ ਹੈ। ਇਸ ਨੇ ਜੀਵ ਆਤਮਾ ਨੂੰ ਮਾਇਆ ਜਾਲ ਦੇ ਰਾਹੀਂ ਆਪਣੇ ਆਪ ਦੇ ਨਾਲ ਬੰਨ੍ਹ ਕੇ ਰੱਖਿਆ ਹੋਇਆ ਹੈ। ਆਤਮ ਗਿਆਨ ਦੀ ਪ੍ਰਾਪਤੀ ਕਰਨ ਦੇ ਨਾਲ ਜੀਵ ਆਤਮਾ ਆਪਣੇ ਆਪ ਨੂੰ ਮੁਕਤ ਕਰ ਸਕਦੀ ਹੈ। ਸੰਸਾਰ ਨੂੰ ਇਸ ਦੇ ਲਈ ਮਾਇਆ ਕਿਹਾ ਜਾਂਦਾ ਹੈ, ਕਿਉਂਕਿ ਇਹ ਭਰਮ ਹੈ, ਮਿਥਿਆ ਹੈ। ਤੁਸੀਂ ਕਿਸੇ ਵੀ ਵਸਤੂ ਨੂੰ ਦੇਖ ਲਵੋ, ਉਸ ਦੇ ਅੰਦਰ ਇੱਕ ਕਿਰਿਆ ਚੱਲੀ ਜਾ ਰਹੀ ਹੈ। ਇਹ ਕਿਰਿਆ ਵਸਤੂ ਦੇ ਪੈਦਾ ਹੋਣ ਨਾਲ ਆਪਣੇ ਆਪ ਸ਼ੁਰੂ ਹੋ ਜਾਂਦੀ ਹੈ। ਇੱਕ ਸਮਾਂ ਆਵੇਗਾ ਜੋ ਕਿਰਿਆ ਸ਼ੁਰੂ ਹੋਈ ਸੀ, ਵਸਤੂ ਦੇ ਨਸ਼ਟ ਹੋਣ ਨਾਲ ਉਸ ਨੇ ਪੂਰੀ ਹੋ ਜਾਣਾ ਹੈ। ਜੋ ਕੁੱਝ ਵੀ ਸਾਨੂੰ ਦਿਖਾਈ ਦੇ ਰਿਹਾ ਹੈ ਇਹ ਸਭ ਕੁੱਝ ਅੰਦਰੋ-ਅੰਦਰੀ ਨਸ਼ਟ ਹੋਈ ਜਾ ਰਿਹਾ ਹੈ। ਇਸ ਕਾਰਨ ਮਨੁੱਖ ਨੂੰ ਸੰਸਾਰੀ ਪਦਾਰਥਾਂ ਦੇ ਨਾਲ ਸਬੰਧ ਜੋੜਨ ਤੋਂ ਮਨ੍ਹਾ ਕੀਤਾ ਗਿਆ ਹੈ ਤਾਂ ਜੋ ਉਸ ਦੇ ਨਾਲ ਸਬੰਧ ਜੋੜ ਲਿਆ ਜਾਵੇ ਜੋ ਨਾਸਵਾਨ ਨਹੀਂ ਹੈ।

ਇਸ ਮਾਇਆ ਰੂਪੀ ਸੰਸਾਰ ਦੇ ਭਰਮ ਨੂੰ ਤਾਂ ਹੀ ਤੋੜਿਆ ਜਾ ਸਕਦਾ ਹੈ, ਜਦੋਂ ਕੋਈ ਮਨੁੱਖ ਧਿਆਨ ਸਿਮਰਨ ਦੇ ਰਾਹੀਂ ਆਪਣੀ ਸੁਰਤੀ ਨੂੰ ਸਹਿਜ ਮੰਡਲ ਦੇ ਵਿਚ ਸਥਿਰ ਕਰ ਲੈਂਦਾ ਹੈ। ਇਹ ਤੱਤ ਬਦਲਾਉ ਤੋਂ ਰਹਿਤ ਹੈ। ਮਨੁੱਖ ਪਾਰਬ੍ਰਹਮ ਦੇ ਅੰਦਰ ਹੈ ਪਰ ਮਾਇਆ ਦੇ ਪ੍ਰਭਾਵ ਕਾਰਨ ਇਹ ਆਪਣੇ ਆਪ ਨੂੰ ਪਾਰਬ੍ਰਹਮ ਤੋਂ ਵੱਖ ਸਮਝਦਾ ਹੈ। ਮਨੁੱਖ ਮਾਇਆ ਦੇ ਪ੍ਰਭਾਵ ਵਿਚ ਆਉਣ ਕਾਰਨ ਮਾਇਆ ਰੂਪੀ ਸੰਸਾਰ ਨੂੰ ਸੱਚ ਸਮਝ ਲੈਂਦਾ ਹੈ। ਇਹ ਆਪਣੇ ਜੀਵਨ ਦਾ ਕੀਮਤੀ ਸਮਾਂ ਨਾਸਵਾਨ ਪਦਾਰਥਾਂ ਨੂੰ ਇਕੱਠਾ ਕਰਨ ਵਿਚ ਗਵਾਈ ਜਾਂਦਾ ਹੈ। ਇਸ ਨੂੰ ਪਤਾ ਉਦੋਂ ਲੱਗਦਾ ਹੈ ਜਦੋਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ ਹੁਣ ਕੁੱਝ ਨਹੀਂ ਹੋ ਸਕਦਾ। ਜੋ ਕਰਮ ਹੰਕਾਰ ਦੇ ਪ੍ਰਭਾਵ ਹੇਠਾਂ ਕੀਤੇ ਜਾਂਦੇ ਹਨ, ਉਨ੍ਹਾਂ ਤੋਂ ਕੇਵਲ ਦੁੱਖ ਹੀ ਉਤਪੰਨ ਹੁੰਦੇ ਹਨ। ਅਗਿਆਨੀ ਮਨੁੱਖ ਦੀ ਪਕੜ ਅਗਿਆਨਤਾ ਦੇ ਕਾਰਨ ਹੈ। ਉਹ ਆਪਣੇ ਆਪ ਨੂੰ ਕਰਤਾ ਸਮਝਦਾ ਹੈ, ਜਿਸ ਕਾਰਨ ਇਹ ਜੀਵਨ ਭਰ ਦੁੱਖਾਂ ਨੂੰ ਭੋਗਦਾ ਰਹਿੰਦਾ ਹੈ ਜਦਕਿ ਗਿਆਨੀ ਮਨੁੱਖ ਰੇਤਾ ਦੇ ਘਰ ਬਣਾਉਂਦਾ ਹੈ ਜਿਨ੍ਹਾਂ ਦੇ ਡਿੱਗਣ ਨਾਲ ਇਸ ਨੂੰ ਦੁੱਖ ਨਹੀਂ ਪਹੁੰਚਦਾ। ਜਦਕਿ ਅਗਿਆਨੀ ਮਨੁੱਖ ਪੱਥਰਾਂ ਦੇ ਘਰ ਬਣਾਉਂਦਾ ਹੈ ਜਿਨ੍ਹਾਂ ਦੇ ਵਿਚ ਇਸ ਨੇ ਆਪਣਾ ਹੰਕਾਰ ਸ਼ਾਮਲ ਕੀਤਾ ਹੁੰਦਾ ਹੈ।

ਜਦੋਂ ਵੀ ਇਸ ਦੇ ਦੁਆਰਾ ਬਣਾਏ ਗਏ ਘਰ ਨੂੰ ਕੋਈ ਡੇਗੇਗਾ ਤਾਂ ਇਸ ਦੇ ਹੰਕਾਰ ਨੂੰ ਬਹੁਤ ਠੇਸ ਪਹੁੰਚਣੀ ਹੈ। ਚੰਗੀਆਂ ਗੱਲਾਂ ਨੂੰ ਸੁਣਨ ਦੇ ਨਾਲ ਅੰਦਰ ਵਾਲਾ ਮਨੁੱਖ ਨਹੀਂ ਬਦਲ ਸਕਦਾ, ਉਸ ਨੇ ਅੰਦਰੋਂ ਉਸੇ ਹੀ ਤਰ੍ਹਾਂ ਦਾ ਰਹਿਣਾ ਹੈ। ਇਕਾਗਰ ਮਨ ਦੇ ਨਾਲ ਜਦੋਂ ਕੋਈ ਮਨੁੱਖ ਸਹਿਜ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ ਤਾਂ ਉਸ ਮਨੁੱਖ ਨੂੰ ਆਪਣੇ ਔਗੁਣਾਂ ਨੂੰ ਨੱਪਣ ਦੀ ਲੋੜ ਨਹੀਂ ਪੈਂਦੀ। ਕਿਸੇ ਵੀ ਮਨੁੱਖ ਦੇ ਉੱਪਰੋਂ ਮਾਇਆ ਦਾ ਪ੍ਰਭਾਵ ਤਦ ਤੱਕ ਖ਼ਤਮ ਨਹੀਂ ਹੋ ਸਕਦਾ, ਜਿੰਨਾ ਚਿਰ ਤੱਕ ਉਹ ਆਪ ਸਾਧਨਾ ਨਹੀਂ ਕਰਨ ਲੱਗ ਜਾਂਦਾ। ਜੀਵਨ ਦੇ ਵਿਚ ਪਰਮ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਚੰਗਾ ਘਰ ਜਾਂ ਜ਼ਿਆਦਾ ਧਨ ਦੌਲਤ ਨੂੰ ਪ੍ਰਾਪਤ ਕਰਨ ਦੇ ਨਾਲ ਨਹੀਂ ਬਣਦੀ। ਇਸ ਅਵਸਥਾ ਨੂੰ ਪ੍ਰਾਪਤ ਕਰਨ ਦੇ ਲਈ ਜਪ ਤਪ ਦੀ ਸਾਧਨਾ ਕਰਨੀ ਪੈਂਦੀ ਹੈ। ਬਾਅਦ ਵਿਚ ਇਹ ਅਵਸਥਾ ਮਨੁੱਖ ਦੇ ਅੰਦਰ ਆਪਣੇ ਆਪ ਬਣ ਜਾਂਦੀ ਹੈ। ਜਦੋਂ ਉਸ ਦੀ ਸੁਰਤੀ ਦਾ ਪਰਵੇਸ਼ ਸਹਿਜ ਮੰਡਲ ਦੇ ਅੰਦਰ ਹੋ ਜਾਂਦਾ ਹੈ ਤਾਂ ਸੁਰਤੀ ਅੰਦਰ ਵਾਲੇ ਆਕਾਸ਼ ਨੂੰ ਆਪ ਅਨੁਭਵ ਅਤੇ ਦੇਖ ਲੈਂਦੀ ਹੈ। ਜੋ ਵੀ ਮਨੁੱਖ ਪਰਮਾਤਮਾ ਰੂਪੀ ਫੁੱਲਾਂ ਦੇ ਬਾਗ਼ ਅੰਦਰ ਪਰਵੇਸ਼ ਕਰ ਜਾਂਦਾ ਹੈ, ਉਸ ਮਨੁੱਖ ਦੇ ਉੱਪਰੋਂ ਮਾਇਆ ਦਾ ਪ੍ਰਭਾਵ ਖ਼ਤਮ ਹੋ ਜਾਵੇਗਾ ਅਤੇ ਉਸ ਮਨੁੱਖ ਦੇ ਜੀਵਨ ਅੰਦਰ ਪਰਮ ਅਨੰਦ ਅਤੇ ਸ਼ਾਂਤੀ ਦਾ ਪਰਵੇਸ਼ ਹੋ ਜਾਵੇਗਾ।

ਬ੍ਰਹਮ ਗਿਆਨੀ ਦੀ ਅਵਸਥਾ

ਜਿਸ ਮਨੁੱਖ ਦੀ ਨਜ਼ਰ ਸੰਸਾਰ ਨੂੰ ਦੇਖਣ ਦੀ ਪਹਿਲਾਂ ਵਰਗੀ ਨਹੀਂ ਰਹਿ ਜਾਂਦੀ ਤਾਂ ਸਮਝ ਲੈਣਾ ਕਿ ਇਸ ਮਨੁੱਖ ਨੇ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਕਰ ਲਿਆ ਹੈ। ਜੋ ਮਨੁੱਖ ਆਤਮਾ ਤੱਤ ਦੇ ਵਿਚ ਲੀਨ ਹੋ ਗਿਆ ਹੈ, ਜੋ ਭੋਗਾਂ ਨੂੰ ਭੋਗਣ ਦੇ ਬਾਵਜੂਦ ਵੀ ਉਨ੍ਹਾਂ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੈ, ਉਹ ਮਨੁੱਖ ਬ੍ਰਹਮ ਗਿਆਨੀ ਹੈ, ਜੋ ਆਪਣੀ ਇੱਛਾ ਦੇ ਅਨੁਸਾਰ ਚੱਲਦਾ ਹੈ। ਇਸ ਅਵਸਥਾ ਨੂੰ ਪ੍ਰਾਪਤ ਮਨੁੱਖ ਸੰਸਾਰੀ ਮਨੁੱਖ ਦੇ ਵਾਂਗੂੰ ਪਾਪ ਪੁੰਨ ਦੀਆਂ ਵਾਸ਼ਨਾਵਾਂ ਦੇ ਵਿਚ ਨਹੀਂ ਲਿੱਬੜਦਾ। ਬ੍ਰਹਮ ਗਿਆਨੀ ਸਮੁੰਦਰ ਦੇ ਵਾਂਗੂੰ ਚੱਲਦਾ ਹੈ, ਅੰਦਰੋਂ ਗਤੀਹੀਣ ਹੈ, ਠਹਿਰਿਆ ਹੋਇਆ ਹੈ।

ਜਦੋਂ ਮਨੁੱਖ ਦੀ ਸੁਰਤੀ ਅਖੰਡ ਅਵਸਥਾ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਉਸ ਤੋਂ ਬਾਅਦ ਹੀ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਆਤਮ ਗਿਆਨ ਨੂੰ ਪ੍ਰਾਪਤ ਕਰਨ ਤੋਂ ਬਾਅਦ ਮਨੁੱਖ ਬ੍ਰਹਮ ਗਿਆਨੀ ਦੀ ਅਵਸਥਾ ਵਿਚ ਪਰਵੇਸ਼ ਕਰ ਜਾਂਦਾ ਹੈ। ਇਸ ਅਵਸਥਾ ਵਿਚ ਪਹੁੰਚਿਆ ਮਨੁੱਖ ਕਰਤਾ-ਭਾਵ ਤੋਂ ਮੁਕਤ ਹੈ, ਆਪਣੇ ਦੁਆਰਾ ਕੀਤੇ ਜਾ ਰਹੇ ਕਰਮਾਂ ਨੂੰ ਕੇਵਲ ਦੂਰੋਂ ਖਲੋ ਕੇ ਦੇਖਦਾ ਹੈ। ਜਦੋਂ ਮਨੁੱਖ ਸਾਧਨਾ ਦੇ ਰਾਹੀਂ ਸਹਿਜ ਅਵਸਥਾ ਵਿਚ ਪਰਵੇਸ਼ ਕਰਨ ਲੱਗਦਾ ਹੈ, ਉਸ ਦੀ ਸੁਰਤੀ ਨੇ ਅਖੰਡ ਤੱਤ ਦੇ ਵਿਚ ਲੀਨ ਹੁੰਦੀ ਜਾਣਾ ਹੈ। ਸੁਰਤੀ ਨੂੰ ਪਾਰਬ੍ਰਹਮ ਦੇ ਸਹਿਜ ਤੱਤ ਵਿਚ ਪੂਰਨ ਤੌਰ 'ਤੇ ਲੀਨ ਹੋਣ ਦੇ ਲਈ ਕਈ ਮਹੀਨਿਆਂ ਦਾ ਸਮਾਂ ਲੱਗ ਜਾਂਦਾ ਹੈ। ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਮਨੁੱਖ ਦੇ ਉੱਪਰ ਪਰਮ ਅਨੰਦ ਦੀ ਵਰਖਾ ਲਗਾਤਾਰ ਹੋਣ ਲੱਗ ਜਾਂਦੀ ਹੈ। ਉਸ ਮਹਾਂ ਅਨੰਦ ਅਤੇ ਪਰਮ ਸ਼ਾਂਤੀ ਦੇ ਅਨੰਦ ਨੂੰ ਮਾਣਦਾ ਹੋਇਆ ਆਪਣਾ ਜੀਵਨ ਬਤੀਤ ਕਰਦਾ ਹੈ। ਇਸ ਸੰਸਾਰ ਨੂੰ ਦੇਖ ਕੇ ਉਹ ਬਹੁਤ ਪ੍ਰਸੰਨ ਹੁੰਦਾ ਹੈ। ਉਸ ਨੂੰ ਗਿਆਨ ਹੋ ਚੁੱਕਾ ਹੈ ਕਿ ਇਹ ਜੋ ਦਿਖਾਈ ਦੇਣ ਵਾਲਾ ਜਗਤ ਹੈ, ਇਹ ਤਾਂ ਪਾਰਬ੍ਰਹਮ ਦੀ ਇੱਕ ਲੀਲ੍ਹਾ ਹੈ ਜਿਸ ਨੂੰ ਉਸ ਨੇ ਆਪ ਰਚਿਆ ਹੋਇਆ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਮਨੁੱਖ ਦੇ ਜੀਵਨ ਅੰਦਰ ਕਿਸੇ ਵੀ ਤਰ੍ਹਾਂ ਦੇ ਹਾਲਾਤ ਪੈਦਾ ਹੋ ਜਾਣ, ਪਰ ਉਸ ਦੇ ਅੰਦਰ ਵਾਲਾ ਸਥਿਰਤਾ ਦਾ ਪਰਬਤ ਨਹੀਂ ਡੋਲਦਾ। ਬ੍ਰਹਮ ਗਿਆਨੀ ਦੀ ਅਵਸਥਾ ਤੋਂ ਭਾਵ ਜਿਸ ਮਨੁੱਖ ਦਾ ਮਨ ਰੂਪੀ ਸ਼ੀਸ਼ਾ ਚਿੱਤਰਾਂ ਦੇ ਪ੍ਰਭਾਵ ਤੋਂ ਮੁਕਤ ਹੋ ਚੁੱਕਾ ਹੈ, ਉਸ ਦੇ ਅੰਦਰ ਕੇਵਲ ਸ਼ੁੱਧ ਚੇਤਨਾ ਦਾ ਪ੍ਰਕਾਸ਼ ਹੈ। ਇਸ ਮਨੁੱਖ ਦਾ ਸਰੀਰ ਆਪਣੇ ਖ਼ੁਦ ਦੇ ਪ੍ਰਕਾਸ਼ ਨਾਲ ਪ੍ਰਕਾਸ਼ਮਾਨ ਹੋਈ ਜਾ ਰਿਹਾ ਹੈ। ਇਸ ਮਨੁੱਖ ਨੇ ਆਪਣੀ ਆਤਮਾ, ਮਨ, ਪੰਜੇ ਕਰਮ ਇੰਦਰੀਆਂ, ਪੰਜੇ ਗਿਆਨ ਇੰਦਰੀਆਂ

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਰਾਗ, ਦਵੈਸ਼, ਇੱਛਾਵਾਂ ਵਾਸ਼ਨਾਵਾਂ ਆਦਿਕ ਇਨ੍ਹਾਂ ਸਾਰਿਆਂ ਨੂੰ ਇਕੱਠਾ ਕਰ ਕੇ ਆਪਣੇ ਹੱਥੀਂ ਸਹਿਜ ਮੰਡਲ ਨੂੰ ਅਰਪਣ ਕਰ ਦਿੱਤਾ ਸੀ, ਜਿਸ ਦੇ ਕਾਰਨ ਇਸ ਦੇ ਪ੍ਰਾਣਾਂ ਅੰਦਰੋਂ ਵੈਰਾਗ ਰੂਪੀ ਝਰਨਾ ਪ੍ਰਗਟ ਹੋ ਗਿਆ ਹੈ। ਇਹ ਅਵਸਥਾ ਬੱਦਲਾਂ ਰਹਿਤ ਅਸਮਾਨ ਦੀ ਤਰ੍ਹਾਂ ਹੈ। ਸਮਾਧੀ ਦੀ ਅਵਸਥਾ ਵਿਚ ਸਾਧਕ ਨੂੰ ਆਪਣੀ ਸੁਰਤੀ ਨੂੰ ਵਿਚਾਰਾਂ ਤੋਂ ਆਪ ਅਲੱਗ ਕਰਨ ਦੇ ਲਈ ਕੋਸ਼ਿਸ਼ ਕਰਨੀ ਪੈਂਦੀ ਹੈ। ਪਰ ਇਸ ਅਵਸਥਾ ਨੂੰ ਪ੍ਰਾਪਤ ਕਰਨ ਵਾਲੇ ਮਨੁੱਖ ਦੀ ਸੁਰਤੀ ਵਿਚਾਰਾਂ ਤੋਂ ਮੁਕਤ ਹੋਣ ਤੋਂ ਬਾਅਦ ਅਕਾਰਨ ਤੱਤ ਦੇ ਵਿਚ ਸਮਾ ਗਈ ਹੈ। ਜਿਸ ਤਰ੍ਹਾਂ ਆਕਾਸ਼ ਦੇ ਉੱਪਰ ਬੱਦਲ ਆ ਕੇ ਚਲੇ ਜਾਂਦੇ ਹਨ ਪਰ ਆਕਾਸ਼ ਆਪਣੇ ਆਪ ਦੇ ਵਿਚ ਸਥਿਰ ਰਹਿੰਦਾ ਹੈ, ਉਸ ਦੇ ਵਿਚ ਕੋਈ ਬਦਲਾਉ ਨਹੀਂ ਆਉਂਦਾ। ਬ੍ਰਹਮ ਗਿਆਨੀ ਦੇ ਜੀਵਨ ਵਿਚ ਦੁੱਖ ਆਉਣ ਜਾਂ ਸੁੱਖ ਆਉਣ, ਅੰਦਰ ਆਕਾਸ਼ ਵਾਲੀ ਅਵਸਥਾ ਸਦਾ ਬਣੀ ਰਹਿੰਦੀ ਹੈ। ਸੰਸਾਰਿਕ ਮਨੁੱਖ ਅਤੇ ਬ੍ਰਹਮ ਗਿਆਨੀ ਦੇ ਦੁਆਰਾ ਕੀਤੇ ਜਾ ਰਹੇ ਕਰਮ ਇੱਕੋ ਜਿਹੇ ਹੁੰਦੇ ਹਨ, ਕੇਵਲ ਵਾਸ਼ਨਾ ਦਾ ਫ਼ਰਕ ਹੁੰਦਾ ਹੈ। ਇਸ ਅਵਸਥਾ ਵਿਚ ਪਹੁੰਚੇ ਮਨੁੱਖ ਦੇ ਦੁਆਰਾ ਕੀਤੇ ਜਾ ਰਹੇ ਕਰਮਾਂ ਦੇ ਸੰਸਕਾਰ ਨਹੀਂ ਬਣਦੇ। ਕਰਤਾ-ਭਾਵ ਤੋਂ ਮੁਕਤ ਹੋਣ ਤੋਂ ਬਾਅਦ ਹੀ ਕਿਸੇ ਮਨੁੱਖ ਨੂੰ ਬ੍ਰਹਮ ਗਿਆਨੀ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਮਨ ਦੇ ਗਤੀ ਰਹਿਤ ਹੋਣ ਦੇ ਨਾਲ ਇੰਦਰੀਆਂ ਦੀ ਪਿਆਸ ਵੀ ਖ਼ਤਮ ਹੋ ਜਾਂਦੀ ਹੈ। ਜਿਸ ਤਰ੍ਹਾਂ ਬਿਜਲੀ ਦੇ ਉਪਕਰਨ ਬਿਜਲੀ ਦੇ ਬਿਨਾਂ ਗਤੀਹੀਣ ਹੋ ਜਾਂਦੇ ਹਨ, ਇਸ ਮਨੁੱਖ ਦੇ ਲਈ ਮਾਨ ਅਪਮਾਨ, ਉਪਮਾ ਨਿੰਦਾ ਇੱਕ-ਸਮਾਨ ਹੈ ਨਾ ਤਾਂ ਕੋਈ ਆਪਣਾ ਹੈ ਅਤੇ ਨਾ ਹੀ ਕੋਈ ਬੇਗਾਨਾ। ਜਦੋਂ ਮਨੁੱਖ ਦੀ ਸਮ-ਦ੍ਰਿਸ਼ਟੀ ਹੋ ਜਾਂਦੀ ਹੈ ਤਾਂ ਪਰਮਾਤਮਾ ਦੇ ਸਾਰੇ ਗੁਣ ਉਸ ਮਨੁੱਖ ਦੇ ਅੰਦਰ ਪਰਵੇਸ਼ ਕਰ ਜਾਂਦੇ ਹਨ। ਇਸ ਮਨੁੱਖ ਨੂੰ ਆਪਣੇ ਮੂੰਹ ਦੇ ਨਾਲ ਜਾਪ ਕਰਨ ਦੀ ਲੋੜ ਨਹੀਂ ਪੈਂਦੀ, ਬਲਕਿ ਸਰੀਰ ਦੇ ਅੰਦਰ ਪ੍ਰਕਾਸ਼ ਦੀ ਗਤੀ ਹੋਣ ਕਾਰਨ ਸਰੀਰ ਦਾ ਇੱਕ ਇੱਕ ਰੋਮ ਦਿਨ ਰਾਤ ਪਰਮਾਤਮਾ ਦਾ ਜਾਪ ਕਰੀ ਜਾਂਦਾ ਹੈ। ਇਸ ਮਨੁੱਖ ਦੀ ਸੁਰਤੀ ਰੂਪ, ਰੰਗ ਨਾ ਰੇਖ ਵਾਲੇ ਤੱਤ ਨੂੰ ਅਨੁਭਵ ਕਰਨ ਤੋਂ ਬਾਅਦ ਨਿਰ-ਆਕਾਰ ਵਿਚ ਲੀਨ ਹੋ ਚੁੱਕੀ ਹੈ। ਇਸ ਮਨੁੱਖ ਦਾ ਕੇਵਲ ਹੋਣਾ-ਭਾਵ ਬਾਕੀ ਹੈ, ਸੁਰਤੀ ਪਾਰਬ੍ਰਹਮ ਦੇ ਵਿਚ ਲੀਨ ਹੈ। ਜਿਸ ਤਰ੍ਹਾਂ ਦਿਨ ਦੇ ਵਿਚ ਰਾਤ ਸਮਾ ਜਾਂਦੀ ਹੈ, ਕਿਰਿਆ ਰਹਿਤ ਅਵਸਥਾ ਨੂੰ ਪ੍ਰਾਪਤ ਕਰਨ ਦੇ ਨਾਲ ਇਸ ਮਨੁੱਖ ਦੇ ਅੰਦਰੋਂ ਰਾਗ ਅਤੇ ਦੋਸ਼ ਖ਼ਤਮ ਹੋ ਗਏ ਹਨ। ਇਹ ਮਨੁੱਖ ਇੱਛਾ ਮੁਕਤ ਹੈ। ਸ਼ੁੱਭ ਅਤੇ ਅਸ਼ੁੱਭ ਤੋਂ ਮੁਕਤ ਹੈ। ਪਰਮਾਤਮਾ ਨੂੰ ਪਾਉਣਾ ਮਤਲਬ ਪਰਮਾਤਮਾ ਦੇ ਵਰਗਾ ਹੋ ਜਾਣਾ ਹੈ। ਬ੍ਰਹਮ ਗਿਆਨੀ ਅਤੇ ਪਰਮਾਤਮਾ ਦੇ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ, ਕਿਉਂਕਿ ਬ੍ਰਹਮ ਗਿਆਨੀ ਜਗਤ ਨੂੰ ਜਿਸ ਬਿੰਦੂ ਤੋਂ ਦੇਖ ਰਿਹਾ ਹੈ, ਪਰਮਾਤਮਾ ਵੀ ਜਗਤ ਨੂੰ ਉਸੇ ਬਿੰਦੂ ਤੋਂ ਹੀ ਦੇਖਦਾ ਹੈ। ਜੋ ਮਨੁੱਖ ਆਪਣੀ ਸੁਰਤੀ ਨੂੰ ਇਨ੍ਹਾਂ ਤਿੰਨਾਂ ਤੱਤਾਂ (ਰੂਪ, ਰੰਗ, ਰੇਖ) ਦੇ ਵਿਚ ਇਕਾਗਰ ਕਰ ਕੇ ਧਿਆਨ ਸਿਮਰਨ ਕਰਦਾ ਹੈ, ਉਸ ਮਨੁੱਖ ਦੀ ਸੁਰਤੀ ਕਦੇ ਵੀ ਵਿਚਾਰਾਂ ਵਾਲੇ ਜਗਤ ਤੋਂ ਮੁਕਤ ਹੋ ਕੇ ਅੱਗੇ ਨਹੀਂ ਜਾ ਸਕਦੀ। ਬ੍ਰਹਮ ਗਿਆਨੀ ਦੀ ਸੁਰਤੀ

ਅਖੰਡ ਅਵਸਥਾ ਵਿਚ ਪਰਵੇਸ਼ ਕਰਨ ਤੋਂ ਬਾਅਦ ਉੱਥੇ ਸਥਿਰ ਹੋ ਜਾਂਦੀ ਹੈ, ਜਿਸ ਦੇ ਨਾਲ ਅਗਿਆਨਤਾ ਰੂਪੀ ਭਰਮ ਦਾ ਘੜਾ ਟੁੱਟ ਜਾਂਦਾ ਹੈ। ਇਸ ਅਵਸਥਾ ਨੂੰ ਅਨੁਭਵ ਕਰਨ ਤੋਂ ਬਾਅਦ ਮਨੁੱਖ ਅੰਦਰੋਂ ਚੁੱਪ ਹੋ ਜਾਂਦਾ ਹੈ। ਬ੍ਰਹਮ ਗਿਆਨੀ ਨੂੰ ਕਿਸੇ ਵੀ ਕਰਮ ਨੂੰ ਕਰਨ ਦੇ ਲਈ ਬੁਰੇ ਦੇ ਵਿੱਚੋਂ ਚੰਗੇ ਕਰਮਾਂ ਦੀ ਚੋਣ ਨਹੀਂ ਕਰਨੀ ਪੈਂਦੀ ਕਿ ਇਹ ਜ਼ਹਿਰ ਹੈ ਜਾਂ ਇਹ ਅੰਮ੍ਰਿਤ ਹੈ, ਉਹ ਜਿਸ ਨੂੰ ਵੀ ਪੀਂਦਾ ਹੈ ਉਹੀ ਅੰਮ੍ਰਿਤ ਬਣ ਜਾਵੇਗਾ। ਉਸ ਦੇ ਰਾਹੀਂ ਕੀਤੇ ਜਾ ਰਹੇ ਕਾਰਜ ਇੱਕ ਮਨੁੱਖ ਦੇ ਨਹੀਂ ਹਨ ਬਲਕਿ ਪਾਰਬ੍ਰਹਮ ਦੇ ਵੱਲੋਂ ਕੀਤੇ ਜਾ ਰਹੇ ਹਨ। ਬ੍ਰਹਮ ਗਿਆਨੀ ਨਾ ਤਾਂ ਭੋਗਾਂ ਨੂੰ ਭੋਗਦਾ ਹੈ ਅਤੇ ਨਾ ਹੀ ਭੋਗਾਂ ਦਾ ਤਿਆਗ ਕਰਦਾ ਹੈ। ਉਹ ਨਿਰਲੇਪ ਅਵਸਥਾ ਵਿਚ ਬੈਠਿਆ ਰਹਿੰਦਾ ਹੈ। ਉਸ ਮਨੁੱਖ ਨੂੰ ਮਾਇਆ ਰੂਪ ਦੇ ਨਾਲ ਜਾਂ ਮੋਹ ਦੇ ਨਾਲ ਜਾਂ ਪਦਾਰਥਾਂ ਦੇ ਨਾਲ ਭਰਮਾ ਨਹੀਂ ਸਕਦੀ। ਉਸ ਦਾ ਮਨ ਆਤਮਾ ਰੂਪੀ ਸਾਗਰ ਦੇ ਅੰਦਰ ਸਮਾ ਕੇ ਉਸੇ ਦਾ ਰੂਪ ਹੋ ਚੁੱਕਿਆ ਹੈ। ਹੁਣ ਮਨ ਦੇ ਰਾਹੀਂ ਕੀਤੇ ਜਾ ਰਹੇ ਕਾਰਜਾਂ ਦਾ ਕਰਤਾ ਨਿਰਮਲ ਆਤਮਾ ਹੀ ਹੈ। ਬ੍ਰਹਮ ਗਿਆਨੀ ਨੇ ਆਪਣੇ ਮਨ ਦੀ ਝੀਲ ਉੱਪਰ ਵਾਸ਼ਨਾ ਰੂਪੀ ਵਿਚਾਰਾਂ ਦੀਆਂ ਲਹਿਰਾਂ ਨੂੰ ਪੈਦਾ ਹੋਣ ਤੋਂ ਰੋਕ ਲਿਆ ਹੈ। ਵਿਚਾਰ ਰਹਿਤ ਮਨੁੱਖ ਬ੍ਰਹਮ ਗਿਆਨੀ ਹੈ, ਚਾਹੇ ਉਹ ਕਿਸੇ ਵੀ ਦੇਸ਼ ਦਾ ਹੋਵੇ ਜਾਂ ਕਿਸੇ ਵੀ ਧਰਮ ਦਾ ਹੋਵੇ ਜਾਂ ਕਿਸੇ ਵੀ ਜਾਤ ਦਾ ਹੋਵੇ, ਇਸ ਅਚੱਲ ਅਵਸਥਾ ਨੂੰ ਪ੍ਰਾਪਤ ਮਨੁੱਖ ਦੀ ਸੁਰਤੀ ਇੰਦਰੀਆਂ ਹੋਣ ਦੇ ਬਾਵਜੂਦ ਉਨ੍ਹਾਂ ਦੇ ਵਿਚ ਗਤੀ ਨਹੀਂ ਕਰਦੀ। ਉਹ ਮਨੁੱਖ ਬ੍ਰਹਮ ਗਿਆਨੀ ਹੈ ਜਿਸ ਦੀ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਕੇ ਨਿਰ-ਵਿਚਾਰ ਅਵਸਥਾ ਵਿਚ ਲੀਨ ਹੋ ਚੁੱਕੀ ਹੈ। ਕਿਸੇ ਡੇਰੇ ਜਾਂ ਕਿਸੇ ਸੰਸਥਾ ਦੇ ਪ੍ਰਧਾਨ ਨੂੰ ਬ੍ਰਹਮ ਗਿਆਨੀ ਕਹਿਣਾ ਉੱਚਿਤ ਨਹੀਂ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਮਨੁੱਖ ਦੇ ਲਈ ਸਾਰਾ ਸੰਸਾਰ ਉਸ ਦਾ ਆਪਣਾ ਘਰ ਹੈ। ਬ੍ਰਹਮ ਗਿਆਨੀ ਜਿਸ ਵੀ ਜਗ੍ਹਾ ਉੱਪਰ ਜਾਵੇਗਾ, ਉਸ ਦਾ ਪ੍ਰਭਾਵ ਦੇਖਣ ਨੂੰ ਮਿਲੇਗਾ। ਉਸ ਦੇ ਆਲੇ-ਦੁਆਲੇ ਆਉਣ ਵਾਲੀ ਹਵਾ ਦੇ ਅੰਦਰ ਦਾ ਤੱਤ ਬਦਲ ਜਾਂਦਾ ਹੈ। ਇਸ ਮਨੁੱਖ ਦਾ ਪ੍ਰਭਾਵ ਕੇਵਲ ਮਨੁੱਖਾਂ ਦੇ ਉੱਪਰ ਹੀ ਨਹੀਂ ਪੈਂਦਾ, ਬਲਕਿ ਜਾਨਵਰ, ਪੰਛੀ, ਪੇੜ ਪੌਦੇ ਵੀ ਇਸ ਮਨੁੱਖ ਦੀ ਮੌਜੂਦਗੀ ਨੂੰ ਮਹਿਸੂਸ ਕਰਦੇ ਹਨ। ਇਸ ਅਵਸਥਾ ਵਿਚ ਪਹੁੰਚੇ ਮਨੁੱਖ ਦੇ ਨਾਲ ਹਮੇਸ਼ਾ ਸਕਾਰਾਤਮਿਕ ਊਰਜਾ ਮੌਜੂਦ ਰਹਿੰਦੀ ਹੈ, ਪਰ ਉਹੀ ਮਨੁੱਖ ਇਸ ਨੂੰ ਮਹਿਸੂਸ ਕਰ ਕਰਦੇ ਹਨ, ਜਿਨ੍ਹਾਂ ਦੀ ਮਨ ਰੂਪੀ ਜ਼ਮੀਨ ਤਿਆਰ ਹੈ, ਜਿਸ ਦੀ ਮਨ ਰੂਪੀ ਜ਼ਮੀਨ ਬੰਜਰ ਹੈ, ਉਹ ਮਨੁੱਖ ਇੱਕ ਐਸਾ ਅਭਾਗਾ ਹੈ ਜਿਸ ਨੇ ਵਗਦੇ ਹੋਏ ਦਰਿਆ ਦੇ ਕੰਢੇ 'ਤੇ ਇੱਕ ਘੜੇ ਵਾਂਗੂੰ ਪਿਆਸਾ ਰਹਿ ਜਾਣਾ ਹੈ ਕਿਉਂਕਿ ਆਪਣੇ ਅੰਦਰ ਪਾਣੀ ਨੂੰ ਗ੍ਰਹਿਣ ਕਰਨ ਦੇ ਲਈ ਝੁਕਣਾ ਪੈਂਦਾ ਹੈ। ਇਹ ਮਨੁੱਖ ਆਪਣੇ ਹੰਕਾਰ ਦੇ ਕਾਰਨ ਝੁਕਣਾ ਨਹੀਂ ਚਾਹੁੰਦਾ। ਜਿਨ੍ਹਾਂ ਮਨੁੱਖ ਦੇ ਅੰਦਰ ਹੰਕਾਰ ਹੈ ਭਾਵੇਂ ਉਨ੍ਹਾਂ ਦੇ ਲਾਗੇ ਦਰਿਆ ਵੀ ਵਗਦਾ ਰਹੇ, ਫਿਰ ਵੀ ਉਸ ਨੇ ਪਿਆਸਾ ਰਹਿ ਜਾਣਾ ਹੈ। ਇਹ ਉਹ ਮਨੁੱਖ ਹੈ ਜਿਸ ਨੂੰ ਇੱਕ ਸਾਜ਼ ਤਾਂ ਮਿਲਿਆ ਸੀ ਜਿਸ ਦੇ ਰਾਹੀਂ ਜੀਵਨ ਦੇ ਅੰਦਰ ਸੰਗੀਤ ਪੈਦਾ ਕੀਤਾ ਜਾ ਸਕਦਾ ਸੀ, ਪਰ ਇਸ ਨੇ ਸਾਜ਼ ਨੂੰ ਵਜਾਉਣਾ ਤਾਂ ਦੂਰ

ਦੀ ਗੱਲ, ਕਦੇ ਉਸ ਦੇ ਵੱਲ ਤੱਕਿਆ ਵੀ ਨਹੀਂ। ਸੰਸਾਰਿਕ ਮਨੁੱਖ ਰਹਿਤ ਮਰਿਆਦਾ ਦੇ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਜੋ ਗੱਲਾਂ ਕਿਤਾਬਾਂ ਦੇ ਵਿਚ ਲਿਖੀਆਂ ਹਨ, ਉਨ੍ਹਾਂ ਦੇ ਅਨੁਸਾਰ ਚੱਲਦਾ ਹੈ। ਬ੍ਰਹਮ ਗਿਆਨੀ ਅਨੁਸ਼ਾਸਨ ਤੋਂ ਮੁਕਤ ਹੈ। ਵਿਚਾਰ ਰਹਿਤ ਚੇਤਨਾ ਹੀ ਬ੍ਰਹਮ ਹੈ, ਪਰਮ ਅਨੰਦ ਹੈ। ਗਗਨ ਗੁਫ਼ਾ ਸੁਰਤੀ ਦਾ ਘਰ ਹੈ। ਗਗਨ ਗੁਫ਼ਾ ਚੇਤਨ ਮਨ ਦੇ ਹੀ ਅੰਦਰ ਹੈ। ਸੁਰਤੀ ਦੋ ਤਰੀਕਿਆਂ ਦੇ ਨਾਲ ਕਾਰਜ ਕਰ ਸਕਦੀ ਹੈ ਇੱਕ ਤਾਂ ਗਗਨ ਗੁਫ਼ਾ ਦੇ ਅੰਦਰੋਂ ਆਪ ਬਾਹਰ ਨਿਕਲ ਕੇ ਅਤੇ ਇੱਕ ਦੂਜਾ ਹੋਰ ਤਰੀਕੇ ਨਾਲ ਸੁਰਤੀ ਗਤੀ ਕਰਦੀ ਹੈ। ਜਿਸ ਦੇ ਵਿਚ ਸੁਰਤੀ ਗਗਨ ਗੁਫ਼ਾ ਦੇ ਅੰਦਰ ਹੀ ਰਹਿੰਦੀ ਹੈ ਅਤੇ ਆਪਣੇ ਸਾਰੇ ਕਾਰਜ ਨੂੰ ਅੰਦਰ ਰਹਿ ਕੇ ਕਰਦੀ ਹੈ, ਸਾਰੀ ਸਾਧਨਾ ਇਸ ਦੇ ਲਈ ਕਰਨੀ ਹੈ ਤਾਂ ਜੋ ਸੁਰਤੀ ਗਗਨ ਗੁਫ਼ਾ ਦੇ ਅੰਦਰ ਹੀ ਰਹੇ ਅਤੇ ਜੀਵਨ ਦੇ ਸਾਰੇ ਕਾਰਜਾਂ ਨੂੰ ਕੀਤਾ ਜਾਵੇ। ਜਦੋਂ ਚੇਤਨ ਮਨ ਦੇ ਅੰਦਰ ਵਿਚਾਰ ਆਉਣੇ ਬੰਦ ਹੋ ਜਾਂਦੇ ਹਨ ਤਾਂ ਸੁਰਤੀ ਨੇ ਗਗਨ ਗੁਫ਼ਾ ਦੇ ਵਿਚ ਸਥਿਰ ਹੋ ਜਾਣਾ ਹੈ। ਇਸ ਦੀ ਸਥਿਤੀ ਹਵਾ ਰਹਿਤ ਕਮਰੇ ਦੇ ਅੰਦਰ ਬਲ ਰਹੇ ਦੀਪਕ ਦੀ ਜੋਤ ਵਾਂਗੂੰ ਹੋ ਜਾਵੇਗੀ। ਇਸ ਨੇ ਆਪਣੇ ਆਪ ਦੇ ਵਿਚ ਸਥਿਰ ਹੋ ਜਾਣਾ ਹੈ। ਮਨ ਦੇ ਅੰਦਰ ਸੁਰਤੀ ਜਦੋਂ ਬਿਨਾਂ ਹਿੱਲੇ ਜੁੱਲੇ ਵਿਚਾਰਾਂ ਰੂਪੀ ਸੰਸਾਰ ਦੇ ਪਰਛਾਵਿਆਂ ਤੋਂ ਮੁਕਤ ਹੋ ਕੇ ਆਪਣੇ ਆਪ ਵਿਚ ਸਥਿਰ ਹੋ ਜਾਂਦੀ ਹੈ, ਉਸ ਤੋਂ ਬਾਅਦ ਆਵਾਜ਼ ਰਹਿਤ ਨਾਦ ਨੂੰ, ਸਪਰਸ਼ ਰਹਿਤ ਸਪਰਸ਼ ਨੂੰ, ਰਸ ਰਹਿਤ ਰਸ ਨੂੰ, ਦ੍ਰਿਸ਼ ਰਹਿਤ ਦ੍ਰਿਸ਼ ਨੂੰ, ਗੰਧ ਰਹਿਤ ਗੰਧ ਵਾਲੀ ਅਵਸਥਾ ਅਨੰਦ ਨੂੰ ਇੱਕ ਬ੍ਰਹਮ ਗਿਆਨੀ ਹੀ ਮਾਣਦਾ ਹੈ। ਇਹ ਹੈ ਪਾਰਬ੍ਰਹਮ ਦਾ ਅਨੁਭਵ। ਬ੍ਰਹਮ ਗਿਆਨੀ ਉਹ ਮਨੁੱਖ ਹੈ ਜੋ ਪਰਮਾਤਮਾ ਦੀ ਖੋਜ ਕਰਨ ਗਿਆ ਸੀ। ਪਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਾਅਦ ਆਪ ਵੀ ਗਵਾਚ ਗਿਆ ਹੈ।

ਬ੍ਰਹਮ ਗਿਆਨੀ ਜੋ ਸਹਿਜ ਅਵਸਥਾ ਵਿਚ ਪਹੁੰਚ ਚੁੱਕਾ ਹੈ, ਨਿਰ-ਵਿਚਾਰ ਅਵਸਥਾ ਹੀ ਸਹਿਜ ਅਵਸਥਾ ਹੈ। ਦੋ ਨਹੀਂ ਹਨ, ਇੱਕ ਹੀ ਹੈ। ਸੰਸਕਾਰਾਂ ਦੇ ਲੇਖੇ ਖ਼ਤਮ ਹੋ ਚੁੱਕੇ ਹਨ। ਜਿਸ ਦਾ ਲੇਖਾ-ਜੋਖਾ ਕੀਤਾ ਜਾਣਾ ਸੀ, ਉਹ ਤਾਂ ਹੁਣ ਨਹੀਂ ਹੈ। ਇਸ ਅਵਸਥਾ ਨੂੰ ਸਮਾਧੀ ਦੇ ਰਾਹੀਂ ਅਨੁਭਵ ਕਰਨ ਵਾਲੀ ਜੀਵ ਆਤਮਾ ਬ੍ਰਹਮ ਚੇਤਨਾ ਰੂਪੀ ਨਦੀ ਦੇ ਅੰਦਰ ਸਦਾ ਦੇ ਲਈ ਲੀਨ ਹੋ ਚੁੱਕੀ ਹੈ। ਇੰਦਰੀਆਂ ਤੋਂ ਮੁਕਤ ਮਨੁੱਖ ਹੀ ਬ੍ਰਹਮ ਗਿਆਨੀ ਹੈ।

ਸਾਧਕ ਨੂੰ ਸਾਫ਼ ਦਿਖਾਈ ਦੇਂਦਾ ਹੈ ਕਿ ਮਛਲੀ ਨੂੰ ਪਕੜਨ ਵਾਸਤੇ ਮਾਇਆ ਰੂਪੀ ਸ਼ਿਕਾਰੀ ਨੇ ਚਾਰੇ ਦੇ ਅੰਦਰ ਕਰਮ ਰੂਪੀ ਕੁੰਡੀ ਨੂੰ ਛੁਪਾ ਕੇ ਰੱਖਿਆ ਹੈ, ਜਿਸ ਨੂੰ ਉਹ ਨਹੀਂ ਖਾਂਦਾ। ਉਸ ਨੂੰ ਗਿਆਨ ਹੈ ਇਸ ਤਰ੍ਹਾਂ ਦੇ ਕਰਮਾਂ ਨੂੰ ਕਰਨ ਦੇ ਨਾਲ ਉਤਪੰਨ ਹੋਏ ਸੰਸਕਾਰਾਂ ਨੂੰ ਭੋਗਣਾ ਪੈ ਸਕਦਾ ਹੈ। ਜੇਕਰ ਮਨੁੱਖ ਨੂੰ ਪਤਾ ਲੱਗ ਜਾਵੇ ਕਿ ਖਾਣੇ ਅੰਦਰ ਜ਼ਹਿਰ ਮਿਲਿਆ ਹੈ ਤਾਂ ਕੋਈ ਜ਼ਹਿਰ ਵਾਲੇ ਖਾਣੇ ਨੂੰ ਕਿਸ ਤਰ੍ਹਾਂ ਖਾ ਸਕਦਾ ਹੈ? ਕੇਵਲ ਐਨਾ ਅੰਤਰ ਹੈ ਸਾਧਾਰਨ ਮਨੁੱਖ ਅਤੇ ਬ੍ਰਹਮ ਗਿਆਨੀ ਦੇ ਵਿਚ। ਜੋ ਵੀ ਮਨੁੱਖ ਧਿਆਨ ਸਿਮਰਨ ਕਰਦਾ ਹੈ, ਉਸ ਮਨੁੱਖ ਨੂੰ ਬ੍ਰਹਮ ਗਿਆਨੀ ਦੀ ਅਵਸਥਾ ਇੱਕ ਨਾ ਇੱਕ ਦਿਨ ਜ਼ਰੂਰ ਪ੍ਰਾਪਤ ਹੋ ਜਾਣੀ ਹੈ। ਇਸ ਅਵਸਥਾ

ਵਿਚ ਪਹੁੰਚੇ ਮਨੁੱਖ ਨੂੰ ਮਾਇਆ ਆਪਣੀ ਚਲਾਕੀ ਦੇ ਨਾਲ ਗੁਮਰਾਹ ਨਹੀਂ ਕਰ ਸਕਦੀ। ਬ੍ਰਹਮ ਗਿਆਨੀ ਦਾ ਮਤਲਬ ਜਿਸ ਨੇ ਸਹਿਜ ਅਵਸਥਾ ਵਿਚ ਪਹੁੰਚ ਕੇ ਸੰਸਾਰ ਅੰਦਰ ਮਾਇਆ ਦੇ ਸਾਰੇ ਰੂਪਾਂ ਨੂੰ ਖ਼ੁਦ ਦੇਖ ਕੇ ਉਨ੍ਹਾਂ ਨੂੰ ਜਾਣ ਲਿਆ ਹੈ। ਇਸ ਦੇ ਉਲਟ ਸਾਧਾਰਨ ਮਨੁੱਖ ਉਸ ਬੇਸਮਝ ਮਛਲੀ ਦੇ ਵਾਂਗੂੰ ਅਗਿਆਨਤਾ ਦੇ ਨਾਲ ਭਰੇ ਕਾਰਜਾਂ ਨੂੰ ਕਰਦਾ ਹੈ। ਇਸ ਨੂੰ ਇਹ ਸਮਝ ਨਹੀਂ ਆਉਂਦੀ ਹੈ ਕਿ ਮਾਇਆ ਨੇ ਚਾਰੇ ਦੇ ਅੰਦਰ ਕਰਮ ਰੂਪੀ ਕੁੰਡੀ ਨੂੰ ਛੁਪਾ ਕੇ ਰੱਖਿਆ ਹੈ, ਉਸ ਨੂੰ ਪਕੜਨ ਵਾਸਤੇ। ਮਛਲੀ ਇੰਦਰੀਆਂ ਦੇ ਰਸਾਂ ਵਿਚ ਐਨੀ ਮਸਤ ਹੈ ਕਿ ਉਸ ਨੂੰ ਚਾਰੇ ਦੇ ਅੰਦਰ ਛੁਪੀ ਕਰਮ ਰੂਪੀ ਕੁੰਡੀ ਦਿਖਾਈ ਨਹੀਂ ਦੇਂਦੀ। ਇਹ ਆਪਣੀਆਂ ਇੰਦਰੀਆਂ ਦੇ ਰਸਾਂ ਦੀ ਤ੍ਰਿਪਤੀ ਕਰਨ ਦੇ ਲਈ ਬੇਧੜਕ ਹੋ ਕੇ ਕਿਸੇ ਵੀ ਕਰਮ ਨੂੰ ਕਰਨ ਤੋਂ ਨਹੀਂ ਡਰਦੀ।

ਪਾਰਬ੍ਰਹਮ ਸਹਿਜ ਅਵਸਥਾ ਅੰਦਰ ਚੇਤਨਾ ਰੂਪੀ ਨਦੀ ਨੇ ਸਦਾ ਦੇ ਲਈ ਹੌਲੀ ਹੌਲੀ ਕਰਕੇ ਲੀਨ ਹੁੰਦੀ ਜਾਣਾ ਹੈ। ਬ੍ਰਹਮ ਗਿਆਨੀ ਉਹ ਵਿਅਕਤੀ ਹੈ ਜਿਸ ਨੇ ਕਾਰਨ ਸਰੀਰ ਦੇ ਅੰਦਰ ਇਕੱਤਰ ਹੋਏ ਸੰਸਕਾਰਾਂ ਦੇ ਬੀਜਾਂ ਨੂੰ ਸਾਧਨਾ ਦੇ ਰਾਹੀਂ ਆਪ ਨਸ਼ਟ ਕਰ ਲਿਆ ਹੈ। ਉਸ ਨੇ ਆਪਣੇ ਅਤੇ ਬ੍ਰਹਮ ਦੇ ਵਿਚਕਾਰ ਜੋ ਵਿਚਾਰਾਂ ਦੀ ਦੀਵਾਰ ਸੀ, ਉਸ ਨੂੰ ਆਪਣੇ ਹੱਥੀਂ ਆਪ ਡੇਗ ਦਿੱਤਾ ਹੈ। ਇਸ ਕਾਰਨ ਬ੍ਰਹਮ ਗਿਆਨੀ ਅਤੇ ਪਾਰਬ੍ਰਹਮ ਦੇ ਵਿਚ ਕੋਈ ਭੇਦ ਨਹੀਂ ਰਹਿ ਗਿਆ। ਬ੍ਰਹਮ ਗਿਆਨੀ ਦੇ ਅੰਦਰ ਜਦੋਂ ਵਿਚਾਰ ਰੂਪੀ ਤਰੰਗ ਪੈਦਾ ਹੁੰਦੀ ਹੈ ਤਾਂ ਉਸ ਨੂੰ ਪਤਾ ਲੱਗ ਜਾਂਦਾ ਹੈ। ਵਿਚਾਰ ਸ਼ਕਤੀ ਉਸ ਨੂੰ ਸਹਿਜ ਅਵਸਥਾ ਵਿੱਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰ ਰਹੀ ਹੈ। ਉਹ ਇੱਕ ਛਿਣ ਦੇ ਅੰਦਰ ਆਪਣੀ ਸੁਰਤੀ ਨੂੰ ਆਏ ਵਿਚਾਰ ਦੇ ਨਾਲੋਂ ਅਲੱਗ ਕਰ ਲੈਂਦਾ ਹੈ। ਇਸ ਤਰ੍ਹਾਂ ਪੈਦਾ ਹੋਈ ਵਿਚਾਰ ਰੂਪੀ ਤਰੰਗ ਨੇ ਵਾਪਸ ਸਮੁੰਦਰ ਦੇ ਵਿਚ ਲੀਨ ਹੋ ਜਾਣਾ ਹੈ। ਜਿਸ ਤਰ੍ਹਾਂ ਇੱਕ ਸਿਆਣਾ ਕਾਰ-ਚਾਲਕ ਸੜਕ ਦੇ ਉੱਪਰ ਆ ਰਾਹੇ ਖੱਡੇ ਨੂੰ ਦੂਰੋਂ ਦੇਖ ਕੇ ਕਾਰ ਨੂੰ ਖੱਡੇ ਦੇ ਵਿਚ ਡਿੱਗਣ ਤੋਂ ਬਚਾ ਲੈਂਦਾ ਹੈ, ਇਸੇ ਹੀ ਤਰ੍ਹਾਂ ਸਾਧਕ ਨੇ ਆਪਣੀ ਸੁਰਤੀ ਨੂੰ ਵਿਚਾਰਾਂ ਰੂਪੀ ਖੱਡਿਆਂ ਦੇ ਵਿਚ ਜਾਣ ਤੋਂ ਰੋਕ ਲੈਣਾ ਹੈ। ਬ੍ਰਹਮ ਗਿਆਨੀ ਪਾਰਬ੍ਰਹਮ ਦੇ ਵਿਚ ਸਦਾ ਲੀਨ ਰਹਿੰਦਾ ਹੈ ਅਤੇ ਬ੍ਰਹਮ ਰੂਪੀ ਅੰਮ੍ਰਿਤ ਨੂੰ ਦਿਨ-ਰਾਤ ਪੀਂਦਾ ਹੈ। ਉਸ ਦਾ ਅੰਤਹਕਰਨ ਬਦਲ ਗਿਆ ਹੈ, ਬਾਹਰੋਂ ਭਾਵੇਂ ਉਹ ਜਿੰਦਾਂ ਦਾ ਮਰਜ਼ੀ ਦਿਖਾਈ ਦੇਵੇ। ਜੋ ਅੰਦਰੋਂ ਬਦਲ ਗਿਆ ਹੈ, ਉਹੀ ਮੁਕਤ ਹੈ। ਜਿਸ ਮਨੁੱਖ ਦਾ ਜੀਵਨ ਅੰਦਰੋਂ ਬਦਲ ਗਿਆ ਹੈ ਇਸ ਦੇ ਵਿਚ ਹੀ ਸਾਰ ਹੈ। ਇਸ ਅਵਸਥਾ ਵਿਚ ਪਹੁੰਚਿਆ ਮਨੁੱਖ ਇਹ ਨਹੀਂ ਚਾਹੁੰਦਾ ਕਿ ਉਸ ਦੀ ਪੂਜਾ ਕੀਤੀ ਜਾਵੇ ਜਾਂ ਉਸ ਨੂੰ ਮੱਥਾ ਟੇਕਿਆ ਜਾਵੇ। ਬਾਹਰੋਂ ਸਾਧੇ ਚੰਗੇ ਜੀਵਨ ਦਾ ਮੁੱਲ ਦੋ ਕੌਡੀ ਵੀ ਨਹੀਂ ਹੈ। ਮਨੁੱਖ ਦੀ ਆਤਮਾ ਅਤੇ ਮਨ ਅੰਦਰ ਕੀ ਚੱਲ ਰਿਹਾ ਹੈ, ਉਹੀ ਸੱਚ ਹੈ।

ਧਿਆਨ ਸਿਮਰਨ ਕਰਨ ਵਾਲੇ ਮਨੁੱਖ ਦੇ ਅੰਦਰ ਇੱਕ ਵੈਰਾਗ ਰੂਪੀ ਅਗਨੀ ਪ੍ਰਚੰਡ ਰੂਪ ਵਿਚ ਦਿਨ-ਰਾਤ ਬਲਣੀ ਸ਼ੁਰੂ ਹੋ ਜਾਂਦੀ ਹੈ, ਜਿਸ ਦੇ ਅੰਦਰ ਸਾਧਕ ਵਿਸ਼ੇ-ਵਿਕਾਰਾਂ ਦੇ ਦੁਆਰਾ ਪੈਦਾ ਹੋਏ ਰਾਗ-ਮਈ ਵਿਚਾਰਾਂ ਨੂੰ ਭੇਟ ਕਰੀ ਜਾਂਦਾ

ਹੈ। ਜਿਸ ਨਾਲ ਵਿਚਾਰਾਂ ਦੇ ਜਗਤ ਵਿੱਚੋਂ ਚੇਤਨਾ ਸ਼ਕਤੀ ਮੁਕਤ ਹੋ ਹੋ ਕੇ ਸਹਿਜ ਦੇ ਵਿਚ ਲੀਨ ਹੁੰਦੀ ਜਾਵੇਗੀ, ਵੈਰਾਗ ਵਾਲੀ ਅਵਸਥਾ ਬਿਲਕੁਲ ਰੱਸੀ ਦੇ ਉੱਪਰ ਚੱਲਣ ਵਾਂਗੂੰ ਹੈ। ਕਿਸੇ ਵੀ ਰਾਗ-ਮਈ ਵਿਚਾਰ ਨੇ ਇੱਕ ਛਿਣ ਦੇ ਵਿਚ ਸੁਰਤੀ ਨੂੰ ਸਹਿਜ ਅਵਸਥਾ ਵਿੱਚੋਂ ਬਾਹਰ ਕੱਢ ਲੈਣਾ ਹੈ। ਬ੍ਰਹਮ ਗਿਆਨੀ ਵਿਚਾਰਾਂ ਰਹਿਤ ਚੇਤਨਾ ਦੇ ਨਾਲ ਉਸ ਪਰਮ ਅਨੰਦ ਨੂੰ ਪੀਂਦਾ ਹੈ ਜੋ ਕਦੇ ਵੀ ਨਹੀਂ ਮੁੱਕਦਾ। ਵਿਚਾਰਾਂ ਮੁਕਤ ਚੇਤਨ ਮਨ ਵਾਲੀ ਅਵਸਥਾ ਅੰਦਰ ਐਨਾ ਅਨੰਦ ਰੂਪੀ ਨਸ਼ਾ ਹੈ, ਤੁਹਾਨੂੰ ਖ਼ੁਦ ਯਕੀਨ ਨਹੀਂ ਆਵੇਗਾ ਜਦੋਂ ਤੁਸੀਂ ਆਪ ਅਨੁਭਵ ਕੀਤਾ ਤਾਂ ਤੁਹਾਨੂੰ ਪਤਾ ਲੱਗ ਜਾਵੇਗਾ। ਇਸੇ ਹੀ ਤਰ੍ਹਾਂ ਦੇ ਬਹੁਤ ਸਾਰੇ ਅਨੁਭਵ ਤੁਹਾਨੂੰ ਹੋਣ ਲੱਗ ਜਾਣੇ ਹਨ। ਜਦੋਂ ਵਿਚਾਰਾਂ ਰੂਪੀ ਨਦੀ ਦਾ ਪਾਣੀ ਥੋੜ੍ਹਾ ਥੋੜ੍ਹਾ ਕਰਕੇ ਸੁੱਕਣਾ ਸ਼ੁਰੂ ਹੋ ਗਿਆ ਤਾਂ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰ ਕੇ ਸਾਧਕ ਦੀ ਆਤਮਾ ਨੇ ਆਪਣੀ ਜਨਮਾਂ ਜਨਮਾਂ ਦੀ ਪਿਆਸ ਨੂੰ ਬੁਝਾ ਲੈਣਾ ਹੈ। ਉਸ ਅਵਸਥਾ ਅੰਦਰ ਸਾਧਕ ਦਾ ਇੱਕ ਇੱਕ ਰੋਮ ਅੰਮ੍ਰਿਤ ਰਸ ਪੀਂਦਾ ਹੈ। ਇਹੋ ਜੀਵਨ ਦਾ ਪਰਮ ਅਨੰਦ ਹੈ। ਬ੍ਰਹਮ ਗਿਆਨੀ ਅਤੇ ਸਾਧਾਰਨ ਮਨੁੱਖ ਦੇ ਵਿਚ ਕੇਵਲ ਐਨਾ ਅੰਤਰ ਹੈ ਕਿ ਸਾਧਾਰਨ ਮਨੁੱਖ ਦਾ ਮਨ ਆਤਮਾ ਰੂਪੀ ਰੁੱਖ ਦੀ ਛਾਂ ਨੂੰ ਛੱਡ ਕੇ ਵਾਸ਼ਨਾਵਾਂ ਵਾਲੇ ਵਿਚਾਰਾਂ ਰਾਹੀਂ ਧੁੱਪੇ ਭਟਕਦਾ ਰਹਿੰਦਾ ਹੈ, ਜਦਕਿ ਬ੍ਰਹਮ ਗਿਆਨੀ ਦਾ ਮਨ ਆਤਮਾ ਦੀ ਛਾਂ ਹੇਠਾਂ ਬੈਠੇ ਪੰਛੀ ਦੇ ਵਾਂਗੂੰ ਹੈ। ਬ੍ਰਹਮ ਗਿਆਨੀ ਨੇ ਮਨ ਦੇ ਵਿਚਾਰਾਂ ਰੂਪੀ ਪਰਾਂ ਨੂੰ ਵੈਰਾਗ ਦੀ ਕੈਂਚੀ ਦੇ ਨਾਲ ਕੱਟ ਦਿੱਤਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਉਸ ਮਨੁੱਖ ਨੇ ਕੰਮ-ਕਾਜ ਕਰਨੇ ਬੰਦ ਕਰ ਦਿੱਤੇ ਹਨ। ਉਹ ਮਨੁੱਖ ਆਪਣੇ ਸਾਰੇ ਕਾਰਜਾਂ ਨੂੰ ਇੱਕ ਸਾਧਾਰਨ ਮਨੁੱਖਾਂ ਦੇ ਵਾਂਗ ਹੀ ਕਰਦਾ ਹੈ ਪਰ ਉਸ ਦੀ ਸੁਰਤੀ ਆਤਮਾ ਦੀ ਛਾਂ ਨੂੰ ਛੱਡ ਕੇ ਵਾਸ਼ਨਾਵਾਂ ਦੇ ਵਿਚਾਰਾਂ ਰਾਹੀਂ ਧੁੱਪੇ ਨਹੀਂ ਉੱਡਦੀ। ਜਿਸ ਛਿਣ ਉਸ ਦੀ ਸੁਰਤੀ ਵਿਚਾਰ ਦੇ ਸੰਗ ਉੱਡਣੇ ਦੀ ਕੋਸ਼ਿਸ਼ ਕਰਦੀ ਹੈ ਤਾਂ ਇਹ ਅੰਤਰ ਧਿਆਨ ਹੋ ਕੇ ਉਸ ਕਿਰਿਆ ਨੂੰ ਦੇਖਦਾ ਹੈ। ਜੇਕਰ ਇਸ ਵਿਚਾਰ ਵਾਲੀ ਰੱਸੀ ਨੂੰ ਪਹਿਲਾਂ ਕੱਟ ਦਿੱਤਾ ਗਿਆ ਸੀ ਤਾਂ ਇਹ ਵਿਚਾਰ ਦੁਬਾਰਾ ਅੰਦਰ ਕਿਉਂ ਉਤਪੰਨ ਹੋ ਰਿਹਾ ਹੈ। ਆਪਣੇ ਅੰਦਰ ਕੀ ਚੱਲ ਰਿਹਾ ਹੈ। ਇਸ ਅਵਸਥਾ ਵਿਚ ਪਹੁੰਚੇ ਮਨੁੱਖ ਨੂੰ ਪਤਾ ਲੱਗ ਜਾਂਦਾ ਹੈ। ਸਾਧਾਰਨ ਮਨੁੱਖ ਇਕੱਲਾ ਨਹੀਂ ਹੈ, ਇਸ ਦੇ ਅੰਦਰ ਅਣਗਿਣਤ ਮਨੁੱਖਾਂ ਦੀ ਭੀੜ ਹੈ ਜਿਨ੍ਹਾਂ ਦੇ ਵਿਚ ਇਹ ਆਪਣਾ ਪੂਰਾ ਜੀਵਨ ਬਤੀਤ ਕਰਦਾ ਹੈ। ਪਹਿਲੀ ਗੱਲ ਇਹ ਚੁੱਪ ਨਹੀਂ ਕਰਦਾ, ਜਦੋਂ ਵੀ ਕੋਈ ਇਸ ਨੂੰ ਗੱਲਾਂ ਕਰਨ ਦੇ ਲਈ ਮਿਲ ਜਾਵੇਗਾ ਤਾਂ ਇਸ ਨੇ ਬੋਲੀ ਹੀ ਜਾਣਾ ਹੈ। ਸੰਸਾਰੀ ਮਨੁੱਖ ਅਤੇ ਬ੍ਰਹਮ ਗਿਆਨੀ ਦੇ ਵਿਚ ਕੇਵਲ ਐਨਾ ਅੰਤਰ ਹੈ। ਸਾਧਾਰਨ ਮਨੁੱਖ ਸੁੱਤਾ ਹੋਇਆ ਕਰਮ ਕਰਦਾ ਹੈ ਅਤੇ ਬ੍ਰਹਮ ਗਿਆਨੀ ਜਾਗਦਾ ਹੋਇਆ ਕਰਮ ਕਰਦਾ ਹੈ। ਇਸ ਤੋਂ ਭਾਵ ਇੱਕ ਸੁੱਤਾ ਹੋਇਆ ਆਪਣਾ ਜੀਵਨ ਬਤੀਤ ਕਰਦਾ ਹੈ ਅਤੇ ਦੂਜਾ ਜਾਗਦਾ ਹੋਇਆ ਆਪਣਾ ਜੀਵਨ ਬਤੀਤ ਕਰਦਾ ਹੈ। ਵੈਸੇ ਦੋਨੋਂ ਪਰਮ ਬ੍ਰਹਮ ਸੱਤਾ ਦੇ ਅੰਦਰ ਹੀ ਹਨ, ਪਰ ਇੱਕ ਨੂੰ ਇਸ ਦਾ ਗਿਆਨ ਹੈ ਅਤੇ ਦੂਜੇ ਨੂੰ ਇਸ ਦਾ ਗਿਆਨ ਨਹੀਂ ਹੈ।

ਰਾਗ, ਵੈਰਾਗ ਅਤੇ ਤ੍ਰਿਸ਼ਨਾ

ਜਦੋਂ ਲੱਕੜ ਪੂਰੀ ਤਰ੍ਹਾਂ ਸੜ ਜਾਂਦੀ ਹੈ ਤਾਂ ਅੱਗ ਨੇ ਆਪਣੇ ਆਪ ਬੁਝ ਜਾਣਾ ਹੈ। ਸ਼ਕਤੀ ਦਾ ਬਹਾਉ ਉੱਪਰ ਵੱਲ ਨੂੰ ਹੋਣ ਦੇ ਨਾਲ ਮਨ ਨੇ ਸਥਿਰ ਹੋ ਜਾਣਾ ਹੈ। ਇਹ ਮਨੁੱਖ ਰਾਗ ਅਤੇ ਵੈਰਾਗ ਤੋਂ ਮੁਕਤ ਹੋ ਜਾਵੇਗਾ। ਇਸ ਮਨੁੱਖ ਦੀ ਆਤਮਾ ਅੰਦਰ ਵੈਰਾਗ ਭਾਵ ਪ੍ਰਗਟ ਹੋ ਜਾਣਾ ਹੈ। ਜਦੋਂ ਭੋਗ ਵਾਲੇ ਪਦਾਰਥ ਉਪਲਬਧ ਹੋਣ, ਇਸ ਦੇ ਬਾਵਜੂਦ ਵੀ ਮਨੁੱਖ ਦੇ ਮਨ ਅੰਦਰ ਉਨ੍ਹਾਂ ਭੋਗਾਂ ਨੂੰ ਭੋਗਣ ਦੇ ਲਈ ਜਾਂ ਨਾ ਭੋਗਣ ਦੇ ਲਈ ਕੋਈ ਗਤੀ ਪੈਦਾ ਹੋਵੇ, ਇਹ ਵੈਰਾਗ ਹੈ। ਰਾਗ ਦਾ ਮਤਲਬ ਆਪ ਕਿਸੇ ਚੀਜ਼ ਨੂੰ ਭੋਗਣ ਲਈ ਮਜਬੂਰ ਹੋ ਜਾਣਾ ਜਾਂ ਭੋਗਾਂ ਨੂੰ ਭੋਗਣ ਦੇ ਲਈ ਕੋਸ਼ਿਸ਼ ਕਰਨੀ ਰਾਗ ਹੈ। ਜਦੋਂ ਕ੍ਰੋਧ ਕਰਨ ਨਾਲ ਯੋਗ ਸਥਿਤੀ ਪੈਦਾ ਹੋ ਜਾਵੇ, ਇਸ ਦੇ ਬਾਵਜੂਦ ਵੀ ਮਨੁੱਖ ਦੇ ਮਨ ਅੰਦਰ ਕ੍ਰੋਧ ਕਰਨ ਦੇ ਲਈ ਲਹਿਰ ਪੈਦਾ ਨਾ ਹੋਵੇ। ਇਹ ਆਤਮ ਗਿਆਨ ਪ੍ਰਾਪਤ ਹੋਣ ਦੀ ਪਰਮ ਅਵਸਥਾ ਹੈ।

ਸੰਸਾਰ ਦੇ ਭੋਗ ਪਦਾਰਥਾਂ ਦੇ ਨਾਲ ਸਬੰਧ ਰੱਖਣਾ ਹੀ ਤ੍ਰਿਸ਼ਨਾ ਦੇ ਵਿਚ ਆਉਂਦਾ ਹੈ। ਆਖ਼ਰੀ ਅਵਸਥਾ ਵਿਚ ਨਾ ਤਾਂ ਤੁਸੀਂ ਰਹਿ ਜਾਣਾ ਹੈ, ਨਾ ਹੀ ਸੰਸਾਰ ਨੇ ਰਹਿ ਜਾਣਾ ਹੈ। ਜਿਉਂਦੇ-ਜੀ ਤ੍ਰਿਸ਼ਨਾ ਮੁਕਤ ਅਵਸਥਾ ਵਿਚ ਪਰਵੇਸ਼ ਕਰਨ ਵਾਲਾ ਮਨੁੱਖ ਨਿਰਵਾਣ ਦੇ ਵਿਚ ਪਰਵੇਸ਼ ਕਰ ਜਾਂਦਾ ਹੈ, ਇਹ ਦੁਰਲੱਭ ਅਵਸਥਾ ਹੈ। ਬ੍ਰਹਮ ਦੇ ਨਾਲੋਂ ਅਭੇਦਤਾ ਦੀ ਦੀਵਾਰ ਡਿੱਗ ਗਈ ਹੈ।

ਵੈਰਾਗ ਦਾ ਮਤਲਬ ਹੈ ਜੋ ਰਾਗ ਮਨੁੱਖ ਨੂੰ ਭੋਗ ਭੋਗਣ ਵਾਸਤੇ ਮਜਬੂਰ ਕਰ ਰਿਹਾ ਹੈ, ਉਸ ਭੋਗ ਨੂੰ ਭੋਗਣ ਤੋਂ ਆਪਣੇ ਆਪ ਨੂੰ ਰੋਕ ਲੈਣਾ ਵੈਰਾਗ ਹੈ। ਸੰਸਾਰ ਦੇ ਬਹੁਤ ਸਾਰੇ ਮਨੁੱਖ ਇਨ੍ਹਾਂ ਦੋਨਾਂ ਅਵਸਥਾਵਾਂ ਵਿਚ ਆ ਜਾਂਦੇ ਹਨ। ਇਨ੍ਹਾਂ ਦੋਨਾਂ ਅਵਸਥਾਵਾਂ ਤੋਂ ਇਲਾਵਾ ਇੱਕ ਹੋਰ ਅਵਸਥਾ ਵੀ ਹੈ ਜਿਸ ਦੇ ਵਿਚ ਪਹੁੰਚਿਆ ਮਨੁੱਖ ਨਾ ਤਾਂ ਰਾਗ ਨੂੰ ਭੋਗਦਾ ਹੈ ਅਤੇ ਨਾ ਹੀ ਰਾਗ ਨੂੰ ਭੋਗਣ ਤੋਂ ਆਪਣੇ ਆਪ ਨੂੰ ਰੋਕਦਾ ਹੈ। ਬੱਸ ਆਪਣੇ ਆਪ ਵਿਚ ਸਥਿਰ ਰਹਿੰਦਾ ਹੈ। ਮਨੁੱਖ ਦਾ ਰਾਗ ਹੀਣ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਆਪ ਸਭ ਕੁੱਝ ਛੱਡ ਕੇ ਜੰਗਲਾਂ ਦੇ ਵਿਚ ਚਲੇ ਜਾਣਾ ਹੈ ਜਾਂ ਧਾਰਮਿਕ ਅਸਥਾਨਾਂ ਦੇ ਵਿਚ ਆਪਣਾ ਜੀਵਨ ਬਤੀਤ ਕਰਨ ਲੱਗ ਜਾਣਾ ਹੈ। ਵੈਰਾਗ ਦਾ ਮਤਲਬ ਪਦਾਰਥਾਂ ਦੇ ਵਿਚ ਰਹਿੰਦੇ ਹੋਇਆਂ ਵੀ ਉਨ੍ਹਾਂ ਦੇ ਪ੍ਰਭਾਵ ਨੂੰ ਆਪਣੇ ਉੱਪਰ ਨਾ ਪੈਣ ਦੇਣਾ, ਜਿਸ ਤਰ੍ਹਾਂ ਮੁਰਗ਼ਾਈ ਪਾਣੀ ਦੇ ਵਿਚ ਚੁੱਭੀ ਮਾਰਨ ’ਤੇ ਵੀ ਪਾਣੀ ਦੇ ਨਾਲ ਆਪਣੇ ਪਰਾਂ ਨੂੰ ਭਿੱਜਣ ਨਹੀਂ ਦੇਂਦੀ। ਵੈਰਾਗੀ ਉਹ ਹੁੰਦਾ ਹੈ ਜੋ ਨਾ ਤਾਂ ਕਿਸੇ ਚੀਜ਼ ਦੀ ਵਾਸ਼ਨਾ ਕਰਦਾ ਹੈ ਅਤੇ ਨਾ ਹੀ ਕਿਸੇ ਚੀਜ਼ ਦੀ ਵਾਸ਼ਨਾ ਨਾ ਕਰਨ ਦੇ ਲਈ ਕੋਈ ਕੋਸ਼ਿਸ਼ ਕਰਦਾ ਹੈ, ਇਹ ਹੈ ਵੈਰਾਗ।

ਜਿਵੇਂ ਕਮਲ ਦੇ ਫੁੱਲ ਦੀ ਸੰਗਤ ਬੇਸ਼ੱਕ ਗੰਦੇ ਪਾਣੀ ਨਾਲ ਹੈ ਪਰ ਉਹ ਇਸ ਸੰਗਤ ਦੇ ਵਿਚ ਹੁੰਦਿਆਂ ਹੋਇਆਂ ਵੀ ਨਿਰਲੇਪ ਰਹਿੰਦਾ ਹੈ। ਰਾਗ ਮਨੁੱਖ ਦੀ ਸੁਰਤੀ ਨੂੰ ਆਤਮਾ ਦੇ ਨਾਲੋਂ ਤੋੜ ਕੇ ਪਦਾਰਥਾਂ ਵਿਚ ਲੈ ਜਾਣਾ ਚਾਹੁੰਦਾ ਹੈ। ਪਦਾਰਥ ਬਾਹਰ ਹਨ ਸੁਰਤੀ ਦੇ ਬਾਹਰ ਜਾਣ ਦੇ ਨਾਲ ਇਸ ਨੇ ਆਤਮਾ ਤੱਤ ਤੋਂ ਅਲੱਗ ਹੋ ਜਾਣਾ ਹੈ, ਜਿਸ ਦੇ ਕਾਰਨ ਰਾਗ ਪੈਦਾ ਹੋ ਜਾਵੇਗਾ। ਜਦੋਂ ਕੋਈ ਮਨੁੱਖ ਉਚਾਈ 'ਤੇ ਚੜ੍ਹਦਾ ਹੈ ਤਾਂ ਗੁਰਤਾ ਆਕਰਸ਼ਨ ਉਸ ਨੂੰ ਥੱਲੇ ਵੱਲ ਨੂੰ ਖਿੱਚਦਾ ਹੈ। ਉੱਪਰ ਚੜ੍ਹਨ ਦੇ ਲਈ ਮਨੁੱਖ ਨੂੰ ਹੋਰ ਜ਼ਿਆਦਾ ਸ਼ਕਤੀ ਲਗਾਉਣੀ ਪੈਂਦੀ ਹੈ। ਇਸੇ ਹੀ ਤਰ੍ਹਾਂ ਜਦੋਂ ਜੀਵ ਆਤਮਾ ਮੁਕਤ ਹੋਣ ਦੇ ਲਈ ਭਗਤੀ ਕਰਦੀ ਹੈ ਤਾਂ ਰਾਗ ਕਿਸੇ ਵੀ ਰੂਪ ਵਿਚ ਆ ਕੇ ਸਾਧਕ ਦੇ ਸੰਜਮ ਨੂੰ ਤੋੜਨ ਦੇ ਲਈ ਕੋਸ਼ਿਸ਼ ਕਰੇਗਾ, ਸਾਧਕ ਦੇ ਲਈ ਉਸ ਵਖਤ ਇਮਤਿਹਾਨ ਦੀ ਘੜੀ ਹੁੰਦੀ ਹੈ। ਜੋ ਸਾਧਕ ਆਪਣੇ ਆਪ ਨੂੰ ਬੁਰਾਈ ਕਰਨ ਤੋਂ ਮੋੜ ਲੈਂਦਾ ਜਾਂ ਰੋਕ ਲੈਂਦਾ ਹੈ, ਉਸ ਸਾਧਕ ਦੀ ਅਗਲੀ ਯਾਤਰਾ ਸ਼ੁਰੂ ਹੋ ਜਾਂਦੀ ਹੈ। ਇਹ ਹੈ ਸਾਧਨਾ ਦਾ ਪਹਿਲਾ ਕਦਮ। ਆਪਣੀ ਸੁਰਤੀ ਨੂੰ ਮੋੜ ਲੈਣਾ ਬੁਰਾਈ ਦੇ ਸੰਗ ਜਾਣ ਤੋਂ ਹੀ ਵੈਰਾਗ ਵਿਚ ਆਉਂਦਾ ਹੈ। ਰਾਗ-ਮਈ ਵਿਕਾਰਾਂ ਦੇ ਭੋਗਾਂ ਨੂੰ ਭੋਗਣ ਦੇ ਨਾਲ ਆਤਮਾ ਸ਼ਕਤੀਹੀਣ ਹੋ ਜਾਂਦੀ ਹੈ। ਪਾਰਬ੍ਰਹਮ ਦੇ ਵੱਲ ਗਤੀ ਕਰਨ ਦੇ ਲਈ ਸਾਧਕ ਨੂੰ ਆਪਣੀ ਆਤਮਾ ਨੂੰ ਹੋਰ ਜ਼ਿਆਦਾ ਸ਼ਕਤੀਵਾਨ ਕਰਨਾ ਪੈਂਦਾ ਹੈ। ਆਤਮਾ ਅਤੇ ਮਨ ਦੇ ਵਿਚਕਾਰ ਮਨੁੱਖ ਹੈ ਜੋ ਇਹ ਚਾਹੇਗਾ, ਹੋਵੇਗਾ ਕੇਵਲ ਉਹੀ। ਇਸ ਦੀ ਮਰਜ਼ੀ ਤੋਂ ਬਿਨਾਂ ਕੁੱਝ ਵੀ ਨਹੀਂ ਹੋ ਸਕਦਾ, ਨਾ ਤਾਂ ਮਨ ਕੁੱਝ ਕਰ ਸਕਦਾ ਹੈ ਅਤੇ ਨਾ ਹੀ ਆਤਮਾ। ਆਖ਼ਰੀ ਫ਼ੈਸਲਾ ਮਨੁੱਖ ਦਾ ਹੈ ਉਸ ਨੇ ਰਾਗ-ਮਈ ਆਏ ਵਿਚਾਰ ਅਨੁਸਾਰ ਗਤੀ ਕਰਨੀ ਹੈ ਜਾਂ ਨਹੀਂ ਕਰਨੀ। ਇੱਕ ਵਾਰ ਕੀਤਾ ਗਿਆ ਕਰਮ ਅਮਿੱਟ ਹੈ, ਜਿਸ ਨੂੰ ਬਾਅਦ ਵਿਚ ਕਿਸੇ ਵੀ ਤਰੀਕੇ ਨਾਲ ਮਿਟਾਇਆ ਜਾਂ ਬਦਲਿਆ ਨਹੀਂ ਜਾ ਸਕਦਾ।

ਤੁਸੀਂ ਦੇਖਿਆ ਹੋਣਾ ਕਿ ਛੋਟੇ ਬੱਚੇ ਕੋਲੋਂ ਪੈਨਸਿਲ ਲੈ ਕੇ ਉਸ ਦੇ ਬਦਲੇ ਉਸ ਨੂੰ ਪੈੱਨ ਦੇ ਕੇ ਇਹ ਦੱਸਿਆ ਜਾਂਦਾ ਹੈ ਕਿ ਅੱਜ ਤੋਂ ਬਾਅਦ ਸੋਚ ਵਿਚਾਰ ਕਰ ਕੇ ਲਿਖੋ, ਤੁਹਾਡੇ ਦੁਆਰਾ ਕੀਤੀ ਗਈ ਗ਼ਲਤੀ ਨੂੰ ਹੁਣ ਮਿਟਾਇਆ ਨਹੀਂ ਜਾ ਸਕਦਾ, ਭਾਵ ਲਿਖਣੇ ਤੋਂ ਪਹਿਲਾਂ ਵਿਚਾਰ ਕਰ ਕੇ ਲਿਖੋ। ਰਾਗ ਮਾਇਆ ਦੀ ਧੀ ਹੈ ਇਸ ਦੇ ਨਾਲ ਪ੍ਰਕਿਰਤੀ ਨੇ ਆਤਮਾ ਨੂੰ ਸੰਸਾਰ ਦੇ ਬੰਧਨਾਂ ਵਿਚ ਬੰਨ੍ਹਿਆ ਹੋਇਆ ਹੈ। ਰਾਗ ਅਤੇ ਵੈਰਾਗ ਮੁਕਤ ਮਨੁੱਖ ਹੀ ਮੁਕਤੀ ਨੂੰ ਪਾਉਂਦਾ ਹੈ। ਰਾਗ ਵਾਲੇ ਵਿਚਾਰਾਂ ਦੇ ਰਾਹੀਂ ਪਦਾਰਥਾਂ ਨੂੰ ਪ੍ਰਾਪਤ ਕਰਨ ਦੀ ਇੱਛਾ ਮਨ ਦੇ ਅੰਦਰ ਪੈਦਾ ਹੁੰਦੀ ਹੈ। ਵੈਰਾਗ ਤੋਂ ਭਾਵ ਆਪਣੀ ਸੁਰਤੀ ਨੂੰ ਰਾਗ ਵਾਲੇ ਵਿਚਾਰਾਂ ਦੇ ਰਾਹੀਂ ਪਦਾਰਥਾਂ ਦੇ ਪਿੱਛੇ ਭਟਕਣ ਤੋਂ ਰੋਕ ਲੈਣਾ। ਮਨ ਦੇ ਸ਼ਾਂਤ ਹੋਣ ਨਾਲ ਵੈਰਾਗ ਨੂੰ ਸਾਧਨਾ ਨਹੀਂ ਪੈਂਦਾ, ਸੁਰਤੀ ਸਥਿਰ ਹੁੰਦੀ ਜਾਵੇਗੀ ਤਾਂ ਵੈਰਾਗ ਨੇ ਮਨੁੱਖ ਦੇ ਜੀਵਨ ਵਿਚ ਆਪਣੇ ਆਪ ਪਰਵੇਸ਼ ਕਰ ਜਾਣਾ ਹੈ। ਜਦੋਂ ਮਨ ਵਿਚਾਰ ਤੋਂ ਮੁਕਤ ਹੋ ਜਾਵੇਗਾ ਤਾਂ ਸੁਰਤੀ ਆਪਣੇ ਆਪ ਵੈਰਾਗ ਤੱਤ ਦੇ ਵਿਚ ਪਰਵੇਸ਼ ਕਰ ਜਾਂਦੀ ਹੈ। ਰਾਗ ਤੋਂ ਭਾਵ ਹੈ ਜੋ ਪਦਾਰਥ ਪ੍ਰਾਪਤ ਹੋ ਚੁੱਕੇ ਹਨ ਜਾਂ ਅਜੇ ਪ੍ਰਾਪਤ ਨਹੀਂ ਹੋਏ, ਉਨ੍ਹਾਂ

ਦੇ ਵਿਚ ਸੁਰਤੀ ਦਾ ਵਿਚਾਰਾਂ ਦੇ ਰਾਹੀਂ ਘੁੰਮਣਾ ਰਾਗ ਵਿਚ ਆਉਂਦਾ ਹੈ। ਮਨੁੱਖ ਸੰਸਾਰ ਦੇ ਸਾਰੇ ਪਦਾਰਥਾਂ ਨੂੰ ਪ੍ਰਾਪਤ ਕਰਕੇ ਵੀ ਅਧੂਰਾ ਹੀ ਰਹਿੰਦਾ ਹੈ। ਇੱਕ ਦਿਨ ਇਸ ਨੇ ਜੀਵਨ ਦੀ ਗੇਮ ਨੂੰ ਹਾਰ ਕੇ ਇਸ ਸੰਸਾਰ ਤੋਂ ਚਲੇ ਜਾਣਾ ਹੈ। ਕੇਵਲ ਬ੍ਰਹਮ ਨੂੰ ਜਾਣ ਕੇ ਹੀ ਮਨੁੱਖ ਦਾ ਮਨ ਤ੍ਰਿਪਤ ਹੋ ਸਕਦਾ ਹੈ। ਤ੍ਰਿਪਤ ਮਨ ਹੀ ਇੱਕ ਪੂਰਨ ਜੀਵਨ ਦਾ ਪੈਮਾਨਾ ਹੈ। ਇਸ ਅਵਸਥਾ ਨੂੰ ਪਾਉਣਾ ਹੀ ਮਨੁੱਖਾ ਜੀਵਨ ਦਾ ਮੁੱਖ ਮਕਸਦ ਹੈ। ਮਨੁੱਖ ਨੂੰ ਆਪਣੇ ਅੰਦਰੋਂ ਧਾਰਮਿਕ ਹੋਏ ਬਿਨਾਂ ਪੂਰਨ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਰਾਗ ਮਨੁੱਖ ਨੂੰ ਪਦਾਰਥਾਂ ਰਾਹੀਂ ਪ੍ਰਕਿਰਤੀ ਦੇ ਬੰਧਨਾਂ ਵਿਚ ਬੰਨ੍ਹਦਾ ਹੈ। ਵੈਰਾਗ ਮਨੁੱਖ ਨੂੰ ਪ੍ਰਕਿਰਤੀ ਦੇ ਬੰਧਨਾਂ ਤੋਂ ਮੁਕਤ ਕਰ ਕੇ, ਇਸ ਨੂੰ ਰਾਗ ਰਹਿਤ ਅਨੰਦ ਦੀ ਪ੍ਰਾਪਤੀ ਕਰਵਾਉਣ ਦੇ ਲਈ ਕੋਸ਼ਿਸ਼ ਕਰਦਾ ਹੈ। ਮਨੁੱਖ ਨੇ ਜਿਸ ਦਾ ਵੀ ਪੱਲਾ ਫੜ ਲਿਆ, ਉਸੇ ਨੇ ਜਿੱਤ ਜਾਣਾ ਹੈ। ਰਾਗ ਦੇ ਰਾਹੀਂ ਪ੍ਰਕਿਰਤੀ ਦੇ ਨਾਲ ਜੁੜੇ ਰਹਿਣ ਨਾਲ ਜੀਵਨ ਦੇ ਵਿਚ ਸੁੱਖ ਦੁੱਖ ਅਤੇ ਪਰੇਸ਼ਾਨੀ ਵਾਲੀ ਅਵਸਥਾ ਬਣੀ ਰਹਿੰਦੀ ਹੈ, ਜਦਕਿ ਵੈਰਾਗ ਦੇ ਵਿਚ ਇਨ੍ਹਾਂ ਤੋਂ ਮਨੁੱਖ ਨੂੰ ਮੁਕਤੀ ਮਿਲ ਜਾਂਦੀ ਹੈ।

ਬ੍ਰਹਮ ਦੇ ਵਿਚ ਲੀਨ ਮਨੁੱਖ ਦੀਆਂ ਇੰਦਰੀਆਂ ਜਿਉਂਦੇ-ਜੀ ਭੋਗਾਂ ਤੋਂ ਮੁਕਤ ਹੋ ਜਾਂਦੀਆਂ ਹਨ। ਦੁੱਖ ਦਾ ਮੂਲ ਕਾਰਨ ਹੈ ਰਾਗ ਦੇ ਵਿਚ ਜਿਸ ਵੀ ਪਦਾਰਥ ਨੂੰ ਪ੍ਰਾਪਤ ਕਰਨ ਲਈ ਮਨ ਦੇ ਅੰਦਰ ਇੱਛਾ ਕੀਤੀ ਗਈ ਸੀ, ਕਿਸੇ ਕਾਰਨ ਉਸ ਦੀ ਪੂਰਤੀ ਨਹੀਂ ਹੋਈ ਜਾਂ ਨਹੀਂ ਹੋ ਰਹੀ। ਅਜੇ ਵੀ ਸੁਰਤੀ ਉਸ ਪਦਾਰਥ ਨੂੰ ਪ੍ਰਾਪਤ ਕਰਨ ਦੇ ਲਈ ਵਿਚਾਰਾਂ ਰਾਹੀਂ ਉਨ੍ਹਾਂ ਦੇ ਪਿੱਛੇ ਭਟਕਣਾ ਚਾਹੁੰਦੀ ਹੈ ਜਾਂ ਭਟਕ ਰਹੀ ਹੈ।

ਕੇਵਲ ਮਨੁੱਖਾ ਜੀਵਨ ਅੰਦਰ ਹੀ ਜੀਵ ਆਤਮਾ ਆਪਣੇ ਮਨ ਦੀ ਮਦਦ ਨਾਲ ਆਪਣੀ ਸੁਰਤੀ ਨੂੰ ਵਾਸ਼ਨਾਵਾਂ ਦੇ ਵਿਚ ਭਟਕਣ ਤੋਂ ਰੋਕ ਸਕਦੀ ਹੈ।

ਮਨ ਜਦੋਂ ਵਿਚਾਰਾਂ ਦੇ ਰਾਹੀਂ ਆਪਣੇ ਅੰਦਰ ਕਿਸੇ ਸੁਪਨੇ ਨੂੰ ਬੁਣਨ ਦੇ ਲਈ ਕੋਸ਼ਿਸ਼ ਕਰਦਾ ਹੈ ਤਾਂ ਉਸੇ ਪਲ ਇਸ ਨੂੰ ਵੈਰਾਗ ਰੂਪੀ ਡੰਡਾ ਮਾਰ ਕੇ ਸ਼ਾਂਤ ਕਰ ਲੈਣਾ ਹੈ। ਮੈਂ ਕੋਸ਼ਿਸ਼ ਕਰਾਂਗਾ, ਕੰਮ ਹੋਵੇ ਜਾਂ ਨਾ ਹੋਵੇ। ਪਰਮਾਤਮਾ ਦਾ ਜੋ ਵੀ ਹੁਕਮ ਹੋਵੇਗਾ, ਉਹ ਮੈਨੂੰ ਮਨਜ਼ੂਰ ਹੋਵੇਗਾ। ਕੋਈ ਮੁਸ਼ਕਲ ਕਾਰਜ ਨਹੀਂ ਹੈ। ਕੁੱਝ ਹੀ ਦਿਨਾਂ ਦੇ ਅੰਦਰ ਮਨ ਨੂੰ ਇਸ ਗੱਲ ਦੀ ਸਮਝ ਆਉਣ ਲੱਗ ਜਾਵੇਗੀ। ਖ਼ਾਸ ਕਰਕੇ ਦਿਨ ਵੇਲੇ ਵਿਚਾਰ ਸ਼ਕਤੀ ਉੱਪਰ ਧਿਆਨ ਰੱਖਣ ਦੀ ਲੋੜ ਪੈਣੀ ਹੈ। ਸੁਰਤੀ ਜਦੋਂ ਵੀ ਵਿਚਾਰਾਂ ਦੇ ਸਾਗਰ ਵਿਚ ਗੁਆਚਣ ਲੱਗੇ ਤਾਂ ਹੋਸ਼ ਆਉਣ ’ਤੇ ਇਸ ਨੂੰ ਆਤਮਾ ਦੀ ਛਾਂ ਹੇਠਾਂ ਲੈ ਆਉਣਾ ਹੈ। ਜੋ ਵਿਚਾਰ ਆ ਕੇ ਚਲੇ ਜਾਂਦੇ ਹਨ, ਇੱਕ ਤਾਂ ਇਸ ਕਿਸਮ ਦੇ ਵਿਚਾਰ ਹੁੰਦੇ ਹਨ ਜੋ ਵਿਚਾਰ ਮਨ ਦੇ ਪਰਦੇ ਉੱਪਰ ਆ ਕੇ ਰੁਕ ਜਾਂਦੇ ਹਨ ਅਤੇ ਬਾਰ ਬਾਰ ਆਈ ਜਾਂਦੇ ਹਨ, ਜਿਨ੍ਹਾਂ ਦੇ ਆਉਣ ਨਾਲ ਸੁਰਤੀ ਉਨ੍ਹਾਂ ਦੇ ਵਿਚ ਬੁਰੀ ਤਰ੍ਹਾਂ ਗ੍ਰਸਤ ਹੋ ਜਾਂਦੀ ਹੈ। ਇਹ ਵਿਚਾਰ ਰਾਗ-ਮਈ ਹਨ, ਜੋ ਰਾਗ-ਮਈ ਵਿਚਾਰ ਹੁੰਦੇ ਹਨ, ਮੈਂ ਉਨ੍ਹਾਂ ਵਿਚਾਰਾਂ ਬਾਰੇ ਤੁਹਾਡੇ ਨਾਲ ਗੱਲ ਕਰ ਰਿਹਾ ਹਾਂ। ਸਾਧਨਾ ਕਰਨ ਦੇ ਨਾਲ ਤੁਹਾਡੇ ਅੰਦਰ ਇਹ ਭਾਵਨਾ ਆਪਣੇ ਆਪ

ਪੈਦਾ ਹੋ ਜਾਵੇਗੀ। ਜੋ ਵੀ ਮੈਂ ਕਰਨਾ ਸੀ, ਉਹ ਸਾਰਾ ਕੁੱਝ ਮੈਂ ਕਰ ਲਿਆ ਹੈ। ਹੁਣ ਜੀਵਨ ਦੀ ਦਿਸ਼ਾ ਨੂੰ ਬਦਲਣਾ ਹੈ। ਕਿਸੇ ਵੀ ਗੱਲ ਨੂੰ ਮਨ ਦੇ ਅੰਦਰ ਵਿਚਾਰਾਂ ਦੇ ਰਾਹੀਂ ਬਾਰ ਬਾਰ ਰਿੜਕਣਾ ਨਹੀਂ ਹੈ।

ਮਨੁੱਖ ਕਿਸੇ ਵੀ ਰਾਗ ਨੂੰ ਸਿੱਧਾ ਨਹੀਂ ਭੋਗਦਾ। ਇਹ ਪਹਿਲਾਂ ਉਸ ਰਾਗ ਬਾਰੇ ਕਿਸੇ ਦੂਜੇ ਮਨੁੱਖ ਦੇ ਕੋਲੋਂ ਸੁਣਦਾ ਹੈ। ਬਾਅਦ ਵਿਚ ਉਸ ਭੋਗ ਦੇ ਬਾਰੇ ਸੁਣੀਆਂ ਗੱਲਾਂ ਦੇ ਵਿਚਾਰ ਮਨ ਦੇ ਅੰਦਰ ਗਤੀ ਕਰਦੇ ਰਹਿੰਦੇ ਹਨ। ਉਨ੍ਹਾਂ ਗੱਲਾਂ ਨੇ ਮਨ ਦੇ ਅੰਦਰ ਉਸ ਰਾਗ ਨੂੰ ਭੋਗਣ ਦੇ ਲਈ ਤ੍ਰਿਸ਼ਨਾ ਪੈਦਾ ਕਰ ਦੇਣੀ ਹੈ। ਅੱਜ ਮੀਡੀਆ ਦੇ ਰਾਹੀਂ ਬਹੁਤ ਸਾਰੀ ਰਾਗ-ਮਈ ਵਿਚਾਰਾਂ ਵਾਲੀ ਸਮੱਗਰੀ ਮਨੁੱਖ ਦੇ ਮਨ ਅੰਦਰ ਭਰੀ ਜਾ ਰਹੀ ਹੈ। ਇਨ੍ਹਾਂ ਲੋਕਾਂ ਨੂੰ ਤੁਹਾਡੇ ਜੀਵਨ ਦੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਬੱਸ ਉਨ੍ਹਾਂ ਦਾ ਸਾਮਾਨ ਵਿਕਣਾ ਚਾਹੀਦਾ ਹੈ। ਕਈ ਵਾਰ ਬੱਚੇ ਇਸ ਤਰ੍ਹਾਂ ਦੀਆਂ ਵੀਡੀਉ ਦੇਖ ਲੈਂਦੇ ਹਨ ਜਿਸ ਦੇ ਵਿਚ ਕਈ ਰਾਗ-ਮਈ ਭੜਕਾਊ ਸਮੱਗਰੀ ਸ਼ਾਮਲ ਹੁੰਦੀ ਹੈ। ਇਸ ਤਰ੍ਹਾਂ ਦੀ ਕੋਈ ਵੀ ਜਾਣਕਾਰੀ ਜਦੋਂ ਛੋਟੇ ਬੱਚਿਆਂ ਦੇ ਕੋਲ ਪਹੁੰਚ ਜਾਵੇਗੀ ਜੋ ਕਿ ਬੱਚਿਆਂ ਦੀ ਉਮਰ ਦੇ ਹਿਸਾਬ ਨਾਲ ਕਿਤੇ ਜ਼ਿਆਦਾ ਹੈ। ਅਜੇ ਬੱਚੇ ਦੇ ਅੰਦਰ ਐਨੀ ਸਮਝ ਅਤੇ ਵਿਵੇਕ ਦਾ ਜਨਮ ਨਹੀਂ ਹੋਇਆ ਹੈ ਕਿ ਉਹ ਆਪਣੇ ਭਲੇ ਜਾਂ ਬੁਰੇ ਦੀ ਚੰਗੀ ਤਰ੍ਹਾਂ ਸੋਚ ਵਿਚਾਰ ਕਰ ਸਕੇ। ਨਵੀਂ ਪੀੜ੍ਹੀ ਦੇ ਕੋਲ ਗ਼ਲਤ ਜਾਣਕਾਰੀ ਆ ਰਹੀ ਹੈ ਸੋਸ਼ਲ ਮੀਡੀਆ ਦੇ ਰਾਹੀਂ। ਜਿਸ ਦੇ ਪ੍ਰਣਾਮ ਬਹੁਤ ਘਾਤਕ ਨਿਕਲ ਰਹੇ ਹਨ। ਬੱਚੇ ਤਾਂ ਬੱਚੇ ਸਗੋਂ ਵੱਡੇ ਮਨੁੱਖ ਵੀ ਕਈ ਵਾਰ ਪ੍ਰਚਾਰ ਦੇ ਪ੍ਰਭਾਵ ਹੇਠਾਂ ਆ ਜਾਂਦੇ ਹਨ। ਆਤਮ ਗਿਆਨ ਨੂੰ ਪ੍ਰਾਪਤ ਕਰਨ ਤੋਂ ਬਾਅਦ ਸਾਰੇ ਬ੍ਰਹਿਮੰਡ ਦੇ ਅੰਦਰ ਕੋਈ ਵੀ ਐਸਾ ਰਾਗ ਨਹੀਂ ਹੈ ਜੋ ਤੁਹਾਡੇ ਅੰਦਰ ਇੱਕ ਤਰੰਗ ਵੀ ਪੈਦਾ ਕਰ ਸਕੇ। ਜਿੰਨਾ ਚਿਰ ਤੱਕ ਸੁਰਤੀ ਪੂਰਨ ਤੌਰ ’ਤੇ ਸਹਿਜ ਵਿਚ ਪਰਵੇਸ਼ ਨਹੀਂ ਕਰ ਜਾਂਦੀ, ਤਦ ਤੱਕ ਪ੍ਰਕਿਰਤੀ ਸੁਰਤੀ ਨੂੰ ਰਾਗ ਮਾਇਆ ਭੋਗਾਂ ਦੇ ਰਾਹੀਂ ਆਪਣੇ ਵੱਲ ਨੂੰ ਖਿੱਚਣ ਦੇ ਲਈ ਪੂਰੀ ਕੋਸ਼ਿਸ਼ ਕਰੇਗੀ। ਰਾਗ ਅਤੇ ਦੋਸ਼ ਦੇ ਕਾਰਨ ਮਨੁੱਖ ਦੇ ਜੀਵਨ ਅੰਦਰ ਦੁੱਖ ਅਤੇ ਅਸ਼ਾਂਤੀ ਪੈਦਾ ਹੁੰਦੀ ਹੈ। ਇਹ ਭਰਮ ਤਦ ਤੱਕ ਬਣਿਆ ਹੀ ਰਹਿੰਦਾ ਹੈ, ਜਦੋਂ ਤੱਕ ਮਨੁੱਖ ਸਮਾਧੀ ਰਾਹੀਂ ਆਪਣੇ ਅੰਦਰ ਆਤਮਿਕ ਜਗਤ ਦੇ ਅੰਦਰ ਪਰਵੇਸ਼ ਨਹੀਂ ਕਰ ਜਾਂਦਾ। ਉਸ ਵਿਚਾਰਾਂ ਰਹਿਤ ਅਵਸਥਾ ਅੰਦਰ ਹੀ ਮਨੁੱਖ ਆਪਣੇ ਭਰਮਾਂ ਅਤੇ ਦੋਸ਼ਾਂ ਦੀਆਂ ਜੜ੍ਹਾਂ ਨੂੰ ਪੁੱਟ ਸਕਦਾ ਹੈ। ਮਨੁੱਖ ਰਾਗ ਅਤੇ ਦੋਸ਼ ਦੇ ਕਾਰਨ ਆਪਣੇ ਆਲੇ-ਦੁਆਲੇ ਅਸ਼ਾਂਤੀ ਨੂੰ ਅਨੁਭਵ ਕਰਦਾ ਹੈ। ਸ਼ਾਂਤੀ ਅਤੇ ਅਨੰਦ ਦਾ ਸਬੰਧ ਨਿਰ-ਵਿਚਾਰ ਅਵਸਥਾ ਦੇ ਨਾਲ ਹੈ। ਵਿਚਾਰਾਂ ਤੋਂ ਮੁਕਤ ਜੀਵ ਆਤਮਾ ਰਾਗ ਅਤੇ ਵੈਰਾਗ ਤੋਂ ਮੁਕਤ ਹੋ ਕੇ ਆਪਣੇ ਆਪ ਹੀ ਸਹਿਜ ਅਵਸਥਾ ਅੰਦਰ ਪਰਵੇਸ਼ ਕਰ ਜਾਂਦੀ ਹੈ।

ਇੱਛਾ ਸ਼ਕਤੀ

ਇੱਛਾ ਸ਼ਕਤੀ ਦੇ ਬਿਨਾਂ ਕੋਈ ਵੀ ਕਾਰਜ ਪੂਰਾ ਨਹੀਂ ਕੀਤਾ ਜਾ ਸਕਦਾ। ਬ੍ਰਹਮ ਗਿਆਨ ਦੀ ਅਵਸਥਾ ਵੀ ਮਨੁੱਖ ਨੂੰ ਇੱਛਾ ਸ਼ਕਤੀ ਦੇ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ। ਮਨੁੱਖ ਨੂੰ ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਸਤੇ ਆਪਣੀ ਸ਼ੁਰੂਆਤ ਇੱਛਾ ਦੇ ਨਾਲ ਹੀ ਕਰਨੀ ਪੈਂਦੀ ਹੈ। ਪਰਮਾਤਮਾ ਮਨੁੱਖ ਦੇ ਅੰਦਰ ਹੈ ਪਰ ਜਦੋਂ ਤੱਕ ਮਨੁੱਖ ਦੀ ਆਪਣੀ ਕੋਈ ਇੱਛਾ ਨਹੀਂ ਹੈ, ਤਦ ਤੱਕ ਪਾਰਬ੍ਰਹਮ ਇਸ ਦੀ ਕੋਈ ਵੀ ਮਦਦ ਨਹੀਂ ਕਰ ਸਕਦਾ। ਬ੍ਰਹਮ ਵਿੱਦਿਆ ਨੂੰ ਪ੍ਰਾਪਤ ਕਰਨ ਦੇ ਲਈ ਮਨੁੱਖ ਨੂੰ ਆਪਣੀ ਇੱਛਾ ਜ਼ਾਹਿਰ ਕਰਨੀ ਪੈਂਦੀ ਹੈ। ਇਹ ਵਿੱਦਿਆ ਪਾਰਬ੍ਰਹਮ ਤੋਂ ਆਉਂਦੀ ਹੈ ਜਿਸ ਨੂੰ ਹਾਸਿਲ ਕਰਨ ਤੋਂ ਬਾਅਦ ਮਨੁੱਖ ਦੇ ਸਰੀਰ ਅੰਦਰ ਨਾਮ ਰੂਪੀ ਪ੍ਰਕਾਸ਼ ਦਾ ਝਰਨਾ ਪ੍ਰਗਟ ਹੋ ਜਾਂਦਾ ਹੈ। ਜਦੋਂ ਮਨੁੱਖ ਦਾ ਮਨ ਅਤੇ ਤਨ ਉਸ ਝਰਨੇ ਦੇ ਪ੍ਰਕਾਸ਼ ਰੂਪੀ ਪਾਣੀ ਨੂੰ ਪੀਂਦਾ ਹੈ ਤਾਂ ਆਤਮਾ ਰੂਪੀ ਦਰੱਖ਼ਤ ਨੂੰ ਲੱਗੀਆਂ ਵਿਕਾਰਾਂ ਦੀਆਂ ਟਾਹਣੀਆਂ ਆਪਣੇ ਆਪ ਸੁੱਕ ਜਾਂਦੀਆਂ ਹਨ। ਜੇਕਰ ਮਨੁੱਖ ਇਨ੍ਹਾਂ ਟਾਹਣੀਆਂ ਨੂੰ ਜ਼ਬਰਦਸਤੀ ਕਰ ਕੇ ਕੱਟਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਜਗ੍ਹਾ ਤੋਂ ਕਈ ਹੋਰ ਨਵੀਆਂ ਟਾਹਣੀਆਂ ਨਿਕਲ ਆਉਂਦੀਆਂ ਹਨ। ਇਸ ਤਰ੍ਹਾਂ ਕਿਰਿਆ ਕਰਨ ਵਾਲੇ ਮਨੁੱਖਾਂ ਦਾ ਜੀਵਨ ਇੱਕੋ ਜਗ੍ਹਾ ਖਲੋਤਾ ਰਹੇਗਾ।

ਪਰਮਾਤਮਾ ਦੇ ਨਾਲ ਮਿਲਾਪ ਕਰਨ ਦੇ ਲਈ ਵਿਸ਼ਾਲ ਹਿਰਦੇ ਦੀ ਲੋੜ ਪੈਂਦੀ ਹੈ। ਪਰਮਾਤਮਾ ਆਪ ਬਹੁਤ ਵਿਸ਼ਾਲ ਹੈ। ਛੋਟੇ ਹਿਰਦੇ ਵਾਲੇ ਮਨੁੱਖ ਦੇ ਅੰਦਰ ਉਹ ਮਹਾਂ ਸ਼ਕਤੀ ਪਰਵੇਸ਼ ਨਹੀਂ ਕਰ ਸਕਦੀ, ਜਿੰਨਾ ਚਿਰ ਤੱਕ ਮਨੁੱਖ ਦੇ ਅੰਦਰ ਇੱਛਾ ਪੈਦਾ ਨਹੀਂ ਹੋ ਜਾਂਦੀ, ਤਦ ਤੱਕ ਖੇਡ ਬਣਨੀ ਥੋੜ੍ਹੀ ਮੁਸ਼ਕਲ ਹੈ। ਜਦੋਂ ਮਨੁੱਖ ਨੂੰ ਬਹੁਤ ਜ਼ਿਆਦਾ ਪਿਆਸ ਲੱਗੀ ਹੋਵੇ ਤਾਂ ਉਹ ਪਾਣੀ ਨੂੰ ਪੀਣ ਵਾਸਤੇ ਆਪਣੀ ਪੂਰੀ ਸ਼ਕਤੀ ਨੂੰ ਝੋਕ ਦੇਂਦਾ ਹੈ। ਕੇਵਲ ਇੱਕ ਇੱਛਾ ਸ਼ਕਤੀ ਜ਼ਾਹਿਰ ਕਰਨ ਦੇ ਨਾਲ ਸਾਰੇ ਕਾਰਜ ਆਪਣੇ ਆਪ ਹੋਣ ਲੱਗ ਜਾਂਦੇ ਹਨ। ਤੁਸੀਂ ਤਦ ਤੱਕ ਰੁਕਣਾ ਨਹੀਂ, ਜਦੋਂ ਤੱਕ ਆਤਮ ਗਿਆਨ ਦੀ ਮੰਜ਼ਲ ਤੁਹਾਨੂੰ ਪ੍ਰਾਪਤ ਨਹੀਂ ਹੋ ਜਾਂਦੀ, ਤਦ ਤੱਕ ਤੁਸੀਂ ਗਤੀ ਕਰਦੇ ਹੀ ਜਾਣਾ ਹੈ।

ਚੇਤਨ ਮਨ ਹੀ ਚੇਤਨਾ ਹੈ

ਜਦੋਂ ਚੇਤਨ ਮਨ ਵਿਚਾਰਾਂ ਤੋਂ ਮੁਕਤ ਹੋ ਜਾਂਦਾ ਹੈ, ਉਸ ਇੱਛਾ ਰਹਿਤ ਅਵਸਥਾ ਅੰਦਰ ਮਨੁੱਖ ਨੂੰ ਆਤਮ ਸਰੂਪ ਦੇ ਦਰਸ਼ਨ ਹੋ ਜਾਂਦੇ ਹਨ। ਇਸ ਅਵਸਥਾ ਵਿਚ ਮਨੁੱਖ ਹੋਣੇ-ਭਾਵ ਨਾਲ ਇਸ ਸੰਸਾਰ ਦੇ ਵਿਚ ਵਿਚਰਦਾ ਹੈ। ਉਸ ਮਨੁੱਖ ਦਾ ਅੰਤਹਕਰਨ ਚੰਦਨ ਦੇ ਵਾਂਗੂੰ ਸੀਤਲ ਹੋ ਚੁੱਕਾ ਹੈ। ਚੇਤਨ ਮਨ ਕੀ ਹੈ, ਮੰਨ ਲਓ ਖੱਬੇ ਪਾਸੇ ਭਵਿੱਖ ਕਾਲ ਹੈ ਅਤੇ ਸੱਜੇ ਪਾਸੇ ਭੂਤਕਾਲ ਹੈ। ਇਨ੍ਹਾਂ ਦੋਨਾਂ ਕਾਲਾਂ ਦੇ ਵਿਚਕਾਰ ਵਰਤਮਾਨ ਕਾਲ ਹੈ, ਜੋ ਇੱਕ ਪਿਆਜ਼ ਦੇ ਛਿਲਕੇ ਤੋਂ ਵੀ ਜ਼ਿਆਦਾ ਬਰੀਕ ਹੈ। ਜਦੋਂ ਮਨੁੱਖ ਦੀ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਕੇ ਇਸ ਬਿੰਦੂ ਉੱਪਰ ਆ ਕੇ ਠਹਿਰ ਜਾਂਦੀ ਹੈ ਤਾਂ ਉਸ ਅਵਸਥਾ ਵਿਚ ਮਨੁੱਖ ਚੇਤਨ ਤੱਤ ਨੂੰ ਅਨੁਭਵ ਕਰਦਾ ਹੈ। ਜਦੋਂ ਮਨੁੱਖ ਦੀ ਸੁਰਤੀ ਇਸ ਅਵਸਥਾ ਵਿਚ ਵਿਚਾਰਾਂ ਨੂੰ ਨਹੀਂ ਪਕੜਦੀ ਤਾਂ ਕੁੱਝ ਸਮੇਂ ਬਾਅਦ ਆਪਣੇ ਆਪ ਵਿਚਾਰ ਆਉਣੋਂ ਬੰਦ ਹੋ ਜਾਂਦੇ ਹਨ। ਸਰੀਰ ਦਾ ਜਨਮ ਹੁੰਦਾ ਹੈ, ਚੇਤਨਾ ਸ਼ਕਤੀ ਦਾ ਜਨਮ ਨਹੀਂ ਹੁੰਦਾ, ਉਹ ਅਮਰ ਤੱਤ ਹੈ। ਆਤਮਾ ਦੇ ਅੰਦਰ ਹੈ ਚੇਤਨਾ ਸ਼ਕਤੀ ਜੋ ਸਾਡੇ ਸਰੀਰ ਦੇ ਬਿਰਦ ਹੋਣ ਦੇ ਪ੍ਰਭਾਵ ਤੋਂ ਵੀ ਮੁਕਤ ਹੈ। ਜਦੋਂ ਸਾਡੀ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਜਾਂਦੀ ਹੈ ਤਾਂ ਅਸੀਂ ਨਿਰ-ਵਿਚਾਰ ਸੁਰਤੀ ਦੇ ਰਾਹੀਂ ਉਸ ਚੇਤਨ ਤੱਤ ਨੂੰ ਅਨੁਭਵ ਕਰ ਲੈਂਦੇ ਹਾਂ। ਇਹ ਅਵਸਥਾ ਬਿਆਨ ਤੋਂ ਰਹਿਤ ਹੈ, ਬਿਆਨ ਕਰਨ ਵਾਸਤੇ ਦੋ ਦਾ ਹੋਣਾ ਜ਼ਰੂਰੀ ਹੈ, ਦੱਸਣ ਵਾਲਾ ਵੀ ਤਾਂ ਉਸ ਅਵਸਥਾ ਵਿਚ ਉਸੇ ਦਾ ਹੀ ਰੂਪ ਹੋ ਜਾਂਦਾ ਹੈ। ਇਹ ਅਵਸਥਾ ਬਦਲਾਉ ਤੋਂ ਰਹਿਤ ਆਕਾਸ਼ ਦੀ ਤਰ੍ਹਾਂ ਹੈ, ਇਸ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਇਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਇਹ ਅਵਸਥਾ ਮਨੁੱਖ ਦੇ ਅੰਦਰ ਉਦੋਂ ਬਣ ਜਾਂਦੀ ਹੈ ਜਦੋਂ ਜਾਗ੍ਰਿਤ ਅਵਸਥਾ ਵਿਚ ਉਸ ਦੀ ਸੁਰਤੀ ਗਗਨ ਗੁਫ਼ਾ ਦੇ ਅੰਦਰ ਸਥਿਰ ਹੋ ਜਾਂਦੀ ਹੈ। ਇਹ ਅਤਿ ਅਨੰਦਮਈ ਅਵਸਥਾ ਹੈ, ਇਹ ਅਨੰਦ ਅਕਾਰਨ ਹੈ। ਇਹ ਬ੍ਰਹਮ ਦਾ ਉਹ ਤੱਤ ਹੈ ਜਿਸ ਤੋਂ ਸਭ ਕੁੱਝ ਪੈਦਾ ਹੁੰਦਾ ਹੈ ਅਤੇ ਅੰਤ ਦੇ ਵਿਚ ਉਸ ਦੇ ਅੰਦਰ ਹੀ ਸਮਾ ਜਾਂਦਾ ਹੈ। ਚੇਤਨਾ ਸ਼ਕਤੀ ਜਦੋਂ ਗਤੀ ਰਹਿਤ ਹੋ ਜਾਵੇਗੀ ਤਾਂ ਇਸ ਨੇ ਪਾਰਬ੍ਰਹਮ ਦੇ ਵਿਚ ਸਮਾ ਜਾਣਾ ਹੈ, ਵਿਚਾਰ ਮੁਕਤ ਚੇਤਨਾ ਹੀ ਜੀਵਨ ਮੁਕਤ ਹੈ। ਜਦੋਂ ਅਸੀਂ ਆਪਣੇ ਪੂਰੇ ਧਿਆਨ ਨੂੰ ਤ੍ਰਿਕੁਟੀ ਵਿਚ ਇਕਾਗਰ ਕਰ ਕੇ ਉਸ ਪਰਮ ਸ਼ਕਤੀ ਦਾ ਇੰਤਜ਼ਾਰ ਕਰਦੇ ਹਾਂ, ਤਾਂ ਊਰਜਾ ਸ਼ਕਤੀ ਨੇ ਸਰੀਰ ਦੇ ਅੰਦਰ ਆਪਣੇ ਆਪ ਪ੍ਰਕਾਸ਼ ਦੇ ਵਿਚ ਤਬਦੀਲ ਹੋਣ ਲੱਗ ਜਾਣਾ ਹੈ। ਬਿਨਾਂ ਪੁਕਾਰ ਕੀਤਿਆਂ ਪ੍ਰਕਾਸ਼ ਸਰੀਰ ਦੇ ਅੰਦਰ ਆਪਣੇ ਆਪ ਗਤੀਮਾਨ ਨਹੀਂ ਹੋ ਸਕਦਾ। ਜੋ ਮਨੁੱਖ ਆਪਣੇ ਗਿਆਨ ਅਤੇ ਅਗਿਆਨ ਨੂੰ ਛੱਡ ਕੇ ਆਪਣੇ

ਆਪ ਨੂੰ ਖ਼ਾਲੀ ਕਰ ਲਵੇਗਾ, ਉਹ ਮਨੁੱਖ ਇਸ ਅਵਸਥਾ ਨੂੰ ਅਨੁਭਵ ਕਰਨ ਦਾ ਪਾਤਰ ਬਣ ਜਾਂਦਾ ਹੈ। ਉਸ ਮਨੁੱਖ ਨੂੰ ਇਸ ਸ਼ਕਤੀ ਨੇ ਸ਼ੁੱਧ ਗਿਆਨ ਦੇ ਨਾਲ ਭਰ ਦੇਣਾ ਹੈ। ਇਸ ਗਿਆਨ ਨੂੰ ਪ੍ਰਾਪਤ ਕਰਨ ਤੋਂ ਬਾਅਦ ਮਨੁੱਖ ਦੇ ਜੀਵਨ ਦੀ ਦਿਸ਼ਾ ਆਪਣੇ ਆਪ ਬਦਲ ਜਾਂਦੀ ਹੈ, ਜਿਸ ਦਾ ਫਲ ਉਸ ਮਨੁੱਖ ਨੂੰ ਮਹਾਂ ਅਨੰਦ ਦੇ ਰੂਪ ਵਿਚ ਪ੍ਰਾਪਤ ਹੋ ਜਾਵੇਗਾ। ਪਰਮਾਤਮਾ ਨੂੰ ਮਿਲਣ ਲਈ ਕੀਤੀ ਗਈ ਮਿਹਨਤ ਉਸ ਮਿਲੇ ਅਨੰਦ ਦੀ ਕੀਮਤ ਨਹੀਂ ਹੈ, ਜੋ ਮਿਲਦਾ ਹੈ ਉਹ ਅਮੋਲਕ ਹੈ। ਉਸ ਨੂੰ ਪਾਉਣ ਦੇ ਲਈ ਕੀਤੀ ਗਈ ਮਿਹਨਤ ਬਹੁਤ ਮਾਮੂਲੀ ਹੈ। ਜੇਕਰ ਮਨੁੱਖ ਨੇ ਬਾਹਰੀ ਮੰਜ਼ਲ ਉੱਪਰ ਪਹੁੰਚਣਾ ਹੋਵੇ ਤਾਂ ਉਸ ਨੂੰ ਤੁਰਨਾ ਪੈਂਦਾ ਹੈ ਪਰ ਧਰਮ ਦਾ ਹਿਸਾਬ ਬਿਲਕੁਲ ਉਲਟਾ ਹੈ। ਮਨ ਅੰਦਰ ਚੱਲਣ ਵਾਲੀ ਵਿਚਾਰਾਂ ਦੀ ਗਤੀ ਨੂੰ ਰੋਕਣ ਤੋਂ ਬਾਅਦ ਮਨੁੱਖ ਆਪਣੀ ਮੰਜ਼ਲ ਉੱਪਰ ਪਹੁੰਚ ਜਾਂਦਾ ਹੈ। ਵਿਚਾਰਾਂ ਤੋਂ ਮੁਕਤ ਸੁਰਤੀ ਨੇ ਪਾਰਬ੍ਰਹਮ ਦੇ ਗਹਿਰੇ ਤਲਾਂ ਅੰਦਰ ਪਰਵੇਸ਼ ਕਰਦੇ ਹੀ ਜਾਣਾ ਹੈ। ਇਸ ਸ਼ਕਤੀ ਦਾ ਕੋਈ ਕਿਨਾਰਾ ਨਹੀਂ, ਅੰਤ ਦੇ ਵਿਚ ਸੁਰਤੀ ਨੇ ਚੇਤਨਾ ਰੂਪੀ ਸਾਗਰ ਦੇ ਅੰਦਰ ਹੀ ਲੀਨ ਹੋ ਜਾਣਾ ਹੈ, ਜਿਸ ਤਰ੍ਹਾਂ ਪ੍ਰਕਾਸ਼ ਦੇ ਅੰਦਰ ਹਨੇਰਾ ਲੀਨ ਹੋ ਜਾਂਦਾ ਹੈ। ਇਸ ਸਾਧਨਾ ਦਾ ਇੱਕ ਹੀ ਅਸੂਲ ਹੈ ਸਾਧਕ ਨੂੰ ਆਪਣੇ ਸੁਰਤੀ ਦੇ ਰਾਹੀਂ ਆਪਣੇ ਅੰਦਰ ਹਰ ਦਿਨ ਗਤੀ ਕਰਨੀ ਪੈਣੀ ਹੈ। ਜੋ ਵੀ ਵਿਚਾਰ ਸੁਰਤੀ ਨੂੰ ਆਪਣੇ ਨਾਲ ਬੰਨ੍ਹਣੇ ਦੀ ਕੋਸ਼ਿਸ਼ ਕਰਦਾ ਹੈ, ਉਸ ਤੋਂ ਆਪਣੀ ਸੁਰਤੀ ਨੂੰ ਮੁਕਤ ਕਰਦੇ ਜਾਣਾ ਹੈ। ਬਿਨਾਂ ਮਿਹਨਤ ਕੀਤੇ ਕੁੱਝ ਵੀ ਪ੍ਰਾਪਤ ਨਹੀਂ ਹੋ ਸਕਦਾ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਹਰ ਇੱਕ ਮਨੁੱਖ ਦੇ ਅੰਦਰ ਇੱਛਾ ਹੁੰਦੀ ਹੈ, ਪਰਮ ਅਨੰਦ ਅਤੇ ਸ਼ਾਂਤੀ ਨੂੰ ਪ੍ਰਾਪਤ ਕਰਨ ਦੇ ਲਈ। ਮਨੁੱਖ ਦੇ ਪ੍ਰਾਣਾਂ ਅੰਦਰੋਂ ਇਹ ਆਵਾਜ਼ ਲਗਾਤਾਰ ਆਉਂਦੀ ਰਹਿੰਦੀ ਹੈ। ਸਭ ਕੁੱਝ ਹੁੰਦਿਆਂ ਹੋਇਆਂ ਵੀ ਕਿਸੇ ਚੀਜ਼ ਦੀ ਕਮੀ ਹੈ, ਘਾਟ ਹੈ; ਮਨੁੱਖ ਉਸ ਆਵਾਜ਼ ਨੂੰ ਸ਼ਾਂਤ ਕਰਨ ਦੇ ਲਈ ਜਾਂ ਤਾਂ ਧਾਰਮਿਕ ਅਸਥਾਨਾਂ 'ਤੇ ਚਲਾ ਜਾਂਦਾ ਹੈ ਜਾਂ ਪਦਾਰਥਾਂ ਨੂੰ ਇਕੱਤਰ ਕਰਨ ਵਿਚ ਲੱਗ ਜਾਂਦਾ ਹੈ। ਇਸ ਤਰ੍ਹਾਂ ਗਤੀ ਕਰਨ ਦੇ ਨਾਲ ਆਵਾਜ਼ ਬੰਦ ਨਹੀਂ ਹੋਵੇਗੀ। ਇਹ ਆਤਮਾ ਦੀ ਆਵਾਜ਼ ਹੈ, ਜੀਵ ਆਤਮਾ ਪਰਮਾਤਮਾ ਦੇ ਨਾਲੋਂ ਵਿੱਛੜੀ ਹੋਣ ਕਾਰਨ ਪਰੇਸ਼ਾਨ ਰਹਿੰਦੀ ਹੈ। ਉਸ ਦੁੱਖ ਨੂੰ ਭੁਲਾਉਣ ਦੇ ਲਈ ਇੰਦਰੀਆਂ ਦੇ ਰਾਹੀਂ ਭੋਗਾਂ ਨੂੰ ਭੋਗਦੀ ਹੈ। ਇਸ ਦੀ ਤ੍ਰਿਪਤੀ ਆਪਣੇ ਆਪ ਹੋ ਜਾਵੇਗੀ, ਜਦੋਂ ਸੁਰਤੀ ਦਾ ਮਿਲਣ ਸਹਿਜ ਅਵਸਥਾ ਨਾਲ ਹੋ ਜਾਵੇਗਾ।

ਸੁਰਤੀ ਅਤੇ ਪਦਾਰਥ

ਜਿੰਨਾ ਚਿਰ ਸੁਰਤੀ ਪਦਾਰਥਾਂ ਵਾਲੇ ਵਿਚਾਰਾਂ ਦੇ ਵਿਚ ਭਟਕ ਰਹੀ ਹੈ, ਓਨਾ ਚਿਰ ਤੱਕ ਮਨੁੱਖ ਦਾ ਮਨ ਚਿੰਤਾ ਅਤੇ ਪਰੇਸ਼ਾਨੀਆਂ ਤੋਂ ਮੁਕਤ ਨਹੀਂ ਹੋ ਸਕਦਾ। ਜਦੋਂ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਕੇ ਆਤਮ ਤੱਤ ਦੇ ਵਿਚ ਵਾਪਸ ਆ ਜਾਂਦੀ ਹੈ ਤਾਂ ਅਨੰਦ ਅਤੇ ਸ਼ਾਂਤੀ ਆਪਣੇ ਆਪ ਮਨੁੱਖ ਨੂੰ ਘੇਰਾ ਪਾ ਲੈਂਦੇ ਹਨ। ਜਦੋਂ ਸੁਰਤੀ ਕਿਰਿਆ ਰਹਿਤ ਅਵਸਥਾ ਵਿਚ ਸਥਿਰ ਹੋ ਜਾਂਦੀ ਹੈ ਤਾਂ ਮਨੁੱਖ ਨੂੰ ਪਾਰਬ੍ਰਹਮ ਦਾ ਅਨੁਭਵ ਹੁੰਦਾ ਹੈ। ਜੋ ਵੀ ਮਨੁੱਖ ਸਾਧਨਾ ਦੀ ਮਦਦ ਨਾਲ ਆਪਣੀ ਸੁਰਤੀ ਨੂੰ ਅਕਿਰਿਆ ਅਵਸਥਾ ਵਿਚ ਲੀਨ ਕਰ ਲਵੇਗਾ, ਉਸ ਮਨੁੱਖ ਨੂੰ ਪ੍ਰਕਿਰਤੀ ਨੇ ਆਪਣੇ ਬੰਧਨਾਂ ਤੋਂ ਮੁਕਤ ਕਰ ਦੇਣਾ ਹੈ। ਪਰਮ ਅਵਸਥਾ ਵਿਚ ਪਹੁੰਚੇ ਮਨੁੱਖ ਦਾ ਆਪਣਾ ਕਰਤਾ-ਭਾਵ ਤਿਆਗਿਆ ਜਾਂਦਾ ਹੈ। ਹੁਣ ਉਹ ਆਪ ਕਰਤਾ ਨਹੀਂ ਹੈ, ਕਰਤਾ ਕੇਵਲ ਪਾਰਬ੍ਰਹਮ ਹੀ ਹੈ। ਜਿਸ ਮਨੁੱਖ ਨੇ ਜਿਉਂਦੇ-ਜੀ ਆਪਣੀ ਸੁਰਤੀ ਨੂੰ ਆਤਮ ਤੱਤ ਦੇ ਵਿਚ ਸਥਿਰ ਕਰ ਲਿਆ ਹੈ, ਜਦੋਂ ਵੀ ਇਸ ਮਨੁੱਖ ਦੀ ਆਤਮਾ ਸਰੀਰ ਦਾ ਤਿਆਗ ਕਰੇਗੀ, ਉਸ ਨੇ ਸਹਿਜ ਤੱਤ ਦੇ ਵਿਚ ਸਦਾ ਲਈ ਲੀਨ ਹੋ ਜਾਣਾ ਹੈ। ਇਹ ਉਹੀ ਤੱਤ ਹੈ ਜਿਸ ਦਾ ਅਨੰਦ ਮਨੁੱਖ ਨੇ ਜਿਉਂਦੇ-ਜੀ ਮਾਣਿਆ ਸੀ। ਸਾਧਨਾ ਕਰਨ ਸਮੇਂ ਜਦੋਂ ਸੁਰਤੀ ਇੱਕ ਵਾਰ ਸਹਿਜ ਅਵਸਥਾ ਵਿਚ ਪਰਵੇਸ਼ ਕਰ ਜਾਂਦੀ ਹੈ, ਉਸ ਤੋਂ ਬਾਅਦ ਸੁਰਤੀ ਨੇ ਹੌਲੀ ਹੌਲੀ ਕਰਕੇ ਆਪਣੇ ਕੇਂਦਰ ’ਤੇ ਵਾਪਸ ਪਰਤਦੀ ਆਉਣਾ ਹੈ। ਇਹ ਮਨੁੱਖ ਭਾਵੇਂ ਖਾਣਾ ਖਾਵੇ, ਸੌਂਵੇਂ, ਨਹਾਵੇ ਜਾਂ ਕੋਈ ਹੋਰ ਕੰਮ-ਕਾਜ ਕਰੇ, ਇਸ ਮਨੁੱਖ ਦਾ ਅੰਦਰਲਾ-ਭਾਵ ਆਪਣੇ ਆਪ ਨਾਲ ਬਣਿਆ ਹੀ ਰਹੇਗਾ। ਅਕਿਰਿਆ ਤੱਤ ਦੇ ਵਿਚ ਪਰਵੇਸ਼ ਕਰਨ ਤੋਂ ਬਾਅਦ ਹੀ ਸੁਰਤੀ ਪਾਰਬ੍ਰਹਮ ਦੇ ਨਿੱਘ ਦਾ ਅਨੰਦ ਮਾਣ ਸਕਦੀ ਹੈ।

ਮਨੁੱਖ ਅਨੰਦ ਦੀ ਖੋਜ ਬਾਹਰ ਸੰਸਾਰੀ ਪਦਾਰਥਾਂ ਦੇ ਵਿੱਚੋਂ ਕਰ ਰਿਹਾ ਹੈ। ਆਪਣੇ ਘਰ ਪਰਿਵਾਰ ਦੇ ਜੀਆਂ ਵਿਚ ਹੋਣ ਦੇ ਬਾਵਜੂਦ ਵੀ ਇਹ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ। ਮਨੁੱਖ ਦਾ ਸਾਰਾ ਜੀਵਨ ਆਪਣੇ ਆਪ ਤੋਂ ਦੂਰ ਭੱਜਣ ਦੀ ਕੋਸ਼ਿਸ਼ ਵਿਚ ਬੀਤ ਜਾਂਦਾ ਹੈ। ਜੋ ਮਨੁੱਖ ਕੇਵਲ ਬਾਹਰੀ ਜੀਵਨ ਦੇ ਵੱਲ ਧਿਆਨ ਦੇਂਦਾ ਹੈ, ਉਸ ਮਨੁੱਖ ਨੇ ਆਪਣੀਆਂ ਜੜ੍ਹਾਂ ਤੋਂ ਹੋਰ ਜ਼ਿਆਦਾ ਦੂਰ ਹੁੰਦੇ ਜਾਣਾ ਹੈ। ਮਨੁੱਖ ਦੀਆਂ ਜੜ੍ਹਾਂ ਉਸ ਦੀ ਆਤਮਾ ਦੇ ਅੰਦਰ ਹਨ। ਜਿਸ ਤਰ੍ਹਾਂ ਦਰੱਖ਼ਤ ਨੂੰ ਸ਼ਕਤੀ ਉਸ ਦੀਆਂ ਜੜ੍ਹਾਂ ਦੇ ਰਾਹੀਂ ਪ੍ਰਾਪਤ ਹੁੰਦੀ ਹੈ, ਇਸੇ ਹੀ ਤਰ੍ਹਾਂ ਮਨੁੱਖ ਨੂੰ ਅਨੰਦ ਅਤੇ ਸ਼ਾਂਤੀ ਉਸ ਦੀ ਆਤਮਾ ਦੇ ਅੰਦਰੋਂ ਹੀ ਪ੍ਰਾਪਤ ਹੋਣੀ ਹੈ। ਮਨੁੱਖ ਦੇ ਮਨ ਦੀ ਸੰਤੁਸ਼ਟੀ ਦੁਨੀਆਂ ਦੇ ਕਿਸੇ ਵੀ ਪਦਾਰਥ ਨੂੰ ਪ੍ਰਾਪਤ ਕਰਨ ਦੇ

ਨਾਲ ਨਹੀਂ ਹੋ ਸਕਦੀ। ਤੁਸੀਂ ਆਪਣੇ ਬੀਤੇ ਜੀਵਨ ਦੇ ਉੱਪਰ ਇੱਕ ਵਾਰ ਨਜ਼ਰ ਮਾਰ ਕੇ ਦੇਖੋ ਤਾਂ ਤੁਹਾਨੂੰ ਪਤਾ ਚੱਲੇਗਾ ਕਿ ਜੋ ਪਦਾਰਥ ਕੁੱਝ ਸਾਲ ਪਹਿਲਾਂ ਤੁਹਾਡੇ ਕੋਲ ਨਹੀਂ ਸਨ ਪਰ ਅੱਜ ਹਨ। ਇਨ੍ਹਾਂ ਪਦਾਰਥਾਂ ਨੂੰ ਪ੍ਰਾਪਤ ਕਰਨ ਦੇ ਨਾਲ ਤੁਹਾਡੇ ਮਨ ਦਾ ਕੋਈ ਕੋਨਾ ਭਰਿਆ ਹੈ ਜਾਂ ਨਹੀਂ। ਇਸ ਗੱਲ ਦੀ ਕੀ ਗਰੰਟੀ ਹੈ ਜਿਸ ਇੱਛਾ ਦੇ ਪਿੱਛੇ ਤੁਸੀਂ ਹੁਣ ਭੱਜ ਰਹੇ ਹੋ, ਉਸ ਦੀ ਪ੍ਰਾਪਤੀ ਹੋਣ ਤੋਂ ਬਾਅਦ ਤੁਹਾਡਾ ਮਨ ਸ਼ਾਂਤ ਹੋ ਜਾਵੇਗਾ? ਪਰਮਾਤਮਾ ਨੂੰ ਛੱਡ ਕੇ ਭਾਵੇਂ ਮਨੁੱਖ ਨੂੰ ਸਾਰੀ ਦੁਨੀਆਂ ਦੀ ਸੰਪਤੀ ਮਿਲ ਜਾਵੇ ਤਾਂ ਵੀ ਇਸ ਦੀ ਪਰੇਸ਼ਾਨੀ ਅਤੇ ਚਿੰਤਾ ਦੂਰ ਨਹੀਂ ਹੋਵੇਗੀ। ਤੁਸੀਂ ਕਿਸੇ ਵੀ ਪਦਾਰਥ ਨੂੰ ਪ੍ਰਾਪਤ ਕਰ ਕੇ ਦੇਖ ਲਵੋ, ਤੁਹਾਡਾ ਮਨ ਸੰਤੁਸ਼ਟ ਨਹੀਂ ਹੋਵੇਗਾ। ਇਸ ਦੀ ਸੰਤੁਸ਼ਟੀ ਓਨਾ ਚਿਰ ਤੱਕ ਨਹੀਂ ਹੋ ਸਕਦੀ, ਜਿੰਨਾ ਚਿਰ ਤੱਕ ਤੁਹਾਡੀ ਸੁਰਤੀ ਦਾ ਮੇਲ ਮਹਾਂ ਚੇਤਨਾ ਰੂਪੀ ਪਰਮਾਤਮਾ ਦੇ ਨਾਲ ਨਹੀਂ ਹੋ ਜਾਂਦਾ।

ਇਹ ਖੋਜ ਮਨ ਦੀ ਨਹੀਂ, ਆਤਮਾ ਦੀ ਹੈ। ਇਸ ਗੱਲ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਓਨਾ ਚਿਰ ਤੱਕ ਮਨੁੱਖ ਦੇ ਜੀਵਨ ਵਿਚ ਸਬਰ ਅਤੇ ਸੰਤੋਖ ਪਰਵੇਸ਼ ਨਹੀਂ ਕਰ ਸਕਦਾ, ਜਿੰਨਾ ਚਿਰ ਤੱਕ ਸੁਰਤੀ ਅਕਿਰਿਆ ਤੱਤ ਦੇ ਵਿਚ ਪਰਵੇਸ਼ ਨਹੀਂ ਕਰ ਜਾਂਦੀ। ਆਪਣੇ ਮਨ ਦੇ ਅੰਦਰ ਪਰਵੇਸ਼ ਕਰ ਕੇ ਇਸ ਨੂੰ ਗਤੀਹੀਣ ਕਰਨ ਦੇ ਲਈ ਸਾਧਨਾ ਕਰਨੀ ਹੈ। ਵਿਚਾਰਾਂ ਰਹਿਤ ਸੁਰਤੀ ਪਹਿਲਾਂ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰਦੀ ਹੈ, ਉਸ ਤੋਂ ਬਾਅਦ ਹੀ ਮਨੁੱਖ ਦਾ ਮੇਲ ਪਾਰਬ੍ਰਹਮ ਦੇ ਨਾਲ ਹੁੰਦਾ ਹੈ। ਮਨ ਦੀ ਅਖੰਡ ਅਵਸਥਾ ਹੀ ਪਰਮ ਅਨੰਦ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਹੈ। ਜੋ ਮਨੁੱਖ ਆਪਣੀ ਸੁਰਤੀ ਨੂੰ ਤ੍ਰਿਕੁਟੀ ਦੇ ਵਿਚ ਇਕਾਗਰ ਕਰ ਕੇ ਧਿਆਨ ਸਿਮਰਨ ਕਰਦਾ ਰਹੇਗਾ, ਉਸ ਮਨੁੱਖ ਦੇ ਮਨ ਨੂੰ ਵਿਚਾਰਾਂ ਦੀ ਮੈਲ ਤੋਂ ਮੁਕਤੀ ਮਿਲ ਜਾਵੇਗੀ। ਮਨੁੱਖ ਦਾ ਮਨ ਆਪਣੇ ਸਾਰੇ ਕਾਰਜਾਂ ਨੂੰ ਸੁਰਤੀ ਦੀ ਮਦਦ ਨਾਲ ਹੀ ਕਰ ਸਕਦਾ ਹੈ। ਜਿੰਨਾ ਚਿਰ ਤੱਕ ਸੁਰਤੀ ਕਿਸੇ ਇੰਦਰੀ ਦੇ ਨਾਲ ਨਹੀਂ ਜੁੜ ਜਾਂਦੀ, ਓਨਾ ਚਿਰ ਤੱਕ ਇੰਦਰੀ ਦੇ ਵੱਲੋਂ ਭੇਜਿਆ ਸਿਗਨਲ ਚੇਤਨ ਮਨ ਨੂੰ ਸਮਝ ਨਹੀਂ ਆਉਂਦਾ। ਸੁਰਤੀ ਦੇ ਬਿਨਾਂ ਸਭ ਕੁੱਝ ਉਲਟਾ ਪਲਟਾ ਹੋ ਜਾਂਦਾ ਹੈ। ਤੁਸੀਂ ਦੇਖਿਆ ਹੋਣਾ ਕਿ ਸੁਪਨੇ ਦੇ ਵਿਚ ਸਾਰਾ ਕੁੱਝ ਊਟਪਟਾਂਗ ਹੁੰਦਾ ਹੈ, ਜਿਸ ਦਾ ਅਸਲੀ ਜ਼ਿੰਦਗੀ ਦੇ ਨਾਲ ਕੋਈ ਸਬੰਧ ਨਹੀਂ ਹੁੰਦਾ। ਜਦੋਂ ਮਨੁੱਖ ਸੌਂ ਜਾਂਦਾ ਹੈ ਤਾਂ ਸੁਰਤੀ ਅਕਿਰਿਆ ਤੱਤ ਵਿਚ ਲੀਨ ਹੋ ਜਾਂਦੀ ਹੈ, ਤਾਂ ਹੀ ਇਸ ਤਰ੍ਹਾਂ ਹੁੰਦਾ ਹੈ।

ਜਦੋਂ ਕੋਈ ਮਨੁੱਖ ਆਪਣੀ ਸੁਰਤੀ ਨੂੰ ਪਰਮਾਤਮਾ ਦੇ ਨਾਲ ਲਗਾਉਂਦਾ ਹੈ, ਉਸ ਤੋਂ ਬਾਅਦ ਹੀ ਮਨੁੱਖ ਨੂੰ ਪਰਮ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਪਰਮਾਤਮਾ ਜ਼ਬਰਦਸਤੀ ਕਰ ਕੇ ਕਿਸੇ ਮਨੁੱਖ ਦੇ ਜੀਵਨ ਵਿਚ ਪਰਵੇਸ਼ ਨਹੀਂ ਕਰ ਸਕਦਾ। ਇਹ ਇੱਛਾ ਮਨੁੱਖ ਨੂੰ ਆਪ ਜ਼ਾਹਿਰ ਕਰਨੀ ਪੈਂਦੀ ਹੈ। ਜੋ ਵੀ ਮਨੁੱਖ ਪਰਮਾਤਮਾ ਦੇ ਕੋਲ ਜਾਣ ਲਈ ਤਿਆਰ ਹੋ ਜਾਵੇਗਾ ਤਾਂ ਪਰਮਾਤਮਾ ਨੇ ਉਸ ਮਨੁੱਖ ਨੂੰ ਜਿਉਂਦੇ-ਜੀ ਹੀ ਆਪਣੇ ਅੰਦਰ ਸਮਾ ਲੈਣਾ ਹੈ। ਮਰਨ ਤੋਂ ਬਾਅਦ ਦੀ ਗੱਲ ਤਾਂ ਬਹੁਤ ਦੂਰ ਦੀ ਹੈ, ਮਰਨ ਤੋਂ ਬਾਅਦ ਪਰਮ ਜੀਵਨ ਦੀ ਪ੍ਰਾਪਤੀ ਹੋਈ ਹੈ ਜਾਂ ਨਹੀਂ, ਇਸ ਬਾਰੇ ਕੁੱਝ ਕਹਿਣਾ ਬਹੁਤ ਮੁਸ਼ਕਲ ਹੈ। ਮੇਰੀ ਸਾਰੀ ਪ੍ਰੇਰਨਾ ਅਤੇ ਜਾਣਕਾਰੀ

ਤੁਹਾਨੂੰ ਜਿਉਂਦੇ-ਜੀ ਉਸ ਪਰਮ ਜੀਵਨ ਨੂੰ ਪ੍ਰਾਪਤ ਕਰਨ ਦੇ ਵਾਸਤੇ ਹੈ। ਮਰਨ ਤੋਂ ਬਾਅਦ ਮਿਲਣ ਵਾਲੇ ਸਵਰਗ ਦੇ ਵਿਚ ਕੋਈ ਸਾਰ ਨਹੀਂ ਹੈ। ਇਹ ਇੱਕ ਝੂਠਾ ਵਾਅਦਾ ਹੈ ਜਿਸ ਨੇ ਸਾਰਾ ਕੁੱਝ ਗੜਬੜ ਕਰ ਕੇ ਰੱਖ ਦਿੱਤਾ ਹੈ। ਜੇਕਰ ਜਿਉਂਦੇ-ਜੀ ਮਨੁੱਖ ਨੂੰ ਸਵਰਗ ਵਾਲਾ ਜੀਵਨ ਪ੍ਰਾਪਤ ਨਹੀਂ ਹੋਇਆ ਤਾਂ ਮਨ ਦੇ ਵਿੱਚੋਂ ਇਹ ਵਰਕਾ ਪਾੜ ਦੇਣਾ ਚਾਹੀਦਾ ਹੈ ਕਿ ਮਰਨ ਤੋਂ ਬਾਅਦ ਕਿਸੇ ਮਨੁੱਖ ਦੇ ਲਈ ਸਵਰਗ ਦਾ ਦਰਵਾਜ਼ਾ ਖੁੱਲ੍ਹੇਗਾ। ਮਰਨ ਤੋਂ ਬਾਅਦ ਜਾਂ ਦੁਬਾਰਾ ਜਨਮ ਜਾਂ ਮੁਕਤੀ ਇਨ੍ਹਾਂ ਦੋਨਾਂ ਦੇ ਵਿੱਚੋਂ ਇੱਕ ਜ਼ਰੂਰ ਘਟੇਗਾ।

ਤੁਸੀਂ ਇਸ ਚੱਕਰ ਦੇ ਵਿਚ ਨਹੀਂ ਪੈਣਾ ਕਿ ਇਹ ਕਰਨਾ ਹੈ ਜਾਂ ਇਹ ਨਹੀਂ ਕਰਨਾ ਹੈ। ਇੱਕ ਗੱਲ ਦਾ ਧਿਆਨ ਰੱਖਣਾ ਕਿ ਇਨ੍ਹਾਂ ਭੋਗ ਮਈ ਰਾਗਾਂ ਦੇ ਨਾਲ ਲੜਨਾ ਨਹੀਂ ਹੈ। ਇਹ ਸਾਰੇ ਮਲੀਨ ਆਤਮਾ ਦੇ ਪਰਛਾਵੇਂ ਹਨ, ਜੋ ਵੀ ਮਨੁੱਖ ਇਨ੍ਹਾਂ ਦੇ ਨਾਲ ਸਿੱਧਾ ਲੜਦਾ ਹੈ ਉਸ ਨੇ ਇਨ੍ਹਾਂ ਤੋਂ ਹਾਰਦੇ ਜਾਣਾ ਹੈ। ਪਰਛਾਵਿਆਂ ਦੇ ਨਾਲ ਲੜਨ ’ਤੇ ਕਿਸੇ ਨੂੰ ਜਿੱਤ ਪ੍ਰਾਪਤ ਨਹੀਂ ਹੋਈ। ਜਦੋਂ ਮਨੁੱਖ ਦੇ ਅੰਦਰ ਵਿਵੇਕ ਬੁੱਧੀ ਦਾ ਦੀਪਕ ਪ੍ਰਕਾਸ਼ਮਾਨ ਹੋ ਜਾਂਦਾ ਹੈ ਤਾਂ ਅਵਿੱਦਿਆ ਦੇ ਹਨੇਰੇ ਨੂੰ ਦੂਰ ਕਰਨ ਦੀ ਲੋੜ ਨਹੀਂ ਪੈਂਦੀ। ਦੀਪਕ ਦੇ ਪ੍ਰਕਾਸ਼ ਨੇ ਹਨੇਰੇ ਨੂੰ ਆਪਣੇ ਆਪ ਦੂਰ ਕਰ ਦੇਣਾ ਹੈ, ਨਾ ਕਿ ਹਨੇਰੇ ਨੂੰ ਦੂਰ ਕਰਨ ਵਾਸਤੇ ਕੁੱਝ ਕਰਨਾ ਪੈਂਦਾ ਹੈ। ਜਦੋਂ ਵੀ ਹੋਸ਼ ਆ ਜਾਵੇ, ਤੁਸੀਂ ਆਪਣੀ ਸੁਰਤੀ ਨੂੰ ਪਦਾਰਥਾਂ ਵਾਲੇ ਵਿਚਾਰਾਂ ਦੇ ਵਿੱਚੋਂ ਕੱਢ ਕੇ ਆਤਮਾ ਦੀ ਛਾਂ ਹੇਠਾਂ ਲੈ ਆਉਣਾ ਹੈ। ਕੇਵਲ ਇਹ ਇੱਕ ਕਾਰਜ ਤੁਸੀਂ ਆਪ ਕਰਨਾ ਹੈ। ਖ਼ਾਸ ਕਰਕੇ ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਜਿਨ੍ਹਾਂ ਵਿਚਾਰਾਂ ਦੇ ਵਿਚ ਸੁਰਤੀ ਬਾਰ ਬਾਰ ਜਾਂਦੀ ਹੈ, ਉਨ੍ਹਾਂ ਸਾਰੀਆਂ ਗੱਲਾਂ ਨੂੰ ਇੱਕ ਕਾਪੀ ਦੇ ਉੱਪਰ ਲਿਖ ਲਵੋ। ਇੱਕ ਵਾਰ ਜਦੋਂ ਚੇਤਨ ਮਨ ਨੂੰ ਪਤਾ ਲੱਗ ਗਿਆ, ਇਸ ਨੇ ਸੁਰਤੀ ਨੂੰ ਉਨ੍ਹਾਂ ਗੱਲਾਂ ਦੇ ਵਿਚ ਜਾਣ ਤੋਂ ਰੋਕ ਲੈਣਾ ਹੈ। ਸੁਰਤੀ ਦੇ ਬਿਨਾਂ ਆਤਮਾ ਸਰੀਰ ਦੇ ਨਾਲ ਗੱਲ-ਬਾਤ (communicate) ਨਹੀਂ ਕਰ ਸਕਦੀ। ਜੇਕਰ ਤੁਹਾਡੀ ਸੁਰਤੀ ਤੁਹਾਡੇ ਨਾਲ ਨਹੀਂ ਹੈ ਤਾਂ ਤੁਹਾਡੇ ਸਾਹਮਣੇ ਵਾਲਾ ਮਨੁੱਖ ਜਿੰਨੀਆਂ ਮਰਜ਼ੀ ਗੱਲਾਂ ਤੁਹਾਡੇ ਨਾਲ ਕਰੀ ਜਾਵੇ, ਤੁਹਾਨੂੰ ਕੁੱਝ ਵੀ ਪਤਾ ਨਹੀਂ ਲੱਗੇਗਾ, ਜਿੰਨਾ ਚਿਰ ਤੱਕ ਤੁਸੀਂ ਆਪਣੀ ਸੁਰਤੀ ਨੂੰ ਕੰਨ ਵਾਲੀ ਇੰਦਰੀ ਦੇ ਨਾਲ ਜੋੜ ਨਹੀਂ ਦੇਂਦੇ।

ਜਦੋਂ ਸੁਰਤੀ ਆਕਾਰ ਤੋਂ ਮੁਕਤ ਹੋ ਜਾਂਦੀ ਹੈ ਤਾਂ ਇਹ ਨਿਰਾਕਾਰ ਵਿਚ ਪਰਵੇਸ਼ ਕਰ ਜਾਂਦੀ ਹੈ। ਉਸ ਅਵਸਥਾ ਵਿਚ ਬ੍ਰਹਮ ਦੇ ਬਾਹਰ ਵਾਲੇ ਜਗਤ ਦੇ ਨਾਲੋਂ ਤੁਹਾਡਾ ਸੰਪਰਕ ਟੁੱਟ ਜਾਵੇਗਾ। ਜਿਸ ਤਰ੍ਹਾਂ ਨੀਂਦਰ ਦੇ ਵਿਚ ਪਰਵੇਸ਼ ਕਰਨ ਤੋਂ ਬਾਅਦ ਮਨੁੱਖ ਦਾ ਜਾਗ੍ਰਿਤ ਅਵਸਥਾ ਨਾਲੋਂ ਸੰਪਰਕ ਟੁੱਟ ਜਾਂਦਾ ਹੈ। ਦੋਨੋਂ ਇੱਕੋ ਸਮੇਂ ਮੌਜੂਦ ਨਹੀਂ ਰਹਿ ਸਕਦੇ।

ਪਰਮਾਤਮਾ

ਜਦੋਂ ਕਿਸੇ ਸਾਧਕ ਦੀ ਸੁਰਤੀ ਆਤਮ ਤੱਤ ਦੇ ਵਿਚ ਸਥਿਰ ਹੋ ਕੇ ਚਿੰਤ ਅਤੇ ਅਚਿੰਤ ਦੇ ਵਿਚ ਸਨਮੁੱਖ ਹੋ ਜਾਂਦੀ ਹੈ ਤਾਂ ਉਸ ਅਵਸਥਾ ਵਿਚ ਸਾਧਕ ਨੂੰ ਪਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ।

ਕਿਸੇ ਨੇ ਐਵੇਂ ਝੂਠੀ ਅਫ਼ਵਾਹ ਫੈਲਾ ਦਿੱਤੀ ਹੈ ਕਿ ਜੇਕਰ ਇੱਕ ਕਰੋੜ ਮਨੁੱਖ ਭਗਤੀ ਕਰਦੇ ਹਨ ਤਾਂ ਉਨ੍ਹਾਂ ਦੇ ਵਿੱਚੋਂ ਕਿਸੇ ਇੱਕ ਮਨੁੱਖ ਨੂੰ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ; ਜਦਕਿ ਗੱਲ ਇਸ ਦੇ ਉਲਟ ਹੈ। ਕਰੋੜਾਂ ਮਨੁੱਖਾਂ ਦੇ ਵਿੱਚੋਂ ਕੋਈ ਇੱਕ ਮਨੁੱਖ ਹਿੰਮਤ ਕਰਦਾ ਹੈ, ਪਰਮਾਤਮਾ ਦੇ ਸਨਮੁੱਖ ਹੋਣ ਦੇ ਲਈ। ਇੱਕ ਦਿਨ ਤੁਸੀਂ ਇਸ ਦੁਨੀਆਂ ਤੋਂ ਚਲੇ ਤਾਂ ਜਾਣਾ ਹੀ ਹੈ ਕਿਉਂ ਨਾ ਇਸ ਖੇਡ ਨੂੰ ਖੇਡ ਲਿਆ ਜਾਵੇ। ਪਰਮਾਤਮਾ ਬਹੁਤ ਸ਼ਕਤੀਸ਼ਾਲੀ ਹੈ, ਉਸ ਦੇ ਸਾਹਮਣੇ ਇਕਦਮ ਸਨਮੁੱਖ ਨਹੀਂ ਹੋਇਆ ਜਾ ਸਕਦਾ। ਜਦੋਂ ਤੁਸੀਂ ਹਰ ਦਿਨ ਉਸ ਦੇ ਸਾਹਮਣੇ ਜਾਣ ਦੀ ਕੋਸ਼ਿਸ਼ ਕਰਦੇ ਹੋ ਤਾਂ ਵੀ ਤੁਹਾਨੂੰ ਤਿੰਨ ਤੋਂ ਲੈ ਕੇ ਚਾਰ ਸਾਲਾਂ ਦਾ ਸਮਾਂ ਲੱਗ ਜਾਣਾ ਹੈ। ਇਕਦਮ ਤੁਸੀਂ ਉਸ ਸ਼ਕਤੀ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਹੋ। ਮਨੁੱਖ ਅਤੇ ਪਰਮਾਤਮਾ ਦੇ ਵਿਚਕਾਰ ਜੋ ਦੀਵਾਰ ਹੈ, ਉਹ ਹੈ ਮਨੁੱਖ ਦੀਆਂ ਮੰਗਾਂ ਦੀ। ਜਦੋਂ ਮੰਗਾਂ ਬੰਦ ਹੋ ਜਾਂਦੀਆਂ ਹਨ ਤਾਂ ਇਸ ਦੀਵਾਰ ਨੇ ਖ਼ਤਮ ਹੋ ਜਾਣਾ ਹੈ। ਉਸ ਤੋਂ ਬਾਅਦ ਮਨੁੱਖ ਦੀ ਚੇਤਨਾ ਸ਼ਕਤੀ ਦਾ ਮੇਲ ਮਹਾਂ ਚੇਤਨਾ ਦੇ ਸਾਗਰ ਨਾਲ ਹੋ ਜਾਵੇਗਾ। ਇਹ ਬ੍ਰਹਮ ਦਾ ਇੱਕ ਐਸਾ ਤੱਤ ਹੈ ਜਿਸ ਨੂੰ ਘਟਾਇਆ ਜਾਂ ਵਧਾਇਆ ਨਹੀਂ ਜਾ ਸਕਦਾ। ਉਸ ਸ਼ਕਤੀ ਦੇ ਕੋਲੋਂ ਕੁੱਝ ਵੀ ਮੰਗ ਕਰਨ ਦੀ ਜ਼ਰੂਰਤ ਨਹੀਂ ਹੈ। ਉਸ ਦੀ ਰਜ਼ਾ ਦੇ ਵਿਚ ਰਾਜ਼ੀ ਰਹਿਣਾ ਹੈ ਅਤੇ ਉਸ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਣਾ ਹੈ। ਉਸ ਨੂੰ ਜੋ ਭਾਵੇ, ਉਹੀ ਗੱਲ ਚੰਗੀ ਹੈ। ਸਬਰ ਅਤੇ ਸੰਤੋਖ ਵਿਚ ਰਹਿਣ ਨਾਲ ਜੀਵਨ ਦੇ ਅੰਦਰ ਸੰਗੀਤ ਦਾ ਪਰਵੇਸ਼ ਹੋ ਜਾਂਦਾ ਹੈ। ਮੰਗ, ਮਨੁੱਖ ਅਤੇ ਪਾਰਬ੍ਰਹਮ ਦੇ ਵਿਚਕਾਰ ਦੀਵਾਰ ਹੈ। ਜੇਕਰ ਡੋਰੀ ਉਸ ਦੇ ਹੱਥਾਂ ਵਿਚ ਦੇਣੀ ਹੈ ਤਾਂ ਸੁੱਖ ਅਤੇ ਦੁੱਖ ਨੂੰ ਇਕ-ਸਮਾਨ ਸਮਝਣਾ ਹੈ। ਉਸ ਮਨੁੱਖ ਨੂੰ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ ਜੋ ਉਸ ਨੂੰ ਪੁਕਾਰਦਾ ਹੈ। ਜੋ ਮਨੁੱਖ ਪਰਮਾਤਮਾ ਦੀ ਖੋਜ ਕਰਨ ਤੋਂ ਬਿਨਾਂ ਉਸ ਦੀ ਹੋਂਦ ਨੂੰ ਸਵੀਕਾਰ ਕਰ ਲੈਂਦਾ ਹੈ, ਉਸ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਉਸ ਸ਼ਕਤੀ ਦੀ ਆਪ ਖੋਜ ਕਰਨੀ ਹੈ ਅਤੇ ਖ਼ੁਦ ਜਾਨਣ ਤੋਂ ਬਾਅਦ ਹੀ ਉਸ ਸ਼ਕਤੀ ਦੀ ਹੋਂਦ ਨੂੰ ਸਵੀਕਾਰ ਕਰਨਾ ਹੈ।

ਕੇਵਲ ਧਾਰਮਿਕ ਕਰਮ-ਕਾਂਡਾਂ ਜਾਂ ਦਾਨ ਪੁੰਨ ਜਾਂ ਪੂਜਾ ਪਾਠ ਆਦਿ ਕਰਨ ਦੇ ਨਾਲ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ, ਨਾ ਹੀ ਪਰਮਾਤਮਾ

ਮਿਲੇਗਾ। ਪਰ ਸਦੀਆਂ ਤੋਂ ਧਾਰਮਿਕ ਮਨੁੱਖ ਇਨ੍ਹਾਂ ਕਰਮਾਂ ਦੇ ਰਾਹੀਂ ਪਰਮ ਜੀਵਨ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਦੇ ਵਿਚ ਲੱਗਿਆ ਹੋਇਆ ਹੈ। ਜੇਕਰ ਇਨ੍ਹਾਂ ਕਿਰਿਆਵਾਂ ਨੂੰ ਕਰਨ ਦੇ ਨਾਲ ਹੀ ਉਸ ਪਰਮ ਸ਼ਕਤੀ ਨੂੰ ਜਾਣਿਆ ਜਾ ਸਕਦਾ ਹੈ ਤਾਂ ਸਾਰੀ ਦੁਨੀਆਂ ਨੇ ਆਤਮ ਗਿਆਨ ਵਾਲੀ ਅਵਸਥਾ ਨੂੰ ਪ੍ਰਾਪਤ ਕਰ ਲੈਣਾ ਸੀ। ਜੋ ਪਰਮਾਤਮਾ ਮਨੁੱਖ ਨੂੰ ਧਿਆਨ ਸਿਮਰਨ ਦੀ ਸਾਧਨਾ ਕੀਤੇ ਬਿਨਾਂ ਪ੍ਰਾਪਤ ਹੋ ਜਾਂਦਾ ਹੈ, ਇਹ ਉਹ ਪਰਮਾਤਮਾ ਨਹੀਂ ਹੈ ਜੋ ਰੂਪ, ਰੰਗ ਅਤੇ ਰੇਖ ਤੋਂ ਪਰ੍ਹੇ ਹੈ। ਪਰਮਾਤਮਾ ਨੂੰ ਮਨੁੱਖ ਆਪਣੇ ਅਨੁਭਵ ਦੁਆਰਾ ਹੀ ਜਾਣ ਸਕਦਾ ਹੈ। ਉਸ ਦੇ ਲਈ ਮਨੁੱਖ ਦਾ ਤਨ, ਮਨ ਅਤੇ ਆਤਮਾ ਨੂੰ ਧਿਆਨ ਸਿਮਰਨ ਦੀ ਸਾਧਨਾ ਦੇ ਵਿੱਚੋਂ ਦੀ ਬਾਰ ਬਾਰ ਲੰਘਣਾ ਪੈਂਦਾ ਹੈ। ਇਹ ਸਾਧਨਾ ਬਹੁਤ ਜਟਿਲ ਵੀ ਹੈ ਅਤੇ ਆਸਾਨ ਵੀ ਹੈ। ਧਿਆਨ ਸਿਮਰਨ ਦੀ ਸਾਰੀ ਸਾਧਨਾ ਸਰੀਰਕ ਵਿਗਿਆਨ ਹੈ। ਇਸ ਸਾਧਨਾ ਤੋਂ ਇਲਾਵਾ ਦੂਜਾ ਹੋਰ ਕੋਈ ਵੀ ਰਸਤਾ ਨਹੀਂ ਹੈ ਜਿਸ ਦੀ ਵਰਤੋਂ ਕਰਕੇ ਪਰਮ ਜੀਵਨ ਨੂੰ ਪ੍ਰਾਪਤ ਕਰ ਲਿਆ ਜਾਵੇ। ਸਮਾਧੀ ਦੇ ਆਖ਼ਰੀ ਪੜਾਉ ਵਿਚ ਵਿਚਾਰਾਂ ਦੇ ਬੰਦ ਹੋਣ ਤੋਂ ਬਾਅਦ ਮਨ ਨੇ ਚੁੱਪ ਹੋ ਜਾਣਾ ਹੈ। ਉਸ ਤੋਂ ਬਾਅਦ ਸਾਧਕ ਦੀ ਸੁਰਤੀ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰਨ ਤੋਂ ਬਾਅਦ ਉਸ ਦੇ ਅੰਦਰ ਸਮਾ ਜਾਵੇਗੀ। ਜੋ ਪਰਮਾਤਮਾ ਦੀ ਭਾਲ ਕਰਨ ਗਿਆ ਸੀ, ਉਹ ਪੂਰਨ ਤੌਰ 'ਤੇ ਚੇਤਨਾ ਦੇ ਮਹਾਂ ਸਾਗਰ ਵਿਚ ਲੀਨ ਹੋ ਚੁੱਕਾ ਹੈ। ਜੋ ਬਾਕੀ ਬੱਚ ਗਿਆ ਹੈ ਉਹੀ ਹੈ ਪਰਮਾਤਮਾ। ਜਿਸ ਵੀ ਮਨੁੱਖ ਦਾ ਮਨ ਵਿਚਾਰਾਂ ਤੋਂ ਮੁਕਤ ਹੋ ਜਾਂਦਾ ਹੈ, ਉਹ ਮਨੁੱਖ ਪਰਮ ਸ਼ਕਤੀ ਨੂੰ ਆਪ ਖ਼ੁਦ ਦੇਖ ਲੈਂਦਾ ਹੈ, ਜੋ ਸ਼ਕਤੀ ਸ੍ਰਿਸ਼ਟੀ ਦੇ ਕਣ ਕਣ ਅੰਦਰ ਸਮਾਈ ਹੋਈ ਹੈ। ਆਪ ਖ਼ੁਦ ਪਰਮਾਤਮਾ ਨੂੰ ਅਨੁਭਵ ਕਰਨ ਦੇ ਲਈ ਜ਼ਿੰਦਗੀ ਭਰ ਸਾਧਨਾ ਕਰਨੀ ਪਵੇ ਤਾਂ ਵੀ ਖੇਡ ਸਸਤੀ ਹੈ। ਜੋ ਮਨੁੱਖ ਪਰਮ ਜੀਵਨ ਨੂੰ ਅਨੁਭਵ ਕੀਤੇ ਬਿਨਾਂ ਇਸ ਸੰਸਾਰ ਤੋਂ ਚਲਾ ਜਾਂਦਾ ਹੈ, ਉਸ ਮਨੁੱਖ ਦੇ ਲਈ ਇਸ ਤੋਂ ਵੱਡੀ ਕੋਈ ਹਾਰ ਨਹੀਂ ਹੈ। ਹਰ ਇੱਕ ਮਨੁੱਖ ਬਹੁਤ ਗਹਿਰੀ ਨੀਂਦਰ ਦੇ ਵਿਚ ਸੁੱਤਾ ਹੋਇਆ ਹੈ। ਇੱਕ ਦਿਨ ਇਸ ਨੇ ਸੁੱਤਿਆਂ ਹੀ ਇਸ ਸੰਸਾਰ ਤੋਂ ਚਲੇ ਜਾਣਾ ਹੈ।

ਇਹ ਫ਼ੈਸਲਾ ਤੁਹਾਡਾ ਆਪਣਾ ਹੈ, ਤੁਸੀਂ ਆਪ ਖ਼ੁਦ ਅਸਲੀ ਪਰਮਾਤਮਾ ਦੀ ਖੋਜ ਕਰ ਕੇ ਉਸ ਨੂੰ ਆਪ ਮਿਲਣਾ ਹੈ ਜਾਂ ਉਸ ਪਰਮਾਤਮਾ ਨੂੰ ਮਿਲਣਾ ਹੈ ਜਿਸ ਨੂੰ ਕਿਸੇ ਮਨੁੱਖ ਨੇ ਆਪਣੇ ਹੱਥੀਂ ਬਣਾਇਆ ਹੈ। ਜਿਸ ਤਰ੍ਹਾਂ ਸੂਰਜ ਦੀ ਕਿਰਨ ਦਰਵਾਜ਼ੇ ਦੇ ਖੁੱਲ੍ਹਣ ਦਾ ਇੰਤਜ਼ਾਰ ਕਰਦੀ ਹੈ, ਜੇਕਰ ਕੋਈ ਮਨੁੱਖ ਆਪਣੇ ਘਰ ਦਾ ਦਰਵਾਜ਼ਾ ਨਹੀਂ ਖੋਲ੍ਹਦਾ ਤਾਂ ਕਿਰਨ ਉਸ ਦੇ ਘਰ ਅੰਦਰ ਦਾਖ਼ਲ ਹੋਣ ਦੇ ਲਈ ਜ਼ੋਰ ਜ਼ਬਰਦਸਤੀ ਨਹੀਂ ਕਰਦੀ, ਬਲਕਿ ਉਹ ਸ਼ਾਂਤੀ ਪੂਰਵਕ ਹਰ ਦਿਨ ਦਰਵਾਜ਼ੇ ਦੇ ਖੁੱਲ੍ਹਣ ਦਾ ਇੰਤਜ਼ਾਰ ਕਰਦੀ ਹੈ। ਜਦੋਂ ਵੀ ਦਰਵਾਜ਼ਾ ਖੁੱਲ੍ਹੇਗਾ, ਸੂਰਜ ਦੀ ਕਿਰਨ ਨੇ ਘਰ ਅੰਦਰ ਪਰਵੇਸ਼ ਕਰ ਜਾਣਾ ਹੈ। ਇਸੇ ਹੀ ਤਰ੍ਹਾਂ ਪਰਮ ਗਿਆਨ ਰੂਪੀ ਕਿਰਨ ਵੀ ਮਨੁੱਖ ਦਾ ਇੰਤਜ਼ਾਰ ਕਰਦੀ ਹੈ। ਪਰਮਾਤਮਾ ਨਾ ਮਨ੍ਹਾ ਕਰਦਾ ਹੈ ਤੇ ਨਾ ਹੀ ਇਹ ਆਖਦਾ ਹੈ ਕਿ ਆ ਜਾ। ਜਿਸ ਵੀ ਮਨੁੱਖ ਨੇ ਆਪਣੇ ਮਨ ਦਾ ਦਰਵਾਜ਼ਾ ਖੋਲ੍ਹ ਦਿੱਤਾ ਤਾਂ ਪਰਮ ਗਿਆਨ ਦੀ ਕਿਰਨ ਨੇ ਉਸ ਦੇ ਅੰਦਰ ਪਰਵੇਸ਼ ਕਰ ਜਾਣਾ

ਹੈ। ਪਰਮਾਤਮਾ ਕਿਸੇ ਮਨੁੱਖ ਦੇ ਅਗਿਆਨ ਨੂੰ ਜ਼ਬਰਦਸਤੀ ਕਰ ਕੇ ਖ਼ਤਮ ਨਹੀਂ ਕਰਦਾ। ਇਹ ਪੁਕਾਰ ਤਾਂ ਮਨੁੱਖ ਨੂੰ ਆਪ ਹੀ ਕਰਨੀ ਪੈਂਦੀ ਹੈ। ਇਹ ਫ਼ੈਸਲਾ ਮਨੁੱਖ ਦਾ ਆਪਣਾ ਹੈ। ਉਹ ਆਪਣੇ ਆਪ ਨੂੰ ਅਗਿਆਨ ਤੋਂ ਮੁਕਤ ਕਰਨਾ ਚਾਹੁੰਦਾ ਹੈ ਜਾਂ ਨਹੀਂ। ਪਰਮ ਸ਼ਕਤੀ ਹਰ ਪਲ ਉਪਲਬਧ ਹੈ, ਉਹ ਸ਼ਕਤੀ ਸਾਡੇ ਬਾਹਰ ਵੀ ਹੈ ਉਹੀ ਸ਼ਕਤੀ ਸਾਡੇ ਅੰਦਰ ਵੀ ਹੈ। ਉਹ ਸ਼ਕਤੀ ਨਾ ਕਿਸੇ ਜਗ੍ਹਾ ’ਤੇ ਘੱਟ ਹੈ ਅਤੇ ਨਾ ਹੀ ਕਿਸੇ ਜਗ੍ਹਾ ’ਤੇ ਵੱਧ ਹੈ। ਉਹ ਸ਼ਕਤੀ ਸਰਵ-ਵਿਆਪਕ ਹੈ, ਹਰ ਜਗ੍ਹਾ ਇੱਕ ਸਾਰ ਹੈ ਜਿਸ ਦੇ ਤੁਸੀਂ ਦਰਸ਼ਨ ਕਰਨੇ ਹਨ ਸਮਾਧੀ ਦੀ ਅਵਸਥਾ ਵਿਚ। ਜਿਸ ਤਰ੍ਹਾਂ ਇਹ ਜੀਵਨ ਨਜ਼ਰ ਆਉਂਦਾ ਹੈ ਅਸਲ ਦੇ ਵਿਚ ਜੀਵਨ ਓਦਾਂ ਦਾ ਹੈ ਨਹੀਂ। ਇਸ ਦੇ ਵਿਚ ਬਹੁਤ ਗਹਿਰਾਈ ਹੈ ਜੇਕਰ ਤੁਸੀਂ ਪਰਮ ਜੀਵਨ ਨੂੰ ਆਪ ਖ਼ੁਦ ਅਨੁਭਵ ਕਰਨਾ ਚਾਹੁੰਦੇ ਹੋ ਤਾਂ ਇਸ ਨੂੰ ਪੂਰਨ ਤੌਰ ’ਤੇ ਜਾਣਨ ਦੇ ਲਈ ਤੁਹਾਨੂੰ ਆਪਣੇ ਪ੍ਰਾਣਾਂ ਦੀ ਗਹਿਰਾਈ ਵਿਚ ਪਰਵੇਸ਼ ਕਰਨਾ ਪਵੇਗਾ। ਤੁਸੀਂ ਇੱਕ ਦਿਨ ਉਸ ਜੀਵਨ ਨੂੰ ਆਪ ਜਾਣ ਲਵੋਗੇ, ਜਿਸ ਨੂੰ ਜਾਣਨ ਦੇ ਲਈ ਕਿਸੇ ਹੋਰ ਦਾ ਗਿਆਨ ਕੰਮ ਨਹੀਂ ਆਉਂਦਾ।

ਜੀਵਨ ਹਰ ਪਲ ਪਰਿਵਰਤਨਸ਼ੀਲ ਹੈ। ਇਸ ਨੂੰ ਤਾਂ ਹੀ ਅਨੁਭਵ ਕੀਤਾ ਜਾ ਸਕਦਾ ਹੈ ਜਦੋਂ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਕੇ ਵਰਤਮਾਨ ਕਾਲ ਦੇ ਵਿਚ ਸਥਿਰ ਹੋ ਜਾਂਦੀ ਹੈ। ਵਰਤਮਾਨ ਕਾਲ ਵਾਲੀ ਧਾਰਾ ਨੂੰ ਕੇਵਲ ਮਨੁੱਖ ਦੀ ਸੁਰਤੀ ਹੀ ਪਕੜ ਸਕਦੀ ਹੈ, ਇਹ ਅਤਿ ਬਰੀਕ ਧਾਰਾ ਹੈ। ਪਰਮ ਅਨੰਦ ਅਤੇ ਸ਼ਾਂਤੀ ਵਾਲੀ ਅਵਸਥਾ ਮਨੁੱਖ ਨੂੰ ਤਦ ਤੱਕ ਪ੍ਰਾਪਤ ਨਹੀਂ ਹੋ ਸਕਦੀ, ਜਿੰਨਾ ਚਿਰ ਤੱਕ ਕੋਈ ਮਨੁੱਖ ਆਪ ਖ਼ੁਦ ਪਰਮਾਤਮਾ ਦੇ ਦਰਸ਼ਨ ਨਹੀਂ ਕਰ ਲੈਂਦਾ। ਉਸ ਤੋਂ ਬਾਅਦ ਹੀ ਮਨੁੱਖ ਦੇ ਜੀਵਨ ਵਿਚ ਕੋਈ ਤਬਦੀਲੀ ਆ ਸਕਦੀ ਹੈ। ਪਰਮ ਅਨੰਦ ਅਤੇ ਸ਼ਾਂਤੀ ਦੋਨੋਂ ਪਰਮਾਤਮਾ ਦੇ ਪਰਛਾਵੇਂ ਹਨ। ਜਦੋਂ ਕੋਈ ਮਨੁੱਖ ਇਸ ਦਿਸ਼ਾ ਵੱਲ ਗਤੀ ਕਰਦਾ ਹੈ ਤਾਂ ਇਹ ਦੋਨੋਂ ਮਨੁੱਖ ਦੇ ਜੀਵਨ ਵਿਚ ਆਪਣੇ ਆਪ ਪਰਵੇਸ਼ ਕਰ ਜਾਂਦੇ ਹਨ। ਮਨੁੱਖ ਦਾ ਮਨ ਮਜਬੂਰੀ ਵੱਸ ਪਰਮਾਤਮਾ ਨੂੰ ਅਨੁਭਵ ਕਰਨ ਦੀਆਂ ਗੱਲਾਂ ਤਾਂ ਬਹੁਤ ਕਰਦਾ ਹੈ ਪਰ ਇਸ ਦਿਸ਼ਾ ਵੱਲ ਨੂੰ ਜਾਣ ਦੇ ਲਈ ਇਹ ਗਤੀ ਨਹੀਂ ਕਰਦਾ। ਮਨੁੱਖ ਦੀ ਰੁਚੀ ਕੇਵਲ ਰਸਤਾ ਪੁੱਛਣ ਤੱਕ ਹੀ ਹੈ, ਨਾ ਕਿ ਚੱਲਣ ਦੇ ਵਿਚ। ਇਹ ਤਾਂ ਇਨ੍ਹਾਂ ਰੰਗ ਤਮਾਸ਼ਿਆਂ ਦੇ ਵਿਚ ਬਹੁਤ ਖ਼ੁਸ਼ ਹੈ। ਜਦੋਂ ਆਤਮਾ ਦੇ ਅੰਦਰੋਂ ਆਵਾਜ਼ ਆਉਂਦੀ ਹੈ, ਆਤਮ ਗਿਆਨ ਨੂੰ ਪ੍ਰਾਪਤ ਕਰਨਾ ਹੈ ਕੁੱਝ ਕਰੋ, ਤਾਂ ਮਨੁੱਖ ਉਸ ਆਵਾਜ਼ ਨੂੰ ਸ਼ਾਂਤ ਕਰਨ ਦੇ ਲਈ ਧਾਰਮਿਕ ਸਥਾਨਾਂ ਦੇ ਉੱਪਰ ਗੇੜਾ ਮਾਰ ਆਉਂਦਾ ਹੈ। ਇੱਕ ਵਿਦਿਆਰਥੀ ਹਰ ਦਿਨ ਸਕੂਲ ਜਾਵੇ ਅਤੇ ਕੇਵਲ ਹਾਜ਼ਰੀ ਲਗਾ ਕੇ ਆਪਣੇ ਘਰੇ ਵਾਪਸ ਆ ਜਾਵੇ, ਕੀ ਇਸ ਤਰ੍ਹਾਂ ਹਰ ਦਿਨ ਸਕੂਲ ਜਾਣ ਦੇ ਨਾਲ ਇਸ ਵਿਦਿਆਰਥੀ ਨੂੰ ਕਿਸੇ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ ?

ਧਾਰਮਿਕ ਮਨੁੱਖ ਵੀ ਕੁੱਝ ਇਸੇ ਹੀ ਤਰ੍ਹਾਂ ਦੀ ਕਿਰਿਆ ਵਿਚ ਲੱਗਿਆ ਹੋਇਆ ਹੈ। ਉਹ ਆਪਣੇ ਪ੍ਰਾਣਾਂ ਦੀ ਆਵਾਜ਼ ਨੂੰ ਸ਼ਾਂਤ ਕਰਨ ਦੇ ਲਈ ਹਰ ਦਿਨ ਧਾਰਮਿਕ ਅਸਥਾਨਾਂ ਦੇ ਉੱਪਰ ਜਾਂਦਾ ਹੈ। ਕੇਵਲ ਹਾਜ਼ਰੀ ਲਗਾ ਕੇ ਘਰੇ ਵਾਪਸ ਆ ਜਾਂਦਾ

ਹੈ। ਆਪ ਖ਼ੁਦ ਆਤਮ ਗਿਆਨ ਨੂੰ ਪ੍ਰਾਪਤ ਕਰਨ ਲਈ ਕੋਈ ਗਤੀ ਨਹੀਂ ਕਰਦਾ। ਇਸ ਕਾਰਨ ਮਨੁੱਖ ਦਾ ਅੰਦਰੋਂ ਜੀਵਨ ਇੱਕੋ ਜਗ੍ਹਾ 'ਤੇ ਖਲੋਤਾ ਰਹਿੰਦਾ ਹੈ। ਜੋ ਮਨੁੱਖ ਪਰਮਾਤਮਾ ਦੀ ਹੋਂਦ ਨੂੰ ਨਰਕਾਂ ਦੇ ਡਰ ਕਾਰਨ ਸਵੀਕਾਰ ਕਰ ਰਿਹਾ ਹੈ, ਇਹ ਲੱਛਣ ਧਾਰਮਿਕ ਮਨੁੱਖ ਦੇ ਨਹੀਂ ਹਨ।

ਪਰਮਾਤਮਾ ਦੇ ਦਰਸ਼ਨ ਕਰਨ ਲਈ ਵਿਚਾਰਾਂ ਤੋਂ ਮੁਕਤ ਮਨ ਦੀ ਜ਼ਰੂਰਤ ਹੈ। ਵਿਚਾਰ ਮੁਕਤ ਮਨ ਨੂੰ ਹਾਸਲ ਕਰਨ ਲਈ ਜਪ-ਤਪ ਕਰਨਾ ਪੈਂਦਾ ਹੈ। ਅਸੀਂ ਕਿਸੇ ਮਨੁੱਖ ਨੂੰ ਮਿਲਣ ਤਾਂ ਨਹੀਂ ਜਾ ਰਹੇ ਹਾਂ ਤਾਂ ਜੋ ਆਪਣੇ ਨਾਲ ਕਿਸੇ ਵਿਚੋਲੇ ਨੂੰ ਲੈ ਲਿਆ ਜਾਵੇ। ਅੱਜ ਤੱਕ ਇਸ ਦੁਨੀਆਂ ਦੇ ਅੰਦਰ ਜਿੰਨੇ ਵੀ ਧਾਰਮਿਕ ਮਨੁੱਖ ਹੋਏ ਹਨ, ਉਨ੍ਹਾਂ ਦੀ ਆਤਮਾ ਦੇ ਨਾਲੋਂ ਤੁਹਾਡੀ ਆਤਮਾ ਕਿਸੇ ਵੀ ਰੂਪ ਵਿਚ ਕਮਜ਼ੋਰ ਨਹੀਂ ਹੈ।

ਹਰ ਇੱਕ ਮਨੁੱਖ ਅਲੱਗ ਹੈ ਅਤੇ ਕਿਸੇ ਖ਼ਾਸ ਕਾਰਜ ਨੂੰ ਅੰਜਾਮ ਦੇਣ ਲਈ ਉਹ ਇਸ ਧਰਤੀ 'ਤੇ ਆਇਆ ਹੈ, ਨਾ ਕਿ ਭੇਡਾਂ ਬੱਕਰੀਆਂ ਦੇ ਵਾਂਗੂੰ ਇੱਕ ਦੂਜੇ ਦੇ ਮਗਰ ਲੱਗਣ ਵਾਸਤੇ। ਕਿਸੇ ਹੋਰ ਮਨੁੱਖ ਦਾ ਆਤਮ ਗਿਆਨ ਤੁਹਾਡਾ ਕਦੇ ਵੀ ਨਹੀਂ ਹੋ ਸਕਦਾ। ਇਸ ਦਿਸ਼ਾ ਵੱਲ ਓਨਾ ਚਿਰ ਗਤੀ ਨਹੀਂ ਹੋ ਸਕਦੀ, ਜਿੰਨਾ ਚਿਰ ਤੱਕ ਕੋਈ ਮਨੁੱਖ ਆਪਣੀ ਖ਼ੁਦ ਦੀ ਇੱਛਾ ਜ਼ਾਹਿਰ ਨਹੀਂ ਕਰਦਾ, ਸਰੀਰ ਦੇ ਅੰਦਰੋਂ ਸਵਾਸਾਂ ਰੂਪੀ ਰੇਤਾ ਹਰ ਦਿਨ ਕਿਰਦੀ ਜਾ ਰਹੀ ਹੈ। ਦੂਜੀ ਤਰਫ਼ ਮਨੁੱਖ ਇਨ੍ਹਾਂ ਰੰਗ ਤਮਾਸ਼ਿਆਂ ਵਿਚ ਗ਼ਾਫ਼ਲ ਹੋਇਆ ਬੈਠਾ ਹੈ। ਇਸ ਦੇ ਕੋਲ ਜ਼ਿਆਦਾ ਸਮਾਂ ਨਹੀਂ ਹੈ। ਜੇਕਰ ਕੋਈ ਮਨੁੱਖ ਕਿਸੇ ਦੂਜੇ ਮਨੁੱਖ ਦੇ ਰਾਹੀਂ ਪਰਮਾਤਮਾ ਨੂੰ ਅਨੁਭਵ ਕਰਨ ਦੀ ਕੋਸ਼ਿਸ਼ ਦੇ ਵਿਚ ਲੱਗਿਆ ਹੋਇਆ ਹੈ ਤਾਂ ਇਸ ਗੱਲ ਦੇ ਵਿਚ ਕੋਈ ਸਾਰ ਨਹੀਂ ਹੈ। ਇਹ ਮਨੁੱਖ ਕੇਵਲ ਆਪਣਾ ਸਮਾਂ ਬਰਬਾਦ ਕਰ ਰਿਹਾ ਹੈ, ਜੋ ਕੁੱਝ ਵੀ ਦਿਖਾਈ ਦੇ ਰਿਹਾ ਹੈ ਜਾਂ ਨਹੀਂ ਦਿਖਾਈ ਦੇ ਰਿਹਾ, ਇਹ ਸਭ ਕੁੱਝ ਪਰਮਾਤਮਾ ਦੇ ਅੰਦਰ ਹੀ ਹੈ। ਮਨੁੱਖ ਆਪਣੇ ਮਨ ਰੂਪੀ ਦਰਪਣ ਨੂੰ ਸਾਧਨਾ ਦੀ ਮਦਦ ਨਾਲ ਆਪ ਹੀ ਸਾਫ਼ ਕਰ ਸਕਦਾ ਹੈ। ਨਕਲੀ ਸੱਚ ਦੀ ਪ੍ਰਾਪਤੀ ਤਾਂ ਬਹੁਤ ਹੀ ਖ਼ਤਰਨਾਕ ਹੈ ਕਿਉਂਕਿ ਜਿਸ ਮਨੁੱਖ ਨੇ ਨਕਲੀ ਨੂੰ ਅਸਲੀ ਸਮਝ ਲਿਆ ਹੈ, ਉਸ ਨੇ ਅਸਲੀ ਦੀ ਖੋਜ ਬੰਦ ਕਰ ਦੇਣੀ ਹੈ। ਪਾਣੀ ਦਾ ਸਰੋਤ ਜਿੰਨਾ ਮਰਜ਼ੀ ਗਹਿਰਾ ਕਿਉਂ ਨਾ ਹੋਵੇ, ਜੋ ਮਨੁੱਖ ਲਗਾਤਾਰ ਉਸ ਸਰੋਤ ਤੱਕ ਪਹੁੰਚਣ ਦੇ ਲਈ ਕੋਸ਼ਿਸ਼ ਕਰੀ ਜਾਂਦਾ ਹੈ, ਉਸ ਮਨੁੱਖ ਨੇ ਇੱਕ ਨਾ ਇੱਕ ਦਿਨ ਪਾਣੀ ਦੇ ਸਰੋਤ ਤੱਕ ਜ਼ਰੂਰ ਪਹੁੰਚ ਜਾਣਾ ਹੈ। ਇਸੇ ਹੀ ਤਰ੍ਹਾਂ ਅੰਮ੍ਰਿਤ ਮਨੁੱਖ ਦੇ ਸਰੀਰ ਅੰਦਰ ਹੀ ਹੈ, ਜਿਸ ਨੂੰ ਪੀਣ ਤੋਂ ਬਾਅਦ ਹੀ ਆਤਮਾ ਦੀ ਪਿਆਸ ਤ੍ਰਿਪਤ ਹੋ ਸਕਦੀ ਹੈ। ਆਤਮ ਗਿਆਨ ਆਪਣਾ ਹੀ ਕੰਮ ਆਉਂਦਾ ਹੈ। ਜੇਕਰ ਕੋਈ ਮਨੁੱਖ ਆਪਣੇ ਜੀਵਨ ਦੇ ਆਖ਼ਰੀ ਸਮੇਂ ਵਿਚ ਵੀ ਉਸ ਸ਼ਕਤੀ ਨੂੰ ਅਨੁਭਵ ਕਰ ਲੈਂਦਾ ਹੈ ਤਾਂ ਵੀ ਉਸ ਮਨੁੱਖ ਦਾ ਇਸ ਧਰਤੀ ਦੇ ਉੱਪਰ ਆਉਣਾ ਸਫਲ ਹੈ। ਜਿਨ੍ਹਾਂ ਮਨੁੱਖਾਂ ਨੇ ਧਾਰਮਿਕ ਗ੍ਰੰਥਾਂ ਦੀਆਂ ਰਚਨਾਵਾਂ ਕੀਤੀਆਂ ਸਨ, ਉਨ੍ਹਾਂ ਨੇ ਜਿਉਂਦੇ-ਜੀ ਪਰਮ ਤੱਤ ਨੂੰ ਆਪ ਜਾਣਿਆ ਸੀ ਅਤੇ ਉਨ੍ਹਾਂ ਨੇ ਉਸ ਅਨੁਭਵ ਦੇ ਵਿਚ ਆਪਣਾ ਬਾਕੀ ਦਾ ਸਾਰਾ ਜੀਵਨ ਬਤੀਤ ਕੀਤਾ।

ਉਨ੍ਹਾਂ ਦੇ ਕੋਲ ਕੋਈ ਸੰਸਾਰੀ ਪਦਾਰਥ ਤਾਂ ਨਹੀਂ ਸਨ ਪਰ ਇਸ ਦੇ ਬਾਵਜੂਦ ਵੀ ਉਨ੍ਹਾਂ ਦਾ ਮਨ ਪੂਰਨ ਤੌਰ 'ਤੇ ਸ਼ਾਂਤ, ਤ੍ਰਿਪਤ ਅਤੇ ਸੰਤੁਸ਼ਟ ਸੀ। ਮਨੁੱਖਾ ਜੀਵਨ ਦੇ ਵਿਚ ਉਸ ਪਰਮ ਤੱਤ ਨੂੰ ਅਨੁਭਵ ਕਰਨਾ ਹੀ ਸਾਰ ਹੈ, ਬਾਕੀ ਸਭ ਕੁੱਝ ਤਾਂ ਸਮੁੰਦਰ ਦੇ ਕਿਨਾਰੇ ਰੇਤਾ ਉੱਪਰ ਖਿੱਚੀਆਂ ਲਕੀਰਾਂ ਤੋਂ ਜ਼ਿਆਦਾ ਨਹੀਂ ਹੈ।

ਕੋਈ ਵੀ ਮਨੁੱਖ ਨਜ਼ਰ ਮਾਰ ਕੇ ਦੇਖ ਲਵੇ, ਉਹ ਆਪਣੇ ਆਪ ਨੂੰ ਇਕੱਲਾ ਹੀ ਪਾਵੇਗਾ। ਭਾਵੇਂ ਕੋਈ ਆਪਣੀ ਪਤਨੀ ਦੇ ਨਾਲ ਹੈ ਜਾਂ ਪਤੀ ਨਾਲ ਹੈ ਜਾਂ ਬੱਚਿਆਂ ਦੇ ਨਾਲ ਹੈ ਜਾਂ ਮਾਤਾ ਪਿਤਾ ਦੇ ਨਾਲ ਹੈ। ਮਨੁੱਖ ਦਾ ਇਕੱਲਾ ਪਨ ਤਦ ਤੱਕ ਦੂਰ ਨਹੀਂ ਹੋ ਸਕਦਾ, ਜਿੰਨਾ ਚਿਰ ਤੱਕ ਇਸ ਦੀ ਸੁਰਤੀ ਵਿਚਾਰਾਂ ਰਹਿਤ ਸੱਤਾ ਦੇ ਵਿੱਚ ਲੀਨ ਨਹੀਂ ਹੋ ਜਾਂਦੀ। ਪਰਮਾਤਮਾ ਕੋਈ ਸਥੂਲ ਤੱਤ ਨਹੀਂ ਹੈ, ਜਿਸ ਨੂੰ ਇਨ੍ਹਾਂ ਅੱਖਾਂ ਦੇ ਨਾਲ ਦੇਖਿਆ ਜਾ ਸਕੇ। ਉਹ ਸ਼ਕਤੀ ਅਸੀਮ ਹੈ, ਸੀਮਾ ਰਹਿਤ ਹੈ। ਉਸ ਸ਼ਕਤੀ ਨੂੰ ਦੇਖਣ ਦੇ ਲਈ ਪੂਰੇ ਮਸਤਕ ਨੂੰ ਸਾਧਨਾਂ ਦੀ ਮਦਦ ਨਾਲ ਇੱਕ ਨੇਤਰ ਦੇ ਵਿਚ ਤਬਦੀਲ ਕਰਨਾ ਪੈਂਦਾ ਹੈ। ਧਿਆਨ ਸਿਮਰਨ ਕਰਨ ਦੇ ਨਾਲ ਮਸਤਕ ਨੇ ਹੌਲੀ ਹੌਲੀ ਕਰਕੇ ਇੱਕ ਅੱਖ ਦੇ ਵਿਚ ਤਬਦੀਲ ਹੁੰਦੇ ਜਾਣਾ ਹੈ। ਇੱਕ ਸਮਾਂ ਐਸਾ ਆਵੇਗਾ, ਜਦੋਂ ਪੂਰੇ ਦਾ ਪੂਰਾ ਮਸਤਕ ਅੱਖ ਦੇ ਵਿਚ ਤਬਦੀਲ ਹੋ ਜਾਵੇਗਾ। ਉਸ ਸਮੇਂ ਤੁਸੀਂ ਪਰਮਾਤਮਾ ਦੇ ਅਰੂਪ ਤੱਤ ਨੂੰ ਆਪ ਦੇਖ ਸਕਦੇ ਹੋ। ਇਸ ਅਵਸਥਾ ਨੂੰ ਅਨੁਭਵ ਕਰਨ ਤੋਂ ਬਾਅਦ ਜਦੋਂ ਵੀ ਤੁਸੀਂ ਆਪਣੀਆਂ ਅੱਖਾਂ ਨੂੰ ਬੰਦ ਕੀਤਾ ਤਾਂ ਤੁਹਾਡੀ ਸੁਰਤੀ ਨੇ ਪਰਮਾਤਮਾ ਦੇ ਅਰੂਪ ਤੱਤ ਵਿਚ ਪਰਵੇਸ਼ ਕਰ ਜਾਣਾ ਹੈ। ਜਿਸ ਤਰ੍ਹਾਂ ਸਮੁੰਦਰ ਉੱਪਰਲੇ ਤਲ ਉੱਪਰ ਛੱਲਾਂ ਦੀ ਹਲਚਲ ਹੁੰਦੀ ਹੈ ਪਰ ਸਮੁੰਦਰ ਗਹਿਰੇ ਤਲਾਂ ਦੇ ਵਿਚ ਸ਼ਾਂਤ ਰਹਿੰਦਾ ਹੈ। ਮਨੁੱਖ ਦੇ ਮਸਤਕ ਅੰਦਰ ਵੀ ਉਸ ਸ਼ਾਂਤ ਮੰਡਲ ਦਾ ਇੱਕ ਬਿੰਦੂ ਹੈ ਜਿਸ ਦੇ ਅੰਦਰ ਕਦੇ ਵੀ ਕੋਈ ਹਲਚਲ ਪੈਦਾ ਨਹੀਂ ਹੋਈ। ਸਾਰਾ ਬ੍ਰਹਮ ਉਸ ਦੇ ਅੰਦਰ ਹੀ ਹੈ ਜੋ ਆਪ ਹਲਚਲ ਤੋਂ ਮੁਕਤ ਹੈ।

ਇਸ ਮਸਤਕ ਰੂਪੀ ਨੇਤਰ ਨੂੰ ਮਨੁੱਖ ਆਪ ਹੀ ਖੋਲ੍ਹ ਸਕਦਾ ਹੈ। ਉਸ ਸ਼ਕਤੀ ਦਾ ਨਾ ਤਾਂ ਕੋਈ ਆਕਾਰ ਹੈ ਅਤੇ ਨਾ ਹੀ ਉਹ ਆਕਾਰ ਤੋਂ ਰਹਿਤ ਹੈ। ਜਿਸ ਜਗਤ ਨੂੰ ਅਸੀਂ ਆਪਣੀਆਂ ਅੱਖਾਂ ਦੇ ਰਾਹੀਂ ਦੇਖ ਰਹੇ ਹਾਂ, ਇਹ ਮਾਇਆ ਹੈ ਭਾਵ ਬ੍ਰਹਮ ਦਾ ਉੱਪਰੋਂ ਦਿਖਾਈ ਦੇਣ ਵਾਲਾ ਰੂਪ ਹੈ। ਤੀਜਾ ਨੇਤਰ ਮਸਤਕ ਦੇ ਪਿਛਲੇ ਪਾਸੇ ਤੋਂ ਸ਼ੁਰੂ ਹੋ ਜਾਂਦਾ ਹੈ ਅਤੇ ਸਾਡੇ ਦੋਨਾਂ ਭਰਵੱਟਿਆਂ ਦੇ ਵਿਚਕਾਰ ਆ ਕੇ ਖ਼ਤਮ ਹੋ ਜਾਂਦਾ ਹੈ। ਧਿਆਨ ਸਿਮਰਨ ਦੀ ਸਾਰੀ ਕਿਰਿਆ ਮਸਤਕ ਰੂਪੀ ਬੰਦ ਪਏ ਨੇਤਰ ਨੂੰ ਖੋਲ੍ਹਣ ਵਾਸਤੇ ਹੈ। ਜਦੋਂ ਮਨੁੱਖ ਪਰਮ ਅਨੰਦਮਈ ਅਵਸਥਾ ਵਿਚ ਪਹੁੰਚ ਜਾਂਦਾ ਹੈ ਤਾਂ ਉਹ ਕਿਸੇ ਹੋਰ ਮਨੁੱਖ ਨੂੰ ਆਪਣੇ ਨਾਲ ਲੈ ਕੇ ਨਹੀਂ ਜਾ ਸਕਦਾ ਕਿਉਂਕਿ ਇਹ ਆਤਮਿਕ ਅਨੁਭਵ ਹੈ, ਕੋਈ ਸਰੀਰਕ ਅਨੁਭਵ ਨਹੀਂ ਹੈ। ਇਹ ਅਨੰਦ ਉਸ ਦਾ ਨਿੱਜੀ ਹੀ ਰਹੇਗਾ, ਇਹ ਅਨੰਦਮਈ ਜੀਵਨ ਕੇਵਲ ਉਸ ਦੇ ਲਈ ਹੀ ਹੈ। ਪਰਮ ਅਨੰਦ ਵਾਲੀ ਅਵਸਥਾ ਵਿਚ ਜਦੋਂ ਤੁਸੀਂ ਪਹੁੰਚ ਜਾਵੋਗੇ ਤਾਂ ਤੁਹਾਡੇ ਜੀਵਨ ਨੇ ਪੂਰੀ ਤਰ੍ਹਾਂ ਬਦਲ ਜਾਣਾ ਹੈ। ਤੁਹਾਡਾ ਮਨ ਚਿੰਤਾ ਅਤੇ ਪਰੇਸ਼ਾਨੀਆਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਵੇਗਾ।

ਸਿਮਰਨ ਦੀ ਸਾਰੀ ਸਾਧਨਾ ਆਪਣੇ ਆਪ ਦੇ ਨਾਲ ਹੋਣ ਵਾਸਤੇ ਹੈ। ਉਸ ਨੂੰ ਦੇਖਣ ਵਾਸਤੇ ਹੈ ਜਿਸ ਨੂੰ ਦੇਖਣ ਤੋਂ ਡਰ ਲੱਗਦਾ ਹੈ। ਜਿਸ ਦਿਨ ਤੁਸੀਂ ਆਪਣੇ ਆਪ ਨੂੰ ਦੇਖਣ ਦੀ ਹਿੰਮਤ ਜੁਟਾ ਲਵੋਗੇ, ਉਸੇ ਦਿਨ ਤੁਸੀਂ ਉਸ ਨੂੰ ਵੀ ਦੇਖ ਲੈਣਾ ਹੈ ਜੋ ਤੁਹਾਡਾ ਅਸਲੀ ਰੂਪ ਹੈ, ਜੋ ਤੁਹਾਡੇ ਪ੍ਰਾਣਾਂ ਦੇ ਅੰਦਰ ਹੈ। ਪ੍ਰਾਣਾਂ ਦੇ ਅੰਦਰ ਜੋ ਕੰਪਨ ਪੈਦਾ ਹੋ ਰਹੀ ਸੀ, ਉਹ ਬੰਦ ਹੋ ਜਾਵੇਗੀ। ਮਨੁੱਖ ਨੂੰ ਸਾਧਨਾ ਤੋਂ ਇਲਾਵਾ ਕਿਸੇ ਹੋਰ ਤਰੀਕੇ ਨਾਲ ਅਭੈ ਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਾਧਨਾ ਦੇ ਵਿਚ ਜਦੋਂ ਤੁਸੀਂ ਆਪਣੇ ਆਪ ਨੂੰ ਦੇਖਣਾ ਸ਼ੁਰੂ ਕੀਤਾ ਤਾਂ ਤੁਹਾਨੂੰ ਡਰ ਤੋਂ ਮੁਕਤੀ ਮਿਲਦੀ ਜਾਣੀ ਹੈ। ਜੇਕਰ ਡਰ ਤੁਹਾਡੇ ਅੰਦਰ ਅਜੇ ਵੀ ਮੌਜੂਦ ਹੈ ਤਾਂ ਤੁਸੀਂ ਅਜੇ ਉਸ ਮੰਜ਼ਲ 'ਤੇ ਨਹੀਂ ਪਹੁੰਚੇ, ਜਿੱਥੇ ਪਹੁੰਚ ਕੇ ਮਨੁੱਖ ਨੂੰ ਨਿਰਭੈ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ।

ਆਤਮ ਗਿਆਨ ਉਹੀ ਸ਼ਕਤੀ ਹੈ ਜਿਸ ਨੂੰ ਪ੍ਰਾਪਤ ਕਰਨ ਤੋਂ ਬਾਅਦ ਸਾਧਾਰਨ ਮਨੁੱਖ ਵੀ ਚਰਖੜੀਆਂ 'ਤੇ ਚੜ੍ਹ ਗਏ ਸਨ। ਇਸ ਤੋਂ ਬਾਅਦ ਹੀ ਤੁਹਾਡੇ ਅੰਦਰ ਆਪਣੇ ਆਪ ਬਦਲਾਉ ਹੋਣ ਲੱਗ ਜਾਣੇ ਹਨ। ਦੂਜੇ ਮਨੁੱਖਾਂ ਨੂੰ ਵੀ ਪਤਾ ਲੱਗ ਜਾਵੇਗਾ ਕਿ ਇਸ ਮਨੁੱਖ ਦੇ ਜੀਵਨ ਅੰਦਰ ਕੋਈ ਅਨੰਦ ਪਰਵੇਸ਼ ਕਰ ਚੁੱਕਾ ਹੈ। ਇਹ ਮਨੁੱਖ ਪਹਿਲਾਂ ਵਰਗਾ ਨਹੀਂ ਹੈ। ਪਰਮ ਅਨੰਦ ਦੀ ਮਹਿਕ ਤੁਹਾਡੇ ਆਲੇ-ਦੁਆਲੇ ਫੈਲਣ ਲੱਗ ਜਾਵੇਗੀ। ਸਰੀਰ ਦੇ ਅੰਦਰ ਸੁੱਤੀ ਪ੍ਰਾਣ ਊਰਜਾ ਨੂੰ ਜਗਾਏ ਬਿਨਾਂ ਸੁਰਤੀ ਵਿਚਾਰਾਂ ਤੋਂ ਮੁਕਤ ਨਹੀਂ ਹੋ ਸਕਦੀ। ਸਰੀਰ ਦੇ ਅੰਦਰ ਪ੍ਰਾਣ ਰੂਪੀ ਦੀਵੇ ਨੂੰ ਪ੍ਰਕਾਸ਼ਮਾਨ ਕਰਨ ਦੇ ਲਈ ਸਾਧਨਾ ਦੇ ਵਿੱਚੋਂ ਲੰਘਣਾ ਜ਼ਰੂਰੀ ਹੈ। ਜਦੋਂ ਪ੍ਰਾਣ ਊਰਜਾ ਸਰੀਰ ਦੇ ਅੰਦਰ ਜਗਮਗਾਉਣ ਲੱਗ ਜਾਂਦੀ ਹੈ ਤਾਂ ਮਨੁੱਖ ਦੇ ਸਰੀਰ ਅੰਦਰ ਸਾਹਸ ਅਤੇ ਨਿਡਰਤਾ ਨਾਮੀ ਦੋ ਸ਼ਕਤੀਆਂ ਦਾ ਵਿਸਫੋਟ ਹੁੰਦਾ ਹੈ। ਜਦੋਂ ਪ੍ਰਾਣ ਊਰਜਾ ਦੇ ਨਾਲ ਸਰੀਰ ਰੂਪੀ ਦੀਪਕ ਪ੍ਰਕਾਸ਼ਮਾਨ ਹੋ ਜਾਵੇਗਾ ਤਾਂ ਮਨੁੱਖ ਦੇ ਅੰਦਰ ਇਕੱਲੇ ਹੋਣ ਦਾ ਸਾਹਸ ਪੈਦਾ ਹੋ ਜਾਣਾ ਹੈ। ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਬਹੁਤ ਸਾਹਸ ਚਾਹੀਦਾ ਹੈ। ਪਰਮਾਤਮਾ ਦੇ ਸਨਮੁਖ ਹੋਣ ਦੇ ਲਈ ਸਮਾਂ ਲੱਗਦਾ ਹੈ। ਪ੍ਰਾਣ ਊਰਜਾ ਹਰ ਇੱਕ ਮਨੁੱਖ ਦੇ ਸਰੀਰ ਅੰਦਰ ਮੌਜੂਦ ਹੈ ਜਿਸ ਨੂੰ ਮਨੁੱਖ ਆਪ ਹੀ ਗਤੀਮਾਨ ਕਰ ਸਕਦਾ ਹੈ। ਇਸ ਕਾਰਜ ਨੂੰ ਪੂਰਾ ਕਰਨ ਦੇ ਲਈ ਤੁਹਾਡੀ ਬਾਹਰੋਂ ਮਦਦ ਨਹੀਂ ਕੀਤੀ ਜਾ ਸਕਦੀ। ਆਪਣੇ ਆਪ ਦੀ ਖੋਜ ਕਰਨ ਦੇ ਲਈ ਮਨੁੱਖ ਨੂੰ ਆਪਣੇ ਆਪ ਦੇ ਨਾਲ ਆਸਣ ਲਗਾਉਣਾ ਪੈਂਦਾ ਹੈ।

ਜਦੋਂ ਮਨੁੱਖ ਇਕੱਲੇ ਹੋ ਕੇ ਧਿਆਨ ਸਿਮਰਨ ਦੀ ਸਾਧਨਾ ਕਰੀ ਜਾਂਦਾ ਹੈ ਤਾਂ ਆਤਮਾ ਦੀ ਉਡਾਣ ਉੱਚੀ ਹੋਈ ਜਾਂਦੀ ਹੈ। ਜਿਸ ਮਨੁੱਖ ਨੇ ਸ਼ਾਂਤ ਮੋਨ ਅਵਸਥਾ ਵਿਚ ਬੈਠ ਕੇ ਆਪਣੇ ਆਪ ਨਾਲ ਆਸਣ ਲਗਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਸਮਝ ਲੈਣਾ ਇਸ ਮਨੁੱਖ ਨੇ ਪਰਮਾਤਮਾ ਦੇ ਘਰ ਵੱਲ ਨੂੰ ਗਤੀ ਕਰਨੀ ਸ਼ੁਰੂ ਕਰ ਦਿੱਤੀ ਹੈ। ਪਰ ਅਫ਼ਸੋਸ ਮਨੁੱਖ ਇਕੱਲੇ ਹੋਣ ਤੋਂ ਬਹੁਤ ਡਰਦਾ ਹੈ, ਇਸ ਨੂੰ ਹਮੇਸ਼ਾ ਹੀ ਭੀੜ ਦੇ ਵਿਚ ਰਹਿਣਾ ਪਸੰਦ ਹੈ। ਜਿਸ ਬੀਜ ਨੇ ਆਪਣੇ ਅੰਦਰੋਂ ਪੌਦੇ ਨੂੰ ਜਨਮ ਦੇਣਾ ਹੈ, ਉਸ ਨੂੰ ਖ਼ਤਮ ਹੋਣਾ ਪਵੇਗਾ, ਤਾਂ ਹੀ ਉਸ ਦੇ ਅੰਦਰੋਂ ਇੱਕ ਖ਼ੂਬਸੂਰਤ

ਪੌਦੇ ਦਾ ਜਨਮ ਹੋ ਸਕਦਾ ਹੈ। ਕਿਸੇ ਬੀਜ ਨੂੰ ਧਰਤੀ ਦੇ ਵਿਚ ਨੱਪੇ ਬਿਨਾਂ ਉਸ ਦੇ ਅੰਦਰੋਂ ਉਹ ਰੁੱਖ ਪੈਦਾ ਨਹੀਂ ਹੋ ਸਕਦਾ, ਜਿਸ ਨੇ ਅਸਮਾਨ ਦੀਆਂ ਬੁਲੰਦੀਆਂ ਨੂੰ ਛੂਹ ਲੈਣਾ ਹੈ। ਸਮਾਧੀ ਵੀ ਧਰਤੀ ਦੇ ਅੰਦਰ ਬੀਜ ਨੂੰ ਨੱਪਣ ਵਾਂਗੂੰ ਕਾਰਜ ਕਰਦੀ ਹੈ। ਜਦੋਂ ਕਿਸੇ ਬੀਜ ਨੂੰ ਧਰਤੀ ਦੇ ਹੇਠਾਂ ਨੱਪਿਆ ਜਾਂਦਾ ਹਾਂ, ਉਸ ਤੋਂ ਬਾਅਦ ਹੀ ਧਰਤੀ ਮਾਤਾ ਆਪਣੀ ਗਰਮਾਇਸ਼ ਅਤੇ ਸ਼ਕਤੀ ਉਸ ਬੀਜ ਨੂੰ ਦੇ ਸਕਦੀ ਹੈ ਜਿਸ ਦੇ ਫਲਸਰੂਪ ਉਸ ਨੰਨੇ ਬੀਜ ਦੇ ਅੰਦਰੋਂ ਇੱਕ ਖ਼ੂਬਸੂਰਤ ਪੌਦੇ ਦਾ ਜਨਮ ਹੋ ਜਾਵੇਗਾ। ਇਸ ਪੌਦੇ ਨੂੰ ਵਧਣ ਫੁੱਲਣ ਦੇ ਲਈ ਧਰਤੀ ਮਾਤਾ ਸਦਾ ਹੀ ਆਪਣੇ ਪ੍ਰਾਣ ਰੂਪੀ ਊਰਜਾ ਦੇਂਦੀ ਰਹੇਗੀ।

ਜਦੋਂ ਸਾਧਕ ਆਪਣੇ ਆਪ ਨੂੰ ਪਰਮਾਤਮਾ ਦੇ ਚਰਨਾਂ ਵਿਚ ਸਮਰਪਣ ਕਰ ਦੇਂਦਾ ਹੈ, ਉਸ ਤੋਂ ਬਾਅਦ ਹੀ ਸਾਧਕ ਲਈ ਪਰਮਾਤਮਾ ਦੇ ਘਰ ਵੱਲ ਨੂੰ ਜਾਣ ਵਾਲੇ ਸਾਰੇ ਦਰਵਾਜ਼ੇ ਖੁੱਲ੍ਹ ਜਾਂਦੇ ਹਨ। ਜੋ ਬੀਜ ਆਪਣੇ ਆਪ ਨੂੰ ਗਵਾਉਣ ਦੇ ਲਈ ਤਿਆਰ ਹੋ ਚੁੱਕਾ ਹੈ, ਕੇਵਲ ਉਸੇ ਬੀਜ ਦੇ ਅੰਦਰੋਂ ਇੱਕ ਖ਼ੂਬਸੂਰਤ ਪੌਦੇ ਦਾ ਜਨਮ ਹੋ ਸਕਦਾ ਹੈ। ਜੋ ਮਨੁੱਖ ਆਪਣੇ ਆਪ ਨੂੰ ਗਵਾਉਣ ਲਈ ਤਿਆਰ ਹੈ, ਉਹ ਹੀ ਮਨੁੱਖ ਪਰਮਾਤਮਾ ਦੇ ਵਰਗਾ ਬਣ ਸਕਦਾ ਹੈ। ਇੱਕ ਸਮਾਂ ਆਵੇਗਾ, ਜਦੋਂ ਇਸ ਮਨੁੱਖ ਨੇ ਜਿਉਂਦੇ-ਜੀ ਹੀ ਪਾਰਬ੍ਰਹਮ ਦੇ ਵਿਚ ਸਮਾ ਜਾਣਾ ਹੈ। ਮਰਨ ਤੋਂ ਬਾਅਦ ਵਾਲੀ ਗੱਲ ਦੇ ਵਿਚ ਕੋਈ ਸਾਰ ਨਹੀਂ ਹੈ। ਜਿਉਂਦੇ-ਜੀ ਉਸ ਸ਼ਕਤੀ ਦੇ ਵਿਚ ਸਮਾਉਣਾ ਪੈਂਦਾ ਹੈ। ਜੋ ਮਨੁੱਖ ਆਤਮ ਗਿਆਨ ਨੂੰ ਪ੍ਰਾਪਤ ਕਰਨ ਵਾਲੇ ਸਫ਼ਰ ਦੇ ਉੱਪਰ ਨਿਕਲਦਾ ਹੈ, ਉਸ ਨੇ ਹੌਲੀ ਹੌਲੀ ਕਰਕੇ ਮਿਟਦੇ ਜਾਣਾ ਹੈ। ਉਸ ਦੇ ਅੰਦਰੋਂ ਇੱਕ ਨਵੇਂ ਹੀ ਇਨਸਾਨ ਦਾ ਜਨਮ ਹੋ ਜਾਵੇਗਾ ਜਿਸ ਦੇ ਦੁਆਰਾ ਕੀਤਾ ਗਿਆ ਹਰ ਇੱਕ ਕਰਮ ਉਸ ਦਾ ਆਪਣਾ ਹੋਵੇਗਾ। ਉਹ ਆਪਣੇ ਜੀਵਨ ਨੂੰ ਕਿਸੇ ਕਿਤਾਬ ਨੂੰ ਪੜ੍ਹ ਕੇ ਜਾਂ ਕਿਸੇ ਹੋਰ ਦੇ ਨਿਰਦੇਸ਼ਾਂ ਰਾਹੀਂ ਬਤੀਤ ਨਹੀਂ ਕਰੇਗਾ। ਹਰ ਇੱਕ ਮਨੁੱਖ ਨੇ ਜਿਉਂਦੇ-ਜੀ ਉਸ ਤੱਤ ਦੇ ਵਿਚ ਪਰਵੇਸ਼ ਕਰਨਾ ਹੁੰਦਾ ਹੈ ਜੋ ਜੰਮਣ ਮਰਨ ਦੇ ਗੇੜ ਤੋਂ ਮੁਕਤ ਹੈ। ਜਦੋਂ ਸੁਰਤੀ ਵਿਚਾਰਾਂ ਤੋਂ ਮੁਕਤ ਹੋ ਕੇ ਪਰਮਾਤਮਾ ਦੇ ਨਜ਼ਦੀਕ ਆਉਂਦੀ ਜਾਵੇਗੀ, ਤਾਂ ਕਾਰਨ ਸਰੀਰ ਦੇ ਅੰਦਰ ਇਕੱਤਰ ਹੋਏ ਪਿਛਲੇ ਜਨਮਾਂ ਦੇ ਸੰਸਕਾਰ ਹੌਲੀ ਹੌਲੀ ਕਰਕੇ ਖ਼ਤਮ ਹੁੰਦੇ ਜਾਣੇ ਹਨ। ਇਹ ਕਿਰਿਆ ਬਹੁਤ ਹੀ ਧੀਮੀ ਗਤੀ ਦੇ ਨਾਲ ਚੱਲਦੀ ਹੈ ਜਿਸ ਨੂੰ ਮੁਕੰਮਲ ਹੋਣ ਦੇ ਲਈ ਸਮਾਂ ਲੱਗਦਾ ਹੈ। ਕਾਰਨ ਸਰੀਰ ਦੇ ਅੰਦਰ ਇਕੱਤਰ ਹੋਏ ਸੰਸਕਾਰਾਂ ਦੇ ਹਿਸਾਬ ਨਾਲ ਸੁਰਤੀ ਗਤੀ ਕਰਦੀ ਹੈ। ਜਦੋਂ ਕਾਰਨ ਸਰੀਰ ਦੇ ਅੰਦਰੋਂ ਸੰਸਕਾਰ ਦੀ ਗਿਣਤੀ ਇੱਕ ਵਾਰ ਘੱਟਣੀ ਸ਼ੁਰੂ ਹੋ ਜਾਵੇਗੀ, ਉਸ ਮਨੁੱਖ ਦੇ ਬੋਲਣ ਦਾ ਤਰੀਕਾ, ਸੌਣ ਦਾ ਤਰੀਕਾ, ਖਾਣ ਪੀਣ ਦਾ ਤਰੀਕਾ, ਚੱਲਣ ਦਾ ਤਰੀਕਾ, ਇਨ੍ਹਾਂ ਸਾਰੇ ਕਾਰਜਾਂ ਦੇ ਵਿਚ ਸੰਗੀਤ ਪ੍ਰਵੇਸ਼ ਕਰ ਜਾਵੇਗਾ। ਇਸ ਮਨੁੱਖ ਦੇ ਦੁਆਰਾ ਕੀਤਾ ਗਿਆ ਕਰਮ ਹੁਣ ਕਰਤਾ-ਭਾਵ ਤੋਂ ਮੁਕਤ ਹੈ। ਇਸ ਮਨੁੱਖ ਦੀ ਅਵਸਥਾ ਖ਼ਾਲੀ ਬਾਂਸਰੀ ਦੇ ਵਾਂਗੂੰ ਹੈ ਜਿਸ ਦੇ ਰਾਹੀਂ ਕਾਰਜ ਹੋ ਰਹੇ ਹਨ। ਪਰਮ ਜੀਵਨ ਨੂੰ ਕੇਵਲ ਉਹੀ ਮਨੁੱਖ ਜਾਣ ਸਕਦਾ ਹੈ, ਜੋ ਆਪਣੇ ਜੀਵਨ ਦੀ ਪੂਰੀ ਸ਼ਕਤੀ ਨੂੰ ਪਰਮਾਤਮਾ ਦੇ ਵੱਲ ਨੂੰ ਮੋੜਨ ਦੇ ਲਈ ਤਿਆਰ

ਹੋ ਚੁੱਕਾ ਹੈ। ਇਸ ਅਵਸਥਾ ਵੱਲ ਗਤੀ ਕਰਨ ਵਾਲੇ ਮਨੁੱਖ ਨੂੰ ਕੁੱਝ ਸਾਧਨਾ ਨਹੀਂ ਪੈਂਦਾ। ਚੰਗੇ ਗੁਣ ਇਸ ਦੀ ਆਤਮਾ ਦੇ ਅੰਦਰੋਂ ਆਪਣੇ ਆਪ ਪ੍ਰਗਟ ਹੋਣ ਲੱਗ ਜਾਂਦੇ ਹਨ ਜਿਸ ਦੇ ਨਾਲ ਔਗੁਣਾਂ ਰੂਪੀ ਮੈਲ ਤੋਂ ਮਨ ਅਤੇ ਆਤਮਾ ਨੂੰ ਮੁਕਤੀ ਮਿਲ ਜਾਂਦੀ ਹੈ। ਸਾਧਨਾ ਇੱਕ ਪਹਾੜ ਦੀ ਚੋਟੀ 'ਤੇ ਚੜ੍ਹਨ ਵਾਂਗੂੰ ਹੈ। ਮਨੁੱਖ ਨੂੰ ਫ਼ਾਲਤੂ ਦੇ ਬੋਝ ਨੂੰ ਆਪਣੇ ਆਪ ਦੇ ਨਾਲੋਂ ਅਲੱਗ ਕਰਨਾ ਪੈਂਦਾ ਹੈ। ਜੇਕਰ ਕੋਈ ਮਨੁੱਖ ਆਪਣੇ ਨਾਲ ਬੋਝ ਲੈ ਕੇ ਇਸ ਪਹਾੜ ਦੀ ਚੜ੍ਹਾਈ 'ਤੇ ਚੜ੍ਹਨ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਉਸ ਮਨੁੱਖ ਦੇ ਲਈ ਸਫ਼ਰ ਕਰਨਾ ਬਹੁਤ ਮੁਸ਼ਕਲ ਹੋ ਜਾਵੇਗਾ। ਜਿੰਨਾ ਬੋਝ ਘੱਟ ਹੋਵੇਗਾ, ਯਾਤਰਾ ਕਰਨ 'ਚ ਓਨੀ ਆਸਾਨੀ ਹੋ ਜਾਂਦੀ ਹੈ। ਬੋਝ ਤੋਂ ਭਾਵ ਕਿਤਾਬੀ ਗਿਆਨ ਜੋ ਆਪਣੇ ਅੰਦਰੋਂ ਪੈਦਾ ਨਹੀਂ ਹੋਇਆ, ਕਿੱਧਰੋਂ ਪੜ੍ਹ ਜਾਂ ਸੁਣ ਲਿਆ ਹੈ। ਕਿਤਾਬੀ ਗਿਆਨ ਤੋਂ ਭਾਵ ਜਿਸ ਦੇ ਬਾਰੇ ਆਪਣਾ ਕੋਈ ਨਿੱਜੀ ਅਨੁਭਵ ਨਹੀਂ ਹੈ। ਕਿਤਾਬੀ ਗਿਆਨ ਨੇ ਮਨੁੱਖ ਦਾ ਆਪਣੇ ਗਿਆਨ ਨਾਲ ਮੇਲ ਨਹੀਂ ਹੋਣ ਦੇਣਾ। ਜੋ ਵੀ ਮਨੁੱਖ ਕਿਸੇ ਹੋਰ ਦੇ ਦੁਆਰਾ ਲਿਖੇ ਨੂੰ ਪੜ੍ਹਨ ਤੋਂ ਬਾਅਦ ਸੰਤੁਸ਼ਟ ਹੋ ਜਾਂਦਾ ਹੈ। ਇਸ ਤਰ੍ਹਾਂ ਸੰਤੁਸ਼ਟ ਹੋਣ ਦੇ ਨਾਲ ਆਤਮਾ ਦੇ ਅੰਦਰੋਂ ਪਰਮ ਗਿਆਨ ਦਾ ਝਰਨਾ ਪ੍ਰਗਟ ਨਹੀਂ ਹੋ ਸਕਦਾ।

ਜਦੋਂ ਤੁਸੀਂ ਸਾਧਨਾ ਸ਼ੁਰੂ ਕਰ ਦਿੱਤੀ ਤਾਂ ਤੁਹਾਨੂੰ ਆਪਣੇ ਆਪ ਉੱਪਰ ਧਿਆਨ ਰੱਖਣਾ ਪਵੇਗਾ। ਜਿਵੇਂ ਜਿਵੇਂ ਪਹਾੜ ਦੀ ਚੋਟੀ ਨਜ਼ਦੀਕ ਆਈ ਜਾਂਦੀ ਹੈ, ਤਿਵੇਂ ਤਿਵੇਂ ਪਹਾੜ ਦੀ ਚੜ੍ਹਾਈ ਚੜ੍ਹਨੀ ਮੁਸ਼ਕਲ ਹੋ ਜਾਂਦੀ ਹੈ, ਜਿਸ ਦੇ ਵਿਚ ਉਚਾਈ ਤੋਂ ਹੇਠਾਂ ਡਿੱਗਣ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਸਾਧਾਰਨ ਮਨੁੱਖ ਨੂੰ ਕੋਈ ਖ਼ਤਰਾ ਨਹੀਂ ਹੈ। ਉਹ ਪਹਾੜ ਦੇ ਸਭ ਤੋਂ ਥੱਲੇ ਵਾਲੇ ਹਿੱਸੇ ਉੱਪਰ ਖਲੋਤਾ ਹੈ। ਉਹ ਇਸ ਤੋਂ ਹੇਠਾਂ ਨਹੀਂ ਡਿੱਗ ਸਕਦਾ। ਜਿਸ ਮਨੁੱਖ ਨੇ ਕਾਲੇ ਰੰਗ ਦੇ ਕੱਪੜੇ ਪਾਏ ਹੋਣ ਤਾਂ ਜੇਕਰ ਉਸ ਦੇ ਕੱਪੜਿਆਂ ਉੱਪਰ ਕਾਲੇ ਰੰਗ ਦੇ ਦਾਗ਼ ਲੱਗ ਜਾਣ ਤਾਂ ਵੀ ਕੋਈ ਖ਼ਾਸ ਫ਼ਰਕ ਨਹੀਂ ਪੈਂਦਾ, ਨਾ ਹੀ ਇਹਨਾਂ ਦਾਗ਼ਾਂ ਨੇ ਦੂਜਿਆਂ ਮਨੁੱਖਾਂ ਨੂੰ ਦਿੱਸਣਾ ਹੈ। ਇਸ ਦੇ ਉਲਟ ਜੇਕਰ ਕਿਸੇ ਮਨੁੱਖ ਨੇ ਸਫ਼ੇਦ ਰੰਗ ਦੇ ਕੱਪੜੇ ਪਾਏ ਹਨ ਤਾਂ ਉਸ ਦੇ ਕੱਪੜਿਆਂ ਉੱਪਰ ਕਾਲੇ ਰੰਗ ਦੀ ਇੱਕ ਬੂੰਦ ਵੀ ਪੈਣ 'ਤੇ ਸਾਫ਼ ਦਿਖਾਈ ਦੇਵੇਗੀ। ਸਾਧਕ ਨੇ ਸਾਧਨਾ ਦੇ ਰਾਹੀਂ ਆਪਣੀ ਆਤਮਾ ਦੇ ਉੱਪਰ ਜਿੰਨੇ ਵੀ ਦਾਗ਼ ਲੱਗੇ ਹਨ, ਉਨ੍ਹਾਂ ਨੂੰ ਹੌਲੀ ਹੌਲੀ ਕਰਕੇ ਸਾਫ਼ ਕਰਦੇ ਜਾਣਾ ਹੈ। ਇੱਕ ਸਮਾਂ ਆਵੇਗਾ ਜਦੋਂ ਆਤਮਾ ਪੂਰਨ ਤੌਰ 'ਤੇ ਨਿਰਮਲ ਹੋ ਜਾਵੇਗੀ। ਇਸ ਤੋਂ ਬਾਅਦ ਜੇ ਕੋਈ ਨਿੱਕਾ ਮੋਟਾ ਦਾਗ਼ ਲੱਗਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਵੀ ਇਹ ਮਨੁੱਖ ਆਪਣੀ ਵਿਵੇਕ ਬੁੱਧੀ ਦੀ ਵਰਤੋਂ ਕਰਦੇ ਹੋਏ ਨੇ ਆਪਣੇ ਆਪ ਨੂੰ ਦਾਗ਼ ਲੱਗਣ ਤੋਂ ਬਚਾ ਲੈਣਾ ਹੈ। ਹਰ ਦਿਨ ਸਾਧਨਾ ਕਰਨ ਦੇ ਨਾਲ ਸੁਰਤੀ ਦਾ ਆਤਮ ਗਿਆਨ ਦੇ ਮੰਡਲ ਵਿਚ ਪਰਵੇਸ਼ ਕਰਨ ਦਾ ਸਮਾਂ ਨਜ਼ਦੀਕ ਆਈ ਜਾਂਦਾ ਹੈ। ਜਦੋਂ ਪਹਾੜ ਦੀ ਚੋਟੀ ਆ ਜਾਂਦੀ ਹੈ ਤਾਂ ਉਸ ਤੋਂ ਅੱਗੇ ਕੇਵਲ ਇੱਕ ਦੇ ਲਈ ਜਗ੍ਹਾ ਬਚਦੀ ਹੈ, ਉਸੇ ਹੀ ਤਰ੍ਹਾਂ ਜਦੋਂ ਸਾਧਕ ਪਰਮ ਅਵਸਥਾ ਵਿਚ ਪਰਵੇਸ਼ ਕਰਨ ਲੱਗਦਾ ਹੈ ਤਾਂ ਇਸ ਦੀ ਚੇਤਨਾ ਸ਼ਕਤੀ ਅਸੀਮ ਦੇ ਵਿਚ ਸਮਾ ਕੇ ਉਸੇ ਦਾ ਰੂਪ ਹੋ ਜਾਂਦੀ ਹੈ। ਉਸ

ਤੋਂ ਬਾਅਦ ਜੋ ਬਚ ਜਾਵੇਗਾ, ਉਹ ਹੈ ਪਰਮਾਤਮਾ। ਪਹਾੜ ਦੀ ਚੜ੍ਹਾਈ ਚੜ੍ਹਨ ਦੇ ਲਈ ਸ਼ਕਤੀ ਲਗਾਉਣ ਦੀ ਜ਼ਰੂਰਤ ਪੈਂਦੀ ਹੈ, ਜਦਕਿ ਪਹਾੜ ਤੋਂ ਥੱਲੇ ਬਿਨਾਂ ਸ਼ਕਤੀ ਲਗਾਏ ਉਤਰਿਆ ਜਾ ਸਕਦਾ ਹੈ। ਜੇਕਰ ਜੀਵਨ ਦੇ ਵਿਚ ਮੁਸ਼ਕਲਾਂ ਹਨ ਜਾਂ ਸੰਘਰਸ਼ ਹੈ, ਇਸ ਦਾ ਮਤਲਬ ਹੈ ਤੁਸੀਂ ਪਹਾੜ ਦੇ ਉੱਪਰ ਵੱਲ ਨੂੰ ਗਤੀ ਕਰ ਰਹੇ ਹੋ, ਜਿਸ ਤੋਂ ਭਾਵ ਤੁਸੀਂ ਪਰਮਾਤਮਾ ਦੇ ਘਰ ਵੱਲ ਨੂੰ ਜਾ ਰਹੇ ਹੋ। ਜੇਕਰ ਕਿਸੇ ਗ਼ੈਰ-ਕੁਦਰਤੀ ਤਰੀਕੇ ਨਾਲ ਧਨ ਕਮਾਇਆ ਜਾ ਰਿਹਾ ਹੈ ਤਾਂ ਇਹ ਪਹਾੜ ਤੋਂ ਥੱਲੇ ਵੱਲ ਨੂੰ ਯਾਤਰਾ ਹੈ ਜੋ ਕਿ ਬਹੁਤ ਹੀ ਆਸਾਨ ਹੈ, ਜਿਸ ਦੇ ਲਈ ਮਿਹਨਤ ਕਰਨ ਦੀ ਕੋਈ ਲੋੜ ਨਹੀਂ ਪੈਂਦੀ। ਪਰ ਇਹ ਪਰਮਾਤਮਾ ਦੇ ਘਰ ਤੋਂ ਉਲਟੀ ਦਿਸ਼ਾ ਵੱਲ ਗਤੀ ਹੈ। ਇਹ ਫ਼ੈਸਲਾ ਕੁਦਰਤ ਨੇ ਮਨੁੱਖ ਦੇ ਉੱਪਰ ਛੱਡਿਆ ਹੋਇਆ ਹੈ। ਮਨੁੱਖ ਪੂਰਨ ਤੌਰ ’ਤੇ ਸਵਤੰਤਰ ਹੈ ਕਿਸੇ ਵੀ ਕਰਮ ਨੂੰ ਕਰਨ ਦੇ ਲਈ। ਪਰ ਅਫ਼ਸੋਸ ਬਹੁਤ ਥੋੜ੍ਹੇ ਮਨੁੱਖ ਹੀ ਪਰਮਾਤਮਾ ਦੇ ਘਰ ਵੱਲ ਨੂੰ ਜਾਣ ਵਾਲੇ ਰਸਤੇ ਦੀ ਚੋਣ ਕਰ ਪਾਉਂਦੇ ਹਨ।

ਜਦੋਂ ਤੁਸੀਂ ਇਸ ਦਿਸ਼ਾ ਵੱਲ ਚੱਲਣਾ ਸ਼ੁਰੂ ਕੀਤਾ ਤਾਂ ਤੁਹਾਨੂੰ ਬਹੁਤ ਜ਼ਿਆਦਾ ਲੋਕ ਇਸ ਦਿਸ਼ਾ ਵੱਲ ਨੂੰ ਗਤੀ ਕਰਦੇ ਹੋਏ ਨਹੀਂ ਮਿਲਣਗੇ। ਕਦੇ ਕਦਾਈਂ ਕਰੋੜਾਂ ਮਨੁੱਖਾਂ ਦੇ ਵਿੱਚੋਂ ਇੱਕ ਮਨੁੱਖ ਆਪ ਖ਼ੁਦ ਚੱਲਣ ਦੀ ਹਿੰਮਤ ਜੁਟਾ ਪਾਉਂਦਾ ਹੈ। ਜਦੋਂ ਤੁਸੀਂ ਸਫ਼ਰ ਸ਼ੁਰੂ ਕੀਤਾ ਤਾਂ ਕੋਈ ਕੋਈ ਟਾਂਵਾਂ ਟਾਂਵਾਂ ਮਨੁੱਖ ਹੀ ਇਸ ਰਸਤੇ ਦੇ ਉੱਪਰ ਚੱਲਦਾ ਹੋਇਆ ਸ਼ਾਇਦ ਹੀ ਮਿਲੇਗਾ। ਇਹ ਵੀ ਹੋ ਸਕਦਾ ਹੈ ਕਿ ਸਾਰੀ ਜ਼ਿੰਦਗੀ ਵਿਚ ਇੱਕ ਦੋ ਮਨੁੱਖ ਮਿਲ ਜਾਣ, ਪਰ ਉਹ ਗੱਲ ਵੀ ਮੁਸ਼ਕਲ ਹੈ। ਜਦੋਂ ਕੋਈ ਪਦਾਰਥ ਮਨੁੱਖ ਨੂੰ ਆਪਣੇ ਵੱਲ ਨੂੰ ਖਿੱਚਦਾ ਹੈ ਤਾਂ ਮਨੁੱਖ ਉਸ ਪਦਾਰਥ ਨੂੰ ਪ੍ਰਾਪਤ ਕਰਨ ਦੇ ਲਈ ਕਿਸੇ ਵੀ ਗ਼ਲਤ ਤਰੀਕੇ ਦੀ ਵਰਤੋਂ ਕਰਨ ਤੋਂ ਗੁਰੇਜ਼ ਨਹੀਂ ਕਰੇਗਾ। ਇਹ ਰਸਤਾ ਪਰਮਾਤਮਾ ਦੇ ਘਰ ਤੋਂ ਉਲਟੀ ਦਿਸ਼ਾ ਵੱਲ ਨੂੰ ਜਾਂਦਾ ਹੈ।

ਜਦੋਂ ਪਰਮਾਤਮਾ ਸ੍ਰਿਸ਼ਟੀ ਦੀ ਰਚਨਾ ਕਰ ਰਿਹਾ ਸੀ ਤਾਂ ਉਸ ਨੇ ਆਖ਼ਿਰ ਦੇ ਵਿਚ ਮਨੁੱਖ ਦੀ ਰਚਨਾ ਕਰਨ ਬਾਰੇ ਵਿਚਾਰ ਕੀਤੀ। ਪਰਮਾਤਮਾ ਨੇ ਸੋਚਿਆ ਕਿ ਮਨੁੱਖ ਨੇ ਇੱਕ ਨਾ ਇੱਕ ਦਿਨ ਮੇਰੇ ਕੋਲ ਜ਼ਰੂਰ ਵਾਪਸ ਆ ਜਾਣਾ ਹੈ, ਮੈਂ ਭਾਵੇਂ ਜਿੱਥੇ ਮਰਜ਼ੀ ਲੁਕ ਜਾਵਾਂ। ਇਸ ਕਾਰਨ ਪਰਮਾਤਮਾ ਨੂੰ ਮਨੁੱਖ ਦੇ ਅੰਦਰ ਹੀ ਲੁਕਣਾ ਪਿਆ ਸੀ। ਉਸ ਨੂੰ ਪਤਾ ਸੀ ਕਿ ਮਨੁੱਖ ਹੋਰ ਸਭ ਜਗ੍ਹਾ ’ਤੇ ਲੱਭ ਸਕਦਾ ਹੈ ਪਰ ਇਸ ਨੇ ਕਦੇ ਵੀ ਆਪਣੇ ਅੰਦਰੋਂ ਲੱਭਣ ਦੀ ਕੋਸ਼ਿਸ਼ ਨਹੀਂ ਕਰਨੀ। ਭਾਵੇਂ ਇਸ ਨੂੰ ਕੋਈ ਦੱਸ ਵੀ ਦੇਵੇ। ਜਿਸ ਤਰ੍ਹਾਂ ਹਿਰਨ ਨੂੰ ਕਸਤੂਰੀ ਦੀ ਖ਼ੁਸ਼ਬੋ ਆਉਂਦੀ ਹੈ, ਉਹ ਖ਼ੁਸ਼ਬੋ ਨੂੰ ਪ੍ਰਾਪਤ ਕਰਨ ਲਈ ਝਾੜੀਆਂ ਦੇ ਵਿਚ ਭਟਕਦਾ ਹੋਇਆ ਆਪਣਾ ਸਾਰਾ ਜੀਵਨ ਬਤੀਤ ਕਰ ਦੇਂਦਾ ਹੈ, ਉਸ ਨੂੰ ਪਤਾ ਨਹੀਂ ਲੱਗਦਾ ਕਿ ਇਹ ਜੋ ਖ਼ੁਸ਼ਬੂ ਉਸ ਨੂੰ ਆ ਰਹੀ ਹੈ ਉਸ ਦੀ ਆਪਣੀ ਹੀ ਹੈ। ਉਸ ਹਿਰਨ ਦੇ ਵਾਂਗੂੰ ਮਨੁੱਖ ਵੀ ਧਾਰਮਿਕ ਸਥਾਨਾਂ ਦੇ ਉੱਪਰ ਬਾਬਿਆਂ ਦੇ ਕੋਲ, ਸੰਤਾਂ ਦੇ ਡੇਰਿਆਂ ਉੱਪਰ ਪਰਮਾਤਮਾ ਦੀ ਭਾਲ ਕਰਦਾ ਹੋਇਆ ਆਪਣਾ ਸਾਰਾ ਜੀਵਨ ਬਤੀਤ ਕਰ ਦੇਂਦਾ ਹੈ। ਇਸ ਨੂੰ ਇਹ ਯਕੀਨ ਨਹੀਂ ਆਉਂਦਾ ਕਿ ਜਿਸ ਪਰਮਾਤਮਾ ਦੀ ਖੋਜ ਇਹ

ਬਾਹਰ ਕਰ ਰਿਹਾ ਹੈ, ਉਹ ਸ਼ਕਤੀ ਤਾਂ ਇਸ ਦੇ ਅੰਦਰ ਹੀ ਹੈ। ਮਨੁੱਖ ਦੀਆਂ ਇੰਦਰੀਆਂ ਦੇ ਦਰਵਾਜ਼ੇ ਬਾਹਰ ਵੱਲ ਨੂੰ ਖੁੱਲ੍ਹਦੇ ਹਨ, ਇਸ ਕਾਰਨ ਬਾਹਰ ਲੱਭਣ ਦਾ ਭਰਮ ਪੈ ਸਕਦਾ ਹੈ। ਪਰਮਾਤਮਾ ਨੂੰ ਇੰਦਰਿਆਂ ਦੀ ਗਤੀ ਰਹਿਤ ਅਵਸਥਾ ਵਿਚ ਦੇਖਿਆ ਅਤੇ ਅਨੁਭਵ ਕੀਤਾ ਜਾ ਸਕਦਾ ਹੈ। ਮਨੁੱਖ ਨੂੰ ਪਦਾਰਥਾਂ ਦੀ ਪ੍ਰਾਪਤੀ ਬਾਹਰੋਂ ਖੋਜ ਕਰਨ ’ਤੇ ਹੁੰਦੀ ਹੈ। ਵਿਗਿਆਨ ਦੀ ਵੀ ਸਾਰੀ ਖੋਜ ਬਾਹਰ ਦੀ ਹੈ। ਇਸ ਕਾਰਨ ਮਨੁੱਖ ਨੂੰ ਭਰਮ ਪੈ ਸਕਦਾ ਹੈ ਪਰ ਅਸੀਂ ਪਰਮਾਤਮਾ ਦੀ ਖੋਜ ਆਪਣੇ ਅੰਦਰੋਂ ਹੀ ਕਰਨੀ ਹੈ। ਜੇਕਰ ਉਹ ਸ਼ਕਤੀ ਕਿਧਰੇ ਬਾਹਰ ਹੁੰਦੀ ਤਾਂ ਸਦੀਆਂ ਤੋਂ ਮਨੁੱਖ ਉਸ ਸ਼ਕਤੀ ਦੀ ਖੋਜ ਬਾਹਰੋਂ ਕਰ ਰਿਹਾ ਹੈ ਤਾਂ ਉਸ ਨੂੰ ਮਨੁੱਖ ਨੇ ਲੱਭ ਲੈਣਾ ਸੀ। ਪਰਮਾਤਮਾ ਕੋਈ ਪਦਾਰਥ ਨਹੀਂ ਹੈ ਜਿਸ ਦੀ ਬਾਹਰ ਖੋਜ ਕੀਤੀ ਜਾਵੇ।

ਪਿੰਡ ਵਿਚ ਇੱਕ ਬਹੁਤ ਪੁਰਾਣਾ ਘਰ ਸੀ ਜਿਸ ਦੇ ਵਿਚ ਗ਼ਰੀਬ ਮਨੁੱਖ ਰਹਿੰਦਾ ਸੀ। ਉਸ ਘਰ ’ਚ ਥੱਲੇ ਖ਼ਜ਼ਾਨਾ ਦੱਬਿਆ ਹੋਇਆ ਸੀ। ਪਿੰਡ ਦੇ ਸਾਰੇ ਲੋਕ ਉਸ ਨੂੰ ਦੱਸਦੇ ਸਨ ਕਿ ਤੇਰੇ ਬਜ਼ੁਰਗਾਂ ਨੇ ਘਰ ਦੇ ਥੱਲੇ ਖ਼ਜ਼ਾਨਾ ਦੱਬਿਆ ਹੋਇਆ ਹੈ। ਪਿੰਡ ਵਾਲਿਆਂ ਦੀਆਂ ਗੱਲਾਂ ਉੱਪਰ ਉਸ ਬੰਦੇ ਨੂੰ ਵਿਸ਼ਵਾਸ ਨਹੀਂ ਆਇਆ। ਇਸ ਕਾਰਨ ਉਸ ਨੇ ਖ਼ਜ਼ਾਨੇ ਨੂੰ ਪ੍ਰਾਪਤ ਕਰਨ ਦੇ ਲਈ ਕਦੇ ਕੋਸ਼ਿਸ਼ ਨਹੀਂ ਕੀਤੀ। ਉਸ ਦਾ ਸਾਰਾ ਜੀਵਨ ਗ਼ਰੀਬੀ ਦੇ ਨਾਲ ਲੜਨ ਵਿੱਚ ਬੀਤ ਗਿਆ। ਬੇਸ਼ੱਕ ਉਹ ਮਨੁੱਖ ਖ਼ਜ਼ਾਨੇ ਦਾ ਮਾਲਕ ਸੀ ਪਰ ਖ਼ਜ਼ਾਨੇ ਤੋਂ ਕੋਈ ਲਾਹਾ ਪ੍ਰਾਪਤ ਨਹੀਂ ਕਰ ਸਕਿਆ। ਇਸੇ ਹੀ ਤਰ੍ਹਾਂ ਪਰਮਾਤਮਾ ਰੂਪੀ ਖ਼ਜ਼ਾਨਾ ਮਨੁੱਖ ਦੇ ਅੰਦਰ ਹੀ ਹੈ ਪਰ ਮਨੁੱਖ ਨੂੰ ਉਸ ਦਾ ਕੋਈ ਗਿਆਨ ਨਹੀਂ ਹੈ। ਇਸ ਦੀ ਸਥਿਤੀ ਉਸ ਗ਼ਰੀਬ ਮਨੁੱਖ ਦੇ ਘਰ ’ਚ ਥੱਲੇ ਦੱਬੇ ਖ਼ਜ਼ਾਨੇ ਵਾਲੀ ਹੈ। ਘਰ ਦੇ ਥੱਲੇ ਖ਼ਜ਼ਾਨਾ ਦੱਬਿਆ ਹੋਇਆ ਹੈ ਪਰ ਘਰ ਦੇ ਮਾਲਕ ਨੂੰ ਇਸ ਗੱਲ ਦਾ ਕੋਈ ਪਤਾ ਹੀ ਨਹੀਂ ਹੈ।

ਜਦੋਂ ਕੋਈ ਮਨੁੱਖ ਸਾਰੀਆਂ ਕੋਸ਼ਿਸ਼ਾਂ ਕਰਨੀਆਂ ਛੱਡ ਦੇਂਦਾ ਹੈ ਤਾਂ ਪਰਮਾਤਮਾ ਉਸ ਦੇ ਕੋਲ ਆਪਣੇ ਆਪ ਹੀ ਆ ਜਾਂਦਾ ਹੈ। ਕੁੱਝ ਕਰਨਾ ਹੀ ਰੁਕਾਵਟ ਹੈ, ਸਾਡੇ ਅਤੇ ਪਰਮਾਤਮਾ ਦੇ ਮਿਲਾਪ ਵਿਚ। ਜਦੋਂ ਸਾਡੇ ਸਰੀਰ ਦਾ ਇੱਕ ਇੱਕ ਕਣ ਉਸ ਦਾ ਇੰਤਜ਼ਾਰ ਕਰਦਾ ਹੈ ਤਾਂ ਉਸ ਨੇ ਆਪਣੇ ਆਪ ਸਾਡੇ ਕੋਲ ਆ ਜਾਣਾ ਹੈ। ਮੁੱਢ ਤੋਂ ਪਰਮਾਤਮਾ ਹੀ ਮਨੁੱਖ ਦੇ ਕੋਲ ਆਇਆ ਹੈ। ਅੱਜ ਤੱਕ ਕੋਈ ਵੀ ਮਨੁੱਖ ਪਰਮਾਤਮਾ ਦੇ ਕੋਲ ਨਹੀਂ ਜਾ ਸਕਿਆ। ਅਸੀਂ ਉਸ ਸ਼ਕਤੀ ਨੂੰ ਕਿੱਥੋਂ ਲੱਭ ਸਕਦੇ ਹਾਂ, ਸਾਨੂੰ ਤਾਂ ਉਸ ਦੇ ਥਾਂ ਟਿਕਾਣੇ ਦਾ ਵੀ ਪਤਾ ਨਹੀਂ ਹੈ। ਅਸੀਂ ਕੇਵਲ ਉਸ ਦਾ ਇੰਤਜ਼ਾਰ ਕਰਨਾ ਹੈ।

ਮਨੁੱਖ ਨੇ ਜਿਸ ਵੀ ਚੀਜ਼ ਦੀ ਖੋਜ ਕੀਤੀ ਹੈ, ਇਹ ਉਸ ਦੀ ਲਗਾਤਾਰ ਸੁਧਾਈ ਕਰੀ ਜਾ ਰਿਹਾ ਹੈ। ਕੀ ਘਰ ਤੇ ਕੀ ਕੱਪੜੇ ਹਰ ਇੱਕ ਚੀਜ਼ ਦੇ ਵਿਚ ਬਾਰ ਬਾਰ ਤਬਦੀਲੀ ਕੀਤੀ ਜਾ ਰਹੀ ਹੈ। ਤੁਸੀਂ ਕਿਸੇ ਵੀ ਚੀਜ਼ ਨੂੰ ਦੇਖ ਲਵੋ, ਉਸ ਦੇ ਮਗਰ ਖੋਜ ਦੀ ਇੱਕ ਬਹੁਤ ਲੰਬੀ ਪੌੜੀ ਹੈ। ਕਿਸੇ ਵੀ ਨਵੀਂ ਖੋਜ ਦੇ ਮਗਰ ਇੱਕ ਬਹੁਤ ਲੰਬੀ ਲੜੀ ਚਲੀ ਆ ਰਹੀ ਹੈ। ਇਸ ਤੋਂ ਪਹਿਲਾਂ ਕੀਤੀਆਂ ਜਾ ਚੁੱਕੀਆਂ ਖੋਜਾਂ ਦੀ, ਜਿਨ੍ਹਾਂ ਨੂੰ ਪਹਿਲਾਂ ਕਿਸੇ ਦੂਜੇ ਮਨੁੱਖਾਂ ਦੁਆਰਾ ਕੀਤਾ ਗਿਆ ਸੀ। ਵਿਗਿਆਨ

ਦੀ ਲਾਈਨ ਵਿਚ ਪੁਰਾਣੀ ਖੋਜ ਦੀ ਅੱਗੇ ਮਦਦ ਲਈ ਜਾਂਦੀ ਹੈ। ਜਿੰਨਾ ਕੰਮ ਪਹਿਲਾਂ ਹੋ ਚੁੱਕਾ ਹੈ, ਉਸ ਦੀ ਮਦਦ ਨਾਲ ਅੱਗੇ ਗਤੀ ਕੀਤੀ ਜਾਂਦੀ ਹੈ। ਪਰ ਧਰਮ ਦੇ ਵਿਚ ਹਰ ਇੱਕ ਮਨੁੱਖ ਨੂੰ ਆਪਣੀ ਖੋਜ ਦੀ ਸ਼ੁਰੂਆਤ ਪੌੜੀ ਦੇ ਪਹਿਲੇ ਡੰਡੇ ਤੋਂ ਕਰਨੀ ਪੈਂਦੀ ਹੈ। ਜੋ ਵੀ ਮਨੁੱਖ ਪਰਮ ਜੀਵਨ ਦੀ ਖੋਜ ਕਰ ਲੈਂਦਾ ਹੈ, ਇਸ ਅਵਸਥਾ ਵਿਚ ਪਹੁੰਚਣ ਤੋਂ ਬਾਅਦ ਇਹ ਮਨੁੱਖ ਆਪਣਾ ਅਨੁਭਵ ਕਿਸੇ ਹੋਰ ਮਨੁੱਖ ਨੂੰ ਨਹੀਂ ਦੇ ਸਕਦਾ। ਹਰ ਇੱਕ ਮਨੁੱਖ ਦੇ ਅੰਦਰ ਇਸ ਅਵਸਥਾ ਨੂੰ ਪ੍ਰਾਪਤ ਕਰਨ ਦੀ ਪੂਰੀ ਯੋਗਤਾ ਹੈ। ਪਰੰਤੂ ਪ੍ਰਾਪਤ ਉਹੀ ਮਨੁੱਖ ਕਰ ਸਕਦਾ ਹੈ ਜੋ ਆਪਣੇ ਆਪ ਦੇ ਅੰਦਰ ਪਰਵੇਸ਼ ਕਰਨ ਨੂੰ ਤਿਆਰ ਹੈ, ਜੋ ਇਸ ਸੱਤਾ ਨੂੰ ਖ਼ੁਦ ਅਨੁਭਵ ਕਰਨ ਦੇ ਲਈ ਹਿੰਮਤ ਕਰਦਾ ਹੈ। ਧਿਆਨ ਸਿਮਰਨ ਕਰਦਿਆਂ ਕਰਦਿਆਂ ਇੱਕ ਬਿੰਦੂ ਆ ਜਾਵੇਗਾ, ਜਿਸ ਤੋਂ ਅੱਗੇ ਤੁਹਾਡੀ ਸੁਰਤੀ ਗਤੀ ਨਹੀਂ ਕਰ ਸਕਦੀ। ਜਿਸ ਦਿਨ ਤੁਸੀਂ ਇਸ ਬਿੰਦੂ ’ਤੇ ਪਹੁੰਚ ਗਏ ਤਾਂ ਤੁਸੀਂ ਉਸ ਪਰਮਾਤਮਾ ਨੂੰ ਦੇਖ ਲੈਣਾ ਹੈ। ਜਿਸ ਦਾ ਨਾ ਤਾਂ ਕੋਈ ਰੂਪ ਹੈ, ਨਾ ਹੀ ਕੋਈ ਰੰਗ ਹੈ ਅਤੇ ਨਾ ਹੀ ਕੋਈ ਰੇਖ ਹੈ। ਜਦੋਂ ਸੁਰਤੀ ਵਿਚਾਰਾਂ ਤੋਂ ਮੁਕਤ ਹੋਣ ਤੋਂ ਬਾਅਦ ਸਹਿਜ ਮੰਡਲ ਦੇ ਵਿਚ ਪਰਵੇਸ਼ ਕਰ ਜਾਵੇਗੀ, ਤਾਂ ਤੁਹਾਡਾ ਪਰਵੇਸ਼ ਪਰਮ ਅਨੰਦ ਅਤੇ ਸ਼ਾਂਤੀ ਦੇ ਉਸ ਸਮੁੰਦਰ ਵਿਚ ਹੋ ਜਾਣਾ ਹੈ, ਜਿਸ ਦੀ ਕੋਈ ਸੀਮਾ ਨਹੀਂ ਹੈ ਜੋ ਅਸੀਮ ਹੈ। ਤੁਸੀਂ ਖ਼ੁਦ ਆਪ ਦੇਖ ਲੈਣਾ ਉਸ ਅੰਦਰ ਵਾਲੇ ਆਕਾਸ਼ ਨੂੰ ਜੋ ਬਦਲਾਉ ਤੋਂ ਰਹਿਤ ਹੈ, ਜਿਸ ਦੇ ਅੰਦਰ ਹੀ ਸਭ ਕੁੱਝ ਹੈ, ਪਰ ਫਿਰ ਵੀ ਉਹ ਆਕਾਸ਼ ਇਸ ਦੇ ਪ੍ਰਭਾਵ ਤੋਂ ਮੁਕਤ ਰਹਿੰਦਾ ਹੈ।

ਉਸ ਅਵਸਥਾ ਨੂੰ ਮਹਿਸੂਸ ਕੀਤਾ ਤਾਂ ਜਾ ਸਕਦਾ ਹੈ ਪਰ ਬਿਆਨ ਨਹੀਂ ਕੀਤਾ ਜਾ ਸਕਦਾ। ਉਸ ਪਰਮ ਜੀਵਨ ਦੀ ਭਾਲ ਕਰਨਾ ਹੀ ਮਨੁੱਖਾ ਜੀਵਨ ਦਾ ਇੱਕ ਮਾਤਰ ਮਕਸਦ ਹੈ। ਜੋ ਮਨੁੱਖ ਇਸ ਅਵਸਥਾ ਨੂੰ ਅਨੁਭਵ ਕਰ ਲੈਂਦਾ ਹੈ, ਇਸ ਅਨੁਭਵ ਨੂੰ ਉਸ ਮਨੁੱਖ ਦੇ ਕੋਲੋਂ ਮੌਤ ਵੀ ਨਹੀਂ ਖੋਹ ਸਕਦੀ। ਜੀਵ ਆਤਮਾ ਦਾ ਭਰਮ ਤਦ ਤੱਕ ਨਹੀਂ ਮਿਟ ਸਕਦਾ, ਜਿੰਨਾ ਚਿਰ ਤੱਕ ਇਹ ਆਪਣੀ ਸੁਰਤੀ ਦੇ ਰਾਹੀਂ ਸਹਿਜ ਮੰਡਲ ਦੇ ਅੰਦਰ ਪਰਵੇਸ਼ ਨਹੀਂ ਕਰ ਜਾਂਦੀ। ਕੇਵਲ ਇਹ ਅਨੁਭਵ ਹੀ ਤੁਹਾਡੇ ਨਾਲ ਜਾਣਾ ਹੈ। ਜੋ ਕੁੱਝ ਵੀ ਤੁਸੀਂ ਇਸ ਸੰਸਾਰ ਤੋਂ ਪ੍ਰਾਪਤ ਕੀਤਾ ਹੈ, ਉਹ ਸਭ ਕੁੱਝ ਤੁਹਾਡੇ ਤੋਂ ਖੋਹ ਲਿਆ ਜਾਵੇਗਾ। ਬਹੁਤ ਸਾਰੇ ਮਨੁੱਖਾਂ ਦੇ ਕੋਲੋਂ ਜਿਉਂਦੇ-ਜੀ ਖੋਹ ਲਿਆ ਜਾਂਦਾ ਹੈ, ਬਾਕੀਆਂ ਦੇ ਕੋਲੋਂ ਮਰਨ ਤੋਂ ਬਾਅਦ।

ਜਿਸ ਵੀ ਮਨੁੱਖ ਨੇ ਆਪਣੇ ਸਰੀਰ ਅੰਦਰ ਪਰਮਾਤਮਾ ਰੂਪੀ ਮੰਡਲ ਦੀ ਭਾਲ ਕਰ ਲਈ ਹੈ, ਉਹ ਮਨੁੱਖ ਜਿਉਂਦੇ-ਜੀ ਪ੍ਰਕਿਰਤੀ ਦੇ ਸਾਰੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਜਦੋਂ ਸਾਧਕ ਆਪਣੇ ਜੀਵਨ ਦੀ ਕਿਸ਼ਤੀ ਨੂੰ ਪਰਮਾਤਮਾ ਰੂਪੀ ਸਾਗਰ ਦੇ ਵਿਚ ਠੇਲ੍ਹ ਦੇਂਦਾ ਹੈ, ਬਿਨਾਂ ਕਿਸੇ ਅੰਜਾਮ ਦੀ ਪਰਵਾਹ ਕੀਤੇ ਤਾਂ ਉਸ ਮਨੁੱਖ ਨੇ ਮੁਕਤ ਹੋ ਜਾਣਾ ਹੈ। ਪਰਮਾਤਮਾ ਬਹੁਤ ਵਿਸ਼ਾਲ ਹੈ ਜੇਕਰ ਅਸੀਂ ਉਸ ਨੂੰ ਆਪਣੀ ਨਿੱਕੀ ਜਿਹੀ ਬੁੱਧੀ ਦੇ ਨਾਲ ਲੱਭਣ ਦੀ ਕੋਸ਼ਿਸ਼ ਵੀ ਕਰਦੇ ਹਾਂ ਤਾਂ ਬਹੁਤ ਸਮਾਂ ਲੱਗ ਜਾਵੇਗਾ। ਜੋ ਮਛਲੀ ਸਮੁੰਦਰ ਦੇ ਅੰਦਰ ਰਹਿੰਦੀ ਹੈ ਜੇਕਰ ਉਹ ਸਮੁੰਦਰ ਦੀ ਭਾਲ ਕਰਨ ਲੱਗ ਜਾਵੇ ਤਾਂ ਉਸ ਮਛਲੀ ਦੀ ਭਟਕਣਾ ਵੱਧਦੀ ਹੀ ਜਾਵੇਗੀ ਕਿਉਂਕਿ

ਉਹ ਸਮੁੰਦਰ ਦੇ ਅੰਦਰ ਹੀ ਹੈ। ਇਸੇ ਹੀ ਤਰ੍ਹਾਂ ਅਸੀਂ ਵੀ ਪਰਮਾਤਮਾ ਦੇ ਅੰਦਰ ਹੀ ਹਾਂ, ਉਸ ਨੂੰ ਕਿਸੇ ਹੋਰ ਜਗ੍ਹਾ ਉੱਪਰ ਲੱਭਣ ਤੋਂ ਭਾਵ ਹੈ ਕਿ ਮਨ ਦੀ ਸ਼ਾਂਤ ਝੀਲ ਉੱਪਰ ਵਿਚਾਰਾਂ ਦੀਆਂ ਹੋਰ ਲਹਿਰਾਂ ਨੂੰ ਆਪ ਪੈਦਾ ਕਰ ਦੇਣਾ, ਇਨ੍ਹਾਂ ਵਿਚਾਰਾਂ ਦੀਆਂ ਲਹਿਰਾਂ ਦੇ ਕਾਰਨ ਹੀ ਸਾਨੂੰ ਪਰਮਾਤਮਾ ਦਿਖਾਈ ਨਹੀਂ ਦਿੰਦਾ।

ਧਰਮ ਦੀ ਯਾਤਰਾ ਬਹੁਤ ਹੀ ਵਿਲੱਖਣ ਹੈ, ਇਸ ਦੇ ਆਪਣੇ ਢੰਗ ਅਤੇ ਆਪਣੇ ਹੀ ਰਸਤੇ ਹਨ। ਹਰ ਇੱਕ ਮਨੁੱਖ ਨੂੰ ਇਹ ਯਾਤਰਾ ਇਕੱਲੇ ਹੀ ਪੂਰੀ ਕਰਨੀ ਪੈਣੀ ਹੈ। ਇਸ ਸਫ਼ਰ ਦੇ ਉੱਪਰ ਇੱਕ ਮਨੁੱਖ ਦੂਜੇ ਮਨੁੱਖ ਨੂੰ ਆਪਣੇ ਨਾਲ ਨਹੀਂ ਲੈ ਕੇ ਜਾ ਸਕਦਾ। ਪਰਮ ਸੱਤਾ ਨਾ ਤਾਂ ਸਥੂਲ ਹੈ ਅਤੇ ਨਾ ਹੀ ਸੂਖਮ ਹੈ। ਚੇਤਨਾ ਸ਼ਕਤੀ ਜਦੋਂ ਵਿਚਾਰਾਂ ਤੋਂ ਮੁਕਤ ਹੋ ਜਾਵੇਗੀ ਤਾਂ ਆਤਮਾ ਉਸ ਪਰਮ ਮੰਡਲ ਨੂੰ ਅਨੁਭਵ ਕਰ ਲੈਂਦੀ ਹੈ, ਜਿਸ ਦੇ ਅੰਦਰੋਂ ਸਭ ਕੁੱਝ ਆ ਰਿਹਾ ਹੈ ਅਤੇ ਇੱਕ ਸਮਾਂ ਆਵੇਗਾ ਜਦੋਂ ਸਾਰੇ ਜਗਤ ਨੇ ਉਸ ਦੇ ਅੰਦਰ ਹੀ ਸਮਾ ਜਾਣਾ ਹੈ।

ਜੋ ਵੀ ਮਨੁੱਖ ਪਰਮਾਤਮਾ ਨੂੰ ਮਿਲਣਾ ਚਾਹੁੰਦਾ ਹੈ ਤਾਂ ਫਿਰ ਕਿਸੇ ਹੋਰ ਦੀ ਉਂਗਲੀ ਫੜੀ ਕੰਮ ਨਹੀਂ ਆਵੇਗੀ। ਇਹ ਬਿਖਮ ਅਤੇ ਹਨੇਰੇ ਵਾਲਾ ਰਸਤਾ ਹੈ। ਜਿਸ 'ਤੇ ਮਨੁੱਖ ਨੂੰ ਇਕੱਲੇ ਹੀ ਜਾਣਾ ਪਵੇਗਾ। ਇਸ ਬੇਹੋਸ਼ੀ ਵਾਲੀ ਨੀਂਦਰ ਨੂੰ ਹਰ ਇੱਕ ਮਨੁੱਖ ਆਪ ਹੀ ਤੋੜ ਸਕਦਾ ਹੈ। ਕਿਸੇ ਹੋਰ ਦਾ ਨਹੀਂ ਬਲਕਿ ਆਪਣੇ ਆਪ ਦਾ ਹੀ ਧਿਆਨ ਕਰਨਾ ਹੈ। ਸਾਡੇ ਅੰਦਰ ਹੀ ਉਹ ਪਰਮ ਸ਼ਕਤੀ ਪ੍ਰਤੱਖ ਰੂਪ ਦੇ ਵਿਚ ਮੌਜੂਦ ਹੈ ਜਿਸ ਨੂੰ ਤੁਸੀਂ ਇੱਕ ਨਾ ਇੱਕ ਦਿਨ ਆਪ ਖ਼ੁਦ ਦੇਖ ਲਵੋਂਗੇ। ਆਪਣੇ ਆਪ ਨੂੰ ਮਿਲਣ ਲਈ ਕੋਈ ਦੂਜਾ ਸਾਡੀ ਕੀ ਮਦਦ ਕਰ ਸਕਦਾ ਹੈ। ਜੇਕਰ ਕੋਈ ਤੁਹਾਨੂੰ ਇਹ ਭਰਮ ਪਾ ਰਿਹਾ ਹੈ ਕਿ ਤੁਹਾਡੇ ਅਤੇ ਪਾਰਬ੍ਰਹਮ ਦੇ ਵਿਚ ਕੋਈ ਭੇਦ ਜਾਂ ਫ਼ਰਕ ਹੈ ਤਾਂ ਇਸ ਮਨੁੱਖ ਨੇ ਤੁਹਾਨੂੰ ਗੁਮਰਾਹ ਕਰ ਦੇਣਾ ਹੈ। ਆਪਣੀ ਜ਼ਿੰਦਗੀ ਦੇ ਸਾਰੇ ਕਾਰਜ ਕਿਸੇ ਹੋਰ ਤੋਂ ਕਰਵਾ ਲੈਣਾ, ਪਰ ਪਾਰਬ੍ਰਹਮ ਨੂੰ ਆਪ ਖ਼ੁਦ ਲੱਭਣ ਤੋਂ ਬਾਅਦ ਹੀ, ਉਸ ਸ਼ਕਤੀ ਦੀ ਹੋਂਦ ਨੂੰ ਸਵੀਕਾਰ ਕਰਨਾ ਹੈ। ਅੱਜ ਤੱਕ ਨਾ ਤਾਂ ਕੋਈ ਮਨੁੱਖ ਦੂਜੇ ਨੂੰ ਆਤਮ ਗਿਆਨ ਕਰਵਾ ਸਕਿਆ ਹੈ ਅਤੇ ਨਾ ਹੀ ਅੱਗੇ ਚੱਲ ਕੇ ਕਰਵਾ ਸਕੇਗਾ। ਜੀਵ ਆਤਮਾ ਪਰਮਾਤਮਾ ਦੇ ਵਿਛੋੜੇ ਨੂੰ ਸੰਸਾਰਿਕ ਪਦਾਰਥਾਂ ਦੇ ਨਾਲ ਤ੍ਰਿਪਤ ਕਰਨਾ ਚਾਹੁੰਦੀ ਹੈ। ਪਦਾਰਥ ਨੂੰ ਪ੍ਰਾਪਤ ਕਰਨ ਦੇ ਲਈ ਸੁਰਤੀ ਨੂੰ ਬਾਹਰ ਵੱਲ ਨੂੰ ਗਤੀ ਕਰਨੀ ਪੈਂਦੀ ਹੈ, ਜਦਕਿ ਪਰਮਾਤਮਾ ਸਾਡੇ ਸਰੀਰ ਦੇ ਅੰਦਰ ਹੈ। ਬਾਹਰ ਵੱਲ ਨੂੰ ਕੀਤੀ ਗਈ ਕੋਈ ਵੀ ਗਤੀ ਤੁਹਾਨੂੰ ਪਰਮਾਤਮਾ ਤੋਂ ਹੋਰ ਜ਼ਿਆਦਾ ਦੂਰ ਲੈ ਜਾਵੇਗੀ। ਜਿਸ ਮਨੁੱਖ ਨੇ ਆਪਣੇ ਅੰਦਰ ਵਾਲੇ ਪਰਮਾਤਮਾ ਨੂੰ ਜਾਣ ਲਿਆ ਹੈ, ਉਸ ਮਨੁੱਖ ਨੂੰ ਬ੍ਰਹਿਮੰਡ ਦੇ ਕਣ ਕਣ ਅੰਦਰ ਪਰਮਾਤਮਾ ਹੀ ਦਿਖਾਈ ਦੇਵੇਗਾ। ਜਪ ਤਪ ਦੀ ਸਾਰੀ ਸਾਧਨਾ ਇੱਕ ਸਰੀਰਕ ਸਾਧਨਾ ਹੈ ਜਿਸ ਦੇ ਵਿੱਚੋਂ ਦੀ ਹਰ ਇੱਕ ਮਨੁੱਖ ਨੂੰ ਆਪ ਹੀ ਲੰਘਣਾ ਪੈਂਦਾ ਹੈ ਤਾਂ ਹੀ ਕੁੱਝ ਗੱਲ ਬਣ ਸਕਦੀ ਹੈ।

ਗੁਣ ਅਤੇ ਅਵਗੁਣ ਆਤਮਾ ਦੇ ਹਨ

ਜਦੋਂ ਸਾਧਕ ਦਾ ਮਨ ਪਰਮ ਆਕਾਸ਼ ਦੇ ਵਿਚ ਮਗਨ ਹੋ ਜਾਂਦਾ ਹੈ ਤਾਂ ਉਸ ਅਖੰਡ ਅਵਸਥਾ ਵਿਚ ਉਸ ਦੇ ਸਾਰੇ ਕਲੇਸ਼ ਅਤੇ ਪਾਪ ਨਸ਼ਟ ਹੋ ਜਾਂਦੇ ਹਨ। ਇਸ ਅਵਸਥਾ ਵਿਚ ਸਾਧਕ ਦਾ ਮਨ ਬ੍ਰਹਮ ਦੀ ਸ਼ਾਂਤੀ ਨੂੰ ਅਨੁਭਵ ਕਰਦਾ ਹੋਇਆ, ਮੌਨ ਹੋਣ ਤੋਂ ਬਾਅਦ ਬ੍ਰਹਮ ਦੇ ਵਿਚ ਲੀਨ ਹੋ ਜਾਂਦਾ ਹੈ।

ਆਤਮਾ ਦੇ ਬਿਮਾਰ ਹੋਣ ਦੀਆਂ ਨਿਸ਼ਾਨੀਆਂ ਹਨ—ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਇਹ ਪੰਜੇ ਪਰਛਾਵੇਂ ਮਨੁੱਖ ਨੂੰ ਇਹ ਸੁਨੇਹਾ ਦੇਂਦੇ ਹਨ ਕਿ ਤੇਰੇ ਸਰੀਰ ਅੰਦਰ ਜੋ ਆਤਮਾ ਹੈ ਉਹ ਮਲੀਨ ਹੈ ਜਾਂ ਬਿਮਾਰ ਹੈ। ਜੋ ਵੀ ਮਨੁੱਖ ਇਨ੍ਹਾਂ ਪੰਜਾਂ ਔਗੁਣਾਂ ਦੇ ਨਾਲ ਸਿੱਧਾ ਲੜਨ ਦੀ ਕੋਸ਼ਿਸ਼ ਕਰੇਗਾ, ਉਸ ਦੇ ਲਈ ਇਨ੍ਹਾਂ ਪੰਜਾਂ ਤੋਂ ਜਿੱਤ ਪਾਉਣਾ ਬਹੁਤ ਮੁਸ਼ਕਲ ਹੈ। ਜਦੋਂ ਸਰੀਰ ਅੰਦਰ ਕਿਸੇ ਬਿਮਾਰੀ ਦੇ ਜਰਾਸੀਮ ਪੈਦਾ ਹੋ ਜਾਂਦੇ ਹਨ ਤਾਂ ਸਰੀਰ ਬਿਮਾਰੀ ਦਾ ਸੁਨੇਹਾ ਬੁਖ਼ਾਰ, ਖ਼ਾਂਸੀ ਜਾਂ ਕਿਸੇ ਹੋਰ ਅਲਾਮਤ ਦੇ ਰਾਹੀਂ ਮਨੁੱਖ ਨੂੰ ਭੇਜਦਾ ਹੈ। ਮੇਰੇ ਅੰਦਰ ਕੋਈ ਇਸ ਤਰ੍ਹਾਂ ਦੀ ਬਿਮਾਰੀ ਪੈਦਾ ਹੋ ਰਹੀ ਹੈ ਜਿਸ ਦੇ ਨਾਲ ਮੈਂ ਲੜਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਤੁਸੀਂ ਵੀ ਬਾਹਰੋਂ ਕੁੱਝ ਮਦਦ ਕਰੋ। ਬਿਲਕੁਲ ਇਸੇ ਹੀ ਤਰ੍ਹਾਂ ਇਹ ਪੰਜੇ ਔਗੁਣ ਮਨੁੱਖ ਨੂੰ ਆਤਮਾ ਦੀ ਸਥਿਤੀ ਬਾਰੇ ਜਾਣੂ ਕਰਵਾਉਂਦੇ ਹਨ। ਧਿਆਨ ਸਿਮਰਨ ਦੀ ਸਾਧਨਾ ਇੱਕ ਦਵਾਈ ਹੈ ਜਿਸ ਨੂੰ ਹਰ ਦਿਨ ਖਾਣ ਦੇ ਨਾਲ ਆਤਮਾ ਨਿਰਮਲ ਹੋਈ ਜਾਂਦੀ ਹੈ। ਨਿਰਮਲ ਆਤਮਾ ਦੇ ਅੰਦਰੋਂ ਔਗੁਣ ਆਪਣੇ ਆਪ ਅਲੋਪ ਹੋ ਜਾਂਦੇ ਹਨ। ਜਦੋਂ ਸਹੀ ਦਵਾਈ ਮਰੀਜ਼ ਦੇ ਸਰੀਰ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਮਰੀਜ਼ ਨੂੰ ਆਪਣੀ ਬਿਮਾਰੀ ਨੂੰ ਛੱਡਣ ਦੀ ਲੋੜ ਨਹੀਂ ਪੈਂਦੀ, ਬਲਕਿ ਦਵਾਈ ਦਾ ਕੰਮ ਹੈ ਬਿਮਾਰੀ ਨੂੰ ਸਰੀਰ ਦੇ ਨਾਲੋਂ ਆਪ ਅਲੱਗ ਕਰ ਦੇਣਾ। ਜਿਸ ਮਨੁੱਖ ਦੇ ਅੰਦਰ ਇਨ੍ਹਾਂ ਪੰਜਾਂ ਔਗੁਣਾਂ ਦੇ ਵਿੱਚੋਂ ਕੋਈ ਇੱਕ ਵੀ ਔਗੁਣ ਮੌਜੂਦ ਹੈ, ਉਹ ਮਨੁੱਖ ਜਿੰਨੀ ਮਰਜ਼ੀ ਕੋਸ਼ਿਸ਼ ਕਰ ਕੇ ਦੇਖ ਲਵੇ, ਇਹ ਮਨੁੱਖ ਇਨ੍ਹਾਂ ਔਗੁਣਾਂ ਨੂੰ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਦੇ ਵਿਚ ਪ੍ਰਗਟ ਹੋਣ ਤੋਂ ਰੋਕ ਨਹੀਂ ਸਕਦਾ। ਮੰਨ ਲਵੋ ਜੇਕਰ ਮਨੁੱਖ ਨੇ ਕਿਸੇ ਵੀ ਤਰੀਕੇ ਨਾਲ ਆਪਣੇ ਅੰਦਰ ਵਾਲੇ ਔਗੁਣਾਂ ਨੂੰ ਬਾਹਰ ਪ੍ਰਗਟ ਹੋਣ ਤੋਂ ਰੋਕ ਵੀ ਲਿਆ ਹੈ ਤਾਂ ਵੀ ਇਸ ਔਗੁਣ ਨੇ ਉਸ ਮਨੁੱਖ ਦੀ ਆਤਮਾ ਦੇ ਅੰਦਰ ਹੀ ਰਹਿਣਾ ਹੈ। ਇਸ ਤਰ੍ਹਾਂ ਕਿਰਿਆ ਕਰਨ ਦੇ ਨਾਲ ਕਿਸੇ ਵੀ ਔਗੁਣਾਂ ਤੋਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਜੋ ਮਨੁੱਖ ਆਪਣੇ ਸਰੀਰ ਅੰਦਰ ਪੈਦਾ ਹੋ ਰਹੀ ਬਿਮਾਰੀ ਦੇ ਵੱਲ ਧਿਆਨ ਨਹੀਂ ਦੇਂਦਾ, ਇਸ ਲਾਪਰਵਾਹੀ ਦੇ ਕਾਰਨ ਬਿਮਾਰੀ ਦੀ ਪਕੜ

ਉਸ ਮਨੁੱਖ ਦੇ ਸਰੀਰ ਉੱਪਰ ਦਿਨ-ਬਦਿਨ ਵੱਧਦੀ ਹੀ ਜਾਵੇਗੀ। ਜਿਸ ਦੇ ਨਾਲ ਭਵਿੱਖ ਵਿਚ ਇਸ ਬਿਮਾਰੀ ਨੂੰ ਠੀਕ ਕਰਨਾ ਹੋਰ ਮੁਸ਼ਕਲ ਹੋਵੇਗਾ।

ਧਾਰਮਿਕ ਪ੍ਰਚਾਰਕ ਚੰਗੇ ਚਰਿੱਤਰ ਨੂੰ ਸਾਧਨ ਦਾ ਪ੍ਰਚਾਰ ਸਦੀਆਂ ਤੋਂ ਕਰਦੇ ਆ ਰਹੇ ਹਨ। ਜਿੰਨੀ ਭੀੜ ਅੱਜ ਸਾਨੂੰ ਧਾਰਮਿਕ ਅਸਥਾਨਾਂ ਅਤੇ ਡੇਰਿਆਂ ਦੇ ਉੱਪਰ ਦੇਖਣ ਨੂੰ ਮਿਲਦੀ ਹੈ, ਜੇਕਰ ਇਨ੍ਹਾਂ ਪ੍ਰਚਾਰਕਾਂ ਦੇ ਦੁਆਰਾ ਦੱਸੀਆਂ ਜਾ ਰਹੀਆਂ ਚੰਗੀਆਂ ਗੱਲਾਂ ਨੂੰ ਸੁਣਨ ਦੇ ਨਾਲ ਕੁੱਝ ਗੱਲ ਬਣ ਜਾਂਦੀ ਤਾਂ ਧਰਤੀ ਦੇ ਉੱਪਰ ਕਦੋਂ ਦਾ ਸਵਰਗ ਬਣ ਜਾਣਾ ਸੀ। ਅੱਜ ਲੋੜ ਹੈ ਹਰ ਇੱਕ ਮਨੁੱਖ ਨੂੰ ਆਪਣੇ ਜੀਵਨ ਦੇ ਉੱਪਰ ਖ਼ੁਦ ਝਾਤੀ ਮਾਰਨ ਦੀ ਤਾਂ ਜੋ ਇਸ ਗੱਲ ਦਾ ਪਤਾ ਲੱਗ ਜਾਵੇ ਕਿ ਉਹ ਜੋ ਵੀ ਕੁੱਝ ਕਰ ਰਿਹਾ ਹੈ ਉਸ ਦੇ ਨਾਲ ਅੰਦਰ ਕੋਈ ਅਧਿਆਤਮਿਕ ਅਵਸਥਾ ਵਿਚ ਕੋਈ ਤਰੱਕੀ ਹੋ ਰਹੀ ਹੈ ਜਾਂ ਨਹੀਂ? ਸੱਚ ਬੋਲੋ, ਝੂਠ ਨਾ ਬੋਲੋ, ਮਿਹਨਤ ਕਰੋ, ਇਨ੍ਹਾਂ ਗੱਲਾਂ ਦੇ ਬਾਰੇ ਤਾਂ ਹਰ ਇੱਕ ਮਨੁੱਖ ਨੂੰ ਪਤਾ ਹੈ। ਆਮ ਤੌਰ ’ਤੇ ਲੋਕ ਹਮੇਸ਼ਾ ਇਹ ਕਹਿੰਦੇ ਹਨ ਕਿ ਪੁਰਾਣਾ ਸਮਾਂ ਬਹੁਤ ਚੰਗਾ ਸੀ, ਲੋਕ ਬਹੁਤ ਇਮਾਨਦਾਰ ਸਨ। ਪੁਰਾਤਨ ਹਿੰਦੂ ਧਰਮ, ਬੁੱਧ ਧਰਮ ਜਾਂ ਜੈਨ ਧਰਮ, ਮਹਾਤਮਾ ਬੁੱਧ ਜਾਂ ਮਹਾਂਵੀਰ ਆਪਣੀ ਸਾਰੀ ਜ਼ਿੰਦਗੀ ਇਹ ਪ੍ਰਚਾਰ ਕਰਦੇ ਰਹੇ ਹਨ ਕਿ ਚੋਰੀ ਨਾ ਕਰੋ, ਸੱਚ ਬੋਲੋ, ਪਰਾਈ ਇਸਤਰੀ ਦੇ ਉੱਪਰ ਬੁਰੀ ਨਜ਼ਰ ਨਾ ਰੱਖੋ। ਜੇਕਰ ਪੁਰਾਣੇ ਸਮੇਂ ਵਿਚ ਮਨੁੱਖ ਇਮਾਨਦਾਰ ਸੀ ਤਾਂ ਇਹ ਲੋਕ ਕਿਸ ਨੂੰ ਇਨ੍ਹਾਂ ਗੱਲਾਂ ਦਾ ਪ੍ਰਚਾਰ ਕਰੀ ਜਾ ਰਹੇ ਸਨ ?

ਸਕੂਲਾਂ ਵਿਚ ਛੋਟੇ ਬੱਚਿਆਂ ਤੋਂ ਇਹ ਸਭ ਗੱਲਾਂ ਦੱਸਣੀਆਂ ਸ਼ੁਰੂ ਹੋ ਜਾਂਦੀਆਂ ਹਨ। ਹਰ ਜਗ੍ਹਾ ਰੌਲਾ ਹੈ, ਚੰਗੇ ਬਣੋ। ਜੇਕਰ ਇਸ ਤਰ੍ਹਾਂ ਚੰਗਾ ਬਣਿਆ ਜਾ ਸਕਦਾ ਤਾਂ ਉਸ ਦਾ ਕੁੱਝ ਪ੍ਰਨਾਮ ਤਾਂ ਦੇਖਣ ਨੂੰ ਮਿਲਣਾ ਚਾਹੀਦਾ ਸੀ? ਹੁਣ ਇੱਕ ਸੰਤ ਕਹਿੰਦਾ ਹੈ ਕਿ ਮੈਂ ਮਾਇਆ ਨੂੰ ਸਾਰੀ ਜ਼ਿੰਦਗੀ ਹੱਥ ਨਹੀਂ ਲਗਾਇਆ। ਦੂਜਾ ਕਹਿੰਦਾ ਹੈ ਕਿ ਮੈਂ ਬ੍ਰਹਮਚਾਰੀ ਹਾਂ, ਮੈਂ ਕਿਸੇ ਔਰਤ ਨੂੰ ਸਪਰਸ਼ ਨਹੀਂ ਕੀਤਾ। ਤੀਜਾ ਕਹਿੰਦਾ ਹੈ ਕਿ ਮੈਂ ਘਰ ਬਾਹਰ ਦਾ ਤਿਆਗ ਕਰ ਦਿੱਤਾ ਹੈ। ਲੋਕ ਇਨ੍ਹਾਂ ਢੌਂਗੀਆਂ ਨੂੰ ਤਿਆਗੀ ਸਮਝੀ ਜਾ ਰਹੇ ਹਨ। ਜੇਕਰ ਤੁਹਾਨੂੰ ਸੱਚਮੁੱਚ ਆਤਮ ਗਿਆਨ ਦੀ ਪ੍ਰਾਪਤੀ ਹੋ ਗਈ ਹੈ ਤਾਂ ਫਿਰ ਇਹ ਸਭ ਢੌਂਗ ਕਰਨ ਦੀ ਕੋਈ ਲੋੜ ਨਹੀਂ। ਆਤਮ ਗਿਆਨ ਤੋਂ ਭਾਵ ਹੈ ਕਮਲ ਦੇ ਫੁੱਲ ਵਾਲੀ ਅਵਸਥਾ। ਕਦੇ ਤੁਸੀਂ ਸੁਣਿਆ ਹੈ ਕਿ ਕੋਈ ਕਮਲ ਦਾ ਫੁੱਲ ਗੰਦੇ ਚਿੱਕੜ ਤੋਂ ਦੂਰ ਭੱਜਣ ਦੀ ਗੱਲ ਕਰ ਰਿਹਾ ਹੋਵੇ। ਇਹ ਸਾਰੇ ਮਾਨਸਿਕ ਬਿਮਾਰ ਮਨੁੱਖ ਹਨ ਜਿਨ੍ਹਾਂ ਨੂੰ ਤੁਸੀਂ ਲੋਕ ‘ਸੰਤ’ ਜਾਂ ‘ਬਾਬੇ’ ਸਮਝੀ ਜਾ ਰਹੇ ਹੋ। ਜੇਕਰ ਹੋ ਸਕੇ ਤਾਂ ਇਨ੍ਹਾਂ ਸਾਰਿਆਂ ਦੇ ਦਿਮਾਗ਼ ਦਾ ਇਲਾਜ ਕਰਨ ਦੀ ਜ਼ਰੂਰਤ ਹੈ। ਇਹ ਲੋਕ ਔਗੁਣ ਨੂੰ ਬਾਹਰ ਪ੍ਰਗਟ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਉਸ ਔਗੁਣ ਰੂਪੀ ਵਿਚਾਰ ਦਾ ਕੀ ਕਰਾਂਗੇ, ਜੋ ਅਚੇਤ ਮਨ ਦੇ ਅੰਦਰੋਂ ਬਾਰ ਬਾਰ ਬਾਹਰ ਆਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ।

ਕਿਸੇ ਵੀ ਕੌਮ ਨੂੰ ਆਪਣੇ ਇਤਿਹਾਸ ਦੇ ਬਾਰੇ ਜਾਣਕਾਰੀ ਰੱਖਣੀ ਚਾਹੀਦੀ ਹੈ, ਵਧੀਆ ਗੱਲ ਹੈ। ਕਦੇ ਕਦਾਈਂ ਪੜ੍ਹ ਲੈਣਾ ਚਾਹੀਦਾ ਹੈ। ਇਤਿਹਾਸ ਨੂੰ ਪੜ੍ਹਨ

ਨਾਲ ਮਨੁੱਖ ਨੂੰ ਆਪਣੇ ਪਿਛੋਕੜ ਦਾ ਪਤਾ ਲੱਗ ਜਾਂਦਾ ਹੈ। ਇਸ ਗੱਲ ਦਾ ਵੀ ਧਿਆਨ ਰੱਖਣਾ ਜ਼ਰੂਰੀ ਹੈ ਕਿ ਕਿਸੇ ਹੋਰ ਦੇ ਇਤਿਹਾਸ ਨੂੰ ਪੜ੍ਹ ਲੈਣ ਦੇ ਨਾਲ ਤੁਹਾਨੂੰ ਉਸ ਦੀ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ। ਭੂਤ ਕਾਲ ਦੇ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ ਵਰਤਮਾਨ ਕਾਲ। ਇਸ ਕਾਲ ਦੇ ਵਿਚ ਹੀ ਮਨੁੱਖਾ ਜੀਵਨ ਦੀ ਬੁਨਿਆਦ ਰੱਖੀ ਜਾਣੀ ਹੈ। ਕਈ ਸਦੀਆਂ ਤੋਂ ਚੰਗੀਆਂ ਗੱਲਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਅੱਜ ਵੀ ਹੋ ਰਿਹਾ ਹੈ। ਪਰ ਮਨੁੱਖ ਇਨ੍ਹਾਂ ਸਾਰੀਆਂ ਗੱਲਾਂ ਨੂੰ ਜਾਣਨ ਦੇ ਬਾਵਜੂਦ ਵੀ ਏਦਾਂ ਦੇ ਕਰਮ ਕਿਉਂ ਕਰਦਾ ਹੈ ? ਜੇਕਰ ਚੰਗੀਆਂ ਗੱਲਾਂ ਨੂੰ ਪੜ੍ਹ ਲੈਣ ਨਾਲ ਜਾਂ ਸੁਣਨ ਨਾਲ ਮਨੁੱਖ ਨੂੰ ਆਪਣੇ ਔਗੁਣਾਂ ਤੋਂ ਛੁਟਕਾਰਾ ਮਿਲ ਜਾਂਦਾ ਤਾਂ ਅੱਜ ਸਾਨੂੰ ਹਰ ਇੱਕ ਘਰ ਦੇ ਵਿਚ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਮਨੁੱਖ ਮਿਲ ਜਾਣਾ ਸੀ। ਆਤਮਿਕ ਪ੍ਰਕਾਸ਼ ਜਦੋਂ ਵੀ ਕਾਰਨ ਸਰੀਰ ਦੇ ਅੰਦਰੋਂ ਸੰਸਕਾਰ ਦੇ ਬੀਜਾਂ ਨੂੰ ਭਸਮ ਕਰ ਦੇਂਦਾ ਹੈ, ਉਸ ਤੋਂ ਬਾਅਦ ਹੀ ਮਨੁੱਖ ਦੇ ਮਨ ਅਤੇ ਆਤਮਾ ਨੂੰ ਸਾਰੀਆਂ ਬੁਰਾਈਆਂ ਤੋਂ ਆਪਣੇ ਆਪ ਮੁਕਤੀ ਮਿਲ ਜਾਂਦੀ ਹੈ।

ਕਈ ਵਾਰ ਜੰਗਲੀ ਘਾਹ ਖ਼ੂਬਸੂਰਤ ਫੁੱਲਾਂ ਦੇ ਪੌਦੇ ਨੂੰ ਆਪਣੇ ਨਾਲ ਨੱਪ ਲੈਂਦਾ ਹੈ, ਜਿਸ ਕਾਰਨ ਪੌਦੇ ਦਾ ਓਨਾ ਵਿਕਾਸ ਨਹੀਂ ਹੁੰਦਾ ਜਿੰਨਾ ਹੋ ਸਕਦਾ ਸੀ। ਜਦੋਂ ਵੀ ਪੌਦੇ ਦੀਆਂ ਜੜ੍ਹਾਂ ਨਾਲੋਂ ਫ਼ਾਲਤੂ ਦੇ ਉੱਗੇ ਘਾਹ ਨੂੰ ਅਲੱਗ ਕਰ ਦਿੱਤਾ ਗਿਆ ਤਾਂ ਕੁੱਝ ਹੀ ਸਮੇਂ ਬਾਅਦ ਉਸ ਪੌਦੇ ਨੂੰ ਆਪਣੀ ਗਵਾਚੀ ਸ਼ਕਤੀ ਦੁਬਾਰਾ ਵਾਪਸ ਪ੍ਰਾਪਤ ਹੋ ਜਾਵੇਗੀ। ਚੰਗੇ ਗੁਣ ਆਤਮਾ ਦੇ ਅੰਦਰੋਂ ਪੈਦਾ ਹੁੰਦੇ ਹਨ, ਨਾ ਕਿ ਬਾਹਰੋਂ ਸਾਧਨ ਦੀ ਲੋੜ ਪੈਂਦੀ ਹੈ। ਬਾਹਰੋਂ ਔਗੁਣਾਂ ਦਾ ਤਿਆਗ ਕਰਨ ਦੇ ਨਾਲ ਆਤਮਾ ਦੇ ਅੰਦਰੋਂ ਬੁਰੇ ਔਗੁਣਾਂ ਦੇ ਸੰਸਕਾਰਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਬਾਹਰੋਂ ਸਾਧਿਆ ਜੀਵਨ ਦੇਖਣ ਦੇ ਵਿਚ ਭਾਵੇਂ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੋਵੇ, ਪਰ ਨਾ ਤਾਂ ਉਸ ਦੇ ਵਿਚ ਕੋਈ ਸਾਰ ਹੈ, ਨਾ ਹੀ ਇਸ ਮਨੁੱਖ ਦੇ ਅੰਦਰੋਂ ਸੁਗੰਧ ਪੈਦਾ ਹੋਵੇਗੀ। ਮਨੁੱਖ ਆਪਣੇ ਬਾਹਰੀ ਭੇਸ ਨੂੰ ਬਦਲ ਕੇ ਲੋਕਾਂ ਨੂੰ ਧੋਖਾ ਦੇ ਸਕਦਾ ਹੈ, ਪਰ ਇਸ ਤਰ੍ਹਾਂ ਪਰਮਾਤਮਾ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ। ਬਾਹਰੋਂ ਸਾਧੇ ਜੀਵਨ ਦੇ ਵਿਚ ਅਤੇ ਖ਼ੁਦ ਆਤਮ ਗਿਆਨ ਦੀ ਪ੍ਰਾਪਤੀ ਵਿਚ ਐਨਾ ਅੰਤਰ ਹੈ, ਜਿੰਨਾ ਨਕਲੀ ਅਤੇ ਅਸਲੀ ਫੁੱਲਾਂ ਦੇ ਵਿਚ ਅੰਤਰ ਹੁੰਦਾ ਹੈ।

ਸਮਾਜ ਚਾਹੁੰਦਾ ਹੈ ਕਿ ਮਨੁੱਖ ਬਾਹਰੋਂ ਚੰਗਾ ਹੋ ਜਾਵੇ, ਅੰਦਰੋਂ ਭਾਵੇਂ ਮਨੁੱਖ ਜਿੱਦਾਂ ਦਾ ਮਰਜ਼ੀ ਰਹੇ। ਇਸ ਗੱਲ ਦੇ ਨਾਲ ਸਮਾਜ ਨੂੰ ਕੋਈ ਫ਼ਰਕ ਨਹੀਂ ਪੈਂਦਾ, ਪਰ ਧਰਮ ਦੀ ਗੱਲ ਸਮਾਜ ਦੇ ਬਿਲਕੁਲ ਉਲਟ ਹੈ। ਧਰਮ ਚਾਹੁੰਦਾ ਹੈ ਮਨੁੱਖ ਨੇ ਆਪਣੇ ਆਪ ਨੂੰ ਅੰਦਰ ਸ਼ੁੱਧ ਕਰਨਾ ਹੈ, ਬਾਹਰ ਦਾ ਜੀਵਨ ਆਪਣੇ ਆਪ ਠੀਕ ਹੋ ਜਾਵੇਗਾ। ਹਰ ਇੱਕ ਮਨੁੱਖ ਆਪਣੇ ਅੰਦਰਲੇ ਜੰਗਲੀ ਜਾਨਵਰ ਦੇ ਨਾਲ ਲੜਦਾ ਹੋਇਆ ਆਪਣਾ ਸਾਰਾ ਜੀਵਨ ਬਤੀਤ ਕਰ ਦੇਂਦਾ ਹੈ। ਜੇਕਰ ਕੋਈ ਮਨੁੱਖ ਅਭਿਆਸ ਕਰਕੇ ਆਪਣੇ ਬਾਹਰਲੇ ਕਰਮਾਂ ਨੂੰ ਚੰਗਾ ਕਰ ਵੀ ਲੈਂਦਾ ਹੈ ਤਾਂ ਇਸ ਤਰ੍ਹਾਂ ਕਰਨ ਦੇ ਨਾਲ ਉਸ ਦਾ ਅੰਦਰਲਾ ਮਨੁੱਖ ਨਹੀਂ ਬਦਲੇਗਾ।

ਜਦੋਂ ਮਨੁੱਖ ਦਾ ਅੰਤਰਿਕ ਬਦਲ ਜਾਂਦਾ ਹੈ ਤਾਂ ਉਸ ਦੇ ਦੁਆਰਾ ਕੀਤੇ ਜਾ ਰਹੇ ਕਰਮ ਵੀ ਆਪਣੇ ਆਪ ਹੀ ਬਦਲ ਜਾਂਦੇ ਹਨ। ਜੋ ਮਨੁੱਖ ਖ਼ੁਦ ਆਪਣੇ ਅੰਦਰੋਂ ਖੋਜ ਕਰਦਾ ਹੈ ਤਾਂ ਹੀ ਧਾਰਮਿਕ ਜੀਵਨ ਦੇ ਵਿਚ ਕੁੱਝ ਗਤੀ ਹੋ ਸਕਦੀ ਹੈ। ਕੁੱਝ ਕਰਨਾ ਨਹੀਂ ਕੇਵਲ ਦੇਖਣਾ ਹੈ, ਆਪਣੇ ਆਪ ਨੂੰ ਆਪਣੇ ਨਾਲ ਬੈਠ ਕੇ ਅੰਦਰੋਂ ਦੇਖਣਾ ਹੈ। ਜੇਕਰ ਇਨ੍ਹਾਂ ਪੰਜਾਂ ਦੇ ਵਿੱਚੋਂ ਕੋਈ ਵੀ ਔਗੁਣ ਤੁਹਾਡੇ ਅੰਦਰ ਹੈ, ਉਸ ਨੂੰ ਸਵੀਕਾਰ ਕਰ ਲਵੋ, ਤੁਹਾਨੂੰ ਉਸ ਔਗੁਣ ਤੋਂ ਸਦਾ ਦੇ ਲਈ ਮੁਕਤੀ ਮਿਲ ਜਾਵੇਗੀ। ਕੇਵਲ ਸਵੀਕਾਰ ਕਰਨ ਦੇ ਨਾਲ ਹੀ ਮਨੁਖ ਦੇ ਜੀਵਨ ਵਿਚ ਆਪਣੇ ਆਪ ਪਰਿਵਰਤਨ ਆਉਣ ਲੱਗ ਜਾਂਦੇ ਹਨ। ਸਾਧਾਰਨ ਮਨੁੱਖ ਦਾ ਧਿਆਨ ਦੂਜੇ ਮਨੁੱਖਾਂ ਦੇ ਔਗੁਣਾਂ ਉੱਪਰ ਹੁੰਦਾ ਹੈ। ਇਹ ਮਨੁੱਖ ਦੂਜਿਆਂ ਦੀਆਂ ਬੁਰਾਈਆਂ ਦੇ ਬਾਰੇ ਦੂਜੇ ਲੋਕਾਂ ਦੇ ਕੋਲ ਜ਼ਿਕਰ ਕਰਦਾ ਹੈ, ਜਦਕਿ ਸਾਧਨਾ ਕਰਨ ਵਾਲੇ ਮਨੁੱਖ ਦਾ ਧਿਆਨ ਆਪਣੇ ਆਪ ਉੱਪਰ ਆਈ ਜਾਂਦਾ ਹੈ। ਜਿਨ੍ਹਾਂ ਔਗੁਣਾਂ ਦੇ ਕਾਰਨ ਅਸੀਂ ਦੂਜੇ ਮਨੁੱਖਾਂ ਦੀ ਬੁਰਾਈ ਕਰਦੇ ਹਾਂ, ਜਦੋਂ ਅਸੀਂ ਆਪਣੇ ਆਪ ਨੂੰ ਬਹੁਤ ਧਿਆਨ ਦੇ ਨਾਲ ਅੰਦਰੋਂ ਦੇਖਿਆ ਤਾਂ ਸਾਨੂੰ ਪਤਾ ਲੱਗੇਗਾ ਕਿ ਉਨ੍ਹਾਂ ਦੇ ਵਿੱਚੋਂ ਬਹੁਤ ਸਾਰੀਆਂ ਕਮੀਆਂ ਪੇਸ਼ੀਆਂ ਸਾਨੂੰ ਆਪਣੇ ਅੰਦਰ ਮਿਲ ਜਾਣੀਆਂ ਹਨ। ਮਨੁੱਖ ਨੂੰ ਹਮੇਸ਼ਾ ਦੂਜੇ ਦੇ ਵਿਚ ਬੁਰਾਈ ਅਤੇ ਆਪਣੇ ਆਪ ਵਿਚ ਚੰਗਿਆਈ ਨਜ਼ਰ ਆਉਂਦੀ ਹੈ। ਸਾਨੂੰ ਦੂਜਿਆਂ ਦੇ ਨਾਲੋਂ ਆਪਣੇ ਆਪ ਉੱਪਰ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਮਨੁੱਖ ਦੀ ਸਥਿਤੀ ਉਸ ਫਲ ਫ਼ਰੂਟ ਵੇਚਣ ਵਾਲੇ ਦੁਕਾਨਦਾਰ ਵਾਂਗੂੰ ਹੈ, ਜੋ ਚੰਗੇ ਫਲਾਂ ਦੇ ਥੱਲੇ ਗਲੇ ਸੜੇ ਫਲਾਂ ਨੂੰ ਛੁਪਾ ਕੇ ਰੱਖ ਲੈਂਦਾ ਹੈ। ਅਸੀਂ ਵੀ ਚੰਗੇ ਗੁਣਾਂ ਦੀ ਨੁਮਾਇਸ਼ ਕਰਦੇ ਹਾਂ ਅਤੇ ਆਪਣੇ ਔਗੁਣਾਂ ਨੂੰ ਦੂਜਿਆਂ ਤੋਂ ਲੁਕਾ ਕੇ ਰੱਖਦੇ ਹਾਂ। ਸਾਨੂੰ ਜਦੋਂ ਵੀ ਮੌਕਾ ਮਿਲ ਜਾਂਦਾ ਹੈ ਤਾਂ ਅਸੀਂ ਦੂਜਿਆਂ ਮਨੁੱਖਾਂ ਦੇ ਔਗੁਣਾਂ ਦੀ ਖੁੱਲ੍ਹ ਕੇ ਚਰਚਾ ਕਰਦੇ ਹਾਂ।

ਕਿਸੇ ਮਨੁੱਖ ਨੂੰ ਦੁਨੀਆਂ ਭਰ ਦੇ ਬੇਸ਼-ਕੀਮਤੀ ਖ਼ੁਸ਼ਬੂ ਵਾਲੇ ਅਤਰ ਮਿਲ ਜਾਣ, ਜਿਨ੍ਹਾਂ ਦੀ ਸੁਗੰਧ ਬਹੁਤ ਹੀ ਬੇਮਿਸਾਲ ਹੋਵੇ, ਪਰ ਜੇਕਰ ਉਸ ਮਨੁੱਖ ਦੇ ਕੋਲ ਇਨ੍ਹਾਂ ਅਤਰਾਂ ਨੂੰ ਸਾਂਭ ਕੇ ਰੱਖਣ ਵਾਸਤੇ ਕੋਈ ਬਰਤਨ ਨਾ ਹੋਵੇ ਤਾਂ ਕੀ ਇਹ ਮਨੁੱਖ ਉਨ੍ਹਾਂ ਬੇਸ਼-ਕੀਮਤੀ ਅਤਰਾਂ ਨੂੰ ਆਪਣੇ ਕੋਲ ਸਾਂਭ ਕੇ ਰੱਖ ਸਕੇਗਾ ?

ਹਰ ਇੱਕ ਮਨੁੱਖ ਦੇ ਉੱਪਰ ਅਨੰਦਮਈ ਅੰਮ੍ਰਿਤ ਦੀ ਵਰਖਾ ਹਰ ਪਲ ਹੋਈ ਜਾ ਰਹੀ ਹੈ, ਪਰ ਮਨ ਦੇ ਅੰਦਰ ਵਿਚਾਰਾਂ ਦੇ ਰੂਪ ਵਿਚ ਐਨੇ ਜ਼ਿਆਦਾ ਛੇਕ ਹਨ ਕਿ ਜਿਸ ਦੇ ਕਾਰਨ ਮਨੁੱਖ ਅਨੰਦਮਈ ਅੰਮ੍ਰਿਤ ਨੂੰ ਆਪਣੇ ਕੋਲ ਸਾਂਭ ਕੇ ਰੱਖਣ ਵਿਚ ਅਸਮਰੱਥ ਹੈ। ਜਿਸ ਬਰਤਨ ਦੇ ਥੱਲੇ ਵਿਚ ਛੇਕ ਹੀ ਛੇਕ ਹੋਣ, ਭਲਾ ਉਸ ਬਰਤਨ ਦੇ ਅੰਦਰ ਪਾਣੀ ਕਿਸ ਤਰ੍ਹਾਂ ਠਹਿਰ ਸਕਦਾ ਹੈ। ਜੋ ਮਨੁੱਖ ਆਪਣੇ ਅੰਦਰ ਚੰਗੇ ਗੁਣਾਂ ਨੂੰ ਸਾਂਭ ਕੇ ਰੱਖਣਾ ਚਾਹੁੰਦਾ ਹੈ, ਉਸ ਮਨੁੱਖ ਨੂੰ ਪਰਾਈ ਨਿੰਦਾ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਦੂਜਿਆਂ ਮਨੁੱਖਾਂ ਦੀ ਬੁਰਾਈ ਕੇਵਲ ਉਹੀ ਮਨੁੱਖ ਕਰਦੇ ਹਨ ਜੋ ਆਪਣੇ ਅੰਦਰੋਂ ਚੰਗੇ ਗੁਣਾਂ ਨੂੰ ਪੈਦਾ ਕਰਨ ਤੋਂ ਅਸਮਰੱਥ ਹਨ। ਜੋ ਮਨੁੱਖ ਆਪ ਅੱਗੇ ਨਹੀਂ ਵੱਧ ਸਕਦੇ, ਉਹ ਦੂਜਿਆਂ ਮਨੁੱਖਾਂ ਨੂੰ ਛੋਟਾ ਕਰਨ ਦੇ ਲਈ

ਉਨ੍ਹਾਂ ਦੇ ਉੱਪਰ ਚਿੱਕੜ ਸੁੱਟਦੇ ਹਨ। ਈਰਖਾਲੂ ਮਨੁੱਖ ਆਪ ਮਿਹਨਤ ਨਹੀਂ ਕਰਦਾ, ਪਰ ਦੂਜੇ ਮਨੁੱਖਾਂ ਦੀ ਤਰੱਕੀ ਨੂੰ ਦੇਖ ਕੇ ਪਰੇਸ਼ਾਨ ਹੁੰਦਾ ਰਹਿੰਦਾ ਹੈ।

ਸਮਾਧੀ ਦੇ ਰਾਹੀਂ ਜਦੋਂ ਕੋਈ ਮਨੁੱਖ ਪਰਮਾਤਮਾ ਰੂਪੀ ਬਾਗ਼ ਦੇ ਵਿਚ ਪਰਵੇਸ਼ ਕਰ ਜਾਂਦਾ ਹੈ ਤਾਂ ਉਸ ਮਨੁੱਖ ਦੀ ਆਤਮਾ ਦੇ ਅੰਦਰੋਂ ਚੰਗੇ ਗੁਣਾਂ ਦੀ ਖ਼ੁਸ਼ਬੂ ਆਪਣੇ ਆਪ ਆਉਣ ਲੱਗ ਜਾਂਦੀ ਹੈ। ਅਨੰਦ, ਸ਼ਾਂਤੀ, ਨਿਮਰਤਾ, ਸੱਚ ਬੋਲਣਾ ਅਤੇ ਸੁਣਨਾ, ਮਾਫ਼ ਕਰ ਦੇਣਾ, ਮਿਹਨਤ ਕਰਨੀ, ਲੋੜਵੰਦ ਲੋਕਾਂ ਦੀ ਮਦਦ ਕਰਨੀ; ਇਹ ਸਾਰੇ ਗੁਣ ਉਸ ਮਨੁੱਖ ਦੀ ਆਤਮਾ ਦੇ ਅੰਦਰੋਂ ਆਪਣੇ ਆਪ ਪ੍ਰਗਟ ਹੋ ਜਾਂਦੇ ਹਨ। ਜੇਕਰ ਸਾਧਨਾ ਕਰਨ ਵਾਲੇ ਮਨੁੱਖ ਨੂੰ ਆਪਣੇ ਅੰਦਰ ਚੰਗੇ ਗੁਣਾਂ ਨੂੰ ਲਿਆਉਣ ਦੇ ਲਈ ਕੋਸ਼ਿਸ਼ ਕਰਨੀ ਪੈ ਰਹੀ ਹੈ ਤਾਂ ਉਸ ਮਨੁੱਖ ਦੇ ਧਿਆਨ ਸਿਮਰਨ ਕਰਨ ਦੇ ਵਿਚ ਜ਼ਰੂਰ ਕੋਈ ਗੜਬੜੀ ਹੋ ਰਹੀ ਹੈ।

ਜੋ ਵੀ ਮਨੁੱਖ ਧਿਆਨ ਸਿਮਰਨ ਦੇ ਰਾਹੀਂ ਜਦੋਂ ਆਪਣੀ ਆਤਮਾ ਨੂੰ ਨਿਰਮਲ ਕਰਦਾ ਹੀ ਜਾਂਦਾ ਹੈ ਤਾਂ ਇਸ ਮਨੁੱਖ ਨੂੰ ਆਪਣੇ ਔਗੁਣਾਂ ਦਾ ਤਿਆਗ ਨਹੀਂ ਕਰਨਾ ਪੈਂਦਾ। ਮਨ ਅੰਦਰ ਪੂਰਾ ਪ੍ਰਕਾਸ਼ ਨਾ ਪਹੁੰਚਣ ਕਾਰਨ ਔਗੁਣ ਮਨੁੱਖ ਦੇ ਜੀਵਨ ਵਿਚ ਆਪਣੇ ਆਪ ਆ ਜਾਂਦੇ ਹਨ। ਜਿਸ ਤਰ੍ਹਾਂ ਫੁੱਲ ਅਤੇ ਫਲ ਪਹਿਲਾਂ ਪੌਦੇ ਦੀਆਂ ਜੜ੍ਹਾਂ ਅੰਦਰ ਪੈਦਾ ਹੁੰਦੇ ਹਨ, ਉਸ ਤੋਂ ਬਾਅਦ ਪੌਦਿਆਂ ਦੀਆਂ ਟਾਹਣੀਆਂ ਰਾਹੀਂ ਪ੍ਰਗਟ ਹੁੰਦੇ ਹਨ; ਇਸੇ ਹੀ ਤਰ੍ਹਾਂ ਆਤਮਾ ਦੇ ਪਵਿੱਤਰ ਹੋਣ ਨਾਲ, ਮਨੁੱਖ ਦੇ ਅੰਦਰ ਚੰਗੇ ਗੁਣ ਆਪਣੇ ਆਪ ਪੈਦਾ ਹੋ ਜਾਂਦੇ ਹਨ। ਜੇਕਰ ਹਨੇਰੇ ਨੂੰ ਦੂਰ ਕਰਨਾ ਹੈ ਤਾਂ ਕੇਵਲ ਪ੍ਰਕਾਸ਼ ਨੂੰ ਜਗਾਉਣ ਦੇ ਲਈ ਕੋਸ਼ਿਸ਼ ਕਰਨੀ ਹੈ। ਹਨੇਰੇ ਨੂੰ ਪ੍ਰਕਾਸ਼ ਤੋਂ ਬਿਨਾਂ ਕਿਸੇ ਹੋਰ ਤਰੀਕੇ ਨਾਲ ਦੂਰ ਨਹੀਂ ਕੀਤਾ ਜਾ ਸਕਦਾ। ਜੇ ਕੋਈ ਮਨੁੱਖ ਦੁਨੀਆਂ ਦੇ ਸਾਹਮਣੇ ਆਪਣੇ ਚੰਗੇ ਚਰਿੱਤਰ ਨੂੰ ਪੇਸ਼ ਕਰ ਰਿਹਾ ਹੈ, ਇਹ ਬਹੁਤ ਬਾਹਰੀ ਅਵਸਥਾ ਹੈ, ਇੱਕ ਢੌਂਗ ਹੈ। ਕਿਸੇ ਵੀ ਮਨੁੱਖ ਦਾ ਅਸਲੀ ਚਰਿੱਤਰ ਉਹ ਹੈ ਜਿਸ ਤਰ੍ਹਾਂ ਦਾ ਉਹ ਅੰਦਰੋਂ ਹੈ। ਗੁਣ ਅਤੇ ਗੁਣੀ ਮਨੁੱਖ ਦੇ ਵਿਚ ਕੋਈ ਭੇਦ ਨਹੀਂ ਹੁੰਦਾ। ਗੁਣੀ ਮਨੁੱਖ ਨੂੰ ਆਪਣੇ ਅੰਦਰੋਂ ਚੰਗੇ ਗੁਣ ਪੈਦਾ ਨਹੀਂ ਕਰਨੇ ਪੈਂਦੇ, ਬਲਕਿ ਚੰਗੇ ਗੁਣ ਉਸ ਮਨੁੱਖ ਦੀ ਆਤਮਾ ਦੇ ਅੰਦਰੋਂ ਸੁਭਾਵਿਕ ਪੈਦਾ ਹੁੰਦੇ ਹਨ। ਗੁਣੀ ਮਨੁੱਖ ਅਤੇ ਗੁਣਾਂ ਦੇ ਵਿਚਕਾਰ ਕੋਈ ਪਰਦਾ ਨਹੀਂ ਹੁੰਦਾ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਇਹ ਮਨ ਦੇ ਅੰਦਰ ਵਿਚਾਰਾਂ ਦੇ ਰੂਪ ਵਿਚ ਆਵਾਰਾ ਭੇਡਾਂ ਬੱਕਰੀਆਂ ਦੇ ਵਾਂਗੂੰ ਗਤੀ ਕਰਦੇ ਹਨ। ਸਮਾਧੀ ਦੇ ਰਾਹੀਂ ਮਨੁੱਖ ਨੂੰ ਆਪਣੇ ਚੇਤਨ ਮਨ ਨੂੰ ਆਪ ਟ੍ਰੇਨਿੰਗ ਦੇਣੀ ਪੈਂਦੀ ਹੈ ਤਾਂ ਜੋ ਇਨ੍ਹਾਂ ਆਵਾਰਾ ਭੇਡਾਂ ਬੱਕਰੀਆਂ ਨੂੰ ਇੱਧਰ ਉੱਧਰ ਨੱਠਣ ਤੋਂ ਰੋਕਿਆ ਜਾ ਸਕੇ। ਜਿਸ ਤਰ੍ਹਾਂ ਭੇਡਾਂ ਨੂੰ ਸਾਂਭਣ ਵਾਸਤੇ ਭੇਡਾਂ ਦਾ ਮਾਲਕ ਰਾਖੇ ਕੁੱਤੇ ਨੂੰ ਆਪ ਸਿਖਲਾਈ ਦੇਂਦਾ ਹੈ, ਜਦੋਂ ਰਾਖੇ ਕੁੱਤੇ ਦੀ ਟ੍ਰੇਨਿੰਗ ਪੂਰੀ ਹੋ ਜਾਵੇਗੀ, ਉਸ ਤੋਂ ਬਾਅਦ ਬੇਸ਼ੱਕ ਭੇਡਾਂ ਦਾ ਮਾਲਕ ਭੇਡਾਂ ਦੇ ਲਾਗੇ ਬੰਨੇ ਨਾ ਵੀ ਹੋਵੇ ਤਾਂ ਵੀ ਉਸ ਰਾਖੇ ਕੁੱਤੇ ਨੇ ਭੇਡਾਂ ਨੂੰ ਝੁੰਡ ਦੇ ਵਿੱਚੋਂ ਬਾਹਰ ਨਹੀਂ ਜਾਣ ਦੇਣਾ। ਚੇਤਨ ਮਨ ਜਦੋਂ ਸਮਾਧੀ ਦੇ ਅੰਦਰ ਪੂਰੀ ਤਰ੍ਹਾਂ ਟ੍ਰੇਂਡ ਹੋ ਜਾਂਦਾ ਹੈ ਤਾਂ ਫਿਰ ਇਸ ਨੇ ਸੁਰਤੀ ਨੂੰ ਵਿਚਾਰਾਂ ਰੂਪੀ ਭੇਡਾਂ ਦੇ ਰਾਹੀਂ

ਗਤੀ ਕਰਨ ਤੋਂ ਰੋਕ ਲੈਣਾ ਹੈ। ਜਦੋਂ ਸੁਰਤੀ ਵਿਚਾਰਾਂ ਤੋਂ ਮੁਕਤ ਹੋਣ ਲੱਗ ਜਾਵੇਗੀ ਤਾਂ ਔਗੁਣਾਂ ਤੋਂ ਮਨੁੱਖ ਨੂੰ ਆਪਣੇ ਆਪ ਮੁਕਤੀ ਮਿਲ ਜਾਣੀ ਹੈ। ਸਬਰ ਅਤੇ ਸੰਤੋਖ ਮਨੁੱਖ ਦੇ ਜੀਵਨ ਵਿਚ ਆਉਣ ਦੇ ਨਾਲ ਮਨ ਦੀ ਬੇਚੈਨੀ ਅਤੇ ਪਰੇਸ਼ਾਨੀ ਖ਼ਤਮ ਹੋ ਜਾਂਦੀ ਹੈ। ਮਨ ਚਿੰਤਾ ਮੁਕਤ ਹੋਣ ਤੋਂ ਬਾਅਦ ਅੱਠੇ ਪਹਿਰ ਪਰਮ ਅਨੰਦ ਨੂੰ ਅਨੁਭਵ ਕਰਦਾ ਹੈ। ਬੁਰੀਆਂ ਆਦਤਾਂ ਦਾ ਤਿਆਗ ਨਹੀਂ ਕਰਨਾ ਪੈਂਦਾ, ਬਲਕਿ ਬੁਰਾਈਆਂ ਮਨੁੱਖ ਦੇ ਕੋਲੋਂ ਆਪਣੇ ਆਪ ਦੂਰ ਹੋਈ ਜਾਂਦੀਆਂ ਹਨ। ਜਦੋਂ ਆਤਮਾ ਪਰਮਾਤਮਾ ਤੋਂ ਉਲਟੀ ਦਿਸ਼ਾ ਵੱਲ ਗਤੀ ਕਰਦੀ ਹੈ ਤਾਂ ਔਗੁਣਾਂ ਰੂਪੀ ਹਨੇਰਾ ਆਤਮਾ ਦੇ ਅੰਦਰ ਆਪਣੇ ਆਪ ਪੈਦਾ ਹੋ ਜਾਂਦਾ ਹੈ। ਜਦੋਂ ਆਤਮਾ ਪਰਮਾਤਮਾ ਰੂਪੀ ਪ੍ਰਕਾਸ਼ ਦੇ ਵੱਲ ਗਤੀ ਕਰਨ ਲੱਗ ਜਾਂਦੀ ਹੈ ਤਾਂ ਸਰੀਰ ਦੇ ਅੰਦਰ ਪ੍ਰਕਾਸ਼ ਪੈਦਾ ਹੋਣ ਦੇ ਨਾਲ ਮਨੁੱਖ ਦੀ ਦੁਰਮਤ ਨੇ ਦੂਰ ਹੋ ਜਾਣਾ ਹੈ, ਜਿਸ ਦੇ ਬਦਲੇ ਇਸ ਦੇ ਅੰਦਰ ਚੰਗੇ ਗੁਣ ਪੈਦਾ ਹੋ ਜਾਣੇ ਹਨ। ਗੁਣ ਅਤੇ ਅਵਗੁਣ ਆਤਮਾ ਦੇ ਉੱਪਰ ਦੋ ਚੱਕਰ ਹਨ, ਇੱਕ ਆਵੇਗਾ ਤਾਂ ਦੂਜੇ ਨੇ ਚਲੇ ਜਾਣਾ ਹੈ। ਸ਼ਕਤੀ ਦਾ ਸੁਭਾਉ ਹੁੰਦਾ ਹੈ ਗਤੀ ਕਰਨਾ, ਉਸ ਨੂੰ ਰੋਕਿਆ ਨਹੀਂ ਜਾ ਸਕਦਾ। ਜੇਕਰ ਕੋਈ ਮਨੁੱਖ ਚੰਗੇ ਗੁਣਾਂ ਨੂੰ ਸਾਧ ਰਿਹਾ ਹੈ ਅਤੇ ਆਪਣੇ ਅੰਦਰ ਪੈਦਾ ਹੋਣ ਵਾਲੀ ਬੁਰਾਈ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਇਸ ਤਰ੍ਹਾਂ ਕਰਨ ਨਾਲ ਆਤਮਾ ਦੇ ਅੰਦਰ ਚੰਗੇ ਗੁਣ ਪੈਦਾ ਨਹੀਂ ਹੋਣਗੇ। ਆਤਮਾ ਦੇ ਨਿਰਮਲ ਹੋਣ ਦੇ ਨਾਲ ਚੰਗਿਆਈ ਆਪਣੇ ਆਪ ਮਨੁੱਖ ਦੇ ਅੰਦਰ ਆਉਂਦੀ ਹੈ। ਜਿਸ ਤਰ੍ਹਾਂ ਗੁਲਾਬ ਦੇ ਫੁੱਲ ਪਹਿਲਾਂ ਪੌਦੇ ਦੀਆਂ ਜੜ੍ਹਾਂ ਦੇ ਵਿਚ ਪੈਦਾ ਹੁੰਦੇ ਹਨ, ਉਸ ਤੋਂ ਬਾਅਦ ਪੌਦੇ ਦੀਆਂ ਟਾਹਣੀਆਂ ਰਾਹੀਂ ਪ੍ਰਗਟ ਹੁੰਦੇ ਹਨ। ਇਸੇ ਹੀ ਤਰ੍ਹਾਂ ਸਾਡੀਆਂ ਜੜ੍ਹਾਂ ਆਤਮਾ ਦੇ ਅੰਦਰ ਹਨ। ਜਿਸ ਤਰ੍ਹਾਂ ਪੌਦਾ ਆਪਣੀਆਂ ਜੜ੍ਹਾਂ ਤੋਂ ਬਿਨਾਂ ਜ਼ਿੰਦਾ ਨਹੀਂ ਰਹਿ ਸਕਦਾ, ਉਸੇ ਹੀ ਤਰ੍ਹਾਂ ਮਨੁੱਖ ਦਾ ਸਰੀਰ ਵੀ ਆਤਮਾ ਦੇ ਬਿਨਾਂ ਜ਼ਿੰਦਾ ਨਹੀਂ ਰਹਿ ਸਕਦਾ। ਜੇ ਕੋਈ ਮਨੁੱਖ ਨਕਲ ਕਰਦਾ ਹੈ, ਮਤਲਬ ਚੰਗੇ ਗੁਣਾਂ ਨੂੰ ਸਾਧਨ ਦੀ ਕੋਸ਼ਿਸ਼ ਵਿਚ ਲੱਗਿਆ ਹੋਇਆ ਹੈ ਤਾਂ ਉਸ ਮਨੁੱਖ ਦੇ ਚੰਗੇ ਗੁਣਾਂ ਦੇ ਵਿੱਚੋਂ ਕੋਈ ਮਹਿਕ ਨਹੀਂ ਆਵੇਗੀ। ਬਾਹਰੋਂ ਸਾਧੇ ਗੁਣਾਂ ਦੇ ਨਾਲ ਮਨੁੱਖ ਲੋਕਾਂ ਨੂੰ ਧੋਖਾ ਦੇ ਸਕਦਾ ਹੈ ਪਰ ਪਰਮਾਤਮਾ ਨੂੰ ਧੋਖਾ ਦੇਣਾ ਬਹੁਤ ਮੁਸ਼ਕਲ ਹੈ।

ਜਿਸ ਮਨੁੱਖ ਨੇ ਆਪਣੇ ਆਪ ਨੂੰ ਨਕਲੀ ਫੁੱਲਾਂ ਦੇ ਨਾਲ ਸਜਾਇਆ ਹੋਇਆ ਹੈ, ਕੀ ਉਹ ਮਨੁੱਖ ਕਿਸੇ ਦੂਜੇ ਮਨੁੱਖ ਨੂੰ ਅਸਲੀ ਫੁੱਲਾਂ ਨੂੰ ਪ੍ਰਾਪਤ ਕਰਨ ਦਾ ਰਸਤਾ ਦਿਖਾ ਸਕਦਾ ਹੈ। ਜੇਕਰ ਕੋਈ ਇਸ ਮਨੁੱਖ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਗਤੀ ਕਰਦਾ ਵੀ ਹੈ ਤਾਂ ਕੀ ਇਹ ਮਨੁੱਖ ਅਸਲੀ ਫੁੱਲਾਂ ਤੱਕ ਪਹੁੰਚ ਜਾਵੇਗਾ? ਸਦੀਆਂ ਤੋਂ ਮਨੁੱਖ ਨੂੰ ਸਮਝਾਇਆ ਜਾ ਰਿਹਾ ਹੈ ਕਿ ਚੰਗੇ ਬਣੋ, ਸਾਡੇ ਜੀਵਨ ਦੇ ਵਿਚ ਇਹਨਾਂ ਗੱਲਾਂ ਨੂੰ ਸੁਣਨ ਦੇ ਨਾਲ ਪਰਿਵਰਤਨ ਆ ਰਹੇ ਹਨ? ਕੁੱਝ ਕੁ ਮਨੁੱਖਾਂ ਦੇ ਅਗਿਆਨ ਕਾਰਨ ਸਾਰੀ ਮਨੁੱਖਤਾ ਹੀ ਭਟਕਣਾ ਦੇ ਵਿਚ ਭਟਕੀ ਜਾ ਰਹੀ ਹੈ। ਨਕਲੀ ਫੁੱਲਾਂ ਵਾਲੇ ਅਸਲੀ ਫੁੱਲਾਂ ਦਾ ਰਸਤਾ ਦਿਖਾਈ ਜਾ ਰਹੇ ਹਨ। ਉਸ ਦੇ ਕੀ ਪਰਿਣਾਮ ਨਿਕਲਦੇ ਹਨ, ਆਪ ਸਾਰੇ ਜਾਣਦੇ ਹੋ। ਆਪਣਾ ਖ਼ੁਦ ਦਾ ਦੀਵਾ ਬੁਝਿਆ

ਹੋਇਆ ਹੈ ਪਰ ਦੂਜੇ ਮਨੁੱਖਾਂ ਨੂੰ ਆਪਣੇ ਬੁਝੇ ਹੋਏ ਦੀਵੇ ਨਾਲ ਰਸਤਾ ਦਿਖਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਬੁਝੇ ਦੀਵੇ ਤੋਂ ਕਿਨ੍ਹਾਂ ਕੁ ਫ਼ਾਇਦਾ ਹੋਵੇਗਾ, ਅਸੀਂ ਖ਼ੁਦ ਸੋਚ ਵਿਚਾਰ ਕਰ ਸਕਦੇ ਹਾਂ। ਭਾਵੇਂ ਕੋਈ ਦੀਪਕ ਹੀਰੇ ਮੋਤੀਆਂ ਦੇ ਨਾਲ ਜੜਿਆ ਹੋਵੇ, ਜੇਕਰ ਉਹ ਆਪ ਬੁਝਿਆ ਹੋਇਆ ਹੈ ਤਾਂ ਉਹ ਕਿਸੇ ਹੋਰ ਦੇ ਬੁਝੇ ਦੀਪਕ ਨੂੰ ਪ੍ਰਕਾਸ਼ਵਾਨ ਨਹੀਂ ਕਰ ਸਕਦਾ।

ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਦੂਜੇ ਨੂੰ ਦੁੱਖ ਨਹੀਂ ਪਹੁੰਚਾਉਣਾ ਚਾਹੀਦਾ, ਨਿੰਦਾ ਨਹੀਂ ਕਰਨੀ ਚਾਹੀਦੀ, ਕਿਸੇ ਨਾਲ ਧੋਖਾ ਨਹੀਂ ਕਰਨਾ ਚਾਹੀਦਾ, ਕਿਸੇ ਦਾ ਹੱਕ ਨਹੀਂ ਮਾਰਨਾ ਚਾਹੀਦਾ, ਦੂਜੇ ਦੀ ਗ਼ਲਤੀ ਨੂੰ ਮਾਫ਼ ਕਰਨਾ ਹੈ। ਪਰ ਇਸ ਦੇ ਬਾਵਜੂਦ ਵੀ ਅਸੀਂ ਆਪਣੇ ਆਪ ਨੂੰ ਇਨ੍ਹਾਂ ਕਰਮਾਂ ਨੂੰ ਕਰਨ ਤੋਂ ਕਿਉਂ ਨਹੀਂ ਰੋਕ ਪਾਉਂਦੇ? ਇਹ ਸਭ ਕੁੱਝ ਕਰਦਿਆਂ ਨੂੰ ਸਾਨੂੰ ਕਿੰਨਾ ਸਮਾਂ ਬੀਤ ਚੁੱਕਿਆ ਹੈ। ਫਿਰ ਵੀ ਜੀਵਨ ਦੇ ਵਿਚ ਪਰਿਵਰਤਨ ਕਿਉਂ ਨਹੀਂ ਹੋ ਰਿਹਾ। ਕਿੰਨੇ ਸਾਲਾਂ ਤੋਂ ਅਸੀਂ ਡੇਰਿਆਂ ਤੋਂ ਸਤਿਸੰਗ ਸੁਣਦੇ ਆ ਰਹੇ ਹਾਂ। ਉਨ੍ਹਾਂ ਦੀਆਂ ਚੰਗੀਆਂ ਗੱਲਾਂ ਨੂੰ ਸੁਣਨ ਤੋਂ ਬਾਅਦ ਆਪਣੇ ਆਪ ਨੂੰ ਇਨ੍ਹਾਂ ਬੁਰੇ ਕਰਮਾਂ ਨੂੰ ਕਰਨ ਤੋਂ ਰੋਕਦੇ ਵੀ ਹਾਂ। ਪ੍ਰਚਾਰਕਾਂ ਦੇ ਚੰਗੇ ਵਿਚਾਰਾਂ ਨੂੰ ਸੁਣਨ ਦੇ ਨਾਲ ਸਾਡੇ ਜੀਵਨ ਦੇ ਵਿਚ ਕੋਈ ਵੀ ਪਰਿਵਰਤਨ ਕਿਉਂ ਨਹੀਂ ਹੋ ਰਿਹਾ ? ਆਪਣੇ ਜੀਵਨ ਦੇ ਉੱਪਰ ਇੱਕ ਵਾਰ ਝਾਤੀ ਜ਼ਰੂਰ ਮਾਰੋ। ਜਦੋਂ ਬਿਮਾਰੀ ਚਲੀ ਜਾਂਦੀ ਹੈ ਤਾਂ ਸਰੀਰ ਆਪਣੇ ਆਪ ਤੰਦਰੁਸਤ ਹੋ ਜਾਂਦਾ ਹੈ। ਬਿਮਾਰੀ ਨੂੰ ਭੁੱਲਣ ਦੇ ਨਾਲ ਤੰਦਰੁਸਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਮਨ ਦੀ ਬਿਮਾਰੀ ਨੂੰ ਠੀਕ ਕਰਨ ਦੇ ਲਈ ਧਿਆਨ ਸਿਮਰਨ ਦੀ ਦਵਾਈ ਖਾਣੀ ਪੈਂਦੀ ਹੈ। ਜਦੋਂ ਅਸੀਂ ਹਰ ਦਿਨ ਸਾਧਨਾ ਰੂਪੀ ਦਵਾਈ ਨੂੰ ਖਾਣਾ ਸ਼ੁਰੂ ਕਰ ਦਿੱਤਾ ਤਾਂ ਸਾਡੇ ਮਨ ਅਤੇ ਆਤਮਾ ਦੀ ਤੰਦਰੁਸਤੀ ਆਪਣੇ ਆਪ ਵਾਪਸ ਪਰਤ ਆਵੇਗੀ।

ਜਿਸ ਘਰ ਦੇ ਵਿਚ ਹਨੇਰਾ ਹੋਵੇਗਾ, ਉਸ ਘਰ ਵਿਚ ਚੋਰਾਂ ਨੇ ਚੋਰੀ ਕਰਨ ਵਾਸਤੇ ਆ ਜਾਣਾ ਹੈ। ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰਨ ਦੇ ਲਈ ਆਪਣੀ ਸੁਰਤੀ ਨੂੰ ਅੰਦਰ ਲੈ ਕੇ ਜਾਣਾ ਪਵੇਗਾ। ਸਾਧਕ ਨੇ ਆਪਣੀ ਸੁਰਤੀ ਨੂੰ ਮਸਤਕ ਅੰਦਰ ਇਕਾਗਰ ਕਰ ਕੇ ਉਸ ਪ੍ਰਕਾਸ਼ ਦਾ ਇੰਤਜ਼ਾਰ ਕਰਨਾ ਹੈ, ਜਿਸ ਨੇ ਜੀਵ ਆਤਮਾ ਦੇ ਅਗਿਆਨ ਨੂੰ ਗਿਆਨ ਦੇ ਵਿਚ ਪਰਿਵਰਤਨ ਕਰ ਦੇਣਾ ਹੈ। ਔਗੁਣਾਂ ਦੇ ਕਾਰਨ ਕਿਉਂਕਿ ਸਾਡੀ ਸੁਰਤੀ ਮਨ ਅੰਦਰ ਆਪਣੇ ਆਪ ਚੱਲਣ ਵਾਲੇ ਵਿਚਾਰਾਂ ਦੇ ਕਾਰਨ ਸੁੱਤੀ ਹੋਈ ਹੈ। ਮਨੁੱਖ ਦਾ ਚੇਤਨ ਮਨ ਬਹੁਤ ਗਹਿਰੀ ਨੀਂਦ ਦੇ ਵਿਚ ਸੁੱਤਾ ਹੋਇਆ ਹੈ, ਇਸ ਕਾਰਨ ਚਿੰਤਾਵਾਂ ਅਤੇ ਪਰੇਸ਼ਾਨੀਆਂ ਨੇ ਮਨੁੱਖ ਨੂੰ ਘੇਰਾ ਪਾ ਲਿਆ ਹੈ। ਮਨੁੱਖ ਨੂੰ ਕ੍ਰੋਧ ਕਿਉਂ ਆਉਂਦਾ ਹੈ? ਇਹ ਇੱਕ ਭਾਵਨਾ ਹੈ। ਮੈਂ ਜੋ ਵੀ ਕੰਮ ਕਰਨ ਵਾਸਤੇ ਬੋਲਿਆ ਸੀ, ਉਸ ਨੂੰ ਕਿਉਂ ਨਹੀਂ ਕੀਤਾ ਗਿਆ। ਕ੍ਰੋਧੀ ਮਨੁੱਖ ਦੇ ਅੰਦਰ ਇਹ ਮੰਗ ਦਿਨ-ਬਦਿਨ ਵੱਧਦੀ ਹੀ ਜਾਂਦੀ ਹੈ। ਜਦੋਂ ਵੀ ਕੋਈ ਦੂਜਾ ਮਨੁੱਖ ਕ੍ਰੋਧੀ ਮਨੁੱਖ ਦੀ ਭਾਵਨਾ ਦੀ ਪੂਰਤੀ ਨਹੀਂ ਕਰਦਾ ਤਾਂ ਇਸ ਮਨੁੱਖ ਨੂੰ ਦੂਜੇ ਮਨੁੱਖ ਦੇ ਉੱਪਰ ਕ੍ਰੋਧ ਆ ਜਾਣਾ ਹੈ। ਕ੍ਰੋਧ ਮਨ ਦੀ ਡੂੰਘਾਈ ਦੇ ਵਿਚ ਮੌਜੂਦ ਹੈ, ਬਾਰ ਬਾਰ ਅੰਦਰੋਂ ਉਬਾਲੇ ਖਾ ਕੇ ਬਾਹਰ ਆਉਣ ਦੀ ਕੋਸ਼ਿਸ਼ ਕਰਦਾ

ਹੈ। ਕਈ ਲੋਕ ਆਪਣੀਆਂ ਭਾਵਨਾਵਾਂ ਨੂੰ ਨਹੀਂ ਜਾਣ ਪਾਉਂਦੇ, ਨਾ ਹੀ ਉਹ ਇਸ ਨੂੰ ਜਾਣਨ ਦੀ ਕੋਸ਼ਿਸ਼ ਕਰਦੇ ਹਨ। ਕ੍ਰੋਧੀ ਮਨੁੱਖ ਦੇ ਕ੍ਰੋਧ ਤੋਂ ਜਾਨਵਰ ਪੌਦੇ ਵੀ ਨਹੀਂ ਬੱਚ ਸਕਦੇ। ਮਨੁੱਖ ਹਰ ਵਾਰ ਕ੍ਰੋਧ ਕਰਨ ਤੋਂ ਬਾਅਦ ਪਛਤਾਉਂਦਾ ਜ਼ਰੂਰ ਹੈ। ਸਰੀਰ ਦੇ ਅੰਦਰ ਜੋ ਵਾਧੂ ਦੀ ਸ਼ਕਤੀ ਹੁੰਦੀ ਹੈ, ਉਹ ਕ੍ਰੋਧ ਦੇ ਰੂਪ ਵਿਚ ਮਨੁੱਖ ਦੇ ਅੰਦਰੋਂ ਬਾਹਰ ਨਿਕਲਦੀ ਰਹਿੰਦੀ ਹੈ। ਸਰੀਰ ਦੇ ਅੰਦਰ ਪ੍ਰਕਾਸ਼ ਦੀ ਗਤੀ ਵਧਣ ਤੋਂ ਬਾਅਦ ਇਨ੍ਹਾਂ ਔਗੁਣਾਂ ਨੇ ਆਪਣੇ ਆਪ ਤੁਹਾਨੂੰ ਛੱਡ ਕੇ ਚਲੇ ਜਾਣਾ ਹੈ। ਤੁਹਾਡੇ ਤੀਜੇ ਨੇਤਰ ਨੇ ਸਾਰੀ ਸ਼ਕਤੀ ਪੀ ਜਾਣੀ ਹੈ। ਇਸ ਦੀ ਪਿਆਸ ਅਨੰਤ ਜਨਮਾਂ ਦੀ ਹੈ। ਵਾਧੂ ਦੀ ਸ਼ਕਤੀ ਨਾ ਹੋਈ ਤਾਂ ਵਿਚਾਰ ਵੀ ਬੰਦ ਹੋ ਜਾਣੇ ਹਨ। ਵਿਚਾਰਾਂ ਦੇ ਰਾਹੀਂ ਹੀ ਸਾਰੇ ਔਗੁਣ ਗਤੀ ਕਰਦੇ ਹਨ। ਆਤਮਾ ਦੇ ਨਾਲ ਜੁੜੇ ਔਗੁਣਾਂ ਨੂੰ ਪਰਮਾਤਮਾ ਦੇ ਦਰਸ਼ਨਾਂ ਤੋਂ ਬਿਨਾਂ ਦੂਰ ਨਹੀਂ ਕੀਤਾ ਜਾ ਸਕਦਾ। ਇੱਕ ਮਨੁੱਖ ਦੂਜੇ ਮਨੁੱਖ ਦੇ ਕਾਰਨ ਸਰੀਰ ਅੰਦਰ ਇਕੱਤਰ ਹੋਏ ਕਰਮਾਂ ਰੂਪੀ ਸੰਸਕਾਰਾਂ ਨੂੰ ਖ਼ਤਮ ਨਹੀਂ ਕਰ ਸਕਦਾ। ਕੁੱਝ ਕਰਨ ਦੀ ਜ਼ਰੂਰਤ ਨਹੀਂ ਪੈਂਦੀ, ਬਲਕਿ ਜੋ ਕੁੱਝ ਵੀ ਅਸੀਂ ਕਰ ਰਹੇ ਹਾਂ ਉਸ ਨੂੰ ਬੰਦ ਕਰ ਦੇਣਾ ਹੈ। ਸੰਸਾਰ ਇੱਕ ਬਹੁਤ ਵਿਸ਼ਾਲ ਟ੍ਰੇਨ ਵਾਂਗੂੰ ਚੱਲ ਰਿਹਾ ਹੈ। ਹਰ ਇੱਕ ਮਨੁੱਖ ਆਪਣੇ ਬੋਝ ਦੀ ਪੰਡ ਨੂੰ ਸਿਰ ਉੱਪਰ ਚੁੱਕ ਕੇ ਇਸ ਟ੍ਰੇਨ ਦੇ ਵਿਚ ਬੈਠਾ ਹੋਇਆ ਹੈ। ਜੇਕਰ ਅਸੀਂ ਸਫ਼ਰ ਟ੍ਰੇਨ ਦੇ ਵਿਚ ਕਰ ਰਹੇ ਹਾਂ ਤਾਂ ਕਿਉਂ ਨਾ ਆਪਣੇ ਸਿਰ ਉੱਪਰ ਚੁੱਕੇ ਵਜ਼ਨ ਨੂੰ ਉਤਾਰ ਕੇ ਟ੍ਰੇਨ ਉੱਪਰ ਰੱਖ ਦਿੱਤਾ ਜਾਵੇ।

ਕੁਦਰਤ ਜੋ ਕੁੱਝ ਵੀ ਕਰ ਰਹੀ ਹੈ, ਮਨੁੱਖ ਨੂੰ ਉਹ ਮਨਜ਼ੂਰ ਨਹੀਂ; ਜਿਸ ਕਾਰਨ ਮਨੁੱਖ ਦਾ ਜੀਵਨ ਦੁੱਖਾਂ ਅਤੇ ਪਰੇਸ਼ਾਨੀਆਂ ਦੇ ਵਿਚ ਤਬਦੀਲ ਹੋ ਜਾਂਦਾ ਹੈ। ਜਦਕਿ ਕੁਦਰਤ ਦੇ ਨਾਲ ਚੱਲਣ ਵਿਚ ਹੀ ਅਨੰਦ ਹੈ ਜੋ ਵੀ ਹੋ ਰਿਹਾ ਹੈ ਉਹ ਠੀਕ ਹੈ, ਉਸ ਨੂੰ ਕਬੂਲ ਕਰ ਲਵੋ। ਤੁਹਾਡੇ ਜੀਵਨ ਦੇ ਵਿਚ ਸੰਗੀਤ ਪੈਦਾ ਹੋ ਜਾਵੇਗਾ।

ਮਨੁੱਖ ਦਾ ਸਾਰਾ ਜੀਵਨ ਬੀਤ ਜਾਂਦਾ ਹੈ, ਚੰਗੇ ਵਿਚਾਰਾਂ ਨੂੰ ਸੁਣਦੇ ਸੁਣਦੇ। ਇਸ ਦੇ ਬਾਵਜੂਦ ਵੀ ਅੰਦਰੋਂ ਇੱਕ ਵੀ ਔਗੁਣ ਖ਼ਤਮ ਨਹੀਂ ਹੁੰਦਾ। ਦਰੱਖ਼ਤ ਦੀਆਂ ਟਾਹਣੀਆਂ ਨੂੰ ਕੱਟਣ ਦੇ ਨਾਲ ਦਰੱਖ਼ਤ ਨੇ ਖ਼ਤਮ ਨਹੀਂ ਹੋਣਾ। ਔਗੁਣ ਅਤੇ ਗੁਣ ਆਤਮਾ ਦੇ ਅੰਦਰ ਇੱਕ ਤੱਤ ਹੈ, ਉਸ ਦੇ ਅੰਦਰ ਪੈਦਾ ਹੁੰਦੇ ਹਨ। ਮਨ ਦੇ ਰਾਹੀਂ ਮਨੁੱਖ ਦੇ ਜੀਵਨ ਵਿਚ ਪ੍ਰਗਟ ਹੁੰਦੇ ਰਹਿੰਦੇ ਹਨ। ਨਕਲੀ ਫੁੱਲਾਂ ਨੂੰ ਲਗਾ ਕੇ ਅਸੀਂ ਦੁਨੀਆਂ ਨੂੰ ਧੋਖਾ ਦੇ ਸਕਦੇ ਹਾਂ ਪਰ ਪਰਮਾਤਮਾ ਨੂੰ ਧੋਖਾ ਦੇਣਾ ਬਹੁਤ ਮੁਸ਼ਕਲ ਹੈ। ਜਦੋਂ ਆਤਮਾ ਨਿਰਮਲ ਹੋ ਜਾਂਦੀ ਹੈ ਤਾਂ ਚੰਗੇ ਗੁਣ ਮਨੁੱਖ ਦੇ ਅੰਦਰ ਆਪਣੇ ਆਪ ਪੈਦਾ ਹੋ ਜਾਂਦੇ ਹਨ।

ਜੇ ਮਨੁੱਖ ਤੁਹਾਡੇ ਨਾਲ ਚੰਗਾ ਵਿਵਹਾਰ ਨਹੀਂ ਕਰ ਰਿਹਾ ਹੈ, ਤਾਂ ਤੁਸੀਂ ਉਸ ਦੇ ਨਾਲ ਗੱਲਬਾਤ ਕਰਨੀ ਬੰਦ ਕਰ ਸਕਦੇ ਹੋ। ਤੁਸੀਂ ਉਸ ਮਨੁੱਖ ਦੇ ਨਾਲ ਬੁਰਾ ਵਿਵਹਾਰ ਨਹੀਂ ਕਰਨ ਲੱਗ ਜਾਣਾ। ਜੀਵਨ ਦੇ ਵਿਚ ਹਾਲਾਤ ਜਿੱਦਾਂ ਦੇ ਮਰਜ਼ੀ ਪੈਦਾ ਹੋ ਜਾਣ, ਆਪਣੇ ਮਨ ਦੀ ਸ਼ਾਂਤੀ ਨੂੰ ਸੰਭਾਲ ਕੇ ਰੱਖਣਾ ਹੈ। ਹੋ ਸਕੇ ਤਾਂ ਉਸ ਸਥਾਨ ਤੋਂ ਕੁੱਝ ਸਮੇਂ ਲਈ ਦੂਰ ਚਲੇ ਜਾਵੋ ਜਾਂ ਚੁੱਪ ਹੋ ਜਾਵੋ, ਜੋ ਕਿ ਮੁਸ਼ਕਲ

ਹੁੰਦਾ ਹੈ ਪਰ ਕੀਤਾ ਜਾ ਸਕਦਾ ਹੈ। ਕਿਸੇ ਵੀ ਕੰਮ ਨੂੰ ਬਹੁਤ ਧੀਰਜ ਦੇ ਨਾਲ ਕਰਨਾ ਹੈ। ਜੇਕਰ ਕਿਸੇ ਜਗ੍ਹਾ 'ਤੇ ਜਾਣਾ ਹੈ ਤਾਂ ਘਰੋਂ ਕੁੱਝ ਸਮੇਂ ਦੇ ਲਈ ਪਹਿਲਾਂ ਤੁਰ ਪਵੋ ਤਾਂ ਕਿ ਰਸਤੇ ਵਿਚ ਦੇਰੀ ਨਾ ਹੋਵੇ। ਘਰੋਂ ਦੇਰੀ ਨਾਲ ਚੱਲਣ ਤੋਂ ਬਾਅਦ ਸਾਰੇ ਰਸਤੇ ਰੌਲਾ ਪਾਉਂਦੇ ਜਾਣ ਨਾਲ ਕੋਈ ਹੱਲ ਨਹੀਂ ਨਿਕਲੇਗਾ, ਬਲਕਿ ਇਸ ਤਰ੍ਹਾਂ ਰੌਲਾ ਪਾਉਂਦੇ ਜਾਣ ਨਾਲ ਮਨ ਦੀ ਸ਼ਾਂਤੀ ਭੰਗ ਹੁੰਦੀ ਜਾਣੀ ਹੈ। ਕਿਸੇ ਵੀ ਕੰਮ ਨੂੰ ਕਰਨ ਦੇ ਵਿਚ ਵਰਤੀ ਤੇਜ਼ੀ ਦੇ ਪਰਿਣਾਮ ਚੰਗੇ ਨਹੀਂ ਨਿਕਲਦੇ। ਜੇਕਰ ਹੌਲੀ ਅਤੇ ਸਹੀ ਤਰੀਕੇ ਨਾਲ ਕਿਸੇ ਵੀ ਕਾਰਜ ਨੂੰ ਕੀਤਾ ਜਾਵੇ ਤਾਂ ਬਾਅਦ ਵਿਚ ਉਸ ਦਾ ਪਛਤਾਵਾ ਨਹੀਂ ਹੁੰਦਾ। ਦੂਜੀ ਤਰਫ਼ ਉਸ ਕੰਮ ਨੂੰ ਜਲਦੀ ਅਤੇ ਸਹੀ ਤਰੀਕੇ ਨਾਲ ਵੀ ਪੂਰਾ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ ਚਾਹੁੰਦੇ ਹੋ ਕਿ ਲੋਕ ਤੁਹਾਡੇ ਨਾਲ ਸਹੀ ਵਿਵਹਾਰ ਕਰਨ, ਤਾਂ ਇਨਸਾਫ਼ ਕਰੋ ਜਿਸ ਦੀ ਗ਼ਲਤੀ ਹੈ ਉਸ ਨੂੰ ਗ਼ਲਤ ਦੱਸਣਾ ਹੈ, ਭਾਵੇਂ ਗ਼ਲਤੀ ਕਰਨ ਵਾਲਾ ਮਨੁੱਖ ਆਪਣਾ ਕੋਈ ਕਰੀਬੀ ਹੀ ਕਿਉਂ ਨਾ ਹੋਵੇ।

ਜੋ ਵੀ ਮਨੁੱਖ ਨਿਰ-ਵਿਚਾਰ ਸਮਾਧੀ ਦੇ ਅੰਦਰ ਆਪਣੀ ਸੁਰਤੀ ਨੂੰ ਕੁੱਝ ਪਲਾਂ ਦੇ ਲਈ ਇਕਾਗਰ ਕਰਨ ਦੇ ਵਿਚ ਕਾਮਯਾਬ ਹੋ ਜਾਵੇਗਾ, ਉਸ ਮਨੁੱਖ ਨੂੰ ਸਦਾ ਦੇ ਲਈ ਪੰਜਾਂ ਔਗੁਣਾਂ ਤੋਂ ਮੁਕਤੀ ਮਿਲ ਜਾਵੇਗੀ। ਨਕਾਰਾਤਮਿਕ ਸੋਚ ਦੇ ਕਾਰਨ ਈਰਖਾ, ਕ੍ਰੋਧ ਅਤੇ ਘਿਰਣਾ ਵਰਗੀਆਂ ਭਾਵਨਾਵਾਂ ਮਨੁੱਖ ਦੀ ਆਤਮਾ ਨੂੰ ਘੇਰਾ ਪਾਈ ਰੱਖਦੀਆਂ ਹਨ। ਇਸ ਤਰ੍ਹਾਂ ਦੀ ਭਾਵਨਾ ਵਾਲਾ ਮਨੁੱਖ ਨਾ ਤਾਂ ਆਪ ਸ਼ਾਂਤ ਰਹਿ ਸਕਦਾ ਹੈ ਅਤੇ ਨਾ ਹੀ ਇਸ ਨੇ ਕਿਸੇ ਹੋਰ ਨੂੰ ਸ਼ਾਂਤੀ ਦੇ ਨਾਲ ਰਹਿਣ ਦੇਣਾ ਹੈ। ਇਹੋ ਜਿਹਾ ਮਨੁੱਖ ਜਿੱਥੇ ਵੀ ਜਾਂਦਾ ਹੈ, ਆਪਣੇ ਨਾਲ ਇੱਕ ਨਕਾਰਾਤਮਿਕ ਊਰਜਾ ਦਾ ਚੱਕਰ ਲੈ ਕੇ ਜਾਂਦਾ ਹੈ।

ਸੰਗਤ

ਮਨੁੱਖ ਦੇ ਚਰਿੱਤਰ ਨੂੰ ਉਸਾਰਨ ਦੇ ਵਿਚ ਸੰਗਤ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਬੁਰੀ ਸੰਗਤ ਦਾ ਪ੍ਰਭਾਵ ਮਨੁੱਖ ਦੇ ਮਨ ਉੱਪਰ ਇੱਕ ਕੋਲੇ ਦੇ ਵਾਂਗੂੰ ਅਸਰ ਕਰਦਾ ਹੈ। ਜੇਕਰ ਕੋਲਾ ਗਰਮ ਹੈ ਤਾਂ ਉਸ ਨੇ ਹੱਥ ਨੂੰ ਸਾੜ ਦੇਣਾ ਹੈ। ਜੇਕਰ ਕੋਲਾ ਠੰਢਾ ਹੈ ਤਾਂ ਉਸ ਨੇ ਹੱਥ ਨੂੰ ਕਾਲਾ ਕਰ ਦੇਣਾ ਹੈ। ਕੀਤੀ ਗਈ ਸੰਗਤ ਕੁੱਝ ਸਮੇਂ ਬਾਅਦ ਆਪਣੀ ਰੰਗਤ ਜ਼ਰੂਰ ਲੈ ਕੇ ਆਉਂਦੀ ਹੈ। ਜੇਕਰ ਤੁਸੀਂ ਆਪਣੇ ਆਪ ਨੂੰ ਬਦਲਣਾ ਚਾਹੁੰਦੇ ਹੋ ਤਾਂ ਕੇਵਲ ਆਪਣੀ ਸੰਗਤ ਨੂੰ ਬਦਲ ਦੇਵੋ। ਜੇਕਰ ਕਿਸੇ ਕਾਰਨ ਸੰਗਤ ਨੂੰ ਨਹੀਂ ਬਦਲਿਆ ਜਾ ਸਕਦਾ ਤਾਂ ਸਾਰੇ ਧਾਰਮਿਕ ਗ੍ਰੰਥਾਂ ਵਿਚ ਕਮਲ ਦੇ ਫੁੱਲ ਦਾ ਖ਼ਾਸ ਕਰਕੇ ਜ਼ਿਕਰ ਕੀਤਾ ਗਿਆ ਹੈ, ਉਸ ਦਾ ਇਹੀ ਕਾਰਨ ਹੈ ਭਾਵੇਂ ਉਸ ਦੀ ਸੰਗਤ ਚਿੱਕੜ ਦੇ ਨਾਲ ਹੈ, ਇਸ ਦੇ ਬਾਵਜੂਦ ਉਹ ਬੁਰੀ ਸੰਗਤ ਦੇ ਪ੍ਰਭਾਵ ਨੂੰ ਆਪਣੇ ਉੱਪਰ ਪੈਣ ਨਹੀਂ ਦੇਂਦਾ। ਉਹ ਚਿੱਕੜ ਦੇ ਨਾਲ ਰਹਿੰਦਾ ਹੋਇਆ ਵੀ ਆਪ ਚਿੱਕੜ ਦੇ ਵਿਚ ਨਹੀਂ ਲਿੱਬੜਦਾ। ਉਸ ਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਜੇਕਰ ਉਸ ਨੇ ਚਿੱਕੜ ਦੇ ਨਾਲੋਂ ਵੱਖ ਹੋਣ ਦੀ ਕੋਸ਼ਿਸ਼ ਵੀ ਕੀਤੀ ਤਾਂ ਉਹ ਜ਼ਿੰਦਾ ਨਹੀਂ ਰਹਿ ਸਕੇਗਾ।

ਮਨੁੱਖ ਦੀ ਸੰਗਤ ਭਾਵੇਂ ਜਿਸ ਤਰ੍ਹਾਂ ਦੀ ਮਰਜ਼ੀ ਹੋਵੇ, ਉਹ ਕਮਲ ਦੇ ਫੁੱਲ ਵਾਲੇ ਗੁਣਾਂ ਨੂੰ ਗ੍ਰਹਿਣ ਕਰ ਸਕਦਾ ਹੈ। ਇਸ ਸੰਸਾਰ ਤੋਂ ਭੱਜਣਾ ਨਹੀਂ ਹੈ, ਇਸ ਦੇ ਵਿਚ ਹੀ ਰਹਿਣਾ ਹੈ। ਜਦੋਂ ਆਤਮਾ ਆਪਣੇ ਆਪ ਦੇ ਵਿਚ ਪ੍ਰਕਾਸ਼ਵਾਨ ਹੋ ਜਾਵੇਗੀ ਤਾਂ ਇੱਕ ਦਿਨ ਤੁਸੀਂ ਕਮਲ ਦੇ ਫੁੱਲ ਵਾਲੀ ਅਵਸਥਾ ਨੂੰ ਜ਼ਰੂਰ ਪ੍ਰਾਪਤ ਕਰ ਲਵੋਗੇ। ਮਨੁੱਖ ਦੇ ਉੱਪਰ ਸੰਗਤ ਦਾ ਰੰਗ ਉਸੇ ਹੀ ਤਰ੍ਹਾਂ ਚੜ੍ਹ ਜਾਂਦਾ ਹੈ ਜਿਵੇਂ ਸਫ਼ੈਦ ਕੱਪੜੇ ਦੇ ਨਾਲ ਰੱਖੇ ਗਏ ਕਾਲੇ ਕੱਪੜੇ ਦਾ ਰੰਗ ਸਫ਼ੈਦ ਕੱਪੜੇ 'ਤੇ ਚੜ੍ਹ ਜਾਂਦਾ ਹੈ। ਚੰਗੀ ਸੰਗਤ ਨਾਲੋਂ ਬੁਰੀ ਸੰਗਤ ਦਾ ਪ੍ਰਭਾਵ ਮਨੁੱਖ ਦੇ ਮਨ ਉੱਪਰ ਛੇਤੀ ਹੋ ਜਾਂਦਾ ਹੈ। ਜਿਸ ਤਰ੍ਹਾਂ ਪਾਣੀ ਨੂੰ ਉਚਾਈ 'ਤੇ ਚਾੜ੍ਹਨ ਲਈ ਜ਼ੋਰ ਲਗਾਉਣਾ ਪੈਂਦਾ ਹੈ, ਪਾਣੀ ਨੂੰ ਉਚਾਈ ਤੋਂ ਥੱਲੇ ਲਿਆਉਣ ਦੇ ਲਈ ਸ਼ਕਤੀ ਦੀ ਵਰਤੋਂ ਕਰਨ ਦੀ ਲੋੜ ਨਹੀਂ ਪੈਂਦੀ।

ਸਾਧਾਰਨ ਮਨੁੱਖ ਜਦੋਂ ਜੂਆ ਖੇਡਣ ਵਾਲੇ ਜੁਆਰੀਆਂ ਦੇ ਲਾਗੇ ਖਲੋ ਕੇ ਉਨ੍ਹਾਂ ਜੁਆਰੀਆਂ ਨੂੰ ਜੂਆ ਖੇਡਦਿਆਂ ਨੂੰ ਲਗਾਤਾਰ ਦੇਖੀ ਜਾਂਦਾ ਹੈ ਤਾਂ ਕੁੱਝ ਸਮੇਂ ਬਾਅਦ ਉਸ ਮਨੁੱਖ ਦਾ ਮਨ ਵੀ ਜੁਆਰੀਆਂ ਦੇ ਨਾਲ ਜੂਆ ਖੇਡਣ ਨੂੰ ਕਰਨ ਲੱਗਦਾ ਹੈ। ਇਹ ਹੈ ਸੰਗਤ ਦਾ ਅਸਰ, ਬੁਰੀ ਸੰਗਤ ਨੂੰ ਤਿਆਗੋ ਅਤੇ ਚੰਗੀ ਸੰਗਤ ਦਾ ਸੰਗ ਕਰੋ। ਚਾਰ ਸ਼ਰਾਬੀਆਂ ਦੇ ਵਿਚ ਜਦੋਂ ਸ਼ਰਾਬ ਨਾ ਪੀਣ ਵਾਲਾ ਮਨੁੱਖ ਬੈਠ ਜਾਂਦਾ

ਹੈ ਤਾਂ ਉਨ੍ਹਾਂ ਸ਼ਰਾਬੀਆਂ ਨੇ ਬਾਰ ਬਾਰ ਕਹਿ ਕੇ ਉਸ ਮਨੁੱਖ ਨੂੰ ਵੀ ਸ਼ਰਾਬ ਪਿਲਾ ਦੇਣੀ ਹੈ ਕਿ ਤੂੰ ਮੇਰਾ ਭਰਾ ਹੈਂ, ਬੱਸ ਇੱਕ ਵਾਰ, ਵਗ਼ੈਰਾ ਵਗ਼ੈਰਾ। ਕਈ ਵਾਰੀ ਬੁਰੀ ਸੰਗਤ ਦੇ ਵਿਚ ਪੈ ਚੁੱਕੇ ਬੱਚਿਆਂ ਦੇ ਸੰਪਰਕ ਵਿਚ ਜਦੋਂ ਕੋਈ ਬੱਚਾ ਆ ਜਾਂਦਾ ਹੈ ਤਾਂ ਬੁਰੀ ਸੰਗਤ ਵਾਲੇ ਬੱਚਿਆਂ ਦੀ ਸੰਗਤ ਰੂਪੀ ਚਿੱਕੜ ਨੇ ਕੁੱਝ ਹੀ ਦਿਨਾਂ ਦੇ ਵਿਚ ਉਸ ਬੱਚੇ ਦੇ ਚਰਿੱਤਰ ਨੂੰ ਚੰਬੜ ਜਾਣਾ ਹੈ। ਅੱਜ ਟੈਲੀਵੀਜ਼ਨ ਅਤੇ ਮੀਡੀਆ ਦੇ ਰਾਹੀਂ ਬਹੁਤ ਜ਼ਿਆਦਾ ਬੇਲੋੜੀ ਜਾਣਕਾਰੀ ਲੋਕਾਂ ਦੇ ਮਸਤਕ ਵਿਚ ਭਰੀ ਜਾ ਰਹੀ ਹੈ। ਮਨੁੱਖ ਦੀ ਆਤਮਾ ਦੇ ਅੰਦਰ ਐਨੀ ਸ਼ਕਤੀ ਨਹੀਂ ਹੈ, ਜੋ ਇਸ ਜਾਣਕਾਰੀ ਦੇ ਵਿੱਚੋਂ ਸਹੀ ਜਾਂ ਗ਼ਲਤ ਦਾ ਨਿਤਾਰਾ ਕਰ ਸਕੇ। ਜਦੋਂ ਕੋਈ ਮਨੁੱਖ ਕਿਸੇ ਦੂਜੇ ਮਨੁੱਖ ਦੇ ਕਹਿਣ ਉੱਪਰ ਵੀ ਆਪਣੇ ਫ਼ੈਸਲੇ ਨੂੰ ਨਹੀਂ ਬਦਲਦਾ, ਉਸ ਮਨੁੱਖ ਦੇ ਅੰਦਰ ਆਤਮਿਕ ਸ਼ਕਤੀ ਦੇ ਪ੍ਰਕਾਸ਼ ਨੇ ਵੱਧਦੇ ਜਾਣਾ ਹੈ।

ਤੁਸੀਂ ਆਪਣੇ ਆਪ ਨੂੰ ਉਸ ਕਰਮ ਨੂੰ ਕਰਨ ਤੋਂ ਰੋਕ ਲੈਣਾ ਹੈ ਜਿਸ ਨੂੰ ਕਰਨ ਵਾਸਤੇ ਤੁਹਾਡਾ ਦਿਲ ਨਾ ਕਰੇ। ਜਦੋਂ ਕੋਈ ਮਨੁੱਖ ਤੁਹਾਨੂੰ ਕਿਸੇ ਬੁਰੇ ਕਰਮ ਨੂੰ ਕਰਨ ਵਾਸਤੇ ਬਹੁਤ ਜ਼ਿਆਦਾ ਜ਼ੋਰ ਲਗਾਉਂਦਾ ਹੈ, ਇਸ ਦੇ ਬਾਵਜੂਦ ਵੀ ਤੁਸੀਂ ਆਪਣੇ ਆਪ ਨੂੰ ਉਸ ਕਰਮ ਨੂੰ ਕਰਨ ਤੋਂ ਰੋਕ ਲੈਂਦੇ ਹੋ। ਇਸ ਦੇ ਨਾਲ ਤੁਹਾਡੇ ਅੰਦਰ ਆਤਮ ਵਿਸ਼ਵਾਸ ਦੀ ਸ਼ਕਤੀ ਦਾ ਜਨਮ ਹੋ ਜਾਵੇਗਾ। ਥੱਲੇ ਵੱਲ ਨੂੰ ਗਤੀ ਕਰਨੀ ਬਹੁਤ ਹੀ ਆਸਾਨ ਹੈ। ਉੱਪਰ ਵੱਲ ਨੂੰ ਗਤੀ ਕਰਨ ਦੇ ਲਈ ਸ਼ਕਤੀ ਦੀ ਵਰਤੋਂ ਕਰਨੀ ਪੈਂਦੀ ਹੈ। ਮਨ ਦੀਆਂ ਰਾਗ-ਮਈ ਭਾਵਨਾਵਾਂ ਅਤੇ ਵਾਸ਼ਨਾਵਾਂ ਦੇ ਵਿਚਾਰਾਂ ਨੂੰ ਸਬਰ, ਸੰਤੋਖ ਅਤੇ ਧੀਰਜ ਦੇ ਨਾਲ ਸ਼ਾਂਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਕਰਨ ਦੇ ਨਾਲ ਆਤਮ ਵਿਸ਼ਵਾਸ ਪੈਦਾ ਹੋ ਜਾਂਦਾ ਹੈ ਕਿ ਮੈਂ ਸ਼ਕਤੀਵਾਨ ਹਾਂ, ਇੰਦਰੀਆਂ ਦੀ ਗ਼ੁਲਾਮੀ ਕਰਨ ਵਾਲਾ ਕੋਈ ਗ਼ੁਲਾਮ ਨਹੀਂ ਹਾਂ। ਬੁਰੀ ਸੰਗਤ ਦੇ ਵਿਚ ਨਕਾਰਾਤਮਿਕ ਸ਼ਕਤੀ ਦਾ ਚੱਕਰ ਹੁੰਦਾ ਹੈ। ਜਦੋਂ ਸਾਧਾਰਨ ਮਨੁੱਖ ਇਸ ਚੱਕਰ ਦੇ ਲਾਗੇ ਆਵੇਗਾ, ਜੇਕਰ ਉਸ ਦੀ ਆਤਮਾ ਸ਼ਕਤੀਵਾਨ ਨਹੀਂ ਹੈ ਤਾਂ ਉਸ ਨੇ ਨਕਾਰਾਤਮਿਕ ਚੱਕਰ ਵਾਲੀ ਸ਼ਕਤੀ ਤੋਂ ਪ੍ਰਭਾਵਿਤ ਹੋ ਜਾਣਾ ਹੈ। ਇਸ ਦਾ ਕਾਰਨ ਹੈ ਕਿ ਉਸ ਦੀ ਆਤਮਾ ਦੇ ਅੰਦਰ ਐਨੀ ਸ਼ਕਤੀ ਨਹੀਂ ਹੈ ਜੋ ਨਕਾਰਾਤਮਿਕ ਸ਼ਕਤੀ ਦਾ ਵਿਰੋਧ ਕਰ ਸਕੇ। ਇਸੇ ਲਈ ਜਿਸ ਜਗ੍ਹਾ ਦੇ ਉੱਪਰ ਬੁਰੀ ਸੰਗਤ ਵਾਲੇ ਜ਼ਿਆਦਾ ਲੋਕ ਹੋਣ, ਉਸ ਜਗ੍ਹਾ ’ਤੇ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਕੋਲ ਜਾਣ ਦੇ ਨਾਲ ਤੁਹਾਡੇ ਅੰਦਰ ਬੁਰਾਈ ਨੇ ਬਦੋਬਦੀ ਆ ਜਾਣਾ ਹੈ।

ਧਰਮ

ਧਰਮ ਅਤੇ ਮਜ਼੍ਹਬ ਦੇ ਵਿਚ ਜੋ ਫ਼ਰਕ ਹੈ, ਉਸ ਨੂੰ ਸਮਝ ਲੈਣਾ ਜ਼ਰੂਰੀ ਹੈ। ਧਰਮ ਇੱਕ ਰੁੱਖ ਹੈ ਅਤੇ ਮਜ਼੍ਹਬ ਉਸ ਰੁੱਖ ਨੂੰ ਲੱਗੀਆਂ ਕਈ ਟਾਹਣੀਆਂ ਹਨ। ਸੋ ਧਰਮ ਇੱਕ ਹੈ ਅਤੇ ਮਜ਼੍ਹਬ ਬਹੁਤ ਸਾਰੇ ਹਨ। ਧਾਰਮਿਕ ਗ੍ਰੰਥਾਂ ਦੇ ਅੰਦਰ ਸ਼ਬਦ ਬ੍ਰਹਮ ਨੂੰ ਪੜ੍ਹ ਲੈਣਾ ਇੱਕ ਹੋਰ ਗੱਲ ਹੈ ਅਤੇ ਪਾਰਬ੍ਰਹਮ ਨੂੰ ਖ਼ੁਦ ਅਨੁਭਵ ਕਰਨਾ ਇੱਕ ਹੋਰ ਗੱਲ ਹੈ। ਮਜ਼੍ਹਬ ਕੋਈ ਵੀ ਹੋਵੇ, ਜੇਕਰ ਉਹ ਮਸ਼ੀਨ ਤੋਂ ਮਨੁੱਖ ਬਣਾਉਣ ਦੇ ਵਿਚ ਤੁਹਾਡੀ ਮਦਦ ਕਰ ਰਿਹਾ ਹੈ ਤਾਂ ਠੀਕ ਹੈ। ਜੇਕਰ ਵਹਿਮਾਂ ਅਤੇ ਭਰਮਾਂ ਦੇ ਵਿਚ ਪਾ ਕੇ ਮਨੁੱਖ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਤਾਂ ਇਸ ਕਿਸਮ ਦੇ ਮਜ਼੍ਹਬ ਤੋਂ ਮਨੁੱਖ ਨੂੰ ਆਪਣੇ ਆਪ ਨੂੰ ਮੁਕਤ ਕਰ ਲੈਣਾ ਚਾਹੀਦਾ ਹੈ। ਆਪਣੀ ਚੇਤਨਾ ਸ਼ਕਤੀ ਨੂੰ ਵਿਚਾਰਾਂ ਦੇ ਰਾਹੀਂ ਬਾਹਰ ਗਤੀ ਕਰਨ ਤੋਂ ਰੋਕਣਾ ਹੀ ਧਰਮ ਹੈ। ਧਰਮ ਕੀ ਹੈ, ਪਹਿਲਾਂ ਆਪਣੇ ਸਵਾਸਾਂ ਨੂੰ ਸ਼ਾਂਤ ਕਰਨਾ ਹੈ, ਸਵਾਸਾਂ ਨੇ ਪ੍ਰਾਣਾਂ ਨੂੰ ਸ਼ਾਂਤ ਕਰ ਦੇਣਾ ਹੈ, ਪ੍ਰਾਣਾਂ ਨੇ ਮਨ ਨੂੰ ਆਪਣੇ ਆਪ ਸ਼ਾਂਤ ਕਰ ਦੇਣਾ ਹੈ। ਜਦੋਂ ਮਨ ਸ਼ਾਂਤ ਹੋ ਗਿਆ ਤਾਂ ਇਸ ਨੇ ਆਤਮਾ ਨੂੰ ਸ਼ਾਂਤ ਕਰਨ ਤੋਂ ਬਾਅਦ ਇਸ ਦਾ ਮੇਲ ਪਰਮਾਤਮਾ ਦੇ ਨਾਲ ਕਰਵਾ ਦੇਣਾ ਹੈ।

ਧਰਮ ਦੀ ਖੋਜ ਹਰ ਇੱਕ ਮਨੁੱਖ ਨੇ ਆਪ ਖ਼ੁਦ ਕਰਨੀ ਹੁੰਦੀ ਹੈ ਆਪਣੇ ਸਰੀਰ ਦੇ ਅੰਦਰੋਂ। ਇਹ ਕੋਈ ਸਕੂਲੀ ਪੜ੍ਹਾਈ ਨਹੀਂ ਹੈ ਜਿਸ ਨੂੰ ਕਿਤਾਬਾਂ ਦੇ ਵਿੱਚੋਂ ਪੜ੍ਹ ਕੇ ਸਮਝ ਲਿਆ ਜਾਵੇ। ਧਰਮ ਦੇ ਰਸਤੇ ਉੱਪਰ ਚੱਲਣ ਦੇ ਲਈ ਬਾਹਰੀ ਗਿਆਨ ਕੰਮ ਨਹੀਂ ਆਉਂਦਾ। ਸਾਧਕ ਦਾ ਆਪਣਾ ਹੀ ਗਿਆਨ ਕੰਮ ਆਵੇਗਾ। ਆਪਣਾ ਗਿਆਨ ਆਤਮਾ ਤੋਂ ਆਉਂਦਾ ਹੈ। ਜੋ ਮਨੁੱਖ ਗੱਲ ਨੂੰ ਵਿਚਾਰਨ ਤੋਂ ਬਿਨਾਂ ਕਿਸੇ ਦੇ ਪਿੱਛੇ ਲੱਗ ਜਾਂਦਾ ਹੈ, ਇਸ ਗੱਲ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਇਸ ਮਨੁੱਖ ਨੇ ਆਪਣੀ ਵਿਵੇਕ ਬੁੱਧੀ ਦਾ ਇਸਤੇਮਾਲ ਕਰਨਾ ਬੰਦ ਕਰ ਦਿੱਤਾ ਹੈ। ਜਦੋਂ ਮਨੁੱਖ ਸਾਧਨਾ ਕਰਦਾ ਹੀ ਜਾਂਦਾ ਹੈ ਤਾਂ ਉਸ ਮਨੁੱਖ ਨੂੰ ਪਰਮਾਤਮਾ ਆਪਣੇ ਘਰ ਦਾ ਰਸਤਾ ਦਿਖਾਉਣ ਵਾਸਤੇ ਉਸ ਦੇ ਕੋਲ ਆਪਣੇ ਆਪ ਆ ਜਾਂਦਾ ਹੈ। ਕਿਸੇ ਦੇ ਦੁਆਰਾ ਦੱਸੇ ਗਏ ਸ਼ਬਦ ਨੇ ਤੁਹਾਡੀ ਕੋਈ ਮਦਦ ਨਹੀਂ ਕਰਨੀ। ਕਿੰਨੇ ਸਾਲਾਂ ਤੋਂ ਤੁਸੀਂ ਉਨ੍ਹਾਂ ਦੇ ਦੁਆਰਾ ਦੱਸੇ ਗਏ ਸ਼ਬਦ ਦਾ ਜਾਪ ਕਰਦੇ ਆ ਰਹੇ ਹੋ। ਕੁੱਝ ਹੋਇਆ ਹੈ ਜਾਂ ਨਹੀਂ। ਇਸ ਗੱਲ ਦਾ ਜਵਾਬ ਤੁਹਾਡੇ ਤੋਂ ਇਲਾਵਾ ਕੋਈ ਹੋਰ ਨਹੀਂ ਦੇ ਸਕਦਾ। ਪਰਮਾਤਮਾ ਨੂੰ ਕੇਵਲ ਉਹੀ ਮਨੁੱਖ ਅਨੁਭਵ ਕਰ ਸਕਦਾ ਹੈ ਜਿਸ ਦਾ ਮਨ ਸ਼ਬਦਾਂ ਤੋਂ ਰਹਿਤ ਹੋ ਜਾਵੇਗਾ। ਸ਼ਬਦਾਂ ਦੇ ਵਿਚ ਘੁੰਮਣ ਵਾਲੀ ਸੁਰਤੀ ਅ-ਸ਼ਬਦ ਨੂੰ ਅਨੁਭਵ ਨਹੀਂ ਕਰ ਸਕਦੀ। ਕੁੱਝ ਕੁ ਮਨੁੱਖ ਸ਼ੁਰੂ ਤੋਂ ਹੀ ਧਰਮ ਦੀ ਵਰਤੋਂ

ਕਾਰੋਬਾਰ ਦੇ ਤੌਰ 'ਤੇ ਕਰਦੇ ਆ ਰਹੇ ਹਨ। ਰਾਜਨੀਤਕ ਲੋਕ ਮਨੁੱਖ ਨੂੰ ਬਾਹਰੋਂ ਆਪਣੇ ਅਧੀਨ ਕਰ ਕੇ ਬੈਠੇ ਹਨ ਅਤੇ ਸੰਤ ਤੇ ਬਾਬੇ ਮਨੁੱਖਤਾ ਨੂੰ ਅੰਦਰੋਂ ਆਪਣੀ ਕੈਦ ਵਿਚ ਕਰੀ ਬੈਠੇ ਹਨ। ਇਹ ਦੋ ਵਰਗ ਹੀ ਸਾਰੀ ਦੁਨੀਆਂ ਦੇ ਉੱਪਰ ਰਾਜ ਕਰਦੇ ਆ ਰਹੇ ਹਨ।

ਸ਼ੁਰੂ ਤੋਂ ਮਨੁੱਖ ਧਰਮ ਦੀ ਵਰਤੋਂ ਕਾਰੋਬਾਰ ਦੇ ਤੌਰ 'ਤੇ ਕਰਦਾ ਆ ਰਿਹਾ ਹੈ। ਅਗਾਂਹ ਆਉਣ ਵਾਲੇ ਸਮੇਂ ਦੇ ਵਿਚ ਵੀ ਇਨ੍ਹਾਂ ਲੋਕਾਂ ਨੇ ਧਰਮ ਦੀ ਵਰਤੋਂ ਕਾਰੋਬਾਰ ਦੇ ਤੌਰ 'ਤੇ ਕਰਨੀ ਹੈ। ਇਸ ਧਰਤੀ ਦੇ ਉੱਪਰ ਸਮੇਂ ਸਮੇਂ 'ਤੇ ਵਿਵੇਕ ਬੁੱਧੀ ਵਾਲੇ ਮਨੁੱਖ ਪੈਦਾ ਹੁੰਦੇ ਰਹੇ ਹਨ, ਜਿਨ੍ਹਾਂ ਨੇ ਮਨੁੱਖਤਾ ਨੂੰ ਇਨ੍ਹਾਂ ਮਜ਼ਬਾਂ ਦੇ ਕਾਰੋਬਾਰੀ ਠੇਕੇਦਾਰਾਂ ਤੋਂ ਆਜ਼ਾਦ ਕਰਵਾਉਣ ਦੇ ਲਈ ਬਹੁਤ ਸਾਰੀਆਂ ਕੋਸ਼ਿਸ਼ਾਂ ਵੀ ਕੀਤੀਆਂ ਸਨ, ਪਰ ਮਾਨਸਿਕ ਕਮਜ਼ੋਰ ਮਨੁੱਖ ਇੱਕ ਪਿੰਜਰੇ ਦੇ ਤੋਤੇ ਵਾਂਗੂੰ ਪਿੰਜਰੇ ਦੀਆਂ ਸੀਖਾਂ ਨੂੰ ਹੋਰ ਜ਼ਿਆਦਾ ਮਜ਼ਬੂਤੀ ਨਾਲ ਫੜ ਲੈਂਦਾ ਹੈ। ਮਜ਼ੇ ਵਾਲੀ ਗੱਲ ਤਾਂ ਇਹ ਹੈ ਕਿ ਜੇਕਰ ਕਿਸੇ ਨੇ ਜ਼ੋਰ ਜ਼ਬਰਦਸਤੀ ਕਰ ਕੇ ਇਸ ਤੋਤੇ ਰੂਪੀ ਮਨੁੱਖ ਨੂੰ ਪਿੰਜਰੇ ਦੇ ਅੰਦਰੋਂ ਬਾਹਰ ਕੱਢ ਵੀ ਦਿੱਤਾ ਸੀ ਤਾਂ ਇਹ ਤੋਤਾ ਰੂਪੀ ਮਨੁੱਖ ਪਿੰਜਰੇ ਦੇ ਅੰਦਰ ਵਾਪਸ ਆ ਜਾਂਦਾ ਹੈ। ਕੀ ਇਸ ਤਰ੍ਹਾਂ ਦੇ ਡਰਪੋਕ ਮਨੁੱਖ ਦਾ ਮਿਲਣ ਪਰਮਾਤਮਾ ਦੇ ਨਾਲ ਹੋ ਸਕਦਾ ਹੈ ? ਇੱਕ ਬਹਾਦਰ ਅਤੇ ਨਿਡਰ ਮਨੁੱਖ ਹੀ ਧਰਮ ਦੇ ਮਾਰਗ ਉੱਪਰ ਚੱਲ ਸਕਦਾ ਹੈ। ਅੱਜ ਜੋ ਲੋਕ ਆਪਣੇ ਆਪ ਨੂੰ ਧਰਮ ਦਾ ਪ੍ਰਚਾਰਕ ਸਮਝਦੇ ਹਨ, ਉਨ੍ਹਾਂ ਨੇ ਧਰਮ ਨੂੰ ਡਰਪੋਕਾਂ ਅਤੇ ਕਮਜ਼ੋਰ ਮਨੁੱਖਾਂ ਦੇ ਲਈ ਬਣਾ ਕੇ ਰੱਖ ਦਿੱਤਾ ਹੈ। ਧਰਮ ਦੇ ਰਸਤੇ ਉੱਪਰ ਚੱਲਣ ਵਾਲੇ ਮਨੁੱਖ ਦੀ ਆਤਮਾ ਦਾ ਬਲਵਾਨ ਅਤੇ ਸ਼ਕਤੀਸ਼ਾਲੀ ਹੋਣਾ ਬਹੁਤ ਜ਼ਰੂਰੀ ਹੈ। ਇੱਕ ਪੁਰਾਣੀ ਕਹਾਣੀ ਤੁਹਾਡੇ ਨਾਲ ਸਾਂਝੀ ਕਰਦਾ ਹਾਂ ਉਮੀਦ ਹੈ ਮੇਰੀ ਗੱਲ ਤੁਹਾਡੀ ਪਕੜ ਦੇ ਵਿਚ ਆ ਜਾਵੇਗੀ। ਪੁਰਾਣੇ ਸਮਿਆਂ ਦੀ ਗੱਲ ਹੈ ਕਿ ਇੱਕ ਪਿੰਡ ਦੇ ਵਿਚ ਭੇਡਾਂ ਦਾ ਮਾਲਕ ਰਹਿੰਦਾ ਸੀ, ਜਿਸ ਦੇ ਕੋਲ ਪੰਜ ਸੌ ਦੇ ਕਰੀਬ ਭੇਡਾਂ ਸਨ। ਉਹ ਭੇਡਾਂ ਨੂੰ ਬਹੁਤ ਕਸ਼ਟ ਦੇਂਦਾ ਸੀ, ਖ਼ਾਸ ਕਰਕੇ ਉਹ ਸਰਦੀਆਂ ਵਿਚ ਭੇਡਾਂ ਦੀ ਉੱਨ ਉਤਾਰ ਲੈਂਦਾ। ਜਿਸ ਕਾਰਨ ਭੇਡਾਂ ਨੂੰ ਕੜਾਕੇ ਦੀ ਠੰਢ ਵਿਚ ਤੜਫਣਾ ਪੈਂਦਾ। ਭੇਡਾਂ ਦੇ ਉੱਪਰ ਉਸ ਦੇ ਅੱਤਿਆਚਾਰ ਬਹੁਤ ਵੱਧ ਗਏ ਸਨ। ਜਦੋਂ ਉਹ ਸਰਦੀਆਂ ਵਿਚ ਭੇਡਾਂ ਦੀ ਜ਼ਬਰਦਸਤੀ ਉੱਨ ਉਤਾਰਨੀ ਸ਼ੁਰੂ ਕਰਦਾ ਤਾਂ ਭੇਡਾਂ ਗਹਿਰੇ ਜੰਗਲ ਦੇ ਵਿਚ ਵੜ ਜਾਂਦੀਆਂ। ਹਰ ਸਾਲ ਸਰਦੀਆਂ ਦੇ ਸਮੇਂ ਭੇਡਾਂ ਦੇ ਝੁੰਡ ਵਿਚ ਬਗ਼ਾਵਤ ਫੈਲ ਜਾਂਦੀ। ਭੇਡਾਂ ਦਾ ਮਾਲਕ ਭੇਡਾਂ ਦੀ ਦੇਖ-ਭਾਲ ਕਰਨ ਵਾਸਤੇ, ਅਯਾਲੀ ਨਹੀਂ ਰੱਖਣਾ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਇਸ ਸਮੱਸਿਆ ਦਾ ਕੋਈ ਪੱਕਾ ਹੱਲ ਹੋ ਜਾਵੇ। ਉਸ ਨੂੰ ਕਿਸੇ ਨੇ ਦੱਸ ਪਾਈ ਕਿ ਲਾਗਲੇ ਪਿੰਡ ਵਿਚ ਇੱਕ ਜਾਦੂਗਰ (ਪ੍ਰਚਾਰਕ) ਰਹਿੰਦਾ ਹੈ। ਤੁਸੀਂ ਉਸ ਕੋਲ ਜਾਵੋ, ਉਸ ਨੇ ਤੁਹਾਡੀ ਸਮੱਸਿਆ ਦਾ ਪੱਕਾ ਹੱਲ ਕਰ ਦੇਣਾ ਹੈ। ਅਗਲੇ ਦਿਨ ਭੇਡਾਂ ਦਾ ਮਾਲਕ ਸਵੇਰੇ ਸਵੇਰੇ ਉਸ ਜਾਦੂਗਰ (ਪ੍ਰਚਾਰਕ) ਦੇ ਕੋਲ ਪਹੁੰਚ ਜਾਂਦਾ ਹੈ। ਭੇਡਾਂ ਦੇ ਮਾਲਕ ਨੇ ਜਾਦੂਗਰ ਨੂੰ ਸਾਰੀ ਕਹਾਣੀ ਸੁਣਾ ਦਿੱਤੀ। ਪੂਰੀ ਗੱਲ ਨੂੰ ਧਿਆਨ ਨਾਲ ਸੁਣਨ ਤੋਂ ਬਾਅਦ ਪ੍ਰਚਾਰਕ ਨੇ ਆਪਣੇ ਦੋਨੋਂ

ਹੱਥ ਮੱਥੇ ਉੱਪਰ ਰੱਖ ਕੇ ਸੋਚਣਾ ਸ਼ੁਰੂ ਕੀਤਾ। ਉਹ ਕੁੱਝ ਮਿੰਟ ਸੋਚਣ ਤੋਂ ਬਾਅਦ ਬੋਲਿਆ ਕਿ ਮੇਰੀਆਂ ਦੋ ਸ਼ਰਤਾਂ ਹਨ ਇੱਕ ਤਾਂ ਮੈਨੂੰ ਐਨੇ ਪੈਸੇ ਚਾਹੀਦੇ ਹਨ; ਦੂਜਾ ਮੈਨੂੰ ਭੇਡਾਂ ਦੇ ਨਾਲ ਕੁੱਝ ਸਮੇਂ ਲਈ ਰਹਿਣਾ ਪਵੇਗਾ। ਮੈਂ ਤੁਹਾਡੀ ਸਮੱਸਿਆ ਦਾ ਪੱਕਾ ਹੱਲ ਕਰ ਦੇਵਾਂਗਾ। ਭੇਡਾਂ ਦੇ ਮਾਲਕ ਨੇ ਦੋਨੋਂ ਸ਼ਰਤਾਂ ਮਨਜ਼ੂਰ ਕਰ ਲਈਆਂ। ਜਾਦੂਗਰ (ਪ੍ਰਚਾਰਕ) ਅਗਲੇ ਦਿਨ ਤੋਂ ਭੇਡਾਂ ਦੇ ਨਾਲ ਰਹਿਣ ਵਾਸਤੇ ਆ ਗਿਆ। ਉਹ ਰਾਤ ਨੂੰ ਸੌਣ ਤੋਂ ਪਹਿਲਾਂ ਭੇਡਾਂ ਨੂੰ ਇੱਕ ਕਾਲਪਨਿਕ ਕਹਾਣੀ ਸੁਣਾਉਂਦਾ ਸੀ। ਕੁੱਝ ਹੀ ਦਿਨਾਂ ਦੇ ਅੰਦਰ ਭੇਡਾਂ ਜਾਦੂਗਰ (ਪ੍ਰਚਾਰਕ) ਉੱਪਰ ਵਿਸ਼ਵਾਸ ਕਰਨ ਲੱਗ ਪਈਆਂ। ਇਸ ਗੱਲ ਨੂੰ ਜਾਣ ਕੇ ਜਾਦੂਗਰ ਬਹੁਤ ਪ੍ਰਸੰਨ ਹੋ ਗਿਆ। ਉਸ ਨੂੰ ਤਾਂ ਇਸ ਦਿਨ ਦਾ ਇੰਤਜ਼ਾਰ ਸੀ। ਉਸ ਰਾਤ ਕੜਾਕੇ ਦੀ ਠੰਢ ਪੈ ਰਹੀ ਸੀ। ਸੌਣ ਤੋਂ ਪਹਿਲਾਂ ਸਾਰੀਆਂ ਭੇਡਾਂ ਦੇ ਨਾਲ ਇੱਕ ਮੀਟਿੰਗ ਕੀਤੀ ਅਤੇ ਇੱਕ ਝੂਠੇ ਭਰਮ ਦਾ ਪ੍ਰਚਾਰ ਕਰ ਦਿੱਤਾ ਕਿ ਜਦੋਂ ਸਾਡੀ ਮੌਤ ਹੋ ਜਾਵੇਗੀ, ਉਸ ਤੋਂ ਬਾਅਦ ਸਾਨੂੰ ਸਾਰਿਆਂ ਨੂੰ ਨਰਕਾਂ ਵਿਚ ਜਾਣਾ ਪਵੇਗਾ। ਸਾਡੀ ਆਤਮਾ ਨੇ ਅੱਗ ਦੀ ਨਦੀ ਦੇ ਵਿੱਚੋਂ ਦੀ ਲੰਘਣਾ ਹੈ। ਜਮਦੂਤ ਨਰਕਾਂ ਵਿਚ ਆਤਮਾ ਦੇ ਉੱਪਰ ਗਰਮ ਪਾਣੀ ਅਤੇ ਰੇਤਾ ਪਾ ਕੇ ਇਸ ਨੂੰ ਬਹੁਤ ਕਸ਼ਟ ਦੇਂਦੇ ਹਨ। ਜਾਦੂਗਰ ਇੱਕ ਕਾਲਪਨਿਕ ਨਰਕ ਦੀਆਂ ਗੱਪਾਂ ਮਾਰੀ ਜਾ ਰਿਹਾ ਸੀ। ਨਰਕਾਂ ਦੀਆਂ ਸਜ਼ਾਵਾਂ ਨੂੰ ਸੁਣ ਸੁਣ ਕੇ ਕਈ ਭੇਡਾਂ ਦੀਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਹੀ ਰਹਿ ਗਈਆਂ ਸਨ। ਉਸ ਰਾਤ ਨੂੰ ਬਹੁਤ ਸਾਰੀਆਂ ਭੇਡਾਂ ਨਰਕਾਂ ਦੇ ਵਿਚ ਮਿਲਣ ਵਾਲੀ ਸਜ਼ਾ ਬਾਰੇ ਸੁਣ ਕੇ ਸੌਂ ਨਾ ਸਕੀਆਂ। ਉਹ ਸਾਰੀ ਰਾਤ ਨਰਕਾਂ ਵਿਚ ਮਿਲਣ ਵਾਲੀਆਂ ਸਜ਼ਾਵਾਂ ਦੇ ਬਾਰੇ ਸੋਚ ਸੋਚ ਕੇ ਡਰਦੀਆਂ ਰਹੀਆਂ। ਉਸ ਰਾਤ ਜਾਦੂਗਰ ਭੇਡਾਂ ਵਾਲੇ ਕਮਰੇ ਦੀ ਦੀਵਾਰ ਦੇ ਨਾਲ ਕੰਨ ਲਗਾ ਕੇ ਉਨ੍ਹਾਂ ਦੀਆਂ ਗੱਲਾਂ ਨੂੰ ਸੁਣਦਾ ਰਿਹਾ ਅਤੇ ਉਹ ਬਹੁਤ ਪ੍ਰਸੰਨ ਹੋ ਕੇ ਸੌਂ ਗਿਆ। ਉਸ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਮਨਘੜਤ ਨਰਕ ਦਾ ਡਰ ਕਾਫ਼ੀ ਭੇਡਾਂ ਦੇ ਮਨਾਂ ਉੱਪਰ ਜੁ ਹੋ ਚੁੱਕਿਆ ਸੀ। ਉਸ ਨੂੰ ਬੱਸ ਸਵੇਰ ਹੋਣ ਦਾ ਇੰਤਜ਼ਾਰ ਸੀ। ਉਹ ਮਨ ਦੇ ਵਿਚ ਇਹ ਸੋਚ ਰਿਹਾ ਸੀ ਕਿ ਲੋਹਾ ਗਰਮ ਹੈ। ਬਹੁਤ ਚੰਗਾ ਮੌਕਾ ਹੈ, ਹਥੌੜਾ ਮਾਰ ਦੇਣਾ ਚਾਹੀਦਾ ਹੈ। ਉਹ ਦਿਨ ਚੜ੍ਹਦੇ ਸਾਰ ਹੀ ਭੇਡਾਂ ਦੇ ਕੋਲ ਪਹੁੰਚ ਗਿਆ। ਉਸ ਦੇ ਅੰਦਰ ਵੜਨ ਸਾਰ ਬਹੁਤ ਸਾਰੀਆਂ ਭੇਡਾਂ ਉਸ ਦੇ ਕੋਲ ਇਕੱਠੀਆਂ ਹੋ ਗਈਆਂ। ਸਾਰੀਆਂ ਭੇਡਾਂ ਜਾਦੂਗਰ (ਪ੍ਰਚਾਰਕ) ਨੂੰ ਕਹਿਣ ਲੱਗੀਆਂ ਕਿ ਸਾਨੂੰ ਤਾਂ ਨਰਕਾਂ ਦੀਆਂ ਸਜ਼ਾਵਾਂ ਬਾਰੇ ਸੋਚ ਸੋਚ ਕੇ ਰਾਤ ਨੂੰ ਨੀਂਦ ਨਹੀਂ ਆਈ। ਤੁਸੀਂ ਦੱਸੋ ਕਿ ਇਨ੍ਹਾਂ ਪਾਪਾਂ ਦੀਆਂ ਸਜ਼ਾਵਾਂ ਤੋਂ ਕਿੱਦਾਂ ਮੁਕਤੀ ਮਿਲ ਸਕਦੀ ਹੈ। ਜਿੰਨੀਆਂ ਵੀ ਭੇਡਾਂ ਉਸ ਜਾਦੂਗਰ (ਪ੍ਰਚਾਰਕ) ਕੋਲ ਆ ਗਈਆਂ ਸਨ, ਉਹ ਉਨ੍ਹਾਂ ਨੂੰ ਕਹਿਣ ਲੱਗਾ ਕਿ ਜੋ ਭੇਡਾਂ ਨਹੀਂ ਆਈਆਂ ਤੁਹਾਡੇ ਪਾਪ ਉਨ੍ਹਾਂ ਭੇਡਾਂ ਦੇ ਨਾਲੋਂ ਕੁੱਝ ਘੱਟ ਹਨ। ਇਨ੍ਹਾਂ ਪਾਪਾਂ ਨੂੰ ਵੀ ਤੁਹਾਡਾ ਮਾਲਕ ਖ਼ਤਮ ਕਰ ਦੇਵੇਗਾ। ਜੇਕਰ ਤੁਸੀਂ ਹੋਰ ਭੇਡਾਂ ਨੂੰ ਇੱਥੇ ਪ੍ਰਚਾਰ ਕਰ ਕੇ ਲੈ ਆਉਂਦੇ ਹੋ। ਇਸ ਤਰ੍ਹਾਂ ਕਰਨ ਦੇ ਨਾਲ ਤੁਹਾਡੇ ਸਾਰੇ ਪਾਪ ਖ਼ਤਮ ਹੋ ਜਾਣਗੇ। ਜੇਕਰ ਤੁਸੀਂ ਸਰਦੀਆਂ ਦੇ ਸਮੇਂ ਆਪਣੀ ਮਰਜ਼ੀ ਦੇ ਨਾਲ ਉੱਨ ਨੂੰ ਉਤਰਵਾ

ਲੈਂਦੇ ਹੋ ਤਾਂ ਤੁਹਾਡੀ ਮੌਤ ਤੋਂ ਬਾਅਦ ਤੁਹਾਡਾ ਮਾਲਕ ਤੁਹਾਡੀ ਆਤਮਾ ਨੂੰ ਆਪਣੇ ਅਮਰ ਵਾਹਨ ਉੱਪਰ ਬਿਠਾ ਕੇ ਨਰਕ ਵਾਲੀ ਨਦੀ ਤੋਂ ਪਾਰ ਸਵਰਗਾਂ ਦੇ ਵਿਚ ਛੱਡ ਆਵੇਗਾ। ਤੁਹਾਡੇ ਸਾਰੇ ਪਾਪ ਵੀ ਮਾਫ਼ ਹੋ ਜਾਣਗੇ। ਜਾਦੂਗਰ (ਪ੍ਰਚਾਰਕ) ਸਾਰੀਆਂ ਗੱਪਾਂ ਉਨ੍ਹਾਂ ਨੂੰ ਸੁਣਾਈ ਜਾ ਰਿਹਾ ਸੀ। ਬਹੁਤ ਸਾਰੀਆਂ ਭੇਡਾਂ ਨੇ ਸਰਦੀਆਂ ਦੀਆਂ ਤਕਲੀਫ਼ਾਂ ਨੂੰ ਵੀ ਖ਼ੁਸ਼ੀ ਖ਼ੁਸ਼ੀ ਪ੍ਰਵਾਨ ਕਰ ਲਿਆ। ਹੁਣ ਬਹੁਤ ਸਾਰੀਆਂ ਭੇਡ ਉੱਨ ਉਤਾਰਨ ਦੇ ਡਰ ਕਾਰਨ ਗਹਿਰੇ ਜੰਗਲ ਦੇ ਵਿਚ ਨਹੀਂ ਜਾਂਦੀਆਂ ਸਨ। ਕਿਉਂਕਿ ਜਾਦੂਗਰ ਨੇ ਕਈ ਭੇਡਾਂ ਨੂੰ ਇਹ ਭਰਮ ਪਾ ਦਿੱਤਾ ਸੀ ਕਿ ਤੁਸੀਂ ਦੂਜੀਆਂ ਭੇਡਾਂ ਦੇ ਨਾਲੋਂ ਮਹਾਨ ਹੋ। ਜੇਕਰ ਦੂਜੀਆਂ ਭੇਡਾਂ ਦੇ ਵਿੱਚੋਂ ਕੋਈ ਭੇਡ ਜੰਗਲ ਦੇ ਵਿਚ ਜਾਣ ਦੀ ਕੋਸ਼ਿਸ਼ ਵੀ ਕਰਦੀ ਹੈ ਤਾਂ ਤੁਸੀਂ ਉਸ ਨੂੰ ਰੋਕਣਾ ਹੈ ਅਤੇ ਦੂਜੀਆਂ ਨੂੰ ਇਸ ਤਰ੍ਹਾਂ ਨਾ ਕਰਨ ਤੋਂ ਪ੍ਰੇਰਿਤ ਵੀ ਕਰਨਾ ਹੈ। ਤੁਹਾਡਾ ਸਿੰਘਾਸਣ ਪਰਮਾਤਮਾ ਦੇ ਸਿੰਘਾਸਣ ਨਾਲ ਲੱਗਿਆ ਹੋਵੇਗਾ, ਵਗ਼ੈਰਾ ਵਗ਼ੈਰਾ। ਇਹ ਕਹਾਣੀ ਚਾਹੇ ਮਨਘੜਤ/ਗੱਪ ਹੈ ਪਰ ਅੱਜ ਦੇ ਡੇਰਾਵਾਦ ਦੀ ਅਸਲੀਅਤ ਨੂੰ ਚੰਗੀ ਤਰ੍ਹਾਂ ਬਿਆਨ ਕਰ ਕੇ ਰੱਖ ਦੇਂਦੀ ਹੈ। ਇੱਕੀਵੀਂ ਸਦੀ ਚੱਲ ਰਹੀ ਹੈ, ਅੱਜ ਕਿੰਨਾ ਸਮਾਂ ਲੰਘਣ ਦੇ ਬਾਵਜੂਦ ਵੀ ਮਨੁੱਖ ਇਨ੍ਹਾਂ ਲੋਕਾਂ ਦੀ ਕੈਦ ਵਿੱਚੋਂ ਆਪਣੇ ਆਪ ਨੂੰ ਮੁਕਤ ਕਰਨ ਤੋਂ ਕਿਉਂ ਅਸਮਰੱਥ ਨਜ਼ਰ ਆ ਰਿਹਾ ਹੈ ? ਵੱਖ-ਵੱਖ ਸਮੇਂ 'ਤੇ ਕਿੰਨੇ ਬ੍ਰਹਮ ਗਿਆਨੀ ਪੈਦਾ ਹੋਏ ਸਨ ਜਿਨ੍ਹਾਂ ਨੇ ਮਨੁੱਖਤਾ ਨੂੰ ਇਸ ਅਗਿਆਨਤਾ ਤੋਂ ਮੁਕਤ ਕਰਵਾਉਣ ਦੇ ਲਈ ਬਹੁਤ ਕੋਸ਼ਿਸ਼ ਕੀਤੀ, ਪਰ ਮਨੁੱਖ ਦਾ ਅੰਧ-ਵਿਸ਼ਵਾਸ ਵਾਲਾ ਪਰਦਾ ਨਹੀਂ ਉਤਰਿਆ। ਅੱਜ ਕਿੰਨਾ ਸਮਾਂ ਬੀਤ ਚੁੱਕਾ ਹੈ ਕਿ ਇਹਨਾਂ ਦੇਹਧਾਰੀ ਬਾਬਿਆਂ ਨੇ ਕਿੰਨੇ ਕੁ ਮਨੁੱਖਾਂ ਨੂੰ ਆਤਮ ਗਿਆਨ ਨੂੰ ਪ੍ਰਾਪਤ ਕਰਨ ਦੇ ਵਿਚ ਉਨ੍ਹਾਂ ਦੀ ਮਦਦ ਕੀਤੀ ਹੈ। ਜਿਨ੍ਹਾਂ ਨੇ ਇਹਨਾਂ ਦੇ ਰਾਹੀਂ ਸੱਚ ਨੂੰ ਅਨੁਭਵ ਕੀਤਾ ਹੈ, ਕਦੇ ਉਨ੍ਹਾਂ ਲੋਕਾਂ ਦੇ ਵਿੱਚੋਂ ਤੁਹਾਨੂੰ ਕੋਈ ਮਿਲਿਆ ਹੈ ? ਅੱਜ ਆਪਣੇ ਆਪ ਨੂੰ ਇਹ ਸਵਾਲ ਜ਼ਰੂਰ ਪੁੱਛਣਾ। ਇਹਨਾਂ ਡੇਰਿਆਂ ਦੇ ਵਿਚ ਲੋਕ ਇੱਧਰ ਉੱਧਰ ਭਟਕਦੇ ਹੋਏ ਸੰਸਾਰ ਤੋਂ ਖ਼ਾਲੀ ਹੱਥ ਚਲੇ ਜਾਂਦੇ ਹਨ। ਕਦੇ ਸੋਚ ਵਿਚਾਰ ਕੀਤੀ ਕਿ ਕਿੰਨੇ ਕੁ ਲੋਕ ਹਨ ਜਿਨ੍ਹਾਂ ਨੇ ਇਨ੍ਹਾਂ ਦੇ ਰਾਹੀਂ ਆਤਮ ਗਿਆਨ ਵਾਲੀ ਅਵਸਥਾ ਨੂੰ ਪ੍ਰਾਪਤ ਕਰ ਲਿਆ ਹੈ। ਇਸ ਅਗਿਆਨਤਾ ਦੇ ਵਿਚ ਕਿਸੇ ਹੋਰ ਦਾ ਕੋਈ ਕਸੂਰ ਨਹੀਂ ਹੈ। ਜਿਸ ਮਨੁੱਖ ਨੇ ਆਪਣੇ ਆਪ ਨੂੰ ਨਕਲੀ ਪਰਮਾਤਮਾ ਦੇ ਨਾਲ ਤ੍ਰਿਪਤ ਕਰ ਲਿਆ ਹੈ, ਉਸ ਮਨੁੱਖ ਦੇ ਲਈ ਅਸਲੀ ਪਰਮਾਤਮਾ ਤੱਕ ਪਹੁੰਚਣਾ ਬਹੁਤ ਮੁਸ਼ਕਲ ਹੈ। ਕਿਸੇ ਬਾਬੇ ਦੇ ਉੱਪਰ ਅੰਨ੍ਹਾ ਵਿਸ਼ਵਾਸ ਕਰ ਲੈਣ ਦੇ ਨਾਲ ਮਨ ਦੀ ਮੈਲ ਦੂਰ ਨਹੀਂ ਹੋ ਸਕਦੀ। ਆਪਣੇ ਸਰੀਰ ਅੰਦਰ ਪ੍ਰਾਣਾਂ ਦਾ ਦੀਵਾ ਮਨੁੱਖ ਨੂੰ ਆਪ ਹੀ ਬਾਲਣਾ ਪੈਂਦਾ ਹੈ। ਇਸ ਕਾਰਜ ਨੂੰ ਕਰਨ ਵਾਸਤੇ ਆਪਣੀ ਵਿਵੇਕ ਬੁੱਧੀ ਦੀ ਵਰਤੋਂ ਕਰਨੀ ਪੈਂਦੀ ਹੈ। ਜੋ ਲੋਕ ਇਹਨਾਂ ਡੇਰਿਆਂ ਦੇ ਸੰਤਾਂ ਦੀ ਸੰਗਤ ਕਰਦੇ ਆ ਰਹੇ ਹਨ, ਉਨ੍ਹਾਂ ਸਾਰਿਆਂ ਮਨੁੱਖਾਂ ਦੇ ਵਿੱਚੋਂ ਤੁਹਾਨੂੰ ਕੋਈ ਮਨੁੱਖ ਇਸ ਤਰ੍ਹਾਂ ਦਾ ਮਿਲਿਆ ਹੈ ਜਿਸ ਨੂੰ ਆਪਣੇ ਔਗੁਣਾਂ ਤੋਂ ਮੁਕਤੀ ਮਿਲ ਚੁੱਕੀ ਹੈ।

ਇਹ ਮਨੁੱਖ ਦਾ ਆਪਣਾ ਫ਼ੈਸਲਾ ਹੈ ਕਿ ਉਸ ਨੇ ਨਕਲੀ ਪਰਮਾਤਮਾ ਨੂੰ

ਮਿਲਣਾ ਹੈ ਜਿਸ ਨੂੰ ਕਿਸੇ ਮਨੁੱਖ ਨੇ ਬਣਾਇਆ ਹੈ ਜਾਂ ਉਸ ਅਸਲੀ ਪਰਮਾਤਮਾ ਨੂੰ ਆਪ ਖ਼ੁਦ ਮਿਲਣਾ ਹੈ ਅਤੇ ਅਨੁਭਵ ਕਰਨਾ ਹੈ। ਮਨੁੱਖ ਨੇ ਧਾਰਮਿਕ ਗ੍ਰੰਥਾਂ ਦੇ ਵਿਚ ਲਿਖੀ ਬਾਣੀ ਦੇ ਮਤਲਬ ਨੂੰ ਸਮਝ ਕੇ ਬਾਣੀ ਦੀ ਵਰਤੋਂ ਕਰਨੀ ਸੀ। ਇਸ ਦੀ ਬਜਾਏ ਇਸ ਨੇ ਤੋਤਿਆਂ ਦੇ ਵਾਂਗੂੰ ਉਨ੍ਹਾਂ ਗ੍ਰੰਥਾਂ ਦੇ ਅੰਦਰ ਲਿਖੀ ਬਾਣੀ ਦਾ ਰਟਨ ਕਰਨਾ ਸ਼ੁਰੂ ਕਰ ਦਿੱਤਾ ਹੈ। ਬਿਨਾਂ ਇਸ ਗੱਲ ਦੀ ਖੋਜ ਕੀਤੇ ਕਿ ਗ੍ਰੰਥਾਂ ਦੇ ਵਿਚ ਲਿਖੀ ਬਾਣੀ ਕੀ ਕਹਿਣਾ ਚਾਹੁੰਦੀ ਹੈ। ਗ਼ਲਤ ਪ੍ਰਚਾਰਕਾਂ ਦੇ ਉਲਟੇ ਪ੍ਰਚਾਰ ਕਾਰਨ ਅੱਜ ਧਾਰਮਿਕ ਮਨੁੱਖ ਨੂੰ ਕਰਮ-ਕਾਂਡਾਂ ਦੇ ਵਿਚ ਬੁਰੀ ਤਰ੍ਹਾਂ ਫਸਾ ਦਿੱਤਾ ਹੈ। ਮਨੁੱਖ ਨੇ ਜਿਨ੍ਹਾਂ ਧਾਰਮਿਕ ਗ੍ਰੰਥਾਂ ਦੀ ਮਦਦ ਨਾਲ ਪਾਰਬ੍ਰਹਮ ਦੀ ਖੋਜ ਕਰਨੀ ਸੀ, ਅੱਜ ਕੇਵਲ ਕਰਮ-ਕਾਂਡਾਂ ਰਾਹੀਂ ਪਾਰਬ੍ਰਹਮ ਨੂੰ ਪ੍ਰਾਪਤ ਕਰਨ ਦਾ ਰਸਤਾ ਮੰਨ ਲਿਆ ਹੈ। ਇਨ੍ਹਾਂ ਦਾ ਪ੍ਰਚਾਰ ਹੈ ਕਿ ਸਾਡਾ ਬਾਬਾ ਉੱਥੇ ਬੈਠਾ ਹੈ ਤੁਹਾਨੂੰ ਨਰਕਾਂ ਦੀ ਅੱਗ ਦੇ ਵਿੱਚੋਂ ਕੱਢ ਕੇ ਲੈ ਜਾਵੇਗਾ। ਤੁਸੀਂ ਬੱਸ ਹਫ਼ਤੇ ਦੇ ਵਿਚ ਇੱਕ ਦੋ ਵਾਰੀ ਸਾਡੇ ਕੋਲ ਆ ਕੇ ਆਪਣੀ ਉੱਨ (ਪੈਸਾ) ਜ਼ਰੂਰ ਉਤਰਵਾ ਜਾਇਆ ਕਰੋ। ਆਪਣੇ ਨਾਲ ਹੋਰ ਲੋਕਾਂ ਨੂੰ ਵੀ ਪ੍ਰਚਾਰ ਕਰ ਕੇ ਲਿਆਉਣਾ ਹੈ। ਇਸ ਲਈ ਤੁਹਾਨੂੰ ਝੂਠ ਵੀ ਬੋਲਣਾ ਪਵੇ ਤਾਂ ਬੋਲ ਦੇਣਾ। ਦੂਜੇ ਮਨੁੱਖ ਦਾ ਕਲਿਆਣ ਕਰਨ ਦੇ ਲਈ ਬੋਲਿਆ ਗਿਆ ਝੂਠ ਵੀ ਤੁਹਾਨੂੰ ਸਵਰਗ ਵਿਚ ਲੈ ਕੇ ਜਾਵੇਗਾ। ਪ੍ਰਚਾਰ ਕੇਵਲ ਭੇਡਾਂ ਦੀ ਉੱਨ ਉਤਾਰਨ ਵਾਸਤੇ ਕੀਤਾ ਜਾ ਰਿਹਾ ਹੈ। ਪਰਮਾਤਮਾ ਨੂੰ ਪ੍ਰਾਪਤ ਕਰਨ ਵਾਸਤੇ ਨਾ ਕੁੱਝ ਕਰਨ ਦੀ ਲੋੜ ਹੈ, ਨਾ ਹੀ ਕੁੱਝ ਬੋਲਣ ਦੀ ਲੋੜ ਹੈ, ਨਾ ਹੀ ਦਾਨ ਪੁੰਨ ਕਰਨ ਦੀ ਲੋੜ ਹੈ ਬਲਕਿ ਜੋ ਕੁੱਝ ਸਾਡੇ ਦੁਆਰਾ ਕੀਤਾ ਜਾ ਰਿਹਾ ਹੈ, ਉਸ ਨੂੰ ਕਰਨ ਦੇ ਕਾਰਨ ਹੀ ਅਸੀਂ ਪਰਮਾਤਮਾ ਤੋਂ ਹੋਰ ਜ਼ਿਆਦਾ ਦੂਰ ਹੋਈ ਜਾ ਰਹੇ ਹਾਂ। ਆਪਣੇ ਆਪ ਨੂੰ ਭੇਡਾਂ ਦੇ ਝੁੰਡਾਂ ਤੋਂ ਦੂਰ ਰੱਖੋ, ਨਹੀਂ ਤਾਂ ਇਨ੍ਹਾਂ ਨੇ ਵੀ ਤੁਹਾਨੂੰ ਉੱਥੇ ਲੈ ਜਾਣਾ ਹੈ ਜਿੱਥੇ ਇਹ ਆਪ ਜਾ ਰਹੀਆਂ ਹਨ। ਹਰ ਇੱਕ ਮਨੁੱਖ ਨੇ ਆਪਣਾ ਮਾਰਗ-ਦਰਸ਼ਨ ਆਪ ਕਰਨਾ ਹੈ। ਅੱਜ ਤੁਹਾਨੂੰ ਹਰ ਘਰ ਵਿਚ ਡੇਰਾ ਪ੍ਰੇਮੀ ਮਿਲ ਜਾਵੇਗਾ, ਜਿਸ ਦੀ ਇਹੋ ਕੋਸ਼ਿਸ਼ ਹੁੰਦੀ ਹੈ ਕਿ ਆਪਣੇ ਨਾਲ ਕਿਸੇ ਹੋਰ ਮਨੁੱਖ ਦੀ ਵਿਵੇਕ ਬੁੱਧੀ ਨੂੰ ਖ਼ਤਮ ਕਰ ਕੇ ਉਸ ਨੂੰ ਭੇਡਾਂ ਦੇ ਵੱਡੇ ਝੁੰਡ ਵਿਚ ਸ਼ਾਮਿਲ ਕੀਤਾ ਜਾਵੇ। ਜਿਸ ਵੀ ਡੇਰਾ ਪ੍ਰੇਮੀ ਨੇ ਦੇਹਧਾਰੀ ਗੁਰੂ ਨੂੰ ਗੁਰੂ ਧਾਰਨ ਕਰਨ ਦੇ ਨਾਲ ਨਿਰ-ਵਿਚਾਰ ਅਵਸਥਾ ਪ੍ਰਾਪਤ ਕਰ ਲਈ ਹੈ ਤਾਂ ਦਾਸ ਨੂੰ ਮੈਸੇਜ ਕਰਨ ਦੀ ਕਿਰਪਾਲਤਾ ਜ਼ਰੂਰ ਕਰਨਾ। ਮੈਂ ਕਿਤਾਬ ਦੇ ਆਖ਼ਿਰ ਦੇ ਵਿਚ ਆਪਣਾ ਮੋਬਾਈਲ ਨੰਬਰ ਦਿੱਤਾ ਹੈ। ਵੱਧ ਤੋਂ ਵੱਧ ਚਾਰ ਸਾਲ, ਜੇ ਜ਼ਿਆਦਾ ਮਿਹਨਤ ਕਰੋਗੇ ਤਾਂ ਤਿੰਨ ਸਾਲ ਕਾਫ਼ੀ ਹਨ। ਜੇਕਰ ਇੰਨੇ ਸਮੇਂ ਵਿਚ ਕੁੱਝ ਪ੍ਰਾਪਤੀ ਨਹੀਂ ਹੋ ਰਹੀ ਤਾਂ ਵਿਚਾਰ ਕਰੋ ਆਪਣੀ ਦਿਸ਼ਾ ਨੂੰ ਜ਼ਰੂਰ ਦੇਖੋ ? ਸਾਧਨਾ ਦੇ ਵਿਚ ਅੰਧ-ਵਿਸ਼ਵਾਸ ਵਾਸਤੇ ਕੋਈ ਜਗ੍ਹਾ ਨਹੀਂ ਹੈ।

ਸਹੀ ਤਰੀਕੇ ਨਾਲ ਧਿਆਨ ਸਿਮਰਨ ਕਰਨ ਨਾਲ ਕੁੱਝ ਹੀ ਦਿਨਾਂ ਦੇ ਅੰਦਰ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਅਨੁਭਵ ਹੋਣ ਲੱਗ ਜਾਂਦੇ ਹਨ। ਜੇਕਰ ਜੀਵਨ ਦੇ ਵਿਚ ਕਿਸੇ ਅਨੰਦ ਦੀ ਝਲਕ ਪ੍ਰਾਪਤ ਨਹੀਂ ਹੋ ਰਹੀ ਹੈ ਤਾਂ ਇੱਕ ਵਾਰੀ ਆਪਣੀ

ਗਤੀ ਉੱਪਰ ਜ਼ਰੂਰ ਵਿਚਾਰ ਕਰਨਾ ਹੈ। ਕਿਤੇ ਇਹ ਨਾ ਹੋਵੇ ਕਿ ਆਪਣੇ ਜੀਵਨ ਦਾ ਲਾਹਾ ਖੱਟੇ ਬਿਨਾਂ ਅਮੋਲਕ ਜੀਵਨ ਹੱਥੋਂ ਨਿਕਲ ਜਾਵੇ। ਪਰਮਾਤਮਾ ਨੂੰ ਜਾਨਣ ਲਈ ਸਹੀ ਦਿਸ਼ਾ ਦੀ ਚੋਣ ਕਰਨਾ ਹੀ ਸਭ ਤੋਂ ਮਹੱਤਵਪੂਰਨ ਹੈ। ਗ਼ਲਤ ਦਿਸ਼ਾ ਵੱਲ ਗਤੀ ਕਰਨ ਨਾਲ ਮਨੁੱਖ ਪਰਮਾਤਮਾ ਦੇ ਕਰੀਬ ਆਉਣ ਦੀ ਬਜਾਏ ਉਸ ਤੋਂ ਹੋਰ ਜ਼ਿਆਦਾ ਦੂਰ ਚਲਾ ਜਾਂਦਾ ਹੈ। ਸਹੀ ਦਿਸ਼ਾ ਵੱਲ ਗਤੀ ਕਰਨ ਦੇ ਨਾਲ ਮਨੁੱਖ ਨੇ ਦੇਰ-ਸਵੇਰ ਆਪਣੀ ਮੰਜ਼ਲ ’ਤੇ ਜ਼ਰੂਰ ਪਹੁੰਚ ਜਾਣਾ ਹੈ। ਬਿਨਾਂ ਮੰਜ਼ਲ ਨੂੰ ਸਮਝੇ ਯਾਤਰਾ ਕਰਨ ਦਾ ਕੋਈ ਲਾਭ ਨਹੀਂ ਹੋਣਾ। ਇੱਕ ਦਿਸ਼ਾ-ਹੀਣ ਮਨੁੱਖ ਮੰਜ਼ਲ ’ਤੇ ਨਹੀਂ ਪਹੁੰਚਦਾ। ਉਹ ਭਟਕਣਾ ਦੇ ਵਿਚ ਭਟਕੀ ਜਾਵੇਗਾ। ਰਜਿਸਟਰਾਰ ਦੇ ਦਫ਼ਤਰ ਦੀ ਦੀਵਾਰ ਉੱਪਰ ਲਿਖਿਆ ਹੁੰਦਾ ਹੈ—ਚੀਜ਼ ਨੂੰ ਖ਼ਰੀਦਣ ਵਾਲਾ ਮਨੁੱਖ ਹੁਸ਼ਿਆਰ ਹੋਣਾ ਚਾਹੀਦਾ ਹੈ। ਖ਼ਰੀਦ ਕਰਨ ਵਾਲੇ ਮਨੁੱਖ ਨੂੰ ਅਸਲੀ ਅਤੇ ਨਕਲੀ ਦੇ ਵਿਚ ਜੋ ਅੰਤਰ ਹੈ ਜੋ ਫ਼ਰਕ ਹੈ, ਉਸ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਇਹ ਇੱਕ ਸਿਆਣੇ ਮਨੁੱਖ ਦਾ ਗੁਣ ਹੈ। ਮਨੁੱਖ ਇਸ ਸੰਸਾਰ ਦੇ ਵਿਚ ਇਕੱਲਾ ਆਉਂਦਾ ਹੈ ਅਤੇ ਇੱਕ ਦਿਨ ਸੰਸਾਰ ਤੋਂ ਇਸ ਨੂੰ ਇਕੱਲੇ ਹੀ ਜਾਣਾ ਪੈਣਾ ਹੈ। ਜੀਵਨ ਦੇ ਵਿਚ ਜੇਕਰ ਕੁੱਝ ਲੱਭਣਾ ਹੈ ਤਾਂ ਤੁਹਾਨੂੰ ਇਕੱਲੇ ਹੋ ਕੇ ਸਾਧਨਾ ਕਰਨੀ ਪਵੇਗੀ। ਇਹ ਪਹਿਲੀ ਸ਼ਰਤ ਹੈ। ਜੋ ਵੀ ਮਨੁੱਖ ਐਨੀ ਹਿੰਮਤ ਕਰ ਲਵੇਗਾ, ਉਸ ਮਨੁੱਖ ਨੇ ਇੱਕ ਨਾ ਇੱਕ ਦਿਨ ਆਪਣੀ ਮੰਜ਼ਲ ਦੇ ਉੱਪਰ ਜ਼ਰੂਰ ਪਹੁੰਚ ਜਾਣਾ ਹੈ। ਆਪ ਖ਼ੁਦ ਆਤਮ ਗਿਆਨ ਨੂੰ ਅਨੁਭਵ ਕਰਨ ਦੇ ਲਈ ਭਾਵੇਂ ਸਾਰਾ ਜੀਵਨ ਸਾਧਨਾ ਕਰਨੀ ਪਵੇ, ਉਸੇ ਗੱਲ ਵਿਚ ਸਾਰ ਹੈ। ਕਿਸੇ ਦੂਜੇ ਦੇ ਗਿਆਨ ਨੂੰ ਪੜ੍ਹ ਲੈਣ ਨਾਲ ਮਨੁੱਖ ਦੇ ਆਪਣੇ ਸਰੀਰ ਅੰਦਰ ਪ੍ਰਕਾਸ਼ ਪੈਦਾ ਨਹੀਂ ਹੋ ਸਕਦਾ। ਧਰਮ ਕੋਈ ਅੱਖਾਂ ਬੰਦ ਕਰ ਕੇ ਚੱਲਣ ਵਾਲੀ ਕਿਰਿਆ ਨਹੀਂ ਹੈ। ਇਸ ਕਿਰਿਆ ਦੇ ਵਿਚ ਕਿਸੇ ਵੀ ਅੰਧ-ਵਿਸ਼ਵਾਸ ਦੇ ਲਈ ਕੋਈ ਜਗ੍ਹਾ ਨਹੀਂ ਹੈ। ਇਸ ਦੀ ਨੀਂਹ ਹੈ—ਆਪਣੀ ਖੋਜ, ਆਪਣੀ ਪਰਖ। ਕਿਸੇ ਵੀ ਚੀਜ਼ ਦੇ ਬਾਹਰੀ ਰੂਪ ਤੋਂ ਨਹੀਂ, ਬਲਕਿ ਉਸ ਦੇ ਅੰਦਰਲੇ ਭੇਦ ਨੂੰ ਜਾਣਨ ਅਤੇ ਪਰਖਣ ਤੋਂ ਬਾਅਦ ਹੀ ਉਸ ਦੇ ਉੱਪਰ ਵਿਸ਼ਵਾਸ ਕਰਨਾ ਹੈ।

ਸਵਰਗ ਅਤੇ ਨਰਕ

ਸਵਰਗ ਨਾਮ ਦੀ ਕੋਈ ਦੂਜੀ ਜਗ੍ਹਾ ਨਹੀਂ ਹੈ। ਇਸੇ ਧਰਤੀ ਉੱਪਰ ਹੀ ਮਨੁੱਖ ਨੂੰ ਸਵਰਗ ਅਤੇ ਨਰਕ ਭੋਗਣਾ ਪੈਂਦਾ ਹੈ। ਪਾਰਬ੍ਰਹਮ ਦੀ ਅੰਮ੍ਰਿਤਮਈ ਬੂੰਦ ਨੂੰ ਪੀਣ ਦੇ ਨਾਲ ਮਨੁੱਖ ਦਾ ਸਰੀਰ ਅੰਦਰੋਂ ਪ੍ਰਕਾਸ਼ਮਾਨ ਹੋ ਜਾਂਦਾ ਹੈ। ਇਸ ਤੋਂ ਬਾਅਦ ਮਨੁੱਖ ਨੂੰ ਹੌਲੀ ਹੌਲੀ ਕਰਕੇ ਅਨੰਦ ਅਤੇ ਸ਼ਾਂਤੀ ਵਾਲੇ ਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ। ਸਵਰਗ ਭੋਗਣ ਵਾਸਤੇ ਮਨੁੱਖ ਨੂੰ ਕਿਸੇ ਹੋਰ ਜਗ੍ਹਾ 'ਤੇ ਜਾਣ ਦੀ ਜ਼ਰੂਰਤ ਨਹੀਂ ਪੈਂਦੀ, ਬਲਕਿ ਮਨੁੱਖ ਜਿਉਂਦੇ-ਜੀ ਸਵਰਗ ਵਾਲੀ ਅਵਸਥਾ ਨੂੰ ਆਪ ਪ੍ਰਾਪਤ ਕਰ ਲੈਂਦਾ ਹੈ। ਇੰਦਰੀਆਂ ਤੋਂ ਮੁਕਤ ਸੁਰਤੀ ਸਵਰਗ ਵਾਲੀ ਅਵਸਥਾ ਵਿਚ ਪਰਵੇਸ਼ ਕਰ ਜਾਂਦੀ ਹੈ। ਜੇਕਰ ਜਿਉਂਦੇ-ਜੀ ਪਾਰਬ੍ਰਹਮ ਦੇ ਅਨੰਦ ਨੂੰ ਆਤਮਾ ਨਹੀਂ ਮਾਣ ਸਕੀ ਤਾਂ ਮਰਨ ਤੋਂ ਬਾਅਦ ਮਿਲਣ ਵਾਲੇ ਸਵਰਗ ਦੀ ਬੁਨਿਆਦ ਬਿਲਕੁਲ ਝੂਠੀ ਹੈ, ਬੇਬੁਨਿਆਦ ਹੈ, ਜੋ ਇੱਕ ਝੂਠੇ ਲਾਰੇ ਦੇ ਸਹਾਰੇ ਉੱਪਰ ਖਲੋਤੀ ਹੈ। ਤੁਸੀਂ ਕਿਸੇ ਵੀ ਧਾਰਮਿਕ ਗ੍ਰੰਥ ਨੂੰ ਪੜ੍ਹ ਕੇ ਦੇਖ ਲੈਣਾ, ਉਨ੍ਹਾਂ ਸਾਰਿਆਂ ਮਨੁੱਖਾਂ ਨੇ ਸਵਰਗ ਵਾਲੀ ਅਵਸਥਾ ਨੂੰ ਜਿਉਂਦੇ-ਜੀ ਅਨੁਭਵ ਕੀਤਾ ਸੀ। ਕੀਤੇ ਅਨੁਭਵਾਂ ਨੂੰ ਬਾਣੀ ਦੇ ਵਿਚ ਲਿਖਦੇ ਗਏ ਸਨ। ਬ੍ਰਹਮ ਗਿਆਨੀ ਨੂੰ ਦੁਬਾਰਾ ਜਨਮ ਨਹੀਂ ਲੈਣਾ ਪੈਂਦਾ, ਕਿਸੇ ਧਾਰਮਿਕ ਗ੍ਰੰਥ ਦੀ ਰਚਨਾ ਕਰਨ ਵਾਸਤੇ। ਆਤਮਾ ਨੂੰ ਦੁਬਾਰਾ ਜਨਮ ਲੈਣ ਦੇ ਲਈ ਕਾਰਨ ਸਰੀਰ ਰੂਪੀ ਲਿੰਕ ਦੀ ਜ਼ਰੂਰਤ ਪੈਂਦੀ ਹੈ। ਬ੍ਰਹਮ ਗਿਆਨੀ ਵੀ ਦੁਬਾਰਾ ਜਨਮ ਨਹੀਂ ਲੈ ਸਕਦਾ। ਕੁਦਰਤ ਨੇ ਜੋ ਵੀ ਨਿਯਮ ਬਣਾਇਆ ਹੈ, ਉਹ ਅਟੱਲ ਹੈ। ਪੁਰਾਣੇ ਸਮੇਂ ਜਦੋਂ ਇਨ੍ਹਾਂ ਦੇਹਧਾਰੀ ਸੰਤਾਂ ਅਤੇ ਬਾਬਿਆਂ ਦੇ ਕਹਿਣ ਅਨੁਸਾਰ ਕਈ ਸਾਲ ਸਾਧਨਾ ਕਰਨ ਦੇ ਬਾਵਜੂਦ ਵੀ ਕਿਸੇ ਮਨੁੱਖ ਨੂੰ ਪਰਮ ਜੀਵਨ ਦੀ ਪ੍ਰਾਪਤੀ ਨਹੀਂ ਹੁੰਦੀ ਸੀ ਤਾਂ ਇਨ੍ਹਾਂ ਲੋਕਾਂ ਨੇ ਮਨੁੱਖ ਨੂੰ ਭਰਮ ਦੇ ਵਿਚ ਪਾ ਕੇ ਰੱਖਣ ਲਈ ਸਵਰਗ ਵਰਗੀ ਵੱਖਰੀ ਜਗ੍ਹਾ ਹੋਣ ਦੀ ਕਲਪਨਾ ਕਰ ਦਿੱਤੀ। ਸਵਰਗ ਵਿਚ ਜਾਣ ਵਾਲੇ ਮਨੁੱਖ ਦੀ ਉਮਰ ਉੱਪਰ ਸਮੇਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਇਹ ਲੋਕ ਮੇਨਕਾ, ਉਰਵਸ਼ੀ, ਰੰਭਾ ਆਦਿ ਕਲਪਨਾ ਦੇ ਰਾਹੀਂ ਲੰਬੇ ਸਮੇਂ ਤੋਂ ਮਨੁੱਖਾਂ ਨੂੰ ਗੁਮਰਾਹ ਕਰਦੇ ਆ ਰਹੇ ਹਨ। ਸਵਰਗ ਵਿਚ ਸ਼ਰਾਬ ਦੇ ਚਸ਼ਮੇ ਦਿਨ ਰਾਤ ਚੱਲਦੇ ਹਨ। ਔਰਤਾਂ ਦੀ ਉਮਰ ਨਹੀਂ ਵੱਧਦੀ ਅਤੇ ਕਈ ਹੋਰ ਮਨਘੜਤ ਕਹਾਣੀਆਂ ਦੇ ਰਾਹੀਂ ਮਨੁੱਖਾਂ ਦਾ ਸਦੀਆਂ ਤੋਂ ਸ਼ੋਸ਼ਣ ਕੀਤਾ ਜਾ ਰਿਹਾ ਹੈ। ਧਰਤੀ ਦੇ ਉੱਪਰ ਸ਼ਰਾਬ ਵੀ ਹੈ ਔਰਤਾਂ ਵੀ ਹਨ, ਫਿਰ ਐਨੇ ਔਖੇ ਹੋ ਕੇ ਸਾਧਨਾ ਕਰਨ ਦੀ ਕੀ ਲੋੜ ਹੈ?

ਜੇਕਰ ਇਤਿਹਾਸ ਦੇ ਉੱਪਰ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਸ ਸਮੇਂ ਕਈ ਰਾਜਿਆਂ ਨੇ ਆਪਣੇ ਰਾਜ-ਭਾਗ ਦਾ ਤਿਆਗ ਕਰ ਦਿੱਤਾ ਸੀ।

ਪੁਰਾਤਨ ਸਮਿਆਂ ਦੇ ਵਿਚ ਇੱਕ ਇੱਕ ਰਾਜੇ ਕੋਲ ਤਾਂ ਪਤਾ ਨਹੀਂ ਕਿੰਨੀਆਂ ਕੁ ਰਾਣੀਆਂ ਪਟਰਾਣੀਆਂ ਹੁੰਦੀਆਂ ਸਨ। ਬਾਕੀ ਰਹਿ ਗਈ ਸ਼ਰਾਬ ਦੀ ਗੱਲ, ਮੈਨੂੰ ਲੱਗਦਾ ਹੈ ਉਨ੍ਹਾਂ ਦੇ ਕੋਲ ਇਸ ਦੀ ਵੀ ਕੋਈ ਘਾਟ ਨਹੀਂ ਹੋਵੇਗੀ। ਇਹ ਤਾਂ ਐਵੇਂ ਕਿਸੇ ਨੇ ਕਲਪਨਾ ਦੇ ਕੜਾਹ ਬਣਾਏ ਸਨ ਤਾਂ ਜੋ ਮਨੁੱਖ ਨੂੰ ਲਾਲਚ ਦੇ ਕੇ ਆਪਣੇ ਨਾਲ ਬੰਨ੍ਹ ਕੇ ਰੱਖਿਆ ਜਾ ਸਕੇ।

ਕਈ ਰਾਜਿਆਂ ਨੇ ਆਪਣੇ ਰਾਜ-ਭਾਗ ਦਾ ਤਿਆਗ ਕਰ ਦਿੱਤਾ ਸੀ ਤਾਂ ਜੋ ਉਸ ਪਰਮ ਅਨੰਦ ਨੂੰ ਜਿਉਂਦੇ-ਜੀ ਅਨੁਭਵ ਕੀਤਾ ਜਾਵੇ। ਸਵਰਗ ਵਾਲੀਆਂ ਸਾਰੀਆਂ ਸਹੂਲਤਾਂ ਉਨ੍ਹਾਂ ਦੇ ਕੋਲ ਸਨ। ਸੁਰਤੀ ਪਾਰਬ੍ਰਹਮ ਦੇ ਵਿਚ ਲੀਨ ਹੋਣ ਦੇ ਨਾਲ ਮਨੁੱਖ ਜਿਉਂਦੇ-ਜੀ ਪਾਰਬ੍ਰਹਮ ਦਾ ਹੀ ਰੂਪ ਹੋ ਜਾਂਦਾ ਹੈ, ਜਿਸ ਦੇ ਅੱਗੇ ਸਵਰਗ ਵੀ ਕੋਈ ਮਾਅਨੇ ਨਹੀਂ ਰੱਖਦਾ। ਉਸ ਅਵਸਥਾ ਨੂੰ ਸਰੀਰ ਦੇ ਵਿਚ ਰਹਿ ਕੇ ਅਨੁਭਵ ਕਰਨਾ ਹੈ। ਧਰਤੀ ਦੇ ਉੱਪਰ ਹੀ ਸਵਰਗ ਹੈ ਅਤੇ ਨਰਕ ਵੀ ਹੈ। ਇਨ੍ਹਾਂ ਦੋਨਾਂ ਦੇ ਵਿੱਚੋਂ ਮਨੁੱਖ ਜਿਸ ਨੂੰ ਵੀ ਭੋਗਣਾ ਚਾਹੁੰਦਾ ਹੈ, ਮਨੁੱਖ ਨੂੰ ਪੂਰੀ ਆਜ਼ਾਦੀ ਹੈ। ਆਤਮਾ ਦੇ ਕੋਲ ਸਰੀਰ ਦਾ ਹੋਣਾ ਬਹੁਤ ਜ਼ਰੂਰੀ ਹੈ। ਸਰੀਰ ਦੇ ਬਿਨਾਂ ਦੋਨਾਂ ਦੇ ਵਿੱਚੋਂ ਕਿਸੇ ਨੂੰ ਵੀ ਨਹੀਂ ਭੋਗਿਆ ਜਾ ਸਕਦਾ। ਆਤਮਾ ਨੂੰ ਕੇਵਲ ਕਾਰਨ ਸਰੀਰ ਨੇ ਰੋਕ ਕੇ ਰੱਖਿਆ ਹੋਇਆ ਹੈ। ਕਾਰਨ ਸਰੀਰ ਹੈ ਤਾਂ ਜਨਮ ਜ਼ਰੂਰ ਹੋਵੇਗਾ, ਕਾਰਨ ਸਰੀਰ ਗਿਆ ਤਾਂ ਸਮਝੋ ਮੁਕਤੀ ਹੋ ਜਾਵੇਗੀ। ਸਵਰਗ ਤੋਂ ਉੱਚੀ ਅਵਸਥਾ ਨੂੰ ਭੋਗਣ ਦੇ ਲਈ ਸਰੀਰ ਦਾ ਤਿਆਗ ਕਰਨਾ ਨਹੀਂ ਪੈਂਦਾ। ਮੁਕਤੀ ਵਾਲੀ ਅਵਸਥਾ ਅਨੰਦ ਨੂੰ ਆਤਮਾ ਪਹਿਲਾਂ ਮਨੁੱਖਾ ਸਰੀਰ ਦੇ ਰਾਹੀਂ ਧਰਤੀ ਦੇ ਉੱਪਰ ਭੋਗਦੀ ਹੈ।

ਇਸ ਪਰਮ ਅਵਸਥਾ ਨੂੰ ਕੋਈ ਵੀ ਮਨੁੱਖ ਭੋਗ ਸਕਦਾ ਹੈ। ਇਸ ਦੇ ਨਾਲ ਕੋਈ ਫ਼ਰਕ ਨਹੀਂ ਪੈਂਦਾ, ਭਾਵੇਂ ਕੋਈ ਮਨੁੱਖ ਚੰਗਾ ਹੈ ਜਾਂ ਬੁਰਾ ਹੈ, ਪੁੰਨੀ ਹੈ ਜਾਂ ਪਾਪੀ ਹੈ। ਜੇਕਰ ਤੁਹਾਡੇ ਨਾਲ ਕੋਈ ਬਾਬਾ ਜਾਂ ਸੰਤ ਇਹ ਵਾਅਦਾ ਕਰ ਰਿਹਾ ਹੈ ਕਿ ਮਰਨ ਤੋਂ ਬਾਅਦ ਤੁਸੀਂ ਸਵਰਗ ਦੇ ਵਿਚ ਪਹੁੰਚ ਜਾਵੋਗੇ ਤਾਂ ਇਹ ਬਿਲਕੁਲ ਝੂਠ ਹੈ। ਨਿਰ-ਵਿਚਾਰ ਸਮਾਧੀ ਦੇ ਅੰਦਰ ਪਰਵੇਸ਼ ਕਰਨ ਨਾਲ ਕੇਵਲ ਤੁਹਾਡੇ ਕੋਲ ਉਹੀ ਬਚੇਗਾ ਜੋ ਤੁਹਾਡਾ ਆਪਣਾ ਹੈ। ਜੋ ਅਗਿਆਨ ਦੇ ਕਾਰਨ ਜੁੜ ਗਿਆ ਸੀ, ਉਹ ਨਿਰ-ਵਿਚਾਰ ਸਮਾਧੀ ਦੇ ਵਿਚ ਆਤਮਾ ਦੇ ਨਾਲੋਂ ਅਲੱਗ ਹੋਈ ਜਾਵੇਗਾ, ਜਿਸ ਤਰ੍ਹਾਂ ਸੁਹਾਗਾ ਅਸਲੀ ਸੋਨੇ ਦੇ ਨਾਲੋਂ ਨਕਲੀ ਸੋਨੇ ਨੂੰ ਅਲੱਗ ਕਰ ਦੇਂਦਾ ਹੈ। ਸਮਾਧੀ ਵੀ ਸੁਹਾਗੇ ਵਾਂਗੂੰ ਆਪਣਾ ਕਾਰਜ ਕਰਦੀ ਹੈ। ਸਾਧਨਾ ਮਨ ਅਤੇ ਆਤਮਾ ਦੇ ਔਗੁਣਾਂ ਨੂੰ ਆਪਣੇ ਆਪ ਅਲੱਗ ਕਰ ਦੇਂਦੀ ਹੈ। ਬਾਕੀ ਜੋ ਬਚੇਗਾ, ਉਹੀ ਸਵਰਗ ਵਾਲਾ ਜੀਵਨ ਹੈ। ਜਿਸ ਨੂੰ ਤੁਸੀਂ ਅਨੁਭਵ ਕਰ ਲੈਣਾ ਹੈ, ਜਦੋਂ ਮਨੁੱਖ ਦੀ ਸੁਰਤੀ ਇੰਦਰੀਆਂ ਦੇ ਹੁੰਦੇ ਹੋਇਆਂ ਵੀ ਇਨ੍ਹਾਂ ਦੇ ਰਾਹੀਂ ਗਤੀ ਨਹੀਂ ਕਰਦੀ। ਇਸ ਅਵਸਥਾ ਵਿਚ ਪਹੁੰਚਣ ਤੋਂ ਬਾਅਦ ਆਤਮਾ ਦੇ ਲਈ ਕਿਸੇ ਸਵਰਗ ਨੂੰ ਭੋਗਣ ਦੀ ਇੱਛਾ ਬਾਕੀ ਨਹੀਂ ਰਹਿ ਜਾਂਦੀ। ਜੇਕਰ ਕੋਈ ਮਰਨ ਤੋਂ ਬਾਅਦ ਕਿਸੇ ਸਵਰਗ ਦੀ ਗੱਲ ਕਰ ਰਿਹਾ ਹੈ ਤਾਂ ਉਹ ਝੂਠ ਬੋਲ ਰਿਹਾ ਹੈ। ਆਤਮਾ ਜਾਂ ਤਾਂ ਜਨਮ ਲੈ ਕੇ ਦੂਜੇ ਸਰੀਰ ਦੇ ਵਿਚ ਪਰਵੇਸ਼ ਕਰ ਜਾਂਦੀ ਹੈ ਜਾਂ ਮੁਕਤ ਹੋ ਕੇ ਪਾਰਬ੍ਰਹਮ ਦੇ ਵਿਚ ਸਦਾ

ਲਈ ਲੀਨ ਹੋ ਜਾਂਦੀ ਹੈ। ਸਵਰਗ ਕਿਸੇ ਹੋਰ ਗ੍ਰਹਿ ਉੱਪਰ ਨਹੀਂ ਬਣਿਆ ਕਿ ਜਿੱਥੇ ਆਤਮਾ ਨੂੰ ਪਰਮ ਜੀਵਨ ਭੋਗਣ ਵਾਸਤੇ ਜਾਣਾ ਪਵੇਗਾ। ਕਾਰਨ ਸਰੀਰ ਨੂੰ ਜਿਉਂਦੇ-ਜੀ ਨਸ਼ਟ ਕਰਨਾ ਪੈਂਦਾ ਹੈ। ਉਸ ਤੋਂ ਬਾਅਦ ਆਤਮਾ ਸਰੀਰ ਦੇ ਤਿਆਗ ਕਰਨ ਤੱਕ ਸਰੀਰ ਦੇ ਅੰਦਰ ਰਹੇਗੀ। ਜਦੋਂ ਇਸ ਦਾ ਸਬੰਧ ਸਰੀਰ ਦੇ ਨਾਲੋਂ ਟੁੱਟ ਜਾਵੇਗਾ ਤਾਂ ਇਸ ਨੇ ਬ੍ਰਹਮ ਦੇ ਅਰੂਪ ਤੱਤ ਦੇ ਵਿਚ ਸਮਾ ਜਾਣਾ ਹੈ। ਇਸ ਤਰ੍ਹਾਂ ਇੱਕ ਜੀਵਨ ਆਤਮਾ ਦੀ ਮੁਕਤੀ ਹੋ ਜਾਂਦੀ ਹੈ। ਜੀਵ ਆਤਮਾ ਮੁਕਤੀ ਤੋਂ ਪਹਿਲਾਂ ਪਰਮਾਤਮਾ ਨੂੰ ਸਰੀਰ ਦੇ ਰਾਹੀਂ ਅਨੁਭਵ ਕਰਦੀ ਹੈ। ਇੱਕ ਗੱਲ ਯਾਦ ਰੱਖਣਾ, ਬਿਨਾਂ ਅਨੁਭਵ ਦੇ ਮਨ ਅਤੇ ਆਤਮਾ ਦੇ ਸੰਸੇ ਦੂਰ ਨਹੀਂ ਹੋ ਸਕਦੇ; ਭਾਵੇਂ ਕੋਈ ਜਿੰਨੇ ਮਰਜ਼ੀ ਧਾਰਮਿਕ ਗ੍ਰੰਥਾਂ ਦੇ ਰਟਨ ਕਰ ਕੇ ਦੇਖ ਲਵੇ।

ਦਾਨ ਅਤੇ ਪੁੰਨ ਦੀ ਦਿਖਾਵੇ ਬਾਜ਼ੀ
ਕਰਮ ਅਤੇ ਉਨ੍ਹਾਂ ਦੇ ਫਲ

ਜੇਕਰ ਕੋਈ ਮਨੁੱਖ ਇਹ ਸੋਚ ਕੇ ਦਾਨ ਪੁੰਨ ਕਰ ਰਿਹਾ ਹੈ ਕਿ ਦਾਨ ਪੁੰਨ ਕਰਨ ਦੇ ਨਾਲ ਭਵਸਾਗਰ ਤੋਂ ਪਾਰ ਲੰਘਿਆ ਜਾ ਸਕਦਾ ਹੈ, ਤਾਂ ਇਸ ਦੁਨੀਆਂ ਦੇ ਅੰਦਰ ਜਿੰਨੇ ਵੀ ਅਮੀਰ ਲੋਕ ਹਨ, ਉਨ੍ਹਾਂ ਸਾਰਿਆਂ ਨੇ ਦਾਨ ਪੁੰਨ ਕਰ ਕੇ ਪਾਰਬ੍ਰਹਮ ਕੋਲ ਪਹੁੰਚ ਜਾਣਾ ਸੀ। ਜ਼ਿਆਦਾਤਰ ਮਨੁੱਖ ਇਸ ਲਈ ਦਾਨ ਪੁੰਨ ਕਰਦਾ ਹੈ ਤਾਂ ਜੋ ਲੋਕੀਂ ਉਸ ਦੀ ਤਾਰੀਫ਼ ਕਰਨ ਕਿ ਇਹ ਮਨੁੱਖ ਬਹੁਤ ਵੱਡਾ ਦਾਨੀ ਹੈ। ਇਹ ਮਨੁੱਖ ਚਾਹੁੰਦਾ ਹੈ ਕਿ ਅਖ਼ਬਾਰਾਂ ਵਿਚ ਇਸ ਦੁਆਰਾ ਕੀਤੇ ਗਏ ਦਾਨ ਦੀਆਂ ਤਸਵੀਰਾਂ ਛਪਣ। ਜੇ ਮਨ ਦੇ ਅੰਦਰ ਦਾਨ ਪੁੰਨ ਕਰਨ ਦਾ ਵਿਚਾਰ ਪੈਦਾ ਹੋਇਆ ਹੈ ਤਾਂ ਦਾਨ ਇਸ ਤਰ੍ਹਾਂ ਕਰਨਾ ਕਿ ਸੱਜੇ ਹੱਥ ਦੇ ਨਾਲ ਕੀਤਾ ਗਿਆ ਦਾਨ ਦਾ ਪਤਾ ਖੱਬੇ ਹੱਥ ਨੂੰ ਵੀ ਨਾ ਲੱਗੇ ਤਾਂ ਹੀ ਕੀਤਾ ਗਿਆ ਦਾਨ ਕਬੂਲ ਹੁੰਦਾ ਹੈ। ਦਾਨ ਕਰੋ ਕਰਤਾ-ਭਾਵ ਨੂੰ ਪਿੱਛੇ ਰੱਖ ਕੇ। ਜਦੋਂ ਵੀ ਦਾਨ ਪੁੰਨ ਕਰੋ, ਇੱਕ ਗੱਲ ਦਾ ਖ਼ਾਸ ਕਰਕੇ ਧਿਆਨ ਰੱਖਣਾ ਕਿ ਆਪਣੇ ਹੱਥੀਂ ਹੀ ਦਾਨ ਕਰਨਾ ਹੈ, ਉਸ ਦੇ ਬਦਲੇ ਕੁੱਝ ਵੀ ਵਾਪਸ ਨਾ ਮਿਲਣ ਦੀ ਇੱਛਾ ਦਾ ਤਿਆਗ ਕਰਕੇ।

ਤੰਦਰੁਸਤ ਸਰੀਰ

ਪ੍ਰਕਿਰਤੀ ਦੇ ਨਿਯਮਾਂ ਅਨੁਸਾਰ ਸਰੀਰ ਨੂੰ ਚਲਾਉਣ ਦੇ ਨਾਲ ਸਰੀਰ ਆਪਣੇ ਆਪ ਤੰਦਰੁਸਤ ਹੋ ਜਾਂਦਾ ਹੈ। ਪ੍ਰਕਿਰਤੀ ਦੇ ਨਿਯਮਾਂ ਦੇ ਉਲਟ ਸਰੀਰ ਦੀ ਵਰਤੋਂ ਕਰਨ ਨਾਲ ਸਰੀਰ ਦੇ ਅੰਦਰ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ। ਤੰਦਰੁਸਤ ਸਰੀਰ ਵਰਗਾ ਦੁਨੀਆਂ ਦੇ ਵਿਚ ਕੋਈ ਕੀਮਤੀ ਖ਼ਜ਼ਾਨਾ ਨਹੀਂ ਹੈ। ਇਸ ਸਰੀਰ ਦੀ ਕੀਮਤ ਉਨ੍ਹਾਂ ਲੋਕਾਂ ਦੇ ਕੋਲੋਂ ਪੁੱਛੋ ਜਿਨ੍ਹਾਂ ਦੇ ਕੋਲ ਦੁਨੀਆਂ ਦੀ ਧਨ ਦੌਲਤ ਤਾਂ ਹੈ ਪਰ ਉਨ੍ਹਾਂ ਦੇ ਕੋਲ ਇੱਕ ਤੰਦਰੁਸਤ ਸਰੀਰ ਨਹੀਂ ਹੈ। ਅਸੀਂ ਆਪਣੇ ਸਰੀਰ ਦੀ ਦੇਖ-ਭਾਲ ਕਰਨੀ ਹੈ। ਇਸ ਸਰੀਰ ਦੀ ਤੰਦਰੁਸਤੀ ਬਣਾਈ ਰੱਖਣੀ ਬਹੁਤ ਜ਼ਰੂਰੀ ਹੈ। ਬਿਮਾਰ ਸਰੀਰ ਦੇ ਨਾਲ ਇਸ ਦਿਸ਼ਾ ਵੱਲ ਗਤੀ ਕਰਨੀ ਥੋੜ੍ਹੀ ਔਖੀ ਹੈ। ਤੁਸੀਂ ਆਪਣੀ ਸਿਹਤ ਦਾ ਖ਼ਿਆਲ ਰੱਖਣਾ ਹੈ। ਇੱਕ ਤੰਦਰੁਸਤ ਸਰੀਰ ਦੇ ਨਾਲ ਗਤੀ ਕਰਨੀ ਬਹੁਤ ਆਸਾਨ ਹੈ। ਇੱਕ ਵਾਰ ਜਦੋਂ ਸਰੀਰ ਦੇ ਅੰਦਰ ਕੋਈ ਗੜਬੜੀ ਪੈਦਾ ਹੋ ਜਾਂਦੀ ਹੈ ਤਾਂ ਉਸ ਤੋਂ ਬਾਅਦ ਤੁਹਾਡਾ ਸਰੀਰ ਪਹਿਲਾਂ ਵਰਗਾ ਨਹੀਂ ਰਹਿ ਜਾਂਦਾ। ਹਰ ਦਿਨ 45 ਮਿੰਟ ਪੈਦਲ ਚੱਲਣਾ ਹੈ। ਹਰੀਆਂ ਸਬਜ਼ੀਆਂ ਅਤੇ ਫਲਾਂ ਦੀ ਵਰਤੋਂ ਵੱਧ ਤੋਂ ਵੱਧ ਕਰਨੀ ਹੈ। 5 ਤੋਂ ਲੈ ਕੇ 6 ਗਲਾਸ ਪਾਣੀ ਦੇ ਹਰ ਦਿਨ ਪੀਣੇ ਹਨ ਤਾਂ ਜੋ ਸਰੀਰ ਦੇ ਅੰਦਰ ਪੈਦਾ ਹੋਏ ਖ਼ਤਰਨਾਕ ਪਦਾਰਥਾਂ ਨੂੰ ਗੁਰਦੇ ਨਾਲੋ-ਨਾਲ ਬਾਹਰ ਕੱਢੀ ਜਾਣ। ਇੱਕ ਬੋਤਲ ਵਿਚ ਪਾਣੀ ਭਰ ਲਵੋ, ਜਿਸ ਨਾਲ ਪਤਾ ਲੱਗ ਜਾਵੇ ਕਿ ਸਾਰੇ ਦਿਨ ਦੇ ਵਿਚ ਕਿੰਨਾ ਪਾਣੀ ਪੀਤਾ ਗਿਆ ਹੈ। ਸਵਾਸ ਨੱਕ ਦੇ ਰਾਹੀਂ ਹੀ ਲੈਣਾ ਹੈ। ਜਦੋਂ ਅਸੀਂ ਸਵਾਸ ਨੱਕ ਦੇ ਰਾਹੀਂ ਲੈਂਦੇ ਹਾਂ ਤਾਂ ਸਵਾਸ ਨੂੰ ਫੇਫੜਿਆਂ ਤੱਕ ਪਹੁੰਚਣ ਦੇ ਲਈ ਲੰਮਾ ਰਸਤਾ ਤਹਿ ਕਰਨਾ ਪੈਂਦਾ ਹੈ। ਨੱਕ ਦੇ ਰਾਹੀਂ ਸਵਾਸ ਲੈਣ ਦੇ ਨਾਲ ਸਰੀਰ ਆਪਣੀ ਜ਼ਰੂਰਤ ਦੇ ਅਨੁਸਾਰ ਸਵਾਸ ਦੇ ਤਾਪਮਾਨ ਨੂੰ ਨਿਰੰਤਰ ਕਰ ਲੈਂਦਾ ਹੈ। ਜੇਕਰ ਸਰੀਰ ਠੰਢਾ ਹੈ, ਤਾਂ ਸਵਾਸ ਗਰਮ ਹੋ ਜਾਣੇ ਹਨ। ਜੇਕਰ ਸਰੀਰ ਜ਼ਿਆਦਾ ਗਰਮ ਹੈ, ਤਾਂ ਸਵਾਸ ਠੰਢੇ ਹੋ ਜਾਣੇ ਹਨ। ਆਤਮ ਗਿਆਨ ਦੇ ਵਧਣ ਨਾਲ ਮਨੁੱਖ ਆਪਣੇ ਆਪ ਨੂੰ ਕੁਦਰਤ ਦੇ ਹਵਾਲੇ ਕਰ ਦੇਂਦਾ ਹੈ ਜਿਸ ਨਾਲ ਮਨੁੱਖ ਨੂੰ ਬਹੁਤ ਸਾਰੀ ਆਤਮਿਕ ਸ਼ਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਜਦੋਂ ਮਨ ਅਰੋਗ ਹੋ ਜਾਵੇਗਾ ਤਾਂ ਸਰੀਰ ਦੇ ਕਈ ਰੋਗ ਆਪਣੇ ਆਪ ਠੀਕ ਹੋ ਜਾਣੇ ਹਨ।

ਸਿੱਖ ਕੌਮ

ਅੱਜ ਸਾਡੀ ਸਿੱਖ ਕੌਮ ਕੇਵਲ ਲੰਗਰ ਲਗਾਉਣ, ਨਗਰ ਕੀਰਤਨ ਕੱਢਣ ਜਾਂ ਧਾਰਮਿਕ ਸਥਾਨ ਨੂੰ ਬਣਾਉਣ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ? ਇਕੱਲੇ ਪੰਜਾਬ ਦੇ ਅੰਦਰ ਪਤਾ ਹੀ ਨਹੀਂ ਕਿੰਨੇ ਡੇਰੇ ਅਤੇ ਕਿੰਨੇ ਗੁਰਦੁਆਰੇ ਹਨ। ਕਈ ਲੋਕਾਂ ਨੇ ਆਪਣੀਆਂ ਜ਼ਮੀਨਾਂ ਦੀਆਂ ਰਜਿਸਟਰੀਆਂ ਇਹਨਾਂ ਡੇਰਿਆਂ ਦੇ ਨਾਮ ’ਤੇ ਕਰਾ ਦਿੱਤੀਆਂ ਹਨ ਜਾਂ ਕਈ ਕਰਾਈ ਜਾ ਰਹੇ ਹਨ। ਲਗਭਗ ਹਰ ਇੱਕ ਪਿੰਡ ਦੇ ਵਿਚ ਡੇਰਾ ਦੇਖਣ ਨੂੰ ਮਿਲ ਜਾਂਦਾ ਹੈ। ਇੱਕ ਛੋਟੇ ਜਿਹੇ ਪਿੰਡ ਅੰਦਰ ਦੋ ਤੋਂ ਵੱਧ ਗੁਰਦੁਆਰੇ ਹਨ। ਉਹ ਵੀ ਜਾਤਾਂ ਦੇ ਹਿਸਾਬ ਨਾਲ, ਮੜ੍ਹੀਆਂ ਵੀ ਜਾਤਾਂ ਦੇ ਹਿਸਾਬ ਨਾਲ ਪਿੰਡਾਂ ਦੇ ਵਿਚ ਬਣਾਈਆਂ ਗਈਆਂ ਹਨ। ਪਿੰਡਾਂ ਦੇ ਵਿਚ ਸਕੂਲੀ ਇਮਾਰਤ ਦੀ ਹਾਲਤ ਬਹੁਤ ਖ਼ਸਤਾ ਹੈ ਪਰ ਸਾਨੂੰ ਉਹ ਕਿਉਂ ਨਹੀਂ ਦਿਖਾਈ ਦੇਂਦੀ। ਸਾਡਾ ਦਿਲ ਕਿਉਂ ਨਹੀਂ ਕਰਦਾ ਕਿ ਬੱਚਿਆਂ ਦੇ ਲਈ ਬੈਠਣ ਵਾਸਤੇ ਕੋਈ ਚੰਗਾ ਇੰਤਜ਼ਾਮ ਕਰ ਦੇਈਏ। ਜਿਹੜੇ ਪਰਿਵਾਰ ਆਰਥਿਕ ਪੱਖੋਂ ਕਮਜ਼ੋਰ ਹਨ, ਉਨ੍ਹਾਂ ਦੇ ਬੱਚਿਆਂ ਨੂੰ ਬਿਨਾਂ ਜਾਤ-ਪਾਤ ਦੇ ਚੰਗੀਆਂ ਵਰਦੀਆਂ ਜਾਂ ਕਿਤਾਬਾਂ ਲੈ ਕੇ ਦਿੱਤੀਆਂ ਜਾ ਸਕਦੀਆਂ ਹਨ। ਜੇਕਰ ਕਿਸੇ ਦਾ ਦਿਲ ਧਨ ਨਾਲ ਸੇਵਾ ਕਰਨ ਨੂੰ ਕਰਦਾ ਹੋਵੇ ਤਾਂ ਪੁੰਨ-ਦਾਨ ਕਰਨ ਤੋਂ ਪਹਿਲਾਂ ਆਪਣੇ ਆਲੇ-ਦੁਆਲੇ ਨਜ਼ਰ ਮਾਰੀ ਜਾ ਸਕਦੀ ਹੈ, ਪਰ ਨਹੀਂ, ਇਸ ਤਰ੍ਹਾਂ ਦੇ ਕਾਰਜ ਕਰਨ ਦੇ ਨਾਲ ਮਨੁੱਖ ਦੇ ਹੰਕਾਰ ਦੀ ਪੂਰਤੀ ਨਹੀਂ ਹੁੰਦੀ। ਧਾਰਮਿਕ ਅਸਥਾਨਾਂ ਦੇ ਉੱਪਰ ਸੇਵਾ ਕਰਵਾਈ ਦਾ ਪੱਥਰ ਲੱਗਣਾ ਬਹੁਤ ਜ਼ਰੂਰੀ ਹੈ। ਜੇ ਅਸੀਂ ਇਹ ਸੋਚ ਰਹੇ ਹਾਂ ਕਿ ਡੇਰਿਆਂ ਦੇ ਨਾਮ ’ਤੇ ਪੈਸਾ ਜਾਂ ਜ਼ਮੀਨਾਂ ਦੇਣ ਨਾਲ ਸਾਨੂੰ ਸਵਰਗ ਮਿਲ ਜਾਵੇਗਾ ਜਾਂ ਇਹ ਲੋਕ ਤੁਹਾਨੂੰ ਮਰਨ ਜਨਮ ਤੋਂ ਬਾਅਦ ਮੁਕਤੀ ਦਿਵਾ ਦੇਣਗੇ ਤਾਂ ਅਸੀਂ ਬਿਲਕੁਲ ਹੀ ਬੱਚਿਆਂ ਵਾਲੀ ਸੋਚ ਦੇ ਮਾਲਕ ਹਾਂ। ਇੱਕੀਵੀਂ ਸਦੀ ਦੇ ਲੋਕ ਵੀ ਆਪਣੇ ਆਪ ਨੂੰ ਵਹਿਮਾਂ ਅਤੇ ਭਰਮਾਂ ਦੇ ਵਿਚ ਡੋਬੀ ਜਾਣਗੇ, ਇਹ ਗੱਲ ਬਹੁਤ ਹੈਰਾਨਗੀ ਵਾਲੀ ਹੈ। ਦਾਨ ਕਰਨ ਤੋਂ ਪਹਿਲਾਂ ਆਪਣੇ ਆਲੇ-ਦੁਆਲੇ ਨਜ਼ਰ ਮਾਰਨ ਦੀ ਲੋੜ ਹੈ। ਜੋ ਵੀ ਲੋੜਵੰਦ ਲੋਕ ਹਨ, ਉਨ੍ਹਾਂ ਦੀ ਮਦਦ ਕੀਤੀ ਜਾ ਸਕਦੀ ਹੈ। ਜੇਕਰ ਸੱਚਮੁੱਚ ਹੀ ਸਾਡਾ ਦਾਨ-ਪੁੰਨ ਕਰਨ ਦਾ ਵਿਚਾਰ ਮਨ ਦੇ ਅੰਦਰ ਪੈਦਾ ਹੋ ਗਿਆ ਹੈ ਤਾਂ ਜੇ ਕੋਈ ਗ਼ਰੀਬ ਪਰਿਵਾਰਾਂ ਦੇ ਬੱਚੇ ਗ਼ਰੀਬੀ ਦੇ ਕਾਰਨ ਆਪਣੀ ਪੜ੍ਹਾਈ ਨੂੰ ਪੂਰਾ ਨਹੀਂ ਕਰ ਪਾਉਂਦੇ, ਨਿੱਕੀ ਉਮਰ ਦੇ ਵਿਚ ਉਨ੍ਹਾਂ ਨੂੰ ਕੰਮ ਕਰਨਾ ਪੈਂਦਾ ਹੈ; ਉਨ੍ਹਾਂ ਦੀ ਪੜ੍ਹਾਈ ਦਾ ਖ਼ਰਚਾ ਦਿੱਤਾ ਜਾ ਸਕਦਾ ਹੈ। ਦਾਨ ਭਾਵੇਂ ਥੋੜ੍ਹਾ ਹੋਵੇ ਜਾਂ ਜ਼ਿਆਦਾ, ਆਪਣੇ ਹੱਥੀਂ ਕਰੋ ਇਹੀ ਧਰਮ ਹੈ। ਮਨੁੱਖ ਜਿੰਨਾ ਮਰਜ਼ੀ ਦਾਨ ਪੁੰਨ ਕਰੇ, ਪਰਮਾਤਮਾ ਉਸ ਨੂੰ ਦੇਖ

ਰਿਹਾ ਹੈ, ਦਾਨ ਦੇਣ ਦੇ ਨਾਲ ਕੁਝ ਘਟੇਗਾ ਨਹੀਂ। ਆਪਣੇ ਆਲੇ-ਦੁਆਲੇ ਬਿਨਾਂ ਪੈਸੇ ਦੇ ਕੀਤਾ ਕੰਮ ਪਰਮਾਤਮਾ ਦੀ ਸੇਵਾ ਹੈ। ਇਹ ਸਾਰਾ ਬ੍ਰਹਿਮੰਡ ਉਸ ਦਾ ਘਰ ਹੈ। ਇਸ ਨੂੰ ਅਸੀਂ ਆਪ ਸਾਫ਼ ਸੁਥਰਾ ਕਰ ਕੇ ਕੁਦਰਤ ਦਾ ਅਸ਼ੀਰਵਾਦ ਪ੍ਰਾਪਤ ਕਰ ਸਕਦੇ ਹਾਂ। ਜੋ ਮਨੁੱਖ ਇਹ ਸੋਚ ਰਿਹਾ ਹੈ ਕਿ ਕੇਵਲ ਧਾਰਮਿਕ ਸਥਾਨਾਂ ਉੱਪਰ ਕੀਤੀ ਸੇਵਾ ਹੀ ਕਬੂਲ ਹੁੰਦੀ ਹੈ ਤਾਂ ਇਹ ਮਨੁੱਖ ਇੱਕ ਭਰਮ ਦੇ ਵਿਚ ਬੈਠਾ ਹੈ। ਜੋ ਮਨੁੱਖ ਕੇਵਲ ਧਾਰਮਿਕ ਸਥਾਨਾਂ ਦੇ ਅੰਦਰ ਹੀ ਪਰਮਾਤਮਾ ਦੀ ਹੋਂਦ ਨੂੰ ਮੰਨ ਰਿਹਾ ਹੈ ਤਾਂ ਉਹ ਮਨੁੱਖ ਆਪਣੇ ਆਪ ਨੂੰ ਇੱਕ ਧੋਖਾ ਦੇ ਰਿਹਾ ਹੈ। ਪਰਮਾਤਮਾ ਇੱਕ ਅੱਖ ਹੈ, ਸਾਡੀ ਕੋਈ ਵੀ ਗਤੀਵਿਧੀ ਉਸ ਤੋਂ ਲੁਕ ਨਹੀਂ ਸਕਦੀ। ਤੁਸੀਂ ਸਰਕਾਰੀ ਹਸਪਤਾਲਾਂ ਦੇ ਵਿਚ ਜਾ ਕੇ ਦੇਖੋ, ਜੇ ਕੋਈ ਲੋੜਵੰਦ ਮਿਲ ਜਾਵੇ ਤਾਂ ਉਨ੍ਹਾਂ ਦੀ ਮਦਦ ਕਰ ਦੇਵੋ। ਜਿਨ੍ਹਾਂ ਦੇ ਕੋਲ ਦਵਾਈ ਖ਼ਰੀਦਣ ਜੋਗੇ ਪੈਸੇ ਨਹੀਂ ਹਨ ਤਾਂ ਇਲਾਜ ਕਰਨ ਦੇ ਵਿਚ ਉਨ੍ਹਾਂ ਦੀ ਮਦਦ ਕੀਤੀ ਜਾ ਸਕਦੀ ਹੈ। ਕਿੰਨੇ ਲੋਕ ਅਸੀਂ ਦੇਖਦੇ ਹਾਂ ਜਿਨ੍ਹਾਂ ਲੋਕਾਂ ਦੇ ਕੋਲ ਕਈ ਵਾਰ ਕੱਪੜੇ ਜਾਂ ਚੱਪਲਾਂ ਲੈਣ ਜੋਗੇ ਪੈਸੇ ਵੀ ਨਹੀਂ ਹੁੰਦੇ, ਉਨ੍ਹਾਂ ਦੀ ਤੁਸੀਂ ਮਦਦ ਕਰ ਸਕਦੇ ਹੋ। ਜੋ ਵੀ ਤੁਹਾਡੀ ਸਮਝ ਦੁਆਰਾ ਤੁਹਾਡੇ ਪਾਸ ਵਾਧੂ ਵਸਤੂ ਹੈ, ਉਸ ਨੂੰ ਦੂਜਿਆਂ ਦੇ ਨਾਲ ਵੰਡੋ। ਹਰ ਇੱਕ ਪਿੰਡ ਦੇ ਵਿਚ ਪੁਰਾਣੇ ਕੱਪੜਿਆਂ ਨੂੰ ਦਾਨ ਕਰਨ ਦੇ ਲਈ ਇੱਕ ਬਕਸਾ ਬਣਾਓ। ਉਸ ਨੂੰ ਕਿਸੇ ਵੀ ਧਾਰਮਿਕ ਅਸਥਾਨ ਦੇ ਲਾਗੇ ਰੱਖੋ। ਉਸ ਦੇ ਵਿਚ ਪੁਰਾਣੇ ਕੱਪੜੇ ਦਾਨ ਕਰੋ ਜਿਨ੍ਹਾਂ ਕੱਪੜਿਆਂ ਦੀ ਤੁਸੀਂ ਵਰਤੋਂ ਨਹੀਂ ਕਰਦੇ ਹੋ। ਇੱਕ ਗੱਲ ਯਾਦ ਰੱਖਣਾ—ਦੇਣਾ ਦੇਣਾ ਹੈ ਅਤੇ ਲੈਣਾ ਲੈਣਾ ਹੈ। ਇਸ ਗੱਲ ਦੇ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕੀ ਦੇ ਰਹੇ ਹੋ ਜਾਂ ਕੀ ਲੈ ਰਹੇ ਹੋ।

ਮਨੁੱਖ ਦੀਆਂ ਸ਼੍ਰੇਣੀਆਂ

ਪਹਿਲੀ ਸ਼੍ਰੇਣੀ

ਪਹਿਲੀ ਸ਼੍ਰੇਣੀ ਦੇ ਅੰਦਰ ਉਹ ਮਨੁੱਖ ਆਉਂਦੇ ਹਨ ਜੋ ਮਨ ਦੇ ਅੰਦਰ ਕੇਵਲ ਬੋਲਣ ਅਤੇ ਸੁਣਨ ਵਾਲੇ ਜਗਤ ਨੂੰ ਹੀ ਜਾਣਦੇ ਹਨ। ਉਹ ਆਪਣਾ ਸਾਰਾ ਜੀਵਨ ਇਸ ਬੋਲਣ ਅਤੇ ਸੁਣਨ ਵਾਲੇ ਜਗਤ ਵਿਚ ਹੀ ਬਤੀਤ ਕਰਦੇ ਹਨ ਅਤੇ ਇਸ ਸੰਸਾਰ ਤੋਂ ਰੁਖ਼ਸਤ ਹੋ ਜਾਂਦੇ ਹਨ।

ਦੂਜੀ ਸ਼੍ਰੇਣੀ

ਇਸ ਸ਼੍ਰੇਣੀ ਵਿਚ ਕੁੱਝ ਮਨੁੱਖ ਏਦਾਂ ਦੇ ਵੀ ਹੋਏ ਹਨ, ਜਿਨ੍ਹਾਂ ਨੇ ਮਨ ਦੇ ਅੰਦਰ ਬੋਲਣ ਅਤੇ ਸੁਣਨ ਵਾਲੇ ਜਗਤ ਤੋਂ ਇਲਾਵਾ ਆਪਣੇ ਮਨ ਦੇ ਅੰਦਰ ਆਪਣੇ ਆਪ ਚੱਲਣ ਵਾਲੇ ਵਿਚਾਰਾਂ ਦੇ ਜਗਤ ਦੀ ਖੋਜ ਕਰ ਲਈ ਸੀ। ਇਸ ਖੋਜ ਤੋਂ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਮਨੁੱਖ ਦੇ ਮਨ ਅੰਦਰ ਵਿਚਾਰ ਆਪਣੇ ਆਪ ਚੱਲੀ ਜਾ ਰਹੇ ਹਨ, ਜਿਨ੍ਹਾਂ ਦੇ ਉੱਪਰ ਮਨੁੱਖ ਦਾ ਕੋਈ ਕੰਟਰੋਲ ਨਹੀਂ ਹੈ ਪਰ ਉਨ੍ਹਾਂ ਦੀ ਖੋਜ ਇਨ੍ਹਾਂ ਵਿਚਾਰਾਂ ਰੂਪੀ ਬੱਦਲਾਂ ਤੋਂ ਅੱਗੇ ਨਾ ਲੰਘ ਸਕੀ।

ਤੀਜੀ ਸ਼੍ਰੇਣੀ

ਇਸ ਸ਼੍ਰੇਣੀ ਵਿਚ ਕੁੱਝ ਮਨੁੱਖ ਏਦਾਂ ਦੇ ਵੀ ਹੋਏ ਸਨ ਜਿਨ੍ਹਾਂ ਨੇ ਧਿਆਨ ਸਿਮਰਨ ਦੇ ਰਾਹੀਂ ਨਿਰ-ਵਿਚਾਰ ਮਨ ਦੀ ਖੋਜ ਕਰ ਲਈ ਸੀ। ਉਨ੍ਹਾਂ ਮਨੁੱਖਾਂ ਨੇ ਕਈ ਧਾਰਮਿਕ ਗ੍ਰੰਥਾਂ ਦੀਆਂ ਰਚਨਾਵਾਂ ਵੀ ਕੀਤੀਆਂ ਸਨ ਤਾਂ ਜੋ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਨੂੰ ਪਹਿਲਾਂ ਇਸ ਦਿਸ਼ਾ ਵਿਚ ਕੀਤੀਆਂ ਗਈਆਂ ਖੋਜਾਂ ਅਤੇ ਅਨੁਭਵਾਂ ਦੇ ਪ੍ਰਤੀ ਜਾਣੂ ਕਰਵਾਇਆ ਜਾ ਸਕੇ। ਆਉਣ ਵਾਲੀ ਪੀੜ੍ਹੀ ਆਪਣੇ ਜੀਵਨ ਦੇ ਕੀਮਤੀ ਸਮੇਂ ਨੂੰ ਗਵਾਏ ਬਿਨਾਂ ਘੱਟ ਸਮੇਂ ਅੰਦਰ ਹੀ ਉਸ ਅਨੰਦਮਈ ਜੀਵਨ ਨੂੰ ਪ੍ਰਾਪਤ ਕਰ ਲੈਣ।

ਗੁਰੂ

ਆਪਣੇ ਆਪ ਨੂੰ ਕਿਸੇ ਦਾ ਗ਼ੁਲਾਮ ਨਹੀਂ ਬਣਾਉਣਾ, ਅੱਜ ਤੱਕ ਜਿੰਨੇ ਵੀ ਮਨੁੱਖ ਪੈਦਾ ਹੋਏ ਹਨ, ਤੁਸੀਂ ਕਿਸੇ ਵੀ ਤਰੀਕੇ ਨਾਲ ਉਨ੍ਹਾਂ ਤੋਂ ਘੱਟ ਨਹੀਂ ਹੋ। ਦੇਹਧਾਰੀ ਗੁਰੂ, ਬਾਬਾ ਜਾਂ ਸਾਧ ਮੈਂ ਕਿਸੇ ਦੇ ਖ਼ਿਲਾਫ਼ ਨਹੀਂ ਹਾਂ। ਜੇਕਰ ਕੋਈ ਮਨੁੱਖ ਸੱਚ ਦੇ ਵਿਚ ਆਤਮ ਗਿਆਨ ਵਾਲੀ ਅਵਸਥਾ ਵਿਚ ਪਹੁੰਚ ਗਿਆ ਹੈ, ਉਹ ਮਨੁੱਖ ਹੋਰ ਕਿਸੇ ਨੂੰ ਆਪਣੇ ਨਾਲ ਨਹੀਂ ਜੋੜ ਸਕਦਾ। ਜੇਕਰ ਕੋਈ ਮਨੁੱਖ ਇਸ ਤਰ੍ਹਾਂ ਦਾ ਕਾਰਜ ਕਰ ਰਿਹਾ ਹੈ ਤਾਂ ਮੇਰੀ ਨਜ਼ਰ ਵਿਚ ਉਹ ਭੋਲੇ ਭਾਲੇ ਲੋਕਾਂ ਦਾ ਸ਼ੋਸ਼ਣ ਕਰਨ ਵਾਲਾ ਇੱਕ ਠੱਗ ਹੋ ਸਕਦਾ ਹੈ; ਸੰਤ, ਬਾਬਾ ਜਾਂ ਗੁਰੂ ਨਹੀਂ। ਸੰਸਾਰ ਦੇ ਉੱਪਰ ਧਰਮ ਦੇ ਕਾਰੋਬਾਰ ਕਰਨ ਵਾਲੇ ਲੋਕ ਝੂਠਾ ਪ੍ਰਚਾਰ ਕਰਦੇ ਆਏ ਹਨ ਕਿ ਤੁਹਾਨੂੰ ਦੇਹਧਾਰੀ ਗੁਰੂ ਨੂੰ ਧਾਰਨਾ ਪਵੇਗਾ, ਵਗ਼ੈਰਾ ਵਗ਼ੈਰਾ ਗੱਲਾਂ ਇਹਨਾਂ ਨੇ ਦੁਨੀਆਂ ਦੇ ਵਿਚ ਫੈਲਾ ਦਿੱਤੀਆਂ ਹਨ। ਇਹਨਾਂ ਦਾ ਕਹਿਣਾ ਹੈ ਕਿ ਗੁਰੂ ਦੇ ਬਿਨਾਂ ਗਿਆਨ ਨਹੀਂ ਹੋ ਸਕਦਾ। ਕਦੇ ਸੋਚਿਆ ਹੈ ਕਿ ਇਸ ਸੰਸਾਰ ਉੱਪਰ ਪਹਿਲੇ ਮਨੁੱਖ ਦਾ ਗੁਰੂ ਕੌਣ ਸੀ ? ਜਿਸ ਨੂੰ ਇਹ ਪਤਾ ਲੱਗ ਗਿਆ ਸੀ ਕਿ ਮਨੁੱਖ ਅਤੇ ਪਰਮਾਤਮਾ ਦੇ ਵਿਚਕਾਰ ਇੱਕ ਵਿਚਾਰਾਂ ਰੂਪੀ ਮੰਡਲ ਹੈ ਜਿਸ ਵਿੱਚੋਂ ਦੀ ਲੰਘ ਕੇ ਜਾਣਾ ਹੈ। ਇਸ ਗੱਲ ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਆਪਣੇ ਵਿਚਾਰਾਂ ਨੂੰ ਖ਼ਤਮ ਕਰਨ ਦੇ ਲਈ ਬਾਹਰ ਵਾਲੇ ਗੁਰੂ ਦੀ ਕੋਈ ਲੋੜ ਨਹੀਂ ਹੈ। ਪਾਰਬ੍ਰਹਮ ਦਾ ਕੋਈ ਵੀ ਰੂਪ ਨਹੀਂ ਹੈ। ਉਹ ਆਕਾਰ ਰਹਿਤ ਸ਼ਕਤੀ ਹੈ। ਉਹ ਕੋਈ ਮਨੁੱਖ ਨਹੀਂ ਹੈ ਜਿਸ ਨੂੰ ਮਿਲਣ ਦੇ ਲਈ ਵਿਚੋਲੇ ਦੀ ਜ਼ਰੂਰਤ ਪਵੇ। ਇਨ੍ਹਾਂ ਠੱਗਾਂ ਨੇ ਆਪੋ-ਆਪਣੇ ਕਾਰੋਬਾਰਾਂ ਨੂੰ ਚਲਾਉਣ ਵਾਸਤੇ ਕਈ ਭਰਮ ਫੈਲਾ ਦਿੱਤੇ ਹਨ। ਸਾਰੀ ਮਨੁੱਖਤਾ ਨੂੰ ਇੱਕ ਐਸੇ ਅੰਨ੍ਹੇ ਖੂਹ ਵਿਚ ਧੱਕੀ ਜਾ ਰਹੇ ਹਨ ਤਾਂ ਜੋ ਆਪਣੇ ਸਵਾਰਥਾਂ ਨੂੰ ਪੂਰਾ ਕੀਤਾ ਜਾ ਸਕੇ। ਅੱਜ ਇਨ੍ਹਾਂ ਦੇ ਵਿੱਚੋਂ ਬਹੁਤ ਸਾਰੇ ਤਾਂ ਤੁਹਾਨੂੰ ਜੇਲ੍ਹਾਂ ਦੇ ਅੰਦਰ ਬੰਦ ਮਿਲ ਜਾਣਗੇ।

ਪਰਮਾਤਮਾ ਨੂੰ ਕੇਵਲ ਉਹੀ ਮਨੁੱਖ ਜਾਣੇਗਾ ਜਿਸ ਦੀ ਚੇਤਨਾ ਅੰਧ-ਵਿਸ਼ਵਾਸ ਤੋਂ ਮੁਕਤ ਹੋ ਗਈ ਹੈ। ਜੋ ਕਿਸੇ ਹੋਰ ਨੂੰ ਨਹੀਂ ਮੰਨਦਾ, ਕੇਵਲ ਉਸ ਅਕਾਲ ਪੁਰਖ ਦੇ ਉੱਪਰ ਜਿਸ ਦਾ ਵਿਸ਼ਵਾਸ ਹੈ, ਜੋ ਨਾ ਕਿਸੇ ਮੂਰਤੀ ਨੂੰ ਨਾ ਕਿਸੇ ਦੇਹਧਾਰੀ ਗੁਰੂ ਨੂੰ ਜਾਂ ਸੰਤ ਜਾਂ ਕਿਸੇ ਫੋਟੋ ਦੀ ਪੂਜਾ ਕਰੇ; ਇਨ੍ਹਾਂ ਵਿੱਚੋਂ ਕਿਸੇ ਦੀ ਵੀ ਪੂਜਾ ਕੀਤਿਆਂ ਪਾਰਬ੍ਰਹਮ ਦੇ ਵਿਚ ਲੀਨ ਨਹੀਂ ਹੋਇਆ ਜਾ ਸਕਦਾ। ਆਖ਼ਰ ਵਿਚ ਆਪਣੇ ਆਪ ਨੂੰ ਵੀ ਛੱਡਣਾ ਪੈਂਦਾ ਹੈ। ਮੇਰੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੈ। ਇਸ ਪ੍ਰਚਾਰ ਨੇ ਮਨੁੱਖ ਨੂੰ ਦਿਸ਼ਾਹੀਣ ਕਰ ਕੇ ਰੱਖ ਦਿੱਤਾ ਹੈ। ਪਾਰਬ੍ਰਹਮ ਨੂੰ ਜਾਣਨ ਲਈ ਬਾਹਰ

ਨਹੀਂ, ਆਪਣੇ ਅੰਦਰ ਯਾਤਰਾ ਕਰਨੀ ਹੈ। ਸੁਰਤੀ ਨੂੰ ਵਿਚਾਰਾਂ ਤੋਂ ਮੁਕਤ ਕਰਨ ਨਾਲ ਹੀ ਸਾਰੇ ਭੇਦ ਆਪਣੇ ਆਪ ਖੁੱਲ੍ਹ ਜਾਂਦੇ ਹਨ।

ਵਿਚਾਰਾਂ ਰਹਿਤ ਸੁਰਤੀ ਨਾਲ ਸੁੱਤਾ ਮਨ ਆਪਣੇ ਆਪ ਜਾਗਦਾ ਜਾਂਦਾ ਹੈ। ਆਪਣੇ ਮਨ ਨੂੰ ਜਗਾਉਣ ਲਈ ਕਿਸੇ ਦੂਜੇ ਦੀ ਲੋੜ ਨਹੀਂ, ਬਲਕਿ ਆਪਣੇ ਆਪ ਦੀ ਲੋੜ ਪੈਂਦੀ ਹੈ। ਇਸ ਅਗਿਆਨ ਤੋਂ ਬਾਹਰ ਨਿਕਲੋ, ਜੀਵਨ ਹੱਥਾਂ ਦੇ ਵਿੱਚੋਂ ਨਿਕਲੀ ਜਾ ਰਿਹਾ ਹੈ। ਆਪਣੇ ਜੀਵਨ ਦੇ ਕੀਮਤੀ ਸਮੇਂ ਨੂੰ ਬਰਬਾਦ ਨਾ ਕਰੋ। ਆਪਣੇ ਅੰਦਰੋਂ ਕਿੱਦਾਂ ਭਾਲ ਕਰਨੀ ਹੈ, ਧਿਆਨ ਸਿਮਰਨ ਕਰਨ ਵਾਲੇ ਭਾਗ ਵਿਚ ਦੱਸੀ ਗਈ ਵਿਧੀ ਦੇ ਅਨੁਸਾਰ ਧਿਆਨ ਸਿਮਰਨ ਕਰੋ। ਕੁੱਝ ਦਿਨ ਸਾਧਨਾ ਕਰਨ ਦੇ ਨਾਲ ਸਾਰੇ ਵਹਿਮਾਂ ਭਰਮਾਂ ਤੋਂ ਤੁਹਾਨੂੰ ਆਪਣੇ ਆਪ ਮੁਕਤੀ ਮਿਲ ਜਾਣੀ ਹੈ। ਬਾਅਦ ਵਿਚ ਤੁਸੀਂ ਆਪਣੀ ਮਰਜ਼ੀ ਦੇ ਨਾਲ ਆਪ ਫ਼ੈਸਲਾ ਕਰ ਲੈਣਾ। ਮਨੁੱਖਾ ਜਨਮ ਹੀ ਇੱਕ ਐਸੀ ਘੁੰਡੀ ਹੈ ਜਿਸ ਦੇ ਵਿਚ ਹੀ ਸਾਰੇ ਭਰਮਾਂ ਨੂੰ ਦੂਰ ਕੀਤਾ ਜਾ ਸਕਦਾ ਹੈ।

ਜੀਵ ਆਤਮਾ ਪਰਮ ਅਨੰਦ ਨੂੰ ਜਿਉਂਦੇ-ਜੀ ਅਨੁਭਵ ਕਰ ਸਕਦੀ ਹੈ। ਧਰਮ ਹੈ ਆਪਣੇ ਅਸਲੀ ਸਰੂਪ ਨੂੰ ਆਪ ਖ਼ੁਦ ਦੇਖ ਲੈਣਾ। ਇਸ ਦੀ ਕਿਰਿਆ ਨੂੰ ਹੀ ਧਰਮ ਕਿਹਾ ਜਾਂਦਾ ਹੈ ਜਿਸ ਨਾਲ ਅਗਿਆਨ ਆਪਣੇ ਆਪ ਦੂਰ ਹੋ ਜਾਵੇਗਾ। ਮੰਨ ਲਵੋ ਪਰਮਾਤਮਾ ਇੱਕ ਸੂਰਜ ਅਤੇ ਮਨੁੱਖ ਇੱਕ ਕਿਰਨ ਹੈ। ਇੱਕ ਕਿਰਨ ਦੂਜੀ ਕਿਰਨ ਨੂੰ ਮੁਕਤ ਨਹੀਂ ਕਰ ਸਕਦੀ ਕਿਉਂਕਿ ਕਿਰਨ ਜੜ੍ਹ ਹੈ। ਉਹ ਖ਼ੁਦ ਕਰਤਾ ਨਹੀਂ ਹੈ, ਕਰਤਾ ਸੂਰਜ ਹੈ।

ਇੱਕ ਰੇਤਾ ਦੇ ਕਣ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਪਾਰਬ੍ਰਹਮ ਦੇ ਅੰਦਰ ਧਰਤੀ ਤੋਂ ਕਈ ਗੁਣਾ ਵੱਡੇ ਤਾਰੇ ਜਨਮ ਲੈਂਦੇ ਹਨ ਅਤੇ ਪਤਾ ਹੀ ਨਹੀਂ ਕਿੱਥੇ ਅਲੋਪ ਹੋ ਜਾਂਦੇ ਹਨ। ਤੁਸੀਂ ਇਸ ਗੱਲ ਤੋਂ ਅੰਦਾਜ਼ਾ ਲਗਾ ਸਕਦੇ ਹੋ ਉਹ ਸ਼ਕਤੀ ਕੀ ਹੈ। ਮਨੁੱਖ ਨੂੰ ਮੁਕਤੀ ਤਾਂ ਪਾਰਬ੍ਰਹਮ ਦੇ ਦੁਆਰਾ ਹੀ ਮਿਲ ਸਕਦੀ ਹੈ। ਬ੍ਰਹਮ ਦੀ ਪ੍ਰਾਪਤੀ ਕੇਵਲ ਉਦੋਂ ਹੀ ਹੋਵੇਗੀ ਜਦੋਂ ਮਨੁੱਖ ਆਪ ਖ਼ੁਦ ਪਾਰਬ੍ਰਹਮ ਨੂੰ ਆਪਣੇ ਮਨ ਦੀ ਅੱਖ ਨਾਲ ਦੇਖਣਾ ਚਾਹੇਗਾ ਅਤੇ ਧਰਮ ਦੇ ਰਸਤੇ ਉੱਪਰ ਚੱਲਦਿਆਂ ਹੋਇਆਂ ਆਪ ਗਤੀ ਕਰਨੀ ਹੈ। ਕਿਸੇ ਦੇ ਉੱਪਰ ਅੰਧ-ਵਿਸ਼ਵਾਸ ਕਰਨਾ ਠੀਕ ਨਹੀਂ ਹੈ। ਆਪ ਖੋਜ ਕਰਨੀ ਹੈ, ਫਿਰ ਯਕੀਨ ਕਰਨਾ ਹੈ।

ਸ਼ਰਧਾ ਕੀ ਹੈ ?

ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਣ ਕਰ ਦੇਣਾ ਸ਼ਰਧਾ ਹੈ। ਬਿਨਾਂ ਸ਼ਰਧਾ ਦੇ ਕੀਤੀ ਗਈ ਸੇਵਾ, ਕੀਤਾ ਗਿਆ ਦਾਨ ਪੁੰਨ, ਕੀਤਾ ਗਿਆ ਜਪ ਤਪ, ਕੀਤੇ ਗਏ ਚੰਗੇ ਕਰਮਾਂ ਨੇ ਫਲੀਭੂਤ ਨਹੀਂ ਹੋਣਾ।

ਅਸਪਰਸ਼ ਤੱਤ

ਇਸ ਬ੍ਰਹਮ ਦੇ ਅੰਦਰ ਅਸਪਰਸ਼ ਇੱਕ ਐਸਾ ਤੱਤ ਹੈ ਜਿਸ ਨੂੰ ਸਪਰਸ਼ ਨਹੀਂ ਕੀਤਾ ਜਾ ਸਕਦਾ। ਇਹ ਤੱਤ ਮਨੁੱਖ ਦੇ ਸਰੀਰ ਅੰਦਰ ਉਸ ਵਖਤ ਪਰਵੇਸ਼ ਕਰ ਜਾਂਦਾ ਹੈ ਜਦੋਂ ਸਾਧਨਾ ਦੇ ਵਿਚ ਬੈਠੇ ਸਾਧਕ ਦਾ ਤਨ, ਮਨ ਅਤੇ ਆਤਮਾ ਦਾ ਆਪਸ ਦੇ ਵਿਚ ਮਿਲਣ ਹੋ ਜਾਂਦਾ ਹੈ। ਉਸ ਤੋਂ ਬਾਅਦ ਮਨੁੱਖ ਅਸਪਰਸ਼ ਤੱਤ ਨੂੰ ਆਪ ਅਨੁਭਵ ਕਰ ਲੈਂਦਾ ਹੈ। ਜਦੋਂ ਤੁਹਾਡੇ ਅੰਦਰ ਇਨ੍ਹਾਂ ਤਿੰਨਾਂ ਤੱਤਾਂ ਦਾ ਆਪਸ ਦੇ ਵਿਚ ਮਿਲਣ ਹੋ ਜਾਵੇਗਾ ਤਾਂ ਇਨ੍ਹਾਂ ਤਿੰਨੇ ਤੱਤਾਂ ਦੇ ਇੱਕ ਦੂਜੇ ਦੇ ਵਿਚ ਘੁਲਣ ’ਤੇ ਤੁਸੀਂ ਵੀ ਬ੍ਰਹਮ ਦੇ ਵਿਚ ਘੁਲ ਜਾਵੋਗੇ ਤਾਂ ਉਸ ਤੋਂ ਬਾਅਦ ਤੁਹਾਡਾ ਪਰਵੇਸ਼ ਇੱਕ ਅਰੂਪ ਮੰਡਲ ਦੇ ਵਿਚ ਹੋ ਜਾਵੇਗਾ, ਇਹ ਹੈ ਨਿਰਾਕਾਰ। ਇਸ ਅਵਸਥਾ ਵਿਚ ਪਰਵੇਸ਼ ਕਰਨ ਤੋਂ ਬਾਅਦ ਤੁਹਾਡਾ ਕੇਵਲ ਹੋਣਾ-ਭਾਵ ਬਾਕੀ ਰਹਿ ਜਾਣਾ ਹੈ। ਕੁੱਝ ਦਿਨਾਂ ਬਾਅਦ ਹੋਣਾ-ਭਾਵ ਵੀ ਖ਼ਤਮ ਹੋ ਜਾਵੇਗਾ ਅਤੇ ਕੇਵਲ ਚੇਤਨ-ਭਾਵ ਬਾਕੀ ਰਹਿ ਜਾਣਾ ਹੈ। ਜੋ ਮਨੁੱਖ ਪਰਮਾਤਮਾ ਨੂੰ ਲੱਭਣ ਵਾਸਤੇ ਗਿਆ ਸੀ, ਉਹ ਆਪ ਇਸ ਪੂਰਨ ਅਵਸਥਾ ਵਿਚ ਅਸੀਮ ਤੱਤ ਦੇ ਵਿਚ ਖੋਹ ਗਿਆ ਹੈ। ਅਸੀਮ ਸੀਮਾ ਰਹਿਤ ਹੈ ਉਸ ਨੂੰ ਅਨੁਭਵ ਕਰਨ ਲਈ ਆਪਣੀ ਸੁਰਤੀ ਨੂੰ ਸਾਧਨਾ ਦੇ ਰਾਹੀਂ ਉਸ ਤੱਤ ਦੇ ਵਿਚ ਲੈ ਕੇ ਜਾਣਾ ਪਵੇਗਾ ਤਾਂ ਹੀ ਸਾਨੂੰ ਉਸ ਅਸੀਮ ਤੱਤ ਦੀ ਛੂਹ ਪ੍ਰਾਪਤ ਹੋ ਸਕਦੀ ਹੈ। ਸਾਡੀਆਂ ਇੰਦਰੀਆਂ ਦੀ ਪਹੁੰਚ ਉਸ ਤੱਕ ਹੈ ਜਿਸ ਤੱਤ ਦੇ ਨਾਲ ਇਹ ਟਕਰਾ ਕੇ ਵਾਪਸ ਸਾਡੇ ਮਨ ਨੂੰ ਉਸ ਪਦਾਰਥ ਬਾਰੇ ਜਾਣਕਾਰੀ ਦੇ ਸਕਦੀਆਂ ਹਨ। ਜਦੋਂ ਮਨੁੱਖ ਦੀਆਂ ਇੰਦਰੀਆਂ ਅਕਿਰਿਆ ਅਵਸਥਾ ਵਿਚ ਅਰੂਪ ਦੇ ਨਾਲ ਟਕਰਾਉਂਦੀਆਂ ਹਨ ਤਾਂ ਉਸ ਦੇ ਬਾਰੇ ਦੱਸਣ ਤੋਂ ਅਸਮਰੱਥ ਹੋ ਜਾਂਦੀਆਂ ਹਨ। ਕੀ ਦੱਸਣ ਜਿਸ ਦਾ ਕੋਈ ਆਕਾਰ ਨਹੀਂ ਹੈ ਜੋ ਪਰ੍ਹੇ ਹੋਰ ਪਰ੍ਹੇ ਹੋਰ ਪਰ੍ਹੇ ਹੈ ਜਿਸ ਦੀ ਕੋਈ ਸੀਮਾ ਹੀ ਨਹੀਂ ਹੈ। ਇਸ ਅਵਸਥਾ ਪਹੁੰਚਣ ਤੋਂ ਬਾਅਦ ਆਤਮਾ ਆਪਣੇ ਆਪ ਵਿਚ ਪ੍ਰਕਾਸ਼ਮਾਨ ਹੋ ਜਾਵੇਗੀ ਅਤੇ ਆਤਮਾ ਦਾ ਪ੍ਰਕਾਸ਼ ਪਾਰਬ੍ਰਹਮ ਦੇ ਵਿਚ ਲੀਨ ਹੋ ਜਾਵੇਗਾ। ਇਹ ਅਵਸਥਾ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਪਾਣੀ ਦੀ ਬੂੰਦ ਸਮੁੰਦਰ ਦੇ ਵਿਚ ਲੀਨ ਹੋ ਕੇ ਸਮੁੰਦਰ ਦਾ ਰੂਪ ਤਾਂ ਹੋ ਜਾਂਦੀ ਹੈ ਪਰ ਉਹ ਸਾਰੇ ਸਮੁੰਦਰ ਨੂੰ ਕਦੇ ਵੀ ਪੂਰਨ ਤੌਰ ’ਤੇ ਜਾਣ ਨਹੀਂ ਸਕੇਗੀ। ਜੋ ਸੀਮਾ ਤੋਂ ਰਹਿਤ ਉਸ ਤੱਤ ਨੂੰ ਜਿਉਂਦੇ-ਜੀ ਅਨੁਭਵ ਕਰਨਾ ਹੀ ਮਨੁੱਖਾ ਜੀਵਨ ਦਾ ਇੱਕ ਮਾਤਰ ਪ੍ਰਯੋਜਨ ਹੈ। ਉਸ ਨੂੰ ਅਨੁਭਵ ਕਰਨ ਤੋਂ ਬਾਅਦ ਹੀ ਮਨੁੱਖ ਨੂੰ ਆਪਣੇ ਜੀਵਨ ਦਾ ਪਤਾ ਲੱਗਦਾ ਹੈ। ਜੀਵਨ ਕੀ ਸੀ, ਅਤੇ ਮੈਂ ਕੀ ਕਰਮ ਕਰੀ

ਜਾ ਰਿਹਾ ਸਾਂ ਜਿਨ੍ਹਾਂ ਨੂੰ ਕਰਨ ਦੇ ਨਾਲ ਮੇਰਾ ਮਨ ਰੂਪੀ ਦਰਪਣ ਹੋਰ ਜ਼ਿਆਦਾ ਧੁੰਦਲਾ ਹੁੰਦਾ ਗਿਆ। ਸਾਧਕ ਨੇ ਉਦੋਂ ਤੱਕ ਗਤੀ ਕਰਦੇ ਹੀ ਜਾਣਾ ਹੈ, ਜਦੋਂ ਤੱਕ ਇਸ ਦੀ ਸੁਰਤੀ ਪਰਮ ਤੱਤ ਦੇ ਵਿਚ ਪਰਵੇਸ਼ ਕਰਨ ਤੋਂ ਬਾਅਦ ਦੇਹੀ-ਭਾਵ ਮਿੱਟ ਨਹੀਂ ਜਾਂਦਾ।

ਅੰਤਮ ਵਿਚਾਰ

ਜਦੋਂ ਮਨੁੱਖ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਇਹ ਪਲ ਉਸ ਦੇ ਜੀਵਨ ਦਾ ਇਤਿਹਾਸਕ ਪਲ ਹੁੰਦਾ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰਨ ਤੋਂ ਬਾਅਦ ਮਨੁੱਖ ਦਾ ਵਿਅੰਗਮਈ ਸੁਭਾਉ ਸਦਾ ਦੇ ਲਈ ਤਿਆਗਿਆ ਜਾਂਦਾ ਹੈ। ਇਸ ਅਵਸਥਾ ਵਿਚ ਮਨੁੱਖ ਨੇ ਵਿਚਾਰਾਂ ਤੋਂ ਮੁਕਤ ਹੋ ਕੇ ਸ਼ੁੱਧ ਸੂਖਮ ਚੇਤਨਾ ਦੇ ਉੱਤਮ ਤਖ਼ਤ 'ਤੇ ਬੈਠ ਜਾਣਾ ਹੈ। ਸਾਧਾਰਨ ਤੌਰ 'ਤੇ ਬਰਸਾਤ ਆਕਾਸ਼ ਤੋਂ ਹੁੰਦੀ ਹੈ ਪਰ ਧਰਮ ਦੀ ਵਰਖਾ ਸਰੀਰ ਦੇ ਥੱਲੇ ਵਾਲੇ ਹਿੱਸੇ ਤੋਂ ਉੱਪਰ ਵੱਲ ਨੂੰ ਹੁੰਦੀ ਹੈ ਜਿਸ ਦੇ ਫਲਸਰੂਪ ਮਨੁੱਖ ਨੂੰ ਸ਼ੁੱਧ ਧਰਮ ਦੀ ਪ੍ਰਾਪਤੀ ਆਪਣੇ ਪ੍ਰਾਣਾਂ ਦੇ ਅੰਦਰੋਂ ਹੋ ਜਾਂਦੀ ਹੈ। ਇਸ ਦੇ ਪਰਿਣਾਮ ਸਰੂਪ ਇਹ ਮਨੁੱਖਾ ਜੀਵਨ ਦੇ ਉਦੇਸ਼ ਨੂੰ ਸਮਝ ਲੈਂਦਾ ਹੈ। ਇਹ ਕਰਮ ਰੂਪੀ ਬੀਜਾਂ ਨੂੰ ਭਵਿੱਖ ਦੇ ਲਈ ਬੀਜਦਾ ਹੈ। ਜਿਸ ਕਰਮ ਰੂਪੀ ਬੀਜ ਨੂੰ ਇਹ ਬੀਜਦਾ ਹੈ, ਉਸ ਤੋਂ ਉਤਪੰਨ ਹੋਣ ਵਾਲੇ ਫਲ ਦਾ ਇਸ ਨੂੰ ਪੂਰਨ ਤੌਰ 'ਤੇ ਗਿਆਨ ਹੈ। ਇਸ ਅਵਸਥਾ ਵਿਚ ਪਰਵੇਸ਼ ਕਰ ਚੁੱਕੇ ਮਨੁੱਖ ਨੇ ਆਪਣੇ ਪ੍ਰਾਣ, ਮਨ ਅਤੇ ਆਤਮਾ ਨੂੰ ਸਾਧ ਲਿਆ ਹੈ।

ਕਈ ਵਾਰ ਅਸੀਂ ਸੋਚਦੇ ਹਾਂ ਜਿਸ ਤਰ੍ਹਾਂ ਅਸੀਂ ਕੰਮ-ਕਾਜ ਕਰਦੇ ਹਾਂ, ਦੂਜੇ ਲੋਕ ਸਾਡੇ ਵਾਂਗੂੰ ਕਿਉਂ ਨਹੀਂ ਕਰਦੇ। ਜੀਵਨ ਦੀ ਆਪਣੀ ਹੀ ਵਿਲੱਖਣਤਾ ਹੈ, ਹਰ ਇੱਕ ਮਨੁੱਖ ਇੱਕ ਦੂਜੇ ਤੋਂ ਵੱਖਰਾ ਹੈ, ਅਲੱਗ ਹੈ। ਉਸ ਦੀ ਪਸੰਦ ਨਾ ਪਸੰਦ ਇੱਕ ਦੂਜੇ ਤੋਂ ਵੱਖਰੀ ਹੈ। ਜੇ ਕੋਈ ਇਸ ਤਰ੍ਹਾਂ ਦਾ ਕੰਮ ਕਰ ਰਿਹਾ ਹੈ ਜੋ ਸਾਨੂੰ ਪਸੰਦ ਨਹੀਂ ਹੈ, ਉਸ ਦੇ ਦੁਆਰਾ ਕੀਤੇ ਜਾ ਰਹੇ ਕਾਰਜ ਤੋਂ ਸਾਨੂੰ ਆਪਣੇ ਆਪ ਨੂੰ ਸਮਝਣ ਲਈ ਥੋੜ੍ਹੀ ਮਦਦ ਮਿਲ ਸਕਦੀ ਹੈ। ਇਹ ਜ਼ਰੂਰੀ ਨਹੀਂ ਹੈ ਜਿਸ ਨੰਬਰ ਦੇ ਕੱਪੜੇ ਸਾਨੂੰ ਫਿੱਟ ਆਉਂਦੇ ਹਨ, ਉਸੇ ਹੀ ਨੰਬਰ ਦੇ ਕੱਪੜੇ ਦੂਜੇ ਮਨੁੱਖਾਂ ਨੂੰ ਸਹੀ ਬੈਠਣ।

ਕਿਸੇ ਨੂੰ ਰੋਟੀ ਪਸੰਦ ਹੈ, ਕਿਸੇ ਨੂੰ ਚੌਲ ਪਸੰਦ ਹਨ, ਇੱਕ ਦੂਜੇ ਤੋਂ ਵਿਲੱਖਣ ਹੋਣ ਕਾਰਨ ਹੀ ਜੀਵਨ ਦੇ ਵਿਚ ਨਵਾਂ ਪਨ ਹੈ, ਨਹੀਂ ਤਾਂ ਇਹ ਦੁਨੀਆਂ ਬਹੁਤ ਬੇ-ਸਵਾਦ ਹੋ ਜਾਣੀ ਸੀ। ਜੇਕਰ ਸਾਰਾ ਕੁੱਝ ਇੱਕੋ ਜਿਹਾ ਹੋ ਜਾਵੇ, ਇਹੀ ਕਾਰਨ ਹੈ ਕੁਦਰਤ ਨੇ ਅਣਗਿਣਤ ਕਿਸਮ ਦੇ ਫਲ ਫ਼ਰੂਟ, ਫੁੱਲ, ਪੇੜ-ਪੌਦੇ ਬਣਾਏ ਹਨ। ਜਦੋਂ ਮਨੁੱਖ ਆਪਣੇ ਆਪ ਨੂੰ ਜਾਣਨ ਦੇ ਲਈ ਆਪਣੀ ਸੁਰਤੀ ਨੂੰ ਆਪਣੇ ਉੱਪਰ ਲਈ ਆਉਂਦਾ ਹੈ ਤਾਂ ਆਪਣੇ ਅੰਦਰ ਦੀਆਂ ਕਈ ਕਮੀਆਂ ਅਤੇ ਖ਼ੂਬੀਆਂ ਦੇ ਬਾਰੇ ਉਸ ਨੂੰ ਪਤਾ ਲੱਗਦਾ ਹੈ। ਸਾਡਾ ਆਲਾ-ਦੁਆਲਾ ਸਾਨੂੰ ਆਪਣੇ ਆਪ ਨੂੰ ਸਮਝਣ ਦੇ ਲਈ ਬਹੁਤ ਮਦਦ ਕਰਦਾ ਹੈ। ਜੇਕਰ ਕਿਸੇ ਨੇ ਸਾਡੇ ਅਚੇਤ ਮਨ ਦੇ ਅੰਦਰ

ਨੱਪੀ ਭਾਵਨਾ ਦੇ ਨਾਲ ਸਾਨੂੰ ਵਾਕਫ਼ ਕਰਵਾ ਦਿੱਤੀ ਹੈ, ਤਾਂ ਉਸ ਮਿਲੇ ਮੌਕੇ ਨੂੰ ਸਹੀ ਤਰੀਕੇ ਨਾਲ ਵਰਤਣਾ ਹੀ ਅਕਲਮੰਦੀ ਹੈ। ਸਾਨੂੰ ਆਪਣੇ ਬਾਰੇ ਪੂਰਾ ਗਿਆਨ ਨਹੀਂ ਹੈ। ਅਸੀਂ ਕਿਸ ਤਰ੍ਹਾਂ ਦੇ ਮਨੁੱਖ ਹਾਂ, ਸਾਡੇ ਆਲੇ-ਦੁਆਲੇ ਪੈਦਾ ਹੋਈਆਂ ਸਥਿਤੀਆਂ ਤੋਂ ਸਾਡੇ ਅੰਦਰ ਪੈਦਾ ਹੋਈ ਹਲਚਲ ਤੋਂ ਪਤਾ ਲੱਗਦਾ ਹੈ। ਉਸ ਤੋਂ ਸਾਨੂੰ ਆਪਣੇ ਆਪ ਨੂੰ ਸਮਝਣ ਵਿਚ ਬਹੁਤ ਸਹਾਇਤਾ ਮਿਲਦੀ ਹੈ। ਸਾਡੀ ਜ਼ਿੰਦਗੀ ਵਿਚ ਕੋਈ ਵੀ ਚੀਜ਼ ਜਦੋਂ ਲੰਘਦੀ ਹੈ, ਉਸ ਨੇ ਸਾਡੇ ਜੀਵਨ ਨੂੰ ਪ੍ਰਭਾਵਿਤ ਕਰਨਾ ਹੈ। ਜਿਸ ਦੇ ਜੀਵਨ ਵਿਚ ਕੋਈ ਸੰਘਰਸ਼ ਨਹੀਂ ਹੈ, ਉਸ ਮਨੁੱਖ ਦੇ ਜੀਵਨ ਵਿਚ ਕੋਈ ਤਾਜ਼ਗੀ ਪੈਦਾ ਨਹੀਂ ਹੋ ਸਕਦੀ। ਹਰ ਇੱਕ ਮਨੁੱਖ ਦੀ ਆਪੋ-ਆਪਣੀ ਸਮਰੱਥਾ ਹੈ। ਅਸੀਂ ਕੁੱਝ ਗੱਲਾਂ ਦੂਜੇ ਮਨੁੱਖਾਂ ਨੂੰ ਸਮਝਾ ਸਕਦੇ ਹਾਂ ਪਰ ਹਰ ਇੱਕ ਮਨੁੱਖ ਆਪਣੀ ਸਮਰੱਥਾ ਦੇ ਅਨੁਸਾਰ ਹੀ ਉਨ੍ਹਾਂ ਤੋਂ ਫ਼ਾਇਦਾ ਲੈ ਸਕਦਾ ਹੈ। ਹਰ ਇੱਕ ਮਨੁੱਖ ਵਿਲੱਖਣ ਹੈ। ਉਸ ਦੀ ਵਿਲੱਖਣਤਾ ਨੂੰ ਸਵੀਕਾਰ ਕਰਨ ਨਾਲ ਹੀ ਜੀਵਨ ਦੇ ਵਿਚ ਸੰਗੀਤ ਪੈਦਾ ਹੋਵੇਗਾ। ਆਪਣੇ ਮਨ ਦੀ ਗਹਿਰਾਈ ਦੇ ਵਿਚ ਪਰਵੇਸ਼ ਕਰਨ ਦੇ ਨਾਲ ਮਨ ਦੀਆਂ ਮੰਗਾਂ ਆਪਣੇ ਆਪ ਇੱਕ ਇੱਕ ਕਰਕੇ ਖੁਰਦੀਆਂ ਜਾਣੀਆਂ ਹਨ। ਜੋ ਮਨ ਬਹੁਤ ਜ਼ਿਆਦਾ ਬੋਲ ਰਿਹਾ ਸੀ, ਸਹਿਜ ਦੇ ਅਨੁਭਵ ਨਾਲ ਉਹ ਗੂੰਗਾ ਹੋ ਜਾਵੇਗਾ। ਆਪਣੇ ਆਪ ਦੇ ਹੋਣ ਦਾ ਜੋ ਭਾਵ ਸੀ, ਉਹ ਵੀ ਚਲਾ ਜਾਵੇਗਾ ਤਾਂ ਉਸ ਅਵਸਥਾ ਵਿਚ ਕੁੱਝ ਵੀ ਅਨੁਭਵ ਨਹੀਂ ਹੁੰਦਾ, ਉਹੀ ਪਰਮ ਅਨੰਦ ਦੀ ਅਵਸਥਾ ਹੈ। ਧਿਆਨ ਸਿਮਰਨ ਕਰਨ ਨਾਲ ਸਰੀਰ ਦੇ ਅੰਦਰ ਆਤਮਾ ਰੂਪੀ ਦੀਵੇ ਦੇ ਪ੍ਰਕਾਸ਼ਮਾਨ ਹੋਣ ਨਾਲ ਅਗਿਆਨਤਾ ਦੇ ਹਨੇਰੇ ਤੋਂ ਸਦਾ ਦੇ ਲਈ ਤੁਹਾਨੂੰ ਮੁਕਤੀ ਮਿਲ ਜਾਵੇਗੀ। ਧਿਆਨ ਸਿਮਰਨ ਦੇ ਵਿਚ ਹੋਣ ਵਾਲੇ ਸਾਰੇ ਅਨੁਭਵਾਂ ਦਾ ਜ਼ਿਕਰ ਇਸ ਕਿਤਾਬ ਦੇ ਵਿਚ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਇਸ ਮਾਰਗ 'ਤੇ ਚੱਲਣ ਵਾਲੇ ਸਾਧਕ ਨੂੰ ਆਪਣੇ ਸਰੀਰ ਦੇ ਅੰਦਰੋਂ ਪਰਮ ਜੀਵਨ ਨੂੰ ਭਾਲ ਕਰਨ ਦੇ ਵਿਚ ਕੁੱਝ ਸਹਾਇਤਾ ਮਿਲ ਸਕੇ। ਉਸ ਪਰਮ ਜੀਵਨ ਨੂੰ ਮਨੁੱਖ ਨੇ ਜਿਉਂਦੇ-ਜੀ ਹੀ ਅਨੁਭਵ ਕਰਨਾ ਹੈ ਨਾ ਕਿ ਮਰਨ ਤੋਂ ਬਾਅਦ। ਇਸ ਪੁਸਤਕ ਵਿਚ ਦੱਸੀ ਗਈ ਵਿਧੀ ਦੇ ਰਾਹੀਂ ਜੋ ਵੀ ਸਾਧਕ ਹਰ ਦਿਨ ਧਿਆਨ ਸਿਮਰਨ ਕਰਦਾ ਜਾਵੇਗਾ, ਉਸ ਸਾਧਕ ਨੂੰ ਕੁੱਝ ਹੀ ਦਿਨਾਂ ਦੇ ਅੰਦਰ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਅਨੁਭਵ ਹੋਣ ਲੱਗ ਜਾਣੇ ਹਨ। ਤੁਸੀਂ ਬਿਲਕੁਲ ਡਰਨਾ ਨਹੀਂ ਹੈ। ਦਾਸ ਨੇ ਇਹ ਸਫ਼ਰ 2013 ਵਿਚ ਸ਼ੁਰੂ ਕੀਤਾ ਸੀ। ਕਦੇ ਇਹ ਨਹੀਂ ਸੋਚਿਆ ਸੀ ਕਿ ਉਹ ਸ਼ਕਤੀ ਮੈਨੂੰ ਐਨਾ ਆਪਣੇ ਕਰੀਬ ਆਉਣ ਦੇਵੇਗੀ। ਧਰਮ ਦਾ ਰਸਤਾ ਬਹੁਤ ਬਿਖਮ ਹੈ ਪਰ ਕਈ ਲੋਕ ਆਪਣੇ ਸਵਾਰਥ ਨੂੰ ਪੂਰਾ ਕਰਨ ਦੇ ਲਈ ਸਾਧਕ ਨੂੰ ਭਰਮਾਂ ਦੇ ਵਿਚ ਪਾ ਕੇ ਉਸ ਦਾ ਸਮਾਂ ਬਰਬਾਦ ਕਰ ਦੇਂਦੇ ਹਨ। ਮਨੁੱਖਾ ਜੀਵਨ ਬਹੁਤ ਅਮੋਲਕ ਹੈ। ਇਸ ਨੂੰ ਐਵੇਂ ਕਿਸੇ ਦੇ ਮਗਰ ਲੱਗ ਕੇ ਬਰਬਾਦ ਕਰ ਦੇਣ ਦੇ ਵਿਚ ਕੋਈ ਸਿਆਣਪ ਨਹੀਂ ਹੈ। ਜਦੋਂ ਮਨੁੱਖ ਨੇ ਆਪਣੀ ਮੌਤ ਦੇ ਵਿਚ ਪਰਵੇਸ਼ ਕਰਨਾ ਹੈ ਤਾਂ ਸੱਚ ਦਾ ਅਨੁਭਵ ਆਪਣਾ ਹੀ ਕੰਮ ਆਉਣਾ ਹੈ। ਕਿਸੇ ਦੂਜੇ ਦਾ ਜਾਣਿਆ ਗਿਆ ਸੱਚ ਤੁਹਾਡੇ ਅੰਦਰ ਪ੍ਰਕਾਸ਼ ਪੈਦਾ ਨਹੀਂ ਕਰ ਸਕਦਾ। ਧਿਆਨ ਸਿਮਰਨ ਕਰਨ ਨਾਲ

ਮਨੁੱਖ ਦੇ ਜੀਵਨ ਵਿਚ ਪਰਮ ਅਨੰਦ ਆਪਣੇ ਆਪ ਪਰਵੇਸ਼ ਕਰਦਾ ਹੈ, ਕੁੱਝ ਕਰਨਾ ਨਹੀਂ ਪੈਂਦਾ। ਜਿਸ ਵੀ ਮਨੁੱਖ ਨੇ ਉਸ ਪਰਮ ਅਨੰਦ ਨੂੰ ਪ੍ਰਾਪਤ ਕਰਨਾ ਹੈ, ਉਸ ਨੂੰ ਆਪਣੇ ਆਪ ਦੇ ਨਾਲ ਆਸਣ ਲਗਾ ਕੇ ਸਮਾਧੀ ਵਿਚ ਆਪ ਪਰਵੇਸ਼ ਕਰਨਾ ਪੈਣਾ ਹੈ। ਧਿਆਨ ਸਿਮਰਨ ਦੇ ਵਿਚ ਲਗਾਤਾਰ ਅਭਿਆਸ ਕਰਨ ਨਾਲ ਹੌਲੀ ਹੌਲੀ ਕਰ ਕੇ ਤੁਹਾਡੀ ਸੁਰਤੀ ਨੇ ਨਿਰ-ਵਿਚਾਰ ਸਮਾਧੀ ਦੇ ਵਿਚ ਪਰਵੇਸ਼ ਕਰਦੀ ਜਾਣਾ ਹੈ। ਆਖ਼ਰੀ ਅਵਸਥਾ ਵਿਚ ਮਨੁੱਖ ਆਪਣੇ ਆਪ ਨੂੰ ਰੱਜਿਆ ਮਹਿਸੂਸ ਕਰਦਾ ਹੈ। ਬਿਨਾਂ ਕੁੱਝ ਮਿਲੇ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਜੋ ਅੰਦਰ ਖ਼ਾਲੀਪਨ ਸੀ, ਉਹ ਪੂਰੀ ਤਰ੍ਹਾਂ ਭਰ ਗਿਆ ਹੈ। ਜਿਸ ਸਵਾਂਤੀ ਬੂੰਦ ਦੀ ਆਤਮਾ ਨੇ ਮੰਗ ਕੀਤੀ ਸੀ, ਉਸ ਨੂੰ ਪਰਮਾਤਮਾ ਨੇ ਇਸ ਦੀ ਝੋਲੀ ਪਾ ਦਿੱਤਾ ਹੈ, ਜਿਸ ਨੂੰ ਪੀਣ ਤੋਂ ਬਾਅਦ ਆਤਮਾ ਦੀ ਪਿਆਸ ਪੂਰਨ ਤੌਰ 'ਤੇ ਬੁਝ ਗਈ ਹੈ। ਉਸ ਪਲ ਇਸ ਦੀਆਂ ਅੱਖਾਂ ਦੇ ਵਿਚ ਹੰਝੂ ਆ ਜਾਣੇ ਹਨ। ਹੇ ਮੇਰੇ ਪਿਤਾ ਤੈਨੂੰ ਮਿਲਣ ਦੇ ਲਈ ਮੈਂ ਪਤਾ ਹੀ ਨਹੀਂ ਕਿੱਥੇ ਕਿੱਥੇ ਭਟਕਦਾ ਰਿਹਾਂ। ਉਹ ਰਸਤਾ ਮੇਰੇ ਅੰਦਰ ਹੀ ਸੀ। ਜੀਵਨ ਇੱਕ ਬੂੰਦ ਤੋਂ ਅਨੰਦ ਦੇ ਸਾਗਰ ਵਿਚ ਕਦੋਂ ਪਰਿਵਰਤਨ ਹੋ ਜਾਵੇਗਾ, ਤੁਹਾਨੂੰ ਪਤਾ ਹੀ ਨਹੀਂ ਲੱਗਣਾ। ਜੋ ਮਿਲੇਗਾ ਉਹ ਬਹੁਤ ਜ਼ਿਆਦਾ ਹੈ, ਕੀਤੀ ਗਈ ਮਿਹਨਤ ਉਸ ਦੀ ਕੀਮਤ ਨਹੀਂ ਹੈ। ਹੁਣ ਤਾਂ ਜੋ ਹੋਵੇਗਾ ਮਨਜ਼ੂਰ ਹੈ, ਤੇਰੀ ਰਜ਼ਾ ਦੇ ਵਿਚ ਹੀ ਮੇਰਾ ਚੱਲਣਾ ਸੋਭਾਵਾਨ ਹੈ। ਆਪ ਸਭ ਬਹੁਤ ਭਾਗਾਂ ਵਾਲੇ ਹੋ, ਪਰਮਾਤਮਾ ਤੁਹਾਡੀ ਯਾਤਰਾ ਨੂੰ ਸਫਲ ਕਰੇ। ਦਾਸ ਨੇ ਮਨ ਦੇ ਅੰਦਰ ਆਪਣੇ ਆਪ ਚੱਲਣ ਵਾਲੇ ਵਿਚਾਰਾਂ ਨੂੰ ਰੋਕਣ ਦੇ ਲਈ ਸਾਧਨਾ ਕਰਨੀ ਸ਼ੁਰੂ ਕਰ ਦਿੱਤੀ ਤਾਂ ਸਾਧਨਾ ਦੇ ਵਿਚ ਹੌਲੀ ਕਰਕੇ ਵਿਚਾਰ ਰੁਕਣੇ ਸ਼ੁਰੂ ਹੋ ਗਏ। ਇੱਕ ਦਿਨ ਆਇਆ, ਮਨ ਦਾ ਦਰਪਣ ਆਪਣੇ ਆਪ ਚੱਲਣ ਵਾਲੇ ਵਿਚਾਰਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਿਆ। ਹੁਣ ਮੈਂ ਤਾਂ ਹਾਂ ਪਰ ਮੇਰਾ ਦੇਹੀ-ਭਾਵ ਪੂਰੀ ਤਰ੍ਹਾਂ ਮਿਟ ਗਿਆ ਹੈ। ਮੇਰੇ ਅਨੁਭਵ ਵਿਚ ਇੱਕ ਐਸਾ ਅਨੰਦਮਈ ਜੀਵਨ ਆ ਗਿਆ ਹੈ ਜਿਸ ਨੂੰ ਪ੍ਰਾਪਤ ਕਰਨ ਤੋਂ ਬਾਅਦ ਮੈਨੂੰ ਮੇਰੇ ਜੀਵਨ ਦੀਆਂ ਸਾਰੀਆਂ ਚਿੰਤਾਵਾਂ ਅਤੇ ਪਰੇਸ਼ਾਨੀਆਂ ਤੋਂ ਮੁਕਤੀ ਮਿਲ ਗਈ ਹੈ। ਅੱਜ ਤੁਹਾਡੇ ਨਾਲ ਇਸ ਕਿਤਾਬ ਦੇ ਰਾਹੀਂ ਸਾਂਝਾ ਕਰ ਦਿੱਤਾ ਹੈ ਤਾਂ ਜੋ ਅੱਗੇ ਤੋਂ ਕੋਈ ਇਹ ਨਾ ਆਖੇ ਕਿ ਮੈਨੂੰ ਰਸਤਾ ਨਹੀਂ ਮਿਲਿਆ। ਮਨੁੱਖ ਸਦੀਆਂ ਤੋਂ ਇਸ ਰਸਤੇ ਦੀ ਭਾਲ ਕਰਦਾ ਆ ਰਿਹਾ ਹੈ। ਕੁੱਝ ਕੁ ਮਨੁੱਖਾਂ ਨੂੰ ਛੱਡ ਕੇ ਬਾਕੀ ਸਾਰੀ ਦੁਨੀਆਂ ਇਸ ਅਨੰਦ ਤੋਂ ਵਾਂਝੀ ਰਹਿ ਗਈ ਹੈ। ਇਸ ਅਨੁਭਵ ਨੂੰ ਕੀਤੇ ਬਿਨਾਂ ਇਸ ਸੰਸਾਰ ਤੋਂ ਜਾਣਾ ਇਹ ਹਾਰ ਹੋਵੇਗੀ। ਕੁਦਰਤ ਦਾ ਇੱਕ ਨਿਯਮ ਹੈ ਜੋ ਪੈਦਾ ਹੋਇਆ ਹੈ, ਉਸ ਨੇ ਇੱਕ ਨਾ ਇੱਕ ਦਿਨ ਆਪਣੇ ਸਰੀਰ ਦਾ ਤਿਆਗ ਜ਼ਰੂਰ ਕਰਨਾ ਹੈ। ਇਸ ਤੋਂ ਪਹਿਲਾਂ ਸਰੀਰ ਹੱਥਾਂ ਦੇ ਵਿੱਚੋਂ ਨਿਕਲ ਜਾਵੇ, ਉਸ ਪਰਮ ਜੀਵਨ ਨੂੰ ਪ੍ਰਾਪਤ ਕਰਨਾ ਜ਼ਰੂਰੀ ਹੈ।

ਅੱਜ ਮੈਂ ਇਸ ਅਵਸਥਾ ਨੂੰ ਪ੍ਰਾਪਤ ਕਰਨ ਤੋਂ ਬਾਅਦ ਇਹ ਅਨੁਭਵ ਕੀਤਾ ਕਿ ਧਰਮ ਦੀ ਪਰਿਭਾਸ਼ਾ ਮਨੁੱਖ ਨੇ ਗ਼ਲਤ ਕੱਢ ਲਈ ਹੈ। ਚਮਤਕਾਰਾਂ ਦੇ ਨਾਲ ਭਰੀਆਂ ਮਿੱਥ ਕਹਾਣੀਆਂ ਦੇ ਕਾਰਨ ਮਨੁੱਖ ਨੂੰ ਦਿਸ਼ਾਹੀਣ ਕਰ ਕੇ ਰੱਖ ਦਿੱਤਾ ਹੈ।

ਮਨੁੱਖ ਨੂੰ ਦੱਸਿਆ ਹੀ ਨਹੀਂ ਜਾ ਰਿਹਾ ਕਿ ਆਤਮ ਗਿਆਨ ਕਿਸ ਤਰ੍ਹਾਂ ਪ੍ਰਾਪਤ ਕਰਨਾ ਹੈ, ਜਿਸ ਦੇ ਰਾਹੀਂ ਮਨੁੱਖ ਨੂੰ ਜਿਉਂਦੇ-ਜੀ ਪਰਮ ਜੀਵਨ ਅਤੇ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਮੇਰੀ ਕੋਸ਼ਿਸ਼ ਕੇਵਲ ਐਨੀ ਹੈ, ਤੁਹਾਡੇ ਸਰੀਰ ਦੇ ਅੰਦਰ ਛੁਪੀਆਂ ਗੁਪਤ ਸ਼ਕਤੀਆਂ ਦੇ ਨਾਲ ਤੁਹਾਡਾ ਮੇਲ ਕਰਵਾਉਣ ਤੱਕ। ਮੰਜ਼ਲ 'ਤੇ ਤੁਸੀਂ ਆਪਣੇ ਆਪ ਹੀ ਪਹੁੰਚ ਜਾਣਾ ਹੈ। ਕਰਮ-ਕਾਂਡ ਤੋਂ ਬਚਣਾ ਹੈ, ਸ਼ਬਦ ਬ੍ਰਹਮ ਤੋਂ ਵੀ ਬਚਣਾ ਹੈ, ਗੁਰੂ ਤੋਂ ਵੀ ਬਚਣਾ ਹੈ। ਇਸ ਦਾ ਕਾਰਨ ਹੈ ਜੋ ਮਨੁੱਖ ਕਰਮ-ਕਾਂਡ ਤੋਂ ਬੱਚ ਜਾਂਦਾ ਹੈ, ਉਸ ਨੇ ਸ਼ਬਦ ਬ੍ਰਹਮ ਦੇ ਵਿਚ ਰੁਕ ਜਾਣਾ ਹੈ। ਜੋ ਮਨੁੱਖ ਸ਼ਬਦ ਬ੍ਰਹਮ ਤੋਂ ਬੱਚ ਜਾਂਦਾ ਹੈ, ਉਸ ਨੇ ਗੁਰੂ ਦੇ ਵਿਚ ਰੁਕ ਜਾਣਾ ਹੈ। ਜੋ ਮਨੁੱਖ ਇਨ੍ਹਾਂ ਤਿੰਨਾਂ ਤੋਂ ਮੁਕਤ ਹੋ ਜਾਂਦਾ ਹੈ, ਉਹੀ ਮਨੁੱਖ ਪਰਮਾਤਮਾ ਤੱਕ ਪਹੁੰਚ ਸਕਦਾ ਹੈ। ਪਹਿਲੀ ਗੱਲ ਮਨੁੱਖ ਕਰਮ-ਕਾਂਡਾਂ ਦੇ ਵਿਚ ਫਸ ਜਾਂਦਾ ਹੈ। ਜੇਕਰ ਕਰਮ-ਕਾਂਡਾਂ ਤੋਂ ਬੱਚ ਗਿਆ, ਉਸ ਨੇ ਸ਼ਾਸਤਰਾਂ ਦੇ ਵਿਚ ਫਸ ਜਾਣਾ ਹੈ। ਜੇ ਕੋਈ ਸ਼ਾਸਤਰਾਂ ਤੋਂ ਬੱਚ ਗਿਆ ਤਾਂ ਉਸ ਨੇ ਗੁਰੂ ਦੇ ਕੋਲ ਫਸ ਜਾਣਾ ਹੈ। ਇਨ੍ਹਾਂ ਕਿਰਿਆਵਾਂ ਨੂੰ ਕਰਨ ਵਾਲਾ ਮਨੁੱਖ ਪਰਮਾਤਮਾ ਕੋਲ ਨਹੀਂ ਪਹੁੰਚ ਸਕਦਾ। ਮਨੁੱਖ ਰਸਤੇ ਵਿਚ ਰੁਕ ਜਾਂਦਾ ਹੈ, ਪਰਮਾਤਮਾ ਦੇ ਕੋਲ ਪਹੁੰਚਦਾ ਹੀ ਨਹੀਂ ਹੈ। ਜੀਵਨ ਨੂੰ ਜੀਣਾ ਅਤੇ ਜ਼ਿੰਦਾ ਰਹਿਣ ਦੇ ਵਿਚ ਬਹੁਤ ਫ਼ਰਕ ਹੈ। ਜੀਵਨ ਨੂੰ ਜੀਣਾ ਇੱਕ ਕਲਾ ਹੈ, ਉਸ ਨੂੰ ਸਿੱਖਣ ਦਾ ਹਰ ਇੱਕ ਮਨੁੱਖ ਨੂੰ ਪੂਰਾ ਅਧਿਕਾਰ ਹੈ।

ਮੇਰੇ ਅੰਦਰ ਕੋਈ ਯੋਗਤਾ ਵੀ ਨਹੀਂ ਹੈ, ਪਤਾ ਨਹੀਂ ਲੱਗਿਆ ਮੇਰੇ ਵਰਗੇ ਔਗੁਣਾਂ ਦੇ ਭਰੇ ਮਨੁੱਖ ਨੂੰ ਉਸ ਸ਼ਕਤੀ ਨੇ ਆਪਣੇ ਐਨਾ ਕਰੀਬ ਕਿਉਂ ਆਉਣ ਦਿੱਤਾ। ਮੈਂ ਬੱਸ ਐਨਾ ਕਹਿਣਾ ਚਾਹੁੰਦਾ ਹਾਂ ਕਿ ਅੰਦਰੋਂ ਸਭ ਕੁੱਝ ਗਤੀਹੀਣ ਹੋ ਚੁੱਕਾ ਹੈ, ਠਹਿਰ ਗਿਆ ਹੈ। ਮੈਨੂੰ ਇਸ ਸੰਸਾਰ ਤੋਂ ਜਾਣਾ ਪੈਣਾ ਹੈ ਪਰ ਜਾਣ ਤੋਂ ਪਹਿਲਾਂ ਇਸ ਕਿਤਾਬ ਦੇ ਰਾਹੀਂ ਇੱਕ ਐਸੀ ਲਕੀਰ ਨੂੰ ਖਿੱਚਣ ਦੀ ਕੋਸ਼ਿਸ਼ ਕੀਤੀ ਹੈ ਕਿ ਜਦੋਂ ਵੀ ਕਿਸੇ ਮਨੁੱਖ ਦੀ ਇੱਛਾ ਹੋਵੇ, ਉਹ ਇਸ ਲਕੀਰ ਨੂੰ ਫੋਲੋ (follow) ਕਰਦਾ ਹੋਇਆ ਆਪਣੀਆਂ ਜੜ੍ਹਾਂ ਤੱਕ ਇੱਕ ਦਿਨ ਜ਼ਰੂਰ ਪਹੁੰਚ ਜਾਵੇਗਾ।

Air plug purchases link

https://www.flipkart.com/3m-1110-ear-plug/p/itme955hfgwybsjz

ਆਪ ਸਾਰਿਆਂ ਦੇ ਵਿਚ ਬੈਠੇ ਉਸ ਪਰਮਾਤਮਾ ਨੂੰ ਪ੍ਰਣਾਮ ਕਰਦਾ ਹਾਂ, ਮੇਰਾ ਪ੍ਰਣਾਮ ਸਵੀਕਾਰ ਕਰੋ।

ਚਰਨਜੀਤ ਸਿੰਘ ਗੋਰਖੀ

L-8/253, Gali No. 01, Gurdev Nagar,
Tarn Taran Road, Amritsar (Punjab)
Mobile: 90236-31794